ਨਹਿਰੂ ਬਾਲ ਪੁਸਤਕਮਾਲਾ

# ਸਾਗਰ ਨੇੜੇ ਇੱਕ ਪਿੰਡ

(ਇਕ ਭਾਰਤੀ ਪਰਿਵਾਰ ਦੀ ਕਹਾਣੀ)

ਅਨੀਤਾ ਡੇਸਾਈ

ਅਨੁਵਾਦਕ
ਗੁਲਵੰਤ 'ਫ਼ਾਰਿਗ਼'

ਚਿੱਤਰਕਾਰ
ਮਿਕੀ ਪਟੇਲ

ਨੈਸ਼ਨਲ ਬੁਕ ਟਰੱਸਟ, ਇੰਡੀਆ

ਇਹ ਕਹਾਣੀ ਨਿਰੋਲ ਹਕੀਕਤ 'ਤੇ ਆਧਾਰਿਤ ਹੈ। ਥਲ ਭਾਰਤ ਦੇ ਪੱਛਮੀ ਸਾਹਿਲ ਤੇ ਸਥਿਤ ਇਕ ਵਾਸਤਵਿਕ ਪਿੰਡ ਹੈ ਅਤੇ ਇਸ ਨਾਵਲ ਦੇ ਸਾਰੇ ਕਿਰਦਾਰ, ਉਹਨਾਂ ਲੋਕਾਂ 'ਤੇ ਆਧਾਰਿਤ ਹਨ, ਜੋ ਇਸ ਪਿੰਡ ਵਿਚ ਰਹਿੰਦੇ ਹਨ, ਸਿਰਫ਼ ਉਹਨਾਂ ਦੇ ਨਾਂ ਬਦਲ ਦਿੱਤੇ ਗਏ ਹਨ।

ISBN 81-237-1934-5

1996 (ਸ਼ੱਕ ਸੰਮਤ 1918)
ਮੂਲ © ਅਨੀਤਾ ਡੇਸਾਈ, 1993
ਪੰਜਾਬੀ ਅਨੁਵਾਦ © ਨੈਸ਼ਨਲ ਬੁਕ ਟਰੱਸਟ, ਇੰਡੀਆ, 1996
The Village by the Sea *(Punjabi)*
ਮੁੱਲ : 30.00
ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ, ਏ-5, ਗਰੀਨ ਪਾਰਕ, ਨਵੀਂ ਦਿੱਲੀ-110016 ਵਲੋਂ ਪ੍ਰਕਾਸ਼ਿਤ।

*ਲੀਨਾ, ਅਦਿਤੀ ਅਤੇ ਰਣਜੀਤ ਮਾਇਆਦਾਸ ਲਈ*
*ਜਿਹਨਾਂ ਦੇ ਥਲ ਵਿਚਲੇ ਘਰ ਨੇ, ਮੈਨੂੰ ਕਈ ਛੁੱਟੀਆਂ*
*ਮਨਾਉਣ ਦਾ ਮੌਕਾ ਦਿੱਤਾ ਅਤੇ ਇਸ ਪੁਸਤਕ ਲਈ*
*ਸਾਰੀ ਸਮਗ੍ਰੀ ਮੁਹੱਈਆ ਕੀਤੀ।*

# ਕਾਂਡ ਇਕ

ਲੀਲਾ ਜਦੋਂ ਬੀਚ (ਸਾਗਰ-ਤੱਟ) ਤੇ ਪੁੱਜੀ ਤਾਂ ਅਜੇ ਬਹੁਤ ਸਾਝਰਾ ਹੀ ਸੀ ਤੇ ਓਥੇ ਹੋਰ ਕੋਈ ਨਹੀਂ ਸੀ। ਪਿਛਲੀ ਰਾਤ ਦੇ ਜਵਾਰ -ਭਾਟੇ ਨਾਲ ਰੇਤ ਧੁਪੀ-ਧੁਪੀ, ਨਿਖਰੀ-ਨਿਖਰੀ ਸੀ ਅਤੇ ਉਸ ਉੱਪਰ ਦੀ ਕੋਈ ਨਹੀਂ ਸੀ ਲੰਘਿਆ, ਛੁੱਟ ਉਹਨਾਂ ਪੰਛੀਆਂ ਜ਼ਨੌਰਾਂ ਦੇ, ਜੋ ਸਾਹਿਲ ਦੇ ਨਾਲ-ਨਾਲ, ਮੱਛੀਆਂ ਦਾ ਸ਼ਿਕਾਰ ਕਰਦੇ ਹਨ-ਮੁਰਗਾਬੀਆਂ, ਕੁਰਲ, ਟਟੀਹਰੀਆਂ ਅਤੇ ਬਗਲੇ ਆਦਿ। ਉਹ ਹੌਲੀ-ਹੌਲੀ ਤੁਰਦੀ ਗਈ, ਤੁਰਦੀ ਗਈ ਅਤੇ ਅਖ਼ੀਰ ਸਮੁੰਦਰ 'ਤੇ ਅੱਪੜ ਗਈ, ਨਿੱਕੀ ਜਿਹੀ ਟੋਕਰੀ ਉਸ ਦੀ ਹਥਿਆਲੀ 'ਤੇ ਸੀ, ਫੁੱਲਾਂ ਨਾਲ ਭਰੀ ਹੋਈ-ਫੁੱਲ ਜੋ ਉਹਨੇ, ਉਸ ਬਾਗ਼ 'ਚੋਂ ਤੋੜੇ ਸਨ, ਜੋ ਉਹਨਾਂ ਦੇ ਘਰ ਦੇ ਆਸ-ਪਾਸ ਸੀ-ਹਬਿਸਕੱਸ ਦੇ ਗੁਲਨਾਰੀ ਫੁੱਲ, ਮਿੱਠੀ ਮਹਿਕਦਾਰ ਲਿਲੀ ਦੇ ਫੁੱਲ ਅਤੇ ਲਿਸ਼-ਲਿਸ਼ ਕਰਦੇ ਮੱਖਣ-ਪੀਲੇ ਅਲਾਮਾਂਡਾ ਦੇ ਫੁੱਲ।

ਜਦੋਂ ਉਹ ਸਮੁੰਦਰ ਦੇ ਕੰਢੇ 'ਤੇ ਪੁੱਜੀ ਤਾਂ ਉਹਨੇ ਆਪਣੀ ਸਾੜ੍ਹੀ ਨੂੰ ਉੱਪਰ ਚੁੱਕ ਲਿਆ ਅਤੇ ਆਪਣੇ ਲੱਕ ਤੱਕ ਉਤਾਂਹ ਛੁੰਗ ਲਿਆ। ਫਿਰ ਉਹ ਪੋਲੇ-ਪੋਲੇ ਪੈਰੀਂ, ਲਹਿਰਾਂ ਵਿਚ ਜਾ ਵੜੀ, ਲਹਿਰਾਂ ਜੋ ਘੁੰਮਣ-ਘੇਰ ਪਾਉਂਦੀਆਂ, ਤੇਜ਼ੀ ਨਾਲ ਅੱਗੇ ਵਧਦੀਆਂ, ਪਹਿਲਾਂ ਉਸਦੇ ਪੈਰਾਂ ਤੱਕ, ਫਿਰ ਗਿੱਟਿਆਂ ਤੱਕ ਅਤੇ ਅਖ਼ੀਰ-ਗੋਡਿਆਂ ਤੱਕ ਪੁੱਜ ਗਈਆਂ, ਮਲਾਈ ਰੰਗੀ ਝੱਗ ਦੇ ਭੰਵਰ ਬਣਾਉਂਦੀਆਂ, ਘੁੰਮਣ-ਘੇਰ ਪਾਉਂਦੀਆਂ। ਉਹ ਛਪਲ-ਛਪਲ ਕਰਦੀ ਅੱਗੇ ਵਧਦੀ ਗਈ, ਹੋਰ ਅੱਗੇ ਵਧਦੀ ਗਈ ਅਤੇ ਅਖ਼ੀਰ ਤਿੰਨ ਚੱਟਾਨਾਂ ਦੇ ਇੱਕ ਸਮੂਹ ਕੋਲ ਅੱਪੜ ਗਈ। ਉਹਨਾਂ ਵਿਚੋਂ ਇੱਕ ਚੱਟਾਨ ਲਾਲ ਅਤੇ ਚਿੱਟੇ ਧੂੜੇ ਨਾਲ ਲਿੰਬੀ-ਪੋਚੀ ਸੀ। ਇਹ ਪਵਿੱਤਰ ਚੱਟਾਨ ਸੀ, ਸਮੁੰਦਰ ਵਿਚ, ਇੱਕ ਤਰ੍ਹਾਂ ਦਾ ਮੰਦਰ। ਉੱਚੀਆਂ-ਵੱਡੀਆਂ ਛੱਲਾਂ ਸਮੇਂ, ਇਹ ਚੱਟਾਨ ਪਾਣੀ ਵਿਚ ਡੁੱਬੀ ਰਹਿੰਦੀ ਹੋਵੇਗੀ ਪਰ ਹੁਣ ਲਹਾਅ ਵੇਲੇ, ਏਥੇ ਕੁਝ ਵੀ ਨਵਾਂ-ਨਵਾਂ ਅਰਪਿਆ-ਮਣਸਿਆ ਜਾ ਸਕਦਾ ਸੀ। ਲੀਲਾ ਨੇ ਆਪਣੀ ਟੋਕਰੀ 'ਚੋਂ ਫੁੱਲ ਲਏ ਅਤੇ ਉਹਨਾਂ ਨੂੰ ਚੱਟਾਨ ਦੇ ਆਲੇ-ਦੁਆਲੇ ਖਿਲਾਰ ਦਿੱਤਾ। ਫਿਰ ਉਹਨੇ ਹੱਥ ਜੋੜੇ ਅਤੇ ਸਿਰ ਨਿਵਾ ਕੇ ਨਮਸਕਾਰ ਕੀਤਾ।

ਐਨ ਉਸ ਸਮੇਂ, ਰੇਤ-ਤੱਟ ਦੇ ਨਾਲ ਨਾਲ ਇੱਕ ਪਾਲ ਵਿਚ ਲੱਗੇ ਨਾਰੀਅਲ ਦੇ ਰੁੱਖਾਂ ਉਪਰੋਂ ਦੀ ਸੂਰਜ ਉੱਭਰਿਆ। ਉਸਦੀਆਂ ਲੰਮੀਆਂ ਤਿਰਛੀਆਂ ਕਿਰਨਾਂ ਚਾਂਦੀ-ਵੰਨੀ ਰੇਤ ਤੋਂ ਸਰਕ ਕੇ, ਉਸਦੇ ਸਿਰ ਦੇ ਪਿਛਲੇ ਪਾਸੇ ਨੂੰ ਛੋਹਣ ਲੱਗੀਆਂ। ਉਹਨਾਂ ਦੇ ਨਿੱਘ ਵਿੱਚ ਸਰਸ਼ਾਰ ਹੋਈ, ਉਹ ਕੁਝ ਚਿਰ ਲਈ ਝੁਕੀ ਰਹੀ। ਉਸਦੇ ਪੈਰ ਹਾਲੇ ਵੀ ਸਰਗੋਸ਼ੀ ਕਰਦੀਆਂ, ਠੰਡੀਆਂ-ਸੀਤ ਲਹਿਰਾਂ ਵਿਚ ਸਨ। ਸੂਰਜ ਨੇ ਗੁਲਾਬੀ-ਉਨਾਬੀ ਤੇ ਊਦੀਆਂ ਲਹਿਰਾਂ ਨੂੰ, ਆਪਣੀ ਝਿਲਮਿਲਾਹਟ ਨਾਲ ਲਿਸ਼ਕਾ ਦਿੱਤਾ। ਦੂਰ ਪਰ੍ਹੇ, ਦੋਮੇਲ ਦੇ ਪਸਾਰ

'ਤੇ, ਮਾਛੀਆਂ ਦਾ ਬੇੜਾ ਸੀ, ਜੋ ਸਾਰੀ ਰਾਤ ਸਮੁੰਦਰ ਵਿਚ ਹੀ ਰਿਹਾ ਸੀ। ਬੇੜੀਆ ਦੇ ਬਾਦਬਾਨ, ਚਿੱਟੇ ਖੰਭਾਂ ਵਾਂਗ, ਮੀਨ-ਪੰਖਾਂ ਵਾਂਗ, ਸਮੁੰਦਰ 'ਚੋਂ ਬਾਹਰ ਉੱਭਰੇ, ਉੱਚੇ ਉੱਠੇ ਵਿਖਾਈ ਦੇ ਰਹੇ ਸਨ। ਉਹਨਾਂ ਦੇ ਲੰਗਰ ਸੁੱਟੇ ਹੋਏ ਸਨ ਅਤੇ ਅਹਿੱਲ-ਸ਼ਾਂਤ ਸਨ ਅਤੇ ਉਹਨਾਂ ਨੇ, ਸੂਰਜ ਦੀ ਟਿੱਕੀ ਦੇ ਹੇਠਾਂ ਹੋਣ ਤੱਕ, ਵਾਪਸ ਨਹੀਂ ਸੀ ਪਰਤਣਾ।

ਮਗਰੋਂ, ਸਵੇਰ ਵੇਲੇ, ਹੋਰ ਇਸਤਰੀਆਂ ਆਉਣਗੀਆਂ ਅਤੇ ਪੂਜਨੀਕ ਚੱਟਾਨ 'ਤੇ ਫੁੱਲ ਚੜ੍ਹਾਉਣਗੀਆਂ। ਕੁਝ ਇਸਤਰੀਆਂ ਸਮੁੰਦਰ ਵਿਚ ਮੱਛੀਆਂ ਫੜਨ ਗਏ ਮਾਛੀਆਂ ਦੀ ਸਲਾਮਤੀ ਲਈ ਥੋੜ੍ਹੀ ਜਿਹੀ ਪ੍ਰਾਰਥਨਾ ਕਰਨਗੀਆਂ, ਕਿਉਂਜੋ ਉਹ ਸੱਭ ਮਾਛੀਆਂ ਦੀਆਂ ਬੀਵੀਆਂ ਅਤੇ ਧੀਆਂ ਸਨ। ਕੁੱਝ ਤਾਂ ਐਵੇਂ ਝੁਕ ਕੇ ਨਮਸਕਾਰ ਕਰਨਗੀਆਂ, ਲੀਲਾ ਵਾਂਗ, ਅਤੇ ਪਰਮਾਤਮਾ ਨੂੰ ਪਰਨਾਮ ਕਰਨਗੀਆਂ। ਦਿਨ ਦੀ ਸ਼ੁਰੂਆਤ ਕਰਨ ਦਾ ਇਹ ਇੱਕ ਚੰਗਾ ਤਰੀਕਾ ਪ੍ਰਤੀਤ ਹੁੰਦਾ ਸੀ। ਇਸ ਗੱਲ ਦਾ ਕੋਈ ਵਾਸਤਵਿਕ ਕਾਰਨ ਨਹੀਂ ਸੀ ਕਿ ਉਹ ਕਿਸੇ ਹੋਰ ਚੱਟਾਨ ਦੀ ਬਜਾਏ, ਇਸੇ ਚੱਟਾਨ ਅੱਗੇ ਪ੍ਰਾਰਥਨਾ ਕਿਉਂ ਕਰਦੀਆਂ ਸਨ ਪਰ ਉਹਨਾਂ ਨੂੰ ਕਿਸੇ ਨਾ ਕਿਸੇ ਚੀਜ਼ ਦੀ ਲੋੜ ਸੀ, ਜਿਸ ਦੇ ਅੱਗੇ, ਉਹ ਪੂਜਾ-ਪ੍ਰਾਰਥਨਾ ਕਰਦਿਆਂ, ਫੁੱਲ ਅਤੇ ਲਾਲ ਸੰਧੂਰ ਭੇਟਾ ਕਰ ਸਕਣ ਅਤੇ ਉਹ ਵੱਡੀ, ਸਮਤਲ ਸਿਖਰ ਵਾਲੀ ਚੱਟਾਨ, ਜੋ ਪੇਤਲੇ ਪਾਣੀ ਵਿਚ ਖਲੋਤੀ ਸੀ ਅਤੇ ਜਿਸ ਤੱਕ ਪੁੱਜਣਾ ਸੌਖਾ ਸੀ, ਸੱਭ ਤੋਂ ਸੁਖਾਲੀ ਸੀ। ਉਹ ਓਨੀ ਦੂਰ ਵੀ ਨਹੀਂ ਸੀ, ਜਿੰਨੀ ਦੂਰ ਕਿ ਪਿੰਡ ਦਾ ਮੰਦਰ ਸੀ, ਜੋ ਕਿ ਰੇਤ-ਤੱਟ ਦੇ ਪਰਲੇ ਸਿਰੇ 'ਤੇ ਸੀ। ਨਾ ਹੀ ਉਹਨਾਂ ਨੂੰ ਕਿਸੇ ਪੁਜਾਰੀ ਨੂੰ ਪੈਸੇ ਦੇਣੇ ਪੈਂਦੇ ਸਨ, ਜੋ ਉਹਨਾਂ ਵਾਸਤੇ ਪੂਜਾ ਕਰੇ। ਇਸਤਰੀਆਂ ਆਪ ਪੂਜਾ ਕਰਨੀ ਬਿਹਤਰ ਸਮਝਦੀਆਂ ਸਨ।

ਜਦੋਂ ਲੀਲਾ ਦੇ ਪਿਤਾ ਪਾਸ ਅਜੇ ਆਪਣੀ ਬੇੜੀ ਸੀ ਅਤੇ ਉਹ ਸਮੁੰਦਰ 'ਤੇ ਮੱਛੀਆਂ ਫੜਨ ਜਾਂਦਾ ਸੀ, ਤਾਂ ਉਸ ਦੀ ਮਾਂ ਸਮੁੰਦਰ ਵਿਚਲੀ ਇਸ ਚੱਟਾਨ 'ਤੇ ਫੁੱਲ ਲੈ ਕੇ ਆਇਆ ਕਰਦੀ ਸੀ ਅਤੇ ਪੂਜਾ-ਪ੍ਰਾਰਥਨਾ ਕਰਿਆ ਕਰਦੀ ਸੀ। ਪਰ ਹੁਣ ਉਸਦਾ ਪਿਤਾ ਮੱਛੀਆਂ ਫੜਨ ਦਾ ਕੰਮ ਨਹੀਂ ਸੀ ਕਰਦਾ। ਉਹਨੇ ਆਪਣਾ ਕਰਜ਼ਾ ਚੁਕਾਉਣ ਲਈ, ਆਪਣੀ ਕਿਸ਼ਤੀ ਵੇਚ ਦਿੱਤੀ ਸੀ। ਉਸਦੀ ਮਾਂ ਏਨੀ ਬਿਮਾਰ ਤੇ ਕਮਜ਼ੋਰ ਸੀ ਕਿ ਮੰਜੇ ਤੋਂ ਨਹੀਂ ਸੀ ਉੱਠ ਸਕਦੀ ਅਤੇ ਲੀਲਾ ਨੂੰ, ਸਵੇਰ ਦੀ ਸ਼ੁਰੂਆਤ ਕਰਨ ਵਾਸਤੇ, ਸਾਗਰ ਦੀ ਭੇਂਟ ਚੜ੍ਹਾਉਣ ਲਈ, ਫੁੱਲ ਲੈ ਕੇ ਆਉਣਾ ਪੈਂਦਾ ਸੀ। ਕਈ ਵਾਰੀ, ਉਹ ਮਹਿਸੂਸ ਕਰਦੀ ਕਿ ਉਸ ਲਈ ਦਿਨ ਦਾ ਇਹ ਸੱਭ ਤੋਂ ਚੰਗਾ ਸਮਾਂ ਹੈ, ਪੂਰੀ ਤਰ੍ਹਾਂ ਪ੍ਰਸੰਨ ਅਤੇ ਸ਼ਾਂਤ ਸਮਾਂ। ਆਪਣੀ ਟੋਕਰੀ 'ਚੋਂ ਆਖ਼ਰੀ ਫੁੱਲ-ਪੱਤੀਆਂ ਲਹਿਰਾਂ ਦੇ ਹਵਾਲੇ ਕਰਦਿਆਂ, ਜਿਹਨਾਂ ਨੂੰ ਉਹ ਛੇਤੀ ਹੀ ਵਹਾ ਕੇ ਦੂਰ ਲੈ ਗਈਆਂ, ਉਹ ਪਿੱਛੇ ਨੂੰ ਪਰਤੀ ਅਤੇ ਹੌਲੀ-ਹੌਲੀ ਤੁਰਦੀ ਰੇਤ-ਤੱਟ ਉਤਲੇ ਨਾਰੀਅਲ ਦੇ ਰੁੱਖਾਂ ਦੀ ਕਤਾਰ ਤੱਕ ਪਹੁੰਚ ਗਈ, ਜਿਹਨਾਂ ਨੂੰ ਹੁਣ ਸੂਰਜ ਨੇ ਸੁਨਹਿਰੀ ਬਣਾ ਦਿੱਤਾ ਸੀ। ਕੰਮ ਸ਼ੁਰੂ ਕਰਨ ਦਾ ਸਮਾਂ ਹੋ ਗਿਆ ਸੀ।

ਉਹ ਰੇਤ ਦੇ ਟਿੱਬਿਆਂ 'ਤੇ ਚੜ੍ਹ ਗਈ ਜਿਹੜੇ ਕਿ ਸਾਗਰ-ਕੰਢੇ ਉੱਗੇ ਸ਼ਕਰਕੰਦ ਦੇ ਕਾਸ਼ਨੀ ਫੁੱਲਾਂ ਨਾਲ ਸਜੇ-ਸੰਵਰੇ ਸਨ ਅਤੇ ਨਾਰੀਅਲ ਦੇ ਰੁੱਖਾਂ ਦੇ ਝੁੰਡ ਤੱਕ ਅੱਪੜ ਕੇ, ਅੱਗੋਂ ਚਿੱਟੇ ਬੰਗਲੇ ਕੋਲ ਦੀ ਲੰਘ ਗਈ, ਜਿਸ ਨੂੰ ਜੰਦਰਾ ਲੱਗਾ ਹੋਇਆ ਸੀ ਅਤੇ ਕਿਵਾੜ ਬੰਦ ਸਨ। ਇਹ ਸਫ਼ੈਦ ਬੰਗਲਾ ਬੰਬਈ ਵਿਚ ਰਹਿੰਦੇ ਅਮੀਰ ਲੋਕਾਂ ਦਾ ਸੀ, ਜੋ ਕਦੇ-ਕਦਾਈਂ ਛੁੱਟੀ ਮਨਾਉਣ ਏਥੇ ਆਉਂਦੇ ਸਨ। ਇਸ ਬੰਗਲੇ ਦਾ ਨਾਂ ਟੀਨ ਦੇ ਇੱਕ ਟੁਕੜੇ

'ਤੇ ਲਿਖਿਆ ਹੋਇਆ ਸੀ, ਜੋ ਨਾਰੀਅਲ ਦੇ ਇੱਕ ਰੁੱਖ ਦੇ ਤਣੇ 'ਤੇ ਟਾਂਕਿਆ ਟੰਗਿਆ ਹੋਇਆ ਸੀ : "ਮੋਨ-ਰੀਪੋਜ਼" (ਸ਼ਾਂਤੀ ਨਿਵਾਸ) ਇਸ ਦਾ ਕੀ ਮਤਲਬ ਹੈ? ਲੀਲਾ ਨੇ ਕਦੇ ਪਤਾ ਨਹੀਂ ਸੀ ਕੀਤਾ ਅਤੇ ਜਦ ਕਦੇ ਵੀ ਉਹ ਇਸ ਦੇ ਕੋਲੋਂ ਦੀ ਲੰਘਦੀ ਅਤੇ ਉਸ ਰਾਹ ਤੇ ਅਪੜਦੀ ਜੋ ਨਾਰੀਅਲਾਂ ਦੇ ਝੁੰਡ ਵਿਚੋਂ ਦੀ ਹੋ ਕੇ ਜਾਂਦਾ ਸੀ ਤਾਂ ਇਸ ਬਾਰੇ ਅਚੰਭੇ ਵਿਚ ਪੈ ਜਾਂਦੀ।

ਸਵੇਰ ਦੀ ਲੋਅ ਅਜੇ ਕੂਲੀ-ਕੋਮਲ ਸੀ। ਉਹ ਨਾਰੀਅਲ ਦੇ ਪੱਤਿਆਂ ਦੇ ਜਾਲ ਵਿਚੋਂ ਛਣ-ਛਣ ਕੇ ਆ ਰਹੀ ਸੀ ਅਤੇ ਰੁੱਖਾਂ ਦੇ ਝੁੰਡ ਉਹਲੇ ਲੁਕੀਆਂ ਝੁੱਗੀਆਂ ਦੇ ਚੁੱਲ੍ਹਿਆਂ ਵਿਚ ਬਲ ਰਹੀ ਅੱਗ 'ਚੋਂ ਉੱਚਾ ਉੱਠਦਾ ਵਲ-ਵਲੇਵੇਂ ਖਾਂਦਾ ਧੂੰਆਂ, ਉਸ ਕੂਲੀ-ਕੋਮਲ ਰੌਸ਼ਨੀ ਵਿੱਚ ਰਲ-ਮਿਲ ਰਿਹਾ ਸੀ। ਤ੍ਰੇਲ ਅਜੇ ਵੀ ਘਾਹ 'ਤੇ ਪਈ ਹੋਈ ਸੀ ਅਤੇ ਮੱਕੜੀਆਂ ਦੇ ਜਾਲੇ, ਉਸ ਨਾਲ ਲਿਸ਼ਕ ਰਹੇ ਸਨ। ਇਹ ਜਾਲੇ ਛੋਟੇ-ਛੋਟੇ ਸਨ ਅਤੇ ਇਹਨਾਂ ਦੀਆਂ ਮੋਟੀਆਂ ਪਰਤਾਂ, ਸਾਰੇ ਘਾਹ ਦੇ ਆਰ-ਪਾਰ ਪੱਸਰੀਆਂ ਹੋਈਆਂ ਸਨ। ਹਰੇਕ ਮੱਕੜੀ-ਜਾਲੇ ਦੇ ਵਿਚਾਲੇ



ਇੱਕ ਛੇਕ ਸੀ, ਆਉਂਦੇ-ਜਾਂਦੇ ਕੀੜੇ-ਮਕੌੜਿਆਂ ਨੂੰ ਫਾਹੁਣ ਲਈ। ਜੰਗਲੀ ਫੁੱਲਾਂ ਦੇ ਗੁੱਛਿਆਂ ਅਤੇ ਝਾੜੀਆਂ ਵਿਚੋਂ, ਵੱਡੀਆਂ-ਵੱਡੀਆਂ, ਡੱਬ-ਖੜੱਬੀਆਂ, ਚਿਤਰ-ਮਿਤਰੀਆਂ ਤਿਤਲੀਆਂ ਉਡ-ਉਡ ਕੇ ਬਾਹਰ ਆ ਰਹੀਆ ਸਨ; ਕਿਸੇ ਦੇ ਪਰਾਂ 'ਤੇ ਹਲਕੇ ਨੀਲੇ ਰੰਗ ਦੀ ਭਾਹ, ਕੋਈ ਸ਼ੋਖ਼ ਕਾਲੇ, ਖੰਭਾਂ 'ਤੇ ਗੁਲਨਾਰੀ ਡੱਬਾਂ ਵਾਲੀ, ਅਤੇ ਕੋਈ ਹਲਕੀ ਗੰਧਕ ਰੰਗੀ, ਪੀਲੀ ਜ਼ਰਦ। ਇਹ ਤਿਤਲੀਆਂ ਦੋ-ਦੋ, ਤਿੰਨ-ਤਿੰਨ ਦੇ ਝੁੰਡਾਂ ਵਿਚ ਏਧਰ-ਓਧਰ, ਫੜ-ਫੜ ਕਰਦੀਆਂ ਫਿਰਦੀਆਂ ਸਨ।

ਅਤੇ ਫਿਰ ਹਰ ਤਰ੍ਹਾਂ ਦੇ ਪੰਛੀ-ਜਨੌਰ 'ਕੈਚੁਰਿਨਾ' (ਜੰਗਲੀ ਸਰੂ) ਦੇ ਪਰਛਾਵੇਂਦਾਰ, ਨਰਮ-ਨਰਮ ਸੂਈਆਂ ਵਾਲੇ ਰੁੱਖਾਂ ਅਤੇ ਕੇਓੜੇ ਦੇ ਘਣੇ-ਸੰਘਣੇ ਵਣ ਵਿਚੋਂ ਗਾਉਂਦੇ, ਚਹਿਚਹਾਉਂਦੇ, ਸੀਟ੍ਹੀਆਂ ਵਜਾਉਂਦੇ ਹੋਏ ਉਡਦੇ-ਫੁਦਕਦੇ। ਵੰਝਲੀ ਵਰਗੀ ਆਵਾਜ਼ ਵਾਲੇ ਧਾਨ-ਚਿੜੇ ਤੇਜ਼-ਚਮਕਦੇ, ਲਿਸ਼-ਲਿਸ਼ ਕਰਦੇ ਚਾਕੂਆਂ ਵਾਂਗ ਪੌਣ ਵਿਚ ਏਧਰ ਉਧਰ ਉਡਦੇ ਫਿਰਦੇ, ਕਦੇ ਹੇਠਾਂ ਵੱਲ ਝੱਪ-ਝਪੱਟਾ ਮਾਰਦੇ ਹੋਏ, ਅਤੇ ਸੂਰਜ-ਕਿਰਨਾਂ ਵਿਚ ਆਪਣੇ ਆਕਾਰ ਨੂੰ ਅਕਸਾਉਂਦੇ-ਪਰਤਾਉਂਦੇ, ਅਤੇ ਨੀਲੇ-ਕਾਲੇ ਝਲਕਾਰੇ-ਲਿਸ਼ਕਾਰੇ ਮਾਰਦੀਆਂ ਲਾਲ੍ਹੜੀਆਂ ਅਤੇ ਸ਼ੋਖ਼ ਚੰਚਲ ਸ਼ੋਰ ਕਰਦੇ ਕੁਰਸੂ ਚੁਹਲ-ਮੁਹਲ ਕਰਦੇ, ਏਧਰ-ਓਧਰ ਟਪੋਸੀਆਂ ਮਾਰਦੇ ਫਿਰਦੇ ਅਤੇ ਤ੍ਰੇਲ-ਭਿੱਜੇ ਘਾਹ 'ਤੇ ਆਪਣੀਆਂ ਪੂਛਾਂ ਹੌਲੀ-ਹੌਲੀ ਹਿਲਾਉਂਦੇ, ਫੜ-ਫੜ ਕਰਦੇ ਫੁਦਕਦੇ ਫਿਰਦੇ ਅਤੇ ਕੀੜੇ-ਮਕੌੜਿਆਂ ਨੂੰ, ਮੱਕੜੀਆਂ ਦੇ ਜਾਲਿਆਂ ਵਿਚ ਫਸਣ ਤੋਂ ਪਹਿਲਾਂ ਹੀ ਝੱਫ ਲੈਂਦੇ। ਕਲਗ਼ੀਦਾਰ ਬੁਲਬੁਲਾਂ ਦੀਆਂ ਜੋੜੀਆਂ, ਰੁੱਖਾਂ ਦੀਆਂ ਸ਼ਾਖ਼ਾਂ ਤੇ ਬੈਠੀਆਂ ਗੀਤ ਗਾਉਂਦੀਆਂ। ਕਿਧਰੇ ਇੱਕ ਕੱਲਮ-ਕੱਲਾ ਤਿੱਤਰ, ਲੁਕਿਆ-ਛੁਪਿਆ, ਆਪਣੀ ਪ੍ਰੇਤ ਵਰਗੀ, ਤਿੱਖੀ ਡੂੰਘੀ ਆਵਾਜ਼ ਵਿਚ, ਕਿਸੇ ਝਾੜੀ ਵਿਚੋਂ 'ਟਿਟਰ-ਬਿਟਰ' ਕਰ ਰਿਹਾ ਸੀ ਅਤੇ ਕਿਧਰੇ ਇੱਕ ਕਬੂਤਰ ਗ਼ੁਟਰ-ਗੂੰ......ਗ਼ੁਟਰ-ਗੂੰ ਕਰੀ ਜਾ ਰਿਹਾ ਸੀ। ਇਹ ਥਲ ਨਾਂ ਦੇ ਪਿੰਡ ਦੇ ਬੋਲ ਸਨ ਅਤੇ ਲਹਿਰਾਂ ਦੀ ਗਰਜ ਸੀ, ਨਾਰੀਅਲ ਦੇ ਬਿਰਛਾਂ ਵਿਚ ਹਵਾ ਦੀ ਸ਼ੂਕਰ ਸੀ। ਜਾਪਦਾ ਸੀ, ਇਹ ਸਭ ਜਿਵੇਂ ਲੀਲਾ ਨੂੰ ਚੁੱਪ-ਸ਼ਾਂਤ ਤੇ ਖ਼ੁਸ਼ ਰਹਿਣ ਲਈ ਆਖ ਰਹੇ ਹੋਣ ਅਤੇ ਸੰਕੇਤ ਕਰ ਰਹੇ ਹੋਣ ਕਿ ਸੱਭ ਠੀਕ ਹੋ ਜਾਵੇਗਾ, ਬਿੱਲਕੁਲ ਪਹਿਲਾਂ ਵਾਂਗ ਹੀ।

ਪਰ ਜਦੋਂ ਲੀਲਾ, ਉਸ ਗੇਲੀ ਕੋਲ ਪੁੱਜੀ, ਜੋ ਤੰਗ-ਸੌੜੀ ਦਲ-ਦਲੀ ਖਾੜੀ 'ਤੇ ਪੁਲ ਬਣਾਉਂਦੀ ਸੀ ਅਤੇ ਉਸ ਉੱਪਰ ਦੀ ਹੋ ਕੇ, ਦੂਸਰੇ ਕੰਢੇ, ਉਹਨਾਂ ਦੀ ਝੁੱਗੀ ਤੱਕ ਪਹੁੰਚਿਆ ਜਾ ਸਕਦਾ ਸੀ, ਉਹਨੇ ਆਪਣੀ ਝੁੱਗੀ 'ਤੇ ਨਜ਼ਰ ਮਾਰੀ ਅਤੇ ਉਸ ਨੂੰ ਪਤਾ ਲੱਗਾ ਕਿ ਉਥੇ ਪਹਿਲਾਂ ਵਾਂਗ ਤਾਂ ਕੁਝ ਵੀ ਨਹੀਂ ਸੀ ਅਤੇ ਨਾ ਕੁਝ ਠੀਕ ਹੀ ਸੀ। ਝੁੱਗੀ ਦੀ ਘਾਹ-ਫੂਸ ਦੀ ਛੱਤ, ਕਈ ਵਰ੍ਹੇ ਪਹਿਲਾਂ ਬਦਲੀ ਜਾਣੀ ਚਾਹੀਦੀ ਸੀ। ਨਾਰੀਅਲ ਦੇ ਪੁਰਾਣੇ ਪੱਤੇ ਚੁਰਮੁਰਾ ਦੇ ਫੂਸੜੇ ਜਿਹੇ ਹੋ ਗਏ ਸਨ ਅਤੇ ਕੜੀਆਂ-ਬਾਲਿਆਂ ਵਿਚੋਂ ਦੀ ਬਾਹਰ ਲਮਕਣ ਲੱਗ ਪਏ ਸਨ। ਮਿੱਟੀ ਦੀਆਂ ਕੰਧਾਂ ਡਿਗੂੰ-ਡਿਗੂੰ ਕਰਨ ਲੱਗ ਪਈਆਂ ਸਨ। ਆਲੇ-ਦੁਆਲੇ ਦੇ ਨਾਰੀਅਲ ਅਤੇ ਕੇਲੇ ਦੇ ਝੁੰਡਾਂ ਵਿਚਲੀਆਂ ਹੋਰ ਝੁੱਗੀਆਂ ਵਾਂਗ, ਉਹਨਾਂ ਦੀ ਝੁੱਗੀ ਵਿਚੋਂ, ਚੁੱਲ੍ਹੇ ਤੇ ਚੜ੍ਹੀ ਤੌੜੀ ਹੇਠ ਬਲਦੀ ਅੱਗ 'ਚੋਂ, ਧੂੰਆਂ ਵਲ-ਵਲੇਵੇਂ ਖਾਂਦਾ ਉਪਰ ਉੱਠਦਾ ਵਿਖਾਈ ਨਹੀਂ ਸੀ ਦੇ ਰਿਹਾ।

ਲੀਲਾ ਦੀਆਂ ਦੋ ਭੈਣਾਂ, ਬੇਲਾ ਅਤੇ ਕਮਲ, ਦਰਵਾਜ਼ੇ 'ਤੇ ਖੜੀਆਂ ਦਾਤਣਾਂ ਨਾਲ ਦੰਦ ਸਾਫ਼ ਕਰ ਰਹੀਆਂ ਸਨ, ਜੋ ਉਹਨਾਂ ਘਰ ਦੇ ਪਿਛਵਾੜੇ ਲੱਗੇ ਨਿੰਮ ਦੇ ਦਰਖ਼ਤ ਤੋਂ

ਦੰਦ ਸਾਫ਼ ਕਰ ਰਹੀਆਂ ਸਨ, ਜੋ ਉਹਨਾਂ ਘਰ ਦੇ ਪਿਛਵਾੜੇ ਲੱਗੇ ਨਿੰਮ ਦੇ ਦਰਖ਼ਤ ਤੋਂ ਲਾਹੀਆਂ ਸਨ। ਉਹ ਨ੍ਹਾਤੀਆਂ ਧੋਤੀਆਂ ਨਹੀਂ ਸਨ ਅਤੇ ਨਾ ਹੀ ਉਹਨਾਂ ਸਕੂਲ ਲਈ ਕੱਪੜੇ ਬਦਲੇ ਸਨ। ਲੀਲਾ ਨੇ ਉਹਨਾਂ ਨੂੰ ਉੱਚੀ ਆਵਾਜ਼ ਵਿੱਚ ਆਖਿਆ, "ਤੁਸੀਂ ਕੱਪੜੇ ਕਿਉਂ ਨਹੀਂ ਪਾਉਂਦੀਆਂ? ਤੁਹਾਨੂੰ ਸਕੂਲ ਜਾਣ ਨੂੰ ਦੇਰ ਹੋ ਜਾਵੇਗੀ।" ਉੱਤਰ ਵਿਚ ਉਹਨਾਂ ਆਖਿਆ, "ਪਰ ਤੂੰ ਤਾਂ ਹਾਲੇ ਤੱਕ ਸਾਡੀ ਚਾਹ ਵੀ ਨਹੀਂ ਬਣਾਈ- ਤੈਨੂੰ ਅਵੇਰ ਹੋ ਗਈ ਐ।"

ਲੀਲਾ ਨੇ ਨਿੱਕੀ ਜਿਹੀ ਟੋਕਰੀ ਦਰਵਾਜ਼ੇ 'ਤੇ ਸੁੱਟ ਦਿੱਤੀ ਅਤੇ ਚੁੱਲ੍ਹਾ ਬਾਲਣ ਲਈ ਅੰਦਰ ਚਲੀ ਗਈ। ਉਹਨੂੰ ਪਤਾ ਸੀ, ਉਹਨੂੰ ਇਹ ਕੰਮ ਬੀਚ 'ਤੇ ਜਾਣ ਤੋਂ ਪਹਿਲਾਂ ਕਰਨਾ ਚਾਹੀਦਾ ਸੀ। ਉਹ ਪਾਣੀ ਦਾ ਭਾਂਡਾ ਉਪਰ ਰੱਖ ਕੇ ਜਾ ਸਕਦੀ ਸੀ ਅਤੇ ਪਾਣੀ ਉਸਦੇ ਵਾਪਸ ਆਉਣ ਤੱਕ ਉੱਬਲਣ ਲੱਗ ਪੈਣਾ ਸੀ। ਪਰ ਜਦੋਂ ਉਹ ਸਵੇਰੇ ਉੱਠੀ ਸੀ, ਤਾਂ ਕਿਸੇ ਤਰ੍ਹਾਂ ਉਹਨੇ ਮਹਿਸੂਸ ਕੀਤਾ ਸੀ ਕਿ ਉਹਨੂੰ ਭੱਜ ਕੇ ਬੀਚ 'ਤੇ ਜਾਣਾ ਚਾਹੀਦੈ। ਉਹ ਪਿਛਲੀ ਰਾਤ ਦੀ ਠੰਡੀ ਹੋਈ ਸੁਆਹ ਜਾਂ ਜੂਠੇ ਭਾਂਡਿਆਂ ਨੂੰ ਤਦ ਤੱਕ ਨਹੀਂ ਸੀ ਵੇਖ ਸਕਦੀ, ਜਦ ਤੱਕ ਕਿ ਉਹ ਬੀਚ ਤੋਂ ਨਾ ਹੋ ਆਏ, ਸਾਗਰ ਨੂੰ, ਅਤੇ ਪਾਕ-ਪਵਿੱਤਰ ਚੱਟਾਨ 'ਤੇ ਖਿੱਲਰੇ ਫੁੱਲਾਂ ਨੂੰ ਨਾ ਵੇਖ ਆਏ। ਹੁਣ ਉਹ ਉਥੋਂ ਹੋ ਆਈ ਸੀ, ਇਸ ਲਈ ਉਹ ਬਾਲਣ ਵਾਲੀਆਂ ਲੱਕੜਾਂ ਇਕੱਠੀਆਂ ਕਰੇਗੀ, ਅੱਗ ਬਾਲੇਗੀ ਅਤੇ ਆਪਣੇ ਟੱਬਰ ਲਈ ਚਾਹ ਬਣਾਵੇਗੀ। ਉਹ ਚਾਹੁੰਦੀ ਸੀ ਕਿ ਬੇਲਾ ਅਤੇ ਕਮਲ ਗੱਲ ਨੂੰ ਸਮਝਣ।

ਉਹਨੇ ਚੁੱਪ-ਚਾਪ ਉਹਨਾਂ ਲਈ ਚਾਹ ਬਣਾਈ, ਬਲਦੀ ਹੋਈ ਧੂੰਆਂ-ਛੱਡਦੀ ਅੱਗ 'ਤੇ ਰੱਖੀ ਪਾਣੀ ਦੀ ਦੇਗਚੀ ਵਿੱਚ ਮੁੱਠੀ ਭਰ ਚਾਹ-ਪੱਤੀ ਅਤੇ ਮੁੱਠ ਕੁ ਖੰਡ ਪਾ ਕੇ। ਤਿੰਨੋਂ ਭੈਣਾਂ ਪੈਰਾਂ ਭਾਰ ਬੈਠ ਕੇ, ਚਾਹ ਦੇ ਉੱਬਲਣ ਅਤੇ ਆਪਣੇ ਭਰਾ ਦੇ ਥੋੜ੍ਹਾ ਜਿਹਾ ਦੁੱਧ ਲੈ ਕੇ ਆਉਣ ਦੀ ਉਡੀਕ ਕਰਨ ਲੱਗ ਪਈਆਂ। ਕਦੇ ਉਹਨਾਂ ਕੋਲ ਇੱਕ ਮੱਝ ਹੁੰਦੀ ਸੀ ਪਰ ਕਰਜ਼ਾ ਲਾਹੁਣ ਲਈ, ਉਹ ਵੀ ਵੇਚ ਦਿੱਤੀ ਗਈ ਸੀ। ਹੁਣ ਦੁੱਧ, ਪਿੰਡ ਦੇ ਇੱਕ ਗਵਾਲੇ ਕੋਲੋਂ ਲਿਆਉਣਾ ਪੈਂਦਾ ਸੀ।

ਉਹ ਮੁਹਾਠਾਂ 'ਚ ਬੈਠੀਆਂ ਸਨ, ਉਸ ਰਾਹ ਵੱਲ ਨਜ਼ਰਾਂ ਟਿਕਾਈ ਜੋ ਨਾਰੀਅਲ ਦੇ ਝੁੰਡ ਵਿਚੋਂ ਦੀ ਹੋ ਕੇ ਜਾਂਦਾ ਸੀ ਅਤੇ ਛੇਤੀ ਹੀ ਉਹਨਾਂ ਨੇ ਹਰੀ ਨੂੰ ਆਪਣੇ ਹੱਥ ਵਿੱਚ ਪਿੱਤਲ ਦਾ ਦੁੱਧ ਵਾਲਾ ਭਾਂਡਾ ਫੜੀ ਆਉਂਦਿਆਂ ਤੱਕਿਆ। ਬਸ ਇਹ ਭਾਂਡਾ ਹੀ ਉਹਨਾਂ ਦੀ ਪੂੰਜਤ ਸੀ। ਦੋਵਾਂ ਭੈਣਾਂ ਦੇ ਵਿਪਰੀਤ, ਉਹ ਨਹਾ-ਧੋ ਚੁੱਕਾ ਸੀ ਅਤੇ ਸਾਫ਼-ਸੁਥਰੀ ਖਾਕੀ ਨਿੱਕਰ ਤੇ ਕਮੀਜ਼ ਵਿਚ ਸੁੰਦਰ ਲਗ ਰਿਹਾ ਸੀ। ਨਿੱਕੀਆਂ ਕੁੜੀਆਂ ਉਸ ਪਾਸੋਂ ਦੁੱਧ ਲੈਣ ਲਈ ਦੌੜੀਆਂ। ਲੀਲਾ ਨੇ ਥੋੜ੍ਹਾ ਜਿਹਾ ਦੁੱਧ ਚਾਹ ਵਾਲੀ ਦੇਗਚੀ 'ਚ ਪਾਇਆ ਅਤੇ ਛੇਤੀ ਹੀ ਚਾਹ ਤਿਆਰ ਹੋ ਗਈ ਅਤੇ ਉਹ ਗਰਮ-ਗਰਮ ਚਾਹ ਦੇ, ਆਪਣੇ ਧਾਤ ਦੇ ਗਿਲਾਸ ਲੈ ਕੇ, ਚਮੇਲੀ ਦੇ ਰੁੱਖ ਹੇਠ ਵਿਛੀ ਵਾਣ ਦੀ ਮੰਜੀ 'ਤੇ ਚਲੇ ਗਏ ਅਤੇ ਉਸ ਉੱਤੇ ਬਹਿ ਕੇ ਚੁਸਕੀਆਂ ਲੈਣ ਲੱਗੇ।

"ਪਿਤਾ ਜੀ ਅਤੇ ਮਾਤਾ ਜੀ ਲਈ. . . . ?" ਹਰੀ ਨੇ ਪੁੱਛਿਆ।

"ਮਾਂ ਦਾ ਗਲਾਸ ਤਾਂ ਮੈਂ ਲੈ ਜਾਵਾਂਗੀ।" ਲੀਲਾ ਨੇ ਆਖਿਆ।

"ਪਰ ਬਾਪੂ ਤਾਂ ਸੁੱਤਾ ਪਿਆ ਹੈ" ਬੇਲਾ ਅਤੇ ਕਮਲ ਨੇ ਇਕੱਠਿਆਂ ਹੀ ਆਖਿਆ।



ਹਰੀ ਦਾ ਸਿਰ ਨੀਵਾਂ ਹੋ ਗਿਆ, ਜਦ ਉਹਨੇ ਖ਼ਾਲੀ ਗਲਾਸ ਵੱਲ ਵੇਖਿਆ। ਲੀਲਾ ਆਪਣੀਆਂ ਭੈਣਾਂ ਨੂੰ ਧੂ ਕੇ ਲੈ ਗਈ ਸੀ ਅਤੇ ਉਹਨਾਂ ਨੂੰ ਕਾਹਲੀ-ਕਾਹਲੀ ਨੀਲੇ ਰੰਗ ਦੀਆਂ ਸਕੱਰਟਾਂ ਅਤੇ ਸਫ਼ੈਦ ਬਲਾਊਜ਼ ਪੁਆਏ ਸਨ, ਜੋ ਪਿੰਡ ਦੀਆਂ, ਸਕੂਲ ਜਾਣ ਵਾਲੀਆਂ ਸਾਰੀਆਂ ਕੁੜੀਆਂ ਪਹਿਨਦੀਆਂ ਸਨ। ਉਹਨੇ ਉਹਨਾਂ ਦੀਆਂ ਕੁੱਝ ਫਟੀਆਂ-ਪੁਰਾਣੀਆਂ ਪੁਸਤਕਾਂ ਲੱਭ ਕੇ ਦਿੱਤੀਆਂ, ਜਿਹਨਾਂ ਨੂੰ ਲੈ ਕੇ ਉਹ ਸਕੂਲ ਲਈ ਰਵਾਨਾ ਹੋ ਗਈਆਂ। ਫਿਰ ਹਰੀ ਉਠਿਆ ਅਤੇ ਆਖਣ ਲੱਗਾ ਕਿ ਉਹ ਉਹਨਾਂ ਨੂੰ ਸਕੂਲ ਛੱਡ ਆਵੇਗਾ ਅਤੇ ਵਾਪਸੀ 'ਤੇ ਉਹ ਆਪਣੇ ਖੇਤ 'ਚ ਗੋਡੀ ਕਰਨ ਅਤੇ ਪਾਣੀ ਦੇਣ ਲਈ ਰੁਕ ਜਾਵੇਗਾ।

ਲੀਲਾ ਆਪਣੀ ਮਾਂ ਲਈ ਚਾਹ ਦਾ ਗਲਾਸ ਲੈ ਕੇ ਅੰਦਰ ਗਈ। ਉਹ ਉਸ ਵਿਚ

ਥੋੜ੍ਹਾ ਜਿਹਾ ਹੋਰ ਦੁੱਧ ਪਾਉਣ ਲਈ ਰੁਕ ਗਈ। ਫਿਰ ਉਹ ਉਸ ਕਮਰੇ ਨੂੰ ਜਾਣ ਵਾਲੇ ਲਾਂਘੇ ਵਿੱਚ ਲੱਗੇ ਪਰਦੇ ਕੋਲ ਦੀ ਲੰਘ ਕੇ ਉਥੇ ਅੱਪੜੀ ਜਿੱਥੇ ਉਸਦੀ ਮਾਂ ਸੂਤੜੀ ਦੀ ਮੰਜੀ 'ਤੇ ਪਈ ਸੀ, ਜਿਸ ਉੱਤੇ ਕੁੱਝ ਪੁਰਾਣੀਆਂ ਮੈਲੀਆਂ-ਕੁਚੈਲੀਆਂ ਚਾਦਰਾਂ ਵਿਛੀਆਂ ਹੋਈਆਂ ਸਨ। ਉਹ ਆਪ ਵੀ ਉਥੇ ਇਕ ਮਿੱਧੇ-ਮਧੋਲੇ ਮੈਲੇ-ਕੁਚੈਲੇ ਚੀਥੜੇ ਵਾਂਗ ਹੀ ਲੱਗ ਰਹੀ ਸੀ। ਉਹ ਕਾਫ਼ੀ ਸਮੇਂ ਤੋਂ ਬਿਮਾਰ ਸੀ। ਕਿਸੇ ਨੂੰ ਕੁੱਝ ਨਹੀਂ ਸੀ ਪਤਾ ਕਿ ਕੀ ਖ਼ਰਾਬੀ ਹੈ। ਉਹਨੂੰ ਕੋਈ ਪੀੜ ਨਹੀਂ ਸੀ, ਕੋਈ ਤਾਪ ਨਹੀਂ ਸੀ, ਪਰ ਉਹ ਦਿਨ-ਬ-ਦਿਨ ਕਮਜ਼ੋਰ ਹੁੰਦੀ ਜਾ ਰਹੀ ਸੀ। ਹੁਣ ਤਾਂ ਉਹ ਆਪਣੀ ਚਾਹ ਪੀਣ ਲਈ ਵੀ ਉਠ ਕੇ ਬੈਠ ਨਹੀਂ ਸੀ ਸਕਦੀ। ਲੀਲਾ ਨੂੰ ਉਸ ਦਾ ਸਿਰ ਉੱਪਰ ਚੁੱਕਣਾ ਪੈਂਦਾ ਸੀ ਅਤੇ ਗਲਾਸ 'ਚੋਂ ਨਿੱਕੇ-ਨਿੱਕੇ ਘੁੱਟ ਭਰ ਕੇ, ਚਾਹ ਪਿਲਾਉਣ ਵਿਚ, ਉਸਦੀ ਸਹਾਇਤਾ ਕਰਨੀ ਪੈਂਦੀ ਸੀ। ਉਹ ਬਹੁਤ ਹੀ ਸਾਊ ਤੇ ਸਾਵਧਾਨ ਸੀ, ਕਿਉਂਕਿ ਉਸਦੀ ਮਾਂ ਏਨੀ ਕਮਜ਼ੋਰ ਜਾਪਦੀ ਸੀ ਕਿ ਕੋਈ ਵੀ ਉਸਨੂੰ ਹੱਥ ਲਾਉਣਾ ਵੀ ਪਸੰਦ ਨਹੀਂ ਸੀ ਕਰਦਾ।

ਉਹ ਵੀ ਆਪਣਾ ਸਿਰ, ਉਸ ਢੇਰ ਵਲੋਂ ਭੁਆ ਕੇ ਰੱਖਦੀ, ਜਿਹੜਾ ਤੰਗ-ਸੌੜੇ ਹਨੇਰੇ ਬੰਦ ਕਮਰੇ ਦੀ ਇੱਕ ਨੁੱਕਰੇ, ਚਿਟਾਈ 'ਤੇ ਪਿਆ ਰਹਿੰਦਾ ਸੀ। ਉਹ ਢੇਰ ਹਿੱਲਦਾ-ਜੁਲਦਾ ਨਹੀਂ ਸੀ, ਬਸ ਰੁਕ-ਰੁਕ ਕੇ ਆਉਂਦੇ ਸਾਹਾਂ ਦੀ ਬੁੜ-ਬੁੜ ਕਰਦੀ ਆਵਾਜ਼ ਕੱਢਦਾ ਰਹਿੰਦਾ ਸੀ ਅਤੇ ਪਿਆ-ਪਿਆ ਤੱਕਦਾ ਰਹਿੰਦਾ ਸੀ। ਲੀਲਾ ਖ਼ਮੀਰੀ ਤਾੜੀ ਦੀ ਗੰਧ ਨੂੰ ਦੂਰੋਂ ਹੀ ਸੁੰਘ ਸਕਦੀ ਸੀ। ਇਹ ਉਹ ਗੰਧ ਸੀ ਜਿਸ ਤੋਂ ਉਹ ਉਦੋਂ ਤੋਂ ਹੀ ਵਾਕਿਫ਼ ਸੀ, ਅਤੇ ਜਿਸ ਨੂੰ ਉਹ ਉਦੋਂ ਤੋਂ ਹੀ ਨਫ਼ਰਤ ਕਰਦੀ ਸੀ, ਜਦ ਅਜੇ ਉਹ ਛੋਟੀ ਜਿਹੀ ਬੱਚੀ ਹੀ ਸੀ। ਉਹ ਆਪਣਾ ਨੱਕ ਸੁਕੇੜ ਕੇ ਰੱਖਦੀ ਅਤੇ ਚਾਹੁੰਦੀ ਕਿ ਉਸ ਦਾ ਪਿਉ, ਸੌਣ ਲਈ ਆਪਣੇ- ਆਪ ਨੂੰ ਕਿਸੇ ਹੋਰ ਖੂੰਜੇ ਵਿਚ ਸੁੱਟੇ ਅਤੇ ਸ਼ਰਾਬ ਦੀ ਬੋਅ ਨਾਲ ਉਸਦੀ ਮਾਂ ਦੇ ਕਮਰੇ ਨੂੰ ਦੁਰਗੰਧਿਤ ਨਾ ਕਰੇ। ਪਰ ਕੋਈ ਵੀ ਉਸਨੂੰ ਇਹ ਆਖਣ ਦੀ ਜੁੱਰਅਤ ਨਹੀਂ ਸੀ ਕਰਦਾ.... ਉਸਦੀ ਮਾਂ ਤਾਂ ਉੱਕਾ ਹੀ ਨਹੀਂ।

ਉਹਨੇ ਬਸ ਏਨਾ ਹੀ ਆਖਿਆ, "ਲੀਲਾ ਕੁੜੀਆਂ ਸਕੂਲ ਚਲੀਆਂ ਗਈਆਂ?"

"ਹਾਂ"

"ਅਤੇ ਹਰੀ ਖੇਤਾਂ ਨੂੰ?"

"ਹਾਂ, ਹਰੀ ਖੇਤਾਂ ਨੂੰ ਚਲਿਆ ਗਿਐ।"

"ਤਾਂ ਫਿਰ ਤੂੰ ਝਾੜੂ-ਬਹੁਕਰ ਕਰ ਲੈ, ਬਾਜ਼ਾਰ ਜਾ ਆ ਅਤੇ ਖਾਣਾ ਬਣਾ ਲੈ, ਲੀਲਾ।"

"ਹਾਂ ਮਾਂ," ਲੀਲਾ ਨੇ ਆਖਿਆ, ਹਾਲਾਂਕਿ ਉਸਨੂੰ ਇਹ ਸਭ ਆਖਣ ਦੀ ਲੋੜ ਨਹੀਂ ਸੀ। ਉਹਨੇ ਸਕੂਲ ਜਾਣਾ, ਬਹੁਤ ਚਿਰ ਪਹਿਲਾਂ ਛੱਡ ਦਿੱਤਾ ਸੀ, ਤਾਂ ਜੋ ਉਹ ਘਰ ਰਹਿ ਸਕੇ ਅਤੇ ਰਿੰਨ੍ਹਣ-ਪਕਾਉਣ ਤੇ ਕੱਪੜੇ ਧੋਣ ਦਾ ਕੰਮ ਕਰ ਸਕੇ ਅਤੇ ਦੂਸਰਿਆਂ ਦੀ ਦੇਖ-ਭਾਲ ਕਰ ਸਕੇ। ਉਹ ਕੰਮ-ਕਾਰ ਸ਼ੁਰੂ ਕਰਨ ਲਈ ਉੱਠ ਖੜੀ ਹੋਈ।

ਬੇਲਾ ਅਤੇ ਕਮਲ ਆਪਣੀਆਂ ਕਿਤਾਬਾਂ ਲਈ, ਪਿੰਡ ਦੀ ਸੜਕ 'ਤੇ ਦੌੜਦੀਆਂ ਜਾ ਰਹੀਆਂ ਸਨ। ਹਰੀ ਉਹਨਾਂ ਦੇ ਪਿੱਛੇ-ਪਿੱਛੇ ਜਾ ਰਿਹਾ ਸੀ, ਜਿਵੇਂ ਵਿਖਾਵਾ ਕਰ ਰਿਹਾ ਸੀ ਕਿ ਉਹੀ ਉਹਨਾਂ ਨੂੰ ਛਮਕ ਨਾਲ, ਅੱਗੇ-ਅੱਗੇ ਲਾਈ, ਲਈ ਜਾ ਰਿਹਾ ਹੈ।

ਪਿੰਡ ਦੀ ਸੜਕ ਕੀ ਸੀ, ਇੱਕ ਧੂੜ-ਭਰੀ ਗਲੀ ਜਿਹੀ ਸੀ, ਜੋ ਨਾਰੀਅਲ ਦੇ ਉੱਚੇ-

ਉੱਚੇ ਰੁੱਖਾਂ ਅਤੇ ਉਹਨਾਂ ਤੋਂ ਵੀ ਉੱਚੇ-ਲੰਮੇ ਪਰ ਪਤਲੇ ਤੇ ਹਰੇ ਸੁਪਾਰੀ ਦੇ ਬਿਰਛਾਂ ਵਿਚਕਾਰ ਦੀ ਜਾਂਦੀ ਸੀ। ਇਸ ਸੜਕ ਦੇ ਨਾਲ-ਲੱਗਦੇ ਘਰ, ਸਾਹਿਲ ਦੀਆਂ ਘਾਹ-ਫੂਸ ਦੀਆਂ ਝੁੱਗੀਆਂ ਜਿਹੇ ਨਹੀਂ ਸਨ, ਸਗੋਂ ਪੱਕੀਆਂ ਇੱਟਾਂ ਦੇ ਬੰਗਲੇ ਸਨ, ਲੱਕੜੀ ਦੇ ਦਰਵਾਜ਼ਿਆਂ ਵਾਲੇ ਅਤੇ ਖਿੜਕੀਆਂ 'ਚ ਲੱਗੀਆਂ ਲੋਹ-ਸਲਾਖ਼ਾਂ ਵਾਲੇ। ਬੰਗਲਿਆਂ ਦੇ ਜ਼ਿਆਦਾਤਰ ਵਰਾਂਡਿਆਂ ਵਿਚ, ਛੱਤਾਂ ਨਾਲ ਲਟਕਦੇ ਝੂਲੇ ਲੱਗੇ ਹੋਏ ਸਨ ਅਤੇ ਕੁੱਝ ਝੂਲਿਆਂ ਉੱਤੇ ਤਾਂ, ਬੁੱਢੇ ਬੈਠੇ, ਸਵੇਰ ਦੀ ਧੁੱਪ ਵਿਚ ਊਂਘ ਰਹੇ ਸਨ। ਇੱਕ ਚਿੱਟੀ ਬਿੱਲੀ ਫ਼ਰਸ਼ 'ਤੇ ਸੁੱਤੀ ਪਈ ਸੀ ਅਤੇ ਇਸਤਰੀਆਂ ਪੌੜੀਆਂ 'ਚ ਬੈਠੀਆਂ, ਥਾਲ਼ਾਂ 'ਚ ਪਏ ਚੌਲ ਚੁਗ ਰਹੀਆਂ ਸਨ। ਵਿਹੜਿਆਂ ਵਿਚ ਹਬਿਸਕੱਸ ਦੀਆਂ ਝਾੜੀਆਂ 'ਤੇ ਫੁੱਲ ਖਿੜੇ ਹੋਏ ਸਨ ਅਤੇ ਮੈਲੇ-ਕੁਚੈਲੇ ਚੂਜ਼ੇ, ਮਿੱਟੀ ਘੱਟੇ ਨੂੰ ਪੁਰਚ ਫਰੋਲ ਰਹੇ ਸਨ। ਡਾਕਖ਼ਾਨਾ ਅਤੇ [illegible]



ਨਹੀਂ ਸੀ ਪਰ ਚੌਲ, ਕਣਕ, ਚੀਨੀ ਅਤੇ ਮਿੱਟੀ ਦਾ ਤੇਲ ਵੇਚਣ ਵਾਲੀ ਇੱਕੋ-ਇੱਕ ਦੁਕਾਨ ਖੁੱਲ੍ਹ ਗਈ ਸੀ, ਅਤੇ ਬੇਲਾ ਤੇ ਕਮਲ ਉਸਦੇ ਬਾਹਰ ਰੁਕ ਗਈਆਂ।

"ਤੁਰਦੀਆਂ ਚਲੋ, ਚਲਦੀਆਂ ਚਲੋ, ਤੁਹਾਨੂੰ ਦੇਰ ਹੋ ਗਈ ਹੈ।" ਹਰੀ ਆਪਣੀ ਛਮਕ ਉਲਾਰਦਾ ਹੋਇਆ, ਉੱਚੀ ਜਿਹੀ ਚਿੱਲਾਇਆ।

"ਭਰਾ ਹਰੀ, ਸਾਨੂੰ ਮਿਨਿਆਈ ਲੈ ਦੇ" ਉਹਨਾਂ ਦੋਵਾਂ ਨੇ ਇਕੱਠਿਆਂ ਆਖਿਆ। "ਥੋੜ੍ਹੀ ਜਿੰਨੀ ਮਿਠਿਆਈ ਲੈ ਦੇ ਨਾ।"

"ਕੋਈ ਮਿਠਿਆਈ-ਵਿਠਿਆਈ ਨਹੀਂ ਮਿਲੇਗੀ," ਉਹ ਚਿੱਲਾਇਆ। "ਮੇਰੇ ਪਾਸ ਪੈਸੇ ਨਹੀਂ।"

"ਹਰੀ ਭਰਾਵਾ, ਬਸ ਤਿੰਨ ਟੁਕੜੀਆਂ-ਚਲ ਦੋ ਹੀ- ਇਕ ਹੀ, ਬਸ ਇਕੋ ਹੀ," ਉਹਨਾਂ ਤਰਲੇ ਨਾਲ ਆਖਿਆ ਪਰ ਹਰੀ ਨੇ ਆਪਣਾ ਸਿਰ ਹਿਲਾ ਦਿੱਤਾ ਅਤੇ ਘੂਰੀ ਵੱਟੀ। ਕੁੜੀਆਂ ਨੇ ਤੱਕਿਆ, ਉਹ ਗੰਭੀਰ ਸੀ ਅਤੇ ਨਿਰਾਸ਼ ਹੋ ਅੱਗੇ ਤੁਰ ਪਈਆਂ।

ਪਿੰਡ ਦੇ ਸਿਰੇ 'ਤੇ ਇਕ ਵੱਡਾ ਸਾਰਾ ਛੱਪੜ ਸੀ। ਏਥੇ ਮੱਝਾਂ ਗੋਡੇ-ਗੋਡੇ ਪਾਣੀ ਵਿਚ ਖੜੀਆਂ ਪਾਣੀ ਪੀਂਦੀਆਂ ਜਾਂ ਨਹਾਉਂਦੀਆਂ। ਕੰਵਲ ਖਿੜੇ ਹੋਏ ਸਨ- ਕਿਰਮਚੀ ਪੱਤੀਆਂ ਅਤੇ ਕਿਰਮਚੀ ਡੰਡੀਆਂ ਵਾਲੇ ਕਿਰਮਚੀ ਕੰਵਲ ਅਤੇ ਸਫ਼ੈਦ ਕੰਵਲ ਜਿਹਨਾਂ ਦੀਆਂ ਪੱਤੀਆਂ ਹਰੀਆਂ ਅਤੇ ਡੰਡੀਆਂ ਵੀ ਹਰੀਆਂ ਸਨ। ਵੱਡੇ-ਵੱਡੇ ਸਮਤਲ ਗੋਲ ਪੱਤਿਆਂ ਦੇ ਵਿਚਾਲੇ ਬੱਤਖ਼ਾਂ ਤਰਦੀਆਂ ਫਿਰਦੀਆਂ ਅਤੇ ਪੇਤਲੇ ਪਾਣੀ ਵਿਚ ਖੜੇ ਚੀਨੀ-ਚਿੱਟੇ ਬਗਲੇ ਮੱਛੀਆਂ ਦਾ ਸ਼ਿਕਾਰ ਕਰਦੇ। ਦੂਸਰੇ ਕੰਢੇ 'ਤੇ ਇਸਤਰੀਆਂ ਕੱਪੜੇ ਧੋ ਰਹੀਆਂ ਸਨ। ਕੱਪੜਿਆਂ ਨੂੰ ਸਮਤਲ ਪੱਥਰਾਂ 'ਤੇ ਮਾਰਦੀਆਂ, ਤਾਂ ਪਾਣੀ ਦੇ ਫ਼ੁਹਾਰੇ ਉਪਰ ਨੂੰ ਉੱਛਲਦੇ। ਕੱਪੜੇ ਧੋਂਦਿਆਂ ਉਹ ਉੱਚੀ-ਉੱਚੀ ਕਿਲਕਾਰੀਆਂ ਵੀ ਮਾਰ ਰਹੀਆਂ ਸਨ, ਹੱਸ ਵੀ ਰਹੀਆਂ ਸਨ। ਉਹਨਾਂ ਗੂੜ੍ਹੀਆਂ ਗੁਲਾਬੀ, ਸੰਤਰੀ ਅਤੇ ਨਿੰਬੂ ਰੰਗੀਆਂ, ਹਰੀਆਂ ਸਾੜ੍ਹੀਆਂ ਪਾਈਆਂ ਹੋਈਆਂ ਸਨ, ਜਿਹਨਾਂ ਨੂੰ ਉਹਨਾਂ ਆਪਣੇ-ਆਪਣੇ ਲੱਕ ਤੱਕ ਛੁੰਗਿਆ ਹੋਇਆ ਸੀ, ਤਾਂ ਜੋ ਉਹ ਪਾਣੀ ਵਿਚ ਤੁਰ-ਫਿਰ ਸਕਣ ਅਤੇ ਚਿੱਕੜ ਵਿਚ ਖਲੋ ਸਕਣ। ਜਾਪਦਾ ਸੀ ਕਿ ਉਹ ਆਪਣੇ ਘਰ ਦੇ ਕੰਮਾਂ 'ਚੋਂ ਇਸ ਕੰਮ ਦਾ ਸਭ ਤੋਂ ਵੱਧ ਆਨੰਦ ਲੈ ਰਹੀਆਂ ਸਨ।

ਹੁਣ ਗਲੀ ਧੂੜ-ਭਰੀ ਹੋ ਗਈ ਸੀ ਅਤੇ ਉਸ ਉੱਤੇ ਆਵਾਜਾਈ ਵਧ ਗਈ ਸੀ, ਕੁੱਝ ਬੱਚੇ ਏਧਰ-ਉਧਰ ਦੌੜ-ਭੱਜ ਰਹੇ ਸਨ- ਮੁੰਡੇ ਖ਼ਾਕੀ ਨਿੱਕਰਾਂ ਅਤੇ ਚਿੱਟੀਆਂ ਕਮੀਜ਼ਾਂ ਪਾਈ ਮੁੰਡਿਆਂ ਦੇ ਸਕੂਲ ਵੱਲ ਜਾ ਰਹੇ ਸਨ, ਜੋ ਉਸ ਥਾਂ ਤੋਂ ਸੱਜੇ ਪਾਸੇ ਵੱਲ ਸੀ, ਜਿਥੇ ਗਲੀ ਮੁੱਖ ਮਾਰਗ ਨਾਲ ਮਿਲਦੀ ਸੀ, ਅਤੇ ਕੁੜੀਆਂ ਨੀਲੀਆਂ ਸਕੱਰਟਾਂ ਤੇ ਸਫ਼ੈਦ ਬਲਾਊਜ਼ ਪਾਈ, ਕੁੜੀਆਂ ਦੇ ਸਕੂਲ ਵੱਲ ਜਾ ਰਹੀਆਂ ਸਨ, ਜੋ ਖੱਬੇ ਪਾਸੇ ਸੀ, ਨਿੱਕੀ ਜਿਹੀ ਪਹਾੜੀ ਦੇ ਐਨ ਥੱਲ੍ਹੇ ਜਿਸ ਉੱਤੇ ਇਕ ਮੰਦਰ ਸੀ। ਹਰੀ ਮੁੰਡਿਆਂ ਦੇ ਸਕੂਲ 'ਚ ਜਾਇਆ ਕਰਦਾ ਸੀ ਪਰ ਪਿਛਲੇ ਕੁੱਝ ਸਮੇਂ ਤੋਂ ਉਹਨੇ ਸਕੂਲ ਜਾਣਾ ਛੱਡ ਦਿੱਤਾ ਸੀ, ਇਹ ਆਖ ਕੇ ਕਿ ਹੁਣ ਜਦੋਂ ਉਹਦਾ ਪਿਉ ਐਵੇਂ ਕਿਵੇਂ ਵੀ ਕੰਮ ਨਹੀਂ ਸੀ ਕਰਦਾ, ਉਹਨੇ ਖੇਤਾਂ 'ਚ ਕੰਮ ਕਰਨਾ ਹੁੰਦਾ ਸੀ। ਇਸ ਲਈ ਉਹ ਸਿਰਫ਼ ਪਹਾੜੀ ਦੇ ਦਾਮਨ ਤੱਕ ਹੀ ਆਇਆ, ਜਿਥੋਂ ਕਿ ਬੇਲਾ ਅਤੇ ਕਮਲ ਆਪਣੇ ਟੀਨ ਦੀ ਛੱਤ ਵਾਲੇ ਸਕੂਲ ਵੱਲ ਨੂੰ ਮੁੜ ਗਈਆਂ, ਜੋ ਕਿ ਇੱਕ ਵੀਰਾਨ ਜਿਹੇ ਧੂੜ-ਭਰੇ ਖੇਤ ਦੇ ਗੱਭੇ ਸੀ ਅਤੇ ਉਹ ਉਥੋਂ ਵਾਪਸ ਪਰਤਣ

ਲਈ ਪਿੱਛੇ ਨੂੰ ਮੁੜਿਆ।

ਜਿਉਂ ਹੀ ਉਹ ਮੁੜਿਆ, ਤਾਂ ਉਹਨੇ ਟੀਨ ਦੇ ਇੱਕ ਨਵੇਂ ਢਾਰੇ ਦੀ ਝਲਕ ਵੇਖੀ, ਜੋ ਉਹਨੇ ਪਹਿਲਾਂ ਨਹੀਂ ਸੀ ਵੇਖਿਆ। ਉਹ ਸਕੂਲ ਤੋਂ, ਪਹਾੜੀ ਦੇ ਦਾਮਨ ਦੇ ਆਸ-ਪਾਸ ਹੀ ਸੀ- ਝਰੀਦਾਰ ਲੋਹੇ ਦੀਆਂ ਚਾਦਰਾਂ ਦੀ ਚਾਰ ਦੀਵਾਰੀ ਅਤੇ ਘਾਹ-ਫੂਸ ਦੀ ਛੱਤ। ਉਸਦੇ ਬਾਹਰ ਵਾਰ, ਪੀਲੇ ਰੰਗ ਦੀ ਇੱਕ ਲਾਰੀ ਖੜੀ ਸੀ, ਜਿਸ ਉੱਤੇ ਅਸ਼ਪਾਤ ਦੀਆਂ ਪਾਈਪਾਂ ਲੱਦੀਆਂ ਹੋਈਆਂ ਸਨ।

ਹਰੀ ਪਿੰਡ ਵਿਚ ਕੋਈ ਨਵੀਂ ਚੀਜ਼ ਵੇਖ ਕੇ ਹੈਰਾਨ ਸੀ, ਜਿਵੇਂ ਕਿ ਪਿੰਡ ਦੇ ਹੋਰ ਸਾਰੇ ਲੋਕ, ਕਿਉਂਕਿ ਕੋਈ ਨਵੀਂ ਚੀਜ਼ ਕਦੇ-ਕਦਾਈਂ ਹੀ ਹੁੰਦੀ ਸੀ।

ਇਕ ਗੀਟੀ ਚੁੱਕ ਕੇ ਉਸਨੂੰ ਦੋਹਾਂ ਹੱਥਾਂ ਵਿਚ ਏਧਰ-ਉਧਰ ਉਛਾਲਦਾ ਉਹ ਉਸ ਢਾਰੇ ਵੱਲ ਵਧਿਆ। ਨੇੜੇ-ਤੇੜੇ ਕੋਈ ਨਹੀਂ ਸੀ ਜਾਪ ਰਿਹਾ ਭਾਵੇਂ ਕਿ ਦਰਵਾਜ਼ਾ ਖੁੱਲ੍ਹਾ ਸੀ ਅਤੇ ਉਸ ਨੂੰ ਅੱਗ, ਅਤੇ ਢਾਰੇ ਦੇ ਕੱਚੇ ਫ਼ਰਸ਼ 'ਤੇ ਟੀਨ ਦੇ ਕੁੱਝ ਭਾਂਡੇ ਪਏ ਵਿਖਾਈ ਦੇ ਰਹੇ ਸਨ। ਉਹ ਲਾਰੀ ਵੇਖਣ ਚਲਾ ਗਿਆ। ਉਥੇ ਉਹਨੇ ਤੱਕਿਆ ਕਿ ਡਰਾਈਵਰ ਅਗਲੀ ਸੀਟ 'ਤੇ ਸੁੱਤਾ ਪਿਆ ਸੀ। ਉਸਦੇ ਨੰਗੇ ਪੈਰ ਲਾਰੀ ਦੀ ਖਿੜਕੀ 'ਚੋਂ ਬਾਹਰ ਨਿੱਕਲੇ ਹੋਏ ਸਨ। ਹਰੀ ਹੈਰਾਨ ਹੋਇਆ ਵੇਖਦਾ ਰਿਹਾ ਅਤੇ ਸੋਚਦਾ ਰਿਹਾ ਕਿ ਅਸਪਾਤ ਦੀਆਂ ਇਹ ਪਾਈਪਾਂ ਕੌਣ ਭੇਜ ਸਕਦਾ ਹੈ ਅਤੇ ਕਿਉਂ। ਆਦਮੀ ਉੱਚੀ-ਉੱਚੀ ਘੁਰਾੜੇ ਮਾਰ ਰਿਹਾ ਸੀ।

ਹਰੀ ਗਲੀ ਵਿਚ ਵਾਪਸ ਆ ਗਿਆ, ਉਥੇ ਉਹਨੂੰ ਪਿੰਡ ਦਾ ਇੱਕ ਮੁੰਡਾ ਮਿਲਿਆ, ਜੋ ਧੂੜ ਵਿਚ ਆਪਣਾ ਸਾਈਕਲ ਚਲਾ ਰਿਹਾ ਸੀ।

"ਓਏ ਰਾਮੂ-ਏਥੇ ਘਰ ਬਣਾਉਣ ਲਈ ਕੌਣ ਆਇਆ ਹੈ?" ਉਹਨੇ ਉਸ ਮੁੰਡੇ ਤੋਂ ਪੁੱਛਿਆ। ਰਾਮੂ ਰੁਕ ਗਿਆ ਅਤੇ ਹਰੀ ਦੇ ਆਪਣੇ ਨਾਲ ਰਲ ਜਾਣ ਦੀ ਉਡੀਕ ਕਰਨ ਲੱਗਾ।

"ਕੀ ਤੂੰ ਨਹੀਂ ਸੁਣਿਐ?" ਉਹਨੇ ਪੁੱਛਿਆ, "ਪਿੰਡ ਵਿਚ ਹਰ ਕੋਈ ਇਸ ਬਾਰੇ ਹੀ ਗੱਲਾਂ ਕਰ ਰਿਹਾ ਹੈ।"

"ਮੈਂ ਪਿੰਡ ਵਿਚ ਨਹੀਂ ਜਾਂਦਾ," ਹਰੀ ਨੇ ਆਖਿਆ, "ਉਥੇ ਉਹ ਸ਼ਰਾਬ ਪੀਣ ਤੋਂ ਛੁੱਟ ਹੋਰ ਕੁਝ ਨਹੀਂ ਕਰਦੇ।" ਉਹਨੇ ਇਹ ਤਾਂ ਨਾ ਆਖਿਆ ਕਿ ਉਹਨੂੰ ਡਰ ਲੱਗਦਾ ਸੀ ਕਿ ਕਿਧਰੇ ਉਸਨੂੰ ਤਾੜੀ ਦੀ ਦੁਕਾਨ ਦੇ ਬਾਹਰ ਉਹਦਾ ਪਿਉ ਨਾ ਮਿਲ ਜਾਵੇ ਅਤੇ ਇਹ ਵੀ ਕਿ ਪਿੰਡ ਦੀਆਂ ਦੁਕਾਨਾਂ 'ਚ ਐਵੇਂ ਖ਼ਰਚਣ ਲਈ ਉਸ ਪਾਸ ਪੈਸੇ ਨਹੀਂ ਸਨ।

"ਪਰ ਤੂੰ ਇਹ ਤਾਂ ਜ਼ਰੂਰ ਸੁਣਿਆ ਹੋਵੇਗਾ ਕਿ ਸਰਕਾਰ ਏਥੇ, ਇਕ ਬਹੁਤ ਵੱਡੀਂ ਫ਼ੈਕਟਰੀ ਬਣਾ ਰਹੀ ਹੈ। ਬਹੁਤ ਸਾਰੀਆਂ ਫ਼ੈਕਟਰੀਆਂ। ਸੈਂਕੜੇ ਹੀ।" ਰਾਮੂ ਨੇ ਆਖਿਆ।

"ਅਹੁ ਫ਼ੈਕਟਰੀ ਬਣੇਗੀ?" ਹਰੀ ਨੇ ਟੀਨ ਤੇ ਘਾਹ-ਫੂਸ ਦੇ ਢਾਰੇ ਵੱਲ, ਜੋ ਪਿੱਛੇ ਰਹਿ ਗਿਆ ਸੀ, ਹੱਥ ਕਰ ਕੇ ਕਿਹਾ ਅਤੇ ਫਿਰ ਘਿਰਣਾ-ਭਰਿਆ ਹਾਸਾ ਹੱਸਿਆ।

"ਓਏ, ਉਹ ਤਾਂ ਸਿਰਫ਼ ਚੌਕੀਦਾਰ ਦੀ ਝੁੱਗੀ ਐ! ਪਹਿਲਾਂ ਉਹ ਇੱਕ ਚੌਕੀਦਾਰ ਭੇਜਦੇ ਹਨ। ਫਿਰ ਉਹ ਸਾਜ਼-ਸਾਮਾਨ ਘੱਲਦੇ ਹਨ, ਤਾਂ ਜੋ ਉਹ ਉਸ ਦੀ ਰਾਖੀ ਕਰ ਸਕੇ। ਛੇਤੀ ਹੀ ਉਹ ਬੁੱਲਡੋਜ਼ਰ ਅਤੇ ਮਿੱਟੀ ਹਟਾਉਣ ਵਾਲੇ ਠੇਲੇ ਤੇ ਸਟੀਮ ਰੋਲਰ ਵੀ ਭੇਜ ਦੇਣਗੇ।

ਉਹ ਵੱਡੀ ਸੜਕ ਨੂੰ ਚੌੜੀ ਕਰ ਰਹੇ ਹਨ, ਹੁਣ ਨਾਲੋਂ ਦੁੱਗਣੀ ਚੌੜੀ ਕਰ ਦੇਣਗੇ। ਫੇਰ ਹੀ ਉਹਨਾਂ ਦੀਆਂ ਮਸ਼ੀਨਾਂ ਏਥੇ ਲਿਆਂਦੀਆਂ ਜਾ ਸਕਣਗੀਆਂ। ਫਿਰ ਉਹ ਕਾਮਿਆਂ ਲਈ ਘਰ ਬਣਾਉਣਗੇ। ਕਾਮੇ ਆਉਣਗੇ। ਫ਼ੈਕਟਰੀਆਂ ਬਣਨਗੀਆਂ।

ਰਾਮੂ ਹਰੀ ਨੂੰ ਭਵਿੱਖ ਬਾਰੇ ਦੱਸਦਾ ਗਿਆ। ਹਰੀ ਨੂੰ ਇਸ 'ਤੇ ਵਿਸ਼ਵਾਸ ਨਹੀਂ ਸੀ ਆ ਰਿਹਾ। ਇਹ ਨਹੀਂ ਸੀ ਜਾਪਦਾ ਕਿ ਟੀਨ ਦਾ ਢਾਰਾ, ਪੀਲੀ ਲਾਰੀ ਅਤੇ ਉਸ ਦਾ ਸੁੱਤਾ ਹੋਇਆ ਡਰਾਈਵਰ ਏਡੀਆਂ ਵੱਡੀਆਂ ਤਬਦੀਲੀਆਂ ਦੀ ਸ਼ੁਰੂਆਤ ਹੋ ਸਕਦੇ ਹਨ। ਅਤੇ ਪਹਾੜੀ ਦਾ ਅਤੇ ਉਸ ਦੀ ਚੋਟੀ ਉਪਰਲੇ ਮੰਦਰ ਦਾ ਕੀ ਹੋਵੇਗਾ?" ਹਰੀ ਨੇ ਰਾਮੂ ਦੀ ਕਹਾਣੀ 'ਤੇ ਪੂਰੀ ਬੇਪਰਤੀਤੀ ਪ੍ਰਗਟਾਉਂਦਿਆਂ ਪੁੱਛਿਆ।

ਰਾਮੂ ਨੇ ਆਪਣੇ ਪੁੱਠੇ ਹੱਥ ਨਾਲ ਟੱਕ ਲਾਉਣ ਵਰਗੀ ਹਰਕਤ ਜਿਹੀ ਕੀਤੀ, ਜਿਵੇਂ ਕਿ ਉਹ ਘਾਹ ਦਾ ਦੱਥਾ ਵੱਢ ਰਿਹਾ ਹੋਵੇ। "ਉਹ ਇਸ ਨੂੰ ਢਾਹ ਦੇਣਗੇ। ਢਹਿ-ਢੇਰੀ ਕਰਕੇ ਪੱਧਰੀ ਸਪਾਟ ਕਰ ਦੇਣਗੇ ਅਤੇ ਉਪਰ ਚੋਟੀ 'ਤੇ ਫ਼ੈਕਟਰੀ ਬਣਾਉਣਗੇ।" ਉਹਨੇ ਆਖਿਆ।

"ਹਾ..........ਅ......ਹਾ" ਹਰੀ ਹੱਸਿਆ। ਉਸਨੂੰ ਰਾਮੂ ਦੇ ਇੱਕ ਵੀ ਸ਼ਬਦ 'ਤੇ ਯਕੀਨ ਨਹੀਂ ਸੀ ਆ ਰਿਹਾ। ਪਹਾੜੀ ਅਤੇ ਮੰਦਰ ਕਿਵੇਂ ਛਾਈਂ-ਮਾਈਂ ਹੋ ਜਾਣਗੇ? ਜਦ ਤੋਂ ਉਹਨੇ ਸੁਰਤ ਸੰਭਾਲੀ ਸੀ, ਉਹ ਉਥੇ ਸਨ, ਸਗੋਂ ਉਸ ਦੇ ਪਿਉ ਅਤੇ ਪਿਉ ਦੇ ਪਿਉ ਦੇ ਸਮੇਂ ਤੋਂ ਉਥੇ ਸਨ। ਜ਼ਰੂਰ ਹੀ, ਰਾਮੂ ਕਹਾਣੀਆਂ ਪਾ ਰਿਹਾ ਸੀ। "ਅੱਛਾ ਭਈ ਵੇਖਾਂਗੇ, ਉਹ ਤੇਰੀ ਇਸ ਅਨੋਖੀ ਫ਼ੈਕਟਰੀ ਵਿੱਚ ਕੀ ਬਣਾਉਂਦੇ ਹਨ।" ਉਹਨੇ ਆਖਿਆ।

"ਇਹ ਮੇਰੀ ਤਾਂ ਨਹੀਂ-ਪਰ ਉਹ ਮੈਨੂੰ ਕੰਮ ਦੇਣਗੇ। ਉਹਨਾਂ ਨੂੰ ਆਪਣੀਆਂ ਫ਼ੈਕਟਰੀਆਂ ਵਿਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੋਵੇਗੀ-ਇਸ ਲਈ ਸਾਨੂੰ ਕੰਮ ਮਿਲੇਗਾ।" ਰਾਮੂ ਨੇ ਆਪਣੀ ਬਾਂਹ ਹਵਾ ਵਿੱਚ ਲਹਿਰਾਉਂਦਿਆਂ, ਉਚੀਂ ਆਵਾਜ਼ ਵਿਚ ਆਖਿਆ। ਉਹ ਬਹੁਤ ਜੋਸ਼ ਵਿਚ ਜਾਪ ਰਿਹਾ ਸੀ।

ਹੁਣ ਉਹ ਪਿੰਡ ਦੇ ਛੱਪੜ ਪਾਸ ਪੁੱਜ ਗਏ ਸਨ ਜਿੱਥੇ ਗਲੀ ਸਾਫ਼ ਤੇ ਸਮਤਲ ਸੀ। ਰਾਮੂ ਛਾਲ ਮਾਰ ਕੇ, ਆਪਣੀ ਸਾਈਕਲ 'ਤੇ ਬੈਠ ਗਿਆ ਅਤੇ ਤੇਜ਼-ਤੇਜ਼ ਪੈਡਲ ਮਾਰਦਾ ਤੇ ਉਚੀ ਉਚੀ ਆਵਾਜ਼ 'ਚ ਇਹ ਆਖਦਾ ਕਿ "ਸਾਨੂੰ ਨੌਕਰੀ ਮਿਲੇਗੀ, ਹਰੀ- ਸਾਨੂੰ ਨੌਕਰੀ ਮਿਲੇਗੀ......ਤੂੰ ਵੇਖੀਂ......।" ਅਹੁ ਗਿਆ, ਅਹੁ ਗਿਆ।

ਹਰੀ, ਸਾਰੀ ਸਵੇਰ ਆਪਣੀ ਝੁੱਗੀ ਦੇ ਪਿੱਛੇ, ਖੇਤ ਵਿਚ ਚੁੱਪ-ਚਾਪ ਕੰਮ ਕਰਦਿਆਂ ਇਸੇ ਬਾਰੇ ਸੋਚਦਾ ਰਿਹਾ। ਖੁਰਪੀ ਤੇ ਕੱਹੀ ਚਲਾਉਂਦਿਆਂ, ਪੱਥਰ ਕੱਢਦਿਆਂ, ਜੁੰਢੇ-ਜੜ੍ਹਾਂ ਪੁੱਟਦਿਆਂ, ਆਪਣੇ ਛੋਟੇ ਜਿਹੇ ਇੱਕੋ-ਇੱਕ ਖੇਤ ਨੂੰ ਸਿਆਲ ਦੀਆਂ ਸਬਜ਼ੀਆਂ ਦੀ ਫ਼ਸਲ ਲਈ, ਤਿਆਰ ਕਰਦਿਆਂ, ਉਹੀ ਲਫ਼ਜ਼ ਉਸ ਦੇ ਕੰਨਾਂ ਵਿੱਚ ਗੂੰਜਦੇ ਰਹੇ- "ਇੱਕ ਨੌਕਰੀ। ਇਕ ਫ਼ੈਕਟਰੀ। ਕਈ ਨੌਕਰੀਆਂ। ਕਈ ਫ਼ੈਕਟਰੀਆਂ। ਨੌਕਰੀਆਂ-ਫ਼ੈਕਟਰੀਆਂ। ਫ਼ੈਕਟਰੀਆਂ-ਨੌਕਰੀਆਂ।" ਝੁਕ ਕੇ ਜ਼ਮੀਨ ਪੁੱਟਦਿਆਂ, ਜੜ੍ਹਾਂ ਆਦਿ ਕੱਢਦਿਆਂ ਧੂਹ-ਘਸੀਟ ਅਤੇ ਪੁਟਾਈ ਕਰਦਿਆਂ, ਛੇਤੀ ਹੀ, ਉਹ ਧੁੱਪ ਵਿੱਚ ਮੁੜ੍ਹਕੋ-ਮੁੜ੍ਹਕੀ ਹੋ ਗਿਆ। ਇੱਕ ਵਾਰੀ ਤਾਂ ਇਕ ਤਿੱਖਾ ਪੱਥਰ ਆ ਜਾਣ ਕਰਕੇ, ਉਹਨੇ ਆਪਣੇ ਪੈਰ ਦਾ ਅੰਗੂਠਾ ਹੀ ਵੱਢ ਲਿਆ ਅਤੇ ਉਸ ਵਿਚ ਬਹੁਤ ਪੀੜ ਹੋਈ। ਇਕ ਵਾਰੀ ਫੇਰ ਜਦੋਂ ਉਹ ਪੁਟਾਈ ਕਰਦਾ ਕਰਦਾ ਇਕ ਸਖ਼ਤ ਝਾੜੀ ਤੱਕ ਪੁੱਜਾ ਤਾਂ ਉਹਨੇ ਇਕ ਕਾਲਾ ਨਾਗ ਮੇਲ੍ਹਦਾ ਅਤੇ ਝਾੜੀ ਵਿੱਚ ਛੁਪਦਾ ਵੇਖਿਆ। ਅਤੇ

ਉਹਨੂੰ ਝਾੜੀ ਪੁੱਟਣ ਦਾ ਕੰਮ ਵਿਚੇ ਛੱਡ ਦੇਣਾ ਪਿਆ। ਇਹ ਸਾਰਾ ਸਮਾਂ ਉਹਨੂੰ ਫ਼ੈਕਟਰੀ ਅਤੇ ਨੌਕਰੀ ਦਾ ਖ਼ਿਆਲ ਆਉਂਦਾ ਰਿਹਾ। ਕੀ ਉਹਨੂੰ ਵੀ ਨੌਕਰੀ ਮਿਲ ਜਾਵੇਗੀ? ਕੀ ਉਹ ਫ਼ੈਕਟਰੀ ਵਿਚ ਕੰਮ ਕਰ ਸਕੇਗਾ ਅਤੇ ਪੈਸੇ ਕਮਾ ਸਕੇਗਾ? ਨਹੀਂ, ਉਹਨੇ ਸੋਚਿਆ। ਉਹਨੇ ਸਕੂਲ ਦੀ ਪੜ੍ਹਾਈ ਪੂਰੀ ਨਹੀਂ ਸੀ ਕੀਤੀ। ਭਾਵੇਂ ਉਹ ਪੜ੍ਹ ਲਿਖ ਸਕਦਾ ਸੀ, ਜਮ੍ਹਾ-ਘਟਾਓ ਕਰ ਸਕਦਾ ਸੀ, ਪਰ ਉਹਨੇ ਇਮਤਿਹਾਨ ਨਹੀਂ ਸੀ ਦਿੱਤਾ ਅਤੇ ਉਹਦੇ ਕੋਲ ਕੋਈ ਡਿਗਰੀ ਨਹੀਂ ਸੀ। ਇਸ ਲਈ, ਉਸਨੂੰ ਭਲਾ ਨੌਕਰੀ ਕਿਵੇਂ ਮਿਲ ਸਕਦੀ ਸੀ? ਪਰ ਕੀ ਫ਼ੈਕਟਰੀ ਵਿਚ ਕੰਮ ਕਰਨ ਲਈ, ਸਚਮੁੱਚ ਹੀ, ਤੁਹਾਡੇ ਪਾਸ ਕਿਸੇ ਡਿਗਰੀ ਦਾ ਹੋਣਾ ਜ਼ਰੂਰੀ ਸੀ? ਮਸ਼ੀਨਾਂ ਤਾਂ ਕੋਈ ਵੀ ਆਦਮੀ ਚਲਾ ਸਕਦਾ ਸੀ ਅਤੇ ਸੰਦਾਂ-ਔਜ਼ਾਰਾਂ ਦੀ ਵਰਤੋਂ ਕਰ ਸਕਦਾ ਸੀ, ਜੇਕਰ ਉਸ ਦੇ ਹੱਥ ਕੰਮ ਕਰਨ ਦੇ ਯੋਗ ਸਨ। ਜਿਵੇਂ ਕਿ ਹਰੀ ਦੇ ਹੱਥ ਸਨ।

ਉਹ ਆਪਣੇ ਹੱਥਾਂ ਦੀ ਘੋਖ ਕਰਨ ਲਈ ਰੁਕ ਗਿਆ। ਉਹ ਮਜ਼ਦੂਰ ਦੇ ਹੱਥ ਸਨ-ਚੌਰਸ, ਭੂਰੇ ਅਤੇ ਕਠੋਰ। ਇਹ ਠੀਕ ਹੈ ਕਿ ਉਹਨੇ ਉਹਨਾਂ ਹੱਥਾਂ ਨਾਲ ਕੁੱਝ ਨਹੀਂ ਸੀ ਕੀਤਾ, ਸਿਵਾਇ ਜ਼ਮੀਨ ਖੋਦਣ ਦੇ ਅਤੇ ਬੀਅ ਬੀਜਣ ਦੇ ਜਾਂ ਫਿਰ ਨਾਰੀਅਲ ਦੇ ਦਰਖ਼ਤਾਂ ਤੋਂ ਨਾਰੀਅਲ ਤੋੜਨ ਦੇ ਅਤੇ ਸਮੁੰਦਰ ਵਿਚ ਜਾਲ ਖਿੱਚਣ ਦੇ। ਪਰ ਉਹ ਆਪਣੇ ਇਹਨਾਂ ਹੱਥਾਂ ਨੂੰ ਮਸ਼ੀਨਾਂ ਚਲਾਉਣੀਆਂ ਸਿਖਾ ਸਕਦਾ ਸੀ। ਉਹਨੇ ਮਹਿਸੂਸ ਕੀਤਾ ਕਿ ਯਕੀਨਨ ਉਹ ਸਿਖਾ ਸਕਦਾ ਸੀ। ਕੀ ਉਸਨੂੰ ਯਕੀਨ ਸੀ? ਨਹੀਂ, ਸ਼ਾਇਦ, ਬਹੁਤਾ ਯਕੀਨ ਨਹੀਂ ਸੀ। ਉਹ ਅਜੇ ਵੀ ਖੜਾ ਸੀ ਅਤੇ ਆਪਣੇ ਹੱਥਾਂ ਨੂੰ ਗਹੁ ਨਾਲ ਵੇਖ ਰਿਹਾ ਸੀ ਜਦੋਂ ਲੀਲਾ ਆਪਣੀ ਝੁੱਗੀ 'ਚੋਂ ਬਾਹਰ ਨਿਕਲ ਕੇ ਰਾਹੇ-ਰਾਹੇ ਆਉਂਦੀ ਦਿਸੀ। ਉਹਨੇ ਪਾਣੀ ਦਾ ਇਕ ਬਰਤਨ, ਇੱਕ ਹੱਥ ਨਾਲ ਢਾਕੇ ਲਾਇਆ ਹੋਇਆ ਸੀ ਅਤੇ ਦੂਸਰੇ ਹੱਥ ਵਿੱਚ, ਹਰੀ ਦੀ ਦੁਪਹਿਰ ਦੀ ਰੋਟੀ ਇਕ ਪੋਣੇ ਵਿੱਚ ਬੰਨ੍ਹ ਕੇ ਫੜੀ ਹੋਈ ਸੀ। ਉਸ ਵਿੱਚ ਕੁੱਝ ਸੁੱਕੀਆਂ ਚਪਾਤੀਆਂ ਸਨ। ਅਤੇ ਉਹਨਾਂ ਦਾ ਸਫ਼ੈਦ ਕੁੱਤਾ-ਪਿੰਟੋ ਉਹਦੇ ਪਿੱਛੇ ਪਿੱਛੇ ਆ ਰਿਹਾ ਸੀ। ਪਿੰਟੋ ਨੇ ਜਦੋਂ ਹਰੀ ਨੂੰ ਵੇਖਿਆ ਤਾਂ ਉਹ ਭੱਜ ਕੇ ਅੱਗੇ ਹੋ ਗਿਆ ਅਤੇ ਉਸਨੂੰ ਮਿਲਣ ਲਈ ਛੇਤੀ-ਛੇਤੀ ਅੱਗੇ ਵਧਿਆ। ਲੀਲਾ ਹੌਲੀ-ਹੌਲੀ ਪਿੱਛੇ ਆ ਗਈ। ਉਹ ਥੱਕੀ-ਮਾਂਦੀ ਸੀ ਅਤੇ ਹਰੀ ਨੂੰ, ਖ਼ਾਲੀ ਖੇਤ ਵਿਚ ਵਿਹਲਾ ਖੜਾ ਵੇਖਣਾ, ਉਸਨੂੰ ਚੰਗਾ ਨਹੀਂ ਸੀ ਲੱਗਦਾ। ਪਰ ਉਹਨੇ ਸਿਰਫ਼ ਏਨਾ ਹੀ ਆਖਿਆ, "ਅਹਿ ਲੈ-ਖਾ ਲੈ" ਉਹ ਹਰੀ ਨੂੰ ਉਸਦੀ ਰੋਟੀ ਫੜਾ ਕੇ, ਪਾਣੀ ਵਾਲਾ ਭਾਂਡਾ ਭਰਨ ਲਈ ਖੂਹ ਨੂੰ ਚਲੀ ਗਈ।

ਹਰੀ ਉਹਦੇ ਪਿੱਛੇ-ਪਿੱਛੇ ਚਲਾ ਗਿਆ ਅਤੇ ਜਦੋਂ ਖੂਹ ਦੇ ਡੂੰਘੇ ਸ਼ਾਂਤ, ਹਰੇ ਪਾਣੀ ਵਿੱਚ ਡੋਲ ਘਪਲ-ਘਪਲ, ਛਲ-ਛਲ ਕਰ ਕੇ, ਦੋ-ਨਿੱਕੇ-ਨਿੱਕੇ ਡੱਡੂਆਂ ਨੂੰ ਡਰਾਉਂਦਾ-ਤ੍ਰਭਕਾਉਂਦਾ ਹੌਲੀ-ਹੌਲੀ ਪੂਰੀ ਤਰ੍ਹਾਂ ਭਰ ਕੇ, ਭਾਰਾ ਹੋ ਗਿਆ, ਤਾਂ ਉਹਨੇ ਲੱਜ ਨਾਲ ਡੋਲ ਬਾਹਰ ਖਿੱਚ ਲਿਆਉਣ ਵਿਚ ਲੀਲਾ ਦੀ ਮਦਦ ਕੀਤੀ। ਫਿਰ ਉਹ ਖੂਹ ਦੀ ਮੌਣ 'ਤੇ ਰੋਟੀ ਖਾਣ ਲਈ ਬੈਠ ਗਿਆ। ਚਪਾਤੀ ਦੇ ਨਾਲ, ਖਾਣ ਲਈ ਕੁੱਝ ਵੀ ਨਹੀਂ ਸੀ, ਸਿਵਾਇ ਲੂਣ ਦੀ ਚੁਟਕੀ ਦੇ ਅਤੇ ਕੁਝ ਹਰੀਆਂ ਮਿਰਚਾਂ ਦੇ, ਜਿਹੜੀਆਂ ਲੀਲਾ ਨੇ, ਆਪਣੀ ਝੁੱਗੀ ਦੇ ਨੇੜੇ ਲੱਗੇ ਇਕ ਬੂਟੇ ਤੋਂ ਤੋੜੀਆਂ ਸਨ।

ਉਹ ਖੜੀ-ਖੜੀ ਹਰੀ ਨੂੰ ਨਿਹਾਰਦੀ ਰਹੀ। ਉਹਦੇ ਹੱਥ ਉਹਦੇ ਚੂਲਿਆਂ ਉਤੇ ਸਨ।

"ਅਸੀਂ ਕੀ ਕਰਾਂਗੇ?" ਉਹਨੇ ਅਚਨਚੇਤ ਹੀ ਆਖਿਆ।

ਹਰੀ ਨੂੰ ਪਤਾ ਸੀ ਕਿ ਉਸ ਦੇ ਇਹ ਆਖਣ ਦਾ, ਅਸਲ ਭਾਵ ਕੀ ਸੀ ਪਰ ਉਹ ਉਸਨੂੰ ਇਉਂ ਦੱਸਣਾ ਨਹੀਂ ਸੀ ਚਾਹੁੰਦਾ। ਉਸਦਾ ਗੱਲਾ ਕਰਨ ਦਾ ਰੌਅ ਨਹੀਂ ਸੀ। ਉਹ ਕਦੇ ਬਹੁਤੀਆਂ ਗੱਲਾਂ ਕਰਦਾ ਵੀ ਨਹੀਂ ਸੀ ਅਤੇ ਸਦਾ ਕੋਈ ਵੀ ਕੰਮ ਕਰਨ ਤੋਂ ਪਹਿਲਾਂ, ਹਰ ਗੱਲ 'ਤੇ ਹੌਲੀ-ਹੌਲੀ ਤੇ ਸਾਵਧਾਨੀ ਨਾਲ ਸੋਚ-ਵਿਚਾਰ ਕਰਨ ਨੂੰ ਤਰਜੀਹ ਦਿੰਦਾ ਸੀ। ਇਸ ਲਈ ਉਹ ਆਪਣੀ ਸੁੱਕੀ ਰੋਟੀ ਅਤੇ ਮਿਰਚਾਂ ਖਾਈ ਗਿਆ, ਖਾਈ ਗਿਆ।

"ਬਾਪੂ ਹਾਲੇ ਵੀ ਉਥੇ ਸੁੱਤਾ ਪਿਆ ਹੈ। ਉਹ ਸਾਰਾ ਦਿਨ ਹੀ ਸੁੱਤਾ ਰਹਿੰਦਾ ਹੈ। ਬਸ, ਰਾਤ ਨੂੰ ਹੀ ਉਠੇਗਾ ਅਤੇ ਸਿੱਧਾ ਤਾੜੀ ਦੀ ਦੁਕਾਨ 'ਤੇ ਜਾਵੇਗਾ।" ਲੀਲਾ ਨੇ ਰੋਣਹਾਕੀ ਹੋ ਕੇ ਆਖਿਆ। "ਪਿਆ ਰਹਿਣ ਦੇ ਉਹਨੂੰ।" ਹਰੀ ਨੇ ਆਖਿਆ।

"ਹਰੀ, ਉਹ ਦੁਸ਼ਟ ਬੰਦੇ ਜਿਹੜੀ ਤਾੜੀ ਬਣਾਉਂਦੇ ਤੇ ਵੇਚਦੇ ਹਨ, ਬਾਪੂ ਉਹ ਤਾੜੀ ਪੀ-ਪੀ ਕੇ, ਆਪਣੇ ਆਪ ਨੂੰ ਖ਼ਤਮ ਕਰ ਲਏਗਾ।"

"ਕਰਨ ਦੇ.........." ਹਰੀ ਨੇ ਰੋਟੀ ਖਾਂਦਿਆਂ ਫਿਰ ਆਖਿਆ।

"ਅਤੇ ਮਾਂ? ਅਤੇ ਮਾਂ?" ਲੀਲਾ ਨੇ ਚੀਖ਼ ਕੇ ਆਖਿਆ। "ਅਤੇ ਅਸੀਂ? ਸਾਡਾ ਕੀ ਬਣੇਗਾ? ਸਾਡੀ ਦੇਖ-ਭਾਲ ਕੌਣ ਕਰੇਗਾ?"

"ਉਹ ਸਾਡੀ ਦੇਖ-ਭਾਲ ਤਾਂ ਨਹੀਂ ਕਰਦਾ।" ਹਰੀ ਨੇ ਬਹੁਤ ਹੀ ਕੌੜੀ ਮਿਰਚ ਦਾ ਸਿਰਾ, ਮੂੰਹ 'ਚੋਂ ਬਾਹਰ ਉਗਲਦਿਆਂ ਆਖਿਆ। "ਅਸੀਂ ਆਪਣੀ ਦੇਖ-ਭਾਲ ਆਪ ਕਰਦੇ ਹਾਂ। ਕੀ ਅਸੀਂ ਨਹੀਂ ਕਰਦੇ?"

"ਪਰ ਕਿਵੇਂ?" ਲੀਲਾ ਚੀਖ਼ੀ।" ਹੁਣ ਅਸੀਂ ਸਕੂਲ ਵੀ ਨਹੀਂ ਜਾਂਦੇ, ਤੂੰ ਤੇ ਮੈਂ ! ਕੇਵਲ ਬੇਲਾ ਤੇ ਕਮਲ ਜਾਂਦੀਆਂ ਹਨ ਅਤੇ ਅਗਲੇ ਵਰ੍ਹੇ ਅਸੀਂ ਉਹਨਾਂ ਨੂੰ ਨਵੀਆਂ ਕਿਤਾਬਾਂ ਖ਼ਰੀਦ ਕੇ ਦੇਣ ਦੇ ਯੋਗ ਵੀ ਨਹੀਂ ਹੋਵਾਂਗੇ। ਅਸੀਂ ਹਰ ਰੋਜ਼ ਇਸ ਸੁੱਕੀ ਰੋਟੀ, ਜਾਂ ਸੁੱਕੇ ਚੌਲਾਂ ਤੋਂ ਛੁੱਟ ਹੋਰ ਕੁਝ ਨਹੀਂ ਖਾਂਦੇ। ਬਾਜ਼ਾਰੋਂ ਕੋਈ ਚੀਜ਼ ਖ਼ਰੀਦਣ ਲਈ ਸਾਡੇ ਪਾਸ ਪੈਸੇ ਹੀ ਨਹੀਂ ਹੁੰਦੇ, ਸਿਵਾਏ ਉਸ ਸਮੇਂ ਦੇ, ਜਦੋਂ ਅਸੀਂ ਮਾਲਾਬਾਰੀਆਂ ਕੋਲ ਆਪਣੇ ਨਾਰੀਅਲ ਵੇਚਦੇ ਹਾਂ। ਅਸੀਂ ਮੱਛੀ ਉਦੋਂ ਹੀ ਖਾਂਦੇ ਹਾਂ, ਜਦੋਂ ਤੂੰ ਮੱਛੀਆਂ ਫੜਨ ਜਾਂਦਾ ਹੈਂ। ਬਾਪੂ ਤਾਂ ਕਦੇ ਜਾਂਦਾ ਹੀ ਨਹੀਂ। ਅਤੇ ਫਿਰ ਮਾਂ..... ਮਾਂ ਠੀਕ ਕਿਵੇਂ ਹੋਵੇਗੀ, ਜੇ ਉਸਨੂੰ ਕਦੇ ਦਵਾਈ ਨਹੀਂ ਮਿਲੇਗੀ?"

ਹੁਣ, ਹਰੀ ਨੇ ਆਪਣੇ ਮੋਢੇ ਸੁਕੇੜੇ। ਉਹਨੂੰ, ਲੀਲਾ ਦਾ ਇਹ ਸਾਰੀਆਂ ਗੱਲਾਂ ਕਰਨਾ, ਉਚੀ-ਉਚੀ ਚੀਖ਼ਣਾ ਚੰਗਾ ਨਹੀਂ ਸੀ ਲੱਗਦਾ। ਉਹ ਇਹ ਸਭ ਗੱਲਾਂ ਜਾਣਦਾ ਸੀ ਅਤੇ ਹਰ ਸਮੇਂ ਉਹਨਾਂ ਬਾਰੇ ਸੋਚਦਾ ਰਹਿੰਦਾ ਸੀ। ਉਹ ਕੀ ਕਰ ਸਕਦਾ ਸੀ? ਉਹ ਖੇਤ ਵਿਚ ਕੰਮ ਕਰਦਾ ਸੀ, ਉਹ ਰੁੱਖਾਂ ਉਤੇ ਚੜ੍ਹਦਾ ਸੀ ਅਤੇ ਵੇਚਣ ਵਾਸਤੇ ਨਾਰੀਅਲ ਤੋੜ ਕੇ ਲਿਆਉਂਦਾ ਸੀ। ਜਦੋਂ ਉਹਨੂੰ ਵਕਤ ਮਿਲਦਾ ਤਾਂ ਉਹ ਜਾਲ ਚੁੱਕਦਾ ਅਤੇ ਸਾਹਿਲ 'ਤੇ ਮੱਛੀ ਫੜਨ ਚਲਿਆ ਜਾਂਦਾ। ਇਸ ਤੋਂ ਵੱਧ ਉਹ ਹੋਰ ਕੀ ਕਰ ਸਕਦਾ ਸੀ? ਉਹ ਜਾਣਦਾ ਸੀ ਕਿ ਇਹ ਕੁਝ ਕਾਫ਼ੀ ਨਹੀਂ, ਪਰ ਉਹ ਏਨਾ ਕੁਝ ਹੀ ਕਰ ਸਕਦਾ ਸੀ।

"ਮੈਂ ਕੀ ਕਰ ਸਕਦਾ ਹਾਂ?" ਉਹ ਬੁੜਬੁੜਾਇਆ। "ਮੈਂ ਜੋ ਕਰ ਸਕਦਾ ਹਾਂ, ਕਰ ਰਿਹਾ ਹਾਂ।"

"ਮੈਂ ਜਾਣਦੀ ਹਾਂ।" ਲੀਲਾ ਨੇ ਆਖਿਆ। ਉਸ ਦੀਆਂ ਅੱਖਾਂ ਵਿੱਚ ਅੱਥਰੂ ਲਰਜ਼ਣ ਲੱਗ ਪਏ ਸਨ। "ਪਰ ਕੀ ਤੂੰ ਨਹੀਂ ਸੋਚਦਾ ਹਰੀ, ਕਿ ਹੁਣ ਸਾਨੂੰ ਕੁਝ ਹੋਰ ਵੀ ਕਰਨਾ ਚਾਹੀਦਾ

ਹੈ।" ਉਹਨੇ ਸਵਾਲ ਕੀਤਾ।

ਇਸ 'ਤੇ ਹਰੀ ਨੇ ਰੋਟੀ ਖਾਣੀ ਬੰਦ ਕਰ ਦਿੱਤੀ। ਬਾਕੀ ਬਚਦਾ ਖਾਣਾ ਇੱਕ ਪਾਸੇ ਕਰ ਦਿੱਤਾ ਅਤੇ ਲੀਲਾ ਦੇ ਸਵਾਲ ਦਾ ਜਵਾਬ ਦੇਣ ਲਈ ਅਤੇ ਉਸਨੂੰ ਵਿਸ਼ਵਾਸ ਦੁਆਉਣ ਲਈ, ਕੋਈ ਢੰਗ ਤਰੀਕਾ ਸੋਚਦਾ-ਸੋਚਦਾ, ਉਹ ਉਸ ਵਲ ਗਹੁ ਨਾਲ ਵੇਖਣ ਲੱਗਾ। "ਕੁਝ ਨਾ ਕੁਝ ਹੋ ਹੀ ਜਾਵੇਗਾ, ਲੀਲਾ" ਅਖ਼ੀਰ ਉਹਨੇ ਆਖਿਆ। "ਪਿੰਡ ਦੇ ਮੁੰਡੇ ਆਖਦੇ ਹਨ ਕਿ ਥਲ ਵਿੱਚ ਇਕ ਫ਼ੈਕਟਰੀ ਬਣ ਰਹੀ ਹੈ ਅਤੇ ਹਰ ਇੱਕ ਨੂੰ ਉਸ ਵਿਚ ਨੌਕਰੀ ਮਿਲ ਜਾਵੇਗੀ, ਸ਼ਾਇਦ ਮੈਨੂੰ ਵੀ ਨੌਕਰੀ ਮਿਲ ਜਾਵੇਗੀ।"

"ਕਦੋਂ?" ਲੀਲਾ ਨੇ ਚੀਖ਼ ਕੇ ਆਖਿਆ।

"ਮੈਨੂੰ ਪਤਾ ਨਹੀਂ ! ਹੁਣ ਤਾਂ ਨਹੀਂ, ਸ਼ਾਇਦ ਬਹੁਤ ਚਿਰ ਤੱਕ ਨਹੀਂ। ਇਸ ਸਮੇਂ ਦੇ ਦੌਰਾਨ- ਇਸ ਸਮੇਂ ਦੌਰਾਨ ਮੈਂ ਕੰਮ ਲੱਭਾਂਗਾ। ਅਗਲੀ ਵਾਰ ਜਦੋਂ ਡੀ ਸਿਲਵਾ ਬੰਬਈ ਤੋਂ ਆਉਣਗੇ, ਤਾਂ ਮੈਂ ਉਹਨਾਂ ਨੂੰ ਪੁੱਛਾਂਗਾ ਕਿ ਕੀ ਉਹ ਮੈਨੂੰ ਆਪਣੇ ਨਾਲ ਲਿਜਾ ਸਕਦੇ ਹਨ ਅਤੇ ਮੈਨੂੰ ਕੰਮ ਦੇ ਸਕਦੇ ਹਨ।" ਉਸਦੇ ਦਿਲ ਵਿਚ ਇਹ ਵਿਚਾਰ ਚਿਰਾਂ ਤੋਂ ਸੀ ਪਰ ਇਸ ਬਾਰੇ ਉਹਨੇ ਪਹਿਲਾਂ ਕਦੇ ਗੱਲ ਨਹੀਂ ਸੀ ਕੀਤੀ। ਉਹ ਇਹ ਸ਼ਬਦ ਆਪਣੇ-ਆਪ ਨੂੰ ਉੱਚੀ ਬੋਲ ਕੇ, ਸੁਣਾ ਕੇ ਜਿਵੇਂ ਹੈਰਾਨ ਹੋ ਰਿਹਾ ਸੀ। ਲੀਲਾ ਵੀ ਹੈਰਾਨ ਹੋ ਰਹੀ ਸੀ।

"ਬੰਬਈ 'ਚ ! ਉਹ ਉਚੀ ਸਾਰੀ ਚੀਖ਼ੀ, ਤਾਂ ਤੇ ਹਰੀ, ਤੂੰ ਸਾਨੂੰ ਛੱਡ ਕੇ ਚਲਿਆ ਜਾਵੇਂਗਾ?"

"ਹਾਂ, ਜੇ ਮੈਂ ਏਥੇ ਰਵ੍ਹਾਂਗਾ ਤਾਂ ਮੈਨੂੰ ਮੱਛੀਆਂ ਫੜਨ ਵਾਲੀ ਬੇੜੀ 'ਤੇ ਕੰਮ ਮਿਲ ਸਕੇਗਾ- ਮੈਂ ਪੁੱਛਾਂਗਾ ਤੇ ਦੇਖਾਂਗੇ।"

ਲੀਲਾ ਨੇ ਸਿਰ ਹਿਲਾਇਆ। ਉਹਨੂੰ ਹੁਣ ਇਹ ਸੋਚ ਕੇ, ਹੌਲਾ-ਹੌਲਾ ਮਹਿਸੂਸ ਹੋਇਆ ਕਿ ਹਰੀ ਵੱਡਾ ਹੋ ਰਿਹਾ ਸੀ-ਅਤੇ ਛੇਤੀ ਹੀ, ਉਹ ਕੋਈ ਕੰਮ ਲੱਭ ਲਏਗਾ ਅਤੇ ਪੈਸਾ ਕਮਾਉਣ ਲੱਗ ਪਏਗਾ। ਉਂਜ ਉਹ ਅਜੇ ਛੋਟਾ ਹੀ ਸੀ, ਉਹਦੇ ਨਾਲੋਂ ਇਕ ਸਾਲ ਛੋਟਾ। ਉਹਨੂੰ ਇਹ ਆਸ ਨਹੀਂ ਸੀ ਕਰਨੀ ਚਾਹੀਦੀ ਕਿ ਉਹ ਕੰਮ ਕਰੇ ਅਤੇ ਇਕ ਮਰਦ ਵਾਂਗ ਕਮਾਈ ਕਰੇ। ਉਹਨਾਂ ਦੇ ਘਰ ਅਤੇ ਪਰਿਵਾਰ ਦੇ ਦਿਨ ਐਵੇਂ ਅਚਨਚੇਤੀ ਜਾਂ ਛੇਤੀ ਨਹੀਂ ਫਿਰਨਗੇ ਪਰ ਫਿਰਨਗੇ ਜ਼ਰੂਰ। ਉਹਨੂੰ ਇਹ ਮੰਨਣਾ ਹੀ ਪੈਣਾ ਸੀ ਕਿ ਦਿਨ ਫਿਰਨਗੇ ਜ਼ਰੂਰ।

ਉਹ ਉਠੀ ਅਤੇ ਪਾਣੀ ਦਾ ਭਾਰਾ ਭਾਂਡਾ ਚੁੱਕਣ ਲਈ ਝੁਕੀ। ਹਰੀ ਵੀ ਝੁਕਿਆ, ਉਹਦੀ ਮਦਦ ਕਰਨ ਵਾਸਤੇ ਅਤੇ ਦੋਵਾਂ ਨੇ ਮਿਲ ਕੇ, ਭਾਂਡਾ ਉਪਰ ਚੁੱਕ ਕੇ, ਉਹਦੇ ਸਿਰ ਤੇ ਰੱਖ ਦਿੱਤਾ। ਉਹ ਪਲ ਕੁ ਭਰ ਲਈ ਰੁਕੀ, ਆਪਣਾ ਸਮਤੋਲ ਠੀਕ ਕਰਨ ਲਈ ਅਤੇ ਫਿਰ ਵਾਪਸ ਆਪਣੀ ਝੁੱਗੀ ਵਲ ਤੁਰ ਪਈ। ਹੁਣ ਉਹ ਕੰਮ ਕਰਨ ਲਈ, ਵਾਪਸ ਜਾ ਸਕਦੀ ਸੀ। ਪਿੰਟੋ ਉਸ ਦੇ ਪਿੱਛੇ-ਪਿੱਛੇ ਸੀ ਜਿਵੇਂ ਕਿ ਹਮੇਸ਼ਾ ਹੋਇਆ ਕਰਦਾ ਸੀ, ਉਸ ਪ੍ਰਤੀ ਪੂਰਾ ਵਫ਼ਾਦਾਰ।

ਹਰੀ ਹੁਣ ਕੰਮ ਨਾ ਕਰ ਸਕਿਆ। ਭਾਵੇਂ ਉਹ ਪੁਰ-ਉਮੀਦ ਸੀ, ਜਦੋਂ ਉਹ ਲੀਲਾ ਨਾਲ ਭਵਿੱਖ ਦੀਆਂ ਗੱਲਾਂ ਕਰ ਰਿਹਾ ਸੀ, ਪਰ ਹੁਣ ਉਹ ਸੋਚ ਰਿਹਾ ਸੀ ਕਿ ਕੀ ਉਹ ਸਚਮੁੱਚ ਹੀ ਇਸ ਬਾਰੇ ਕੁਝ ਕਰ ਸਕੇਗਾ। ਉਹਨੇ ਸੁੱਕੇ ਤੇ ਪਥਰੀਲੇ ਖੇਤ ਨੂੰ ਗਹੁ ਨਾਲ ਵੇਖਿਆ, ਜਿਸ ਵਿਚ ਉਹਨੇ ਸਬਜ਼ੀਆਂ ਬੀਜਣੀਆਂ ਸਨ। ਉਹਨੇ ਖੇਤ ਦੀ ਗੁਡਾਈ ਕਰ ਲਈ

ਸੀ ਅਤੇ ਪੱਧਰਾ ਸਾਫ਼ ਕਰ ਲਿਆ ਸੀ ਅਤੇ ਜੇ ਉਹ ਥੋੜ੍ਹੇ ਬਹੁਤੇ ਵੈਂਗਣ ਜਾਂ ਪੇਠਾ ਤੇ ਘੀਆ ਆਦਿ ਬੀਜ ਵੀ ਲਏਗਾ, ਤਾਂ ਕੀ ਹੋਏਗਾ? ਸਬਜ਼ੀਆਂ ਖਾਧੀਆਂ ਜਾਣਗੀਆਂ। ਤੇ ਫਿਰ ਬਾਕੀ ਕੁਝ ਨਹੀਂ ਰਹੇਗਾ ਤੇ ਇਹ ਕਾਫ਼ੀ ਨਹੀਂ ਸੀ।

ਉਹ ਤੁਰ ਪਿਆ ਤੇ ਸਮੁੰਦਰ 'ਤੇ ਪੁੱਜ ਗਿਆ, ਸਮੁੰਦਰ ਜੋ ਚੁੱਪ-ਸ਼ਾਂਤ ਤੇ ਠਹਿਰਿਆ ਹੋਇਆ ਸੀ ਅਤੇ ਦੁਪਹਿਰ ਵੇਲੇ ਦੀ ਧੁਪ 'ਚ ਲਿਸ਼-ਲਿਸ਼ ਕਰ ਰਿਹਾ ਸੀ। ਸਮੁੰਦਰ ਵਿੱਚ ਦੂਰ-ਦੂਰ ਤੱਕ ਲਹਿਰਾਂ ਉਠ ਰਹੀਆਂ ਸਨ। ਮਾਛੀਆਂ ਦਾ ਬੇੜਾ, ਦੂਰ ਦੁਮੇਲ 'ਤੇ ਚੁੱਪ-ਸ਼ਾਂਤ ਖਲੋਤਾ ਸੀ, ਜਿਵੇਂ ਉਹ ਸੰਸਾਰ ਦੇ ਸਿਰੇ 'ਤੇ ਪੁੱਜ ਗਿਆ ਹੋਵੇ ਅਤੇ ਉਸ ਤੋਂ ਅੱਗੇ ਨਾ ਜਾ ਸਕਦਾ ਹੋਵੇ। ਬੇੜੇ ਦੇ ਬਾਦਬਾਨ, ਦਿਨ ਦੇ ਇਸ ਚੁੱਪ-ਸ਼ਾਂਤ ਠਹਿਰੇ ਹੋਏ ਸਮੇਂ, ਜਿਵੇਂ ਹੌਲੀ-ਹੌਲੀ ਹਿੱਲ ਰਹੇ ਹੋਣ, ਮੰਦ-ਮੰਦ ਝੂਲ ਰਹੇ ਹੋਣ। ਬਸ ਆਕਾਸ਼ ਵਿਚ ਇੱਲਾਂ, ਏਧਰ-ਉਧਰ ਉਡ ਰਹੀਆਂ ਸਨ, ਚੱਕਰ ਕੱਢ ਰਹੀਆਂ ਸਨ, ਧੁਰ ਉਪਰ ਗੁੰਬਦ ਤੀਕਰ, ਜਿਵੇਂ ਉਹ ਏਡੀ ਵੱਡੀ ਵਿੱਥ ਤੇ ਬੁਲੰਦੀ ਤੋਂ, ਹੇਠਾਂ ਖਿਸਰਦੇ, ਖਹਿਸਰਦੇ ਸਮੁੰਦਰ ਨੂੰ ਅਤੇ ਧਰਤੀ ਉਪਰਲੇ ਨਿੱਕੇ ਨਿੱਕੇ ਜੀਵ-ਜੰਤੂਆਂ ਨੂੰ ਨਿਹਾਰ ਰਹੀਆਂ ਹੋਣ। ਕਦੇ-ਕਦਾਈਂ ਉਹ ਹਲਕੀਆਂ, ਤਿੱਖੀਆਂ ਚੀਖ਼ਵੀਆਂ ਸੀਟੀਆਂ ਜਿਹੀਆਂ ਵਜਾਉਂਦੀਆਂ ਅਤੇ ਬੋਹੜ ਦੇ ਵੱਡੇ ਸਾਰੇ ਰੁੱਖ ਵਿੱਚ, ਕਬੂਤਰ ਗ਼ੁਟਰ-ਗ਼ੂੰ.....ਗ਼ੁਟਰ-ਗ਼ੂੰ ਕਰਦੇ। ਜਾਪਦਾ ਸੀ, ਜਿਵੇਂ ਉਹ ਆਪਣੇ ਆਪ ਨੂੰ ਧਰਵਾਸ ਦੇ ਰਹੇ ਹੋਣ।

ਹਰੀ ਜੰਗਲੀ ਸਰੂਆਂ ਦੇ ਰੁੱਖਾਂ ਦੇ ਝੁੰਡ ਵਿੱਚ ਬੈਠਾ ਸੀ, ਜਿਥੇ ਹਮੇਸ਼ਾ ਘਣੀ-ਸੰਘਣੀ ਛਾਂ ਰਹਿੰਦੀ ਸੀ ਅਤੇ ਪੁਰਾਣੇ, ਵਲ-ਵਲੇਵੇਂਦਾਰ ਦਰਖ਼ਤਾਂ ਦੀਆਂ ਨਰਮ-ਨਰਮ, ਕੂਲੀਆਂ-ਕੂਲੀਆਂ ਅਤੇ ਭੂਰੀਆਂ-ਭੂਰੀਆਂ ਸੂਈਆਂ ਤੇ ਪੱਤੀਆਂ ਵਿਚੋਂ ਦੀ ਮੰਦ-ਮੰਦ ਰੁਮਕਦੀ ਸਮੀਰ, ਸਰਗੋਸ਼ੀਆਂ ਕਰਦੀ ਹੋਈ ਲੰਘਦੀ ਸੀ। ਸਾਰੀ ਬੀਚ 'ਤੇ ਉਹ ਥਾਂ, ਸੱਭ ਤੋਂ ਠੰਡੀ ਤੇ ਛਾਂਦਾਰ ਸੀ ਅਤੇ ਸਿਖਰ ਦੁਪਹਿਰੇ, ਇਸ ਥਾਂ 'ਤੇ ਪਨਾਹ ਲੈਣ ਵਾਲਾ ਹਰੀ ਇਕੱਲਾ ਹੀ ਨਹੀਂ ਸੀ। ਇੱਕ ਬਿਰਧ ਆਦਮੀ, ਜੋ ਹਰੀ ਹੋਰਾਂ ਦੇ ਨਾਰੀਅਲਾਂ ਦੇ ਝੁੰਡ ਦੇ ਨਾਲ ਲੱਗਦੇ ਨਾਰੀਅਲ-ਝੁੰਡ ਦਾ ਮਾਲਕ ਸੀ, ਉਥੇ ਸੁੱਤਾ ਪਿਆ ਸੀ। ਉਸਦੇ ਸਿਰ ਹੇਠ, ਜੰਗਲੀ ਸਰੂ ਦੇ ਰੁੱਖਾਂ ਦੀਆਂ ਸੂਈਦਾਰ ਪੱਤੀਆਂ ਦਾ ਸਿਰਹਾਣਾ ਸੀ ਅਤੇ ਉਸਦੀ ਪਗੜੀ ਉਸ ਦੀਆਂ ਅੱਖਾਂ 'ਤੇ ਪਸਰੀ ਹੋਈ ਸੀ। ਉਹ ਇੱਕ ਬਦ-ਮਿਜ਼ਾਜ ਤੇ ਸ਼ਰਾਬੀ ਆਦਮੀ ਸੀ ਅਤੇ ਹਰੀ ਸਚੇਤ ਸੀ ਕਿ ਉਸਨੂੰ ਨਾ ਜਗਾਏ।

ਉਹਨੇ ਆਪਣੇ ਹੱਥ ਆਪਣੇ ਸਿਰ ਪਿੱਛੇ ਵਲਾਏ ਅਤੇ ਇਕ ਰੁੱਖ ਦੇ ਤਣੇ ਨਾਲ ਢੋਅ ਲਾ ਲਈ, ਅੱਖਾਂ ਅੱਧੀਆਂ ਕੁ ਮੀਚ ਲਈਆਂ ਤਾਂ ਜੋ ਸਾਗਰ ਦੀ ਲਿਸ਼ਕੋਰ ਨਾ ਪਏ। ਚਿੱਟੇ-ਤੱਤੇ ਆਕਾਸ਼ ਵਿੱਚ ਤੈਰਦੀਆਂ ਇੱਲਾਂ 'ਚੋਂ, ਇੱਕ ਇੱਲ ਅਚਨਚੇਤੀ ਹੇਠਾਂ ਵੱਲ ਨੂੰ ਝੱਪਟੀ ਅਤੇ ਬੀਚ 'ਤੇ ਪਈ ਕੋਈ ਚੀਜ਼ ਚੁੱਕ ਕੇ ਮੁੜ ਉਪਰ ਵੱਲ ਉਡ ਗਈ। ਹਰੀ ਨੇ ਆਪਣੀਆਂ ਅੱਧ-ਮੀਚੀਆਂ ਅੱਖਾਂ ਖੋਲ੍ਹੀਆਂ ਇਹ ਵੇਖਣ ਲਈ ਕਿ ਇੱਲ ਦੀ ਚੁੰਜ ਵਿੱਚ ਬੇਵੱਸ ਹੋਈ ਕੀ ਚੀਜ਼ ਲਟਕ ਰਹੀ ਸੀ। ਇੱਲਾਂ ਦਾ ਇਕ ਜੋੜਾ, ਉਸ ਇੱਲ ਦੇ ਪਿੱਛੇ ਪੈ ਗਿਆ ਅਤੇ ਖੋਹ-ਖੁੰਝਾਈ 'ਚ ਉਸਦੀ ਚੁੰਜ ਵਿਚਲਾ ਸ਼ਿਕਾਰ ਹੇਠਾਂ ਡਿੱਗ ਪਿਆ। ਹਰੀ ਨੇ ਤੱਕਿਆ, ਉਹ ਇੱਕ ਮਰਿਆ ਹੋਇਆ ਸੱਪ ਸੀ।

ਉਹ ਉਠ ਕੇ ਓਥੇ ਜਾ ਕੇ ਤੱਕਣ ਹੀ ਲੱਗਾ ਸੀ ਕਿ ਇਚਰ ਨੂੰ ਰਾਮੂ ਸਾਈਕਲ

ਚਲਾਉਂਦਾ ਹੋਇਆ ਆ ਗਿਆ ਅਤੇ ਰੁੱਖਾਂ ਦੇ ਹੇਠ ਰੁਕ ਗਿਆ। ਪਿੰਡ ਦੇ ਦੋ ਹੋਰ ਮੁੰਡੇ ਉਹਦੇ ਨਾਲ ਸਨ, ਜੋ ਹਰੀ ਵਾਂਗ ਹੀ ਸਕੂਲ ਜਾਣੋਂ ਹਟ ਗਏ ਸਨ, ਭਾਵੇਂ ਕਿ ਉਹਨਾਂ ਦੇ ਸਕੂਲੋਂ ਹੱਟਣ ਦਾ ਕਾਰਨ ਹਰੀ ਵਾਲਾ ਨਹੀਂ ਸੀ। ਹਰੀ ਹੁਣ ਫ਼ੀਸ ਨਹੀਂ ਸੀ ਦੇ ਸਕਦਾ, ਕਿਉਂਕਿ ਉਹ ਗ਼ਰੀਬ ਸਨ, ਨਾ ਹੀ ਉਹ ਕਿਤਾਬਾਂ ਖ਼ਰੀਦ ਸਕਦਾ ਸੀ, ਜੋ ਕਿ ਉਹ ਮੁੰਡੇ ਸੌਖ ਨਾਲ ਕਰ ਸਕਦੇ ਸਨ ਕਿਉਂਕਿ ਉਹਨਾਂ ਦੇ ਪਿਉ ਮੱਛੀਆਂ ਫੜਨ ਵਾਲੀਆਂ ਬੇੜੀਆਂ ਦੇ ਮਾਲਿਕ ਸਨ ਅਤੇ ਉਹ ਮੱਛੀਆਂ ਫੜਨ ਜਾਂਦੇ ਸਨ, ਬਹੁਤ ਸਾਰੀਆਂ ਮੱਛੀਆਂ ਫੜ ਕੇ ਲਿਆਉਂਦੇ ਸਨ, ਜੋ ਉਹ ਵਪਾਰੀਆਂ ਕੋਲ ਵੇਚ ਦਿੰਦੇ ਸਨ, ਜੋ ਅੱਗੋਂ ਲਾਰੀਆਂ ਵਿੱਚ ਬੰਬਈ ਲੈ ਜਾਂਦੇ ਸਨ। ਉਹ ਤਾਂ ਐਵੇਂ ਸਕੂਲ ਤੋਂ ਅੱਕ ਗਏ ਸਨ ਅਤੇ ਕਿਸੇ ਅਜਿਹੇ ਅਵਸਰ ਦੀ ਇੰਤਜ਼ਾਰ ਵਿਚ ਸਨ, ਜਿਸ ਨਾਲ ਉਹਨਾਂ ਨੂੰ ਪੈਸਾ ਮਿਲੇ ਅਤੇ ਚੰਗਾ ਸਮਾਂ ਵੀ। ਉਹ ਏਨੇ ਕੁ ਵੱਡੇ ਤਾਂ ਹੋ ਗਏ ਸਨ ਕਿ ਆਪਣੇ ਪਿਉਆਂ ਦੀ, ਮੱਛੀਆਂ ਫੜਨ 'ਚ ਮਦਦ ਕਰ ਸਕਣ ਪਰ ਉਹ ਅਜਿਹਾ ਕਰਨਾ ਨਹੀਂ ਸਨ ਚਾਹੁੰਦੇ। ਉਹ ਮੱਛੀਆਂ ਫੜਨ ਨੂੰ ਅਨਪੜ੍ਹ ਬੰਦਿਆਂ ਦਾ ਅਕਾਊ ਆਹਰ ਸਮਝਦੇ ਸਨ।

ਹਰੀ, ਰਾਮੂ, ਭੋਲਾ ਤੇ ਮਹੇਸ਼-ਉਹ ਬੀਚ 'ਤੇ ਇਕੱਠੇ ਖੇਡਿਆ ਕਰਦੇ ਸਨ, ਅਤੇ ਆਪਣੇ ਕੁੱਤਿਆਂ ਨਾਲ ਸ਼ਿਕਾਰ 'ਤੇ ਜਾਇਆ ਕਰਦੇ ਸਨ, ਆਪੋ-ਵਿਚ ਘੁਲਦੇ, ਕੁਸ਼ਤੀਆਂ ਲੜਦੇ ਅਤੇ ਨਾਰੀਅਲ ਦੇ ਰੁੱਖਾਂ 'ਤੇ ਚੜ੍ਹਦੇ ਸਨ ਅਤੇ ਕਦੇ-ਕਦਾਈਂ ਨਾਟ-ਤਮਾਸ਼ੇ ਵੇਖਣ ਜਾਂਦੇ ਸਨ, ਜੋ ਕਿਸੇ ਤਿੱਥ-ਤਿਉਹਾਰ ਦੇ ਦਿਨੀਂ, ਪਿੰਡ ਵਿੱਚ ਰਾਤ ਨੂੰ ਹੋਇਆ ਕਰਦੇ ਸਨ। ਪਰ ਉਹ ਹੁਣ ਵੱਡੇ ਹੋ ਗਏ ਸਨ। ਉਹਨਾਂ ਦੇ ਖੇਡਣ ਦੇ ਦਿਨ ਨਹੀਂ ਸਨ ਰਹੇ ਅਤੇ ਉਹ ਐਵੇਂ ਰੁੱਖਾਂ ਹੇਠ ਬੈਠ ਕੇ ਜਾਂ ਲੇਟ ਕੇ ਗੱਲਾਂ-ਗੱਪਾਂ ਮਾਰਦੇ ਰਹਿੰਦੇ।

ਉਹ ਕੀ ਅਤੇ ਕਾਹਦੀਆਂ ਗੱਲਾਂ ਕਰਦੇ ਸਨ?

"ਸਾਨੂੰ ਨੌਕਰੀ ਮਿਲ ਜਾਵੇਗੀ ਤੇ ਫਿਰ ਸਾਡੇ ਪਾਸ ਪੈਸੇ ਹੋ ਜਾਣਗੇ।"

"ਸਾਨੂੰ ਨੌਕਰੀ ਮਿਲੇਗੀ ਕਿਵੇਂ?" ਹਰੀ ਨੇ ਅਚਨਚੇਤੀ ਹੀ, ਉਠ ਕੇ ਬੈਠਦਿਆਂ ਅਤੇ ਆਪਣੀਆਂ ਮੁੱਠੀਆਂ ਵਿਚ ਰੇਤ ਭਰਦਿਆਂ ਪੁੱਛਿਆ। "ਉਹ ਫ਼ੈਕਟਰੀਆਂ ਵਿਚ ਕੰਮ ਕਰਨ ਲਈ ਸ਼ਹਿਰਾਂ ਤੋਂ ਆਦਮੀ ਲੈ ਆਉਣਗੇ।"

"ਨਹੀਂ ਉਹ ਨਹੀਂ ਲਿਆਉਣਗੇ।" ਤਿੰਨੋਂ ਮੁੰਡੇ ਰੋਸ ਵਿਚ, ਉਚੀ ਆਵਾਜ਼ ਵਿਚ ਚੀਖੇ। ਮਿੰਟ ਕੁ ਲਈ ਉਹ ਚੁੱਪ ਕਰ ਗਏ। ਫਿਰ ਇਕ ਜਣਾ ਆਖਣ ਲੱਗਾ, "ਉਹ ਕਿਵੇਂ ਲਿਆ ਸਕਦੇ ਹਨ? ਸ਼ਹਿਰ ਦੇ ਲੋਕ, ਪਿੰਡ ਵਿਚ ਰਹਿਣ ਲਈ ਨਹੀਂ ਆਉਣਗੇ।

ਉਹ ਕਿਥੇ ਰਹਿ ਸਕਦੇ ਹਨ? ਉਹਨਾਂ ਦੇ ਰਹਿਣ ਲਈ ਕੋਈ ਥਾਂ ਹੀ ਨਹੀਂ, ਕੋਈ ਦੁਕਾਨਾਂ ਨਹੀਂ, ਸਿਨਮਾ ਨਹੀਂ। ਉਹ ਏਥੇ ਆਉਣਾ ਹੀ ਨਹੀਂ ਚਾਹੁਣਗੇ। ਅਸੀਂ ਏਥੇ ਰਹਿੰਦੇ ਹਾਂ......ਅਸੀਂ ਉਹਨਾਂ ਦੀਆਂ ਫ਼ੈਕਟਰੀਆਂ ਵਿਚ ਕੰਮ ਕਰ ਸਕਦੇ ਹਾਂ।"

"ਪਰ ਸਾਨੂੰ ਕੰਮ ਕਰਨਾ ਤਾਂ ਆਉਂਦਾ ਨਹੀਂ।" ਹਰੀ ਨੇ ਆਖਿਆ।

"ਜਿਵੇਂ ਅਸੀਂ ਸਿੱਖ ਨਹੀਂ ਸਕਦੇ।"

"ਕੋਈ ਵੀ ਸਿਖ ਸਕਦਾ ਹੈ।"

"ਕੋਈ ਵੀ ਮਸ਼ੀਨਾਂ ਚਲਾ ਸਕਦਾ ਹੈ। ਉਹ ਸਾਨੂੰ ਚਲਾ ਕੇ ਦਿਖਾਉਣਗੇ- ਫਿਰ ਅਸੀਂ ਚਲਾ ਲਵਾਂਗੇ।"

"ਸਾਨੂੰ ਮਸ਼ੀਨਾਂ ਬਾਰੇ ਕੁਝ ਵੀ ਪਤਾ ਨਹੀਂ, ਹਰੀ ਨੇ ਕਿਹਾ। "ਸਾਨੂੰ ਤਾਂ ਸਿਰਫ਼ ਮੱਛੀਆਂ ਫੜਨੀਆਂ ਆਉਂਦੀਆਂ ਨੇ ਅਤੇ ਨਾਰੀਅਲ ਪੈਦਾ ਕਰਨੇ ਆਉਂਦੇ ਨੇ।"

"ਅਸੀਂ ਸਿਖ ਲਵਾਂਗੇ।" ਉਹ ਚਿੱਲਾਏ।

"ਅਸੀਂ ਕਿਵੇਂ ਸਿਖ ਸਕਦੇ ਹਾਂ। ਅਸੀਂ ਤਾਂ ਸਕੂਲ ਦੀ ਪੜ੍ਹਾਈ ਵੀ ਪੂਰੀ ਨਹੀਂ ਕੀਤੀ। ਸਾਨੂੰ ਕੁੱਝ ਵੀ ਨਹੀਂ ਆਉਂਦਾ।" ਹਰੀ ਨੇ ਉਪਰਾਮ ਹੋ ਕੇ ਆਖਿਆ ਅਤੇ ਉਸ ਦੇ ਅੱਲ੍ਹੜ-ਮਾਸੂਮ ਚਿਹਰੇ 'ਤੇ ਨਿਰਾਸ਼ਾ ਦੀਆਂ ਰੇਖਾਵਾਂ ਉਭਰ ਆਈਆਂ ਅਤੇ ਉਸਦੀਆਂ ਕਾਲੀਆਂ ਅੱਖਾਂ ਹੋਰ ਵੀ ਕਾਲੀਆਂ ਹੋ ਗਈਆਂ। "ਤੁਹਾਨੂੰ ਸਿੱਖਣ ਲਈ ਕਾਲਜ ਜਾਣਾ ਪਏਗਾ-ਇੰਜੀਨੀਅਰੀ ਸਿੱਖਣੀ ਪਏਗੀ।"

"ਕਾਲਜ !" ਉਹਨੇ ਟਿਚਕਰ ਕੀਤੀ। "ਸਕੂਲ ਅਤੇ ਕਾਲਜ ਤੁਹਾਨੂੰ ਕੁਝ ਨਹੀਂ ਸਿਖਾਉਂਦੇ। ਕਿਤਾਬਾਂ ਤੁਹਾਨੂੰ ਮਸ਼ੀਨਾਂ ਚਲਾਉਣਾ ਨਹੀਂ ਸਿਖਾਉਂਦੀਆਂ। ਅਸੀਂ ਫ਼ੈਕਟਰੀਆਂ ਵਿੱਚ ਸਿਖ ਜਾਵਾਂਗੇ।"

"ਉਹ ਫ਼ੈਕਟਰੀਆਂ ਹੈਨ ਕੀ? ਉਹ ਕੀ ਬਣਾਉਣਗੀਆਂ?" ਹਰੀ ਨੇ ਪੁੱਛਿਆ, ਉਹਨਾਂ ਵਾਂਗ ਹੀ ਆਸ਼ਾਵਾਦੀ ਬਣਨ ਅਤੇ ਏਨੀ ਚਿੰਤਾ ਕਰਨੀ ਤੇ ਡਰਨਾ ਛੱਡਣ ਦੀ ਕੋਸ਼ਿਸ਼ ਕਰਦਿਆਂ।

ਪਰ ਉਹ ਉੱਤਰ ਨਾ ਦੇ ਸਕੇ।

"ਮੇਰਾ ਖ਼ਿਆਲ ਐ-ਮੇਰਾ ਖ਼ਿਆਲ ਐ, ਸਾਈਕਲ।"

ਕਿਸੇ ਨੇ ਆਖਿਆ, "ਮੋਟਰ ਕਾਰਾਂ।"

"ਦੇਖੋ, ਤੁਹਾਨੂੰ ਨਹੀਂ ਪਤਾ।" ਹਰੀ ਨੇ ਗ਼ੁੱਸੇ 'ਚ ਆਖਿਆ। "ਤੁਹਾਨੂੰ ਕੁਝ ਨਹੀਂ ਪਤਾ।" ਰਾਮੂ ਨੇ ਨਾਰੀਅਲ ਦਾ ਇਕ ਛਿੱਲੜ ਉਹਦੇ ਉਪਰ ਵਗਾਹ ਕੇ ਸੁੱਟਿਆ। ਹਰੀ ਨੇ ਉਹ ਛਿੱਲੜ ਬੋਚ ਲਿਆ ਅਤੇ ਉਲਟਾ ਰਾਮੂ ਉੱਤੇ ਸੁੱਟ ਦਿੱਤਾ। ਉਹ ਛਿੱਲੜ ਰਾਮੂ ਦੇ ਗੋਡੇ 'ਤੇ ਜਾ ਵੱਜਾ। ਉਹ ਚਾਂਗਰ ਮਾਰ ਕੇ ਟੱਪਣ ਲੱਗ ਪਿਆ। ਸੁੱਤਾ ਪਿਆ ਆਦਮੀ ਤ੍ਰਭਕ ਕੇ ਜਾਗ ਉਠਿਆ ਅਤੇ ਉਸ ਉਤੇ ਗੜ੍ਹਕਿਆ। ਰਾਮੂ ਉਥੋਂ ਭੱਜ ਗਿਆ। ਹਰੀ ਨੇ ਕੁਝ ਚਿਰ ਤਾਂ ਉਸਦਾ ਪਿੱਛਾ ਕੀਤਾ-ਫਿਰ ਉਹ ਰੁਕ ਗਿਆ। ਬਹੁਤ ਗਰਮੀ ਸੀ। ਦੌੜਨਾ ਬਹੁਤ ਔਖਾ ਸੀ। ਹਰੀ ਇਕੱਲਾ ਹੀ ਬੀਚ ਤੱਕ ਜਾ ਪੁੱਜਾ।

ਉਹਨੇ ਬੇਲਾ ਅਤੇ ਕਮਲ ਨੂੰ ਸਕੂਲੋਂ ਵਾਪਸ ਆਉਂਦੀਆਂ ਨੂੰ ਵੇਖ ਲਿਆ ਸੀ। ਉਹ ਬੀਚ ਵਲੋਂ ਆ ਰਹੀਆਂ ਸਨ। ਦੋਵਾਂ ਦੇ ਹੱਥਾਂ 'ਚ, ਪਿੱਤਲ ਦਾ ਇਕ ਛੋਟਾ ਜਿਹਾ ਭਾਂਡਾ ਅਤੇ ਇਕ ਨਿੱਕਾ ਜਿਹਾ ਦਾਤੀ-ਨੁਮਾ ਚਾਕੂ ਸੀ। ਹਰੀ ਨੂੰ ਪਤਾ ਸੀ, ਉਹ ਚੱਟਾਨਾਂ ਵੱਲ ਨੂੰ ਜਾ ਰਹੀਆਂ ਸਨ, ਝੀਂਗਾ ਮੱਛੀਆਂ ਆਦਿ ਲੱਭਣ ਲਈ। ਲੀਲਾ ਨੇ ਉਹਨਾਂ ਨੂੰ ਰਾਤ ਦੇ ਖਾਣੇ ਲਈ ਘੋਗੇ ਸਿੱਪੀਆਂ ਆਦਿ ਇਕੱਠੀਆਂ ਕਰਕੇ ਲਿਆਉਣ ਲਈ ਆਖਿਆ ਹੋਵੇਗਾ। ਉਹ ਉਹਨਾਂ ਨਾਲ ਸ਼ਾਮਲ ਨਹੀਂ ਹੋਵੇਗਾ। ਬੀਚ ਦੇ ਨਾਲ ਲੱਗਦੀਆਂ ਚੱਟਾਨਾਂ 'ਤੇ ਪਹਿਲਾਂ ਹੀ ਇਸਤਰੀਆਂ ਅਤੇ ਕੁੜੀਆਂ ਦੀ ਬਹੁਤ ਜ਼ਿਆਦਾ ਭੀੜ ਸੀ। ਉਹ ਸਾਰੀਆਂ ਝੀਂਗਾ-ਮੱਛੀਆਂ ਇਕੱਠੀਆਂ ਕਰ ਰਹੀਆਂ ਸਨ ਅਤੇ ਆਪਣੇ ਚਾਕੂਆਂ-ਦਾਤੀਆਂ ਨਾਲ ਮੋਲੱਸਕਸ (ਘੋਗੇ-ਸਿੱਪੀਆਂ) ਠੋਰ-ਠੋਰ ਕੇ ਦੇਖ ਰਹੀਆਂ ਸਨ। ਇਹ ਔਰਤਾਂ ਦਾ ਕੰਮ ਸੀ। ਉਹ ਉਥੋਂ ਮੁੜ ਪਿਆ ਅਤੇ ਉਹਨੇ ਜਾ ਕੇ ਆਪਣਾ ਜਾਲ ਲਿਆਉਣ ਅਤੇ ਮੱਛੀਆਂ ਫੜਨ ਦਾ ਨਿਸ਼ਚਾ

ਕੀਤਾ।

ਬੇਲਾ ਤੇ ਕਮਲ ਆਪਣੀਆਂ ਸਕੂਲ ਦੀਆਂ ਨੀਲੀਆਂ ਸਕੱਰਟਾਂ 'ਚ ਚੱਟਾਨਾਂ 'ਤੇ ਝੁਕ ਕੇ, ਰੀਂਗ ਕੇ, ਆਪਣੇ ਦਾਤੀਆਂ ਵਰਗੇ ਚਾਕੂਆਂ ਨਾਲ ਉਹਨਾਂ ਨੂੰ ਠੋਰ ਕੇ, ਘੋਗਿਆਂ ਦੇ ਸਖ਼ਤ ਖ਼ੋਲਾਂ ਨੂੰ ਫੋੜ ਕੇ, ਉਹਨਾਂ 'ਚੋਂ ਨਿੱਕਾ-ਨਿੱਕਾ ਪਤਲਾ ਲੇਸਦਾਰ ਪਦਾਰਥ, ਆਪਣੇ ਪਿੱਤਲ ਦੇ ਭਾਂਡਿਆਂ ਵਿਚ ਪਾ ਰਹੀਆਂ ਸਨ, ਜਿਹੜੇ ਕਿ ਲੀਲਾ ਨੇ ਉਹਨਾਂ ਨੂੰ ਭਰ ਕੇ ਲਿਆਉਣ ਲਈ ਦਿੱਤੇ ਸਨ। ਉਹਨਾਂ ਦੀਆਂ ਸਕੂਲ ਦੀਆਂ ਕਈ ਸਹੇਲੀਆਂ ਵੀ, ਉਹਨਾਂ ਦੇ ਕੋਲਵਾਰ ਹੀ, ਉਹੀ ਕੁੱਝ ਕਰ ਰਹੀਆਂ ਸਨ, ਜਿਵੇਂ ਕਿ ਉਹਨਾਂ ਵਿਚੋਂ ਕੁਝ ਦੀਆਂ ਮਾਵਾਂ ਤੇ ਦਾਦੀਆਂ ਵੀ ਕਰ ਰਹੀਆਂ ਸਨ। ਕੁਝ ਹੋਰ ਨਾਰੀਅਲ ਦੇ ਪੱਤਿਆਂ ਦੀਆਂ ਟੋਕਰੀਆਂ ਰੇਤ ਵਿੱਚ ਡੂੰਘੀਆਂ-ਡੂੰਘੀਆਂ ਦੱਬ ਰਹੀਆਂ ਸਨ, ਜਿਥੇ ਕਿ ਸਮੁੰਦਰ ਉਹਨਾਂ ਨੂੰ, ਆਪਣੇ ਹੇਠ ਲੁਕੋ ਲਏਗਾ ਅਤੇ ਨਰਮ ਬਣਾ ਦੇਵੇਗਾ। ਕੁਝ ਮਹੀਨਿਆਂ ਬਾਅਦ ਉਹਨਾਂ ਨੂੰ ਪੁੱਟ ਕੇ ਬਾਹਰ ਕੱਢ ਲਿਆ ਜਾਵੇਗਾ ਅਤੇ ਉਹਨਾਂ ਤੋਂ ਰੱਸੀਆਂ ਤਿਆਰ ਕੀਤੀਆਂ ਜਾਣਗੀਆਂ। ਹੁਣ ਜਦ ਕਿ ਮੌਸਮ ਠੰਡਾ ਸੀ, ਬਾਹਰ ਧੁੱਪ ਵਿਚ, ਬੀਚ 'ਤੇ ਕੰਮ ਕਰਨਾ ਸੁਖਾਵਾਂ ਲੱਗਦਾ ਸੀ। ਉਹ ਇੰਨ-ਬਿੰਨ ਮੁਰਗ਼ਾਬੀਆਂ ਅਤੇ ਬਗਲਿਆਂ ਆਦਿ ਵਾਂਗ ਜਾਪ ਰਹੀਆਂ ਸਨ, ਜੋ ਪੇਤਲੇ ਪਾਣੀ ਵਿਚ ਖਲੋਤੇ ਸਨ, ਜਿਵੇਂ ਉਹ ਸਾਰੇ ਇਕੱਠੇ ਮੱਛੀਆਂ ਫੜ ਰਹੇ ਸਨ, ਭਾਵੇਂ ਕਿ ਉਹ ਪੰਛੀਆਂ ਦੇ ਵਿਪਰੀਤ ਚੁੱਪ ਨਹੀਂ ਸਨ ਰਹਿ ਸਕਦੀਆਂ ਅਤੇ ਪਟਰ-ਪਟਰ ਟੈਂ-ਟੈਂ ਕਰੀ ਜਾ ਰਹੀਆਂ ਸਨ ਅਤੇ ਗੱਪਾਂ ਮਾਰੀ ਜਾ ਰਹੀਆਂ ਸਨ।

"ਅਹੁ ਵੇਖ, ਹੇਮਾ ਆਪਣੀ ਮਾਂ ਨਾਲ ਜਾ ਰਹੀ ਹੈ।" ਬੇਲਾ ਨੇ ਬੀਚ 'ਤੇ ਦੋ ਰੰਗ-ਬਰੰਗੇ ਆਕਾਰਾਂ ਵੱਲ ਇਸ਼ਾਰਾ ਕਰਦਿਆਂ ਆਖਿਆ। ਮਾਂ ਨੇ ਗੂੜ੍ਹੇ-ਸ਼ੋਖ਼ ਗੁਲਨਾਰੀ ਤੇ ਗੁਲਾਬੀ ਅਤੇ ਸੰਤਰੀ ਫੁੱਲਾਂ ਵਾਲੀ ਸਾੜ੍ਹੀ ਪਾਈ ਹੋਈ ਸੀ ਅਤੇ ਕੁੜੀ ਨੇ ਚਾਂਦੀ ਚਿੱਟੀ ਕਿਨਾਰੀ ਵਾਲੀ ਊਦੀ ਬੈਂਗਣੀ ਪੁਸ਼ਾਕ ਪਾਈ ਹੋਈ ਸੀ।

ਕਈ ਔਰਤਾਂ ਉਹਨਾਂ ਦੇ ਝੰਮ-ਝੰਮ, ਲਿਸ਼-ਲਿਸ਼ ਕਰਦੇ ਕੱਪੜਿਆਂ ਨੂੰ ਬਿੱਟ-ਬਿੱਟ ਤੱਕਣ ਲੱਗ ਪਈਆਂ ਅਤੇ ਹਿੱਚ-ਹਿੱਚ ਕਰ ਕੇ ਹੱਸਣ ਲੱਗ ਪਈਆਂ।

"ਉਹ ਮੱਛੀ ਖ਼ਰੀਦਣ ਅਲੀਬਾਗ਼ ਗਈਆਂ ਸਨ।"

"ਆਪਣੀਆਂ ਹੀ ਫੜਨ ਤਾਂ ਕਿੰਨਾ ਚੰਗਾ ਹੈ?" ਇਕ ਹੋਰ ਨੇ ਆਖਿਆ।

"ਉਹਨਾਂ ਨੂੰ ਫੜਨ ਦੀ ਕੀ ਲੋੜ ਹੈ। ਤੁਸੀਂ ਬੀਜੂ ਨੂੰ ਜਾਣਦੀਆਂ ਹੋ ਨਾ-ਜਦ ਵੀ ਉਹ ਮੱਛੀਆਂ ਫੜ ਕੇ ਲਿਆਉਣ ਦੀ ਆਪਣੀ ਫੇਰੀ ਤੋਂ ਪਰਤਦਾ ਹੈ, ਤਾਂ ਉਸਦੀ ਬੇੜੀ ਵਿੱਚ ਟਨਾਂ ਦੇ ਟਨ ਮੱਛੀ ਹੁੰਦੀ ਹੈ-ਝੀਂਗਾ ਮੱਛੀ, ਪੰਫ਼ਰੈੱਟ ਅਤੇ ਸੁਰਮਈ ਅਤੇ ਹਰ ਤਰ੍ਹਾਂ ਦੀ। ਇਹਨਾਂ ਨੂੰ ਮੱਛੀ ਖ਼ਰੀਦਣ ਦੀ ਕੋਈ ਲੋੜ ਹੀ ਨਹੀਂ।"

"ਵਾਕਈ, ਕੋਈ ਲੋੜ ਨਹੀਂ-ਉਹ ਤਾਂ ਵੇਚਦੀਆਂ ਹਨ-ਉਹਨਾਂ ਪਾਸ ਏਨੀ ਜ਼ਿਆਦਾ ਹੈ।"

"ਬੰਬਈ ਵਿਚ, ਜਿਥੇ, ਏਥੇ ਥਲ ਨਾਲੋਂ ਜਾਂ ਅਲੀਬਾਗ਼ ਨਾਲੋਂ ਦੂਣਾ ਮੁੱਲ ਮਿਲਦਾ ਹੈ।"

"ਏਸੇ ਲਈ ਤਾਂ ਉਹਨਾਂ ਪਾਸ ਸੋਨੇ ਦੀਆਂ ਇਹ ਚੂੜੀਆਂ ਹਨ।" ਇਕ ਬੱਚੀ ਨੇ ਰਸ਼ਕ ਨਾਲ ਆਖਿਆ।

ਛਿਣ ਭਰ ਲਈ ਸਾਰੀਆਂ ਇਸਤਰੀਆਂ ਚੁੱਪ-ਗੜੁੱਪ ਹੋ ਗਈਆਂ, ਬਸ, ਚਟਾਨਾਂ ਉਤੇ

ਘੋਗਿਆਂ ਨੂੰ ਠੋਰਦੇ ਠਕੋਰਦੇ ਉਹਨਾਂ ਦੇ ਚਾਕੂਆਂ ਦੇ ਚੱਲਣ ਦੀ ਆਵਾਜ਼ ਹੀ ਸੁਣਾਈ ਪੈਂਦੀ ਸੀ ਜਾਂ ਫਿਰ ਉਹਨਾਂ ਦੀਆਂ ਕੱਚ ਦੀਆਂ ਚੂੜੀਆਂ ਦੀ ਛਣ-ਛਣ। ਥਲ ਦੀਆਂ ਸਾਰੀਆਂ ਤੀਵੀਆਂ ਨੂੰ ਚੂੜੀਆਂ ਨਾਲ ਮੋਹ ਸੀ ਅਤੇ ਭਾਵੇਂ ਕੁਝ ਕੁ ਹੀ ਸੋਨੇ ਦੀਆਂ ਜਾਂ ਫਿਰ ਚਾਂਦੀ ਦੀਆਂ ਚੂੜੀਆਂ ਪਹਿਨ ਸਕਦੀਆਂ ਸਨ, ਪਰ ਸਾਰੀਆਂ ਪਾਸ ਕੱਚ ਦੀਆਂ ਦਰਜਨਾਂ ਚੂੜੀਆਂ ਸਨ- ਨੀਲੀਆਂ ਅਤੇ ਹਰੀਆਂ ਅਤੇ ਸੁਨਹਿਰੀ। ਉਹਨਾਂ ਦੀਆਂ ਬਾਹਵਾਂ ਲਗਭਗ ਕਲਾਈਆਂ ਤੋਂ ਕੂਹਣੀਆਂ ਤਕ ਚੂੜੀਆਂ ਨਾਲ ਭਰੀਆਂ ਹੋਈਆਂ ਹੁੰਦੀਆਂ। ਬੇਲਾ ਅਤੇ ਕਮਲ ਕੋਲ ਕਿਤੇ ਘੱਟ ਚੂੜੀਆਂ ਸਨ, ਸਿਰਫ਼ ਛੇ-ਛੇ ਜਾਂ ਅੱਠ-ਅੱਠ, ਜਿਹੜੀਆਂ ਉਹਨਾਂ ਪਿਛਲੀ ਦੀਵਾਲੀ 'ਤੇ ਮੇਲੇ 'ਚੋਂ ਖ਼ਰੀਦੀਆਂ ਸਨ। ਕੱਚ ਦੀਆਂ ਚੂੜੀਆਂ ਸਸਤੀਆਂ ਸਨ ਪਰ ਉਹ ਬਹੁਤਾ ਚਿਰ ਨਹੀਂ ਸਨ ਚੱਲਦੀਆਂ, ਉਹ ਸਹਿਜੇ ਹੀ ਟੁੱਟ ਜਾਂਦੀਆਂ ਸਨ, ਪਰ ਜਿੰਨਾ ਚਿਰ ਰਹਿੰਦੀਆਂ ਸਨ, ਸੁਹਣੀਆਂ ਲੱਗਦੀਆਂ ਸਨ।

ਫਿਰ ਇਕ ਧੌਲੇ ਝਾਟੇ ਵਾਲੀ ਦਾਦੀ ਮਾਂ, ਕਾਸ਼ੀ ਬਾਈ, ਉਹਨਾਂ ਦੇ ਕੋਲ ਹੀ ਇਕ ਪੱਥਰ 'ਤੇ ਪਲੱਥਾ ਮਾਰ ਕੇ ਬੈਠਦਿਆਂ ਆਖਣ ਲੱਗੀ, ਅਤੇ ਕੀ ਤੁਸੀਂ ਸੁਣਿਐ ਕਿ ਬੀਜੂ ਇਕ ਹੋਰ ਬੇੜੀ ਬਣਾ ਰਿਹੈ?"

"ਇਕ ਹੋਰ ਬੇੜੀ? ਪਰ ਉਸਦੇ ਪਾਸ ਤਾਂ ਏਨੀਆਂ ਸਾਰੀਆਂ ਬੇੜੀਆਂ ਹਨ-ਉਹ ਇਕ ਹੋਰ ਕਿਉਂ ਬਣਾਉਣੀ ਚਾਹੁੰਦੈ ?" ਹੋਰ ਔਰਤਾਂ ਇਕੱਠੀਆਂ ਹੀ ਬੋਲੀਆਂ।

"ਉਹ ਬੇੜੀ ਬਾਕੀ ਦੀਆਂ ਸਾਰੀਆਂ ਬੇੜੀਆਂ ਨਾਲੋਂ ਵੱਡੀ ਅਤੇ ਤੇਜ਼ ਚੱਲਣ ਵਾਲੀ ਹੋਵੇਗੀ। ਮੇਰੇ ਆਦਮੀ ਨੇ ਮੈਨੂੰ ਕੱਲ੍ਹ ਹੀ ਦੱਸਿਆ ਸੀ। ਉਹਨੇ ਇਹ ਗੱਲ ਖ਼ੁਦ ਬੀਜੂ ਕੋਲੋਂ ਸੁਣੀ ਸੀ-ਇਸ ਬੇੜੀ ਨੂੰ ਇੰਜਣ ਲੱਗੇ ਹੋਏ ਹੋਣਗੇ, ਇਸ ਲਈ ਉਹ ਹਰ ਤਰ੍ਹਾਂ ਦੇ ਮੌਸਮ 'ਚ ਬਾਹਰ ਜਾ ਸਕਣਗੇ, ਦੂਰ ਸੋਰਾਸ਼ਟਰ ਅਤੇ ਗੁਜਰਾਤ ਤੱਕ। ਉਹ ਦੂਰ-ਦੂਰ ਤੱਕ, ਬਹੁਤ ਦੂਰ-ਦੂਰ ਤੱਕ ਮੱਛੀਆਂ ਫੜਨ ਜਾਇਆ ਕਰਨਗੇ, ਉਥੇ ਜਿਥੇ ਹਾਲੇ ਬਹੁਤ ਮੱਛੀਆਂ ਹਨ। ਏਥੇ ਤਾਂ ਹੁਣ ਕਾਫ਼ੀ ਮੱਛੀਆ ਨਹੀਂ ਰਹਿ ਗਈਆਂ।

"ਨਹੀਂ !" ਉਹਨਾਂ ਮੰਨਿਆ। "ਕਾਫ਼ੀ ਨਹੀਂ ਰਹਿ ਗਈਆਂ, ਬਹੁਤ ਘੱਟ ਰਹਿ ਗਈਆਂ ਹਨ।" "ਹਾਲੇ ਵੀ ਸਾਡੇ ਆਦਮੀਆ ਨੂੰ ਏਥੇ ਮੱਛੀਆਂ ਮਿਲ ਹੀ ਜਾਂਦੀਆਂ ਹਨ।" ਇਕ ਔਰਤ ਨੇ ਆਖਿਆ। "ਸਾਡੇ ਆਦਮੀ ਤਾਂ ਹਾਲੇ ਵੀ ਏਥੇ ਹੀ ਮੱਛੀਆਂ ਫੜਦੇ ਹਨ ਅਤੇ ਉਹਨਾਂ ਨੂੰ ਕੁਝ ਮਿਲ ਹੀ ਜਾਂਦੀਆਂ ਹਨ।" "ਪਰ ਬਹੁਤ ਘੱਟ !" ਹੋਰਨਾਂ ਨੇ ਹਾਉਕਾ ਭਰਿਆ। "ਉਹ ਘਰ ਬਹੁਤ ਘੱਟ ਲਿਆਉਂਦੇ ਹਨ।"


ਹੁਣ ਬੇਲਾ ਤੇ ਕਮਲ ਚੁੱਪ ਸਨ। ਦੋਵੇਂ ਸੋਚ ਰਹੀਆਂ ਸਨ, "ਘਟੋ ਘੱਟ ਤੁਹਾਡੇ ਆਦਮੀ ਘਰ ਥੋੜ੍ਹੀਆਂ-ਬਹੁਤ ਤਾਂ ਲਿਆਉਂਦੇ ਹੀ ਹਨ। ਸਾਡਾ ਪਿਉ ਤਾਂ ਮੱਛੀਆਂ ਫੜਨ ਜਾਂਦਾ ਹੀ ਨਹੀਂ। ਹਰੀ ਨੂੰ ਬਸ ਜਾਲ ਨਾਲ ਮੱਛੀਆਂ ਫੜਨੀਆਂ ਪੈਂਦੀਆਂ ਹਨ। ਅਤੇ ਉਹ ਘੱਟ-ਵੱਧ ਹੀ ਫੜ ਸਕਦਾ ਹੈ।" ਉਹਨਾਂ ਇਹ ਕੁਝ ਆਖਿਆ ਨਾ। ਸਗੋਂ ਉਹ ਚੱਟਾਨਾਂ 'ਤੇ ਏਧਰ-ਉਧਰ ਰੀਂਗਦੀਆਂ ਰਹੀਆਂ, ਘੋਗਿਆਂ ਦੇ ਢੱਕਣ ਖੋਲ੍ਹਦੀਆਂ, ਉਹਨਾਂ ਵਿਚੋਂ ਤਰਲ ਪਦਾਰਥ ਬਾਹਰ ਕੱਢਦੀਆਂ ਅਤੇ ਆਪਣਾ ਪਿੱਤਲ ਦਾ ਛੋਟਾ ਜਿਹਾ ਭਾਂਡਾ ਵੱਧ ਤੋਂ ਵੱਧ ਭਰਨ ਦੀ ਕੋਸ਼ਿਸ਼ ਕਰਦੀਆਂ।

ਤੀਜੇ ਪਹਿਰ ਮਗਰੋਂ ਜਿਹੇ ਦੀ ਚੁੱਪ 'ਚ, ਸਮੁੰਦਰ ਵਿਚ ਜ਼ੋਰ ਦਾ ਜਵਾਰ-ਭਾਟਾ ਸ਼ੁਰੂ

ਹੋ ਗਿਆ। ਹਵਾ ਹਾਲੇ ਵੀ ਠਹਿਰੀ ਹੋਈ ਸੀ। ਉਹਨਾਂ ਸਾਰੀਆਂ ਨੇ ਇਕ ਆਵਾਜ਼ ਸੁਣੀ, ਜੋ ਖੁਸਰ-ਫੁਸਰ ਜਿਹੀ ਜਾਂ ਹਾਉਕੇ ਜਿਹੀ ਸੀ-ਇੱਕ ਡੂੰਘਾ ਹਾਉਕਾ- ਖ਼ੁਦ ਸਮੁੰਦਰ ਦਾ ਆਪਣਾ ਹਾਉਕਾ ! ਅਤੇ ਫਿਰ ਇਹ ਹਾਉਕਾ ਫੈਲ ਕੇ, ਇੱਕ ਲੰਮੀ ਕਲ-ਕਲ, ਛਲ-ਛਲ ਦੀ ਆਵਾਜ਼ ਬਣ ਗਿਆ। ਇਹ ਆਵਾਜ਼ ਦੂਰ ਸਮੁੰਦਰ 'ਚੋਂ ਆ ਰਹੀ ਸੀ। ਛੱਲ ਪੱਧਰੇ-ਸਪਾਟ ਤੇ ਉਦਾਸ-ਉਪਰਾਮ ਸਾਗਰ 'ਚੋਂ ਉਠੀ, ਉਭਰੀ-ਇਕ ਲੰਮੀ ਚਿੱਟੀ ਰੇਖਾ ਜੋ ਉਠੀ, ਉਭਰੀ ਅਤੇ ਤੇਜ਼ੀ ਨਾਲ, ਧਰਤੀ ਵੱਲ ਵਧਣ ਲੱਗੀ, ਵਧਣ ਲੱਗੀ ਅਤੇ ਵਧਦੀ ਵਧਦੀ ਆਖ਼ਿਰ ਪੱਥਰਾਂ ਚੱਟਾਨਾਂ ਨਾਲ ਸਿਰ ਪਟਕਣ ਲੱਗੀ ਅਤੇ ਪਾਣੀ ਦੀਆਂ ਜ਼ੋਰਦਾਰ ਵਾਛੜਾਂ ਫੁਹਾਰਾਂ ਏਧਰ-ਉਧਰ ਪਸਾਰਨ-ਖਿਲਾਰਨ ਲੱਗੀ। ਸਮੁੰਦਰ ਵਿੱਚ ਜਵਾਰ ਆ ਗਿਆ ਸੀ। ਹੁਣ ਇਹ ਵਧ ਰਿਹਾ ਸੀ। ਉਸਦੇ ਨਾਲ ਹੀ ਆਈ, ਸ਼ਾਮ ਦੀ ਸਮੀਰ, ਸੱਜਰੀ, ਠੰਡੀ ਤੇ ਪਿਆਰੀ। ਪਾਣੀ ਦੀ ਛੱਲ ਅਤੇ ਸਮੀਰ ਦੋਵੇਂ ਹੁਣ ਤੇਜ਼ੀ ਨਾਲ ਉਹਨਾਂ ਵੱਲ ਵਧਦੀਆਂ ਆ ਰਹੀਆਂ ਸਨ। ਇਸ ਲਈ ਇਸਤਰੀਆਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਅਤੇ ਉਠ ਖਲੋਤੀਆਂ। "ਘਰ ਜਾਣ ਦਾ ਵੇਲਾ ਹੋ ਗਿਐ।" ਉਹਨਾਂ ਆਖਿਆ, "ਰਾਤ ਦੀ ਰੋਟੀ ਦਾ ਕੰਮ ਸ਼ੁਰੂ ਕਰਨ ਦਾ ਵਕਤ ਹੋ ਗਿਐ।" ਅਤੇ ਉਹਨਾਂ ਆਪਣੀਆਂ ਦਾਤੀਆਂ ਅਤੇ ਪਿੱਤਲ ਦੇ ਭਾਂਡੇ ਇਕੱਠੇ ਕੀਤੇ ਅਤੇ ਦੋ-ਦੋ, ਤਿੰਨ-ਤਿੰਨ ਦੀਆਂ ਟੋਲੀਆਂ 'ਚ, ਬੀਚ ਤੋਂ ਤੁਰ ਪਈਆਂ, ਇਸਤਰੀਆਂ ਸ਼ੋਖ਼ ਹਰੀਆਂ ਅਤੇ ਸੰਤਰੀ ਸਾੜ੍ਹੀਆਂ ਵਿਚ ਅਤੇ ਕੁੜੀਆਂ ਆਪਣੇ ਨੀਲੇ ਤੇ ਚਿੱਟੇ ਸਕੂਲ-ਕੱਪੜਿਆਂ ਵਿਚ, ਕੁਝ ਆਪੋ ਵਿਚ ਗੱਲਾਂ ਕਰਦੀਆਂ ਅਤੇ ਹੱਸਦੀਆਂ ਹੋਈਆਂ, ਕੁਝ ਹੋਰ ਚੁੱਪ-ਚਾਪ, ਖ਼ਾਮੋਸ਼।

ਹਰੀ ਆਪਣਾ ਮੱਛੀਆਂ ਫੜਨ ਵਾਲਾ ਜਾਲ ਬੀਚ 'ਤੇ ਲੈ ਕੇ ਆਇਆ ਤਾਂ ਉਹਨੇ ਉਹਨਾਂ ਨੂੰ ਜਾਂਦੀਆਂ ਵੇਖਿਆ। ਉਹ ਨਹੀਂ ਸੀ ਚਾਹੁੰਦਾ ਕਿ ਕੋਈ ਉਹਨੂੰ ਵੇਖੇ। ਉਹੀ ਪਿੰਡ ਵਿਚ ਇਕੋ ਇੱਕ ਮੁੰਡਾ ਸੀ, ਜਿਸ ਪਾਸ ਬੇੜੀ ਨਹੀਂ ਸੀ ਅਤੇ ਮੱਛੀਆਂ ਫੜਨ ਵਾਲੀਆਂ ਬੇੜੀਆਂ 'ਤੇ ਕੰਮ ਨਹੀਂ ਸੀ। ਉਹਨੂੰ ਇਹ ਵੀ ਪਤਾ ਸੀ ਕਿ ਉਹ ਸਾਹਿਲ ਦੇ ਨਾਲ-ਨਾਲ, ਆਪਣੇ ਜਾਲ 'ਚ ਬਹੁਤੀਆਂ ਮੱਛੀਆਂ ਫੜਨ ਦੀ ਉਮੀਦ ਵੀ ਨਹੀਂ ਸੀ ਕਰ ਸਕਦਾ।

ਫਿਰ ਵੀ ਉਸਨੂੰ ਇਸ ਕੰਮ 'ਚ ਆਨੰਦ ਆਉਂਦਾ ਸੀ। ਉਹਨੇ ਛੱਲ ਵਿਚ ਆਪਣਾ ਜਾਲ ਸੁੱਟਿਆ ਅਤੇ ਅੱਗੇ ਤੋਂ ਅੱਗੇ ਛੱਲ ਦੇ ਨਾਲ ਨਾਲ ਤੁਰਦਾ ਗਿਆ, ਕੱਫ਼ੀ ਰੰਗੀਆਂ ਲਹਿਰਾਂ ਨੂੰ ਜਾਲ ਵਿਚੋਂ ਦੀ ਲੰਘ ਜਾਣ ਦਿੰਦਾ ਰਿਹਾ ਅਤੇ ਫਿਰ ਉਹਨੇ ਜਾਲ ਨੂੰ ਸਾਹਿਲ 'ਤੇ ਖਿੱਚ ਲਿਆਂਦਾ। ਉਹਨੇ ਫੜਿਆ ਕੀ, ਬਸ ਕੁਝ ਕੁ ਸੁਨਹਿਰੀ ਤੇ ਚਾਂਦੀ-ਵੰਨੀਆਂ ਮੱਛੀਆਂ ਤੇ ਉਹ ਵੀ ਏਨੀਆਂ ਨਿੱਕੀਆਂ ਨਿੱਕੀਆਂ ਕਿ ਉਹਨਾਂ ਨੂੰ ਜਾਲ ਵਿਚੋਂ ਚੁਗਣ ਦੀ ਖੇਚਲ ਵੀ ਨਾ ਕੀਤੀ। ਉਹ ਤੜਪ ਰਹੀਆਂ ਸਨ, ਟੱਪ ਰਹੀਆਂ ਸਨ ਅਤੇ ਮਰਨ ਤੋਂ ਪਹਿਲਾਂ ਸਾਹ ਲੈਣ ਲਈ ਸਟਪਟਾ ਰਹੀਆਂ ਸਨ। ਅਤੇ ਤਿੰਨ ਜਾਂ ਚਾਰ ਕੇਕੜੇ ਅਤੇ ਉਹ ਵੀ ਏਨੇ ਛੋਟੇ-ਛੋਟੇ, ਜਿਵੇਂ ਉਹਨਾਂ ਉਤੇ ਮਾਸ ਉਕਾ ਹੀ ਨਾ ਹੋਵੇ। ਉਹ ਉਹਨਾਂ ਨੂੰ ਪਿੱਠ-ਪਰਨੇ ਪਏ ਅਤੇ ਆਪਣੀਆਂ ਪਾਰ-ਦਰਸ਼ੀ ਲੱਤਾਂ ਹਵਾ ਵਿੱਚ ਮਾਰਦੇ-ਉਲਾਰਦੇ ਵੇਖਦਾ ਰਿਹਾ। ਇੱਕ ਵੱਡਾ ਸਾਰਾ ਕਾਲਾ ਚੋਡਰ ਕਾਂ ਟਪੋਸੀਆਂ ਮਾਰਦਾ ਹੋਇਆ ਆਇਆ, ਇਹ ਵੇਖਣ ਲਈ ਕਿ ਉਹਨੂੰ ਉਥੋਂ ਕੀ ਮਿਲ ਸਕਦਾ ਸੀ। ਹਰੀ ਕੇਕੜਿਆਂ ਨੂੰ ਸਿੱਧੇ ਕਰਕੇ, ਆਪਣਾ ਜੀਅ ਪਰਚਾਉਂਦਾ ਰਿਹਾ, ਤਾਂ ਜੋ ਉਹ ਭੱਜ ਕੇ ਸਮੁੰਦਰ ਵਿਚ ਜਾ ਵੜਨ ਅਤੇ ਸੁਰੱਖਿਅਤ ਹੋ ਜਾਣ। ਪਰ ਕਾਂ ਉਹਨਾਂ ਨੂੰ ਆਪਣੀ ਚੁੰਜ ਨਾਲ ਫਿਰ ਪੁੱਠਿਆਂ ਕਰਦਾ ਰਿਹਾ। ਅਖ਼ੀਰ ਹਰੀ ਨੇ ਕਾਂ ਨੂੰ, ਆਪਣੀ



ਮਨ-ਮਰਜ਼ੀ ਕਰਨ ਲਈ ਉਥੇ ਛੱਡ ਦਿੱਤਾ ਅਤੇ ਆਪ ਆਪਣਾ ਖ਼ਾਲੀ ਜਾਲ ਚੁੱਕ ਕੇ, ਉਥੋਂ ਚਲਦਾ ਬਣਿਆ।

ਮੱਛੀਆਂ ਫੜਨ ਵਾਲਾ ਬੇੜਾ ਵੀ ਨੇੜੇ-ਨੇੜੇ ਆ ਰਿਹਾ ਸੀ। ਪਹਿਲੀ ਬੇੜੀ ਪਹਿਲਾਂ ਹੀ ਸਾਹਿਲ ਦੇ ਕੋਲ ਪੁੱਜ ਚੁੱਕੀ ਸੀ, ਜੋ ਉਚੀ ਆਵਾਜ਼ ਮਾਰਨ ਦੀ ਵਿੱਥ 'ਤੇ ਸੀ ਅਤੇ ਜਿਉਂ ਹੀ ਉਸ ਬੇੜੀ 'ਚ ਸਵਾਰ ਮਾਛੀ ਉਚੀ ਸਾਰੀ ਕੂਕਿਆ ਕਿ ਪਿੰਡ ਵਲੋਂ ਇਸਤਰੀਆਂ ਦਾ ਇੱਕ ਝੁਰਮਟ ਦਾ ਝੁਰਮਟ ਬੀਚ 'ਤੇ ਲਹਿਰ-ਹਾਰ ਤੁਰਦਾ, ਸਮੁੰਦਰ ਕੰਢੇ ਦੀ ਤੰਗ-ਸੌੜੀ ਖਾੜੀ ਕੋਲ ਅੱਪੜ ਗਿਆ। ਸਾਰੀਆਂ ਇਸਤਰੀਆਂ ਕੋਲ ਟੋਕਰੀਆਂ ਸਨ। ਕੁੱਝ ਤਾਂ ਬੇੜੀਆਂ ਦੇ ਕੰਢੇ 'ਤੇ ਲੱਗਣ ਦੀ ਉਡੀਕ ਵੀ ਨਾ ਕਰ ਸਕੀਆਂ ਅਤੇ ਛਪਲ-ਛਪਲ ਕਰਦੀਆਂ ਸਮੁੰਦਰ ਵਿਚ ਜਾ ਵੜੀਆਂ। ਉਹਨਾਂ ਆਪਣੀਆਂ ਸਾੜ੍ਹੀਆਂ ਲੱਕ-ਲੱਕ ਤੱਕ ਛੁੰਗੀਆਂ ਹੋਈਆਂ ਸਨ ਅਤੇ ਮਾਰੋ-ਮਾਰ ਕਰਦੀਆਂ ਕਿਸ਼ਤੀਆਂ ਕੋਲ ਪੁੱਜ ਗਈਆਂ। ਮਾਛੀਆਂ ਨੇ, ਮੱਛੀਆਂ ਦੇ ਭਰੇ ਹੋਏ ਭਾਰੇ-ਭਾਰੇ ਟੋਕਰੇ ਹੇਠਾਂ ਕੀਤੇ। ਇਸਤਰੀਆਂ ਨੇ ਉਹ ਟੋਕਰੇ ਆਪਣੇ ਸਿਰਾਂ 'ਤੇ ਟਿਕਾ ਲਏ ਅਤੇ ਸੰਭਲ-ਸੰਭਲ ਕੇ ਚੱਲਦੀਆਂ, ਸਾਹਿਲ 'ਤੇ ਵਾਪਸ ਆ ਗਈਆਂ। ਦੋ-ਤਿੰਨ ਮਾਛੀ ਉਹਨਾਂ ਦੇ ਪਿੱਛੇ-ਪਿੱਛੇ ਚਲੇ ਆਏ। ਬੇੜੀਆਂ ਤਾਂ ਉਦੋਂ ਤੱਕ ਤੰਗ-ਸੌੜੀ ਖਾੜੀ ਤੱਕ ਨਹੀਂ ਸਨ ਆ ਸਕਦੀਆਂ, ਜਦ ਤੱਕ ਕਿ ਸਮੁੰਦਰ ਨਹੀਂ ਸੀ ਚੜ੍ਹਦਾ ਅਤੇ ਉਸ ਵਿੱਚ ਜ਼ੋਰਦਾਰ ਛੱਲਾਂ ਨਹੀਂ ਸਨ ਆਉਂਦੀਆਂ।

ਹੁਣ ਬੀਚ 'ਤੇ, ਜਿੱਥੇ ਕਿ ਪਹਿਲਾਂ ਘੋਰ ਚੁੱਪ-ਚਾਂ ਸੀ, ਕਹਿਰਾਂ ਦਾ ਰੌਲਾ-ਗੌਲਾ ਮਚ ਉਠਿਆ। ਮਾਛੀ ਮੱਛੀਆਂ ਦੇ ਟੋਕਰਿਆਂ ਦੀ ਨੀਲਾਮੀ ਕਰਨ ਲੱਗ ਪਏ। ਔਰਤਾਂ ਉਹਨਾਂ ਦੀ ਫੋਲਾ-ਫਾਲੀ ਕਰਨ ਲੱਗ ਪਈਆਂ ਅਤੇ ਉਹਨਾਂ ਵਿਚਲੀਆਂ ਮੱਛੀਆਂ ਨੂੰ ਰੇਤ ਉਤੇ ਢੇਰੀ ਕਰਨ ਲੱਗ ਪਈਆਂ। ਰੇਤ 'ਤੇ ਮੱਛੀਆਂ ਦੇ ਢੇਰ ਲੱਗ ਗਏ, ਗੁਲਾਬੀ ਝੀਂਗਾ ਮੱਛੀਆਂ, ਹਾਲੇ ਵੀ ਜੀਉਂਦੀਆਂ ਸਨ ਤੇ ਰੀਂਗ ਰਹੀਆਂ ਸਨ, ਲੰਮੀਆਂ ਸੱਪ ਵਰਗੀਆਂ 'ਬੰਬੇ ਡੱਕ' ਮੱਛੀਆਂ, ਛੋਟੀਆਂ-ਛੋਟੀਆਂ ਚੌੜੀਆਂ-ਚਪਟੀਆਂ ਤੇ ਚਮਕਦਾਰ ਪੰਫ਼ਰੈੱਟ ਜਿਹਨਾਂ ਨੂੰ ਅਸਲ ਵਿਚ

ਅਜੇ ਸਮੁੰਦਰ ਵਿਚ ਹੀ ਵੱਡੀਆਂ ਹੋਣ ਲਈ ਰਹਿਣ ਦੇਣਾ ਚਾਹੀਦਾ ਸੀ, ਕੁੱਝ ਨੀਲੀਆਂ-ਕਾਲੀਆਂ ਡੱਬ-ਖੜੱਬੀਆਂ, ਚਿੱਤਰ ਮਿੱਤਰੀਆਂ 'ਸੁਰਮਈ' ਮੱਛੀਆਂ ਜੋ ਖਾਣ 'ਚ ਏਨੀਆਂ ਸੁਆਦਲੀਆਂ ਹੁੰਦੀਆਂ ਸਨ ਅਤੇ ਕੁਝ ਕੁ ਵੱਡੇ-ਵੱਡੇ ਕਾਲੇ ਕੇਕੜੇ ਵੀ। ਇਸਤਰੀਆਂ ਦਾ ਰੌਲਾ-ਰੱਪਾ ਹੋਰ ਵਧੇਰੇ ਉਚਾ ਹੋ ਗਿਆ, ਜਦ ਉਹ ਟੋਕਰਿਆਂ 'ਤੇ ਲੜਨ-ਝਗੜਨ ਲੱਗੀਆਂ ਅਤੇ ਮੱਛੀਆਂ ਦੀ ਬੋਲੀ ਦੇਣ ਲਈ, ਇਕ-ਦੂਸਰੀ ਨੂੰ ਧੱਕਾਪੇਲ ਕਰ ਕੇ ਰਾਹ 'ਚੋਂ ਲਾਂਭੇ ਹਟਾਉਣ ਲੱਗੀਆਂ।

"ਪੰਜਾਹ ਰੁਪਏ !" ਇੱਕ ਔਰਤ ਉਚੀ ਸਾਰੀ ਕੂਕੀ ਜਿਸਨੂੰ ਸਚਮੁੱਚ ਹੀ ਵੱਡੀਆਂ-ਵੱਡੀਆਂ ਪੰਫਰੈੱਟ ਮੱਛੀਆਂ ਦਾ ਟੋਕਰਾ ਲੱਭ ਗਿਆ ਸੀ, ਜਿਹਨਾਂ 'ਚੋਂ ਹਰੇਕ ਮੱਛੀ, ਬੰਬਈ 'ਚ ਦਸ-ਦਸ ਰੁਪਏ ਲਿਆ ਸਕਦੀ ਸੀ ਅਤੇ ਤਾਜ਼ਾ ਤੋਂ ਤਾਜ਼ਾ, ਗੁਲਾਬੀ ਤੋਂ ਗੁਲਾਬੀ ਝੀਂਗਾ ਮੱਛੀਆਂ। ਪਰ "ਸੱਠ ਰੁਪਏ !" ਇੱਕ ਹੋਰ ਨੇ ਕੂਕ ਕੇ ਆਖਿਆ। "ਸੱਤਰ !" ਤੀਸਰੀ ਨੇ ਉਚੀ ਜਿਹੀ ਚੀਖ਼ ਕੇ ਆਖਿਆ। ਉਹ ਇਕ ਵੱਡੀ ਭਾਰੀ ਭਰਕਮ ਇਸਰਤੀ ਸੀ, ਸੋਸਨੀ ਸਾੜ੍ਹੀ ਵਿਚ ਲਿਪਟੀ ਹੋਈ, ਅਤੇ ਜਦ ਹੋਰ ਇਸਤਰੀਆਂ ਝਕ ਝਿਜਕ ਰਹੀਆਂ ਸਨ, ਉਹਨੇ ਆਪਣੇ ਲੱਕ ਦੁਆਲਿਉਂ ਕੱਪੜੇ ਦੀ ਇੱਕ ਢਿੱਲੀ ਜਿਹੀ ਗੁਥਲੀ ਖੋਲ੍ਹੀ, ਉਸ ਵਿਚੋਂ ਮੈਲੇ-ਕੁਚੈਲੇ ਨੋਟਾਂ ਦੀ ਇੱਕ ਗੱਠੀ ਕੱਢੀ ਅਤੇ ਖੀਂ-ਖੀਂ ਕਰਦੇ, ਖ਼ੁਸ਼-ਖ਼ੁਸ਼ ਮਾਛੀ ਦੇ ਹੱਥ ਫੜਾ ਦਿੱਤੀ। ਆਪਣਾ ਟੋਕਰਾ ਲੈਣ ਲਈ, ਹੇਠਾਂ ਨੂੰ ਝੁਕਦਿਆਂ, ਉਹਨੇ ਇਕ ਉਚਾ ਲਲਕਾਰਾ ਜਿਹਾ ਮਾਰਿਆ, ਜਦੋਂ ਕਿ ਹੋਰ ਇਸਤਰੀਆਂ, ਮੱਛੀਆਂ ਦੇ ਛੋਟੇ ਟੋਕਰਿਆਂ 'ਤੇ ਬੁੜ-ਬੁੜ ਕਰਨ ਅਤੇ ਖਹਿਬੜਨ ਲੱਗੀਆਂ।

ਉਸ ਔਰਤ ਦੇ ਗੂੰਜਦੇ ਲਲਕਾਰੇ ਦੇ ਉਤਰ ਵਿਚ, ਇਕ ਟਾਂਗਾ ਬੀਚ ਵਲੋਂ ਖੜ-ਖੜ ਕਰਦਾ ਆਇਆ। ਭੂਰੀ ਘੋੜੀ ਦੀਆਂ ਲੱਤਾਂ ਬੜੀ ਤੇਜ਼ ਰਫ਼ਤਾਰ ਨਾਲ, ਕੈਂਚੀ ਬਣਾ ਰਹੀਆਂ ਸਨ, ਵੱਡੇ-ਵੱਡੇ ਪਹੀਏ, ਸਮੁੰਦਰ ਦੇ ਗਿੱਲੇ ਤੇ ਲਿਸ਼-ਲਿਸ਼ ਕਰਦੇ ਕੰਢੇ 'ਤੇ ਘੁੰਮ ਰਹੇ ਸਨ। ਟਾਂਗੇ ਵਾਲ਼ੇ ਨੇ ਆਪਣਾ ਛਾਂਟਾ ਉਪਰ ਉਲਾਰਿਆ ਅਤੇ ਹਵਾ ਵਿੱਚ ਲਹਿਰਾ ਕੇ, ਸਾਂ-ਸਾਂ ਦੀ ਆਵਾਜ਼ ਪੈਦਾ ਕੀਤੀ ਅਤੇ ਟਾਂਗਾ ਸਿੱਧਾ ਛੱਲਾਂ ਵਿਚੋਂ ਦੀ ਹੁੰਦਾ ਹੋਇਆ, ਧੁਰ ਇਸਤਰੀਆਂ ਦੀ ਟੋਲੀ ਅਤੇ ਉਹਨਾਂ ਦੇ ਟੋਕਰਿਆਂ ਤੱਕ ਪਹੁੰਚ ਗਿਆ।

ਸੌਦੇਬਾਜ਼ੀ ਫੇਰ ਸ਼ੁਰੂ ਹੋ ਗਈ।

"ਵੱਡੀ ਸੜਕ ਦੇ ਬੱਸ ਸਟਾਪ ਤੱਕ ਦੋ ਰੁਪਏ।" ਇਕ ਔਰਤ ਨੇ ਪੇਸ਼ਕਸ਼ ਕੀਤੀ ਜਿਹਨੇ ਝੀਂਗਾ ਮੱਛੀ ਦੀ ਇੱਕ ਬੋਰੀ ਖ਼ਰੀਦੀ ਸੀ,

"ਤਿੰਨ ਰੁਪਏ !"

"ਪੰਜ !"

ਪਰ ਇੱਕ ਵਾਰ ਫੇਰ ਜਿੱਤ ਉਸ ਵੱਡੀ, ਭਾਰੀ-ਭਰਕਮ ਔਰਤ ਦੀ ਹੋਈ ਜਿਹਨੇ ਆਪਣੇ ਕਮਰਬੰਦ 'ਚ ਬਹੁਤ ਸਾਰੇ ਪੈਸੇ ਬੰਨ੍ਹੇ ਹੋਏ ਸਨ। "ਛੇ!" ਉਹਨੇ ਸਪਾਟ ਹੀ ਆਖਿਆ ਅਤੇ ਟਾਂਗੇ ਵਾਲੇ ਦੇ ਉਤਰ ਦੀ ਉਡੀਕ ਕੀਤੇ ਬਗੈਰ ਹੀ ਉਹ ਟੋਕਰੇ ਸਮੇਤ ਟਾਂਗੇ ਵਿਚ ਜਾ ਚੜ੍ਹੀ। ਟਾਂਗੇ ਨੇ ਚੀਂ ਚੀਂ ਕੀਤੀ। ਘੋੜਾ ਰਤਾ ਕੁ ਲੜਖੜਾਇਆ ਅਤੇ ਟਾਂਗੇ ਵਾਲੇ ਨੇ ਆਪਣੀ ਟੋਪੀ, ਇੱਕ ਖ਼ਾਸ ਜ਼ਾਵੀਏ 'ਤੇ ਠੀਕ ਕਰ ਲਈ, ਘੋੜੇ ਨੂੰ ਛਾਂਟਾ ਲਾਇਆ ਅਤੇ ਤੰਗ-ਸੌੜੀ ਖਾੜੀ ਦੇ ਨਾਲ-ਨਾਲ, ਰੇਤਲੇ ਰਾਹ 'ਤੇ, ਦੁੜਕੀ ਪੈ ਕੇ, ਵੱਡੀ ਸੜਕ ਵੱਲ ਨੂੰ ਚੱਲ ਪਿਆ,



ਜਿਥੇ ਕਿ ਔਰਤ, ਆਪਣੀ ਮੱਛੀ, ਇਕ ਲਾਰੀ ਵਾਲੇ ਕੋਲ ਵੇਚ ਦੇਵੇਗੀ, ਜੋ ਪਿੰਡਾਂ 'ਚੋਂ ਮੱਛੀ ਇਕੱਠੀ ਕਰਨ ਆਇਆ ਹੋਵੇਗਾ ਜਾਂ ਫਿਰ ਉਹ ਬੱਸ ਵਿਚ ਬੈਠ ਕੇ, ਆਪ ਮੱਛੀ ਵੇਚਣ ਲਈ, ਅਲੀਬਾਗ਼ ਦੇ ਬਾਜ਼ਾਰ ਚਲੀ ਜਾਵੇਗੀ। ਦੂਸਰੀ ਤੀਵੀਂ ਨੇ, ਜੋ ਕੁਝ ਬਚਿਆ ਸੀ, ਉਸ ਉਤੇ ਤਕਰਾਰ ਕੀਤੀ, ਅਤੇ ਹਰੀ ਉਥੋਂ ਮੁੜ ਪਿਆ। ਹੁਣ ਉਥੇ ਵੇਖਣ ਵਾਲਾ ਹੋਰ ਕੁਝ ਨਹੀਂ ਸੀ।

ਉਸ ਦਾ ਜੀਅ ਸੀ ਕਿ ਉਹ ਆਪਣੇ ਟੱਬਰ ਲਈ, ਉਹਨਾਂ ਮੱਛੀਆਂ 'ਚੋਂ ਇੱਕ ਮੱਛੀ ਖ਼ਰੀਦ ਲੈਂਦਾ, ਇਸ ਤੋਂ ਵੀ ਚੰਗਾ, ਉਹਦਾ ਮਨ ਸੀ ਕਿ ਉਹ ਆਪ ਕੋਈ ਮੱਛੀ ਫੜ ਸਕਦਾ। ਪਰ ਉਸ ਦਾ ਜਾਲ ਖ਼ਾਲੀ ਸੀ। ਕੂਲੇ-ਕਿਰਮਚੀ ਧੁੰਦਲਕੇ 'ਚੋਂ ਉਹ ਆਪਣੇ-ਆਪ 'ਚ ਸੀਟੀਆਂ ਵਜਾਉਂਦਾ, ਪਿੱਛੇ ਪਰਤ ਰਿਹਾ ਸੀ ਅਤੇ ਉਸ ਦਾ ਜਾਲ, ਉਸ ਦੇ ਪਿੱਛੇ-ਪਿੱਛੇ ਘਿਸਰਦਾ ਆ

ਰਿਹਾ ਸੀ।

ਹੁਣ ਸਾਗਰ ਦੀਆਂ ਛੱਲਾਂ, ਉਹਨਾਂ ਚੱਟਾਨਾਂ ਦੇ ਆਲੇ-ਦੁਆਲੇ ਜ਼ੋਰ-ਜ਼ੋਰ ਦੀ ਖਹਿਸਰ ਰਹੀਆਂ ਸਨ, ਜਿਹਨਾਂ ਉਤੇ ਲੀਲਾ ਨੇ ਉਸ ਸਵੇਰ ਫੁੱਲ ਖਿਲਾਰੇ ਸਨ। ਛੇਤੀ ਹੀ ਉਹਨਾਂ ਚੱਟਾਨਾਂ ਉਤੇ ਛਿੜਕਿਆ, ਚਿੱਟਾ ਅਤੇ ਲਾਲ ਧੂੜਾ ਲਹਿਰਾਂ ਨਾਲ ਰੁੜ੍ਹ ਜਾਵੇਗਾ ਅਤੇ ਨਾਲ ਹੀ ਉਹਨਾਂ ਨਾਲ ਚਿੰਮੜੀਆਂ ਫੁੱਲ-ਪੱਤੀਆਂ ਵੀ। ਅਗਲੀ ਸਵੇਰ ਕੋਈ ਹੋਰ ਆਵੇਗੀ ਅਤੇ ਉਥੇ ਹੋਰ ਫੁੱਲ-ਪੱਤੀਆਂ ਖਿਲਾਰ ਜਾਵੇਗੀ।

ਘਾਹ ਵਾਲੇ ਕੰਢੇ 'ਤੇ, ਜਿੱਥੇ ਉਹਨਾਂ ਦੀ ਝੁਗੀ ਵਲੋਂ ਰਸਤਾ ਆਉਂਦਾ ਸੀ, ਬੇਲਾ ਅਤੇ ਕਮਲ ਹਾਲੇ ਵੀ ਖੇਡ ਰਹੀਆਂ ਸਨ, ਨੱਚ-ਟੱਪ ਰਹੀਆਂ ਸਨ। ਉਹ ਲੰਗੜੀ ਟੰਗ ਖੇਡ ਰਹੀਆਂ ਸਨ। ਬੇਲਾ ਇੱਕ ਲੱਤ 'ਤੇ ਉਛਲ-ਟੱਪ ਰਹੀ ਸੀ ਅਤੇ ਕਮਲ ਨੂੰ ਫੜਨ ਦੀ ਕੋਸ਼ਿਸ਼ ਕਰ ਰਹੀ ਸੀ ਜੋ ਗੀਟੇ-ਗੀਟੀਆਂ ਨਾਲ ਬਣਾਏ, ਇੱਕ ਛੋਟੇ ਜਿਹੇ ਮੁਰੱਬਾ ਘੇਰੇ ਦੇ ਅੰਦਰ, ਆਪਣੀਆਂ ਦੋਵੇਂ ਲੱਤਾਂ 'ਤੇ ਏਧਰ-ਉਧਰ ਦੌੜ ਰਹੀ ਸੀ। ਬੇਲਾ ਆਪਣੀ ਭੈਣ ਨੂੰ ਸਕੱਰਟ ਤੋਂ ਫੜਨ ਲਈ, ਅੱਗੇ ਵੱਲ ਨੂੰ ਉਲਰੀ, ਕਮਲ ਇੱਕਦਮ ਇਕ ਪਾਸੇ ਨੂੰ ਹੋ ਗਈ ਅਤੇ ਬੇਲਾ ਗੋਡਿਆਂ ਪਰਨੇ ਹੇਠਾਂ ਡਿੱਗ ਪਈ।

"ਐਵੇਂ ਚਿੱਲਾ ਨਾ, ਤੈਨੂੰ ਸੱਟ-ਵੱਟ ਕੋਈ ਨਹੀਂ ਲੱਗੀ," ਹਰੀ ਨੇ ਕੰਢੇ ਵੱਲ ਵਧਦਿਆਂ ਆਖਿਆ।

"ਮੈਂ ਤਾਂ ਜਾ ਹੀ ਨਹੀਂ ਸਾਂ ਰਹੀ...."। ਬੇਲਾ ਨੇ ਉਠਦਿਆਂ ਅਤੇ ਆਪਣੇ ਗੋਡੇ ਝਾੜਦਿਆਂ ਆਖਿਆ।

"ਵੇਖੇ ਨਾ......, ਤੂੰ ਆਪਣੀ ਸਕੱਰਟ ਕਿੰਨੀ ਗੰਦੀ ਕਰ ਲਈ ਹੈ।" ਹਰੀ ਨੇ ਆਖਿਆ।

"ਲੀਲਾ ਧੋ ਦੇਵੇਗੀ।"

"ਹਾਂ....ਹਾਂ, ਲੀਲਾ ਨੂੰ ਸਾਰੇ ਕੰਮ ਕਰਨੇ ਪੈਂਦੇ ਹਨ।"

"ਤੂੰ ਕੋਈ ਮੱਛੀ-ਮੁੱਛੀ ਫੜੀ ਐ ਕਿ.....?" ਬੇਲਾ ਨੇ ਗੱਲ ਦਾ ਰੁਖ਼ ਬਦਲਣ ਲਈ ਛੇਤੀ ਦੇ ਕੇ ਪੁੱਛਿਆ।

ਉਹਨਾਂ ਨੂੰ ਹਰੀ ਦਾ ਜਾਲ ਖ਼ਾਲੀ ਦਿਸ ਰਿਹਾ ਸੀ।"

"ਤੁਸੀਂ ਘਰ ਕੁਝ ਘੋਗੇ-ਸਿੱਪੀਆਂ ਤਾਂ ਲੈ ਹੀ ਗਈਆਂ ਹੋਵੋਂਗੀਆਂ......ਕਿਉਂ.....?" ਹਰੀ ਨੇ ਪੁੱਛਿਆ।

ਉਹਨਾਂ ਵੇਖਿਆ, ਪਿੰਡ ਵਲੋਂ ਪਿੰਟੋ ਦੌੜਦਾ ਹੋਇਆ ਆ ਰਿਹਾ ਸੀ, ਜਿਵੇਂ ਉਹਨਾਂ ਨੂੰ ਸੱਦਣ ਆਇਆ ਹੋਵੇ ਕਿ ਬਹੁਤਾ ਹਨੇਰਾ ਹੋਣ ਤੋਂ ਪਹਿਲਾਂ ਘਰ ਪਰਤ ਆਉਣ। ਨਾਰੀਅਲ ਦੇ ਰੁੱਖਾਂ ਦੇ ਝੁੰਡ ਦੇ ਪਰਛਾਵੇਂ, ਸਾਰੀ ਬੀਚ 'ਤੇ ਪਸਰ ਗਏ ਸਨ। ਬਸ ਪੱਛਮ ਵੱਲ ਦੇ ਪਾਸੇ ਸੂਰਜ ਦੀ ਗੂੜ੍ਹੀ ਗੁਲਾਬੀ ਅਤੇ ਸੰਗਤਰੀ ਲੋਅ ਅਜੇ ਤੱਕ ਫਿੱਕੀ ਨਹੀਂ ਸੀ ਪਈ ਸਗੋਂ ਹੋਰ ਵੀ ਸਾਫ਼ ਤੇ ਤਿੱਖੀ ਹੋ ਗਈ ਸੀ। ਆਕਾਸ਼ ਵਿੱਚ ਸੰਝ ਦਾ ਚਮਕਦਾਰ ਤਾਰਾ ਨਿਕਲ ਆਇਆ ਸੀ। ਸ਼ੁੱਕਰ ਤਾਰਾ ਸ਼ਾਂਤ-ਅਡੋਲ ਚਮਕ ਰਿਹਾ ਸੀ, ਚੰਨ ਨਾਲੋਂ ਵੀ ਵਧੇਰੇ ਰੌਸ਼ਨ, ਸਗੋਂ ਚੰਨ ਉਸ ਦੇ ਮੁਕਾਬਲੇ 'ਤੇ ਬਹੁਤ ਫਿੱਕਾ ਜਾਪ ਰਿਹਾ ਸੀ, ਗੂੜ੍ਹੇ ਨੀਲੇ ਸੁਰਮਈ ਅਸਮਾਨ ਵਿਚ ਤਰਦੀ ਹੋਈ ਇੱਕ ਚਿੱਟੀ ਦੂਧੀਆ ਤਸ਼ਤਰੀ ਜਿਹਾ। ਹਨੇਰਾ ਹੋਰ ਵਧਿਆ, ਤਾਂ ਚੰਨ ਅਤੇ ਤਾਰਾ ਹੋਰ ਵੀ ਚਮਕਦਾਰ ਲੱਗਣ ਲੱਗ ਪਏ।

"ਪਿੰਟੋ ! ਪਿੰਟੋ !" ਕਮਲ ਨੇ ਕੁੱਤੇ ਵੱਲ ਨੂੰ ਦੌੜਦਿਆਂ 'ਪੁਚ-ਪੁਚ' ਕਰ ਕੇ ਆਖਿਆ। ਉਹਨਾਂ ਕੁੱਤੇ ਦਾ ਨਾਂ 'ਪਿੰਟੋ' ਉਸ ਆਦਮੀ ਦੇ ਨਾਂ 'ਤੇ ਰੱਖਿਆ ਸੀ, ਜਿਸ ਪਾਸੋਂ ਉਹਨਾਂ ਇਹ ਲਿਆ ਸੀ। ਉਦੋਂ ਪਿੰਟੋ ਅਜੇ ਨਿੱਕਾ ਜਿਹਾ ਕਤੂਰਾ ਹੀ ਸੀ। ਉਹ ਆਦਮੀ ਪਿੰਡ ਵਿੱਚ ਵਪਾਰ ਕਰਨ ਵਾਸਤੇ ਆਇਆ ਸੀ। ਕਿਸੇ ਨੂੰ ਵੀ ਠੀਕ ਤਰ੍ਹਾਂ ਪਤਾ ਨਹੀਂ ਸੀ ਕਿ ਉਹ ਕੀ ਵਪਾਰ ਕਰਦਾ ਸੀ। ਉਹ ਰਾਸ਼ਨ ਦੀ ਦੁਕਾਨ ਦੇ ਪਿੱਛੇ ਇੱਕ ਕੁਟੀਆ ਵਿਚ ਰਹਿੰਦਾ ਸੀ। ਉਸ ਕੋਲ ਇਕ ਕੁੱਤਾ ਸੀ, ਉਸਦਾ ਸਾਥੀ, ਉਹ ਆਪਣੀ ਰੋਟੀ ਆਪ ਬਣਾਉਂਦਾ ਸੀ। ਉਹ ਪਿੰਡ ਵਿੱਚ ਏਧਰ-ਉਧਰ ਘੁੰਮਦਾ ਫਿਰਦਾ ਰਹਿੰਦਾ ਅਤੇ ਲੋਕਾਂ ਨਾਲ ਗੱਲਾਂ ਕਰਦਾ ਰਹਿੰਦਾ। ਤਾੜੀ ਦੀ ਦੁਕਾਨ 'ਤੇ, ਉਹਨੇ ਕੁਝ ਆਦਮੀਆਂ ਨਾਲ ਦੋਸਤੀ ਪੈਦਾ ਕਰ ਲਈ ਸੀ, ਜਿਹਨਾਂ ਵਿੱਚ ਉਹਨਾਂ ਦਾ ਪਿਓ ਵੀ ਸ਼ਾਮਲ ਸੀ। ਉਹਨੇ, ਉਹਨਾਂ ਦੇ ਪਿਉ ਨੂੰ ਪੁੱਛਿਆ ਸੀ ਕਿ ਕੀ ਉਹ ਗੋਆ ਜਾਣਾ ਚਾਹਵੇਗਾ। ਉਥੇ ਉਹਨੂੰ ਬੱਜਰਿਆਂ 'ਤੇ ਕੰਮ ਕਰਨਾ ਹੋਵੇਗਾ, ਜੋ ਖਾਨਾਂ 'ਚੋਂ ਕੱਚਾ ਲੋਹਾ, ਦਰਿਆ ਰਾਹੀਂ ਢੋ ਕੇ, ਸਮੁੰਦਰ ਵਿਖੇ ਜਹਾਜ਼ਾਂ ਤੱਕ ਲਿਜਾਂਦੇ ਹਨ। ਉਹਨਾਂ ਦੇ ਪਿਉ ਨੇ ਸੋਚਿਆ ਸੀ ਕਿ ਉਹ ਗੋਆ ਚਲਿਆ ਜਾਵੇਗਾ, ਜਿਥੇ ਆਖਿਆ ਜਾਂਦਾ ਸੀ ਕਿ ਤਾੜੀ ਬਹੁਤ ਹੀ ਵਧੀਆ ਮਿਲਦੀ ਹੈ। ਅਤੇ ਉਹਨੇ ਉਸ ਆਦਮੀ ਨੂੰ ਬੱਸ ਦੇ ਕਿਰਾਏ ਵਜੋਂ ਪੰਜਾਹ ਰੁਪਏ ਦੇ ਦਿੱਤੇ ਸਨ। ਅਤੇ ਫਿਰ, ਜਿਸ ਦਿਨ ਉਹਨਾਂ ਪਿੰਡ ਦੇ ਕੁਝ ਹੋਰ ਬੇਰੋਜ਼ਗਾਰ ਬੰਦਿਆਂ ਨਾਲ ਗੋਆ ਲਈ ਰਵਾਨਾ ਹੋਣਾ ਸੀ, ਪਿੰਟੋ, ਉਸ ਤੋਂ ਪਹਿਲਾਂ ਗ਼ਾਇਬ ਹੋ ਗਿਆ ਸੀ। ਉਹਨਾਂ ਦੇ ਪਿਉ ਨੂੰ ਇਸ ਗੱਲ ਦਾ ਯਕੀਨ ਨਹੀਂ ਸੀ ਆ ਰਿਹਾ ਅਤੇ ਉਹ ਸਾਰਾ ਦਿਨ, ਤਾੜੀ ਦੀ ਦੁਕਾਨ 'ਤੇ ਗੁੰਮ-ਸੁੰਮ ਬੈਠਾ ਰਿਹਾ ਸੀ। ਸਕੂਲ ਤੋਂ ਘਰ ਆਉਂਦਿਆਂ ਕਮਲ ਨੇ, ਕੁੱਤੇ ਨੂੰ ਅਤੇ ਕਤੂਰਿਆਂ ਨੂੰ, ਸੁੰਨ-ਮਸਾਣ ਕੁਟੀਆ ਵਿੱਚ ਰੋਂਦਿਆ ਤੇ ਚੀਂ-ਚੀਂ- ਚੂੰ-ਚੂੰ ਕਰਦਿਆਂ ਸੁਣਿਆ ਸੀ ਅਤੇ ਉਹਨੇ, ਉਹਨਾਂ ਕਤੂਰਿਆਂ 'ਚੋਂ, ਸੱਭ ਤੋਂ ਛੋਟੇ ਅਤੇ ਸੱਭ ਤੋਂ ਮਾੜੇ ਕਤੂਰੇ ਨੂੰ ਚੁੱਕ ਕੇ ਘਰ ਲੈ ਆਂਦਾ ਸੀ। ਆਪਣੇ ਪਿਉ ਦੇ ਪੰਜਾਹ ਰੁਪਿਆਂ ਦੇ ਬਦਲੇ, ਉਹਨਾਂ ਨੂੰ ਬਸ ਇਹੀ ਕੁੱਝ ਮਿਲਿਆ ਸੀ। ਮਗਰੋਂ ਉਹਨਾਂ ਨੂੰ ਪਤਾ ਲੱਗਾ ਕਿ ਪਿੰਟੋ ਹੋਰ ਵੀ ਕਈ ਬੰਦਿਆਂ ਨੂੰ ਧੋਖਾ ਦੇ ਗਿਆ ਹੈ।

ਅਲਬੱਤਾ ਕੋਈ ਵੀ, ਉਸ ਦੇ ਕੁੱਤੇ ਜਾਂ ਉਸ ਦੇ ਕਤੂਰਿਆਂ ਬਾਰੇ ਇਹ ਨਹੀਂ ਸੀ ਆਖ ਸਕਦਾ। ਪਿੰਟੋ ਨਿੱਕਾ ਜਿਹਾ ਸੀ, ਜੱਤਲ, ਚਿੱਟੇ-ਭੂਰੇ ਰੰਗ ਦਾ, ਸ਼ੇਰ ਵਾਂਗ ਦਲੇਰ। ਉਹਨੂੰ ਕਮਲ ਨਾਲ ਪਿਆਰ ਸੀ, ਜਿਸ ਨੇ ਉਹਨੂੰ ਬਚਾਇਆ ਸੀ। ਪਰ ਉਹ ਸੱਭ ਤੋਂ ਵੱਧ ਸਮਰਪਿਤ ਸੀ, ਲੀਲਾ ਪ੍ਰਤਿ, ਜੋ ਸਾਰਾ ਦਿਨ, ਉਸ ਦੇ ਨਾਲ, ਘਰ ਹੀ ਰਹਿੰਦੀ ਸੀ ਅਤੇ ਉਹਨੇ ਕਦੇ ਵੀ ਉਸ ਵਲੋਂ ਮੂੰਹ ਨਹੀਂ ਸੀ ਮੋੜਿਆ। ਇੱਕ ਹਰੀ ਹੀ ਸੀ, ਜਿਹਨੇ ਕਦੇ ਵੀ ਉਹਨੂੰ ਹੱਥ ਨਹੀਂ ਸੀ ਲਾਇਆ ਅਤੇ ਉਹਦੇ ਵੱਲ ਹਮੇਸ਼ਾ ਹੀ ਦੋਸ਼ੀਆਂ ਵਾਂਗ ਵੇਖਿਆ ਸੀ। ਜਦ ਕਦੇ ਵੀ ਉਹ ਪਿੰਟੋ ਨੂੰ ਵੇਖਦਾ, ਉਹਨੂੰ ਆਪਣੇ ਪਿਉ ਦੀ ਮੂਰਖਤਾ ਦਾ ਚੇਤਾ ਆ ਜਾਂਦਾ। ਪਿੰਡ ਦੇ ਹੋਰ ਵੀ ਕਈ ਬੰਦੇ ਬੁੱਧੂ ਬਣਾਏ ਗਏ ਸਨ। ਹਕੀਕਤ ਇਹ ਹੈ ਕਿ ਪਹਿਲਾਂ ਵੀ ਅਜਿਹਾ ਹੁੰਦਾ ਰਿਹਾ ਸੀ- ਚਤੁਰ ਚਾਲਬਾਜ਼ ਲੋਕ, ਸ਼ਹਿਰ ਤੋਂ ਆਉਂਦੇ ਅਤੇ ਭੋਲੇ-ਭਾਲੇ ਬੇਸਮਝ ਪੇਂਡੂਆਂ ਨੂੰ ਧੋਖਾ ਦੇ ਕੇ ਤੁਰ ਜਾਂਦੇ। ਹਰੀ ਇਸ ਬਾਰੇ ਸੋਚਦਾ ਤਾਂ ਉਸਨੂੰ ਜਿਵੇਂ ਝੱਲ ਜਿਹਾ ਚੜ੍ਹ ਜਾਂਦਾ। ਉਹ ਚਲਾਕ ਤਾਂ ਨਹੀਂ ਸੀ ਪਰ ਉਸਨੂੰ ਬੁੱਧੂ ਨਹੀਂ ਸੀ ਬਣਾਇਆ ਜਾ ਸਕਦਾ।

ਉਹ ਕੁੱਤੇ ਦੇ, ਅਤੇ ਦੋਵਾਂ ਕੁੜੀਆਂ ਦੇ ਪਿੱਛੇ-ਪਿੱਛੇ, ਹੌਲੀ-ਹੌਲੀ ਤੁਰਦਾ ਗਿਆ, ਤੁਰਦਾ

ਗਿਆ। 'ਮੌਨ ਰੀਪੋਜ਼' ਦੀਆਂ ਚਿੱਟੀਆਂ ਡਰਾਉਣੀਆਂ ਕੰਧਾਂ ਕੋਲੋਂ ਦੀ ਹੁੰਦੇ ਹੋਏ, ਉਹ ਆਪਣੀ ਝੁੱਗੀ ਕੋਲ ਪਹੁੰਚ ਗਏ, ਜਿੱਥੇ ਇੱਕ ਦੀਵਾ ਬਲ ਰਿਹਾ ਸੀ ਅਤੇ ਲੀਲਾ ਉਹਨਾਂ ਲਈ ਰਾਤ ਦੀ ਰੋਟੀ ਬਣਾ ਰਹੀ ਸੀ।

ਰੋਟੀ ਵਿਚ ਕੀ ਸੀ? ਗਰਮ-ਗਰਮ ਕੜ੍ਹੀ ਬਹੁਤਾ ਕਰਕੇ ਹਰੀਆਂ ਮਿਰਚਾਂ ਦੀ ਬਣੀ, ਅਤੇ ਥੋੜ੍ਹੇ ਕੁ ਘੋਗੇ-ਸਿੱਪੀਆਂ ਜੋ ਕੁੜੀਆਂ ਇਕੱਠੇ ਕਰ ਕੇ ਲਿਆਈਆਂ ਸਨ, ਲਾਲ-ਲਾਲ ਤਰੀ ਵਿਚ ਤਰਦੇ ਹੋਏ, ਅਤੇ ਕੁੱਝ ਮੋਟੇ ਘਟੀਆ ਜਿਹੇ ਚੌਲ ਜੋ ਉਹਨਾਂ ਪਿੰਡ ਦੀ ਦੁਕਾਨ ਤੋਂ ਸਸਤੇ ਭਾਅ ਖ਼ਰੀਦੇ ਸਨ।

ਲੀਲਾ ਥਾਲੀ ਭਰ ਕੇ ਅੰਦਰ ਆਪਣੀ ਮਾਂ ਲਈ ਲੈ ਗਈ ਅਤੇ ਫਿਰ ਆਪ ਰਸੋਈ ਵਿੱਚ ਥੱਲੇ ਬਹਿ ਕੇ ਆਪਣੀਆਂ ਭੈਣਾਂ ਅਤੇ ਭਰਾ ਨਾਲ ਖਾਣ ਲੱਗ ਪਈ। ਪਿੰਟੋ ਚੁੱਪ-ਚਾਪ, ਖ਼ਾਮੋਸ਼ ਥੋੜ੍ਹੀ-ਬਹੁਤ ਬਚ-ਖੁਚ ਦੀ ਉਡੀਕ ਕਰਨ ਲੱਗਾ।

"ਪਿਤਾ ਕਿਥੇ ਹੈ?" ਹਰੀ ਨੇ ਹਲਕੀ ਜਿਹੀ ਆਵਾਜ਼ 'ਚ ਪੁੱਛਿਆ। "ਬਾਹਰ ਗਿਐ?" ਲੀਲਾ ਨੇ ਸਿਰ ਹਿਲਾਇਆ। ਉਹਨਾਂ ਦੋਵਾਂ ਨੇ ਸੁੱਖ ਦਾ ਸਾਹ ਲਿਆ ਕਿ ਉਹ ਘਰੋਂ ਬਾਹਰ ਹੈ। ਅਤੇ ਫਿਰ ਉਹ ਉਦਾਸ ਹੋ ਗਏ, ਕਿਉਂਕਿ ਉਹਨਾਂ ਨੂੰ ਪਤਾ ਸੀ ਕਿ ਉਹ ਤਾੜੀ ਦੀ ਦੁਕਾਨ 'ਤੇ ਗਿਆ ਹੈ, ਪਿੰਡ ਦੇ ਹੋਰ ਸ਼ਰਾਬੀਆਂ ਨਾਲ, ਸਾਰੀ ਰਾਤ ਪੀਣ ਵਾਸਤੇ।

ਕਾਫ਼ੀ ਰਾਤ ਗਏ, ਲੀਲਾ ਤੇ ਹਰੀ ਨੇ ਜੋ ਹਾਲੇ ਤੱਕ ਵੀ ਜਾਗ ਰਹੇ ਸਨ, ਕੁੱਝ ਬੰਦਿਆਂ ਦੇ ਘਰ ਆਉਣ ਦੀ ਬਿੜਕ ਸੁਣੀ-ਉਹਨਾਂ ਦਾ ਪਿਉ ਅਤੇ ਗੁਆਂਢੀ ਫ਼ਾਰਮ ਦੇ ਤਿੰਨ ਭਰਾ, ਜੋ ਹਰ ਰਾਤ ਇਕੱਠੇ ਤਾੜੀ ਪੀਂਦੇ ਸਨ। ਚੰਨ ਛੁਪ ਚੁੱਕਾ ਸੀ ਅਤੇ ਗੂੜ੍ਹਾ ਸੰਘਣਾ ਹਨੇਰਾ ਹੋ ਗਿਆ ਸੀ। ਲਿਸ਼ਕਦੇ ਟਿਮਟਿਮਾਂਦੇ ਤਾਰੇ ਰੇਤਲੀ ਬੀਚ ਨੂੰ ਰੁਸ਼ਨਾ ਰਹੇ ਸਨ, ਪਰ ਉਹਨਾਂ ਦੀ ਲੋਅ ਨਾਰੀਅਲ ਦੇ ਝੁੰਡ ਦੇ ਘਣੇ-ਸੰਘਣੇ ਪੱਤਿਆਂ ਵਿੱਚੋਂ ਦੀ ਛਣ ਕੇ, ਹੇਠਾਂ ਨਹੀਂ ਸੀ ਜਾ ਰਹੀ, ਇਸ ਲਈ ਰੁੱਖਾਂ ਦੇ ਝੁੰਡ ਥੱਲੇ ਘੁੱਪ ਘੋਰ ਹਨੇਰਾ ਸੀ। ਬੰਦਿਆਂ ਕੋਲ, ਜਦੋਂ ਉਹ ਪਿੰਡੋਂ ਚਲੇ ਸਨ, ਇਕ ਲਾਲਟੈਨ ਸੀ, ਪਰ ਉਹਨਾਂ ਦੇ ਆਪੋ ਵਿੱਚ ਅਤੇ ਰੁੱਖਾਂ ਦੇ ਤਣਿਆਂ ਨਾਲ ਟਕਰਾਉਣ ਕਰਕੇ, ਉਹ ਡਿੱਗ ਕੇ, ਟੁੱਟ ਗਈ ਸੀ। ਜਦੋਂ ਲਾਲਟੈਨ ਚੂਰ-ਚੂਰ ਹੋਈ ਸੀ ਅਤੇ ਉਸਦੇ ਟੁਕੜਿਆਂ ਦੇ ਪੱਥਰਾਂ ਵਿੱਚ ਵੱਜਣ ਨਾਲ ਟੁਣਕਾਰ ਪੈਦਾ ਹੋਈ ਸੀ, ਤਾਂ ਬੰਦੇ ਖ਼ੂਬ ਹੱਸੇ ਸਨ। ਇਹ ਤਾਂ ਉਹਨਾਂ ਦੇ ਘਰ ਵਾਲੀਆਂ ਸਨ, ਜੋ ਨਵੀਂ ਲਾਲਟੈਨ ਅਤੇ ਹੋਰ ਤੇਲ ਦੇ ਖ਼ਰਚ ਬਾਰੇ ਚਿੰਤਾ ਕਰਨਗੀਆਂ ਅਤੇ ਨੁਕਸਾਨ 'ਤੇ ਰੋਣਗੀਆਂ। ਹੁਣ ਉਹ ਬੰਦੇ, ਹਨੇਰੇ ਵਿੱਚ, ਇੱਕ ਦੂਸਰੇ ਨੂੰ ਆਵਾਜ਼ਾਂ ਦਿੰਦੇ ਅਤੇ ਆਪਣੇ-ਆਪ ਨੂੰ ਚੜ੍ਹਦੀਆਂ ਕਲਾ 'ਚ ਰੱਖਣ ਲਈ ਗਾਉਂਦੇ-ਗੁਣਗੁਣਾਉਂਦੇ, ਆਪਣੇ ਘਰ ਦਾ ਰਾਹ ਢੂੰਡਣ ਦੇ ਯਤਨ ਕਰ ਰਹੇ ਸਨ। ਉਹ ਏਨਾ ਰੌਲਾ-ਰੱਪਾ ਪਾ ਰਹੇ ਸਨ ਕਿ ਥਲ ਦੇ ਸਾਰੇ ਆਵਾਰਾ ਕੁੱਤੇ ਉਹਨਾਂ ਦਾ ਰੌਲਾ ਸੁਣ ਕੇ ਜਾਗ ਪਏ ਅਤੇ ਡਰ ਤੇ ਰੋਸ 'ਚ ਉੱਚੀ-ਉੱਚੀ ਭੌਂਕਣ ਲੱਗ ਪਏ।

ਲੀਲਾ ਅਤੇ ਹਰੀ, ਜਿਹਨਾਂ ਨੂੰ ਪਤਾ ਸੀ ਕਿ ਉਹਨਾਂ ਦਾ ਪਿਉ ਵੀ, ਉਹਨਾਂ ਬੰਦਿਆਂ ਵਿੱਚ ਹੈ, ਨੇ ਆਪਣੇ ਸਿਰਾਂ ਨੂੰ ਆਪਣੇ ਸਿਰਹਾਣਿਆਂ ਨਾਲ ਢੱਕ ਕੇ, ਉਹਨਾਂ ਆਵਾਜ਼ਾਂ ਤੋਂ ਬਚਣ ਦਾ ਯਤਨ ਕੀਤਾ। ਲੀਲਾ ਨੂੰ ਉਸ ਰੌਲੇ ਨਾਲ ਏਨੀ ਨਫ਼ਰਤ ਸੀ, ਉਸ ਸ਼ੋਰ ਤੋਂ ਏਨਾ ਡਰ ਆਉਂਦਾ ਸੀ ਕਿ ਉਹ ਆਪਣੇ-ਆਪ ਵਿੱਚ ਚੀਖ਼ ਉੱਠੀ। ਹਰੀ ਚੀਖ਼ਿਆ ਤਾਂ ਨਾ ਪਰ ਉਹਨੇ ਆਪਣੇ ਬੁੱਲ੍ਹ ਟੁੱਕ ਲਏ ਅਤੇ ਸੋਚਣ ਲੱਗ ਪਿਆ। "ਹੋ ਸਕਦਾ ਹੈ ਕਿ ਕੋਈ ਜ਼ਹਿਰੀਲਾ ਸੱਪ ਉਸਨੂੰ ਡੱਸ ਲਏ! ਹੋ ਸਕਦਾ ਹੈ ਕਿ ਉਸਦਾ ਪੈਰ ਕਿਸੇ ਸੱਪ ਦੀ ਸਿਰੀ 'ਤੇ ਪੈ ਜਾਏ

ਅਤੇ ਸੱਪ ਉਸ ਨੂੰ ਡੱਸ ਲਏ! ਉਥੇ ਏਨੇ ਸਾਰੇ ਸੱਪ ਸਨ ਅਤੇ ਉਤੋਂ ਹਨ੍ਹੇਰਾ ਸੀ, ਫਿਰ ਤਾਂ ਉਹ ਮਰ ਜਾਏਗਾ।" ਉਹਨੇ ਇਹ ਡਰ ਵਿੱਚ ਨਹੀਂ ਸੀ ਆਖਿਆ, ਸਗੋਂ ਆਸ-ਉਮੀਦ ਨਾਲ ਆਖਿਆ ਸੀ, ਜਿਵੇਂ ਕਿ ਉਹ ਚਾਹੁੰਦਾ ਸੀ ਕਿ ਇਹੀ ਕੁਝ ਹੀ ਹੋਵੇ।

ਥੋੜ੍ਹੇ ਚਿਰ ਪਿੱਛੋਂ, ਅਗਲੇ ਦਰਵਾਜ਼ੇ 'ਤੇ ਜ਼ੋਰ-ਜ਼ੋਰ ਦੀ ਥੱਪ-ਥੱਪ ਹੋਈ। ਉਹਨਾਂ ਦੇ ਪਿਉ ਨੇ ਦਰਵਾਜ਼ਾ ਠਾਹ ਦੇ ਕੇ ਖੋਲ੍ਹਿਆ, ਸਾਰਾ ਘਰ ਹੀ ਥੱਰਥਰਾ ਉਠਿਆ, ਜਿਵੇਂ ਕੰਧਾਂ ਹਿੱਲ ਗਈਆਂ ਹੋਣ ਅਤੇ ਨਾਰੀਅਲ ਦੇ ਪੱਤਿਆਂ ਦੀ ਛੱਤ ਖੜ-ਖੜ ਕਰਨ ਲੱਗ ਪਈ ਹੋਵੇ। ਪਿੰਟੋ ਉੱਠ ਖੜਾ ਹੋਇਆ ਅਤੇ ਉਹਨੇ ਉੱਚੀ ਦੇ ਕੇ ਭੌਂਕਣਾ ਸ਼ੁਰੂ ਕੀਤਾ। ਉਹਨਾਂ ਦੇ ਪਿਉ ਨੇ ਉਸ ਨੂੰ ਪੁਚਕਾਰਿਆ, ਉਹ ਏਧਰ-ਉਧਰ ਟੱਕਰਾਇਆ ਅਤੇ ਡਿੱਗਦਾ-ਢਹਿੰਦਾ ਉਹਨਾਂ ਦੀ ਮਾਂ ਦੇ ਕਮਰੇ ਵਿਚ ਜਾ ਵੜਿਆ। ਉਹਨੇ ਮਾਂ ਨੂੰ ਰੋਹ ਤੇ ਰੋਸ ਵਿੱਚ ਕੁਝ ਆਪਦਿਆਂ ਸੁਣਿਆ, ਪਰ ਉਹ ਉਸਨੂੰ ਘੂਰਕ ਕੇ ਪਿਆ, ਅਤੇ ਫਿਰ ਧਾਅ ਦੇ ਕੇ, ਢਹਿ ਪਿਆ ਅਤੇ ਘੁਰਾੜੇ ਮਾਰਨ ਲੱਗ ਪਿਆ।

ਫਿਰ ਹਰ ਪਾਸੇ ਖ਼ਾਮੋਸ਼ੀ ਛਾ ਗਈ। ਪਰ ਇਹ ਖ਼ਾਮੋਸ਼ੀ ਚੁੱਪ-ਸ਼ਾਂਤ ਅਤੇ ਮਨ-ਮੋਹਿਕ ਨਹੀਂ ਸੀ ਸਗੋਂ ਸਹਿਮ, ਗ਼ੁੱਸੇ ਅਤੇ ਵਹਿਮ ਨਾਲ ਭਰੀ ਹੋਈ ਸੀ।

# ਕਾਂਡ ਦੋ

ਲੀਲਾ ਅੱਜ ਥਲ ਦੇ ਬਾਜ਼ਾਰ ਜਾਵੇਗੀ। ਉਹਨੇ ਚੌਲ ਖ਼ਰੀਦਣੇ ਸਨ ਅਤੇ ਸ਼ਾਇਦ ਕੁੱਝ ਚੀਨੀ ਤੇ ਚਾਹ ਵੀ । ਹਰੀ ਨੇ ਨਾਰੀਅਲ ਦੇ ਛੇ ਗੁੱਛੇ ਲਾਹ ਕੇ, ਮਾਲਾਬਾਰੀਆਂ ਪਾਸ ਵੇਚੇ ਸਨ, ਜੋ ਬੰਬਈ ਤੋਂ ਇੱਕ ਲਾਰੀ ਵਿੱਚ ਆਏ ਸਨ। ਇਸ ਲਈ, ਲੀਲਾ ਪਾਸ ਖ਼ਰਚਣ ਵਾਸਤੇ ਕੁਝ ਪੈਸੇ ਸਨ। ਬੇਲਾ ਤੇ ਕਮਲ ਦੇ ਸਕੂਲ ਚਲੇ ਜਾਣ ਮਗਰੋਂ, ਉਹਨੇ ਉਸ ਕਮਰੇ ਦੇ ਜੋ ਉਸ ਦਾ ਅਤੇ ਉਸ ਦੀਆਂ ਭੈਣਾਂ ਦਾ ਸਾਂਝਾ ਸੀ, ਇੱਕ ਖੂੰਜੇ ਵਿਚ ਰੱਖੇ ਹਰੇ ਰੰਗ ਦੇ ਟੀਨ ਦੇ ਟਰੰਕ ਵਿਚੋਂ, ਸਭ ਤੋਂ ਵਧੀਆ ਸਾੜ੍ਹੀ ਕੱਢੀ ਅਤੇ ਉਹ ਪਹਿਨ ਲਈ। ਇਹ ਸਾੜ੍ਹੀ ਗੁਲਾਬੀ ਰੰਗ ਦੀ ਸੀ ਅਤੇ ਉਸ ਉਤੇ ਬਦਾਮੀ ਫੁੱਲਾਂ ਦਾ ਨਮੂਨਾ ਬਣਿਆ ਹੋਇਆ ਸੀ ਅਤੇ ਉਸ ਦੀ ਕਿਨਾਰੀ ਕਿਰਮਚੀ ਰੰਗ ਦੀ ਸੀ। ਉਹ ਕਾਫ਼ੀ ਸਸਤੀ ਸੂਤੀ ਸਾੜ੍ਹੀ ਸੀ ਪਰ ਲੀਲਾ ਉਸ ਨੂੰ ਏਨਾ ਘੱਟ ਪਾਉਂਦੀ ਸੀ ਕਿ ਉਹ ਹਾਲੇ ਵੀ ਨਵੀਂ ਹੀ ਲੱਗਦੀ ਸੀ। ਇਸ ਸਾੜ੍ਹੀ ਨੂੰ ਪਾ ਕੇ, ਉਹ ਉਮਰ ਨਾਲੋਂ ਕਿਤੇ ਛੋਟੀ ਉਮਰ ਦੀ ਅਤੇ ਕਿਤੇ ਜ਼ਿਆਦਾ ਖ਼ੂਬਸੂਰਤ ਜਾਪਦੀ ਸੀ, ਜਦ ਕਿ ਉਹ ਰੋਜ਼ਮੱਰਾ ਦੀ ਸਾੜ੍ਹੀ ਵਿਚ ਮਲਬੂਸ ਹੁੰਦੀ, ਜੋ ਹਮੇਸ਼ਾ ਜਾਂ ਤਾਂ ਗੂੜ੍ਹੇ ਹਰੇ ਰੰਗ ਦੀ ਜਾਂ ਗੂੜ੍ਹੇ ਜਾਮਣੀ ਰੰਗ ਦੀ ਹੁੰਦੀ ਅਤੇ ਉਸ 'ਤੇ ਕੋਈ ਨਮੂਨਾ ਨਾ ਹੁੰਦਾ। ਉਹ ਮੋਟੇ ਕੱਪੜੇ ਦੀ ਹੁੰਦੀ ਅਤੇ ਕਾਫ਼ੀ ਘੱਸ-ਹੰਢ ਚੁੱਕੀ ਹੁੰਦੀ। ਉਹਨੇ ਆਪਣੇ ਆਪ ਨੂੰ ਕਾਫ਼ੀ ਛੋਟੀ ਅਤੇ ਖ਼ੁਸ਼-ਖ਼ੁਸ਼ ਮਹਿਸੂਸ ਕੀਤਾ ਅਤੇ ਉਹਨੇ ਰਸੋਈ ਦੇ ਬੂਹੇ ਉਤਲੇ ਕਿੱਲ ਤੋਂ ਥੈਲਾ ਲਿਆ, ਆਪਣੀ ਮਾਂ ਨੂੰ ਅਲਵਿਦਾਅ ਆਖੀ ਜੋ ਸੁੱਤੀ ਹੋਈ ਜਾਪ ਰਹੀ ਸੀ। ਉਹਨੇ ਕੋਈ ਉਤਰ ਨਾ ਦਿੱਤਾ। ਲੀਲਾ ਬੀਚ ਦੇ ਰਾਹ 'ਤੇ ਪੈ ਗਈ, ਜੋ ਸਵੇਰ ਦੀ ਲੋਅ ਵਿੱਚ ਲਿਸ਼ਕ ਰਹੀ ਸੀ ਅਤੇ ਤਪ ਗਈ ਸੀ।

ਕੁਝ ਹੋਰ ਇਸਤਰੀਆਂ ਵੀ ਬਾਜ਼ਾਰ ਵਲ ਜਾ ਰਹੀਆਂ ਸਨ। ਉਹਨਾਂ ਪਾਸ ਤੇਜ਼ ਤਿੱਖੀ, ਅੱਖਾਂ ਨੂੰ ਚੁੰਧਿਆਉਣ ਵਾਲੀ ਧੁੱਪ ਤੋਂ ਬਚਣ ਵਾਸਤੇ ਵੱਡੀਆਂ-ਵੱਡੀਆਂ ਕਾਲੀਆਂ ਛੱਤਰੀਆਂ ਸਨ। ਸਾਰਾ ਸਮੁੰਦਰ ਪ੍ਰਤਿਬਿੰਬਤ ਲੋਅ ਨਾਲ ਲਿਸ਼ਕ ਰਿਹਾ ਸੀ, ਜਿਵੇਂ ਕੋਈ ਨਿੱਕੇ-ਨਿੱਕੇ ਟੁਕੜਿਆਂ ਵਿੱਚ ਟੁੱਟਾ ਹੋਇਆ ਸ਼ੀਸ਼ਾ ਚਮਕ ਰਿਹਾ ਹੋਵੇ। ਬਸ ਉਸ ਸਾਰੀ ਚਮਕ ਵਿਚ ਅੰਧੇਰੀ ਅਤੇ ਕੰਧੇਰੀ ਦੇ ਦੋ ਛੋਟੇ-ਛੋਟੇ ਚੱਟਾਨੀ ਜਜ਼ੀਰੇ, ਦੋ ਧੱਬਿਆਂ ਵਾਂਗ ਜਾਪ ਰਹੇ ਸਨ। ਉਹਨਾਂ ਵਿਚੋਂ ਇਕ 'ਚ ਇਕ ਨਿੱਕਾ ਜਿਹਾ ਕਿਲ੍ਹਾ ਸੀ, ਬਹੁਤ ਸਮਾਂ ਪਹਿਲਾਂ ਦਾ ਬਣਿਆ, ਅਤੇ ਜੋ ਹੁਣ ਖ਼ਾਲੀ ਪਿਆ ਸੀ। ਉਸ ਵਿੱਚ ਕੇਵਲ ਕਿਰਲੇ-ਕਿਰਲੀਆਂ ਦਾ ਵਾਸਾ ਸੀ। ਨਿੱਕੀ-ਨਿੱਕੀ ਪੌਣ ਰੁਮਕ ਰਹੀ ਸੀ ਅਤੇ ਵੱਡੇ-ਵੱਡੇ ਬੱਜਰੇ ਤੇ ਬੇੜੀਆਂ, ਪੰਛੀਆਂ ਵਾਂਗ, ਏਧਰ-ਓਧਰ ਬੜੀ ਤੇਜ਼ੀ ਨਾਲ ਘੁੰਮ ਫਿਰ ਰਹੇ ਸਨ ਅਤੇ ਸਾਹਿਲ ਤੋਂ ਮਾਲ-ਅਸਬਾਬ ਗੁਜਰਾਤ ਅਤੇ ਸੋਰਾਸ਼ਟਰ ਨੂੰ ਲਿਜਾ ਰਹੇ ਸਨ।

ਬੀਚ 'ਤੇ ਕੁਝ ਹਲਚਲ ਹੋ ਰਹੀ ਸੀ, ਜਿੱਥੇ ਇੱਕ ਲਾਰੀ ਆ ਕੇ ਰੁਕੀ ਸੀ ਅਤੇ ਉਸ 'ਚੋਂ ਕੁੱਝ ਇਮਾਰਤੀ ਲੱਕੜੀ ਲਾਹੀ ਗਈ ਸੀ। ਹੁਣ ਉਹ ਰੇਤ ਵਿੱਚ ਫਸੀ ਪਈ ਸੀ। ਡਰਾਈਵਰ ਉਚੀ-ਉਚੀ ਕੁੱਝ ਬੁਰਾ ਭਲਾ ਬੋਲ ਰਿਹਾ ਸੀ। ਪਿੰਡ ਦੇ ਕੁੱਝ ਮੁੰਡੇ, ਜੋ ਸਕੂਲ ਨਹੀਂ ਸੀ ਜਾਂਦੇ , ਮਦਦ ਲਈ ਆ ਗਏ। ਉਹ ਲਾਰੀ ਦੇ ਪਹੀਆਂ ਹੇਠਾਂ ਰੇਤ ਉਤੇ ਨਾਰੀਅਲ ਦੇ ਪੱਤੇ ਵਿਛਾ ਰਹੇ ਸਨ ਅਤੇ ਲਾਰੀ ਨੂੰ ਲੀਹ 'ਚੋਂ ਕੱਢ ਕੇ, ਉਹਨਾਂ ਉਤੇ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਜਿਉਂ ਹੀ ਲੀਲਾ ਉਥੋਂ ਲੰਘੀ, ਪੱਹੀਏ ਤੇਜ਼ੀ ਨਾਲ ਘੁੰਮੇ, ਚੀਕੇ, ਉਹਨਾਂ ਰੇਤ ਉਪਰ ਨੂੰ ਉਲਾਰੀ ਅਤੇ ਫਿਰ ਲਾਰੀ ਨੇ ਜ਼ੋਰ-ਜ਼ੋਰ ਦੀ ਘਰਰ-ਘਰਰ ਕੀਤੀ, ਅਤੇ ਹੇਠਾਂ ਉੱਤੇ ਹੁੰਦੀ, ਡਿੱਕੇ ਡੋਲੇ ਖਾਂਦੀ, ਲਾਰੀ ਆਪਣੇ ਰਾਹ ਪੈ ਗਈ।

"ਅਗਲੀ ਵਾਰੀ ਲੱਕੜ ਬੈਲ-ਗੱਡੀ ਵਿਚ ਘੱਲਣਾ.... "ਮੁੰਡਿਆਂ ਵਿਚੋਂ ਇਕ ਨੇ ਡਰਾਈਵਰ ਦੇ ਪਿੱਛੇ ਚਿੱਲਾ ਕੇ ਆਖਿਆ ਅਤੇ ਉਹ ਸਾਰੇ ਹੂ-ਹੱਲਾ ਮਚਾਉਣ ਅਤੇ ਹੱਸਣ ਲੱਗ ਪਏ।

"ਤੁਹਾਡਾ ਕੀ ਖ਼ਿਆਲ ਹੈ ਕਿ ਮੈਂ ਬੈਲ ਗੱਡੀ ਚਲਾਵਾਂਗਾ..... "ਡਰਾਈਵਰ ਨੇ ਖਿੜਕੀ ਵਿਚੋਂ ਚਿੱਲਾ ਕੇ ਆਖਿਆ। "ਬਲਦ ਤੇਰੀ ਇਸ ਅਨੋਖੀ ਮੋਟਰ ਵਾਂਗ, ਰੇਤ ਵਿਚ ਨਹੀਂ ਅੜਦੇ..." ਮੁੰਡੇ ਉੱਚੀ-ਉੱਚੀ ਕੂਕੇ, ਪਰ ਉਹ ਜਾ ਚੁੱਕਾ ਸੀ।

ਲੀਲਾ ਹੋਰ ਕੁੱਝ ਸੁਣਨ ਲਈ ਰੁਕੀ ਨਹੀਂ, ਸਗੋਂ ਤੇਜ਼-ਤੇਜ਼ ਤੁਰਦੀ ਗਈ। ਤੱਤੀ ਰੇਤ 'ਤੇ ਉਸ ਦੇ ਪੈਰਾਂ ਦੀਆਂ ਤਲੀਆਂ ਸੜ ਰਹੀਆਂ ਸਨ। ਫਿਰ ਉਹ ਬੋਹੜ ਦੇ ਵੱਡੇ-ਵੱਡੇ ਰੁੱਖਾਂ ਅਤੇ ਹਲਕੇ ਫੁਲਕੇ ਪੱਤਿਆਂ ਵਾਲੇ ਸੁਹਾਜਣਾਂ ਦੇ ਬਿਰਛਾਂ ਪਾਸ ਪਹੁੰਚ ਗਈ, ਜੋ ਪਿੰਡ ਦੇ ਆਲੇ-ਦੁਆਲੇ ਪੱਧਰੀ-ਸਪਾਟ ਤਪੀ-ਝੁਲਸੀ ਧਰਤੀ ਉਤੇ, ਕੁਝ ਛਾਂ ਕਰ ਰਹੇ ਸਨ ਅਤੇ ਏਥੇ ਕੁਝ ਠੰਡਕ ਸੀ।

ਪਿੰਡ ਦੀ , ਬਾਜ਼ਾਰ ਵਲ ਜਾਂਦੀ ਸੜਕ ਦੇ ਦੋਵਾਂ ਪਾਸਿਆਂ 'ਤੇ ਘਰ ਸਨ, ਕੁੱਝ ਪੱਕੀਆਂ ਇੱਟਾਂ ਦੇ ਬਣੇ, ਕਲੀ ਕੀਤੇ, ਜਿਹਨਾਂ ਦੇ ਵਰਾਂਡਿਆਂ ਦੀਆਂ ਕੰਧਾਂ 'ਤੇ ਸ਼ੋਖ਼ ਫੁੱਲ-ਬੂਟਿਆਂ ਦੇ ਨਮੂਨੇ ਬਣੇ ਹੋਏ ਸਨ, ਕੁੱਝ ਹੋਰ ਮਿੱਟੀ-ਗਾਰੇ ਦੇ ਬਣੇ ਹੋਏ ਸਨ, ਜਿਹਨਾਂ ਦੀਆਂ ਛੱਤਾਂ ਨਾਰੀਅਲ ਦੇ ਪੱਤਿਆਂ ਦੀਆਂ ਸਨ। ਪਰ ਘਰ ਚਾਹੇ ਵੱਡੇ ਸਨ ਜਾਂ ਛੋਟੇ, ਅਮੀਰਾਂ ਦੇ ਸਨ ਜਾਂ ਗ਼ਰੀਬਾਂ ਦੇ, ਹਰ ਇੱਕ ਘਰ 'ਚ ਅਗਲੇ ਦਰਵਾਜ਼ੇ ਦੇ ਕੋਲ ਗਮਲੇ ਵਿੱਚ ਲਾਇਆ ਤੁਲਸੀ ਦਾ ਪਵਿੱਤਰ ਪੌਦਾ ਜ਼ਰੂਰ ਸੀ। ਬੱਚੇ ਅਤੇ ਡੱਗ ਕੁੱਤੇ ਧੂੜ-ਮਿੱਟੀ ਵਿੱਚ ਖੇਡ ਰਹੇ ਸਨ, ਇਸਤਰੀਆਂ ਚੌਲ ਸਾਫ਼ ਕਰ ਰਹੀਆਂ ਸਨ ਜਾਂ ਫਿਰ ਗੰਦੇ ਪਾਣੀ ਦੀਆਂ ਬਾਲਟੀਆਂ, ਬਾਹਰ ਬੀਹੀ ਵਿੱਚ ਸੁੱਟ ਰਹੀਆਂ ਸਨ।

ਗਲੀ ਦੇ ਸਿਰੇ 'ਤੇ ਮੰਦਰ ਸੀ। ਉਹ ਬਹੁਤ ਪੁਰਾਣਾ ਜਾਂ ਸੁਹਣਾ ਨਹੀਂ ਸੀ। ਇੱਟਾਂ ਦੇ ਚਾਰ ਥੰਮ ਸਨ, ਜਿਹਨਾਂ 'ਤੇ ਖਪਰੈਲ ਦੀ ਛੱਤ ਸੀ। ਵਿਹੜਾ ਚਾਰਦੀਵਾਰੀ ਤੋਂ ਬਗ਼ੈਰ ਸੀ ਅਤੇ ਇੱਕ ਨਿੱਕੀ ਜਿਹੀ ਕੋਠੜੀ ਸੀ, ਜਿਸ ਵਿਚ ਮੂਰਤੀ ਰੱਖੀ ਹੋਈ ਸੀ। ਬਸ, ਇਹੀ ਕੁਝ ਸੀ, ਪਰ ਪੌੜੀਆਂ 'ਤੇ ਕੁੱਝ ਨੌਜਵਾਨ ਬੈਠੇ ਸਨ, ਢੋਲ ਵਜਾ ਰਹੇ ਸਨ ਅਤੇ ਗਾ ਰਹੇ ਸਨ।

ਲੀਲਾ ਤੱਕੇ ਬਗ਼ੈਰ ਨਾ ਰਹਿ ਸਕੀ ਅਤੇ ਇੱਕ ਕੁੜੀ ਜੋ ਗਲੀ ਦੇ ਪਾਰ ਇੱਟਾਂ ਦੇ

ਇੱਕ ਪੱਕੇ ਘਰ 'ਚੋ' ਵੇਖ ਰਹੀ ਸੀ, ਨੇ ਉਸ ਨੂੰ ਆਵਾਜ਼ ਦੇ ਕੇ ਆਖਿਆ, "ਵੇਖ ਨਾ ਲੀਲਾ, ਐਕਟਰ ਆ ਗਏ ਹਨ। ਉਹ ਅੱਜ ਰਾਤ ਨੂੰ ਨਾਟਕ ਕਰਨਗੇ।"

ਲੀਲਾ ਮੁਸਕਰਾ ਪਈ ਅਤੇ ਆਪਣੀ ਸਹੇਲੀ ਮੀਨਾ ਪਾਸ ਜਾ ਕੇ ਪੁੱਛਣ ਲੱਗੀ, "ਕਿਹੜਾ ਨਾਟਕ? ਤੈਨੂੰ ਪਤੈ?"

"ਮੈਨੂੰ ਪਤਾ ਤਾਂ ਨਹੀਂ, ਪਰ ਇਹ ਉਹੀ ਨਾਟਕ ਹੋਵੇਗਾ ਜੋ ਉਹ ਹਮੇਸ਼ਾ ਖੇਡਦੇ ਹਨ।" ਮੀਨਾ ਨੇ ਆਖਿਆ। ਉਹਨੇ ਉਹਨਾਂ ਸਾਰਿਆਂ ਨੂੰ ਜਿਊਂਦੇ ਜਾਗਦੇ ਵੇਖਿਆ ਸੀ, ਜਿਵੇਂ ਉਸ ਨੇ ਉਹਨਾਂ ਨੂੰ ਦੂਰ ਮੰਦਰ ਤੋਂ ਵੇਖਿਆ ਸੀ, ਜਿਥੇ ਉਹ ਨਾਟਕ ਸਦਾ ਖੇਡੇ ਜਾਂਦੇ ਸਨ। "ਇਹ ਰਾਧਾ-ਕ੍ਰਿਸ਼ਨ ਦੀ ਕਹਾਣੀ ਹੋਵੇਗੀ, ਜਾਂ ਰਾਮ ਤੇ ਸੀਤਾ ਦੀ, ਜਾਂ ਫਿਰ ਨਲ-ਦਮਿਅੰਤੀ ਦੀ। ਤੈਨੂੰ ਪਤੈ, ਉਹ ਹਮੇਸ਼ਾ ਇਹੀ ਨਾਟਕ ਖੇਡਦੇ ਹਨ।"

ਲੀਲਾ ਬਹੁਤ ਘੱਟ ਨਾਟਕਾਂ 'ਚ ਗਈ ਸੀ, "ਕੀ ਤੂੰ ਜਾਵੇਂਗੀ ਅਤੇ ਨਾਟਕ ਵੇਖੇਂਗੀ?" ਉਹਨੇ ਰਸ਼ਕ ਨਾਲ ਪੁੱਛ ਕੀਤੀ।

"ਮੈਂ ਤਾਂ ਆਪਣੇ ਵਰਾਂਡੇ ਵਿਚ ਬੈਠ ਕੇ ਹੀ ਵੇਖ ਲਵਾਂਗੀ !"

"ਤੂੰ ਖ਼ੁਸ਼-ਕਿਸਮਤ ਏਂ , ਏਥੇ ਪਿੰਡ ਵਿੱਚ ਰਹਿੰਦੀ ਏਂ !"

"ਤੂੰ ਵੀ ਆ ਜਾਈਂ ਅਤੇ ਮੇਰੇ ਨਾਲ ਹੀ ਵੇਖ ਲਈਂ !"

"ਨਹੀਂ, ਮੈਂ ਰਾਤ ਨੂੰ ਬਾਹਰ ਨਹੀਂ ਆ ਸਕਦੀ।"

"ਕਿਉ ਨਹੀਂ ?" ਹਰੀ ਤੈਨੂੰ ਲੈ ਕੇ ਆ ਸਕਦਾ ਹੈ।"

"ਹਰੀ ਅਤੇ ਮੈਂ ਇਕੱਠੇ ਬਾਹਰ ਨਹੀਂ ਜਾ ਸਕਦੇ ਅਤੇ ਨਿੱਕੀਆਂ ਕੁੜੀਆਂ ਨੂੰ ਇਕੱਲੀਆਂ ਨਹੀਂ ਛੱਡ ਸਕਦੇ।"

"ਉਹਨਾਂ ਨੂੰ ਕੀ ਹੋ ਜਾਵੇਗਾ? ਤੇਰੀ ਮਾਂ ਅਤੇ ਪਿਉ ਜੋ ਉਥੇ ਹਨ।"

ਪਰ ਲੀਲਾ ਨੇ ਕਾਰਨ ਦੱਸੇ ਬਗ਼ੈਰ ਆਪਣਾ ਸਿਰ ਹਿਲਾ ਦਿੱਤਾ। "ਮੈਂ ਜਾ ਰਹੀ ਹਾਂ, ਕੁੱਝ ਚੌਲ ਅਤੇ ਚੀਨੀ ਖ਼ਰੀਦਣੀ ਹੈ। ਕੀ ਤੂੰ ਆਵੇਂਗੀ,"

ਜਾਪਦਾ ਸੀ, ਮੀਨਾ ਨੂੰ ਕੋਈ ਕੰਮ ਸੀ-ਉਸ ਦੇ ਮਾਂ -ਪਿਉ, ਉਸ ਲਈ ਪਤੀ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ-ਉਹ ਚਲੀ ਆਈ। ਉਹ ਦੋਵੇਂ ਇਕੱਠੀਆਂ ਗਲੀ ਵਿੱਚ ਤੁਰਦੀਆਂ ਗਈਆਂ, ਤੁਰਦੀਆਂ ਗਈਆਂ ਅਤੇ ਔਰਤਾਂ ਕੋਲੋਂ ਦੀ ਅੱਗੇ ਲੰਘਦੀਆਂ ਗਈਆਂ, ਜੋ ਕਿ ਗਲੀ ਦੇ ਦੋਵੀਂ ਪਾਸੀਂ ਬੈਠੀਆਂ ਹੋਈਆਂ ਸਨ। ਹਰੇਕ ਨੇ ਆਪਣੇ ਅੱਗੇ ਕੇਲੇ ਦੇ ਪੱਤੇ ਖਿਲਾਰ ਰੱਖੇ ਸਨ, ਜਿਹਨਾਂ 'ਤੇ ਆਪਣਾ-ਆਪਣਾ ਸਾਮਾਨ ਰੱਖਿਆ ਹੋਇਆ ਸੀ। ਆਮ ਤੌਰ 'ਤੇ ਕੁੱਝ ਚਮਕਦੀਆਂ ਊਦੇ ਰੰਗ ਦੀਆਂ ਤੋਰੀਆਂ, ਪਾਲਕ ਦੀ ਇੱਕ-ਅੱਧ ਗੁੱਛੀ, ਪੰਜ-ਛੇ ਕੇਲੇ, ਜਾਂ ਫਿਰ ਇੱਕ-ਦੋ ਹਰੇ ਨਾਰੀਅਲ ਅਤੇ ਲੱਪ ਕੁ ਫੁੱਲ, ਗੁਲਾਬੀ, ਚਿੱਟੇ ਅਤੇ ਪੀਲੇ, ਝਾੜ-ਝਾੜੀਆਂ ਤੋਂ ਤੋੜੇ ਹੋਏ। ਮੀਨਾ ਨੇ ਕੁੱਝ ਫੁੱਲ ਖ਼ਰੀਦੇ, ਆਪਣੇ ਵਾਲਾਂ ਵਾਸਤੇ ਵੇਣੀ ਬਣਾਉਣ ਲਈ। ਥੋੜ੍ਹੇ ਕੁ ਪੈਸੇ ਹੋਰ ਪਾ ਕੇ, ਬਣੀ-ਬਣਾਈ ਵੇਣੀ ਖ਼ਰੀਦੀ ਜਾ ਸਕਦੀ ਸੀ।

ਲੀਲਾ ਅਜਿਹੀਆਂ ਚੀਜ਼ਾਂ 'ਤੇ ਪੈਸਾ ਖ਼ਰਚ ਨਹੀਂ ਸੀ ਕਰ ਸਕਦੀ। ਉਹ ਬਾਜ਼ਾਰ ਦੇ ਚੌਕ 'ਤੇ, ਪਨਸਾਰੀ ਦੀਆਂ ਦੇ ਹੱਟੀਆਂ 'ਚੋਂ ਇਕ ਵਿਚ ਗਈ, ਜਿਥੇ ਚੌਲ, ਆਂਡੇ ਆਲੂ, ਤੇਲ, ਚੀਨੀ ਤੇ ਮਿਠਿਆਈ ਖ਼ਰੀਦੀ ਜਾ ਸਕਦੀ ਸੀ। ਅਤੇ ਉਹਨੇ ਉਥੋਂ , ਚੌਲਾਂ ਦੀਆਂ ਸਾਰੀਆਂ ਕਿਸਮਾਂ ਵਲ ਬੜੀ ਸਾਵਧਾਨੀ ਨਾਲ ਉਂਗਲ ਕਰਨ ਤੋਂ ਬਾਅਦ, ਚੋਣ ਕਰਕੇ ਉਹ ਚੌਲ

ਖ਼ਰੀਦੇ, ਜੋ ਸਭ ਤੋਂ ਸਸਤੇ ਤੇ ਵਧੀਆ ਜਾਪਦੇ ਸਨ।

ਹੋਰ ਵੀ ਕਈ ਲੋਕ, ਲੋੜ ਦੀਆਂ ਚੀਜ਼ਾਂ ਖ਼ਰੀਦਣ ਲਈ, ਉਡੀਕ ਕਰ ਰਹੇ ਸਨ। ਉਹ ਟੋਕਰੀਆਂ ਵਿੱਚੋਂ ਆਲੂ ਚੁਣ ਰਹੇ ਸਨ ਜਾਂ ਪੀਪਿਆਂ ਵਿਚੋਂ ਚੌਲ, ਆਪਣੀਆਂ ਉਂਗਲਾਂ 'ਚ ਲੈ ਕੇ, ਵੇਖ ਰਹੇ ਸਨ ਅਤੇ ਨਾਲ ਗੱਲਾਂ -ਗੱਪਾਂ ਵੀ ਮਾਰ ਰਹੇ ਸਨ। ਲੀਲਾ ਤੇ ਮੀਨਾ ਨੂੰ ਪਤਾ ਲੱਗਾ ਕਿ ਬੀਚ 'ਤੇ ਜੋ ਇਮਾਰਤੀ ਲੱਕੜ ਆਈ ਸੀ, ਉਹ ਕਾਹਦੇ ਵਾਸਤੇ ਸੀ।

"ਕੀ ਤੁਸੀਂ ਵੇਖਿਐ ਕਿ ਬੀਜੂ ਦੀ ਲੱਕੜ, ਅਲੀਬਾਗ਼ ਤੋਂ ਆਈ ਹੈ?"

"ਹਲਾ , ਉਹ ਬੀਜੂ ਦੀ ਲੱਕੜ ਸੀ? ਬੇੜੀ ਵਾਸਤੇ?"

"ਅਤੇ ਡੀਜ਼ਲ-ਇੰਜਣ ! ਕੀ ਉਹ ਵੀ ਆਇਐ? " ਕਿਸੇ ਨੇ 'ਹੀਂ-ਹੀਂ' ਕਰਦਿਆਂ ਆਖਿਆ।

"ਤੁਸੀਂ ਵੇਖਣਾ, ਉਹ ਆਉਣਗੇ। ਬੀਜੂ ਸਾਨੂੰ ਬੁੱਧੂ ਨਹੀਂ ਬਣਾ ਰਿਹਾ ਸੀ। ਉਹ ਆਪਣੇ ਪੈਸੇ ਨਾਲ ਦੋ ਡੀਜ਼ਲ-ਇੰਜਣ ਖ਼ਰੀਦ ਸਕਦੈ।"

"ਅੱਛਾ ਵੇਖਾਂਗੇ।"

"ਲੀਲਾ ਅਤੇ ਮੀਨਾ ਮੁੜੀਆਂ। ਲੀਲਾ ਦਾ ਸੌਦੇ ਵਾਲਾ ਥੈਲਾ ਭਰਿਆ ਹੋਇਆ ਅਤੇ ਕਾਫ਼ੀ ਭਾਰਾ ਸੀ।

"ਮੇਰਾ ਬਾਪੂ ਆਖਦਾ ਹੈ ਕਿ ਬੀਜੂ ਨੇ ਸਾਰਾ ਪੈਸਾ ਸਮਗਲਿੰਗ ਨਾਲ ਬਣਾਇਆ ਹੈ।"

"ਸਮਗਲਿੰਗ?" ਲੀਲਾ ਅਸਲ ਵਿੱਚ ਓਨੀ ਹੈਰਾਨ ਨਹੀਂ ਸੀ ਹੋਈ, ਜਿੰਨੀ ਜਾਪਦੀ ਸੀ। ਉਹਨੇ ਪਹਿਲਾਂ ਵੀ ਇਸ ਬਾਰੇ ਸੁਣਿਆ ਹੋਇਆ ਸੀ। ਕੀ ਤੈਨੂੰ ਇਸਦਾ ਯਕੀਨ ਹੈ?'

"ਹਾਂ, ਹਾਂ। ਮੈਨੂੰ ਯਕੀਨ ਹੈ ! ਨਹੀਂ ਤਾਂ ਉਹਦੇ ਘਰ 'ਚ ਟੈਲੀਵੀਜ਼ਨ ਕਿਵੇਂ ਆ ਸਕਦਾ ਸੀ?"

" ਹਰੀ ਆਖਦਾ ਹੈ ਕਿ ਉਹ ਚਲਦਾ ਨਹੀਂ, ਕਿਉਂਕਿ ਅਸੀਂ ਬੰਬਈ ਵਿਚਲੇ ਟੈਲੀਵੀਜ਼ਨ ਸਟੇਸ਼ਨ ਤੋਂ ਬਹੁਤ ਦੂਰ ਹਾਂ।"

"ਸ਼ਾਇਦ ਉਹ ਬੰਬਈ ਚਲੇ ਜਾਣਗੇ, ਜਦੋਂ ਉਹ ਕਾਫ਼ੀ ਪੈਸਾ ਬਣਾ ਲੈਣਗੇ।"

ਲੀਲਾ ਅਤੇ ਮੀਨਾ ਅਲੀਬਾਗ਼ ਤੋਂ ਅੱਗੇ ਕਦੇ ਨਹੀ ਸਨ ਗਈਆਂ, ਜੋ ਜ਼ਿਲ੍ਹੇ ਦਾ ਸਦਰ ਮੁਕਾਮ ਸੀ, ਦੋ ਮੀਲ ਦੂਰ। ਪਰ ਉਹਨਾਂ ਵਧੇਰੇ ਸਾਹਸ ਵਾਲੇ ਲੋਕਾਂ ਬਾਰੇ ਸੁਣਿਆ ਹੋਇਆ ਸੀ, ਜੋ ਵੱਡੀ ਸੜਕ 'ਤੇ, ਬੱਸ ਵਿੱਚ ਚੜ੍ਹ ਕੇ ਜਾਂ ਰੇਵਾਸ ਵਿਖੇ ਬੇੜੀ ਵਿੱਚ ਬੈਠ ਕੇ, ਸਮੁੰਦਰ-ਪਾਰ ਦੇ ਉਸ ਵੱਡੇ ਸ਼ਹਿਰ ਜਾਂਦੇ ਸਨ। ਜਦੋਂ ਉਹ ਛੋਟੀਆਂ ਸਨ, ਤਾਂ ਉਹ "ਬੰਬਈ ਨੂੰ ਜਾਣਾ" ਖੇਡਿਆ ਕਰਦੀਆਂ ਸਨ, ਪਰ ਹੁਣ ਉਹ ਖੇਡ ਬਹੁਤ ਪਿੱਛੇ ਗਹਿ ਗਈ ਸੀ।

ਲੀਲਾ, ਹੁਣ ਪਿੰਡ ਦੀ ਬੀਹੀ 'ਚੋਂ ਨਿਕਲ ਕੇ ਬੀਚ ਵਲ ਜਾ ਰਹੀ ਸੀ, ਅਤੇ ਉਥੇ ਪਹਿਲਾਂ ਨਾਲੋਂ ਵਧੇਰੇ ਵੀਰਾਨਗੀ ਸੀ, ਵਧੇਰੇ ਰੌਸ਼ਨੀ ਸੀ ਅਤੇ ਬਲਦੀ ਹੋਈ ਗਰਮੀ ਸੀ।

"ਰਾਤੀਂ ਨਾਟਕ ਵੇਖਣ ਆਵੀਂ" ਮੀਨਾ ਨੇ ਪਿੱਛੋਂ ਆਵਾਜ਼ ਦੇ ਕੇ ਆਖਿਆ।


"ਸ਼ਾਇਦ ਆਵਾਂ !" ਲੀਲਾ ਨੇ ਉਤਰ ਵਿੱਚ ਆਖਿਆ, ਇਹ ਜਾਣਦਿਆਂ ਵੀ ਕਿ ਉਹ ਜਾਵੇਗੀ ਨਹੀਂ।

ਹੁਣ ਬੀਜੂ ਦੀ ਬੇੜੀ ਬਣ ਰਹੀ ਸੀ, ਪਿੰਡ ਦੇ ਬੱਚੇ-ਜਿਹਨਾਂ ਵਿੱਚ ਹਰੀ ਅਕਸਰ ਹੁੰਦਾ, ਆਉਂਦੇ ਅਤੇ ਵੇਖਣ ਲਈ, ਤਿੰਨ-ਤਿੰਨ, ਚਾਰ-ਚਾਰ ਦੀਆਂ ਟੋਲੀਆਂ 'ਚ ਖੜੇ ਹੋ ਜਾਂਦੇ।

ਬੀਜੂ ਨੇ ਬੇੜੀ ਬਣਾਉਣ ਵਾਸਤੇ ਕਾਰੀਗਰ ਅਲੀਬਾਗ਼ ਤੋਂ ਲਿਆਂਦੇ ਸਨ। ਉਹਦਾ ਨਹੀਂ ਸੀ ਖ਼ਿਆਲ ਕਿ ਥਲ ਦੇ ਵਾਸੀ ਇਹ ਕੰਮ ਕਰ ਸਕਣ, ਭਾਵੇਂ ਕਿ ਉਹ ਸਾਰੀ ਉਮਰ ਬੇੜੀਆਂ ਬਣਾਉਂਦੇ ਰਹੇ ਸਨ। ਇਸ ਲਈ, ਪਿੰਡ ਦੇ ਲੋਕ ਅਲੀਬਾਗ਼ ਦੇ ਕਾਰੀਗਰਾਂ ਨੂੰ ਵੇਖਣਾ ਅਤੇ ਉਹਨਾਂ ਦਾ ਹਾਸਾ ਉਡਾਉਣਾ ਪਸੰਦ ਕਰਦੇ ਸਨ। ਕਈ ਵਾਰੀ ਇਸ ਨਾਲ ਬੀਜੂ ਏਨਾ ਗ਼ੁੱਸੇ ਹੋ ਜਾਂਦਾ ਕਿ ਉਹਨਾਂ ਨੂੰ ਦਬਕ ਦਿੰਦਾ। ਉਥੇ ਹਮੇਸ਼ਾ ਹੁੱਲੜ ਮਚਿਆ ਰਹਿੰਦਾ।

ਬੀਜੂ ਚੱਲ ਰਹੇ ਕੰਮ ਨੂੰ ਵੇਖਣ ਲਈ ਦਬੇ ਪੈਰੀਂ ਆਉਂਦਾ। ਇੱਕ ਨਿੱਕਾ ਜਿਹਾ ਮੁੰਡਾ, ਉਸਦੇ ਘਰੋਂ ਫ਼ੋਲਡ ਹੋਣ ਵਾਲੀ ਕੁਰਸੀ ਚੁੱਕੀ ਬੀਚ ਤੱਕ ਆਉਂਦਾ ਅਤੇ ਬੀਜੂ ਦੇ ਬੈਠਣ ਵਾਸਤੇ, ਰੇਤ 'ਤੇ ਚੰਗੀ ਤਰ੍ਹਾਂ ਟਿਕਾ ਦਿੰਦਾ। ਬੀਜੂ ਆਪਣੀ ਢਿੱਲੀ ਜਿਹੀ ਧੋਤੀ ਨੂੰ, ਉਪਰ ਟੰਗਦਾ ਹੋਇਆ, ਹੌਲੀ-ਹੌਲੀ ਬੜੀ ਸਾਵਧਾਨੀ ਨਾਲ ਹੇਠਾਂ ਨੂੰ ਝੁਕਦਾ ਅਤੇ ਬੜੀ ਬੇਆਰਾਮੀ ਜਿਹੀ ਨਾਲ ਉਸ 'ਤੇ ਬੈਠ ਜਾਂਦਾ। ਸਾਫ਼ ਜ਼ਾਹਿਰ ਸੀ ਕਿ ਉਸ ਲਈ ਪੈਰਾਂ ਭਾਰ ਰੇਤ ਵਿੱਚ ਬੈਠਣਾ, ਜਿਵੇਂ ਕਿ ਹੋਰ ਲੋਕ ਬੈਠਦੇ ਸਨ, ਵਧੇਰੇ ਅਰਾਮਦਾਇਕ ਹੁੰਦਾ, ਪਰ ਹੁਣ ਚੂੰਕਿ ਉਹ ਏਡਾ ਵੱਡਾ ਜਹਾਜ਼-ਮਾਲਕ ਸੀ, ਉਹ ਮਹਿਸੂਸ ਕਰਦਾ ਕਿ ਬਾਕੀ ਲੋਕਾਂ ਦੇ ਵਿਪਰੀਤ, ਉਸ ਨੂੰ ਕੁਰਸੀ 'ਤੇ ਬੈਠਣਾ ਚਾਹੀਦਾ ਹੈ।

ਕਦੇ-ਕਦੇ ਉਸ ਦੀ ਬੀਵੀ ਵੀ, ਵੇਖਣ ਵਾਸਤੇ ਘਰੋਂ ਮਟਕ ਨਾਲ ਤੁਰਦੀ ਉਥੇ ਆ ਜਾਂਦੀ। ਉਸ ਪਾਸ ਬੈਠਣ ਲਈ ਫ਼ੋਲਡਿੰਗ ਕੁਰਸੀ ਨਾ ਹੁੰਦੀ। ਇਸ ਲਈ ਉਸਨੂੰ ਖੜੇ ਹੋਣਾ ਪੈਂਦਾ। ਜਦੋਂ ਉਹ ਖੜੀ-ਖੜੀ ਥੱਕ ਜਾਂਦੀ ਤਾਂ ਘਰ ਨੂੰ ਵਾਪਸ ਚਲੀ ਜਾਂਦੀ। ਉਹਨਾਂ ਦਾ ਘਰ ਬਹੁਤ ਵੱਡਾ ਦੋ - ਮੰਜ਼ਿਲਾ ਸੀ, ਪੱਕੀਆਂ ਇੱਟਾਂ ਦਾ, ਨਾਰੀਅਲ ਅਤੇ ਸੁਪਾਰੀ ਦੇ ਰੁੱਖਾਂ ਵਿਚਕਾਰ ਬਹੁਤ ਖੁੱਲ੍ਹੀ ਛਾਂਦਾਰ ਥਾਂ 'ਚ ਬਣਿਆ। ਇਹ ਰੁੱਖ ਏਨੇ ਨੇੜੇ-ਨੇੜੇ ਅਤੇ ਸੰਘਣੇ ਸਨ ਕਿ ਪੱਤਿਆਂ ਵਿਚੋਂ ਲੋਅ ਛਣ ਕੇ ਬਿਲਕੁਲ ਨਹੀਂ ਸੀ ਆਉਂਦੀ। ਹਰ ਥਾਂ 'ਤੇ ਉਹਨਾਂ ਦੀ ਅਮੀਰੀ ਦੀਆਂ ਨਿਸ਼ਾਨੀਆਂ ਸਨ। ਉਹਨਾਂ ਦੇ ਕਈ ਸਾਰੇ ਡੂੰਘੇ ਖੂਹ ਸਨ, ਕਈ ਬੈਲ-ਗੱਡੀਆਂ ਸਨ, ਬਲਦਾਂ ਦੀਆਂ ਕਈ ਜੋੜੀਆਂ ਸਨ, ਮੁਰਗ਼ੇ-ਮੁਰਗ਼ੀਆਂ ਅਤੇ ਬੱਤਖ਼ਾਂ ਸਨ,



ਬਾਲਣ ਵਾਲੀ ਲੱਕੜੀ ਦੇ ਢੇਰ ਸਨ, ਇੱਕ ਕਬੂਤਰ-ਖ਼ਾਨਾ ਅਤੇ ਪ੍ਰਸਿੱਧ ਟੈਲੀਵੀਜ਼ਨ ਸੈੱਟ ਸੀ-ਸਾਰੇ ਥਲ ਵਿਚ, ਇੱਕੋ-ਇੱਕ ਹੀ ਤਾਂ ਏਰੀਅਲ ਸੀ, ਜੋ ਉਹਨਾਂ ਦੇ ਘਰ ਦੀ, ਟੀਨਾਂ ਦੀ ਨੀਲੀ ਛੱਤ 'ਤੇ ਉਚਾ ਉਭਰਿਆ ਹੋਇਆ ਸੀ। ਘਰ ਦਾ ਨਾਂ ਟੀਨ ਦੀ ਇੱਕ ਫੱਟੀ 'ਤੇ,

ਵੱਡੇ ਵੱਡੇ ਕਿਰਮਚੀ ਅੱਖਰਾਂ ਵਿੱਚ ਲਿਖਿਆ ਹੋਇਆ ਸੀ: ਆਨੰਦ ਭਵਨ' ਯਾਨੀ ਖ਼ੁਸ਼ੀਆਂ ਦਾ ਘਰ। ਪਰ ਦਰਖ਼ਤ ਬਹੁਤ ਹੀ ਨੇੜੇ-ਨੇੜੇ ਲੱਗੇ ਹੋਣ ਤੇ ਰੌਸ਼ਨੀ ਦੀ ਕਮੀ ਕਰਕੇ ਅਤੇ ਏਡੇ ਵੱਡੇ ਅਹਾਤੇ ਦੇ ਸਾਫ਼ ਸੁਥਰੇ ਤੇ ਸੰਵਰੇ ਨਾ ਹੋਣ ਕਰਕੇ, ਉਹ ਆਨੰਦਪੂਰਨ ਨਾਲੋਂ ਉਦਾਸ ਵਧੇਰੇ ਜਾਪਦਾ ਸੀ। ਨਿਸ਼ਚੇ ਹੀ, ਬੀਜੂ ਦੀ ਬੀਵੀ, ਆਪਣੇ ਘਰ ਹੌਲੀ-ਹੌਲੀ ਪੈਰ ਘਸੀਟਦੀ ਪਰਤੀ। ਉਹਦੇ ਚਿਹਰੇ 'ਤੇ ਖ਼ੁਸ਼ੀ ਦਾ ਕੋਈ ਭਾਵ ਨਹੀਂ ਸੀ। ਉਹਨੂੰ ਪਤਾ ਸੀ ਕਿ ਪਿੰਡ ਦੇ ਲੋਕ ਉਹਨਾਂ ਬਾਰੇ ਕਿਵੇਂ ਗੱਲਾਂ ਕਰਦੇ ਸਨ ਅਤੇ ਉਸਨੂੰ ਇਹ ਬਿਲਕੁਲ ਪਸੰਦ ਨਹੀਂ ਸੀ।

ਲਗਭਗ ਸਾਰਾ ਪਿੰਡ ਹੀ ਕਿਸੇ ਨਾ ਕਿਸੇ ਵਕਤ, ਏਡੀ ਵੱਡੀ ਬੇੜੀ ਨੂੰ ਬਣਦਿਆਂ ਵੇਖਣ ਲਈ ਰੁਕਿਆ ਸੀ। ਕਿਸੇ ਹੋਰ ਕੋਲ ਏਡੀ ਵੱਡੀ ਬੇੜੀ ਨਹੀਂ ਸੀ ਜਾਂ ਕਿਸੇ ਹੋਰ ਨੇ ਏਡੀ ਵੱਡੀ ਬੇੜੀ 'ਤੇ ਕੰਮ ਨਹੀਂ ਸੀ ਕਰਵਾਇਆ। ਸ਼ਾਇਦ ਉਹਨਾਂ ਨੂੰ ਹਸਦ ਸੀ ਅਤੇ ਇਸੇ ਕਰਕੇ, ਕਿਸੇ ਪਾਸ, ਉਸ ਲਈ ਚੰਗਾ ਸ਼ਬਦ ਨਹੀਂ ਸੀ ਜਾਂ ਸ਼ਾਇਦ ਉਹਨਾਂ ਨੂੰ , ਵਾਸਤਵ ਵਿੱਚ, ਵਿਸ਼ਵਾਸ ਨਹੀਂ ਸੀ ਕਿ ਉਹ ਸਮੁੰਦਰ 'ਤੇ ਚੰਗੀ ਚਲੇਗੀ, ਕਿਉਂਕਿ ਉਹ ਏਡੀ ਵੱਡੀ ਤੇ ਬੇਢੰਗੀ ਸੀ ਅਤੇ ਇਸ ਉਤੇ ਵਾਧਾ ਇਹ ਕਿ ਉਹ, ਅਲੀਬਾਗ਼ ਦੇ ਕਾਰੀਗਰਾਂ ਨੇ ਬਣਾਈ ਸੀ। ਪਰ ਇਕ ਤਰ੍ਹਾਂ ਨਾਲ ਉਹਨਾਂ ਨੂੰ ਗੌਰਵ ਵੀ ਸੀ ਕਿ ਥਲ ਦਾ ਕੋਈ ਬੰਦਾ ਇਹੋ ਜਿਹੀ ਚੀਜ਼ ਬਣਾਉਣ ਦੇ ਯੋਗ ਹੋ ਸਕਿਆ ਸੀ, ਭਾਵੇਂ ਉਹ ਬੀਜੂ ਹੀ ਸੀ, ਜਿਸ ਬਾਰੇ ਹਰ ਕੋਈ ਜਾਣਦਾ ਸੀ ਕਿ ਉਹ ਬੇਈਮਾਨ ਹੈ ਅਤੇ ਸ਼ਾਇਦ ਸਮਗਲਰ ਹੈ।

"ਸਮਲਗਰ, ਸਮਗਲਰ, ਸਮਗਲਰ" ਬੱਚੇ ਬੇੜੀ ਵੇਖਣ ਵੇਲੇ, ਆਪੋ-ਵਿੱਚ ਖੁਸਰ-ਫੁਸਰ ਕਰਦੇ ਅਤੇ ਹਿਚ-ਹਿਚ ਕਰਦੇ। ਇਥੋਂ ਤੱਕ ਕਿ ਬੀਜੂ ਉਹਨਾਂ 'ਤੇ ਗੱਜਦਾ ਅਤੇ ਉਹਨਾ ਨੂੰ ਉਥੋਂ ਭਜਾ ਦਿੰਦਾ।

"ਬੀਜੂ ਜੇਲ੍ਹ 'ਚ ਜਾਏਗਾ ! ਬੀਜੂ ਜੇਲ੍ਹ 'ਚ ਜਾਏਗਾ।" ਉਹ ਨੱਸਦੇ-ਨੱਸਦੇ ਗਾਉਂਦੇ ਅਤੇ ਬੀਜੂ ਏਨਾ ਮੋਟਾ ਤੇ ਬਿਰਧ ਸੀ ਕਿ ਉਹਨਾਂ ਨੂੰ ਫੜ ਨਹੀਂ ਸੀ ਸਕਦਾ ਅਤੇ ਉਹਨਾਂ ਦੀ ਪਿਟਾਈ ਨਹੀਂ ਸੀ ਕਰ ਸਕਦਾ, ਜਿਸ ਦੇ ਕਿ ਉਹ ਹੱਕਦਾਰ ਸਨ।

"ਤੇਰਾ ਕੀ ਖ਼ਿਆਲ ਹੈ ਹਰੀ, ਕਿ ਸਾਡੇ ਪਿੰਡ ਵਿੱਚ ਸਮਗਲਰ ਵੀ ਹਨ," ਬੇਲਾ ਤੇ ਕਮਲ ਨੇ ਰਾਤ ਵੇਲੇ, ਜਦੋਂ ਉਹ ਬਿਸਤਰ 'ਤੇ ਲੇਟੀਆਂ ਹੋਈਆਂ ਸਨ ਅਤੇ ਸੁੱਤੀਆਂ ਨਹੀਂ ਸਨ, ਹਰੀ ਪਾਸੋਂ ਪੁੱਛਿਆ।

"ਹਾਂ ਹੈਨ।"

"ਉਹ ਕੀ ਚੀਜ਼ ਸਮਗਲ ਕਰਦੇ ਹਨ?"

"ਚਾਂਦੀ ਅਤੇ ਸੋਨਾ।"

"ਨਹੀਂ ... ਨਹੀਂ .....!"

"ਹਾਂ..... ਹਾਂ। ਏਸੇ ਤਰ੍ਹਾਂ ਹੀ ਉਹ ਅਮੀਰ ਬਣਦੇ ਹਨ।"

"ਤੇਰਾ ਕੀ ਖ਼ਿਆਲ ਹੈ, ਉਹ ਕਿਥੋਂ ਲੈਂਦੇ ਹਨ-ਚਾਂਦੀ ਅਤੇ ਸੋਨਾ? ਕੀ ਸਮੁੰਦਰ ਵਿੱਚ ਮਿਲਦਾ ਹੈ?"

"ਨਹੀਂ, ਮੂਰਖੋ, ਇਹ ਬਾਹਰਲੇ ਦੇਸ਼ਾਂ ਤੋਂ ਲਿਆਂਦਾ ਜਾਂਦਾ ਹੈ, ਜਿੱਥੇ ਕਿ ਸੋਨੇ ਤੇ ਚਾਂਦੀ ਦੀਆਂ ਖਾਨਾਂ ਹਨ ਅਤੇ ਜਿੱਥੇ ਇਹ ਏਥੇ ਨਾਲੋਂ ਸਸਤਾ ਹੈ। ਇਹ ਅਫ਼ਰੀਕਾ ਤੋਂ, ਅਰਬ ਤੋਂ ਬੱਜਰਿਆਂ ਵਿੱਚ ਲਿਆਂਦਾ ਜਾਂਦਾ ਹੈ, ਅਤੇ ਉਤਾਰ ਕੇ ਮੱਛੀਆਂ ਫੜਨ ਵਾਲੀਆਂ ਬੇੜੀਆਂ

ਵਿੱਚ ਰੱਖ ਲਿਆ ਜਾਂਦਾ ਹੈ, ਜੋ ਸਮੁੰਦਰ ਵਿੱਚ ਉਹਨਾਂ ਨੂੰ ਮਿਲਣ ਲਈ ਜਾਂਦੀਆਂ ਹਨ। ਫਿਰ ਉਸਨੂੰ ਸਮਗਲਰਾਂ ਦੀਆਂ ਕਿਸ਼ਤੀਆਂ 'ਚ ਰੱਖ ਕੇ, ਸਾਹਿਲ ਤੇ ਲਿਆਂਦਾ ਜਾਂਦਾ ਹੈ ਅਤੇ ਏਥੇ ਬਹੁਤ ਪੈਸਿਆਂ 'ਤੇ ਵੇਚ ਦਿੱਤਾ ਜਾਂਦਾ ਹੈ।"

"ਤੂੰ ਇਹ ਕਦੇ ਨਹੀਂ ਦੇਖਿਆ।"

"ਨਹੀਂ "ਹਰੀ ਨੇ ਮੰਨਿਆ, "ਮੈਂ ਦੇਖਿਆ ਤਾਂ ਨਹੀਂ, ਪਰ ਅਸੀਂ ਸਾਰਿਆਂ ਨੇ ਇਸ ਬਾਰੇ ਸੁਣਿਆ ਹੋਇਆ ਹੈ। ਤੁਸੀਂ ਸਾਰੀਆਂ ਇਸਤਰੀਆਂ ਸੋਨੇ-ਚਾਂਦੀ ਦੇ ਜ਼ੇਵਰਾਂ ਨੂੰ ਏਨਾ ਪਿਆਰ ਕਰਦੀਆਂ ਹੋ ਅਤੇ ਕਿੰਨਾ-ਕਿੰਨਾ ਖ਼ਰੀਦਦੀਆਂ ਹੋ, ਇਉਂ ਸਮਗਲਰ ਬਹੁਤ ਸਾਰਾ ਰੁਪਿਆ ਬਣਾਉਂਦੇ ਹਨ। ਲੱਗਦਾ ਹੈ, ਬੀਜੂ ਨੇ ਵੀ ਰੁਪਿਆ ਏਸੇ ਤਰ੍ਹਾਂ ਬਣਾਇਆ ਹੈ।

"ਆਖਦੇ ਹਨ ਕਿ ਉਹ ਥਲ ਵਿਚ, ਮੱਛੀਆਂ ਫੜਨ ਵਾਲੀ ਸੱਭ ਤੋਂ ਵੱਡੀ ਬੇੜੀ ਬਣਾ ਰਿਹਾ ਹੈ।

"ਉਹ ਸਭ ਤੋਂ ਵਧੀਆ ਵੀ ਹੋਵੇਗੀ, ਮੇਰੀ ਰੀਝ ਹੈ, ਮੈਨੂੰ ਉਸ 'ਤੇ ਕੰਮ ਮਿਲ ਜਾਵੇ।"

"ਤੇਰੀ ਰੀਝ? ਬੀਜੂ ਦੀ ਬੇੜੀ 'ਤੇ ?"

"ਹਾਂ, ਕਿਉਂ ਨਹੀਂ?"

"ਉਹੋ ਹਰੀ, ਬੀਜੂ ਦੀ ਬੇੜੀ 'ਤੇ ਕੰਮ ਨਾ ਕਰੀਂ। ਤੂੰ ਹੁਣੇ ਹੀ ਤਾਂ ਆਖਿਐ ਕਿ ਉਹ ਸਮਗਲਰ ਹੈ। ਉਹ ਤੈਨੂੰ ਵੀ ਸਮਗਲਰ ਬਣਾ ਦੇਵੇਗਾ।"

" ਤਾਂ ਫਿਰ ਮੈਂ ਵੀ, ਉਹਦੇ ਵਾਂਗ ਹੀ ਅਮੀਰ ਹੋ ਜਾਵਾਂਗਾ।" ਹਰੀ ਗੁੜ੍ਹਕਿਆ, "ਅਤੇ ਤੁਹਾਨੂੰ ਸੋਨੇ ਦੇ ਹਾਰ ਅਤੇ ਚਾਂਦੀ ਦੇ ਛੱਲੇ ਖ਼ਰੀਦ ਦੇਵਾਂਗਾ।"

ਪਰ "ਉਫ਼ ਨਹੀ," ਉਹ ਡਰ ਨਾਲ ਕੂਕੀਆਂ। "ਪੁਲਿਸ ਤੈਨੂੰ ਫੜ ਲਏਗੀ ਅਤੇ ਜੇਲ੍ਹ ਵਿੱਚ ਬੰਦ ਕਰ ਦਵੇਗੀ।"

"ਫਿਰ ਉਹ ਮੈਨੂੰ ਬੰਬਈ ਲੈ ਜਾਣਗੇ। ਘੱਟੋ-ਘੱਟ ਮੈਂ ਬੰਬਈ ਤਾਂ ਪੁੱਜ ਜਾਵਾਂਗਾ।"

"ਕੀ ਤੂੰ ਬੰਬਈ ਜਾਣਾ ਚਾਹੁੰਦਾ ਏਂ?" ਉਹਨਾਂ ਖੁਸਰ-ਫੁਸਰ ਕੀਤੀ। ਉਹ ਉਸਦੀ ਤਲਖ਼ ਆਵਾਜ਼ ਤੋਂ ਤ੍ਰਹਿ ਗਈਆਂ ਸਨ।

"ਹਾਂ.... ਮੈਂ ਚਾਹੁੰਦਾ ਹਾਂ, ਤੁਸੀਂ ਨਹੀਂ ਚਾਹੁੰਦੀਆਂ?"

ਉਹ ਇੱਕ ਦੂਸਰੀ ਨਾਲ ਕਾਨਾਫੂਸੀ ਕਰਨ ਲੱਗ ਪਈਆਂ-ਉਹ ਇਕੋ ਬਿਸਤਰ 'ਤੇ ਸੌਂਦੀਆਂ ਸਨ-ਅਤੇ ਕੁੱਝ ਚਿਰ ਪਿੱਛੋਂ ਉਹਨਾਂ ਆਪਣੀ ਮਾਂ ਦੇ ਕਮਰੇ 'ਚੋਂ, ਉਸਦੇ ਹਲਕੀ ਜਿਹੀ 'ਹਾਹ' ਭਰਨ ਦੀ ਆਵਾਜ਼ ਸੁਣੀ। ਹਰੀ ਨੇ ਉਹਨਾਂ ਨੂੰ ਚੁੱਪ ਕਰਾ ਦਿੱਤਾ ਅਤੇ ਉਹ ਖ਼ਾਮੋਸ਼ ਹੋ ਗਈਆਂ ਅਤੇ ਛੇਤੀ ਹੀ ਸੌਂ ਗਈਆਂ। ਜਦ ਕਿ ਹਰੀ ਜਾਗ ਰਿਹਾ ਸੀ, ਉਹਨਾਂ ਦੇ ਡੂੰਘੇ, ਇਕਸਾਰ ਸਾਹਾਂ ਦੀ ਆਵਾਜ਼ ਸੁਣ ਰਿਹਾ ਸੀ ਅਤੇ ਬਾਹਰ ਸਮੁੰਦਰ ਦੇ, ਕਿਤੇ ਵਧੇਰੇ ਡੂੰਘੇ, ਕਿਤੇ ਵਧੇਰੇ ਉਚੇ ਸਾਹ ਸੁਣਾਈ ਦੇ ਰਹੇ ਸਨ। ਉਹ ਬੇੜੀਆਂ ਬਾਰੇ ਸੋਚ ਰਿਹਾ ਸੀ, ਜੋ ਉਥੇ ਖੁੱਲ੍ਹਮ-ਖੁੱਲ੍ਹਾ ਤੌਰ 'ਤੇ, ਬੇਰੋਕ-ਟੋਕ ਚਲਦੀਆਂ ਸਨ ਅਤੇ ਜੇ ਉਹ ਚਾਹੁਣ ਤਾਂ ਬੰਬਈ, ਅਫ਼ਰੀਕਾ ਅਤੇ ਅਰਬ ਜਾ ਸਕਦੀਆਂ ਸਨ। ਕਾਸ਼ ਉਹ ਉਹਨਾਂ ਬੇੜੀਆਂ 'ਚੋਂ ਕਿਸੇ ਇਕ 'ਚ ਬੈਠ ਕੇ ਦੂਰ ਜਾ ਸਕਦਾ, ਚਾਹੇ ਬੰਬਈ ਹੀ !

ਬੰਬਈ ! ਉਹਨੇ ਬਾਰੀ ਤੋਂ ਬਾਹਰ, ਆਕਾਸ਼, ਵਿਚ ਚਮਕਦੇ ਤਾਰਿਆਂ ਵਲ ਤੱਕਿਆ ਅਤੇ ਸੋਚਣ ਲੱਗਾ ਕਿ ਕੀ ਸ਼ਹਿਰ ਦੀਆਂ ਬੱਤੀਆਂ ਏਨੀਆਂ ਚਮਕਦਾਰ ਹੋਣਗੀਆਂ ਜਾਂ ਵਧੇਰੇ

ਚਮਕਦਾਰ ਹੋਣਗੀਆਂ। ਉਹ ਇੱਕ ਅਮੀਰ ਸ਼ਹਿਰ ਸੀ, ਜੇ ਉਹ ਉਥੇ ਪੁੱਜ ਜਾਵੇ, ਤਾਂ ਉਹ ਰੁਪਿਆ ਬਣਾ ਸਕੇਗਾ, ਘਰ ਦੌਲਤ ਲਿਆਵੇਗਾ, ਸੋਨੇ-ਚਾਂਦੀ ਦੇ ਟੁਕੜੇ ਲਿਆਵੇਗਾ, ਜਿਸ ਨਾਲ ਉਹ ਆਪਣੀਆਂ ਭੈਣਾਂ ਨੂੰ ਚੁੰਧਿਆ ਦੇਵੇਗਾ।

"ਨਹੀਂ !" ਉਹਨੇ ਆਪਣੀਆਂ ਅੱਖਾਂ ਬੰਦ ਕਰਦਿਆਂ ਆਪਣੇ-ਆਪ ਨੂੰ ਆਖਿਆ। ਇਹ ਇੱਕ ਬੇਤੁਕਾ ਸੁਪਨਾ ਸੀ। ਉਹ ਸੁਪਨਿਆਂ ਦੇ ਸਮਰਥ ਨਹੀਂ ਸੀ। ਉਹਨੂੰ ਵਿਹਾਰਕ ਬਣਨਾ ਚਾਹੀਦਾ ਹੈ ਅਤੇ ਕੋਈ ਵਿਉਂਤ ਸੋਚਣੀ ਚਾਹੀਦੀ ਹੈ। ਪਰ ਇਹ ਸੌਖਾ ਨਹੀਂ ਸੀ ਅਤੇ ਯਤਨ ਕਰ ਕੇ ਉਹ ਥੱਕ ਗਿਆ ਸੀ। ਅਖ਼ੀਰ ਉਹਨੇ ਸੋਚਣਾ ਛੱਡ ਦਿੱਤਾ ਅਤੇ ਸੌਂ ਗਿਆ।

ਸਾਹਿਲ ਦੇ ਨਾਲ-ਨਾਲ ਮੱਛੀਆਂ ਫੜਨ ਦੀ ਕੋਸ਼ਿਸ਼ ਕਰਨ ਜਾਂ ਰੱਕੜ ਖੇਤ ਦੀ ਗੁਡਾਈ ਕਰਨ ਦੀ ਬਜਾਏ, ਹਰੀ ਹੁਣ ਆਪਣਾ ਬਹੁਤਾ ਵਕਤ ਪਿੰਡ ਦੇ ਮੁੰਡਿਆਂ ਨਾਲ ਖੜ੍ਹਾ ਹੋ ਕੇ, ਬੇੜੀ 'ਤੇ ਹੋ ਰਹੇ ਕੰਮ ਨੂੰ ਵੇਖਣ ਵਿੱਚ ਬਿਤਾਉਂਦਾ। ਖੁਰਦਰੀ ਲੱਕੜ ਨੂੰ ਸਾਫ਼ ਤੇ ਇਕਸਾਰ ਕੀਤਾ ਜਾ ਰਿਹਾ ਸੀ। ਫੱਟੇ ਧੁੱਪ ਵਿਚ ਚਮਕ ਰਹੇ ਸਨ, ਲਾਲ-ਸੁਨਹਿਰੀ। ਬਹੁਤ ਚੰਗੀ ਲੱਕੜ ਸੀ, ਨਾਰੀਅਲ ਦੇ ਤਣਿਆਂ ਦੀ ਨਹੀਂ ਸੀ, ਜੋ ਉਹ ਆਪ ਵਰਤਦੇ ਸਨ, ਅਸਲੀ ਲੱਕੜ ਸੀ, ਸੁਹਣੀ ਲੱਕੜ! ਉਸ ਵਿਚੋਂ ਮੱਛੀ ਦੀ ਅਤੇ ਸਮੁੰਦਰ ਦੀ ਮੁਸ਼ਕ ਨਹੀਂ ਸੀ ਆਉਂਦੀ ਜਿਵੇਂ ਕਿ ਪਿੰਡ ਦੀ ਹੋਰ ਹਰਕੇ ਸ਼ੈਅ 'ਚੋਂ ਆਉਂਦੀ ਸੀ, ਸਗੋਂ ਇਮਾਰਤੀ ਲੱਕੜੀ ਦੀ, ਬੁਰਾਦੇ ਦੀ, ਵਣਾਂ-ਜੰਗਲਾਂ ਦੀ, ਅਤੇ ਅਚਰਜ ਚੀਜ਼ਾਂ ਦੀ, ਸੁੱਕੀਆਂ, ਹੰਢਣਸਾਰ, ਕੀਮਤੀ ਚੀਜ਼ਾਂ ਦੀ ਗੰਧ ਆਉਂਦੀ ਸੀ। ਉਸ ਦੀ ਸੁਗੰਧ ਨਾਲ ਹਰੀ ਦੀਆਂ ਨਾਸਾਂ ਵਿਚ ਝੁਣਝੁਣੀ ਜਿਹੀ, ਜਲੂਣ-ਜਿਹੀ ਹੋਣ ਲੱਗਦੀ।



ਬੀਜੂ ਬੇਆਰਾਮ ਜਿਹਾ ਆਪਣੀ ਫ਼ੋਲਡਿੰਗ ਕੁਰਸੀ 'ਤੇ ਬੈਠਾ ਸੀ ਅਤੇ ਵੇਖ ਵੀ ਰਿਹਾ ਸੀ। ਜਦੋਂ ਕੋਈ ਉਸ ਨਾਲ ਗੱਲਾਂ ਕਰਨ ਲਈ, ਉਸਦੇ ਕਾਫ਼ੀ ਨੇੜੇ ਆਉਂਦਾ, ਤਾਂ ਉਹ ਉਸ ਬਾਰੇ ਫੜ ਮਾਰਦਾ।

"ਇਸ ਵਿੱਚ ਡੀਜ਼ਲ-ਇੰਜਣ ਹੋਵੇਗਾ ਅਤੇ ਰੀਫ਼ਰਿੱਜਰੇਟਰ ਵੀ। ਇਕ ਡੀਪ-ਫ਼ਰੀਜ਼।"

ਉਹ ਹੌਲੀ-ਹੌਲੀ ਆਖਦਾ ਇਹਨਾਂ ਅਣਪਛਾਤੇ ਲਫ਼ਜ਼ਾਂ ਤੋਂ ਹੋਰ ਕਿਸੇ ਵੀ ਨਾਲੋਂ, ਵਧੇਰੇ ਪ੍ਰਭਾਵਿਤ ਹੋਇਆ। "ਫਿਰ ਬੇੜੀ ਛੇ ਦਿਨ ਤੱਕ ਲਗਾਤਾਰ ਚਲ ਸਕਦੀ ਹੈ ਅਤੇ ਫੜੀਆਂ ਮੱਛੀਆਂ ਡੀਪ-ਫ਼ਰੀਜ਼ 'ਚ ਰੱਖੀਆਂ ਜਾ ਸਕਦੀਆਂ ਹਨ ਅਤੇ ਉਹ ਖ਼ਰਾਬ ਨਹੀਂ ਹੋਣਗੀਆਂ। ਜਦੋਂ ਉਹ ਬੰਬਈ ਲਿਜਾਈਆਂ ਜਾਣਗੀਆਂ ਤਾਂ ਉਹ ਉਦੋਂ ਵੀ ਤਾਜ਼ਾ ਹੋਣਗੀਆਂ।"

"ਯਖ਼ ਕੀਤੀਆਂ ਹੋਈਆਂ, ਤਾਜ਼ਾ ਨਹੀਂ !" ਹਰੀ ਬੁੜਬੁੜਾਇਆ ਪਰ ਬੀਜੂ ਨੇ ਜਿਵੇਂ ਸੁਣਿਆ ਹੀ ਨਾ ਹੋਵੇ।

"ਬੀਜੂ, ਇਸ 'ਤੇ ਲਾਗਤ ਕਿੰਨੀ ਆਵੇਗੀ? " ਇਕ ਸਹਿਮ-ਮਾਰੇ ਪਿੰਡ ਵਾਸੀ ਨੇ ਪੁੱਛ ਕੀਤੀ ਜਿਸ ਕੋਲ ਦੋ ਬੱਕਰੀਆਂ ਅਤੇ ਇੱਕ ਰਿੰਨ੍ਹਣ ਪਕਾਉਣ ਵਾਲੀ ਹਾਂਡੀ ਤੋਂ ਛੁੱਟ ਹੋਰ ਕੁੱਝ ਵੀ ਨਹੀਂ ਸੀ ਅਤੇ ਜੋ ਇਸ ਗੱਲ ਦਾ ਅੰਦਾਜ਼ਾ ਵੀ ਨਹੀਂ ਸੀ ਲਾ ਸਕਦਾ ਕਿ ਬੀਜੂ ਕੋਲ ਕਿੰਨੀ ਦੌਲਤ ਸੀ, "ਇਹੀ ਕੋਈ ਦੋ ਲੱਖ ਹੋ ਸਕਦਾ ਹੈ। ਢਾਈ ਲੱਖ!" ਬੀਜੂ ਨੇ ਐਵੇਂ ਸਰਸਰੀ ਜਿਹੀ ਅਟਕਲ ਲਾਉਣ ਦੀ ਕੋਸ਼ਿਸ਼ ਕਰਦਿਆਂ ਆਖਿਆ, ਪਰ ਉਸ ਦੀਆਂ ਅੱਖਾਂ ਖ਼ਰਚ ਦੇ ਖ਼ੌਫ਼ ਨਾਲ ਏਧਰ-ਓਧਰ ਘੁੰਮ ਰਹੀਆਂ ਸਨ।

"ਏਨਾ ਜ਼ਿਆਦਾ ਖ਼ਰਚ।"

"ਕੋਈ ਗੱਲ ਨਹੀਂ ! ਇੱਕ ਵਾਰੀ ਬੇੜੀ ਸਮੁੰਦਰ 'ਤੇ ਆ ਜਾਏ ਤਾਂ ਇਹ ਮੇਰੇ ਲਈ ਦਿਨ 'ਚ ਘੱਟੋ-ਘੱਟ ਪੰਜਾਹ ਹਜ਼ਾਰ ਰੁਪਏ ਲਿਆਵੇਗੀ।" ਬੀਜੂ ਨੇ ਬੜੇ ਮਾਣ ਨਾਲ ਆਖਿਆ।

ਹਰੀ ਖੜਾ ਸੁਣਦਾ ਰਿਹਾ ਅਤੇ ਆਪਣੇ ਪੈਰ ਦੇ ਅੰਗੂਠੇ ਨਾਲ ਰੇਤ ਵਿੱਚ ਤਸਵੀਰਾਂ ਬਣਾਉਂਦਾ ਰਿਹਾ। ਉਹ ਵੀ ਅਸਲ ਵਿੱਚ, ਸਿੱਧੜ ਬੱਕਰਵਾਲ ਨਾਲੋਂ ਵਧੇਰੇ ਰਕਮ ਦੀ ਕਲਪਨਾ ਨਹੀਂ ਸੀ ਕਰ ਸਕਦਾ, ਭਾਵੇਂ ਕਿ ਉਹਨੇ ਕੁੱਝ ਸਾਲ ਸਕੂਲ ਵਿੱਚ ਲਾਏ ਸਨ। ਬੀਜੂ ਨੇ ਭਵਿੱਖ ਦੀ ਜਿਹੜੀ ਤਸਵੀਰ ਖਿੱਚੀ ਸੀ, ਉਹ ਵੀ ਉਸ ਨਾਲ ਚੁੰਧਿਆ ਗਿਆ ਸੀ, ਭਾਵੇਂ ਕਿ ਉਹ ਉਸ ਵਿਚ ਬਹੁਤਾ ਵਿਸ਼ਵਾਸ ਨਹੀਂ ਸੀ ਕਰਦਾ। ਸਮੁੰਦਰ ਵਿਚ ਬਹੁਤ ਜ਼ਿਆਦਾ ਖ਼ਤਰਾ ਸੀ, ਬਹੁਤ ਜ਼ਿਆਦਾ ਜ਼ੋਖਮ। ਉਹ ਜਾਣਦਾ ਸੀ ਕਿ ਸਮੁੰਦਰ ਵਿਚ ਕਿੰਨੇ ਬੰਦੇ ਆਪਣੀਆਂ ਜਾਨਾਂ ਗੁਆ ਚੁੱਕੇ ਸਨ, ਹਰੇਕ ਮੌਨਸੂਨ 'ਚ ਕਿੰਨੇ ਡੁੱਬ ਗਏ ਸਨ, ਕਿੰਨੀਆਂ ਬੇੜੀਆਂ ਤਬਾਹ ਹੋ ਗਈਆਂ ਸਨ ਅਤੇ ਕਦੇ ਮੁੜ ਕੇ ਨਹੀਂ ਸਨ ਆਈਆਂ। ਪਰ ਨਾਲ ਹੀ ਉਹਨੂੰ ਬੇੜੀ ਵਿਚ ਬੈਠ ਕਿਤੇ ਦੂਰ ਜਾਣ ਦੀ, ਸਮੁੰਦਰ ਵਿਚ ਬਹੁਤ ਹੀ ਦੂਰ ਜਾਣ ਅਤੇ ਮੁੜ ਕਦੇ ਵੀ ਵਾਪਸ ਨਾ ਆਉਣ ਜਾਂ ਫਿਰ ਅਥਾਹ ਦੌਲਤ ਲੈ ਕੇ ਆਉਣ ਦੀ ਸੋਚ ਬਹੁਤ ਜ਼ੋਰਦਾਰ ਖਿੱਚ ਪਾਉਂਦੀ ਸੀ।

ਜਦੋਂ ਰਾਮੂ, ਆਪਣੇ ਸਾਈਕਲ 'ਤੇ ਉਸ ਦੇ ਨੇੜੇ ਆਇਆ ਅਤੇ ਆਖਣ ਲੱਗਾ, "ਓਏ ਹਰੀ, ਆ ਮੇਰੇ ਨਾਲ", ਤਾਂ ਉਹ ਮੁੜਿਆ ਅਤੇ ਉਹਦੇ ਨਾਲ ਚਲ ਪਿਆ, ਡੂੰਘੀ, ਗਰਮ ਰੇਤ ਵਿੱਚ ਔਖ ਨਾਲ ਤੁਰਦਾ, ਇਹ ਸੋਚਦਾ ਹੋਇਆ ਕਿ ਬੀਜੂ ਦਾ ਪੱਖ ਲਵੇ ਜਾਂ ਉਹਨਾਂ ਲੋਕਾਂ ਦਾ ਜੋ ਬੀਜੂ ਦਾ ਵਿਸ਼ਵਾਸ ਨਹੀਂ ਸੀ ਕਰਦੇ।

ਨਿਸ਼ਚੇ ਹੀ ਰਾਮੂ ਉਸ ਦਾ ਵਿਸ਼ਵਾਸ ਨਹੀਂ ਸੀ ਕਰਦਾ। "ਇਹ ਕੇਵਲ ਮੱਛੀਆਂ ਫੜਨ ਵਾਲੀ ਬੇੜੀ ਹੈ। ਚਾਹੇ ਉਸ ਵਿੱਚ ਡੀਪ-ਫ਼ਰੀਜ਼ ਹੀ ਲੱਗਾ ਹੋਇਆ ਹੋਵੇਗਾ।" ਉਹ ਆਖਿਆ ਕਰਦਾ ਸੀ। ਤੂੰ ਜਾਣਦਾ ਹੀ ਏਂ ਕਿ ਮੌਨਸੂਨ ਕਿਹੋ-ਜਿਹੀ ਹੁੰਦੀ ਹੈ- ਇਕ ਤੂਫ਼ਾਨ ਆਇਆ ਨਹੀਂ ਕਿ ਬੇੜੀ ਤੀਲ੍ਹਾਂ ਦੀ ਡੱਬੀ ਵਾਂਗ ਫ਼ੀਤੀ-ਫ਼ੀਤੀ ਹੋ ਜਾਵੇਗੀ, ਬਾਕੀ ਦੀਆਂ ਸਾਰੀਆਂ ਬੇੜੀਆਂ ਵਾਂਗ ਹੀ। ਉਹ ਏਨੀ ਮਜ਼ਬੂਤ ਤਾਂ ਹੋਵੇਗੀ ਨਹੀਂ ਕਿ ਮੌਨਸੂਨ ਦੇ ਮੌਸਮ 'ਚ ਵੀ ਚਲ ਸਕੇ, ਇਸ ਲਈ ਕੀ ਫ਼ਾਇਦਾ? ਸੱਭ ਝੂਠ ਹੈ।"

"ਜੋ ਵੀ ਹੈ, ਉਹ ਮੱਛੀਆਂ ਫੜਨ ਦੇ ਮੌਸਮ 'ਚ ਬਹੁਤ ਸਾਰਾ ਪੈਸਾ ਬਣਾਵੇਗਾ।" ਹਰੀ ਨੇ ਆਖਿਆ।

"ਅਤੇ ਜਦੋਂ ਮੱਛੀਆਂ ਫੜਨ ਦਾ ਮੌਸਮ ਖ਼ਤਮ ਹੋ ਜਾਵੇਗਾ, ਤਾਂ ਉਹ ਕੀ ਕਰੇਗਾ? ਬੀਚ 'ਤੇ ਬੈਠੇਗਾ ਅਤੇ ਹੋਰ ਸਾਰੇ ਬੁੱਢਿਆਂ ਵਾਂਗ ਜਾਲਾਂ ਦੀ ਮੁਰੰਮਤ ਕਰੇਗਾ? ਨਹੀਂ, ਕੋਈ ਨੌਕਰੀ ਕਰ ਲੈਣੀ ਅਤੇ ਰੋਜ਼ਾਨਾ ਪੈਸੇ ਕਮਾਉਣੇ ਬਿਹਤਰ ਹੈ। ਅਤੇ ਫਿਰ ਹੋਰ ਵੀ ਤਾਂ ਸਾਰੇ ਫ਼ਾਇਦੇ ਹਨ-ਕੈਂਟੀਨ 'ਚ ਮੁਫ਼ਤ ਲੰਚ, ਜੇ ਬਿਮਾਰ ਹੋ ਜਾਉ ਤਾਂ ਤੁਹਾਨੂੰ ਵੇਖਣ ਵਾਸਤੇ ਡਾਕਟਰ, ਤਨਖ਼ਾਹ-ਸਹਿਤ ਛੁੱਟੀਆਂ। ਇਹ ਹੈ ਨਾ ਜ਼ਿੰਦਗੀ "ਰਾਮੂ ਨੇ ਆਪਣੇ ਸਾਈਕਲ ਦੀ ਘੰਟੀ ਚਾਈਂ-ਚਾਈਂ ਤੇ ਉਚੀ-ਉਚੀ ਵਜਾਈ।

"ਅਤੇ ਤੇਰਾ ਕੀ ਖ਼ਿਆਲ ਹੈ ਕਿ ਤੈਨੂੰ ਥਲ ਵਿਚ ਇਉਂ ਨੌਕਰੀ ਮਿਲ ਜਾਏਗੀ? ਹਰੀ ਨੂੰ ਸੰਦੇਹ ਸੀ, ਬੀਜੂ ਦੀ ਬੇੜੀ ਦੀ ਮਹਾਨਤਾ  ਬਾਰੇ ਸੰਦੇਹ ਨਾਲੋਂ ਵੀ ਕਿਤੇ ਵਧੇਰੇ ਸੰਦੇਹ!

"ਹਾਂ, ਜ਼ਰੂਰ ! ਫ਼ੈਕਟਰੀ ਬਣ ਲੈਣ ਦੇ, ਰਾਮੂ ਨੌਕਰੀ ਲਈ ਕਤਾਰ ਵਿੱਚ, ਪਹਿਲਾ ਹੋਵੇਗਾ।" ਰਾਮੂ ਨੇ ਉੱਚੀ ਆਵਾਜ਼ ਵਿਚ ਆਖਿਆ ਅਤੇ ਮੁੜ ਘੰਟੀ ਵਜਾਈ, ਏਨੀ ਉਚੀ-ਉਚੀ ਕਿ ਇਕ ਮੱਝ ਦੀ ਪਿੱਠ 'ਤੇ ਬੈਠਾ ਅਤੇ ਉਸ ਦੇ ਕੰਨਾਂ 'ਤੇ ਠੂੰਗੇ ਮਾਰਦਾ, ਬਗਲਿਆਂ ਦਾ ਜੋੜਾ ਡਰ ਗਿਆ ਅਤੇ ਉਡ ਕੇ ਪਨਾਹ ਲੈਣ ਵਾਸਤੇ ਨਾਰੀਅਲ ਦੇ ਰੁੱਖਾਂ ਦੇ ਝੁੰਡ ਵਿੱਚ ਜਾ ਵੜਿਆ।

"ਮੈਂ ਵੀ ਕੋਸ਼ਿਸ਼ ਕਰ ਕੇ ਵੇਖਾਂਗਾ", ਹਰੀ ਨੇ ਆਖਿਆ । "ਮੈਂ ਵੀ ਇਹੀ ਕੁੱਝ ਕਰਾਂਗਾ।"

ਉਹਨੇ ਹੁਣ ਵੇਖਿਆ ਕਿ ਦੋ ਜਾਂ ਤਿੰਨ ਸੰਭਾਵਨਾਵਾਂ ਸਨ। ਹੁਣ ਭਾਵੇਂ ਉਹ ਮੱਛੀਆਂ ਹੀ ਫੜ ਸਕਦਾ ਸੀ ਅਤੇ ਨਾਰੀਅਲ ਹੀ ਵੇਚ ਸਕਦਾ ਸੀ, ਪਰ ਮਗਰੋਂ ਜਾ ਕੇ, ਉਹ ਫ਼ੈਕਟਰੀ ਦੀ ਨੌਕਰੀ, ਬੀਜੂ ਦੀ ਮੱਛੀਆਂ ਫੜਨ ਵਾਲੀ ਵੱਡੀ ਬੇੜੀ ਵਰਗੀ ਕਿਸੇ ਬੇੜੀ 'ਤੇ ਨੌਕਰੀ ਜਾਂ ਬੰਬਈ ਵਿੱਚ ਨੌਕਰੀ, ਜੇ ਕੋਈ ਉਥੇ ਪੁੱਜਣ ਵਿੱਚ, ਉਸ ਦੀ ਮਦਦ ਕਰ ਦੇਵੇ, ਵਿਚੋਂ ਕਿਸੇ ਇਕ ਦੀ ਚੋਣ ਕਰਨ ਦੇ ਯੋਗ ਹੋ ਜਾਵੇਗਾ।

ਭਾਵੇਂ ਉਸਨੂੰ ਇਹ ਸੋਚ ਕੇ ਉਤੇਜਨਾ ਹੁੰਦੀ ਕਿ ਜ਼ਿੰਦਗੀ ਉਸ ਲਈ ਏਨੀਆਂ ਸੰਭਾਵਨਾਵਾਂ ਲਈ ਬੈਠੀ ਸੀ, ਉਸ ਨੂੰ, ਇਸ ਤੋਂ ਡਰ ਵੀ ਆਉਂਦਾ। ਥਲ ਦੇ ਬੰਦਿਆਂ ਨੂੰ ਅਜਿਹੀ ਚੋਣ ਕਦੇ ਵੀ ਨਹੀਂ ਸੀ ਕਰਨੀ ਪਈ, ਉਹਨਾਂ ਨੂੰ ਇਹਨਾਂ ਸਾਹਿਲਾਂ ਦੇ ਨਾਲ-ਨਾਲ ਮੱਛੀਆਂ ਫੜਨ ਅਤੇ ਖੇਤੀ ਕਰਨ ਤੋਂ ਅੱਗੇ ਕਦੇ ਵੀ ਕੁੱਝ ਹੋਰ ਸੋਚਣਾ ਨਹੀਂ ਸੀ ਪਿਆ। ਹੁਣ ਇਹ ਕਾਫ਼ੀ ਨਹੀਂ ਸੀ। ਹਰੀ ਨੇ ਵੇਖਿਆ ਕਿ ਬੀਜੂ ਵਾਂਗ, ਬੇਸ਼ੱਕ ਵੱਖਰੇ ਪੈਮਾਨੇ 'ਤੇ ਉਸਨੂੰ ਚੋਣ ਕਰਨੀ ਪਏਗੀ, ਚੋਣ, ਜੋ ਪਿੰਡ ਵਿਚ ਪਹਿਲਾਂ ਕਦੇ ਕਿਸੇ ਹੋਰ ਨੇ ਨਹੀਂ ਸੀ ਕੀਤੀ। ਕਿਵੇਂ? ਕੌਣ ਉਸ ਦੀ ਮਦਦ ਕਰੇਗਾ? ਉਹ ਚੁੱਪਚਾਪ ਚਿੰਤਾ-ਗ੍ਰਸਤ ਅੱਗੇ ਤੁਰਦਾ ਗਿਆ।

ਉਹ ਇਸੇ ਤਰ੍ਹਾਂ ਚਿੰਤਾ ਵਿਚ ਡੁੱਬਾ ਸੋਚਦਾ ਚਲਿਆ ਜਾਂਦਾ, ਜੇ ਅਚਨਚੇਤੀ ਉਸਦਾ ਧਿਆਨ ਨਾ ਉਟਕ ਜਾਂਦਾ। ਇਕ ਬਹੁਤ ਜ਼ਿਆਦਾ ਲੱਦੀ ਹੋਈ ਕਾਰ, ਘਾਹ ਵਾਲੇ ਕੰਢੇ ਤੇ, ਡੱਕੇ-ਡੋਲੇ ਖਾਂਦੀ, ਹੇਠਾਂ-ਉਤੇ ਲੁੜ੍ਹਕਦੀ ਉਥੇ ਆ ਰੁਕੀ ਸੀ, ਨਾਰੀਅਲ ਦੇ ਰੁੱਖਾਂ ਵਿਚਕਾਰ ਏਧਰ-ਉਧਰ ਹੁੰਦੀ ਅਤੇ ਤੰਗ-ਸੌੜੇ ਰਾਹ ਵਿੱਚ ਧੂੜ ਦੇ ਬੱਦਲ ਉਡਾਉਂਦੀ ਹੋਈ, 'ਮੌਨ-ਰੀਪੋਜ਼' ਦੇ ਮੂਹਰੇ ਰੁਕ ਜਾਣ ਤੋਂ ਪਹਿਲਾਂ। ਮੌਨ-ਰੀਪੋਜ਼ ਇੱਕ ਚਿੱਟਾ ਸਫ਼ੈਦ ਬੰਗਲਾ, ਜੋ ਸਾਲ ਦਾ ਬਹੁਤਾ ਸਮਾਂ ਸੱਖਣਾ ਪਿਆ ਰਹਿੰਦਾ। ਇਹ 'ਡੀ ਸਿਲਵਾ ਸਨ, ਉਹ ਪਰਿਵਾਰ ਜੋ ਕਦੇ-ਕਦਾਈਂ ਉਸ ਵਿੱਚ ਛੁੱਟੀ ਮਨਾਉਣ ਲਈ ਬੰਬਈ ਤੋਂ ਆਉਂਦਾ ਸੀ ਅਤੇ ਉਸਨੂੰ ਕੁਝ ਦਿਨਾਂ ਲਈ ਅਚਨਚੇਤੀ ਜ਼ਿੰਦਗੀ ਬਖ਼ਸ਼ ਦਿੰਦਾ ਸੀ। ਉਹਨਾਂ ਇੱਕ ਸਾਲ ਪਹਿਲਾਂ 'ਮੌਨ-ਰੀਪੋਜ਼' ਵਕੀਲਾਂ ਪਾਸੋਂ ਖ਼ਰੀਦਿਆ ਸੀ ਜੋ ਬਲ ਬੀਚ ਤੇ, ਛੁੱਟੀ-ਕੁਟੀਆਵਾਂ ਬਣਾਉਣ ਵਾਲੇ, ਬੰਬਈ ਦੇ ਪਹਿਲੇ ਪਰਿਵਾਰਾਂ 'ਚੋਂ ਇਕ ਸਨ। ਪਰ ਉਹ ਏਨੇ ਬਿਰਧ ਤੇ ਕਮਜ਼ੋਰ ਹੋ ਗਏ ਸਨ



ਕਿ ਅਕਸਰ ਉਥੇ ਨਹੀਂ ਸਨ ਆ ਸਕਦੇ ਅਤੇ ਘਰ ਦੇ ਕਈ ਵਰ੍ਹਿਆਂ ਲਈ ਖ਼ਾਲੀ ਪਏ ਰਹਿਣ ਪਿੱਛੋਂ, ਉਹਨਾਂ ਉਹ ਡੀ ਸਿਲਵਾ ਪਾਸ ਵੇਚ ਦਿੱਤਾ ਸੀ, ਜੋ ਜਵਾਨ ਅਤੇ ਹਿੰਮਤੀ ਸਨ ਅਤੇ ਜਾਪਦਾ ਸੀ ਕਿ ਉਹ ਬੀਚ 'ਤੇ ਜ਼ਿੰਦਗੀ ਦਾ ਪੂਰੇ ਦਿਲ ਨਾਲ ਮਜ਼ਾ ਲੈ ਰਹੇ ਸਨ। ਜਦ ਕਦੇ ਵੀ ਉਹ ਆਉਂਦੇ, ਛੋਟੀ ਜਿਹੀ ਝੁੱਗੀ ਵਿਚ ਰਹਿੰਦੇ ਪਰਿਵਾਰ ਦੇ ਜੀਵਨ ਵਿੱਚ ਵੀ ਪਰਿਵਰਤਨ ਆ ਜਾਂਦਾ। ਝੱਟ-ਪੱਟ ਰੌਲਾ -ਰੌਲਾ ਸ਼ੁਰੂ ਹੋ ਜਾਂਦਾ, ਹਰ ਤਰ੍ਹਾਂ ਦਾ ਚਾਅ ਅਤੇ ਉਤਸ਼ਾਹ ਅਤੇ ਆਸਾਂ-ਉਮੰਗਾਂ ਅਤੇ ਨਾਲ ਹੀ ਕਰਨ ਲਈ ਕੰਮ, ਰੋਜ਼ਗਾਰ ਅਤੇ ਉਜਰਤਾਂ।

ਹਰੀ, ਬੇਲਾ ਅਤੇ ਕਮਲ ਆਪਣੇ ਦਰਵਾਜ਼ੇ ਕੋਲ ਚਮੇਲੀ ਦੇ ਰੁੱਖ ਹੇਠ ਚਾਅ ਅਤੇ ਉਤਸੁਕਤਾ ਵਿੱਚ ਉਤੇਜਤ ਖਲੋਤੇ ਸਨ, ਪਿੰਟੋ ਨੂੰ ਕਾਰ ਅਤੇ ਅਜਨਬੀਆਂ ਦੇ ਅਣਪਛਾਤੇ ਦ੍ਰਿਸ਼ 'ਤੇ ਭੌਂਕਦਿਆਂ ਵੇਖਦੇ ਹੋਏ ਅਤੇ ਉਸਨੂੰ ਹਟਕਦੇ-ਹੋੜਦੇ ਅਤੇ ਪਿੱਛੇ ਮੋੜਦੇ ਹੋਏ, ਹੱਤਾ ਕਿ ਭੌਂਕਦਿਆਂ-ਭੌਂਕਦਿਆਂ ਉਸ ਦੀ ਆਵਾਜ਼ ਬੈਠ ਗਈ ਸੀ। ਦਲਦਲੀ ਖਾਈ ਜੋ ਝੁੱਗੀ ਨੂੰ ਘਰ ਨਾਲੋਂ ਵੱਖਰਿਆਉਂਦੀ ਸੀ, ਵਿਚ ਵੀ ਹਲਚਲ ਜਿਹੀ ਮਚ ਗਈ ਸੀ-ਬਗਲੇ, ਸੁਰਖ਼ੇ, ਕਿਲਕਿਲੇ ਅਤੇ ਜਲ-ਮੁਰਗ਼ੀਆਂ ਆਦਿ ਸਭ ਫੜ-ਫੜ ਕਰਦੇ, ਪਨਾਹ ਲੈਣ ਲਈ ਕਿਉੜੇ, ਕੈਚੁਰਿਨਾ ਅਤੇ ਪਿੱਪਲ ਆਦਿ ਦੇ ਰੁੱਖਾਂ ਦੀ ਸੰਘਣੀ ਹਰਿਆਵਲ ਵਿੱਚ ਜਾ ਵੜੇ।

"ਤੇਰਾ ਖ਼ਿਆਲ ਹੈ, ਉਹ ਏਥੇ ਸਦਾ ਵਾਸਤੇ ਆਏ ਹਨ?" ਬੇਲਾ ਫੁਸਫੁਸਾਈ। "ਹੂੰ...... ਜੇ ਕਿਸੇ ਦਾ ਬੰਬਈ 'ਚ ਘਰ ਹੋਵੇ ਤਾਂ ਉਹ ਏਥੇ ਰਹੇਗਾ?" ਹਰੀ ਨੇ ਝਿੜਕ ਕੇ ਆਖਿਆ।

"ਪਰ ਵੇਖੋ ਨਾ, ਉਹ ਕਿੰਨਾ ਸਾਰਾ 'ਸਾਮਾਨ ਲਿਆਏ ਹਨ-! ਇਹ ਕੁਝ ਕੁ ਦਿਨਾਂ ਲਈ ਤਾਂ ਹੋ ਨਹੀਂ ਸਕਦਾ।" ਬੇਲਾ ਨੇ ਆਖਿਆ ਅਤੇ ਇਹ ਠੀਕ ਸੀ ਕਿ ਕਾਰ 'ਚੋਂ, ਡਿੱਗੀ 'ਚੋਂ, ਅਵਿਸ਼ਵਾਸ-ਯੋਗ ਗਿਣਤੀ 'ਚ ਥੈਲੇ ਤੇ ਟੋਕਰੀਆਂ ਬਾਹਰ ਕੱਢੀਆਂ ਜਾ ਰਹੀਆਂ ਸਨ ਕਿ ਕੋਈ ਵੀ ਸੋਚ ਸਕਦਾ ਸੀ ਕਿ ਉਹ ਉਥੇ ਹਮੇਸ਼ਾ ਲਈ ਠਹਿਰਨ ਵਾਸਤੇ ਆਏ ਹਨ।

ਆਉਣ ਵਾਲਿਆਂ ਨੂੰ ਆਪਣੇ ਥੈਲੇ ਲਈ ਘਰ ਵਲ ਉਖੜੇ-ਉਖੜੇ ਪੈਰੀਂ ਵਧਦਿਆਂ ਵੇਖ, ਹਰੀ ਮਦਦ ਲਈ ਅੱਗੇ ਹੋਇਆ, ਉਹ ਸਾਰਾ ਸਾਮਾਨ ਵਰਾਂਡੇ ਵਿੱਚ ਲੈ ਗਏ ਅਤੇ ਹਰੀ ਝੁੱਗੀ ਵਿਚ ਵਾਪਸ ਆ ਗਿਆ, ਪਰ ਉਸ ਘਰ ਦੇ ਬੱਚਿਆਂ ਵਿਚੋਂ ਇੱਕ ਬੱਚਾ, ਰਾਹ ਵਿਚ ਨੱਸਾ-ਨੱਸਾ, ਉਸ ਨੂੰ ਵਾਪਸ ਬੁਲਾਉਣ ਲਈ ਆਇਆ।

ਜਦੋਂ ਹਰੀ ਵਰਾਂਡੇ ਦੀਆਂ ਪੌੜੀਆਂ 'ਤੇ ਪੁੱਜਾ ਤਾਂ ਉਹਨੇ ਸ੍ਰੀਮਤੀ ਡੀ ਸਿਲਵਾ ਨੂੰ ਉਥੇ ਖੜੀ ਤੱਕਿਆ। ਉਹਨੇ ਵਿਦੇਸ਼ੀ ਵਸਤਰ ਪਾਏ ਹੋਏ ਸਨ, ਜਿਹੋ-ਜਿਹੇ ਕਿ ਥਲ ਦੀਆਂ ਔਰਤਾਂ ਕਦੇ ਨਹੀਂ ਸੀ ਪਹਿਨਦੀਆਂ ਅਤੇ ਵਾਸਤਵ ਵਿੱਚ, ਵਸਤਰ ਕੀ ਸਨ, ਐਵੇਂ ਨਾਂਮਾਤਰ ਹੀ ਕਿ ਹਰੀ ਵੇਖਣ ਦਾ ਹੀਆ ਨਾ ਕਰ ਸਕਿਆ, ਅਤੇ ਉਸਨੂੰ ਆਪਣੀਆਂ ਨਜ਼ਰਾਂ ਨੀਵੀਆਂ ਕਰ ਲੈਣੀਆਂ ਪਈਆਂ। ਉਸ ਦੇ ਹੱਥ ਵਿਚ ਇੱਕ ਟੋਕਰੀ ਅਤੇ ਕੁਝ ਪੈਸੇ ਸਨ। ਉਹਨੇ ਹਰੀ ਨੂੰ ਬਾਜ਼ਾਰ ਜਾ ਕੇ ਕੁਝ ਮੱਛੀ ਖ਼ਰੀਦ ਕੇ ਲਿਆਉਣ ਲਈ ਆਖਿਆ। "ਮੱਛੀ ਤਾਜ਼ਾ ਹੋਣੀ ਚਾਹੀਦੀ ਹੈ।" ਉਹਨੇ ਮੁੜ-ਮੁੜ ਤਾਕੀਦ ਕੀਤੀ। ਅਤੇ ਸਵੇਰੇ, ਸਾਨੂੰ ਦੁੱਧ ਅਤੇ ਆਂਡਿਆਂ ਦੀ ਲੋੜ ਹੋਵੇਗੀ। ਕੀ ਤੂੰ ਲਿਆ ਸਕੇਂਗਾ? ਬਹੁਤ, ਬਹੁਤ ਤਾਜ਼ਾ" ਹਰੀ ਪਹਿਲਾਂ ਵੀ ਉਹਨਾਂ ਲਈ, ਅਜਿਹੀ ਨੱਸ-ਭੱਜ ਕਰਦਾ ਰਿਹਾ ਸੀ, ਜਦ ਕਦੇ ਵੀ ਉਹ ਪਿਛਲੇ ਸਾਲ ਦੇ ਦੌਰਾਨ ਸਪਤਾਹ-ਅੰਤ ਮਨਾਉਣ ਲਈ ਆਏ ਸਨ, ਪਰ ਉਹ ਹਮੇਸ਼ਾ ਹੀ ਉਸਨੂੰ ਭੁੱਲ ਜਾਂਦੀ ਸੀ ਜਾਂ ਫਿਰ ਪਛਾਣ ਨਹੀਂ ਪਾਉਂਦੀ ਸੀ। 'ਸ਼ਹਿਰੀ ਲੋਕਾਂ ਦਾ ਚੇਤਾ ਕਮਜ਼ੋਰ ਹੁੰਦਾ ਹੈ, ਹਰੀ ਸੋਚਦਾ ਜਾਂ ਫਿਰ ਸ਼ਾਇਦ ਉਹ ਰੋਜ਼ ਗਲੀਆਂ-ਬਾਜ਼ਾਰਾਂ ਵਿਚ ਸੈਆਂ ਹਜ਼ਾਰਾਂ ਚਿਹਰੇ ਤੱਕਦੇ ਸਨ ਜਿਸ ਕਰਕੇ ਇਕ ਦੀ ਦੂਸਰੇ ਤੋਂ ਅੱਡਰੀ ਪਛਾਣ ਨਹੀਂ ਸੀ ਕਰ ਸਕਦੇ। ਪਰ ਹਰੀ ਨੇ ਬਸ ਸਿਰ ਹਿਲਾਇਆ, ਸ੍ਰੀਮਤੀ ਡੀ ਸਿਲਵਾ ਪਾਸੋਂ ਪੈਸੇ ਅਤੇ ਟੋਕਰੀ ਲਈ ਅਤੇ ਬਾਜ਼ਾਰ ਵਲ ਚਲ ਪਿਆ।

ਅਗਲੇ ਕੁਝ ਦਿਨ, ਉਹਨਾਂ ਉਸ ਨੂੰ ਕੰਮਾਂ 'ਚ ਰੁਝਾਈ ਰੱਖਿਆ। ਕਦੇ ਮੱਛੀਆਂ ਫੜਨ ਵਾਲੇ ਬੇੜੇ ਦੇ ਆਉਣ 'ਤੇ ਉਹ ਬੀਚ 'ਤੇ ਉਹਨਾਂ ਲਈ ਮੱਛੀ ਖ਼ਰੀਦਦਾ ਅਤੇ ਕਦੇ ਪਿੰਡ ਦੇ ਬਾਜ਼ਾਰ 'ਚੋਂ' ਆਂਡੇ ਅਤੇ ਦੁੱਧ ਲੈ ਕੇ ਆਉਂਦਾ । ਉਹ ਸ਼ਾਮ ਨੂੰ ਉਹਨਾਂ ਦੇ ਪੀਣ-ਪਿਲਾਉਣ ਲਈ, ਸੋਡਾ ਵਾਟਰ ਦੀਆਂ ਬੋਤਲਾਂ ਵੀ ਲੈ ਕੇ ਆਉਂਦਾ, ਜਦੋਂ ਕਿ ਉਹ ਬਾਹਰ ਨਾਰੀਅਲ ਦੇ ਰੁੱਖਾਂ ਹੇਠ, ਧਾਤ ਦੀਆਂ ਫ਼ੋਲਡਿੰਗ ਕੁਰਸੀਆਂ 'ਤੇ ਬੈਠਣਾ ਪਸੰਦ ਕਰਦੇ ਜੋ ਉਹ ਬੰਬਈ ਤੋਂ ਆਪਣੇ ਨਾਲ ਲਿਆਏ ਸਨ ਅਤੇ ਘੁੱਟ-ਘੁੱਟ ਕਰਕੇ ਸ਼ਰਾਬ ਪੀਂਦੇ।

ਉਹ ਆਪਣੇ ਨੌਕਰਾਂ ਨੂੰ ਵੀ ਨਾਲ ਲਿਆਏ ਸਨ-ਇੱਕ ਬਾਵਰਚੀ, ਜਿਹੜਾ ਉਹਨਾਂ ਲਈ ਖਾਣਾ ਬਣਾਉਂਦਾ ਅਤੇ ਇੱਕ 'ਆਇਆ', ਜੋ ਉਹਨਾਂ ਦੇ ਕੱਪੜੇ ਧੋਂਦੀ ਅਤੇ ਛੋਟੇ ਬੱਚਿਆਂ ਨੂੰ ਇਕੱਠੇ ਕਰਕੇ ਬੀਚ 'ਤੇ ਲੈ ਜਾਂਦੀ। ਉਹਨਾਂ ਸਾਰਿਆਂ ਨੂੰ ਖੇਡਦਿਆਂ ਅਤੇ ਸਮੁੰਦਰ ਵਿੱਚ

ਛਪਲ-ਛਪਲ ਕਰਦਿਆਂ ਇੱਕ ਦੂਸਰੇ 'ਤੇ ਪਾਣੀ ਉਛਾਲਦਿਆਂ, ਅਤੇ ਜਦੋਂ ਲਹਿਰਾਂ ਉਹਨਾਂ ਨੂੰ ਲੁੜ੍ਹਕਾ ਦਿੰਦੀਆਂ ਅਤੇ ਛੱਲਾਂ ਉਹਨਾਂ ਦੇ ਸਿਰਾਂ ਉਪਰੋਂ ਦੀ ਲੰਘਦੀਆਂ, ਤਾਂ ਉਹਨਾਂ ਨੂੰ ਚੀਖ਼ਾਂ ਮਾਰਦਿਆਂ ਅਤੇ ਹੱਸਦਿਆਂ ਵੇਖਣਾ ਵੀ ਇਕ ਨਜ਼ਾਰਾ ਹੁੰਦਾ। ਹਰੀ ਅਤੇ ਉਸ ਦੀਆਂ ਭੈਣਾਂ ਝਾੜੀਆਂ ਦੇ ਪਿੱਛਿਉਂ ਉਹਨਾਂ ਨੂੰ ਵੇਖਦੇ, ਪਰ ਥਲ ਦੇ ਵਸਨੀਕ ਆਪਣੇ ਕੰਮਾਂ ਲਈ ਨਿਕਲੇ, ਬੀਚ 'ਤੇ ਏਧਰ-ਉਧਰ ਟਹਿਲਦਿਆਂ ਉਹਨਾਂ ਨੂੰ ਵੇਖਣ ਲਈ ਰੁਕ ਜਾਂਦੇ ਅਤੇ ਖ਼ੂਬ ਹੱਸਦੇ। ਥਲ ਦੇ ਲੋਕ, ਆਪਣੀਆਂ ਬੇੜੀਆਂ ਠ੍ਹੇਲਣ ਲਈ ਜਾਂ ਮੱਛੀਆਂ ਫੜਨ ਲਈ ਸਮੁੰਦਰ ਦੇ ਅੰਦਰ ਜਾਂਦੇ ਸਨ, ਮੱਛੀਆਂ ਜਾਂ ਡੱਡੂਆਂ ਵਾਂਗ ਤੈਰਨ ਲਈ ਅਤੇ ਛਪਲ-ਛਪਲ ਪਾਣੀ ਉਛਾਲਣ ਲਈ ਨਹੀਂ। ਉਹਨਾਂ ਦਾ ਖ਼ਿਆਲ ਸੀ ਕਿ ਬੰਬਈ ਤੋਂ ਆਏ ਉਹਨਾਂ ਲੋਕਾਂ ਦੇ ਦਿਮਾਗ਼ 'ਚ ਨਿਸ਼ਚੇ ਹੀ ਕੋਈ ਖ਼ਰਾਬੀ ਸੀ।

ਬੇਸ਼ੱਕ ਉਹ ਖੇਡਣ, ਏਧਰ-ਉਧਰ ਲੇਟਣ ਅਤੇ ਆਰਾਮ ਕਰਨ ਤੋਂ ਛੁੱਟ ਕੁਝ ਨਹੀਂ ਸਨ ਕਰਦੇ, ਪਰ ਉਹਨਾਂ ਦੇ ਆਲੇ-ਦੁਆਲੇ ਦੇ ਹੋਰ ਹਰੇਕ ਬੰਦੇ ਨੂੰ, ਕੰਮ ਵਿੱਚ ਰੁੱਝਿਆ ਰੱਖਿਆ ਜਾਂਦਾ ਸੀ। ਰਸੋਈਆ ਅਤੇ 'ਆਇਆ' ਸਾਰੇ ਕੰਮ ਪੂਰੇ ਕਰਨ ਦੇ ਸਮਰਥ ਨਹੀਂ ਸਨ। ਇਸ ਲਈ ਹਰੀ ਨੂੰ ਮਦਦ ਲਈ ਰੱਖਿਆ ਗਿਆ ਸੀ। (ਪਹਿਲਾਂ, ਉਸਦਾ ਪਿਉ ਉਹਨਾਂ ਲਈ ਕੰਮ ਕਰਿਆ ਕਰਦਾ ਸੀ)। ਰਸੋਈਆ ਹਰੀ ਪਾਸੋਂ, ਜਦੋਂ ਉਹ ਮੱਛੀ ਲੈ ਕੇ ਆਉਂਦਾ, ਤਾਂ ਮੱਛੀ ਨੂੰ ਕਟਾਉਂਦਾ ਅਤੇ ਸਾਫ਼ ਵੀ ਕਰਾਉਂਦਾ ਅਤੇ ਕਈ ਵਾਰੀ ਤਾਂ ਸਬਜ਼ੀਆਂ ਵੀ ਛਿਲਾਉਂਦਾ ਅਤੇ ਕਟਵਾਉਂਦਾ। 'ਆਇਆ' ਉਸਨੂੰ ਘਰ ਵਿੱਚ ਝਾੜੂ ਦੇਣ ਲਈ ਆਖਦੀ, ਜੋ ਏਨਾ ਲੰਮਾ ਸਮਾਂ ਬੰਦ ਤੇ ਖ਼ਾਲੀ ਪਏ ਰਹਿਣ ਪਿੱਛੋ, ਰੇਤ ਨਾਲ ਅਤੇ ਮੱਕੜੀਆਂ ਦੇ ਜਾਲਿਆਂ ਨਾਲ ਭਰਿਆ ਹੁੰਦਾ। ਤਦ ਹਰੀ ਨੂੰ , ਲੀਲਾ ਨੂੰ ਬੁਲਾਉਣਾ ਪੈਂਦਾ, ਮਦਦ ਵਾਸਤੇ। ਲੀਲਾ ਆਪਣੀ ਸਾੜ੍ਹੀ ਨੂੰ ਉਪਰ ਟੁੰਗਦੀ, ਆਪਣੀ ਬਹੁਕਰ ਲਿਆਉਂਦੀ ਅਤੇ ਸਫ਼ਾਈ ਕਰਨ ਲਈ ਆਉਂਦੀ। ਬੱਚੇ ਉਹਦੇ ਪਿੱਛੇ -ਪਿੱਛੇ ਲੱਗੇ ਰਹਿੰਦੇ, ਉਸਦੀਆਂ ਕੱਚ ਦੀਆਂ ਚੂੜੀਆਂ ਅਤੇ ਵਾਲਾਂ ਵਿੱਚ ਟੁੰਗੇ ਫੁੱਲਾਂ 'ਤੇ ਮੋਹਿਤ ਹੋਏ, ਭਰਮੇ-ਭਰਮਾਏ। ਜਦੋਂ ਉਹ ਝਾੜੂ ਦੇਣਾ ਛੱਡ ਕੇ, ਉਹਨਾਂ ਨੂੰ ਮਿੱਠੀ ਮੁਸਕਾਨ ਦਿੰਦੀ ਤਾਂ ਉਹ ਉਸ ਦੇ ਹਾਰ-ਸ਼ਿੰਗਾਰ ਦੀ ਪ੍ਰਸੰਸਾ ਕਰਨ ਵਾਸਤੇ, ਉਸ ਦੇ ਹੋਰ ਵੀ ਨੇੜੇ ਆ ਜਾਂਦੇ। ਉਹਨਾਂ ਆਪ ਕੋਈ ਜ਼ੇਵਰ ਆਦਿ ਨਾ ਪਾਏ ਹੁੰਦੇ, ਚਾਹੇ ਉਹਨਾਂ ਪਾਸ ਹਰ ਰੋਜ਼ ਬਦਲਣ ਲਈ ਅਤੇ ਕਈ ਵਾਰੀ ਤਾਂ ਦਿਨ ਵਿੱਚ ਦੋ ਵਾਰੀ ਬਦਲਣ ਲਈ, ਕਾਫ਼ੀ ਕੱਪੜੇ ਸਨ। ਉਹ ਉਹਨਾਂ ਦੇ ਕੇਸਾਂ ਲਈ ਵੀ ਫੁੱਲ ਲਿਆਉਣ ਦਾ ਇਕਰਾਰ ਕਰਦੀ ਅਤੇ ਉਹ ਉਸਦੀ ਝੁੱਗੀ ਵਲ ਜਾਂਦੇ ਰਾਹ 'ਤੇ, ਉਸਦੇ ਪਿੱਛੇ, ਪਿੱਛੇ ਆਉਂਦੇ।

"ਕਮਲ, ਬੇਲਾ-ਆਓ ਅਤੇ ਉਹਨਾਂ ਲਈ ਕੁਝ ਹਾਰ ਬਣਾ ਦਿਉ।" ਉਹ ਆਪਣੀਆਂ ਭੈਣਾਂ ਨੂੰ ਆਵਾਜ਼ ਮਾਰਦੀ, ਜੋ ਸੰਗ ਨਾਲ ਵਰਾਂਡੇ ਦੇ ਕੌਲਿਆਂ ਦੁਆਲੇ ਲਿਪਟ ਜਾਂਦੀਆਂ, ਜਦੋਂ ਉਹ ਉਹਨਾਂ ਨੂੰ ਆਉਂਦਿਆਂ ਵੇਖ ਲੈਂਦੇ। ਉਹ ਹੀ- ਹੀ ਕਰਦੀਆਂ ਕੌਲਿਆਂ ਦੁਆਲਿਉਂ ਪਿੱਛੇ ਹਟਦੀਆਂ ਅਤੇ ਚੰਬੇ ਦੀਆਂ ਕਲੀਆਂ ਇਕੱਠੀਆਂ ਕਰਨ ਚਲੀਆਂ ਜਾਂਦੀਆਂ।

ਬੱਚੇ ਹਾਰ ਘਰ ਲੈ ਜਾਂਦੇ, ਆਪਣੀ ਮਾਂ ਨੂੰ ਵਿਖਾਉਣ ਵਾਸਤੇ। ਅਗਲੇ ਦਿਨ ਲੀਲਾ ਜਦੋਂ ਝਾੜੂ-ਬਹੁਕਰ ਲਾਉਣ ਲਈ ਆਉਂਦੀ ਤਾਂ ਉਹ ਗੇਂਦੇ ਦੇ, ਅਲਾਮਾਂਡਾ ਦੇ ਕੁੱਝ ਫੁੱਲ ਅਤੇ ਹਬਿਸਕੱਸ (ਇਕ ਜੰਗਲੀ ਪੌਦਾ) ਦੀ ਝਾੜੀ ਦੇ ਕੁੱਝ ਫੁੱਲ, ਜੋ ਉਹਨਾਂ ਦੀ ਝੁੱਗੀ ਦੇ ਇੱਕ ਪਾਸੇ ਉੱਗੇ ਹੁੰਦੇ, ਲੈ ਆਉਂਦੀ ਤਾਂ ਜੋ ਉਹ ਬੱਚਿਆਂ ਨੂੰ ਵਿਖਾ ਸਕੇ ਕਿ ਕਿਵੇਂ ਸਵੇਰ

ਵੇਲੇ ਤੋੜੇ ਬਰਫ਼-ਚਿੱਟੇ ਫੁੱਲ ਹੌਲੀ-ਹੌਲੀ ਦੁਪਹਿਰ ਤੱਕ ਸਿੱਪੀ ਵਰਗੇ ਹਲਕੇ ਗੁਲਾਬੀ, ਫਿਰ ਸ਼ਾਮ ਤੱਕ ਗੂੜ੍ਹੇ ਗੁਲਾਬ ਵਰਗੇ ਅਤੇ ਰਾਤ ਪੈਣ ਤੱਕ ਗੂੜ੍ਹੀ ਕਿਰਮਚੀ ਰੰਗ ਜਿਹੀ ਬਣ ਕੇ ਰਹਿ ਜਾਂਦੇ ਸਨ। ਉਹ ਉਹਨਾਂ ਨੂੰ ਹੈਰਾਨੀ ਵਿੱਚ ਉਚੀ-ਉਚੀ ਇਹ ਆਖਦਿਆਂ ਸੁਣ ਕੇ ਮੁਸਕਰਾ ਪੈਂਦੀ, "ਜਾਦੂ ! ਜਾਦੂਈ ਫੁੱਲ !" ਜਦ ਕਦੇ ਵੀ ਉਹ ਉਹਨਾਂ ਫੁੱਲਾਂ ਦੇ ਪਾਸ ਜਾਂਦੇ, ਜੋ ਉਹਨੇ ਪਾਣੀ ਦੇ ਗਲਾਸ ਵਿੱਚ ਰੱਖ ਕੇ, ਮੇਜ਼ 'ਤੇ ਸਜਾਏ ਹੁੰਦੇ। ਉਸ ਲਈ ਇਹ ਰੋਜ਼ ਵਾਪਰਨ ਵਾਲੀ ਗੱਲ ਸੀ, ਇਕ ਅਜਿਹੀ ਗੱਲ ਜੋ ਉਹ ਆਪਣੀ ਰਸੋਈ ਦੀ ਬਾਰੀ 'ਚੋਂ ਵੇਖ ਸਕਦੀ ਸੀ, ਏਨੀ ਆਮ, ਜਿੰਨੀਆਂ ਕਿ ਉਹ ਮਿੱਠੀਆਂ ਗੋਲੀਆਂ ਜੋ ਉਹ ਲਗਾਤਾਰ ਚੂਸਦੇ ਸਨ ਅਤੇ ਜੋ ਉਸ ਲਈ ਏਨੀਆਂ ਦੁਰਲਭ ਅਤੇ ਅਦਭੁਤ ਸਨ।

ਇਕ ਸ਼ਾਮ ਜਦ ਉਹ ਆਪਣੇ ਵਰਾਂਡੇ ਵਿਚ ਬੈਠੇ ਸਨ, ਸਮੁੰਦਰ ਵਲੋਂ ਜ਼ੋਰ ਦੀ ਹਵਾ ਚੱਲ ਰਹੀ ਸੀ ਅਤੇ ਇਸ ਕਰਕੇ ਠੰਡ ਸੀ, ਉਹਨਾਂ ਦੇ ਕੋਲ ਰੇਤ ਦਾ ਭਰਿਆ ਇਕ ਭਾਂਡਾ ਸੀ, ਜਿਸ ਵਿੱਚ ਉਹਨਾਂ ਨੇ ਸਰੂ ਦੇ ਰੁੱਖ ਦੀ ਇੱਕ ਟਹਿਣੀ ਗੱਡੀ ਹੋਈ ਸੀ। ਜਦੋਂ ਹਰੀ ਉਹਨਾਂ ਪਾਸ ਸੋਡਾ ਲੈ ਕੇ ਗਿਆ, ਉਹ ਵੇਖ ਕੇ ਹੈਰਾਨ-ਭੌਂਚਕਾ ਰਹਿ ਗਿਆ ਕਿ ਉਸ ਟਹਿਣੀ ਨੂੰ ਰੰਗ-ਬਰੰਗੇ ਕਾਗ਼ਜ਼ ਦੇ ਟੁਕੜਿਆਂ ਨਾਲ ਸਜਾਇਆ-ਸ਼ਿੰਗਾਰਿਆ ਹੋਇਆ ਸੀ, ਜੋ ਹਵਾ ਵਿਚ ਫੜ-ਫੜ ਕਰ ਰਹੇ ਸਨ ਅਤੇ ਨਾਲ ਹੀ ਚਾਂਦੀਵੰਨੇ ਸਿਤਾਰੇ ਸਨ ਅਤੇ ਸੁਨਹਿਰੀ ਗੋਲੇ ਜਿਹੇ ਸਨ, ਜੋ ਏਧਰ-ਓਧਰ ਘੁੰਮ ਰਹੇ ਸਨ, ਬੁੜ੍ਹਕ ਰਹੇ ਸਨ ਅਤੇ ਨੱਚ ਰਹੇ ਹਨ। ਵਰਾਂਡੇ ਵਿੱਚ ਬੈਠੀ ਟੋਲੀ ਉਸ ਸ਼ਾਮ ਖ਼ਾਸ ਤੌਰ 'ਤੇ ਖ਼ੁਸ਼ ਅਤੇ ਉਤਸ਼ਾਹਿਤ ਸੀ ਅਤੇ ਉਚੀ-ਉਚੀ ਗੱਲਾਂ ਕਰ ਰਹੀ ਸੀ। ਵੱਡੇ, ਬੱਚਿਆਂ ਨਾਲ ਖੇਡਾਂ ਖੇਡ ਰਹੇ ਸਨ ਅਤੇ ਉਹ ਸਾਰੇ ਕਾਫ਼ੀ ਰਾਤ ਗਏ ਤੱਕ ਹੱਸਦੇ ਤੇ ਗਾਉਂਦੇ ਰਹੇ। ਉਹਨਾਂ ਆਪਣਾ ਰਾਤ ਦਾ ਖਾਣਾ ਬਹੁਤ ਦੇਰ ਨਾਲ ਖਾਧਾ ਅਤੇ ਹਰੀ ਨੇ ਦੱਸਿਆ ਕਿ ਕਿਚਨ ਵਿੱਚ ਪਲੇਟਾਂ ਧੋਣ ਵੇਲੇ ਉਹਨੇ ਉਹਨਾਂ ਨੂੰ, ਇਕ ਪਲੇਟ ਵਿੱਚ ਰੱਖੇ ਖਾਣੇ ਦੇ ਇਕ ਗੋਲੇ ਨੂੰ , ਖਾਣ ਤੋਂ ਪਹਿਲਾ ਅੱਗ ਲਾਉਂਦਿਆਂ ਵੇਖਿਆ ਸੀ-ਉਹ ਨਹੀਂ ਸੀ ਕਹਿ ਸਕਦਾ ਕਿ ਕਿਉਂ !

ਜਦੋਂ ਲੀਲਾ ਅਗਲੀ ਵਾਰ ਸਫ਼ਾਈ ਕਰਨ ਗਈ ਤਾਂ ਉਸ ਨੂੰ ਫ਼ਰਸ਼ ਤੇ ਪਏ ਪਾਟੇ ਹੋਏ ਰੰਗੀਨ ਕਾਗ਼ਜ਼ਾਂ ਦੇ ਢੇਰਾਂ ਦੇ ਢੇਰ ਸਾਫ਼ ਕਰਨੇ ਪਏ ਸਨ। ਜਿਉਂ ਹੀ ਉਹਨੇ ਬੜੀ ਸਾਵਧਾਨੀ ਨਾਲ ਕਾਗ਼ਜ਼ ਦੀਆਂ ਫਟੀਆਂ ਸ਼ੀਟਾਂ ਨੂੰ ਤਹਿ ਕੀਤਾ ਅਤੇ ਉਹਨਾਂ ਨੂੰ ਸਾਫ਼ ਕਾਗ਼ਜ਼ਾਂ ਦੇ ਇਕ ਢੇਰ ਵਿੱਚ ਰੱਖ ਦਿੱਤਾ, ਤਾਂ ਮਾਂ ਆਈ ਅਤੇ ਆਖਣ ਲੱਗੀ, "ਹੂੰ, ਸੁੱਟ ਪਰ੍ਹੇ ਇਹਨਾਂ ਨੂੰ-ਕ੍ਰਿਸਮਸ ਖ਼ਤਮ ਹੋ ਗਈ ਹੈ।" ਹੈਰਾਨ ਤੇ ਘਬਰਾਈ ਹੋਈ ਲੀਲਾ ਉਹ ਕਾਗ਼ਜ਼ ਬੇਲਾ ਅਤੇ ਕਮਲ ਦੇ ਵੇਖਣ ਅਤੇ ਵਰਤਣ ਵਾਸਤੇ ਆਪਣੇ ਘਰ ਲੈ ਗਈ। ਕ੍ਰਿਸਮਸ ਖ਼ਤਮ ਹੋ ਗਈ ਹੈ।" ਉਹਨੇ ਆਖਿਆ ਅਤੇ ਉਹਦੀ ਹੈਰਾਨੀ ਦੀ ਹੱਦ ਨਾ ਰਹੀ। ਕੁੜੀਆਂ ਨੂੰ ਪਤਾ ਸੀ ਕਿ ਇਸ ਦਾ ਕੀ ਮਤਲਬ ਹੈ ਅਤੇ ਉਹਨਾਂ ਸਿਰ ਹਿਲਾਇਆ। "ਹਾਂ, ਕ੍ਰਿਸਮਸ। ਸਾਡੀ ਟੀਚਰ ਨੇ, ਸਾਨੂੰ ਸਕੂਲ ਵਿੱਚ, ਇਸ ਬਾਰੇ ਦੱਸਿਆ ਸੀ। ਇਹ ਇਕ ਬੱਚੇ ਦੇ ਜਨਮ-ਦਿਨ ਦੀ ਦਾਅਵਤ ਹੁੰਦੀ ਹੈ, ਜਿਸ ਦਾ ਜਨਮ ਬਹੁਤ ਸਮਾਂ ਪਹਿਲਾਂ, ਇਕ ਅਸਤਬਲ ਵਿੱਚ ਹੋਇਆ ਸੀ, "ਬੇਲਾ ਨੇ ਆਖਿਆ। " ਕ੍ਰਿਸ਼ਨ ਵਾਂਗ, ਜਿਸਦਾ ਜਨਮ ਜੇਲ੍ਹਖ਼ਾਨੇ ਵਿਚ ਹੋਇਆ ਸੀ।" ਕਮਲ ਨੇ ਸਮਝਾਇਆ। ਲੀਲਾ ਭੌਂਚਕੀ ਜਿਹੀ ਜਾਪ ਰਹੀ ਸੀ। "ਪਰ ਉਹਨਾਂ ਰੁੱਖ ਨੂੰ ਰੰਗਦਾਰ ਕਾਗ਼ਜ਼ਾਂ ਅਤੇ ਸਿਤਾਰਿਆਂ ਨਾਲ ਕਿਉਂ ਢੱਕਿਆ ? "ਉਹਨੇ ਪੁੱਛਿਆ ਅਤੇ ਉਹ ਕੋਈ ਉਤਰ ਨਾ ਦੇ ਸਕੀਆਂ। ਉਹਨਾਂ ਦੀ ਟੀਚਰ ਨੇ ਰੁੱਖ ਬਾਰੇ ਕੁਝ ਨਹੀਂ ਸੀ ਆਖਿਆ। ਐਨ ਉਸ

ਸਮੇਂ ਡੀ ਸਿਲਵਾ ਦੇ ਘਰੋਂ ਬੱਚੇ ਉਹਨਾਂ ਨੂੰ ਉਬਲੀ ਹੋਈ ਮਿਠਾਈ ਦਾ ਪੈਕਿਟ ਦੇਣ ਲਈ ਉਥੇ ਪੁੱਜ ਗਏ, ਜੋ ਉਹਨਾਂ ਸੰਗਦਿਆਂ-ਸੰਗਦਿਆਂ, ਚੁੱਪਚਾਪ ਪਰਵਾਨ ਕਰ ਲਈ ਅਤੇ ਮਗਰੋਂ ਰੌਲਾ-ਰੱਪਾ ਪਾਉਂਦਿਆਂ ਬੜੀ ਬੇਫ਼ਿਕਰੀ ਤੇ ਮਜ਼ੇ ਨਾਲ ਖਾਧੀ।

"ਇਕ ਪਿੰਟੋ ਨੂੰ, ਵਿਚਾਰੇ ਪਿੰਟੋ ਨੂੰ ਵੀ ਦੇ ਦਿਓ, "ਲੀਲਾ ਨੇ ਆਖਿਆ। ਉਸਨੂੰ ਪਿੰਟੋ 'ਤੇ ਤਰਸ ਆ ਰਿਹਾ ਸੀ, ਜਿਸ ਦਾ ਵਕਤ ਬੜਾ ਮਾੜਾ ਬੀਤ ਰਿਹਾ ਸੀ ਕਿਉਂਕਿ ਉਹ ਪਰਿਵਾਰ ਆਪਣਾ ਕੁੱਤਾ ਆਪਣੇ ਨਾਲ ਲਿਆਇਆ ਸੀ-ਵੱਡਾ ਸਾਰਾ ਸੁਨਹਿਰੀ ਕੁੱਤਾ, ਜਿਸ ਦੇ ਪੂਛ ਦੀ ਥਾਂ, ਪੰਖ ਜਿਹੇ ਸਨ, ਸੋਹਣੇ ਜੱਤਦਾਰ-ਉਹ ਪੁਰਾਣੀ ਦਾਸਤਾਨ ਦੀ ਸ਼ਹਿਜ਼ਾਦੀ ਵਰਗਾ ਖ਼ੂਬਸੂਰਤ ਸੀ ਅਤੇ ਉਹ ਸਾਰੇ ਬਹੁਤ ਡਰਦੇ ਸਨ ਕਿ ਕਿਧਰੇ ਸ਼ੋਰ ਪਾਉਣ ਵਾਲਾ ਉਤੇਜਿਤ ਪਿੰਟੋ, ਉਹਨਾਂ ਦੇ ਉਸ ਸੋਹਣੇ ਜਿਹੇ ਕੁੱਤੇ ਨੂੰ, ਜਿਸ ਨੂੰ ਉਹ 'ਮੀਸ਼ਾ' ਕਹਿ ਕੇ ਬੁਲਾਉਂਦੇ ਸਨ, ਵੱਢ ਨਾ ਖਾਏ ! ਇਸ ਲਈ ਉਹਨਾਂ ਹਰੀ ਨੂੰ ਆਖ ਦਿੱਤਾ ਸੀ ਕਿ ਪਿੰਟੋ ਨੂੰ ਸਾਰਾ ਦਿਨ ਕਿਸੇ ਦਰਖ਼ਤ ਨਾਲ ਜਾਂ ਵਰਾਂਡੇ ਦੇ ਕੌਲੇ ਨਾਲ ਬੰਨ੍ਹ ਦੇ ਰੱਖੇ, ਜਦ ਕਿ ਮੀਸ਼ਾ-ਸੁਨਹਿਰੀ ਅਤੇ ਲਿਸ਼ਕਦਾਰ ਤੇ ਰੇਸ਼ਮੀ ਮੀਸ਼ਾ ਬਾਗ਼ ਵਿਚ ਨੱਸਾ-ਭੱਜਾ ਫਿਰਦਾ। ਪਹਿਲਾਂ ਪਹਿਲਾਂ ਪਿੰਟੋ ਭੌਂਕਿਆ ਕਰਦਾ ਸੀ, ਰੋਹ ਵਿਚ, ਗ਼ੁੱਸੇ ਵਿਚ, ਪਰ ਜਦੋਂ ਉਹਨੇ ਵੇਖਿਆ ਕਿ ਇਸ ਦਾ ਕੋਈ ਫ਼ਾਇਦਾ ਨਹੀਂ, ਤਾਂ ਉਹ ਚੁੱਪਚਾਪ ਰੇਤ 'ਤੇ ਲੇਟਿਆ ਰਹਿੰਦਾ ਅਤੇ ਝੁਰਦਾ-ਬਿਸੂੰਗਰਦਾ ਰਹਿੰਦਾ। ਉਸਨੂੰ ਏਨਾ ਸਦਮਾ ਪਹੁੰਚਿਆ ਸੀ ਕਿ ਜਦ ਕਦੇ ਬੇਲਾ ਉਸ ਨੂੰ ਖਾਣ ਨੂੰ ਮਿਠਿਆਈ ਦਿੰਦੀ, ਉਹ ਆਪਣਾ ਮੂੰਹ ਦੂਜੇ ਪਾਸੇ ਕਰ ਲੈਂਦਾ।

ਪਰ ਛੇਤੀ ਹੀ ਪਿੰਟੋ ਲਈ ਬੱਦਲ ਛਟ ਗਿਆ ਅਤੇ ਇਕ ਸਵੇਰ ਕਾਰ ਵਿਚ ਸਾਮਾਨ ਲੱਦਿਆ ਜਾਣ ਲੱਗਾ ਅਤੇ ਕਾਰ ਬੰਬਈ ਵਾਪਸ ਜਾਣ ਲਈ ਤਿਆਰ ਕੀਤੀ ਜਾਣ ਲੱਗੀ। ਮਿਸਟਰ ਡੀ ਸਿਲਵਾ ਨੇ ਹਰੀ ਨੂੰ ਪਾਣੀ ਦੀ ਬਾਲਟੀ ਲਿਆਉਣ ਅਤੇ ਪਹਿਲਾਂ ਕਾਰ ਨੂੰ ਪੂੰਝਣ ਅਤੇ ਫਿਰ ਪਾਣੀ ਨਾਲ ਧੋਣ ਲਈ ਆਖਿਆ। ਆਪ ਉਹ ਖੜਾ ਵੇਖਦਾ ਰਿਹਾ ਅਤੇ ਆਪਣਾ ਪਾਈਪ ਪੀਂਦਾ ਰਿਹਾ। ਆਖਣ ਲੱਗੇ, "ਹਾਂ ਇਹੀਉ ਤਾਂ ਤਰੀਕਾ ਹੈ। ਵੇਖ, ਇਹ ਘਰ ਹੌਲੀ-ਹੌਲੀ ਖ਼ਰਾਬ ਹੋ ਰਿਹਾ ਹੈ। ਸਾਨੂੰ ਇਕ ਚੌਕੀਦਾਰ ਦੀ ਲੋੜ ਹੈ, ਕੋਈ ਜਣਾ, ਜੋ ਸਾਡੇ ਪਿੱਛੋਂ, ਇਸ ਦਾ ਧਿਆਨ ਰੱਖ ਸਕੇ। ਹੋ ਸਕਦਾ ਹੈ, ਅਸੀਂ ਮੁੜ ਕਈ ਮਹੀਨੇ ਨਾ ਆ ਸਕੀਏ, ਪਰ ਉਹ ਸਾਰਾ ਸਮਾਂ ਇਸਨੂੰ, ਨਸ਼ਟ ਹੋ ਜਾਣ ਲਈ ਨਹੀਂ ਛੱਡਿਆ ਜਾ ਸਕਦਾ। ਅਸੀਂ ਥੋੜ੍ਹੀ -ਬਹੁਤ ਤਨਖ਼ਾਹ ਦੇ ਦਿਆਂਗੇ-ਬਹੁਤੀ ਨਹੀਂ ਦੇ ਸਕਾਂਗੇ, ਕਿਉਂਕਿ ਬਹੁਤਾ ਕੰਮ ਤਾਂ ਹੋਵੇਗਾ ਨਹੀਂ, ਬੱਸ ਇਸ 'ਤੇ ਨਜ਼ਰ ਹੀ ਤਾਂ ਰੱਖਣੀ ਹੈ, ਕਦੇ -ਕਦੇ ਖੋਲ੍ਹ ਲਿਆ ਅਤੇ ਹਵਾ ਲੁਆ ਲਈ ਅਤੇ ਸਾਨੂੰ ਦੱਸ ਦਿੱਤਾ ਕਿ ਇਸ ਨੂੰ ਮੁਰੰਮਤ ਦੀ ਲੋੜ ਹੈ। ਤੇਰਾ ਕੀ ਖ਼ਿਆਲ ਹੈ, ਤੇਰਾ ਪਿਉ ਇਹ ਕੰਮ ਕਰ ਸਕੇਗਾ? ਪਹਿਲਾਂ ਤਾਂ ਉਹ ਏਧਰ-ਓਧਰ ਕਿਤੇ ਨੇੜੇ-ਤੇੜੇ ਹੋਇਆ ਕਰਦਾ ਸੀ ਪਰ ਇਸ ਵਾਰੀ ਮੈਂ ਉਸ ਨੂੰ ਵੇਖਿਆ ਹੀ ਨਹੀਂ। ਕਿਥੇ ਹੈ ਉਹ?"

ਹਰੀ ਵਿੱਚ ਉਹਸ਼ਾਹ ਜਾਗਿਆ । ਉਹ ਛੇਤੀ ਨਾਲ ਘਰ ਗਿਆ। ਉਹਨੂੰ ਪਤਾ ਸੀ ਕਿ ਉਹਦਾ ਪਿਉ ਅੰਦਰ ਹੈ; ਇਕ ਹਨੇਰੇ ਖੂੰਜੇ ਵਿਚ, ਆਪਣੀ ਚਿਟਾਈ 'ਤੇ ਲੇਟਿਆ। "ਬਾਪੂ, ਬਾਪੂ", ਉਹਨੇ ਆਖਿਆ ਤੇ ਸ਼ਬਦ ਜਿਵੇਂ ਉਸਦੇ ਸੰਘ ਵਿੱਚ ਹੀ ਨਿਸੱਤਾ ਹੋ ਕੇ ਰਹਿ ਗਿਆ। ਉਹ ਇਹ ਸ਼ਬਦ ਕਦੀ-ਕਦਾਈਂ ਹੀ ਵਰਤਦਾ ਸੀ, "ਬਾਪੂ, ਉਹ ਬੰਦਾ ਤੈਨੂੰ ਬੁਲਾ ਰਿਹਾ ਹੈ। ਉਹ ਤੈਨੂੰ ਕੋਈ ਕੰਮ ਦੇਣਾ ਚਾਹੁੰਦਾ ਹੈ।



"ਹੂੰ .........ਹ ......... ਕੰਮ.....।" ਉਹਦੇ ਪਿਉ ਨੇ ਫ਼ਰਸ਼ ਤੋਂ ਉਠਦਿਆਂ ਅਤੇ ਬੂਹੇ ਵਲ ਆਉਂਦਿਆਂ ਆਖਿਆ। ਹਰੀ ਉਸਨੂੰ ਆਪਣੇ ਨਾਲ ਉਸ ਘਰ ਦੇ ਕੋਲ ਲੈ ਆਇਆ, ਜਿਥੇ ਮਿਸਟਰ ਡੀ ਸਿਲਵਾ ਕਾਰ ਦੇ ਕੋਲ ਖੜਾ, ਉਡੀਕ ਕਰ ਰਿਹਾ ਸੀ ਅਤੇ ਉਸ ਵਿਚ ਸਾਮਾਨ ਲੱਦਿਆ ਜਾਂਦਾ ਵੇਖ ਰਿਹਾ ਸੀ। ਪਰ ਜਦੋਂ ਉਹ ਹਰੀ ਅਤੇ ਉਸਦੇ ਪਿਉ ਵਲ ਮੁੜਿਆ ਤਾਂ ਉਸਦੇ ਚਿਹਰੇ ਦਾ ਭਾਵ ਬਦਲ ਗਿਆ। ਉਹਨੇ ਸੰਖੇਪ ਜਿਹੇ ਕੁੱਝ ਸਵਾਲ ਪੁੱਛੇ, ਪਰ ਉਹਨੇ ਲੰਮੇ-ਲੰਮੇ ਤੇ ਮੂੰਹ ਵਿੱਚ ਹੀ ਮਿਣ-ਮਿਣਾਏ ਉਤਰਾਂ 'ਤੇ ਮੱਥੇ ਤਿਊੜੀਆਂ ਪਾ ਲਈਆਂ ਅਤੇ ਮਿਣ-ਮਿਣ ਦੇ ਨਾਲ ਹੀ ਮੂੰਹ 'ਚੋਂ ਬਾਹਰ ਆਉਣ ਵਾਲੀ ਤਾੜੀ ਦੀ ਗਰਮ-ਗਰਮ ਹਵਾੜ ਤੋਂ ਸਿਰ ਦੂਸਰੇ ਪਾਸੇ ਫੇਰ ਲਿਆ। ਅਖ਼ੀਰ ਉਹਨੇ ਆਪਣਾ ਸਿਰ ਹਿਲਾ ਦਿੱਤਾ ਅਤੇ ਵਰਾਂਡੇ ਦੀਆਂ ਪੌੜੀਆਂ ਤੱਕ ਗਿਆ ਅਤੇ ਆਪਣੀ ਬੀਵੀ ਨੂੰ ਆਖਣ ਲੱਗਾ, "ਨਿਕੰਮੇ, ਸ਼ਰਾਬੀ ਲੋਕ

ਸਵੇਰੇ-ਸਵੇਰੇ ਹੀ ਮਦਮਸਤ ਹੋਏ ਫਿਰਦੇ ਹਨ। ਤੁਸੀਂ ਉਹਨਾਂ ਲਈ ਕੀ ਕਰ ਸਕਦੇ ਹੋ? ਅਸਲੋਂ ਨਿਕੰਮੇ........ ਨਾਮੁਰਾਦ।"

ਹਰੀ ਆਪਣੇ ਪਿਉ ਨੂੰ ਆਪਣੇ ਨਾਲ ਘਰ ਵਾਪਸ ਛੱਡ ਆਇਆ। ਉਹਦਾ ਦਿਲ ਜਿਵੇਂ ਉਸਦੇ ਅੰਦਰ ਪੱਥਰ ਹੋ ਕੇ ਰਹਿ ਗਿਆ ਸੀ, ਭਾਰਾ, ਠੰਡਾ-ਯਖ਼। ਜਦੋਂ ਡੀ ਸਿਲਵਾ ਕਾਰ ਵਿਚ ਬੈਠ ਗਏ ਆਪਣੇ ਸ਼ਾਹੀ ਕੁੱਤੇ ਨਾਲ, ਜੋ ਖਿੜਕੀ ਵਿਚੋਂ ਬਾਹਰ ਵੇਖ ਰਿਹਾ ਸੀ, ਅਤੇ ਉਤੇਜਨਾ ਵਿੱਚ, ਆਪਣੀ ਹਲਕੀ-ਫੁਲਕੀ ਜੱਤਲ ਪੂਛ ਹਿਲਾ ਰਿਹਾ ਸੀ ਅਤੇ ਮਿਸਟਰ ਡੀ ਸਿਲਵਾ ਬਾਰੀ 'ਚੋਂ ਬਾਹਰ ਝੁਕਿਆ ਹੋਇਆ ਸੀ ਅਤੇ ਜਦੋਂ ਉਹਨੇ ਹਰੀ ਨੂੰ ਕੁੱਝ ਪੈਸੇ ਦੇਂਦਿਆਂ ਆਖਿਆ ਸੀ, "ਮੁੰਡਿਆ, ਤੂੰ ਕਾਰ ਦੀ ਬਹੁਤ ਚੰਗੀ ਝਾੜ-ਪੂੰਝ ਤੇ ਸਫ਼ਾਈ ਕੀਤੀ ਹੈ। ਜੇ ਕਦੇ ਤੂੰ ਬੰਬਈ ਆਵੇਂ, ਤਾਂ ਮੈਂ ਤੈਨੂੰ ਕਾਰ-ਕਲੀਨਰ ਦੀ ਨੌਕਰੀ ਦੇ ਦਿਆਂਗਾ।", ਤਾਂ ਵੀ ਹਰੀ ਮੁਸਕਰਾ ਨਹੀਂ ਸੀ ਸਕਿਆ। ਉਹਨੇ ਪੈਸੇ ਫੜ ਲਏ ਅਤੇ ਚੁੱਪ-ਚਾਪ ਵੇਖਦਾ ਰਿਹਾ। ਕਾਰ ਨੇ ਘਰਰ-ਘਰਰ ਕੀਤੀ ਅਤੇ ਕੁਝ ਚਿਰ, ਰੇਤਲੇ ਰਾਹ 'ਤੇ ਹੁੰਦੀ ਹੋਈ, ਨਾਰੀਅਲ ਦੇ ਰੁੱਖਾਂ ਦੇ ਝੁੰਡ ਵਿਚ ਲੋਪ ਹੋ ਗਈ।

ਤਦ ਫਿਰ ਲੀਲਾ ਨੇ ਅਖ਼ੀਰ ਪਿੰਟੋ ਨੂੰ ਖੁੱਲ੍ਹਾ ਛੱਡ ਦਿੱਤਾ ਅਤੇ ਖ਼ੁਸ਼ੀ ਵਿਚ, ਇਕ ਲੰਮੀ ਚਾਂਗਰ ਮਾਰਦਾ ਹੋਇਆ ਪਿੰਟੋ, ਪਾਗਲਾਂਹਾਰ, ਕਾਰ ਦੇ ਪਿੱਛੇ ਭੱਜਾ ਅਤੇ ਪਿੱਛੇ ਭੱਜਦਾ ਗਿਆ, ਜਦ ਤੱਕ ਕਿ ਉਹ ਪਿੰਡ ਤੋਂ ਬਾਹਰ ਨਾ ਚਲੀ ਗਈ।

ਹਰੀ ਨੂੰ ਆਪਣੇ ਪਿਉ ਦੇ ਸ਼ਰਾਬ ਵਿੱਚ ਧੁੱਤ ਹੋਣ ਬਾਰੇ, ਬੰਬਈ ਦੇ ਬੰਦੇ ਦੇ ਨਿਰਾਦਰੀ ਵਾਲੇ ਸ਼ਬਦਾਂ ਬਾਰੇ, ਹਾਲੇ ਵੀ ਖ਼ਾਮੋਸ਼ ਰੋਹ ਸੀ, ਜਦੋਂ ਉਹ ਇਹ ਵੇਖਣ ਗਿਆ ਕਿ ਕੀ ਆਖ਼ਿਰ ਨੂੰ ਫ਼ੈਕਟਰੀ ਖੜੀ ਹੋ ਰਹੀ ਸੀ ਕਿ ਨਹੀਂ। ਉਹ ਇਹ ਨਹੀਂ ਸੀ ਜਾਣਦਾ ਕਿ ਕੀ ਮਿਸਟਰ ਡੀ ਸਿਲਵਾ ਨੂੰ ਉਸ ਦੇ ਕਦੇ ਬੰਬਈ ਜਾਣ 'ਤੇ ਕਾਰ ਦੇ ਕਲੀਨਰ ਦੀ ਨੌਕਰੀ ਦੇਣ ਦਾ ਆਪਣਾ ਵਾਅਦਾ ਯਾਦ ਵੀ ਰਹੇਗਾ ਕਿ ਨਹੀਂ, ਜਾਂ ਫਿਰ ਉਸਨੂੰ ਹੁਣ ਕਲੀਨਰ ਦੀ ਲੋੜ ਸੀ ਵੀ ਕਿ ਨਹੀਂ ! ਨਾ ਹੀ ਉਹਨੂੰ ਇਹ ਖ਼ਿਆਲ ਸੀ ਕਿ ਬੀਜੂ, ਉਸ ਨੂੰ ਆਪਣੀ ਬੇੜੀ 'ਤੇ ਜਦੋਂ ਉਹ ਬਣ ਜਾਵੇਗੀ, ਕੋਈ ਨੌਕਰੀ ਦੇ ਦੇਵੇਗਾ ਕਿ ਨਹੀਂ ! ਇਸ ਲਈ, ਉਸ ਇਹ ਦੇਖਣਾ ਸੀ ਕਿ ਕੀ ਫ਼ੈਕਟਰੀ ਬਣ ਗਈ ਹੈ ਜਾਂ ਨਹੀਂ ਅਤੇ ਕੀ ਉਸ ਨੂੰ ਉਥੇ ਕੋਈ ਨੌਕਰੀ ਮਿਲ ਸਕਦੀ ਹੈ ਕਿ ਨਹੀਂ, ਕਿਉਂਕਿ ਹੁਣ ਉਸ ਦੇ ਸਾਹਮਣੇ, ਤਿੰਨਾਂ ਚੋਣਾਂ ਵਿੱਚੋਂ, ਇਹੀ ਸਭ ਤੋਂ ਵਧੀਆ ਵਰਗੀ ਚੋਣ ਜਾਪਦੀ ਸੀ।

ਪਰ ਜਦੋਂ ਉਹ ਪਹਾੜੀ ਦੇ ਹੇਠਾਂ ਫ਼ੈਕਟਰੀ ਵਾਲੇ ਸਥਾਨ 'ਤੇ ਗਿਆ ਤਾਂ ਉਹਨੂੰ ਟੀਨ ਦੀ ਕੋਠੜੀ ਨੂੰ ਤਾਲਾ ਲੱਗਾ ਤੱਕ ਕੇ ਨਿਰਾਸ਼ਾ ਹੋਈ। ਪੀਲੇ ਰੰਗ ਦੀ ਲਾਰੀ ਜਾ ਚੁੱਕੀ ਸੀ ਅਤੇ ਸਿਰਫ਼ ਸੀਮੈਂਟ ਦੀਆਂ ਕੁੱਝ ਵੱਡੀਆਂ-ਵੱਡੀਆਂ ਪਾਈਪਾਂ ਜ਼ਮੀਨ 'ਤੇ ਏਧਰ-ਓਧਰ ਖਿਲਰੀਆਂ ਪਈਆਂ ਸਨ, ਜਿਹਨਾਂ ਤੋਂ ਇਹ ਪ੍ਰਗਟ ਹੁੰਦਾ ਸੀ ਕਿ ਕੋਈ ਉਥੇ ਫ਼ੈਕਟਰੀ ਬਣਾਉਣ ਦਾ ਇਰਾਦਾ ਰੱਖਦਾ ਸੀ। ਇਹ ਨਿੱਕੀਆਂ ਸ਼ੁਰੂਆਤਾਂ ਭਲਾ ਕਦ ਜਾ ਕੇ, ਇਕ ਧੜਵੈਲ ਫ਼ੈਕਟਰੀ ਦਾ ਰੂਪ ਧਾਰਨ ਕਰਨਗੀਆਂ, ਜਿਸ ਵਿਚ ਗੜ੍ਹਕਦੀਆਂ ਮਸ਼ੀਨਾਂ ਦੀ ਭਰਮਾਰ ਹੋਵੇਗੀ, ਜੋ ਰਾਮੂ ਅਤੇ ਹਰੀ ਦੇ ਹੱਥਾਂ ਨਾਲ ਚੱਲਣ ਦੀ ਉਡੀਕ ਵਿੱਚ ਹੋਣਗੀਆਂ ?

ਉਹਨੇ ਪਾਈਪਾਂ ਦੁਆਲੇ ਇੱਕ ਚੱਕਰ ਕੱਢਿਆ, ਲੱਗਭਗ ਇਵੇਂ ਜਿਵੇਂ ਉਹਨੂੰ ਇਹ ਵੇਖਣ ਦੀ ਆਸ ਹੋਵੇ ਕਿ ਉਹ ਹਿੱਲਣ ਲੱਗ ਪੈਣਗੀਆਂ, ਪਰ ਉਹਨਾਂ ਵਿੱਚ ਕੋਈ ਹਰਕਤ

ਨਹੀਂ ਸੀ, ਸਿਵਾਏ ਇੱਕ ਭੂਰੇ ਟਿੱਡੇ ਦੇ, ਜੋ ਇੱਕ ਪਾਈਪ ਦੇ ਉਪਰ ਉੱਗੇ ਘਾਹ ਦੀ ਇੱਕ ਝੰਗੀ-ਜਿਹੀ ਵਿਚੋਂ, ਟਪੋਸੀ ਮਾਰ ਕੇ ਉਛਲਿਆ ਸੀ ਅਤੇ ਫਿਰ ਕਿਤੇ ਦੂਰ ਗ਼ਾਇਬ ਹੋ ਗਿਆ ਸੀ। ਇਸ ਲਈ ਇਕ ਗੀਟੀ ਨੂੰ, ਇੱਕ ਹੱਥ 'ਚੋਂ ਦੂਸਰੇ ਹੱਥ ਵਿਚ ਉਛਾਲਦਿਆਂ ਅਤੇ ਆਪਣੀ ਨਿਰਾਸ਼ਾ ਨੂੰ ਸੀਟੀ ਵਜਾ ਕੇ ਦੂਰ ਕਰਨ ਦੀ ਕੋਸ਼ਿਸ਼ ਕਰਦਿਆਂ ਉਹ ਪਹਾੜੀ ਉਤੇ, ਉਪਰ ਵਲ ਨੂੰ ਚੜ੍ਹਨ ਲੱਗਾ, ਜਿਸ ਦੀ ਚੋਟੀ 'ਤੇ ਮੰਦਰ ਸੀ, ਇਹ ਸੋਚਦਾ ਅਤੇ ਹੈਰਾਨ ਹੁੰਦਾ ਕਿ ਇਸ ਦਾ ਕੀ ਬਣੇਗਾ।

ਪਹਾੜੀ ਦੇ ਪਾਸੇ 'ਤੇ ਉਪਰ ਚੜ੍ਹਨ ਨੂੰ ਸੌਖਾ ਬਣਾਉਣ ਵਾਸਤੇ, ਲਾਲ-ਲਾਲ, ਬੱਜਰੀਲੀ-ਪੱਥਰੀਲੀ ਮਿੱਟੀ ਵਿੱਚ ਪੌੜੀਆਂ ਬਣਾਈਆਂ ਹੋਈਆਂ ਸਨ। ਜਦੋਂ ਉਹ ਪਹਾੜੀ ਦੇ ਪਾਸਿਆਂ ਉਤੇ, ਸੁੱਕੇ-ਸੜੇ, ਸੁਨਹਿਰੀ ਘਾਹ ਨਾਲ ਖਹਿੰਦਾ-ਖਹਿਸਰਦਾ ਉਪਰ ਵਲ ਨੂੰ ਜਾ ਰਿਹਾ ਸੀ, ਉਹਨੂੰ ਬੱਕਰੀਆਂ ਦੇ ਇੱਜੜ ਨਾਲ ਪਹਾੜੀ ਤੋਂ ਹੇਠਾਂ ਆਉਂਦਾ ਇਕ ਆਜੜੀ ਮਿਲਿਆ। ਉਹਨੇ ਚਿੱਟੀ ਧੋਤੀ ਪਾਈ ਹੋਈ ਸੀ ਅਤੇ ਸਿਰ 'ਤੇ ਵੱਡੀ ਸਾਰੀ ਜਾਮਣੀ ਪੱਗ ਬੰਨ੍ਹੀ ਹੋਈ ਸੀ ਅਤੇ ਉਸਦੀਆਂ ਬੱਕਰੀਆਂ ਚਿੱਟੀਆਂ-ਕਾਲੀਆਂ, ਚਾਕਲੇਟੀ, ਬਦਾਮੀ ਤੇ ਭੂਰੀਆਂ ਸਨ ਅਤੇ ਉਸਦੇ ਪਿੱਛੇ-ਪਿੱਛੇ, ਧੂੜ ਦੇ ਇੱਕ ਬੱਦਲ ਵਿਚ ਤੁਰੀਆਂ ਆ ਰਹੀਆਂ ਸਨ, ਮੈਂ-ਮੈਂ ਕਰਦੀਆਂ ਅਤੇ ਇੱਕ-ਦੂਸਰੀ ਨੂੰ ਹਾਕਾਂ ਮਾਰਦੀਆਂ। ਉਹਨਾਂ ਵਿਚੋਂ ਕੁੱਝ ਪਹਾੜੀ ਦੀ ਇੱਕ ਦੰਦੀ 'ਤੇ ਫਸ ਗਈਆਂ ਸਨ ਅਤੇ ਉਹ ਝੱਲੀਆਂ ਹੋਈਆਂ ਆਪਣੀਆਂ ਉਹਨਾਂ ਸਾਥਣਾਂ ਨੂੰ ਪੁਕਾਰ ਰਹੀਆਂ ਸਨ, ਜੋ ਪਹਿਲਾਂ ਹੀ ਪਹਾੜੀ ਦੇ ਦਾਮਨ ਵਿੱਚ ਪੁੱਜ ਚੁੱਕੀਆਂ ਸਨ। ਅਖ਼ੀਰ ਉਹਨਾਂ ਵਿਚੋਂ ਸਭ ਤੋਂ ਸਿਰਲੱਥ ਅੱਗੇ ਵਧੀ ਅਤੇ ਫਿਰ ਬਾਕੀ ਦੀਆਂ ਸਾਰੀਆਂ, ਇੱਜੜ ਨਾਲ ਜਾ ਰਲਣ ਲਈ, ਜੋ ਹੁਣ ਸ਼ਾਹਰਾਹ ਨੂੰ ਪਾਰ ਕਰ ਕੇ, ਖ਼ੁਸ਼ਕ ਖੇਤਾਂ ਵਲ ਜਾ ਰਿਹਾ ਸੀ ਜਿਥੋਂ ਧਾਨ ਦੀ ਸਿਆਲ ਦੀ ਫ਼ਸਲ, ਹੁਣੇ ਜਿਹੇ ਹੀ ਵੱਢੀ ਗਈ ਸੀ। ਉਸ ਸਾਰੀ ਧੂੜ ਵਿੱਚ, ਆਜੜੀ ਦੀ ਸ਼ੋਖ਼ ਜਾਮਣੀ ਪਗੜੀ, ਰੰਗ ਦੇ ਇੱਕੋ-ਇੱਕ ਟਿਮਕਣੇ ਵਜੋਂ, ਵੇਖੀ ਜਾ ਸਕਦੀ ਸੀ,

ਹਰੀ ਉਪਰ ਸਿਖਰ ਵਲ ਨੂੰ ਤੁਰਦਾ ਗਿਆ, ਤੁਰਦਾ ਗਿਆ। ਉਸਦਾ ਸਿਰ ਪਿੱਛੇ ਵਲ ਨੂੰ ਹੀ ਝੁਕਿਆ ਹੋਇਆ ਸੀ, ਵੱਡੀਆਂ-ਵੱਡੀਆਂ ਇੱਲਾਂ ਦੇ ਇੱਕ ਜੋੜੇ ਨੂੰ ਤੱਕਣ ਲਈ, ਜੋ ਸੰਧਿਆ ਦੇ ਅਸਮਾਨ ਵਿੱਚ, ਜਿਵੇਂ ਕੋਈ ਖੇਡ ਖੇਡ ਰਹੀਆਂ ਸਨ-ਹਵਾ ਦੀਆਂ ਲਹਿਰਾਂ 'ਤੇ ਤਰਦੀਆਂ ਅਤੇ ਤਿਲਕਦੀਆਂ -ਮੇਲ੍ਹਦੀਆਂ ਅਤੇ ਠਹਿਰੀ ਹੋਈ ਸਾਫ਼-ਖ਼ਾਮੋਸ਼ ਹਵਾ ਵਿਚ ਕਲਾਬਾਜ਼ੀਆਂ ਲਾਉਂਦੀਆਂ, ਕਦੇ ਉਸ ਖੇਤ 'ਤੇ ਉਡਦੀਆਂ, ਜਿਥੇ ਕੁੜੀਆਂ ਦਾ ਸਕੂਲ ਸੀ, ਕਦੇ ਨਾਰੀਅਲ ਅਤੇ ਕੇਲੇ ਦੇ ਉਹਨਾਂ ਰੁੱਖਾਂ ਦੀ ਹਰੀ ਪੱਟੀ 'ਤੇ ਪਰਵਾਜ਼ ਕਰਦੀਆਂ, ਜਿਹਨਾਂ ਵਿੱਚ ਉਸ ਦਾ ਆਪਣਾ ਘਰ ਛੁਪਿਆ ਹੋਇਆ ਸੀ ਅਤੇ ਫਿਰ ਕਦੇ ਸਮੁੰਦਰ ਉਤੇ ਉਡਾਨ ਭਰਦੀਆਂ, ਜੋ ਹੁਣ ਉਸ ਦੇ ਅੰਦਰ, ਉਸ ਸ਼ਾਹਾਨਾ ਸ਼ਾਨ ਨਾਲ ਡੁੱਬ ਰਹੇ ਸੂਰਜ ਸਦਕਾ ਜਿਸ ਸ਼ਾਨ ਨਾਲ ਕਿ ਇਕ ਸ਼ਹਿਨਸ਼ਾਹ ਆਪਣੀ ਆਰਾਮਗਾਹ ਨੂੰ ਜਾਂਦਾ ਹੈ, ਬਹੁਤ ਹੀ ਜਖ਼ੇ ਵਾਲਾ ਅਤੇ ਊਦਾ-ਜਾਮਣੀ ਜਾਪ ਰਿਹਾ ਸੀ। ਫਿਰ ਉਹ ਅਚਾਨਕ ਨਜ਼ਰਾਂ ਤੋਂ ਓਝਲ ਹੋ ਗਈਆਂ।

ਜਦੋਂ ਹਰੀ ਨੇ ਆਪਣੀਆਂ ਸਾਰੀਆਂ ਤੰਗੀਆਂ-ਤਕਲੀਫ਼ਾਂ, ਆਪਣੇ ਸ਼ਰਾਬੀ ਪਿਉ ਦੀ, ਮਿਸਟਰ ਡੀ ਸਿਲਵਾ ਵਲੋਂ ਕੀਤੀ ਨਿਰਾਦਰੀ, ਕੰਮ ਤੇ ਪੈਸੇ ਦੀ ਅਣਹੋਂਦ ਸੰਬੰਧੀ ਸੋਚਿਆ, ਤਾਂ ਉਸ ਦਾ ਜੀਅ ਕੀਤਾ ਕਿ ਕਾਸ਼ ਏਥੇ ਧਰਤੀ ਨਾਲ ਬੱਝੇ ਰਹਿਣ, ਉਸ ਮੰਦਰ ਦੇ ਦੁਆਲੇ

ਤੁਰੀ ਜਾਣ, ਜੋ ਖ਼ੁਸ਼ਨੁਮਾ ਵੀ ਨਹੀਂ, ਦੀ ਬਜਾਏ ਉਹ ਵੀ ਆਕਾਸ਼ ਵਿਚ ਉਚਾ, ਬਹੁਤ ਉਚਾ ਉਡ ਸਕਦਾ ਅਤੇ ਲੋਪ ਹੋ ਜਾਂਦਾ ! ਮੰਦਰ ਕੀ ਸੀ, ਇੱਟਾਂ ਦੀ ਇੱਕ ਛੋਟੀ ਜਿਹੀ ਕੋਠੜੀ, ਜਿਸ ਦੇ ਅੰਦਰ ਕ੍ਰਿਸ਼ਨ ਜੀ ਮਹਾਰਾਜ ਅਤੇ ਉਹਨਾਂ ਦੀਆਂ ਗਊਆਂ ਦੀ ਇਕ ਰੰਗੀਨ ਮੂਰਤੀ ਰੱਖੀ ਹੋਈ ਸੀ। ਅੰਦਰ ਗਏ ਬਗ਼ੈਰ, ਖੁੱਲ੍ਹੇ ਦਰਵਾਜ਼ੇ ਵਿਚੋਂ ਦੀ ਉਸ ਮੂਰਤੀ ਨੂੰ ਵੇਖਦਿਆਂ, ਹਰੀ ਨੂੰ ਉਸ ਚਰਵਾਹੇ ਦਾ ਚੇਤਾ ਆਇਆ, ਜਿਸ ਨੂੰ ਉਹਨੇ ਹੁਣੇ ਹੀ ਵੇਖਿਆ ਸੀ ਅਤੇ ਉਹ ਸੋਚ ਰਿਹਾ ਸੀ ਕਿ ਕੀ ਉਹ ਵੀ ਕ੍ਰਿਸ਼ਨ ਵਾਂਗ ਵੰਝਲੀ ਵਜਾ ਰਿਹਾ ਸੀ। ਸੱਭ ਕੁਝ ਏਥੇ ਹੀ ਸੀ, ਸਭ ਕੁਝ ਆਪੋ ਵਿਚ ਖ਼ਲਤ-ਮਲਤ ਹੋ ਗਿਆ ਸੀ, ਸਿਵਾਏ ਉਹਦੇ ਆਪਣੇ-ਆਪ ਦੇ! ਆਪਣੇ ਅਸੰਤੋਖ-ਅਸੰਤੁਸ਼ਟਤਾ ਸਦਕਾ, ਆਪਣੀਆਂ ਚਿੰਤਾਵਾਂ ਸਦਕਾ, ਅਤੇ ਆਪਣੀ ਬੇਚੈਨੀ-ਬੇਕਰਾਰੀ ਸਦਕਾ, ਕਿ ਉਹ ਕਿਸੇ ਦਾ ਹੋ ਕੇ, ਟਿਕ ਨਹੀਂ ਸੀ ਸਕਿਆ!

ਉਹ ਆਪਣੇ ਦਿਲ ਹੀ ਦਿਲ ਵਿੱਚ ਜਾਣਦਾ ਸੀ ਕਿ ਉਹ ਇੱਕ ਦਿਨ ਚਲਿਆ ਜਾਵੇਗਾ। ਥਲ ਉਸ ਨੂੰ ਬਹੁਤਾ ਚਿਰ ਬੰਨ੍ਹ ਕੇ ਨਹੀਂ ਰੱਖ ਸਕਦਾ-ਘੱਟੋ ਘੱਟ ਨਾਰੀਅਲ ਦੇ ਝੁੰਡਾਂ ਵਾਲਾ ਅਤੇ ਮੱਛੀਆਂ ਫੜਨ ਵਾਲੇ ਬੇੜੇ ਵਾਲਾ ਥਲ ਤਾਂ ਉੱਕਾ ਹੀ ਨਹੀਂ ! ਸ਼ਾਇਦ ਉਹ ਏਥੇ ਰੁਕ ਜਾਵੇਗਾ, ਜੇ ਇਹ ਫ਼ੈਕਟਰੀਆਂ ਦਾ ਸਥਾਨ ਬਣ ਗਿਆ, ਇਕ ਨਵੀਂ ਕਿਸਮ ਦੀ ਜ਼ਿੰਦਗੀ ਬਸਰ ਕਰਦਾ ਹੋਇਆ, ਨਹੀਂ ਤਾਂ ਉਹ ਅਤੇ ਉਸਦਾ ਪਰਿਵਾਰ ਨਿਸ਼ਚੇ ਹੀ ਹੌਲੀ-ਹੌਲੀ ਭੁੱਖਾ ਮਰ ਜਾਵੇਗਾ, ਉਸ ਦੀ ਮਾਂ ਵਾਂਗ ਬਿਮਾਰ ਪੈ ਜਾਵੇਗਾ ਅਤੇ ਮਰ ਜਾਵੇਗਾ। ਨਹੀਂ ! ਉਹ ਬਾਹਰ ਚਲਿਆ ਜਾਵੇਗਾ। ਬੇੜੀ ਵਿਚ ਸਮੁੰਦਰ ਪਾਰ ਕਰਕੇ, ਬੰਬਈ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਤਕਦੀਰ ਬਣਾਏਗਾ, ਮਿਸਟਰ ਡੀ ਸਿਲਵਾ ਦੀ ਮਦਦ ਨਾਲ ਜਾਂ ਫਿਰ ਉਸ ਤੋਂ ਬਗ਼ੈਰ ਹੀ। ਉਹਨੇ ਆਪਣੇ-ਆਪ ਨੂੰ ਬਹੁਤ ਹੀ ਇਕੱਲਾ ਮਹਿਸੂਸ ਕੀਤਾ।

ਫਿਰ ਉਸਨੂੰ ਕਿਸੇ ਦੇ ਤੀਲ੍ਹੀ ਸੁਲਗਾਉਣ ਦੀ ਆਵਾਜ਼ ਸੁਣਾਈ ਦਿੱਤੀ ਅਤੇ ਉਹ ਆਪਣੇ ਪਿੱਛੇ, ਮੂੰਹ ਵਿੱਚ ਸਿਗਰਟ ਪਾਈ ਖਲੋਤੇ, ਇੱਕ ਬੰਦੇ ਨੂੰ ਵੇਖ ਕੇ ਤ੍ਰਭਕ ਕੇ, ਉਛਲ ਪਿਆ। ਹਰੀ ਉਸ ਬੰਦੇ ਨੂੰ ਨਹੀਂ ਸੀ ਜਾਣਦਾ- ਪੱਕੇ ਰੰਗ ਦਾ ਪਤਲਾ ਜਿਹਾ ਆਦਮੀ, ਜਿਸ ਨੇ ਚਿੱਟੇ ਪਜਾਮੇ ਉਤੇ, ਨੀਲੀ ਕਮੀਜ਼ ਪਾਈ ਹੋਈ ਸੀ, ਉਹ ਵੀ ਮੂਰਤੀ ਨੂੰ ਹੀ ਤੱਕ ਰਿਹਾ ਸੀ।

ਫਿਰ ਉਹਨੇ ਹਰੀ ਵਲ ਵੇਖਿਆ। "ਤੂੰ ......ਪਿੰਡ ਤੋਂ ?" ਉਹਨੇ ਗ਼ਲਤ ਪਾਸੇ ਵਲ ਸੈਣਤ ਕਰਦਿਆਂ ਪੁੱਛਿਆ।

"ਥਲ ਤੋਂ ! ਹਾਂ", ਹਰੀ ਨੇ ਨਾਰੀਅਲ ਦੇ ਰੁੱਖਾਂ ਦੀ ਵਲਗਣ ਵਲ ਇਸ਼ਾਰਾ ਕਰਦਿਆਂ ਆਖਿਆ।

"ਹੂੰ, ਮੈਂ ਥਲ ਦੇ ਇਹਨਾਂ ਕੁੱਝ ਲੋਕਾਂ ਨੂੰ ਮਿਲਿਆ ਹਾਂ।" ਅਜਨਬੀ ਨੇ ਆਖਿਆ।

"ਕੀ ਤੁਸੀਂ ਏਥੇ ਰਹਿੰਦੇ ਹੋ?" ਹਰੀ ਨੇ ਉਤਸੁਕਤਾ ਵੱਸ ਪੁੱਛਿਆ।

ਉਸ ਆਦਮੀ ਨੇ ਕੋਈ ਉਤਰ ਨਾ ਦਿੱਤਾ, ਸਗੋਂ ਹੇਠਾਂ ਇੱਕ ਝੁੱਗੀ ਵਲ ਇਸ਼ਾਰਾ ਕਰ ਦਿੱਤਾ।

"ਉਥੇ !" ਹਰੀ ਨੇ ਹੈਰਾਨੀ ਨਾਲ ਪੁੱਛਿਆ। "ਤੁਸੀਂ ਉਸ ਝੌਂਪੜੀ ਵਿਚ ਰਹਿੰਦੇ ਹੋ? ਕੀ ਤੁਸੀਂ ਬੰਬਈ ਤੋਂ ਇੱਕ ਲਾਰੀ ਵਿੱਚ ਆਏ ਸਉ ?"

ਉਸ ਆਦਮੀ ਨੇ ਹਰੀ ਦੀ ਉਤਸੁਕਤਾ 'ਤੇ ਰਤਾ ਕੁ ਮੁਸਕਰਾਂਦਿਆਂ ਸਿਰ ਹਿਲਾਇਆ।

"ਤਾਂ ਤੇ ਫਿਰ ਤੁਸੀਂ ... ਤੁਸੀਂ ..... ਨਵੀਂ ਫ਼ੈਕਟਰੀ"

"ਮੈਂ ਫ਼ੈਕਟਰੀ ਨਹੀਂ .. "ਉਹ ਆਦਮੀ ਹੱਸਿਆ । "ਚਾਹੇ ਜਿਵੇਂ ਵੀ ਹੋਵੇ ਇਹ ਕੋਈ ਇਕ ਫ਼ੈਕਟਰੀ ਨਹੀਂ ਹੋਵੇਗੀ, ਸਗੋਂ ਫ਼ੈਕਟਰੀਆਂ ਦਾ ਪੂਰਾ ਸ਼ਹਿਰ ਹੋਵੇਗਾ। ਫ਼ੈਕਟਰੀਆਂ, ਹਾਊਸਿੰਗ ਕਾਲੋਨੀਆਂ, ਸ਼ਾਪਿੰਗ ਸੈਂਟਰ , ਬੱਸ-ਡੀਪੂ, ਰੇਲਵੇ ਹੈਡਜ਼, ਇੰਜੀਨੀਅਰ ਅਤੇ ਕਾਮੇ-ਏਥੇ ਪੂਰੇ ਦਾ ਪੂਰਾ ਸ਼ਹਿਰ ਉਸਰ ਰਿਹਾ ਹੈ।"

"ਏਥੇ, ਥਲ ਵਿੱਚ? ਹਰੀ ਹੈਰਾਨ ਹੋਇਆ। ਉਸ ਨੂੰ ਆਪਣੇ ਕੰਨਾਂ 'ਤੇ ਇਤਬਾਰ ਨਹੀਂ ਸੀ ਆ ਰਿਹਾ।

"ਹਾਂ, ਏਥੇ ਥਲ ਤੋਂ ਲੈ ਕੇ ਵੈਸ਼ੇਤ ਤੱਕ, ਵੈਸ਼ੇਤ ਤੋਂ ਰੇਵਾਸ ਤੱਕ ਅਤੇ ਰੇਵਾਸ ਤੋਂ ਉਰਾਨ ਤੱਕ।" ਉਸ ਅਦਾਮੀ ਨੇ ਬੜੇ ਮਾਣ ਨਾਲ ਆਖਿਆ, ਪਹਿਲਾਂ ਇਕ ਉਂਗਲ ਨਾਲ ਸਾਹਿਲ ਵਲ ਸੰਕੇਤ ਕਰਦਿਆਂ ਜਿਥੇ ਨਾਰੀਅਲ ਦੇ ਰੁੱਖਾਂ ਦੀ ਲੰਮੀ-ਚੌੜੀ ਪੱਟੀ ਸੀ, ਫਿਰ ਉਹਨੇ ਉਂਗਲੀ ਨੂੰ ਸ਼ਾਹਰਾਹ ਵਲ ਜਾਂਦੀ ਥਲ -ਰੋਡ ਵਲ ਘੁਮਾਇਆ ਅਤੇ ਫਿਰ ਉਸਦੇ ਨਾਲ-ਨ੍ਹਾਨ ਪੱਥਰ ਦੀ ਖਾਨ ਵਲ, ਜੋ ਪਹਾੜੀ ਤੋਂ ਲੈ ਕੇ ਸੜਕ ਦੇ ਪਾਰ ਤੱਕ ਪੱਸਰੀ ਹੋਈ ਸੀ ਅਤੇ ਫਿਰ ਸ਼ਾਹਰਾਹ ਦੇ ਨਾਲ-ਨਾਲ ਰੇਵਾਸ ਦੇ ਸਾਹਿਲੀ ਪਿੰਡ ਤੱਕ "ਦਾ ਨੀਊ ਥਲ-ਵੈਸ਼ੇਤ ਫ਼ਰਟੇਲਾਈਜ਼ਰ ਕੰਪਲੈਕਸ।" ਉਹਨੇ ਟੁਣਕਵੀਂ ਆਵਾਜ਼ ਵਿੱਚ ਆਖਿਆ।

"ਉਹ ਕੀ ਹੁੰਦਾ ਹੈ?" ਹਰੀ ਨੇ ਪੁੱਛਿਆ। ਉਸਨੂੰ ਆਪਣੇ-ਆਪ ਨੂੰ ਇਕ ਅਨਜਾਣ ਪੇਂਡੂ ਜ਼ਾਹਿਰ ਕਰਨ ਵਿੱਚ, ਕੋਈ ਸ਼ਰਮਿੰਦਗੀ ਨਹੀਂ ਸੀ ਕਿਉਂਕਿ ਉਸ ਨੂੰ ਜਾਨਣ ਦੀ ਏਨੀ ਜਗਿਆਸਾ ਸੀ।

"ਤੈਨੂੰ ਨਹੀਂ ਪਤਾ, ਉਹ ਕੀ ਹੁੰਦਾ ਹੈ? " ਉਸ ਬੰਦੇ ਨੇ ਘਿਰਣਾ ਨਾਲ ਪੁੱਛਿਆ। "ਤੈਨੂੰ ਪਤਾ ਲੱਗ ਜਾਵੇਗਾ ! ਛੇਤੀ ਹੀ ਪਤਾ ਲੱਗ ਜਾਵੇਗਾ।"

"ਨਹੀਂ, ਪਰ ਮੈਨੂੰ ਦੱਸੋ ਨਾ !" ਹਰੀ ਨੇ ਉਤਸੁਕਤਾ ਨਾਲ ਆਖਿਆ।" ਫ਼ੈਕਟਰੀ 'ਚ ਉਹ ਕੀ ਬਣਾਉਣਗੇ।"

"ਫ਼ਰਟੇਲਾਈਜ਼ਰ, ਮੈਂ ਤੈਨੂੰ ਦੱਸਿਆ ਤਾਂ ਹੈ।" ਆਦਮੀ ਅਧੀਰ ਹੋ ਗਿਆ ਲੱਗਦਾ ਸੀ।

"ਉਹ ਕੀ ਹੁੰਦਾ ਹੈ?" ਹਰੀ ਨੇ ਪੁੱਛਿਆ।

ਆਦਮੀ ਹੱਸ ਪਿਆ, ਭਾਵੇਂ ਉਸਦਾ ਹਾਸਾ ਬਹੁਤ ਘਿਨਾਉਣਾ ਸੀ। ਇਹ ਪੇਂਡੂ ਵੀ ਕਿੰਨੇ ਮੋਟੇ ਦਿਮਾਗ਼ ਦੇ ਹੁੰਦੇ ਹਨ, ਉਹ ਕੁਝ ਵੀ ਨਹੀਂ ਜਾਣਦੇ ! "ਕੈਮੀਕਲਜ਼" ਉਹਨੇ ਇੱਕ ਹੋਰ ਲਫ਼ਜ਼ ਵਰਤਦਿਆਂ ਆਖਿਆ। ਉਸ ਦਾ ਵੀ ਹਰੀ ਨੂੰ ਪਤਾ ਨਹੀਂ ਸੀ! "ਜ਼ਮੀਨ ਵਿੱਚ ਪਾਉਣ ਲਈ ਵੱਖ-ਵੱਖ ਤਰ੍ਹਾਂ ਦੇ ਕੈਮੀਕਲ: ਨਾਈਟਰੋਜਨ, ਅਮੋਨੀਆ, ਯੂਰੀਆ-ਚੀਜ਼ਾਂ ਨੂੰ ਉਗਾਉਣ ਵਾਸਤੇ।"

"ਉ....... ਹੋ ........ ਖਾਦ?" ਬੇਹੱਦ ਨਿਰਾਸ਼ ਹੋ ਕੇ, ਹਰੀ ਨੇ ਪੁੱਛਿਆ। ਇਹ ਸਾਰਾ, ਏਡਾ ਵਿਸ਼ਾਲ ਸਿਲਸਿਲਾ, ਆਧੁਨਿਕ ਅਤੇ ਵਿਗਿਆਨਕ ਬਣਾਇਆ ਜਾਣਾ ਹੈ, ਖੇਤਾਂ ਲਈ ਖਾਦ ਬਣਾਉਣ ਵਾਸਤੇ ?"

"ਨਹੀਂ, ਖਾਦ ਨਹੀਂ, ਮੂਰਖਾ ! ਇਹ ਤਾਂ ਲੋਕਾਂ ਨੂੰ ਆਪਣੀਆਂ ਮੱਝਾਂ-ਗਾਵਾਂ ਦੇ ਪਿੱਛੇ-ਪਿੱਛੇ, ਏਧਰ-ਉਧਰ ਫਿਰਨ ਅਤੇ ਉਹਨਾਂ ਦਾ ਗੋਹਾ ਇਕੱਠਾ ਕਰਨ ਅਤੇ ਆਪਣੇ ਬੁਰੇ ਹਾਲ ਵਾਲੇ ਖੇਤਾਂ 'ਚ ਪਾਉਣ ਤੋਂ ਰੋਕਣ ਲਈ ਹੈ। ਏਥੇ ਫ਼ੈਕਟਰੀਆਂ, ਸਾਰੇ ਦੇਸ਼ ਵਿੱਚ ਭੇਜਣ



ਅਤੇ ਕਿਸਾਨਾਂ ਕੋਲ ਵੇਚੇ ਜਾਣ ਵਾਸਤੇ, ਟਨਾਂ ਮੂੰਹੀਂ ਰਸਾਇਣਾਂ ਪੈਦਾ ਕਰਨਗੀਆਂ। ਅਮੀਰ ਕਿਸਾਨਾਂ ਕੋਲ, ਜਿਹਨਾਂ ਪਾਸ ਬਹੁਤ ਸਾਰੀ ਜ਼ਮੀਨ ਹੋਵਗੀ"। ਉਹਨੇ ਹਰੀ ਦੀ ਪਾਟੀ ਪੁਰਾਣੀ ਕਮੀਜ਼ ਤੇ ਨੰਗੇ ਪੈਰਾਂ ਉਤੇ ਇੱਕ ਹੋਰ ਘਿਰਣਤ ਝਾਤ ਪਾਉਂਦਿਆਂ ਆਖਿਆ। "ਵੱਡੇ -ਵੱਡੇ ਫ਼ਾਰਮਾਂ ਲਈ ਰਸਾਇਣਾਂ, ਫ਼ਸਲਾਂ ਨੂੰ ਉਸ ਨਾਲੋਂ ਕਿਤੇ ਬਿਹਤਰ ਢੰਗ ਨਾਲ ਉਗਾਉਣ ਵਾਸਤੇ ਰਸਾਇਣਾਂ, ਜਿਵੇਂ ਕਿ ਤੁਸੀਂ ਉਹਨਾਂ ਨੂੰ ਕਦੇ ਆਪਣੇ ਖੇਤਾਂ ਵਿੱਚ ਉੱਗੀਆਂ ਵੇਖ ਸਕਦੇ ਹੋ।"

"ਅਸੀਂ ਆਪਣੇ ਨਾਰੀਅਲ ਦੇ ਰੁੱਖਾਂ ਲਈ, ਮੱਛੀ-ਖਾਦ ਇਸਤੇਮਾਲ ਕਰਦੇ ਹਾਂ।"

ਹਰੀ ਨੇ ਉਸਨੂੰ ਦੱਸਿਆ, ਪੇਂਡੂ ਲੋਕਾਂ ਅਤੇ ਉਹਨਾਂ ਦੀਆਂ ਮੱਝਾਂ ਸੰਬੰਧੀ ਮਜ਼ਕਰੀ ਤੋਂ ਚਤੁਰ ਬਣਦਿਆਂ। "ਇਹ ਖਾਦ ਨਾਰੀਅਲਾਂ ਲਈ ਬਹੁਤ ਚੰਗੀ ਹੁੰਦੀ ਹੈ।"

"ਫ਼ੂਹ...! ਤੁਸੀਂ ਕਿੰਨੀ ਮੱਛੀ-ਖਾਦ ਜਮ੍ਹਾ ਕਰ ਸਕਦੇ ਹੋ। ਏਥੇ ਉਹ ਹਜ਼ਾਰਾਂ ਟਨ, ਲੱਖਾਂ ਟਨ ਰਸਾਇਣਾਂ ਬਣਾਉਣਗੇ ਅਤੇ ਸਾਰੇ ਭਾਰਤ ਵਿੱਚ ਭੇਜ ਦਿਆ ਕਰਨਗੇ ਅਤੇ ਸਗੋਂ ਬਰਾਮਦ ਵੀ ਕਰਨਗੇ"।

"ਸਚਮੁੱਚ!" ਹਰੀ ਨੇ ਇਸ ਨਵੇਂ ਤੇ ਅਜੀਬ ਸੰਕਲਪ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ

ਆਜਜ਼ੀ ਨਾਲ ਆਖਿਆ। "ਅਤੇ ਇਹ ਵੱਖ-ਵੱਖ ਫ਼ੈਕਟਰੀਆਂ ਵਿੱਚ ਬਣਨਗੀਆਂ?"

"ਹਾਂ, ਬਿਲਕੁਲ...... ਇਕ ਫ਼ੈਕਟਰੀ ਨਹੀਂ, ਸਗੋਂ ਕਈ ਸਾਰੀਆਂ ਫ਼ੈਕਟਰੀਆਂ ! ਸਨਅਤੀ ਜਾਗੀਰ-ਇਹ ਸਨਅਤੀ ਜਾਗੀਰ ਹੀ ਬਣੇਗੀ, ਕੀ ਤੂੰ ਬੰਬਈ ਦੇ ਨੇੜੇ ਥਾਨਾ ਵਿਖੇ ਸਨਅਤੀ ਜਾਗੀਰ ਵੇਖੀ ਹੈ?"

ਹਾਂ,ਤੇ ਹਰੀ ਨੇ ਨਹੀਂ ਸੀ ਵੇਖੀ। ਇਸ ਲਈ ਉਹਨੇ ਆਪਣਾ ਸਿਰ ਹਿਲਾ ਦਿੱਤਾ ਅਤੇ ਕੋਈ ਬੋਲ ਨਾ ਬੋਲਿਆ।

"ਇਹ ਉਸ ਨਾਲੋਂ ਵੀ ਵਡੇਰੀ ਹੋਵੇਗੀ ! ਤੈਨੂੰ ਪਤਾ ਹੀ ਕੀ ਹੈ?" ਆਦਮੀ ਅਚਨਚੇਤੀ ਗੁੱਸੇ ਹੋ ਗਿਆ ਜਾਪਦਾ ਸੀ ਅਤੇ ਉਹ ਪਹਾੜੀ ਤੋਂ ਹੇਠਾਂ ਵਲ ਨੂੰ ਤੁਰ ਪਿਆ। ਬਹੁਤ ਤਿੱਖੀ ਢਲਾਨ ਸੀ ਅਤੇ ਉਸਨੂੰ ਇੱਕ-ਇੱਕ ਕਦਮ, ਬਹੁਤ ਔਖਾ ਹੋ ਕੇ, ਸੰਭਲ-ਸੰਭਲ ਕੇ ਰੱਖਣਾ ਪੈ ਰਿਹਾ ਸੀ। ਉਸ ਦੀ ਜੁੱਤੀ , ਲਾਲ-ਲਾਲ ਬੱਜਰੀ ਤੋਂ ਤਿਲਕ-ਤਿਲਕ ਪੈਂਦੀ ਸੀ। ਹਰੀ ਨੰਗੇ ਪੈਰ, ਉਸਦੇ ਪਿੱਛੇ-ਪਿੱਛੇ ਛੇਤੀ-ਛੇਤੀ ਅਤੇ ਹਲਕੇ ਕਦਮੀਂ ਚਲ ਰਿਹਾ ਸੀ। ਉਸ ਵਿੱਚ ਹਾਲੇ ਵੀ ਜਾਣਨ ਦੀ ਉਤਸੁਕਤਾ ਸੀ, ਰੀਝ ਸੀ।

"ਫ਼ਰਟੇਲਾਈਜ਼ਰ ਕਿਵੇਂ ਬਣਾਇਆ ਜਾਂਦਾ ਹੈ? ਮਸ਼ੀਨਾਂ ਕਿਸ ਤਰ੍ਹਾਂ ਦੀਆਂ ਹੁੰਦੀਆਂ ਹਨ? ਕੀ ਉਹ ਤੇਲ ਨਾਲ ਚਲਦੀਆਂ ਹਨ ਜਾਂ ਕੋਲੇ ਨਾਲ? ਉਹਨਾਂ ਨੂੰ ਕੌਣ ਚਲਾਉਂਦਾ ਹੈ?" ਉਹਨੇ ਪੁੱਛਿਆ।

"ਮਸ਼ੀਨਾਂ ਨੂੰ ਚਲਾਉਣ ਵਾਸਤੇ, ਉਹਨਾਂ ਨੂੰ ਬੰਦਿਆਂ ਦੀ ਲੋੜ ਹੋਵੇਗੀ।" ਆਦਮੀ ਨੇ ਆਪਣੇ ਮੋਢੇ ਉਤੋਂ ਦੀ ਚਿੱਲਾ ਕੇ ਆਖਿਆ। "ਇਕ ਰੇਲ, ਪਟੜੀ ਵਿਛਾਈ ਜਾਵੇਗੀ। ਲੋਕ ਥਲ ਵਿੱਚ ਕੰਮ ਕਰਨ ਲਈ ਹਰ ਕੋਨੇ, ਹਰ ਪਾਸੇ ਤੋਂ ਆਉਣਗੇ।"

"ਕਿਥੋਂ?" ਹਰੀ ਨੇ ਪੌੜੀ-ਪੌੜੀ, ਅਤੇ ਚੱਟਾਨ-ਚੱਟਾਨ ਅੱਗੇ ਵਧਦਿਆਂ ਅਤੇ ਆਪਣਾ ਸਮਤੋਲ ਬਣਾਈ ਰੱਖਣ ਲਈ, ਆਪਣੀਆਂ ਬਾਹਵਾਂ ਏਧਰ-ਓਧਰ ਹਿਲਾਂਦਿਆਂ, ਉਚੀ ਕੂਕ ਕੇ ਆਖਿਆ।

"ਹਰੇਕ ਥਾਂ ਤੋਂ, ਸਾਰੇ ਭਾਰਤ ਤੋਂ । ਉਹਨਾਂ ਨੂੰ ਏਥੇ ਨੌਕਰੀ ਮਿਲੇਗੀ।" ਆਦਮੀ ਨੇ ਉੱਚੀ ਆਵਾਜ਼ ਵਿੱਚ ਉਤਰ ਦਿੱਤਾ।

"ਪਰ ਸਾਡੇ ਬਾਰੇ ਕੀ ਖ਼ਿਆਲ ਹੈ? ਹੁਣ ਜਦ ਕਿ ਉਹ ਪਹਾੜੀ ਦੇ ਦਾਮਨ 'ਚ ਪਹੁੰਚ ਗਏ ਸਨ, ਹਰੀ ਨੇ ਉਹਦੇ ਪਿੱਛੇ ਦੌੜਦਿਆਂ, ਕੂਕ ਕੇ ਪੁੱਛਿਆ। ਠੁੰਡਾਂ ਨਾਲ ਉਸ ਦੇ ਪੈਰਾਂ 'ਤੇ ਝਰੀਟਾਂ ਅਤੇ ਚੀਰ ਪੈ ਗਏ ਸਨ।

"ਤੁਸੀਂ ... ਤੂੰ.......?" ਉਹ ਆਦਮੀ ਇਕਦਮ ਮੁੜਿਆ ਅਤੇ ਉਹਨੇ ਹਰੀ ਨੂੰ ਘੂਰ ਕੇ ਵੇਖਿਆ। "ਕੀ ਤੂੰ ਫ਼ੈਕਟਰੀ ਵਿੱਚ ਕੰਮ ਕਰ ਸਕਦਾ ਏਂ, ਮੁੰਡਿਆ ?"

"ਮੈਂ ਸਿੱਖ ਸਕਦਾ ਹਾਂ," ਹਰੀ ਨੇ ਆਪਣੇ ਬੋਲ ਨੂੰ ਥਿਰ ਰੱਖਣ ਦੀ ਕੋਸ਼ਿਸ਼ ਕਰਦਿਆਂ ਤਕੜਾ ਹੋ ਕੇ ਆਖਿਆ। "ਮੇਰਾ ਖ਼ਿਆਲ ਹੈ ਕਿ ਮੈਂ ਕਰ ਸਕਦਾ ਹਾਂ । ਮੈਨੂੰ ਕੰਮ ਦੀ ਲੋੜ ਹੈ।"

ਅਚਾਨਕ ਆਦਮੀ ਨੇ ਘੂਰਨਾ ਅਤੇ ਗੱਜਣਾ ਬੰਦ ਕਰ ਦਿੱਤਾ। ਉਸ ਦਾ ਚਿਹਰਾ ਨਰਮ ਪੈ ਗਿਆ ਅਤੇ ਉਸ ਦੀਆਂ ਅੱਖਾਂ ਵਧੇਰੇ ਦਇਆਲੂ ਦਿੱਸਣ ਲੱਗ ਪਈਆਂ। "ਹਲਾ......ਤੈਨੂੰ ਨੌਕਰੀ ਦੀ ਲੋੜ ਹੈ? ਏਹ, ਭੁੱਖਾ ਏਂ? ਘਰ ਵਿਚ ਅੰਨ ਨਹੀਂ? ਬਿਮਾਰ ਮਾਂ,

ਸ਼ਰਾਬੀ ਪਿਉ, ਵਿਆਹੁਣ ਵਾਲੀਆਂ ਭੈਣਾਂ ਅਤੇ ਦਾਜ-ਦਹੇਜ ਕੋਈ ਹੈ ਨਹੀਂ ... ਏਹ .... ?"

ਹਰੀ ਏਨਾ ਹੈਰਾਨ ਹੋਇਆ ਕਿ ਉਸ ਦਾ ਹਾਉਕਾ ਹੀ ਨਿਕਲ ਗਿਆ। ਇਸ ਅਜਨਬੀ ਨੂੰ ਉਸ ਦੇ ਟੱਬਰ ਬਾਰੇ ਕਿਵੇਂ ਪਤਾ ਲੱਗਾ? ਕੀ ਉਹ ਉਹਦੇ ਬਾਰੇ ਪਤਾ ਲਾਉਂਦਾ ਰਿਹਾ ਸੀ? ਕਿਉ? ਕੀ ਉਹ ਹਰੀ ਨੂੰ ਸੰਭਾਵੀ ਫ਼ੈਕਟਰੀ-ਕਾਮੇ ਵਜੋਂ ਵੇਖਦਾ ਸੀ? ਕੀ ਉਹ ਹਰੀ ਨੂੰ ਨੌਕਰੀ ਦੇਵੇਗਾ?

"ਤੁਹਾਨੂੰ ਕਿਵੇਂ ਪਤਾ ਹੈ? ਹਰੀ ਨੇ ਹਲਕੀ ਜਿਹੀ ਆਵਾਜ਼ ਵਿੱਚ ਪੁੱਛਿਆ।

ਉਹ ਆਦਮੀ ਘਿਰਣਾ ਦੇ ਓਸੇ ਭਾਵ ਨਾਲ, ਮੂੰਹ-ਜਿਹਾ ਬਣਾਉਂਦਿਆਂ ਮੁੜਿਆ ਅਤੇ ਆਖਣ ਲੱਗਾ, "ਤੁਸੀਂ ਪਿੰਡ ਵਾਸੀ-ਸਾਰੇ ਇੱਕੋ ਤਰ੍ਹਾਂ ਦੇ ਹੋ। ਮੂਰਖ, ਮੋਟੇ ਦਿਮਾਗ਼ ਦੇ। ਤਾੜੀ ਪੀਂਦੇ ਹੋ ਅਤੇ ਨਸ਼ਈ ਹੋ ਕੇ, ਸਾਰਾ-ਸਾਰਾ ਦਿਨ ਨਾਰੀਅਲ ਦੇ ਰੁੱਖਾਂ ਹੇਠ ਪਏ ਰਹਿੰਦੇ ਹੋ। ਜਾਓ, ਮੱਛੀਆਂ ਫੜੋ ਅਤੇ ਸਮੁੰਦਰ ਵਿੱਚ ਡੁੱਬ ਮਰੋ। ਘਰ ਸਾਂਭਣਾ, ਇਸਤਰੀਆਂ 'ਤੇ ਛੱਡ ਦਿਉ। ਪਿੰਡ ਵਿਚ ਬੁੱਢੀਆਂ ਔਰਤਾਂ ਅਤੇ ਕੁੜੀਆਂ ਭੁੱਖਾਂ ਕੱਟ ਰਹੀਆਂ ਹਨ। ਰਾਤ ਨੂੰ ਡੱਗ ਕੁੱਤੇ ਭੌਂਕਦੇ ਹਨ। ਫ਼ੂਹ ! ਕਿਹੋ-ਜਿਹਾ ਥਾਂ ਹੈ, ਤੁਹਾਡਾ ਇਹ ਥਲ ! ਮੂੜ੍ਹਾਂ ਦੀ ਕਿਹੋ-ਜਿਹੀ ਜੁੰਡੀ ਹੈ ! ਸਾਰੇ ਇਕੋ-ਜਿਹੇ ਹਨ। ਮੈਂ ਖ਼ੁਸ਼ ਹੋਵਾਂਗਾ, ਜਦੋਂ ਏਥੋਂ ਦਾ ਚਾਰਜ ਕਿਸੇ ਹੋਰ ਨੂੰ ਦੇ ਦੇਵਾਂਗਾ" ਉਹਨੇ ਜ਼ਮੀਨ ਉਤੇ ਪਈਆਂ ਸੀਮੈਂਟ ਦੀਆਂ ਪਾਈਪਾਂ ਵਲ ਹੱਥ ਹਿਲਾ ਕੇ ਆਖਿਆ, "ਅਤੇ ਆਪਣੇ ਘਰ ਚਲਿਆ ਜਾਵਾਂਗਾ। ਬੰਬਈ। ਬੰਬਈ !" ਉਹ ਆਪਣੇ ਹੱਥ ਹਵਾ ਵਿੱਚ ਉਚੇ ਉਲਾਰ ਕੇ, ਗਾਉਣ ਲੱਗ ਪਿਆ ਅਤੇ ਫਿਰ ਆਪਣੀ ਕੋਠੜੀ ਵਿਚ ਜਾ ਵੜਿਆ ਅਤੇ ਖੜਾਕ ਕਰਕੇ ਦਰਵਾਜ਼ਾ ਬੰਦ ਕਰ ਲਿਆ।

ਹਰੀ ਖੜ੍ਹਾ, ਬੰਦ ਬੂਹੇ ਵਲ ਵੇਖਦਾ ਰਿਹਾ। ਉਸ ਦੇ ਅੰਦਰ ਉਹ ਸਾਰੇ ਸਵਾਲ ਖੌਲ ਰਹੇ ਸਨ, ਜੋ ਉਹ ਪੁੱਛਣੇ ਚਾਹੁੰਦਾ ਸੀ ਪਰ ਹੁਣ ਪੁੱਛ ਨਹੀਂ ਸੀ ਸਕਦਾ। ਉਹਨੇ ਅੰਦਰ, ਉਸ ਆਦਮੀ ਨੂੰ ਉਚੀ-ਉਚੀ, ਬੰਬਈ ਦੀ ਕਿਸੇ ਫ਼ਿਲਮ ਦਾ ਸ਼ਰਮਸਤੀ ਭਰਿਆ ਗੀਤ ਗਾਉਂਦਿਆਂ ਸੁਣਿਆ। ਫਿਰ ਬੂਹਾ ਖੁੱਲ੍ਹਿਆ। ਆਦਮੀ ਦਾ ਚਿਹਰਾ ਤਣਿਆ ਹੋਇਆ ਸੀ। ਉਹ ਕੜਕਿਆ, "ਮੂਰਖ ! ਹਾਲੇ ਏਥੇ ਹੀ ਖੜਾ ਵੇਖ ਰਿਹਾ ਏਂ? ਦਫਾ ਹੋ ਜਾ ! ਮੈਨੂੰ ਇਕੱਲਿਆਂ ਛੱਡ ਦੇ, ਮੈਥੋਂ ਤੇਰਾ ਮੂਰਖਾਂ ਵਾਲਾ ਮੂੰਹ ਸਹਾਰਿਆ ਨਹੀਂ ਜਾਂਦਾ । ਜਾ ... ਲਾਂਭੇ ਹੋ ਜਾ .. ਮੁੜ ਉਦੋਂ ਆਵੀਂ, ਜਦੋਂ ਤੈਨੂੰ ਇਹ ਪਤਾ ਲੱਗ ਜਾਵੇ ਕਿ ਕੈਮੀਕਲਜ਼ ਕੀ ਹੁੰਦੇ ਹਨ, ਫ਼ੈਕਟਰੀਆਂ ਕੀ ਹੁੰਦੀਆਂ ਹਨ, ਫ਼ਰਟੇਲਾਈਜ਼ਰ ਦਾ ਕੀ ਫ਼ਾਇਦਾ ਹੁੰਦਾ ਹੈ।"

ਜਦੋਂ ਹਰੀ ਪਿੰਡ ਦੀ ਸੜਕ ਦੀਆਂ ਧੂੜ-ਭਰੀਆਂ ਲੀਹਾਂ 'ਤੇ ਘਰ ਵਲ ਤੁਰਿਆ, ਇੱਕ ਸਾਈਕਲ ਘੂੰ ਕਰਦਾ, ਉਸ ਦੇ ਕੋਲੋਂ ਦੀ ਅੱਗੇ ਲੰਘ ਗਿਆ। ਸਾਈਕਲ ਦੀ ਘੰਟੀ ਜ਼ੋਰ-ਜ਼ੋਰ ਦੀ ਵੱਜ ਰਹੀ ਸੀ। ਇਹ ਰਾਮੂ ਸੀ, ਪਰ ਗ਼ੈਰਮਾਮੂਲੀ ਤੌਰ 'ਤੇ ਤੇਜ਼ ਰਾਮੂ।

"ਕੀ ਤੂੰ ਸੁਣਿਐ?" ਉਹਨੇ ਆਪਣੇ ਮੋਢੇ ਉਤੋਂ ਦੀ ਚਿੱਲਾ ਕੇ, ਰਾਮੂ ਨੂੰ ਆਖਿਆ। "ਬੀਜੂ ਦਾ ਡੀਪ ਫ਼ਰੀਜ਼ ਪੁੱਜ ਗਿਆ ਹੈ। ਬੰਬਈ ਤੋਂ ਇੱਕ ਲਾਰੀ ਲੈ ਕੇ ਆਈ ਹੈ।" ਅਤੇ ਉਹ ਬਹੁਤ ਤੇਜ਼ੀ ਨਾਲ ਅੱਗੇ ਨਿਕਲ ਗਿਆ, ਅਤੇ ਉਹਨੇ ਹਰੀ ਨੂੰ ਆਪਣਾ ਸਿਰ ਹਿਲਾਉਂਦਿਆਂ ਨਾ ਵੇਖਿਆ: ਬੁੱਢੇ ਬੀਜੂ, ਸਮਗਲਰ ਬੀਜੂ ਦੀ ਬੇੜੀ ਵਿਚ, ਉਸ ਦੀ ਦਿਲਚਸਪੀ ਜਾਂਦੀ ਰਹੀ ਸੀ। ਉਹ ਸਮੁੰਦਰ ਵਿਚ ਜਾਏਗੀ ਅਤੇ ਮੌਨਸੂਨ ਦੇ ਤੂਫ਼ਾਨਾਂ ਵਿੱਚ ਡੁੱਬ ਜਾਏਗੀ, ਡੀਪ ਫ਼ਰੀਜ਼ ਵੀ ਸਮੁੰਦਰ ਦੇ ਥੱਲੇ ਗ਼ਰਕ ਜਾਏਗਾ। ਹਰੀ ਦਾ ਦਿਮਾਗ਼ ਝੰਮ-

ਝੰਮ ਕਰਦੀਆਂ ਫ਼ੈਕਟਰੀਆਂ, ਉਚੀਆਂ-ਉਚੀਆਂ ਚਿਮਨੀਆਂ, ਅਜੀਬ ਗੰਧ ਵਾਲੇ ਧੂੰਏਂ ਦੇ ਬੱਦਲਾਂ, ਵੱਡੇ-ਵੱਡੇ ਗੇਟਾਂ ਵਿੱਚੋਂ ਦੀ ਕੀੜੀਆਂ ਵਾਂਗ ਅੰਦਰ ਜਾਂਦੇ ਲੋਕਾਂ ਦੇ ਕਾਲਪਨਿਕ ਖ਼ਿਆਲਾਂ ਨਾਲ ਭਰਿਆ ਹੋਇਆ ਸੀ, ਜਿਹਨਾਂ ਵਿੱਚ ਖ਼ਾਕੀ ਨਿੱਕਰ ਅਤੇ ਪਾਟੀ ਕਮੀਜ਼ ਪਾਈ, ਇੱਕ ਮੁੰਡਾ, ਉਹ ਆਪ ਵੀ ਹੋਵੇਗਾ।

ਜਦੋਂ ਉਹ ਨਾਰੀਅਲ ਦੇ ਰੁੱਖਾਂ ਦੇ ਝੁੰਡ ਵਿਚੋਂ ਦੀ ਹੋ ਕੇ, ਅੱਗੇ ਗਿਆ, ਤਾਂ ਹਨੇਰਾ ਹੋ ਚੁੱਕਾ ਸੀ। ਪਿੰਟੋ ਭੌਂਕਦਾ ਹੋਇਆ, ਉਹਦੇ ਵਲ ਆਇਆ। ਉਹਨੇ ਉਹਨੂੰ ਥਾਪੀ ਦੇਣ ਜਾਂ ਬੁਲਾਉਣ ਦੀ ਜ਼ਹਿਮਤ ਵੀ ਨਾ ਕੀਤੀ, ਪਰ ਉਸ ਨੂੰ ਆਪਣੇ ਸਰੀਰ ਨਾਲ ਲਪਕਣ ਦਿੱਤਾ। ਉਹ ਅੱਗੇ ਤੁਰਦਾ ਜਾ ਰਿਹਾ ਸੀ ਅਤੇ ਪਿੰਟੋ ਉਸ ਦੀਆਂ ਲੱਤਾਂ ਨਾਲ ਖਹਿਸਰ ਰਿਹਾ ਸੀ, ਚੰਬੜ ਰਿਹਾ ਸੀ। ਝੁੱਗੀ ਦੇ ਅੰਦਰ, ਉਸ ਨੂੰ ਮਾੜੀ ਜਿਹੀ ਅੱਗ ਬਲਦੀ ਦਿਖਾਈ ਦੇ ਰਹੀ ਸੀ, ਜਿਸ ਨਾਲ ਝੁੱਗੀ ਵਿੱਚ ਰੌਸ਼ਨੀ ਹੋ ਰਹੀ ਸੀ, ਜਿਵੇਂ ਦੀਵਾ ਬਲ ਰਿਹਾ ਹੋਵੇ। ਉਸ ਨੂੰ ਅੱਗ ਦੇ ਦੁਆਲੇ ਇਕੱਠੀਆਂ ਹੋ ਕੇ ਬੈਠੀਆਂ, ਆਪਣੀਆਂ ਤਿੰਨਾਂ ਹੀ ਭੈਣਾਂ ਦੇ ਕਾਲੇ-ਕਾਲੇ ਆਕਾਰ ਵੀ ਵਿਖਾਈ ਦੇ ਰਹੇ ਸਨ, ਜੋ ਦਰਵਾਜ਼ੇ ਦੀ ਚੌਖਟ ਵਿੱਚ ਜੜੇ ਜਾਪ ਰਹੇ ਸਨ।

ਉਹ ਤੁਰਦਾ-ਤੁਰਦਾ ਖਾਈ ਦੇ ਆਰ-ਪਾਰ ਪਈ ਗੇਲੀ ਪਾਸ ਪਹੁੰਚ ਗਿਆ ਅਤੇ ਉਹਨਾਂ ਵਲ ਵੇਖਣ ਲੱਗਾ। ਉਹ ਹਨੇਰੇ ਵਿੱਚ ਉਸ ਨੂੰ ਨਹੀਂ ਸਨ ਵੇਖ ਸਕਦੀਆਂ ਅਤੇ ਉਹਨਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਉਹ ਉਥੇ ਹੈ ! ਉਹਨਾਂ ਦੇ ਸਿਰ ਝੁਕੇ ਹੋਏ ਸਨ, ਉਹ ਚੁੱਪ ਸਨ, ਸਿਰਫ਼ ਹਲਕੀ-ਹਲਕੀ, ਧੂੰਆਂ ਛੱਡਦੀ ਅੱਗ ਦੀਆਂ ਲਾਟਾਂ ਵਿੱਚ, ਉਹਨਾਂ ਦੇ ਆਕਾਰਾਂ ਦੀ ਰੂਪ-ਰੇਖਾ ਹੀ ਲਿਸ਼ਕ ਰਹੀ ਸੀ। ਅਰਧ-ਹਨੇਰੇ ਜਿਹੇ ਵਿੱਚ, ਉਸ ਕੁੰਗੜੀ-ਸੁੰਗੜੀ ਸਥਿਤੀ ਵਿੱਚ, ਉਹ ਡਰੀਆਂ-ਸਹਿਮੀਆਂ, ਥੱਕੀਆਂ-ਮਾਂਦੀਆਂ ਉਦਾਸ-ਨਿਰਾਸ਼ ਜਾਪ ਰਹੀਆਂ ਸਨ।

ਲੀਲਾ, ਬੇਲਾ ਅਤੇ ਕਮਲ ! ਉਹਨੇ ਉਹਨਾਂ ਬਾਰੇ ਜਾਂ ਉਹਨਾਂ ਦੀ ਜ਼ਿੰਦਗੀ ਬਾਰੇ ਸ਼ਾਇਦ ਹੀ ਕਦੇ ਸੋਚਿਆ ਸੀ, ਕਿਉਂਕਿ ਉਹ ਉਸ ਛੋਟੀ ਜਿਹੀ ਝੁੱਗੀ ਵਿੱਚ, ਇੱਕੋ ਹੀ ਤਰ੍ਹਾਂ ਦੀ ਜ਼ਿੰਦਗੀ ਸੀ, ਜਿਸ ਵਿੱਚ ਉਹ ਪੂਰੀ ਤਰ੍ਹਾਂ ਰੁੱਝਾ ਰਹਿੰਦਾ ਸੀ ਅਤੇ ਏਥੋਂ ਤੱਕ ਕਿ ਉਹ ਉਹਨਾਂ ਨੂੰ, ਇਸ ਤੋਂ ਵੱਖ ਕਰ ਕੇ, ਬੰਦਿਆਂ ਵਜੋਂ, ਵਿਅਕਤੀਆਂ ਵਜੋਂ ਨਹੀਂ ਸੀ ਵੇਖ ਸਕਦਾ। ਲੀਲਾ, ਬੇਲਾ ਅਤੇ ਕਮਲ-ਉਸਦੀਆਂ ਤਿੰਨ ਭੈਣਾਂ, ਇੱਕ ਉਸ ਤੋਂ ਵੱਡੀ ਅਤੇ ਦੋ ਉਸ ਤੋਂ ਛੋਟੀਆਂ ! ਅਤੇ ਉਹ ਏਥੇ ਬੈਠੀਆਂ ਸਨ, ਉਹਨਾਂ ਕੋਲ ਕੁੱਝ ਵੀ ਨਹੀਂ ਸੀ, ਸਿਵਾਏ ਮੱਠੀ-ਮੱਠੀ ਧੂੰਆਂ-ਛੱਡਦੀ ਅੱਗ ਨਾਲ, ਅਪਣੀ ਝੁੱਗੀ ਨੂੰ ਰੌਸ਼ਨ ਕਰਨ ਦੇ ਜਾਂ ਉਹਨਾਂ ਨੂੰ ਆਰਾਮ ਦੇਣ ਲਈ ਜਦ ਕਿ ਉਹ ਘਰੋਂ ਦੂਰ ਹੋਵੇਗਾ !

ਉਹ ਕਿਸ ਚੀਜ਼ ਦੀ ਉਡੀਕ ਕਰ ਰਹੀਆਂ ਸਨ? ਉਹ ਕਿਸ ਗੱਲ ਦੀ ਉਮੀਦ ਕਰ ਰਹੀਆਂ ਸਨ? ਉਹ ਕਦੇ ਵੀ ਮੱਛੀਆਂ ਫੜਨ ਵਾਲੀ ਕਿਸ਼ਤੀ 'ਤੇ ਜਾਂ ਕਿਸੇ ਫ਼ੈਕਟਰੀ ਵਿੱਚ ਕੰਮ ਕਰਨ ਦੀ ਆਸ ਨਹੀਂ ਸਨ ਕਰ ਸਕਦੀਆਂ ਜਿਵੇਂ ਕਿ ਉਹ ਆਸ ਕਰ ਰਿਹਾ ਸੀ। ਇਕ ਦਿਨ, ਉਹਨਾਂ ਦਾ ਵਿਆਹ ਕਰਨਾ ਹੋਵੇਗਾ, ਅਤੇ ਉਸ ਨੂੰ ਹੀ ਇਹ ਕੁੱਝ ਕਰਨਾ ਪਏਗਾ, ਕਿਉਂਕਿ ਉਸ ਦਾ ਪਿਉ ਤਾਂ ਕਰੇਗਾ ਨਹੀਂ ! ਉਸ ਨੂੰ ਉਹਨਾਂ ਵਾਸਤੇ ਵਰ ਲੱਭਣੇ ਪੈਣਗੇ ਅਤੇ ਉਹਨਾਂ ਵਾਸਤੇ ਵਿਆਹ ਵਾਲੇ ਵਸਤਰ ਤੇ ਹਾਰ-ਸ਼ਿੰਗਾਰ-ਰੇਸ਼ਮੀ ਸਾੜ੍ਹੀਆਂ ਅਤੇ ਸੋਨੇ ਦੇ ਗਹਿਣੇ-ਗੱਟੇ ਖ਼ਰੀਦਣੇ ਪੈਣਗੇ ਅਤੇ ਉਹਨਾਂ ਦੇ ਵਿਆਹਾਂ ਦਾ ਪ੍ਰਬੰਧ ਕਰਨਾ ਪਏਗਾ

ਜਿਹਨਾਂ ਵਿੱਚ ਪਿੰਡ ਨੂੰ ਸੱਦਾ ਦੇਣਾ ਪਏਗਾ। ਲਾੜੇ ਦਾਜ-ਦਹੇਜ ਦੀ ਮੰਗ ਕਰਨਗੇ - ਸਾਈਕਲ ਦੀ ਜਾਂ ਫਿਰ ਸਕੂਟਰ ਦੀ। ਸੁਨਹਿਰੀ ਬੀੜੇ, ਸਿੱਕੇ ਅਤੇ ਜ਼ੇਵਰ ! ਗਾਂ ਜਾਂ ਫਿਰ ਮੱਝ ! ਜ਼ਮੀਨ ਦਾ ਟੁਕੜਾ ! ਉਹਨੇ ਲਾੜਿਆਂ ਵਲੋਂ ਕੀਤੀਆਂ ਜਾਣ ਵਾਲੀਆਂ ਅਜੀਬ-ਅਜੀਬ ਮੰਗਾਂ ਬਾਰੇ ਸੁਣਿਆ ਹੋਇਆ ਸੀ, ਅਤੇ ਮਾਪਿਆਂ ਨੂੰ ਉਹ ਮੰਗਾਂ ਪੂਰੀਆਂ ਕਰਨੀਆਂ ਪੈਂਦੀਆਂ ਸਨ। ਭਲਾ ਉਹ ਇਹ ਮੰਗਾਂ ਕਦ ਪੂਰੀਆਂ ਕਰ ਸਕੇਗਾ? ਜੇ ਉਹਨੂੰ ਕੋਈ ਨੌਕਰੀ ਮਿਲ ਵੀ ਜਾਵੇ, ਤਾਂ ਉਹ ਏਨਾ ਪੈਸਾ ਤਾਂ ਕਦੇ ਨਹੀਂ ਕਮਾ ਸਕੇਗਾ ਕਿ ਉਹਨਾਂ ਨੂੰ ਅਜਿਹੀਆਂ ਮਹਿੰਗੀਆਂ ਚੀਜ਼ਾਂ ਖ਼ਰੀਦ ਕੇ ਦੇ ਸਕੇ। ਉਸਨੂੰ ਪਿੰਡ ਦੇ ਸਾਹੂਕਾਰ ਪਾਸੋਂ ਪੈਸਾ ਉਧਾਰ ਲੈਣਾ ਪਏਗਾ ਅਤੇ ਫਿਰ ਉਹ ਪੈਸਾ ਥੋੜ੍ਹਾ-ਥੋੜ੍ਹਾ ਕਰ ਕੇ ਆਪਣੀ ਤਨਖ਼ਾਹ 'ਚੋਂ ਮੋੜਨਾ ਪਏਗਾ, ਵਰ੍ਹਿਆਂ-ਬੱਧੀ, ਸ਼ਾਇਦ ਆਪਣੀ ਸਾਰੀ ਜ਼ਿੰਦਗੀ ਹੀ! ਅਤੇ ਉਹ ਵੀ ਤਾਂ, ਜੇ ਕਦੇ ਉਹਦੀ ਕੋਈ ਨੌਕਰੀ ਲੱਗੀ ਅਤੇ ਉਸ ਨੂੰ ਤਨਖ਼ਾਹ ਮਿਲਣ ਲੱਗੀ। ਜੇ ਉਹਨੇ ਆਪਣੀਆਂ ਭੈਣਾਂ ਨੂੰ ਇਸ ਹਨੇਰੇ, ਉਦਾਸ-ਉਪਰਾਮ ਘਰ ਅਤੇ ਉਸ ਬਿਮਾਰੀ ਤੇ ਸ਼ਰਾਬ ਖ਼ੋਰੀ ਅਤੇ ਨਿਰਾਸ਼ਾ ਵਿੱਚੋਂ ਬਾਹਰ ਕੱਢਣ ਦਾ ਕੋਈ ਰਾਹ ਲੱਭਣਾ ਹੈ, ਜੋ ਰਾਤ ਦੀਆਂ ਪਰਛਾਈਆਂ ਵਾਂਗ ਉਹਨਾਂ ਦੁਆਲੇ ਪੱਸਰੀਆਂ ਹੋਈਆਂ ਹਨ, ਤਾਂ ਉਸ ਨੂੰ ਕੋਈ ਨੌਕਰੀ ਲੱਭਣੀ ਹੀ ਪਏਗੀ।

ਉਹ ਜਾਣਦਾ ਸੀ ਕਿ ਆਪਣੇ ਸਾਰੇ ਟੱਬਰ ਦੀ ਸਹਾਇਤਾ ਕਰਨ ਲਈ, ਉਹ ਥਲ ਵਿੱਚ ਕਦੇ ਵੀ ਕੋਈ ਪੈਸਾ ਨਹੀਂ ਕਮਾ ਸਕੇਗਾ! ਉਹਨੂੰ ਬੰਬਈ ਜਾਣਾ ਪਏਗਾ ! ਬੰਬਈ ਬਹੁਤ ਵੱਡਾ ਸ਼ਹਿਰ ਸੀ, ਅਮੀਰ ਸ਼ਹਿਰ, ਲੋਕਾਂ ਦੀਆਂ ਭੀੜਾਂ ਨਾਲ ਭਰਿਆ ਸ਼ਹਿਰ, ਲੋਕ, ਜਿਹਨਾਂ ਪਾਸ ਨੌਕਰੀਆਂ ਸਨ, ਲੋਕ ਜੋ ਪੈਸਾ ਕਮਾ ਰਹੇ ਸਨ ਅਤੇ ਖ਼ੂਬ ਹੱਥ ਰੰਗ ਰਹੇ ਸਨ। ਉਹਨੂੰ ਕਿਸੇ ਨਾ ਕਿਸੇ ਤਰ੍ਹਾਂ ਉਥੇ ਪੁੱਜਣਾ ਪਏਗਾ? ਕਦੋਂ? ਇਹ ਹਾਲੇ ਤੱਕ ਵੀ ਉਸ ਨੂੰ ਸਪੱਸ਼ਟ ਨਹੀਂ ਸੀ।

ਉਹ ਝੁੱਗੀ ਦੇ ਅੰਦਰ ਚਲਾ ਗਿਆ। ਪਿੰਟੋ ਉਸ ਦੇ ਅੱਗੇ-ਅੱਗੇ ਸੀ। ਉਹਨਾਂ ਉਸ ਵਲ ਤੱਕਿਆ। ਉਹਨਾਂ ਦੇ ਉਦਾਸ ਉਪਰਾਮ ਡਰੇ ਹੋਏ ਚਿਹਰਿਆਂ ਨੂੰ ਵੇਖ, ਉਸ ਦੇ ਮੂੰਹੋਂ ਆਪ-ਮੁਹਾਰੇ ਹੀ ਨਿਕਲ ਗਿਆ, "ਕੀ ਹੋਇਐ ?"

# ਕਾਂਡ ਤਿੰਨ

ਇਹ ਉਹਨਾਂ ਦੀ ਮਾਂ ਸੀ! ਉਹਨਾਂ, ਉਦੋਂ ਤੋਂ ਉਸ ਬਾਰੇ ਇੱਕ ਅਜੀਬ ਚੀਜ਼ ਤੱਕੀ ਸੀ, ਜਦੋਂ ਲੀਲਾ ਉਸ ਲਈ, ਸਵੇਰ ਦੀ ਚਾਹ ਅੰਦਰ ਲੈ ਕੇ ਗਈ ਸੀ ਅਤੇ ਉਹਨੇ ਵੇਖਿਆ ਸੀ ਕਿ ਉਹ ਚਾਹ ਪੀਣ ਲਈ, ਆਪਣਾ ਸਿਰ ਵੀ ਉਪਰ ਨਹੀਂ ਸੀ ਚੁੱਕ ਸਕੀ। ਜਦ ਲੀਲਾ ਨੇ ਉਹਦੇ ਸਿਰ ਨੂੰ ਥੋੜ੍ਹਾ ਕੁ ਉਪਰ ਚੁੱਕਣ ਲਈ, ਥੱਲੇ ਆਪਣੀ ਬਾਂਹ ਰੱਖੀ ਸੀ, ਤਾਂ ਉਹਨੇ ਚਮੜੀ ਨੂੰ, ਬੁਖ਼ਾਰ ਨਾਲ ਜਲ ਰਹੀ ਅਤੇ ਸੁੱਕੀ-ਜਿਹੀ ਮਹਿਸੂਸ ਕੀਤਾ ਸੀ। ਉਹਨੇ ਆਵਾਜ਼ ਦਿੱਤੀ ਸੀ, "ਮਾਂ......", ਅਤੇ ਇਸਤਰੀ ਨੇ ਆਪਣੇ ਪਪੋਟੇ ਫੜਕਾਏ ਸਨ, ਪਰ ਆਪਣੀਆਂ ਅੱਖਾਂ ਨਹੀਂ ਸਨ ਖੋਲ੍ਹੀਆਂ, ਨਾ ਹੀ ਉਹ ਮੁਸਕਰਾਈ ਸੀ। "ਨੀ ਬੇਲਾ, ਨੀ ਕਮਲ" ਲੀਲਾ ਨੇ ਆਵਾਜ਼ਾਂ ਦਿੱਤੀਆਂ ਸਨ ਅਤੇ ਜਦੋਂ ਨਿੱਕੀਆਂ ਕੁੜੀਆਂ ਦੌੜਦੀਆਂ ਹੋਈਆਂ ਆਈਆਂ ਸਨ, ਤਾਂ ਉਹਨੇ, ਉਹਨਾਂ ਨੂੰ ਵਰਾਂਡੇ ਵਿਚ ਪਈ ਮਿੱਟੀ ਦੀ ਸੁਰਾਹੀ ਵਿੱਚੋਂ ਠੰਡਾ ਪਾਣੀ ਅਤੇ ਉਸ ਵਿੱਚ ਭਿਉਣ ਲਈ ਕੋਈ ਲੀਰ ਲਿਆਉਣ ਲਈ ਆਖਿਆ ਸੀ। ਉਹਨੇ ਗਿੱਲੀ ਪੱਟੀ ਆਪਣੀ ਮਾਂ ਦੇ ਮੱਥੇ 'ਤੇ ਰੱਖੀ ਸੀ ਅਤੇ ਉਸਦੀ ਕਲਾਈ ਫੜ ਕੇ, ਉਸਦੇ ਮੰਜੇ ਪਾਸ ਬੈਠ ਗਈ ਸੀ। ਕਲਾਈ ਉਸ ਦੀਆਂ ਉਂਗਲਾਂ ਵਿਚਕਾਰ ਕੰਬ ਰਹੀ ਸੀ।

"ਇਹ ਕੀ ਹੈ?" ਕੁੜੀਆਂ ਨੇ ਮੰਜੇ ਉਤੇ ਝੁਕਦਿਆਂ ਅਤੇ ਗਹੁ ਨਾਲ ਵੇਖਦਿਆਂ ਹੌਲੀ ਜਿਹੀ ਪੁੱਛਿਆ ਸੀ। ਉਹ ਸਕੂਲ ਦੇ ਕੱਪੜੇ ਪਾ ਕੇ, ਸਕੂਲ ਜਾਣ ਲਈ ਤਿਆਰ ਸਨ, ਉਹ ਮੰਜੀ ਕੋਲੋਂ ਹਿੱਲ ਨਹੀਂ ਸਨ ਰਹੀਆਂ।

"ਅੱਜ ਇਹਨੂੰ ਬੁਖ਼ਾਰ ਹੈ।" ਲੀਲਾ ਬੁੜਬੁੜਾਈ। "ਤੇਜ਼ ਬੁਖ਼ਾਰ। ਜਾਓ, ਦੱਸੋ-ਜਾਓ ਅਤੇ ਦੱਸੋ।"

"ਕਿਸਨੂੰ ?"

"ਕੀ ?"

ਲੀਲਾ ਨੇ ਉਤਰ ਸੋਚਣ ਦਾ ਯਤਨ ਕਰਦਿਆਂ ਆਪਣੇ ਬੁੱਲ੍ਹ ਟੁੱਕੇ। ਝੱਟ-ਪਲ ਪਿੱਛੋਂ ਉਹਨੇ ਆਪਣੀ ਕੰਬਦੀ ਹੋਈ ਆਵਾਜ਼ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਿਆਂ ਆਖਿਆ, "ਜਾਓ ਅਤੇ ਵੇਖੋ ਜੇ ਹਰੀ ਤੁਹਾਨੂੰ ਖੇਤ ਵਿੱਚ ਮਿਲ ਜਾਏ! ਉਹਨੂੰ ਪਿੰਡ ਜਾਣ ਲਈ ਆਖਣਾ ਅਤੇ ਕਹਿਣਾ। ਨਹੀਂ, ਉਥੇ ਕੋਈ ਡਾਕਟਰ ਨਹੀਂ।"

"ਕੀ ਉਹ ਅਲੀਬਾਗ ਜਾਏ?" ਬੇਲਾ ਨੇ ਚਿੰਤਾ ਵਿੱਚ ਹੌਲੀ-ਹੌਲੀ ਆਖਿਆ, ਜਿਵੇਂ ਉਹ ਕੋਈ ਚਾਰਾ ਸੁਝਾਉਣ ਦੀ ਕੋਸ਼ਿਸ਼ ਕਰ ਰਹੀ ਹੋਵੇ।

"ਨਹੀਂ, ਇਸ ਦਾ ਕੋਈ ਫ਼ਾਇਦਾ ਨਹੀਂ- ਅਲੀਬਾਗ਼ ਦਾ ਕੋਈ ਡਾਕਟਰ ਏਥੇ ਏਡੀ ਦੂਰ ਨਹੀਂ ਆਵੇਗਾ।" ਲੀਲਾ ਨੇ ਹਾਉਕਾ ਲਿਆ। ਫਿਰ ਉਹਨੇ ਆਖਿਆ, "ਬੇਲਾ, ਆਪਣੇ

ਨਾਲ ਦੇ ਗੁਆਂਢੀਆਂ ਖਾਨੇਕਰਾਂ ਦੇ ਘਰ ਜਾਓ। ਜਾ ਅਤੇ ਹੀਰਾ ਬਾਈ ਨੂੰ ਆਉਣ ਲਈ ਆਖ ਜਾਂ ਕਿਸੇ ਡਾਕਟਰ ਨੂੰ ਭੇਜਣ ਲਈ ਆਖ। ਉਹਨੂੰ ਡਾਕਟਰਾਂ ਦਾ ਪਤਾ ਹੈ। ਉਸਨੂੰ ਜੜੀ-ਬੂਟੀਆਂ ਅਤੇ ਦਵਾ-ਦਾਰੂ ਵਿੱਚ ਦਿਲਚਸਪੀ ਹੈ। ਸ਼ਾਇਦ ਉਹ ਆਪ ਹੀ ਆ ਜਾਵੇ।"

"ਪਰ-" ਬੇਲਾ ਬੋਲੀ।

"ਜੇ ਉਹ ਸਾਰੇ......ਤਾਂ ਕੀ.....ਤੈਨੂੰ ਪਤਾ ਹੈ?" ਕਮਲ ਨੇ ਆਪਣੇ ਸ਼ਰਾਬੀ ਪਿਉ 'ਤੇ ਇੱਕ ਨਜ਼ਰ ਮਾਰਦਿਆਂ ਆਖਿਆ, ਜੋ ਕਮਰੇ ਦੇ ਸੱਭ ਤੋਂ ਹਨੇਰੇ ਖੂੰਜੇ 'ਚ ਚਿਟਾਈ ਉਤੇ ਢੇਰੀ ਜਿਹੀ ਬਣਿਆ ਪਿਆ ਸੀ।

"ਤੁਹਾਨੂੰ ਜਾਣਾ ਹੀ ਪਏਗਾ। ਆਦਮੀਆਂ ਨਾਲ ਗੱਲ ਨਾ ਕਰਨਾ। ਸਿੱਧੀਆਂ ਹੀਰਾ-ਬਾਈ ਪਾਸ ਜਾਓ।"

"ਤੈਨੂੰ ਪਤੈ, ਉਹ ਵੀ ਪੀਂਦੀ ਹੈ।" ਕੁੜੀਆ ਨੇ ਚੇਤਾਰਿਆ।

"ਹੋਰ ਵੇਲੇ ਨਹੀਂ", ਲੀਲਾ ਨੇ ਤਿੱਖੀ ਆਵਾਜ਼ ਵਿੱਚ ਆਖਿਆ "ਜਿਵੇਂ ਵੀ ਹੈ, ਜਾਓ ਅਤੇ ਵੇਖੋ।"

ਹੁਣ ਦੋਵਾਂ ਕੁੜੀਆਂ ਨੇ ਹੋਰ ਬਹਿਸ ਨਾ ਕੀਤੀ ਅਤੇ ਨੱਸ ਗਈਆਂ। ਜਦੋਂ ਉਹ ਪਾਣੀ ਦੇ ਪਾੜ ਉਤੇ ਪਈ ਗੋਲੀ ਤੋਂ ਅੱਗੇ ਲੰਘ ਗਈਆਂ, ਪਿੰਟੋ ਕੰਢੇ ਉਤੇ ਉਗੇ ਉਚੇ-ਉਚੇ ਘਾਹ ਵਿਚੋਂ ਖੁਸ਼ੀ 'ਚ ਉਚੀ ਸਾਰੀ ਭੌਂਕਿਆ। ਉਸ ਦੇ ਭੌਂਕਣ ਨਾਲ, ਇੱਕ ਬਗਲਾ, ਜੋ ਪੱਥਰ ਉਤੇ ਕੁੱਬਾ ਹੋਇਆ ਖੜਾ, ਦਲਦਲ ਅੰਦਰ ਝਾਕ ਰਿਹਾ ਸੀ, ਡਰ ਗਿਆ ਅਤੇ ਡਰ ਨਾਲ ਉਹਨੇ ਆਪਣੇ ਭੱਦੇ ਸਲੇਟੀ-ਭੂਰੇ ਪਰ ਹਿਲਾਏ, ਫੜਫੜਾਏ, ਆਪਣੇ ਪੰਜਿਆਂ 'ਤੇ ਖੜਾ ਹੋਇਆ, ਫਿਰ ਪਰ ਫੜ ਫੜਾਏ ਅਤੇ ਉਡ ਕੇ ਕਿਉੜੇ ਦੇ ਝੁੰਡ ਦੀ ਟੀਸੀ 'ਤੇ ਜਾ ਬੈਠਾ। ਹੋਰ ਪੰਛੀ ਵੀ ਤ੍ਰਹਿ ਗਏ ਅਤੇ ਡਰ ਨਾਲ ਚੀਂ ਚੀਂ ਕਰਨ ਲੱਗੇ ਜਾਂ ਉਥੋਂ ਉਡ ਗਏ- ਕਿਧਰੇ ਲੁਕੇ ਬੈਠੇ ਬੁੱਢੇ ਕਾਲੇ-ਤਿੱਤਰ ਨੇ "ਕੂ.......ਕੂ.......ਕੂ...... "ਕਰ ਕੇ ਬਾਕੀ ਦੇ ਜਨੌਰਾਂ ਨੂੰ ਖ਼ਬਰਦਾਰ ਕੀਤਾ ਅਤੇ ਲਾਲੜੀਆਂ ਦਾ ਇਕ ਜੋੜਾ ਅਚਾਨਕ ਛੁਦਕ ਕੇ ਸੂਰਜ ਦੀ ਲੋਅ ਵਿੱਚ ਉਭਰਿਆ ਅਤੇ ਉਹਨਾਂ ਇੱਕ ਨੀਲੀ-ਕਾਲੀ ਜਿਹੀ ਲਿਸ਼ਕ ਮਾਰੀ। 'ਭੇਂਡੀ' ਦੇ ਰੁੱਖ ਤੋਂ ਕੁੱਝ ਪੀਲੇ ਫੁੱਲ ਝੜ ਕੇ ਉਹਨਾਂ ਦੇ ਸਿਰਾਂ 'ਤੇ ਡਿੱਗ ਪਏ।

ਬੇਲਾ ਅਤੇ ਕਮਲ ਨੇ ਉਸ ਦੀਆਂ ਸ਼ਾਖ਼ਾਂ ਥੱਲੇ ਸਿਰ ਨੀਵੇਂ ਕਰ ਲਏ ਅਤੇ ਉਸ ਸੰਘਣੇ ਝਾੜ-ਝੰਗਾੜ ਨੂੰ ਹੱਥਾਂ ਨਾਲ ਏਧਰ-ਓਧਰ ਹਟਾਉਂਦੀਆਂ, ਉਸ ਵਿਚੋਂ ਦੀ ਲੰਘ ਗਈਆਂ, ਜੋ ਉਹਨਾਂ ਦੀ ਝੁੱਗੀ ਨੂੰ ਗੁਆਂਢੀਆਂ ਦੇ ਝੁੰਡ ਨਾਲੋਂ ਵੱਖ ਕਰਦਾ ਸੀ। ਅਚਾਨਕ ਬੇਲਾ ਰੁਕ ਗਈ। ਉਹਨੇ ਕਮਲ ਨੂੰ ਬਚਾਉਣ ਲਈ ਆਪਣੀਆਂ ਬਾਹਾਂ ਪਸਾਰ ਲਈਆਂ ਸਨ। ਫਿਰ ਉਸਨੇ ਲੰਮਾ ਸਾਹ ਲਿਆ, "ਉਹੋ, ਇਹ ਤਾਂ ਕੁੰਜ ਹੀ ਹੈ।" ਅਤੇ ਕਮਲ ਨੇ ਉਹਦੇ ਮੋਢੇ ਉਤੋਂ ਦੀ ਝਾਕਦਿਆਂ, ਸੱਪ ਦੀ ਕੋਈ ਛੇ ਕੁ ਫੁੱਟ ਲੰਮੀ ਕੁੰਜ ਵੇਖੀ, ਜੋ ਬੇਲਾ ਦੇ ਪੈਰਾਂ ਦੇ, ਕੋਲ ਦੇ ਸਪਾਈਡਰ ਲਿਲੀ ਦੇ ਬੂਟਿਆਂ ਦੇ ਝਾੜ-ਝੰਗਾੜ ਉਤੇ ਲਿਪਟੀ ਹੋਈ ਸੀ, ਜਾਲੀ ਦੇ ਇੱਕ ਖ਼ੂਬਸੂਰਤ ਪਰਦੇ ਵਾਂਗ ਪਾਰਦਰਸ਼ੀ ਅਤੇ ਲਿਸ਼-ਲਿਸ਼ ਕਰਦੀ। ਉਹ ਹਲਕੀ-ਹਲਕੀ ਹਵਾ ਨਾਲ ਹਿੱਲ ਰਹੀ ਸੀ ਅਤੇ ਲਗਭਗ ਜੀਵਿਤ ਸੱਪ ਹੀ ਜਾਪ ਰਹੀ ਸੀ। ਉਸ ਦਾ ਮੂੰਹ ਖੁੱਲ੍ਹਾ ਸੀ, ਅਤੇ ਅੱਖਾਂ ਦੇ ਦੋ ਛੋਟੇ-ਛੋਟੇ ਛੇਕ ਵੀ ਸਨ। ਉਹ ਏਨੀ ਸੰਪੂਰਨ ਤੇ ਸਮਸਤ ਸੀ, ਪਰ ਉਹ ਸਿਰਫ਼ ਸੁੱਕੀ ਕੁੰਜ ਹੀ ਸੀ, ਜੋ ਸੰਭਵ ਤੌਰ 'ਤੇ ਪਿਛਲੀ ਰਾਤ ਹੀ ਲਾਹੀ ਗਈ ਸੀ ਇਸ

ਲਈ ਕੁੜੀਆਂ ਨੇ ਇੱਕ-ਦੂਸਰੀ ਦੇ ਹੱਥ ਫੜ ਲਏ ਅਤੇ ਛੇਤੀ-ਛੇਤੀ ਖਾਨੇਕਰਾਂ ਦੇ ਘਰ ਪੁੱਜ ਗਈਆਂ।

ਖਾਨੇਕਰ ਉਸ ਘਣੀ-ਸੰਘਣੀ ਬਨਸਪਤ ਦੇ ਵਿਚਕਾਰ, ਇੱਕ ਬਹੁਤ ਹੀ ਖੁੱਲ੍ਹੇ-ਵਿਸ਼ਾਲ ਪਰ ਅਣਸੰਵਾਰੇ ਤੇ ਇੱਖਰੇ-ਵਿੱਖਰੇ ਜਿਹੇ ਘਰ ਵਿਚ ਰਹਿੰਦੇ ਸਨ। ਬੂਟੇ-ਬੂਟੀਆਂ ਉਹਨਾਂ ਦੀਆਂ ਕੱਚੀਆਂ ਕੰਧਾਂ ਦੇ ਬਹੁਤ ਕੋਲ-ਕੋਲ ਏਧਰ-ਓਧਰ ਪੱਸਰੀਆਂ ਹੋਈਆਂ ਸਨ ਅਤੇ ਅੰਗੂਰ ਦੀਆਂ ਵੇਲਾਂ, ਘਾਹ-ਫੂਸ ਦੀ ਛੱਤ 'ਤੇ ਚੜ੍ਹੀਆਂ ਹੋਈਆਂ ਸਨ। ਵਿਹੜੇ ਵਿੱਚ ਏਧਰ-ਓਧਰ ਬਾਲਣ ਵਾਲੀ ਲੱਕੜੀ ਦੇ ਢੇਰ ਲੱਗੇ ਹੋਏ ਸਨ, ਖ਼ਾਲੀ ਸਿੱਪੀਆਂ ਦੇ ਖ਼ੋਲ ਖਿੱਲਰੇ ਹੋਏ ਸਨ, ਕੁੱਝ ਕੁਕੜੀਆਂ ਕੁੜ-ਕੁੜ ਕਰ ਰਹੀਆਂ ਸਨ ਅਤੇ ਕੁਝ ਖੁੱਥੜ ਜਿਹੇ ਕੱਪੜੇ ਧੋ ਕੇ, ਸੁੱਕਣ ਲਈ ਝਾੜੀਆਂ ਉਤੇ ਖਿਲਾਰੇ ਹੋਏ ਸਨ। ਸਭ-ਕੁੱਝ ਜਿਵੇਂ ਖੁੱਥਿਆ-ਖੁੱਥਿਆ, ਅਣਗੌਲਿਆ-ਅਣਗੌਲਿਆ ਜਿਹਾ ਸੀ। ਇਕ ਜ਼ਮਾਨਾ ਸੀ ਕਿ ਉਹਨਾਂ ਪਾਸ ਪਾਨ ਦੇ ਝੁੰਡ ਸਨ, ਕੇਲਿਆਂ ਦੇ ਬਾਗ਼ ਸਨ, ਮੁਰਗ਼ੀਖ਼ਾਨਾ ਸੀ ਅਤੇ ਇੱਕ ਤਲਾਅ ਸੀ, ਜਿਸ ਵਿੱਚ ਉਹਨਾਂ ਤਾਜ਼ੇ ਪਾਣੀ ਦੀਆਂ ਮੱਛੀਆਂ ਰੱਖੀਆਂ ਹੋਈਆਂ ਸਨ। ਪਰ ਤਿੰਨਾਂ ਭਰਾਵਾਂ ਨੇ ਜੋ ਜ਼ਮੀਨ ਦੇ ਮਾਲਿਕ ਸਨ, ਖੇਤੀਬਾੜੀ ਜਾਂ ਮੱਛੀ-ਪਾਲਣ ਵੱਲ ਉਕਾ ਹੀ ਧਿਆਨ ਨਾ ਦਿੱਤਾ ਅਤੇ ਆਪਣੇ ਪਿਉ ਦੀ ਮੌਤ ਤੋਂ ਮਗਰੋਂ ਤਾਂ ਉਹਨਾਂ ਕੰਮ ਕਰਨਾ ਬਿਲਕੁਲ ਹੀ ਬੰਦ ਕਰ ਦਿੱਤਾ। ਉਹ ਆਪ ਤਿਆਰ-ਕੀਤੀ ਤਾੜੀ ਪੀਂਦੇ ਅਤੇ ਜੋ ਬਾਕੀ ਬਚਦੀ, ਉਹ ਦੂਸਰੇ ਸ਼ਰਾਬੀਆਂ ਕੋਲ ਵੇਚ ਦਿੰਦੇ, ਉਹਨਾਂ ਦੀਆਂ ਬੀਵੀਆਂ ਉਹਨਾਂ ਨੂੰ ਛੱਡ ਕੇ, ਆਪਣੇ-ਆਪਣੇ ਪਿੰਡਾਂ 'ਚ, ਆਪਣੇ ਮਾਪਿਆਂ ਪਾਸ ਚਲੀਆਂ ਗਈਆਂ ਸਨ। ਸਿਰਫ਼ ਉਹਨਾਂ ਦੀ ਬਿਰਧ ਮਾਤਾ, ਹੀਰਾਬਾਈ ਉਹਨਾਂ ਲਈ ਘਰ ਸਾਂਭਦੀ ਸੀ, ਉਹ ਆਪ ਵੀ ਤਾੜੀ ਦੀ ਸ਼ੌਕੀਨ ਸੀ।

ਹਾਂ, ਤੇ ਛੋਟੀਆਂ ਕੁੜੀਆਂ ਨੇ ਸੁੱਖ ਦਾ ਸਾਹ ਲਿਆ, ਜਦੋਂ ਉਹਨਾਂ ਹੀਰਾਬਾਈ ਨੂੰ, ਆਪਣੇ ਘਰ ਦੇ ਬਾਹਰ, ਵਾਣ ਦੀ ਇੱਕ ਮੰਜੀ 'ਤੇ ਆਲਤੀ-ਪਾਲਤੀ ਮਾਰੀ ਬੈਠੀ ਵੇਖਿਆ। ਉਹਦੇ ਸਾਹਮਣੇ ਸੁਪਾਰੀ ਦਾ ਇੱਕ ਢੇਰ ਜਿਹਾ ਲੱਗਾ ਹੋਇਆ ਸੀ ਅਤੇ ਉਹ ਬੜੀ ਫੁਰਤੀ ਨਾਲ ਉਸ ਨੂੰ ਨਿੱਕੇ-ਨਿੱਕੇ ਚਾਂਦੀ ਵੰਨੇ ਟੁਕੜਿਆਂ 'ਚ ਕੱਟ ਕੇ ਆਪਣੇ ਇੱਕ ਪਾਸੇ ਰੱਖੇ ਧਾਤ ਦੇ ਵੱਡੇ ਸਾਰੇ ਡੱਬੇ ਵਿੱਚ ਪਾਈ ਜਾ ਰਹੀ ਸੀ। ਪਾਨ ਖਾਣ ਨਾਲ ਅਤੇ ਸਾਰਾ ਦਿਨ ਸੁਪਾਰੀ ਚੱਬਦੇ ਰਹਿਣ ਨਾਲ ਉਸ ਦਾ ਮੂੰਹ ਗੂੜ੍ਹਾ ਲਾਲ ਹੋ ਗਿਆ ਸੀ। ਜਦੋਂ ਉਹਨੇ ਕੁੜੀਆਂ ਨੂੰ ਵੇਖਿਆ ਤਾਂ ਉਹਨੇ ਆਪਣਾ ਲਾਲ-ਕਿਰਮਚੀ ਮੂੰਹ ਅੱਡਿਆ ਅਤੇ ਹੈਰਾਨੀ 'ਚ ਦੰਦ ਕੱਢੇ। ਉਹਨੇ ਆਪਣੀ ਜਾਮਣੀ ਸਾੜ੍ਹੀ ਦਾ ਪੱਲਾ, ਆਪ ਮੁਹਾਰੇ ਹੀ ਆਪਣੇ ਧੌਲਿਆਂ ਵਾਲੇ ਸਿਰ 'ਤੇ ਕਰ ਲਿਆ ਜਿਵੇਂ ਕਿ ਔਰਤਾਂ ਅਕਸਰ ਕਿਸੇ ਅਜਨਬੀ ਦੇ ਆਉਣ 'ਤੇ ਕਰਦੀਆਂ ਹਨ।

"ਹੈਂ ਬੇਲਾ, ਨੀ ਕਮਲ ! ਏਥੇ ਕਿਵੇਂ ਆਉਣਾ ਹੋਇਆ? ਕੀ ਤੁਹਾਡੇ ਪਿਉ ਨੇ ਤੁਹਾਨੂੰ ਸਵੇਰੇ-ਸਵੇਰੇ ਤਾੜੀ ਲੈਣ ਲਈ ਭੇਜਿਆ ਹੈ? ਉਹਨੇ ਉਚੀ ਆਵਾਜ਼ 'ਚ ਆਖਿਆ ਅਤੇ ਉਹ ਇੱਕ ਉਚਾ ਸਾਰਾ ਠਹਾਕਾ ਮਾਰ ਕੇ ਹੱਸ ਪਈ, ਜਿਸ ਨੂੰ ਸੁਣ ਕੇ, ਘਰ 'ਚ ਕਿਧਰੇ ਆਦਿਸ ਬੈਠਾ ਇਕ ਆਦਮੀ ਬੋਲ ਉਠਿਆ, "ਮਾਂ, ਕੀ ਹੋਇਐ?"

ਬੇਲਾ ਅਤੇ ਕਮਲ ਉਸ ਤੋਂ ਕੁੱਝ ਵਿੱਥ 'ਤੇ ਹੀ ਰੁਕ ਗਈਆਂ। ਕਮਲ ਨੇ ਆਪਣੀ ਇੱਕ ਲੱਤ ਮੋੜ ਕੇ ਦੂਸਰੀ 'ਤੇ ਰੱਖ ਲਈ ਅਤੇ ਆਪਣੀ ਉਂਗਲ ਮੂੰਹ ਵਿੱਚ ਪਾ ਲਈ। ਬੇਲਾ ਨੇ ਵੀ ਉਵੇਂ ਹੀ ਕੀਤਾ।

ਹੀਰਾਬਾਈ ਹਾਸੇ ਨਾਲ ਗੁਟਕਣ ਲੱਗੀ। "ਦੱਸਣਾ ਨਹੀਂ ਚਾਹੁੰਦੀਆਂ? ਤਾੜੀ ਮੰਗਣਾ ਨਹੀਂ ਚਾਹੁੰਦੀਆਂ? ਸੰਗੋ ਨਾ। ਸਾਨੂੰ ਪਤਾ ਹੈ, ਮਰਦ ਕਿਹੋ-ਜਿਹੇ ਹੁੰਦੇ ਹਨ! ਤੁਹਾਨੂੰ ਪਤਾ ਹੈ, ਮੈਨੂੰ ਪਤਾ ਹੈ, ਫਿਰ ਸੰਗ ਕਾਹਦੀ?"

ਇਹ ਸੁਣ ਕੇ, ਕੁੜੀਆਂ ਨੇ ਚੁੱਪਚਾਪ ਸਿਰ ਹਿਲਾਇਆ।

"ਏਹ? ਤਾੜੀ ਨਹੀਂ ਚਾਹੀਦੀ। ਤਾਂ ਦੱਸੋ, ਤੁਹਾਨੂੰ ਕੀ ਚਾਹੀਦੈ? ਤਾੜੀ ਲਈ ਪੈਸੇ?"

ਉਹਨਾਂ ਹੋਰ ਵੀ ਜ਼ੋਰ ਨਾਲ ਆਪਣੇ ਸਿਰ ਹਿਲਾਏ, ਜਿਸ ਨਾਲ ਉਹਨਾਂ ਦੀਆਂ ਜੁੰਡੀਆਂ ਉਡਨ ਲੱਗ ਪਈਆਂ।

"ਤਾੜੀ ਲਈ ਪੈਸੇ ਨਹੀਂ.......? ਤਾਂ ਫਿਰ.....ਤੁਹਾਡੀ ਮਾਂ ਨੇ ਤੁਹਾਨੂੰ ਭੇਜਿਆ ਹੈ? ਚੌਲਾਂ ਲਈ ਪੈਸਿਆਂ ਵਾਸਤੇ? ਚਾਹ ਲਈ? ਕੀ ਚਾਹ ਲਈ ਹੀ? ਘਰ 'ਚ ਚੌਲ ਨਹੀਂ ? ਤਾਂ ਹੁਣ ਫਿਰ ਕੁੜੀਓ, ਤੁਹਾਡੇ ਕੋਈ ਵੀ ਚੀਜ਼ ਮੰਗਣ ਤੋਂ ਪਹਿਲਾਂ, ਚੰਗਾ ਹੈ, ਮੈਂ ਤੁਹਾਨੂੰ ਖ਼ਬਰਦਾਰ ਕਰ ਦੇਵਾਂ"

ਹੁਣ ਅਚਾਨਕ, ਬੇਲਾ ਲਈ ਹੋਰ ਬਰਦਾਸ਼ਤ ਕਰਨਾ ਮੁਸ਼ਕਲ ਹੋ ਗਿਆ ਸੀ। ਕਮਲ ਦੇ ਕੋਲੋਂ ਹਟ ਕੇ, ਉਹ ਕੁੱਝ ਕਦਮ ਹੋਰ ਨੇੜੇ ਆਈ ਅਤੇ ਛੇਤੀ ਨਾਲ, ਬੈਠੀ ਹੋਈ ਆਵਾਜ਼ ਵਿਚ ਆਖਣ ਲੱਗੀ। "ਸਾਨੂੰ ਪੈਸੇ ਨਹੀਂ ਚਾਹੀਦੇ। ਸਾਨੂੰ ਚੌਲ ਨਹੀਂ ਚਾਹੀਦੇ। ਅਸੀਂ ਕੁੱਝ ਵੀ ਮੰਗਣ ਵਾਸਤੇ ਨਹੀਂ ਆਈਆਂ। ਮੇਰੀ ਮਾਂ ਬਿਮਾਰ ਹੈ ਅਤੇ ਮੇਰੀ ਭੈਣ ਨੇ ਸਾਨੂੰ ਤੁਹਾਨੂੰ ਇਹ ਦੱਸਣ ਲਈ ਭੇਜਿਆ ਹੈ ਕਿ....।"

"ਬਿਮਾਰ ?" ਬਿਰਧ ਔਰਤ ਨੇ ਬੇਲਾ ਵਲ ਗਹੁ ਨਾਲ ਵੇਖਿਆ ਅਤੇ ਹੱਸਣਾ ਬੰਦ ਕਰ ਦਿੱਤਾ।

"ਮੈਨੂੰ ਪਤੈ, ਉਹ ਬਿਮਾਰ ਹੈ। ਉਹ ਹਮੇਸ਼ਾ ਹੀ ਬਿਮਾਰ ਰਹਿੰਦੀ ਹੈ। ਤਾਂ ਕੀ ਫਿਰ ਉਸ ਦੀ ਹਾਲਤ ਜ਼ਿਆਦਾ ਹੀ ਮਾੜੀ ਹੈ।"

ਬੇਲਾ ਨੇ ਮੁੜ-ਮੁੜ ਸਿਰ ਹਿਲਾਇਆ। 'ਉਹਨੂੰ ਬੁਖ਼ਾਰ ਹੈ, ਸਾਡੇ ਕੋਲ ਕੋਈ ਦਵਾਈ ਨਹੀਂ। ਕੀ ਤੁਸੀਂ ਉਹਨੂੰ ਵੇਖਣ ਲਈ, ਕਿਸੇ ਡਾਕਟਰ ਨੂੰ ਬੁਲਾ ਸਕਦੇ ਹੋ?"

ਬਿਰਧ ਇਸਤਰੀ ਆਪਣੀ ਕੈਂਚੀ ਨਾਲ ਫਿਰ ਸੁਪਾਰੀ ਕੱਟਣ ਲੱਗ ਪਈ। ਉਹ ਆਪਣੇ ਆਪ ਵਿਚ ਹੀ ਬੁੜਬੁੜਾਈ, ਜਿਵੇਂ ਕਿ ਉਹ ਅਕਸਰ ਕਰਿਆ ਕਰਦੀ ਸੀ। ਫਿਰ ਉਹਨੇ ਛੋਟੀ-ਛੋਟੀ ਸਖ਼ਤ ਸੁਪਾਰੀ ਦੇ ਹੋਰ ਟੁਕੜੇ ਕਰਨੇ ਬੰਦ ਕਰ ਦਿੱਤੇ ਅਤੇ ਵੱਖਰੀ ਜਿਹੀ ਆਵਾਜ਼ ਵਿੱਚ ਆਖਣ ਲੱਗੀ। "ਮੈਂ ਤੁਹਾਨੂੰ ਦੱਸਦੀ ਹਾਂ, ਕੀ ਹੈ! ਪਿੰਡ ਵਿਚ ਜਿਹੜਾ ਬਿਰਧ ਬੰਦਾ ਆਪਣੀ ਗਊ ਨਾਲ, ਨਰਸਿੰਘਾ ਵਜਾਉਂਦਾ ਅਤੇ ਢੋਲ ਖੜਕਾਉਂਦਾ ਆਇਆ ਕਰਦਾ ਹੈ, ਮੈਂ ਅੱਜ ਸਵੇਰੇ ਉਸ ਦੀ ਆਵਾਜ਼ ਸੁਣੀ ਸੀ। ਉਹ ਅਜੇ ਬਹੁਤੀ ਦੂਰ ਨਹੀਂ ਗਿਆ ਹੋਣਾ। ਮੈਂ ਉਸਨੂੰ ਫੇਰੀ ਲਾ.ਕੇ, ਵਾਪਸ ਆ ਜਾਣ ਦਾ ਸੁਨੇਹਾ ਭੇਜਾਂਗੀ। ਮੈਂ ਉਸਨੂੰ ਤੁਹਾਡੇ ਪਾਸ ਭੇਜਾਂਗੀ। ਉਸ ਕੋਲ ਚੰਗੀਆਂ ਜੜੀਆਂ-ਬੂਟੀਆਂ, ਫੱਕੀਆਂ ਅਤੇ ਸੱਕ-ਸਿੱਕੜ ਹੁੰਦੇ ਹਨ। ਜਾਓ ਅਤੇ ਲੀਲਾ ਨੂੰ ਦੱਸ ਦਿਉ, "ਉਹਨੇ ਬੜੇ ਉਤਸ਼ਾਹ ਨਾਲ ਸਿਰ ਹਿਲਾਉਂਦਿਆਂ, ਉਹਨਾਂ ਨੂੰ ਆਖਿਆ। ਅਤੇ ਉਸਦੀ ਸਾੜ੍ਹੀ ਉਸਦੇ ਸਿਰ ਤੋਂ ਖਿਸਕ ਗਈ ਅਤੇ ਹਿਨਾ ਨਾਲ ਰੰਗੇ ਸ਼ੇਖ਼ ਸੰਗਤਰੀ ਵਾਲ ਦਿੱਸਣ ਲੱਗ ਪਏ।

ਬੇਲਾ ਅਤੇ ਕਮਲ ਉਥੋਂ ਮੁੜੀਆਂ ਅਤੇ ਦੌੜਦੀਆਂ-ਦੌੜਦੀਆਂ, ਝਾੜ-ਝੰਗਾੜ ਨੂੰ

ਏਧਰ-ਓਧਰ ਹਟਾਉਂਦੀਆਂ, ਆਪਣਾ ਰਾਹ ਬਣਾਉਂਦੀਆਂ, ਆਪਣੇ ਘਰ ਵੱਲ ਵਧੀਆ। ਪਰ ਜਿਉਂ ਹੀ ਉਹ ਪਾਣੀ ਦੇ ਪਾੜ 'ਤੇ ਰੱਖੀ ਗੇਲੀ ਪਾਸ ਪੁੱਜੀਆਂ, ਤਾਂ ਉਹਨਾਂ ਇਕ ਅੜੂਕ ਜਿਹੀ ਸੁਣੀ। ਉਹਨਾਂ ਪਿੱਛੇ ਮੁੜ ਕੇ ਵੇਖਿਆ, ਪਿੰਟੋ ਸੀ, ਜੋ ਖੁੱਡੇ ਵਿੱਚ ਚੂਜ਼ਿਆਂ ਨੂੰ ਅਤੇ ਘਰ ਦੇ ਲਾਗੇ ਲੱਗੇ ਢੇਰ ਵਿੱਚੋਂ ਮੱਛੀਆਂ ਦੀਆਂ ਹੱਡੀਆਂ ਆਦਿ ਨੂੰ ਸੁੰਘਣ ਲਈ ਪਿੱਛੇ ਰਹਿ ਗਿਆ ਸੀ, ਲੰਗੜਾਂਦਾ ਤੇ ਚਉਂ-ਚਉਂ ਕਰਦਾ ਹੋਇਆ, ਉਹਨਾਂ ਦੇ ਪਿੱਛੇ-ਪਿੱਛੇ ਆ ਰਿਹਾ ਸੀ। ਉਸਦੀ ਪੂਛ ਉਸਦੀਆਂ ਲੱਤਾਂ ਵਿਚਾਲੇ ਸੀ ਅਤੇ ਉਹਦੇ ਕੰਨ ਖੜੇ ਸਨ। ਬਿਰਧ ਔਰਤ ਨੇ ਜਾਂ ਫਿਰ ਘਰ ਦੇ ਬੰਦਿਆਂ 'ਚੋਂ ਕਿਸੇ ਨੇ ਉਸ 'ਤੇ ਪੱਥਰ ਜਾਂ ਨਾਰੀਅਲ ਵਗਾਹ ਕੇ ਮਾਰਿਆ ਹੋਵੇਗਾ, ਜੋ ਉਸ ਦੀ ਲੱਤ ਵਿੱਚ ਵੱਜਾ ਹੋਵੇਗਾ। ਉਹ 'ਚੀਂ-ਚੀਂ, ਚਉਂ-ਚਉਂ' ਕਰਦਾ, ਉਹਨਾਂ ਤੱਕ ਪੁੱਜਾ ਅਤੇ ਉਹ ਹੋਰ ਪੱਥਰ ਪੈਣ ਤੋਂ ਪਹਿਲਾਂ, ਉਸ ਨੂੰ ਛੇਤੀ-ਛੇਤੀ ਘਰ ਲੈ ਗਈਆਂ।

ਘਰ ਵਿਚ ਕਰਨ-ਗੋਚਰਾ ਕੁੱਝ ਨਹੀਂ ਸੀ, ਸਿਵਾਏ ਉਡੀਕ ਕਰਨ ਦੇ। ਲੀਲਾ ਨੇ ਸਕੂਲ ਬਾਰੇ ਕੁਝ ਨਾ ਆਖਿਆ, ਉਹ ਆਪਣਾ ਘਰ ਦਾ ਕੰਮ, ਚੁੱਪਚਾਪ, ਖ਼ਾਮੋਸ਼, ਬੁੱਲ੍ਹ ਮੀਚ ਕੇ ਕਰਦੀ ਰਹੀ। ਵਿੱਚ-ਵਿੱਚ, ਕਦੇ-ਕਦੇ ਉਹ ਮਾਂ ਨੂੰ ਵੇਖਣ ਅੰਦਰ ਚਲੀ ਜਾਂਦੀ ਅਤੇ ਕੁੜੀਆਂ ਝੁੱਗੀ ਦੇ ਬਾਹਰ ਹੀ ਰਹੀਆਂ, ਖੇਡਦੀਆਂ ਰਹੀਆਂ, ਚੁੱਪਚਾਪ, ਨਿੰਮੋਝੂਣੀਆਂ, ਰੇਤ ਵਿੱਚ ਨਮੂਨੇ ਵਾਹੁੰਦੀਆਂ ਅਤੇ ਨਮੂਨਿਆਂ ਨੂੰ ਫੁੱਲ-ਪੱਤੀਆਂ ਨਾਲ ਸਜਾਉਂਦੀਆਂ-ਸ਼ਿੰਗਾਰਦੀਆਂ। ਕਦੇ-ਕਦੇ ਲੀਲਾ ਉਹਨਾਂ ਨੂੰ ਕਰਨ ਲਈ ਕੋਈ ਕੰਮ ਦੇ ਦਿੰਦੀ, ਜੋ ਉਹ ਝੱਟ-ਪੱਟ ਕਰ ਦਿੰਦੀਆਂ, ਬਿਨਾਂ ਬਹਿਸ ਕੀਤਿਆਂ। ਉਹਨਾਂ ਖੂਹ ਤੋਂ ਪਾਣੀ ਲਿਆਂਦਾ। ਜਿਸ ਬਰਤਨ ਵਿੱਚ ਚਾਹ ਬਣਾਈ ਸੀ, ਉਸਨੂੰ ਧੋਤਾ। ਦੁਪਹਿਰ ਦੇ ਖਾਣੇ ਲਈ ਚੌਲ ਸਾਫ਼ ਕੀਤੇ ਅਤੇ ਫਿਰ ਝਾੜ-ਝੰਗਾੜ 'ਚੋਂ ਬਾਲਣ ਵਾਲੀ ਲੱਕੜੀ ਚੁਗ ਕੇ ਲਿਆਂਦੀ।

ਅਖ਼ੀਰ ਉਹਨਾਂ ਢੋਲ ਦੇ ਵੱਜਣ ਦੀ ਆਵਾਜ਼ ਅਤੇ ਨਰਸਿੰਘੇ ਦੀਆਂ ਲੰਮੀਆਂ ਅਭਰਿੱਠ-ਅਨੋਖੀਆਂ ਆਵਾਜ਼ਾਂ ਸੁਣੀਆਂ, ਜਿਹਨਾਂ ਦਾ ਮਤਲਬ ਸੀ ਕਿ ਦਵਾ-ਦਾਰੂ ਕਰਨ ਵਾਲਾ ਬੰਦਾ ਕਿਧਰੇ ਨੇੜੇ-ਤੇੜੇ ਹੀ ਸੀ। ਉਸ ਤੋਂ ਪਹਿਲਾਂ, ਨਿੱਕੀ ਮਧਰੇ ਕੱਦ ਦੀ ਗਊ ਆਈ, ਜਿਸ ਨੂੰ ਉਹਨੇ ਮਣਕਿਆਂ ਦੀ ਮਾਲਾ ਅਤੇ ਹਾਰ-ਹਮੇਲਾਂ ਨਾਲ ਸ਼ਿੰਗਾਰਿਆਂ ਹੋਇਆ ਸੀ ਅਤੇ ਉਸ ਦੀ ਕੰਨ੍ਹ 'ਤੇ ਵੇਲ-ਬੂਟਿਆਂ ਦੀ ਕਢਾਈ ਕੀਤਾ ਕੱਪੜਾ ਪਾਇਆ ਹੋਇਆ ਸੀ। ਉਹਨਾਂ ਉਸ ਨੂੰ ਅਕਸਰ, ਉਸ ਗਊ ਨਾਲ ਫੇਰੀ 'ਤੇ ਵੇਖਿਆ ਸੀ। ਉਹ ਲੋਕਾਂ ਨੂੰ ਘਾਹ ਦੇ ਗੱਠਿਆਂ ਦੀ ਪੇਸ਼ਕਸ਼ ਕਰਦਾ, ਜੋ ਉਸ ਪਾਸੋਂ ਉਹ ਗੱਠੇ ਖ਼ਰੀਦ ਕੇ, ਗਊ ਨੂੰ ਘਾਹ ਖੁਆਉਂਦੇ। ਗਊ ਨੂੰ ਘਾਹ ਖੁਆਉਣਾ ਪੁੰਨ ਦਾ ਕੰਮ ਸੀ ਅਤੇ ਲੋਕ ਥੋੜ੍ਹੇ ਕੁ ਪੈਸੇ ਖ਼ਰਚ ਕੇ, ਪੁੰਨ ਦਾ ਇਹ ਕੰਮ ਕਰਕੇ ਪ੍ਰਸੰਨ ਹੁੰਦੇ। ਇਸ ਨਾਲ ਉਸ ਬੰਦੇ ਨੂੰ ਕੁੱਝ ਪੈਸੇ ਮਿਲ ਜਾਂਦੇ, ਪਰ ਉਹ ਪੈਸੇ ਕਾਫ਼ੀ ਨਹੀਂ ਸਨ, ਇਸ ਲਈ ਉਹਨੇ ਪਵਿੱਤਰ ਗਊ ਨੂੰ ਪਿੰਡਾਂ ਵਿਚ ਲੈ ਕੇ ਜਾਣ ਅਤੇ ਨਾਲ ਹੀ ਉਹ ਦਵਾਈਆਂ ਵੇਚਣ ਅਤੇ ਲਾਉਣ ਦਾ ਕੰਮ ਵੀ ਨਾਲ ਹੀ ਰਲਾ ਲਿਆ ਸੀ, ਜੋ ਉਸਨੂੰ ਜੰਗਲ ਵਿੱਚੋਂ ਮਿਲਦੀਆਂ ਸਨ ਅਤੇ ਜਾਂ ਜੋ ਉਹ ਖ਼ੁਦ ਹੀ ਤਿਆਰ ਕਰ ਲੈਂਦਾ ਸੀ। ਉਹ ਇੱਕ ਤੇਜ਼-ਤਰਾਰ ਜਾਪਦਾ ਆਦਮੀ ਸੀ ਅਤੇ ਉਹ ਸੱਭ ਤਰ੍ਹਾਂ ਦੇ ਚੂਰਨ-ਫੱਕੀਆਂ ਅਤੇ ਗੋਲੀਆਂ, ਪੁੜੀਆਂ ਵਿੱਚ, ਆਪਣੀ ਧੋਤੀ ਦੀਆਂ ਤਹਿਆਂ ਅਤੇ ਆਪਣੀ ਗੁਲਾਬੀ ਪੱਗ ਦੇ ਲੜਾਂ ਨਾਲ ਬੰਨ੍ਹ ਕੇ ਰੱਖਦਾ ਸੀ। ਇਹਨਾਂ ਦਵਾਈਆਂ ਨਾਲ ਉਹ ਪਿੰਡਾਂ ਦੇ ਲੋਕਾਂ ਦੇ ਛਾਲੇ, ਫੋੜੇ, ਦਰਦਾਂ ਅਤੇ ਬੁਖ਼ਾਰ ਆਦਿ ਦਾ ਇਲਾਜ ਕਰਦਾ ਸੀ। ਉਹ ਉਹਨਾਂ ਲੋਕਾਂ ਲਈ ਵਿਸ਼ੇਸ਼ 'ਪੂਜਾ' ਵੀ ਕਰਦਾ ਸੀ, ਜੋ ਬਹੁਤ ਹੀ ਜ਼ਿਆਦਾ ਬਿਮਾਰ ਹੁੰਦੇ ਸਨ, ਪਾਗਲ



ਤੇ ਦੁਖੀ ਹੁੰਦੇ ਸਨ ਅਤੇ ਮਰਨ-ਪਹਿਰੇ ਹੁੰਦੇ ਸਨ ਤਾਂ ਜੋ ਉਹਨਾਂ ਨੂੰ, ਉਸ ਦੇ ਚੂਰਨਾਂ-ਫੱਕੀਆਂ ਦਾ ਫ਼ਾਇਦਾ ਪੁੱਜੇ। ਇਸ ਸੱਭ ਕੁੱਝ ਦਾ ਸਦਕਾ, ਉਸਦੇ ਇੱਕ ਜਾਦੂਗਰ, ਟੂਣੇ-ਟਾਮਣ ਕਰਨ ਵਾਲੇ ਦਾ ਗੁਮਾਨ ਹੁੰਦਾ, ਜਿਸ ਕਾਰਨ ਜਦੋਂ ਕੁੜੀਆਂ ਨੇ ਉਸ ਦੇ ਆਉਣ ਬਾਰੇ ਸੁਣਿਆ, ਤਾਂ ਉਹਨਾਂ ਨੂੰ ਥੋੜ੍ਹੀ ਕੰਬਣੀ ਜਿਹੀ ਵੀ ਛਿੜ ਪਈ।

ਜਦੋਂ ਉਹ ਪਾਣੀ ਦੇ ਪਾੜ ਉਪਰ ਰੱਖੀ ਲੱਕੜੀ ਦੇ ਉਪਰੋਂ ਦੀ ਲੰਘ ਰਿਹਾ ਸੀ, ਤਾਂ ਉਹਨੇ ਆਪਣਾ ਹੱਥ ਹਵਾ ਵਿੱਚ ਉਲਾਰਿਆ ਅਤੇ ਆਪਣੇ ਨਰਸਿੰਘੇ ਵਿੱਚ ਜੋ ਹੱਡੀ ਦਾ

ਬਣਿਆ ਹੋਇਆ ਸੀ, ਫੂਕ ਮਾਰ ਕੇ, ਇੱਕ ਹੋਰ ਲੰਮੀ ਸਾਰੀ ਆਵਾਜ਼ ਕੱਢੀ। ਕਿਸ ਦੀ ਹੱਡੀ ਦਾ? ਕੁੜੀਆਂ ਬੜੀ ਬੇਚੈਨੀ ਨਾਲ ਸੋਚ ਰਹੀਆਂ ਸਨ।

ਲੀਲਾ ਨੱਸੀ-ਨੱਸੀ ਘਰੋਂ ਬਾਹਰ ਆਈ ਅਤੇ ਬੇਲਾ ਤੇ ਕਮਲ ਪਿੰਟੋ ਨਾਲ ਚੰਬੜ ਗਈਆਂ, ਤਾਂ ਜੋ ਉਹ, ਉਸ ਨੂੰ ਪਵਿੱਤਰ ਗਊ ਉਤੇ ਹੱਲਾ ਕਰਨੋਂ ਰੋਕ ਸਕਣ। ਉਹ ਉਸ ਮਧਰੀ ਜਿਹੀ ਗਊ ਦੇ ਹੋਰ ਨੇੜੇ ਜਾਣਾ ਅਤੇ ਉਸ ਨੂੰ ਬਹੁਤ ਧਿਆਨ ਨਾਲ ਵੇਖਣਾ ਚਾਹੁੰਦੀਆਂ ਸਨ, ਪਰ ਲੀਲਾ ਚਾਹੁੰਦੀ ਸੀ ਕਿ ਜਿੰਨਾ ਚਿਰ ਤੱਕ ਉਹ ਉਸ ਬੰਦੇ ਨਾਲ ਗੱਲਾਂ ਕਰੇ, ਉਹ ਪਿੰਟੋ ਨੂੰ ਰੋਕ ਰੱਖਣ।

"ਮੇਰੀ ਮਾਂ ਬਿਮਾਰ ਹੈ। ਉਹ ਕਾਫ਼ੀ ਚਿਰ ਤੋਂ ਬਿਮਾਰ ਹੈ। ਹੁਣ ਉਸਨੂੰ ਬੁਖ਼ਾਰ ਵੀ ਹੈ। ਕੀ ਤੁਹਾਡੇ ਪਾਸ ਬੁਖ਼ਾਰ ਦੀ ਕੋਈ ਦਵਾ ਹੈ? ਕੀ ਤੁਹਾਡੇ ਕੋਲ ਉਸਨੂੰ ਤਕੜੀ ਕਰਨ ਦੀ ਕੋਈ ਦਵਾਈ ਹੈ? ਉਹ ਬਹੁਤ ਹੀ ਕਮਜ਼ੋਰ ਹੋ ਗਈ ਹੈ।" ਲੀਲਾ ਨੇ ਦੱਸਿਆ।

"ਰਤਾ ਹੌਲੀ-ਹੌਲੀ ਬੇਟੀ। ਕਾਹਲੀ ਕਾਹਦੀ ਹੈ? ਪਹਿਲਾਂ ਤਾਂ ਮੈਨੂੰ ਆਪਣੀ ਗਊ ਲਈ ਪਾਣੀ ਚਾਹੀਦਾ ਹੈ-ਖੂਹ ਦਾ ਤਾਜ਼ਾ ਪਾਣੀ। ਫਿਰ ਮੈਨੂੰ, ਉਸ ਲਈ ਘਾਹ ਚਾਹੀਦਾ ਹੈ। ਤਾਜ਼ਾ, ਕੂਲਾ-ਕੂਲਾ, ਨਰਮ-ਨਰਮ ਘਾਹ। ਫਿਰ ਮੈਂ ਆਵਾਂਗਾ ਤੇ ਤੁਹਾਡੀ ਮਾਤਾ ਨੂੰ ਵੇਖਾਂਗਾ।"

ਇਸ ਲਈ, ਇਹ ਸਾਰੀਆਂ ਗੱਲਾਂ ਕਿਵੇਂ ਨਾ ਕਿਵੇਂ ਪੂਰੀਆਂ ਕਰਨੀਆਂ ਹੀ ਪੈਣੀਆਂ ਸਨ। ਗਊ ਦੀ ਸੇਵਾ ਹੋ ਚੁੱਕੀ, ਤਾਂ ਉਸਨੂੰ, ਆਪ ਨੂੰ ਵੀ ਧਿਆਨ ਚਾਹੀਦਾ ਸੀ। ਲੀਲਾ ਨੂੰ ਉਸ ਵਾਸਤੇ ਗਰਮ-ਗਰਮ ਚਾਹ ਦਾ ਗਲਾਸ ਬਣਾਉਣਾ ਪਿਆ ਜੋ ਉਹਨੇ ਚਮੇਲੀ ਦੇ ਰੁੱਖ ਦੇ ਥੱਲ੍ਹੇ ਵਾਣ ਦੀ ਇਕ ਮੰਜੀ 'ਤੇ ਬੈਠ ਕੇ, ਬੜੀ ਤਸੱਲੀ ਨਾਲ ਪੀਤੀ। ਕੁੜੀਆਂ ਉਸਦੇ ਅੱਗੇ ਖੜੀਆਂ ਦੱਸਦੀਆਂ ਰਹੀਆਂ ਕਿ ਕਿਵੇਂ ਉਹਨਾਂ ਦੀ ਮਾਂ ਦਿਨੋ-ਦਿਨ ਮਾੜੀ, ਹੋਰ ਮਾੜੀ ਹੁੰਦੀ ਜਾ ਰਹੀ ਹੈ। ਕੁੱਝ ਵੀ ਖਾਂਦੀ-ਪੀਂਦੀ ਨਹੀਂ ਅਤੇ ਬਿਲਕੁਲ ਉਠ ਹੀ ਨਹੀਂ ਸਕਦੀ। "ਅਤੇ ਹੁਣ ਉਹ ਬੁਖ਼ਾਰ ਨਾਲ ਤਪ ਰਹੀ ਹੈ।" ਲੀਲਾ ਅਚਾਨਕ ਰੋਣ ਲੱਗ ਪਈ। ਹੁਣ ਉਹ ਠੀਕ ਤਰ੍ਹਾਂ ਬੋਲ ਵੀ ਨਹੀਂ ਸੀ ਪਾ ਰਹੀ।

ਉਸ ਬੰਦੇ ਨੇ ਉਹਨੂੰ ਆਪਣੀਆਂ ਤੇਜ਼-ਤਿੱਖੀਆਂ ਤੇ ਲਿਸ਼ਕਦੀਆਂ ਅੱਖਾਂ ਨਾਲ ਤੱਕਿਆ, ਇਹ ਸਮਝਦਿਆਂ ਕਿ ਉਸਨੂੰ ਇਹ ਸਭ ਕੁਝ ਕਿਵੇਂ ਹੋਇਆ ਸੀ। ਉਹ ਇਕਦਮ ਛੇਤੀ ਦੇ ਕੇ ਉਠਿਆ ਅਤੇ ਬਹੁਤ ਰੁੱਝ ਗਿਆ। ਉਹ ਹੈਰਾਨ ਸਨ ਕਿ ਉਹ ਉਹਨਾਂ ਦੀ ਮਾਂ ਨੂੰ ਵੇਖਣ ਅੰਦਰ ਵੀ ਨਹੀਂ ਸੀ ਗਿਆ, ਜਿਸ ਦੀ ਕਿ ਉਹਨਾਂ ਨੂੰ ਆਸ ਸੀ। ਇਸ ਦੀ ਬਜਾਏ, ਉਹਨੇ, ਉਹਨਾਂ ਨੂੰ ਆਪਣੇ ਘਰ ਦੀਆਂ ਮੋਹਾਠਾਂ 'ਤੇ ਅੱਗ ਜਲਾਉਣ ਦਾ ਹੁਕਮ ਦਿੱਤਾ। ਉਹ ਉਹਨਾਂ ਨੂੰ ਬੜੀ ਘੋਖ ਨਾਲ ਵੇਖਦਾ ਰਿਹਾ ਅਤੇ ਆਦੇਸ਼ ਦਿੰਦਾ ਰਿਹਾ। ਉਸ ਨੂੰ ਖ਼ਾਸ ਕਿਸਮ ਦੀ ਲੱਕੜ ਚਾਹੀਦੀ ਸੀ ਅਤੇ ਲੱਕੜੀਆਂ ਇਸ ਤਰ੍ਹਾਂ ਰੱਖੀਆਂ ਜਾਣੀਆਂ ਚਾਹੀਦੀਆਂ ਸਨ। ਇਕ ਵਾਰ ਅੱਗ ਬਲ ਪਈ, ਤਿੜ-ਤਿੜ ਕਰਨ ਲੱਗ ਪਈ ਅਤੇ ਉਸ ਵਿਚੋਂ ਧੂੰਆਂ ਨਿਕਲਣ ਲੱਗ ਪਿਆ, ਤਾਂ ਉਹਨੇ ਫੁੱਲਾਂ ਦੇ ਪੁੜੇ ਉਸ ਵਿੱਚ ਵਗਾਹ ਮਾਰੇ, ਜੋ ਉਹਨੇ ਗਊ ਦੀ ਪਿੱਠ 'ਤੇ ਲਮਕਾਏ ਇੱਕ ਥੈਲੇ ਵਿੱਚੋਂ ਕੱਢੇ ਸਨ। ਚੰਪਾ, ਚਮੇਲੀ, ਗੇਂਦਾ ਅਤੇ ਹਬਿਸਕੱਸ। ਉਹਨੇ ਸੰਸਕ੍ਰਿਤ ਵਿੱਚ ਇਕ ਲੰਮੀ ਪ੍ਰਾਰਥਨਾ, ਹਲਕੀ ਜਿਹੀ ਇਕਸਾਰ ਰਹਾਅ ਵਿਚ ਪੜ੍ਹੀ। ਜਦੋਂ ਉਹ ਪ੍ਰਾਰਥਨਾ ਪੜ੍ਹ ਰਿਹਾ ਸੀ, ਤਾਂ ਅੱਗ ਤਿੜ-ਤਿੜ ਕਰ ਰਹੀ ਸੀ, ਪਟਾਕੇ ਜਿਹੇ ਵੱਜ ਰਹੇ ਸਨ। ਤਿੰਨੇ ਕੁੜੀਆਂ, ਅੱਗ ਦੇ ਦੁਆਲੇ ਪੈਰਾਂ ਭਾਰ ਬੈਠੀਆਂ ਹੋਈਆਂ ਸਨ। ਉਹਨਾਂ ਨੇ ਆਪਣੀਆਂ ਠੋਡੀਆਂ, ਆਪਣੇ ਹੱਥਾਂ 'ਤੇ ਟਿਕਾਈਆਂ ਹੋਈਆਂ ਸਨ ਅਤੇ ਉਹ ਬੜੇ ਗਹੁ

ਨਾਲ ਵੇਖ ਰਹੀਆਂ ਸਨ। ਜਦੋਂ ਅੱਗ ਬੁਝ ਗਈ ਤਾਂ ਉਹਨੇ ਇੱਕ ਲੰਮੀ ਜਿਹੀ ਛਿਟੀ ਨਾਲ ਉਸ ਨੂੰ ਫਰੋਲਿਆ, ਸੁਆਹ ਨੂੰ ਏਧਰ-ਓਧਰ ਖਿਲਾਰ ਦਿੱਤਾ ਤਾਂ ਜੋ ਉਹ ਠੰਡੀ ਹੋ ਜਾਏ। ਫਿਰ ਉਹਨੇ ਸੁਆਹ, ਆਪਣੇ ਬੁੱਕ ਵਿੱਚ ਲੈ ਕੇ ਉਪਰ ਵੱਲ ਨੂੰ ਉਛਾਲੀ ਅਤੇ ਪਾਣੀ ਦੀ ਮੰਗ ਕੀਤੀ। ਉਹ ਉਹਦੇ ਵਾਸਤੇ ਇਕ ਗਲਾਸ ਭਰ ਕੇ ਲਿਆਈਆਂ। ਉਹਨੇ ਉਸ ਵਿਚੋਂ ਥੋੜ੍ਹਾ ਜਿਹਾ ਪਾਣੀ ਆਪਣੀ ਹੱਥੇਲੀ 'ਤੇ ਪਾਇਆ ਅਤੇ ਆਪਣੇ ਇਕ ਅੰਗੂਠੇ ਤੇ ਅਗਲੀ ਉਂਗਲ ਨਾਲ ਸੁਆਹ ਵਿੱਚ ਮਿਲਾਇਆ। ਫਿਰ ਅਖ਼ੀਰ ਉਹ ਉਹਨਾਂ ਦੀ ਮਾਂ ਨੂੰ ਵੇਖਣ ਅੰਦਰ ਗਿਆ।

ਉਹ ਵੱਖੀ ਭਾਰ ਲੇਟੀ ਹੋਈ ਸੀ ਅਤੇ ਉਸ ਦੀਆਂ ਅੱਖਾਂ ਬੰਦ ਸਨ। ਜਦੋਂ ਉਸ ਆਦਮੀ ਨੇ, ਉਹਨੂੰ ਬੁਲਾਇਆ ਤਾਂ ਉਹਨੇ ਪਾਸਾ ਪਰਤਿਆ ਅਤੇ ਡਰ ਨਾਲ ਆਪਣੀਆਂ ਅੱਖਾਂ ਖੋਲ੍ਹੀਆਂ। ਲੀਲਾ ਨੇ ਆਪਣਾ ਹੱਥ ਉਸਦੇ ਮੱਥੇ 'ਤੇ ਰੱਖ ਦਿੱਤਾ ਅਤੇ ਬੜੀ ਸ਼ਾਂਤੀ ਨਾਲ, ਉਹਦੇ ਨਾਲ ਗੱਲ ਕੀਤੀ। ਆਦਮੀ ਨੇ ਉਹਨੂੰ, ਆਪਣਾ ਮੂੰਹ ਖੋਲ੍ਹਣ ਅਤੇ ਜੀਭ ਬਾਹਰ ਕੱਢਣ ਲਈ ਆਖਿਆ। ਉਹਨੇ ਇਵੇਂ ਹੀ ਕੀਤਾ ਅਤੇ ਉਹਨੇ ਥੋੜ੍ਹੀ ਜਿਹੀ ਸੁਆਹ ਜੀਭ ਉਤੇ ਪਾ ਦਿੱਤੀ ਅਤੇ ਆਖਣ ਲੱਗਾ, "ਖਾ ਲੈ ਭੈਣ ! ਪਵਿੱਤਰ ਸੁਆਹ। ਸ਼ੁੱਧ ਕੀਤੀ ਸੁਆਹ। ਇਹ ਤੈਨੂੰ ਅੰਦਰੋਂ ਸ਼ੁੱਧ ਕਰ ਦੇਵੇਗੀ। ਇਹ ਉਹਨਾਂ ਦੈਂਤਾਂ ਨੂੰ ਭਜਾ ਦੇਵੇਗੀ, ਜੋ ਬੁਖ਼ਾਰ ਪੈਦਾ ਕਰਦੇ ਹਨ। ਖਾ, ਖਾ ਜਾ। ਨਿਗਲ ਜਾ।" ਉਹ ਸੁਆਹ ਦੀਆਂ ਨਿੱਕੀਆਂ-ਨਿੱਕੀਆਂ ਗੋਲੀਆਂ ਆਪਣੀਆਂ ਉਂਗਲੀਆਂ ਵਿਚਾਲੇ ਘੁਮਾਉਂਦਾ ਗਿਆ, ਉਸਦੇ ਮੂੰਹ ਵਿੱਚ ਪਾਉਂਦਾ ਗਿਆ ਅਤੇ ਉਸ ਨੂੰ ਖੁਆਉਂਦਾ ਗਿਆ। ਫਿਰ ਉਹਨੇ ਹੱਥ ਜੋੜ ਕੇ ਤਾਲੀ ਵਜਾਈ। ਉਚੀ-ਉਚੀ ਆਵਾਜ਼ ਵਿੱਚ ਪ੍ਰਾਰਥਨਾ ਗਾਈ ਅਤੇ ਬਾਹਰ ਆ ਗਿਆ।

ਕੁੜੀਆਂ ਉਸਦੇ ਪਿੱਛੇ-ਪਿੱਛੇ ਆਈਆਂ, ਹੈਰਾਨ-ਭੌਂਚਕੀਆਂ।

"ਉਹ ਸਾਰੀ ਸੁਆਹ ਹੂੰਝ ਲਓ। ਇਸ ਨੂੰ ਇਕੱਠੀ ਕਰਕੇ, ਮੇਰੇ ਪਾਸ ਲੈ ਆਓ।" ਉਹ ਆਦੇਸ਼ ਦਿੰਦਾ ਗਿਆ ਅਤੇ ਉਹ ਆਦੇਸ਼ਾਂ ਦੀ ਪਾਲਨਾ ਕਰਦੀਆਂ ਗਈਆਂ। ਉਹਨੇ ਆਪਣੇ ਥੈਲੇ 'ਚੋਂ ਕੁੱਝ ਪੱਤੇ ਕੱਢੇ ਅਤੇ ਉਹਨਾਂ ਨੂੰ ਸੁਆਹ, ਉਹਨਾਂ ਪੱਤਿਆਂ 'ਤੇ ਪਾਉਣ ਲਈ ਆਖਿਆ। ਫਿਰ ਉਹਨੇ ਉਹ ਪੱਤੇ ਇਕੱਠੇ ਕਰਕੇ ਵਲੇਟ ਕੇ, ਪੁੜੀਆਂ ਜਿਹੀਆਂ ਬਣਾਈਆਂ ਅਤੇ ਉਹਨਾਂ ਪੁੜੀਆਂ ਨੂੰ ਆਪਣੀ ਪੱਗ 'ਚੋਂ ਖਿੱਚੇ ਧਾਗਿਆਂ ਦੇ ਟੁਕੜਿਆਂ ਨਾਲ ਬੰਨ੍ਹ ਦਿੱਤਾ। ਉਹਨੇ ਪੁੜੀਆਂ ਕੁੜੀਆਂ ਨੂੰ ਫੜਾਉਂਦਿਆਂ ਆਖਿਆ, "ਸੁਣੋ, ਜਾਓ ਅਤੇ ਇੱਕ ਪੁੜੀ ਉਸ ਦੇ ਸਿਰਹਾਣੇ ਹੇਠ ਰੱਖ ਦਿਓ। ਇਸ ਨਾਲ ਬੁਖ਼ਾਰ ਦਾ ਦੈਂਤ ਨੱਸ ਜਾਵੇਗਾ। ਜਾਓ ਅਤੇ ਬਾਕੀ ਦੀਆਂ ਪੁੜੀਆਂ ਆਪਣੇ-ਆਪਣੇ ਸਿਰਹਾਣਿਆਂ ਹੇਠ ਰੱਖ ਲਓ। ਇਹ ਤੁਹਾਨੂੰ ਦੈਂਤਾਂ ਤੋਂ ਬਚਾ ਕੇ ਰੱਖਣਗੀਆਂ। ਮੈਂ ਇਸ ਨੂੰ ਵਰਦਾਨ ਦਿੱਤਾ ਹੈ। "ਹਰੀ ਓਮ, ਹਰੀ ਓਮ, ਹਰੀ ਓਮ" ਉਹ ਅਚਨਚੇਤੀ ਉਚੀ-ਉਚੀ ਗੱਜਿਆ ਅਤੇ ਉਹਨੇ ਆਪਣਾ ਨਰਸਿੰਘਾ ਚੁੱਕਿਆ, ਉਸ ਵਿੱਚ ਬਹੁਤ ਲੰਮੀ ਫੂਕ ਮਾਰੀ ਜਿਸ ਨਾਲ, ਇੱਕ ਥੰਮ ਨਾਲ ਬੰਨ੍ਹਿਆ ਪਿੰਟੋ ਬਹੁਤ ਰੋਹ ਵਿੱਚ ਆ ਕੇ, ਜ਼ੋਰ-ਜ਼ੋਰ ਦੀ ਭੌਂਕਣ ਲੱਗ ਪਿਆ।

ਨਰਸਿੰਘੇ ਨੂੰ ਨੀਵਾਂ ਕਰ ਕੇ, ਉਹਨੇ ਉਹਨਾਂ ਦੇ ਚਿਹਰਿਆਂ ਨੂੰ ਗਹੁ ਨਾਲ ਤੱਕਿਆ। ਉਹ ਬਹੁਤ ਹੀ ਭਿਅੰਕਰ ਵਿਖਾਈ ਦੇ ਰਿਹਾ ਸੀ। ਉਹਨਾਂ ਤੱਕਿਆ ਕਿ ਉਸਦੀਆਂ ਮੁੱਛਾਂ, ਕੁੱਚ ਦੇ ਵਾਲਾਂ ਵਾਂਗ ਆਕੜ ਗਈਆਂ ਸਨ ਅਤੇ ਉਹ ਤਮਾਕੂ ਦੇ ਧੂੰਏਂ ਨਾਲ ਲਿੱਬੜੀਆਂ

ਹੋਈਆਂ ਸਨ। 'ਤਥਾ ਅਸਤੂ?' ਉਹ ਉਹਨਾਂ ਉਤੇ ਚਿੱਲਾਇਆ। "ਹੁਣ ਤੁਸੀਂ ਕੀ ਕਰ ਰਹੀਆਂ ਹੋ? ਮੇਰਾ ਮੂੰਹ ਕੀ ਵੇਖ ਰਹੀਆਂ ਹੋ? ਤੁਹਾਡੇ ਪਾਸ ਮੈਨੂੰ ਦੇਣ ਵਾਸਤੇ, ਇਹਨਾਂ ਤੱਕਣੀਆਂ ਤੋਂ ਛੁੱਟ ਹੋਰ ਕੁੱਝ ਨਹੀਂ? ਜ਼ਰਾ ਸੋਚੋ, ਇਹਨਾਂ ਨਾਲ ਮੈਂ ਆਪਣਾ ਢਿੱਡ ਭਰ ਸਕਦਾ ਹਾਂ? ਰਤਾ ਵਿਚਾਰੋ, ਕੀ ਮੈਂ ਇਹ ਸੱਭ ਕੁੱਝ ਐਵੇਂ ਮੁਫ਼ਤ ਵਿਚ ਹੀ ਕਰਦਾ ਹਾਂ?"

ਲੀਲਾ ਨੇ ਆਪਣੇ-ਆਪ ਨੂੰ ਦੋਸ਼-ਭਾਵਨਾ ਨਾਲ ਝੰਜੋੜਿਆ ਅਤੇ ਝੁੱਗੀ ਦੇ ਅੰਦਰ ਗਈ। ਬੇਲਾ ਅਤੇ ਕਮਲ ਦੀਆਂ ਨਜ਼ਰਾਂ ਉਸ ਦੇ ਪਿੱਛੇ-ਪਿੱਛੇ ਸਨ, ਉਹਨਾਂ ਵਿੱਚ ਬੇਪਨਾਹ ਪੀੜ ਸੀ। ਉਹਨਾਂ ਨੂੰ ਪਤਾ ਸੀ ਕਿ ਘਰ ਵਿਚ ਕੋਈ ਪੈਸਾ ਨਹੀਂ, ਪਰ ਉਹ ਆਪਣੇ ਹੱਥ ਵਿੱਚ ਕੋਈ ਚੀਜ਼ ਫੜੀ ਬਾਹਰ ਆਈ ਅਤੇ ਜਦੋਂ ਉਹਨੇ ਉਹ ਚੀਜ਼, ਉਸ ਬੰਦੇ ਨੂੰ ਫੜਾਈ ਤਾਂ ਕੁੜੀਆਂ ਨੇ ਤੱਕਿਆ ਕਿ ਉਹ ਇੱਕ ਮੁੰਦਰੀ ਸੀ, ਜੋ ਉਹਨਾਂ ਦੀ ਮਾਂ ਪਾਇਆ ਕਰਦੀ ਸੀ, ਜਦੋਂ ਉਹ ਠੀਕ ਸੀ ਅਤੇ ਹੁਣ ਜਦੋਂ ਉਹ ਬਿਮਾਰ ਪੈ ਗਈ ਸੀ, ਤਾਂ ਉਹਨੇ ਉਹ ਮੁੰਦਰੀ ਲਾਹ ਕੇ ਸ਼ੀਸ਼ੇ ਦੇ ਪਿੱਛੇ ਪੜਛੱਤੀ 'ਤੇ ਰੱਖ ਦਿੱਤੀ ਸੀ। ਇਹ ਅੰਗੂਠੀ ਚਾਂਦੀ ਦੀ ਸੀ। ਹੁਣ ਕੁੱਝ ਕੁੱਝ ਕਾਲੀ ਪੈ ਚੁੱਕੀ ਸੀ ਅਤੇ ਵਿੰਗੀ-ਟੇਢੀ ਹੋ ਗਈ ਹੋਈ ਸੀ, ਪਰ ਸੀ ਹਾਲੇ ਵੀ ਚਾਂਦੀ ਦੀ ਹੀ। ਕੁੜੀਆਂ ਨੇ ਹੈਰਾਨੀ ਵਿੱਚ, ਇੱਕ ਹਲਕੀ ਜਿਹੀ ਆਹ ਭਰੀ ਪਰ ਉਸ ਬੰਦੇ ਨੇ ਜਿਵੇਂ ਉਹ ਅੰਗੂਠੀ ਲੀਲਾ ਦੇ ਹੱਥ 'ਚੋਂ ਖੋਹ ਲਈ, ਉਸ ਵੱਲ ਵੇਖਿਆ, ਫਿਰ ਕੁੜੀਆਂ ਵੱਲ ਤੱਕਿਆ ਅਤੇ ਉਸਨੂੰ ਆਪਣੀਆਂ ਗੁਥਲੀਆਂ 'ਚੋਂ, ਇੱਕ ਵਿਚ ਅੜੁੰਗ ਲਿਆ ਅਤੇ ਸ਼ੁਕਰੀਏ ਦਾ ਇੱਕ ਵੀ ਸ਼ਬਦ ਬੋਲੇ ਬਗ਼ੈਰ ਆਪਣੀ ਗਊ ਵੱਲ ਤੇਜ਼ੀ ਨਾਲ ਅੱਗੇ ਹੋ ਤੁਰਿਆ।

ਉਹ ਆਪਣੀ ਗਊ ਨਾਲ ਅੱਗੇ ਤੁਰ ਪਿਆ। ਕਦੇ ਉਹ ਖੱਲ ਨਾਲ ਮੜ੍ਹੇ ਢੋਲ 'ਤੇ ਡਗਾ ਮਾਰਦਾ ਅਤੇ ਉਸ 'ਚੋਂ ਲੰਮੀਆਂ ਤੇ ਅਜੀਬ-ਅਜੀਬ ਆਵਾਜ਼ਾਂ ਕੱਢਦਾ ਅਤੇ ਫਿਰ ਕਦੇ ਆਪਣੇ ਨਰਸਿੰਘੇ 'ਚ ਫੂਕ ਮਾਰ ਕੇ ਉਸ ਨੂੰ ਵਜਾਉਂਦਾ ਅਤੇ ਉਚੀ-ਉਚੀ 'ਹਰੀ ਓਮ, ਹਰੀ ਓਮ', ਦੀ ਸੱਦ ਲਾਉਂਦਾ, ਜੋ ਆਕਾਸ਼ ਤੱਕ ਪਹੁੰਚ ਰਹੀ ਸੀ। ਡਰ ਦੇ ਮਾਰੇ ਪੰਛੀ ਚੀਖ਼-ਚਿਹਾੜਾ ਪਾ ਰਹੇ ਸਨ, ਏਧਰ-ਉਧਰ ਉਡ ਰਹੇ ਸਨ। ਉਹ ਉਦੋਂ ਤੱਕ ਚੀਖ਼-ਚਿਹਾੜਾ ਪਾਉਂਦੇ ਰਹੇ, ਏਧਰ-ਓਧਰ ਉਡਦੇ ਰਹੇ, ਜਦ ਤੱਕ ਕਿ ਉਹ ਨਜ਼ਰਾਂ ਤੋਂ ਓਝਲ ਨਹੀਂ ਹੋ ਗਿਆ ਅਤੇ ਉਸ ਦੀ ਆਵਾਜ਼ ਸੁਣਾਈ ਦੇਣੀ ਬੰਦ ਨਾ ਹੋ ਗਈ।

ਕੁੜੀਆਂ ਆਪਣੇ ਹੱਥਾਂ 'ਚ ਫੜੀਆਂ ਪੱਤਿਆਂ ਦੀਆਂ ਪੁੜੀਆਂ ਨੂੰ ਵੇਖਦੀਆਂ ਰਹਿ ਗਈਆਂ।

"ਅਸੀਂ ਇਹਨਾਂ ਦਾ ਕੀ ਕਰਾਂਗੀਆਂ?" ਬੇਲਾ ਅਤੇ ਕਮਲ ਨੇ ਪੁੱਛਿਆ।

ਲੀਲਾ ਨੇ ਆਪਣੇ ਹੱਥ ਵਿਚ ਫੜੀ ਇੱਕ ਪੁੜੀ ਨੂੰ ਜ਼ੋਰ ਦੀ ਝੁੱਟ ਜਿਹਾ ਮਾਰਿਆ, ਜਿਵੇਂ ਉਹ ਉਸਨੂੰ ਟੋਟੇ-ਟੋਟੇ ਕਰ ਦੇਣਾ ਜਾਂ ਪਰ੍ਹੇ ਸੁੱਟ ਦੇਣਾ ਚਾਹੁੰਦੀ ਹੋਵੇ। "ਅਸੀਂ ਕੀ ਕਰਾਂਗੇ?" ਉਹ ਉਚੀ ਸਾਰੀ ਚਿੱਲਾਈ। "ਅਸੀਂ ਕੁਝ ਨਹੀਂ ਕਰ ਸਕਦੇ-ਸਾਨੂੰ ਉਸ ਦੀ ਗੱਲ ਸੁਣਨੀ ਪਈ। ਪਿੰਡ ਵਿੱਚ ਕੋਈ ਹਸਪਤਾਲ ਨਹੀਂ ਜਿਥੇ ਅਸੀਂ ਆਪਣੀ ਮਾਂ ਨੂੰ ਲਿਜਾ ਸਕਦੇ ਅਤੇ ਕੋਈ ਡਾਕਟਰ ਨਹੀਂ, ਜੋ ਆ ਸਕਦਾ। ਜਾਦੂ-ਟੂਣੇ ਵਾਲੇ ਉਸ ਬੰਦੇ ਤੋਂ ਛੁੱਟ ਕੋਈ ਨਹੀਂ ਸੀ, ਜੋ ਸਾਡੀ ਸਹਾਇਤਾ ਕਰਦਾ। "ਜਾਦੂ" ਉਹਨੇ ਰੋਹ ਵਿੱਚ ਜ਼ੋਰ ਨਾਲ ਆਖਿਆ। ਉਹ ਮੁੜੀ ਅਤੇ ਝੁੱਗੀ ਦੇ ਅੰਦਰ ਚਲੀ ਗਈ, ਉਹ ਕੁਝ ਕਰਨ ਲਈ ਜੋ ਉਸ ਬੰਦੇ ਨੇ

ਉਹਨੂੰ ਕਰਨ ਲਈ ਆਖਿਆ ਸੀ।

ਕੁੜੀਆਂ ਇਹਨਾਂ ਸਾਰੀਆਂ ਘਟਨਾਵਾਂ ਤੋਂ ਬਹੁਤ ਡਰ ਗਈਆਂ ਸਨ ਅਤੇ ਦਿਨ ਬੜਾ ਭੈੜਾ ਤੇ ਨਹਿਸ਼ ਜਾਪ ਰਿਹਾ ਸੀ ਅਤੇ ਪਤਾ ਨਹੀਂ ਅਜੇ ਉਹਨਾਂ ਦੇ ਭਾਗਾਂ ਵਿੱਚ ਹੋਰ ਕਿੰਨੇ ਖ਼ਤਰੇ ਤੇ ਸਦਮੇ ਸਨ।

ਜਦੋਂ ਤੀਜੇ ਪਹਿਰ ਉਹ ਝੁੱਗੀ ਦੇ, ਮਿੱਟੀ ਦੇ ਠੰਡੇ ਫ਼ਰਸ਼ 'ਤੇ ਚਿਟਾਈਆਂ ਵਿਛਾ ਕੇ ਲੇਟੀਆਂ ਹੋਈਆਂ ਊਂਘ ਰਹੀਆਂ ਸਨ, ਤਾਂ ਪਹਿਲਾਂ ਉਹ ਪਿੰਟੋ ਦੇ ਅਚਨਚੇਤੀ ਭੌਂਕਣ ਅਤੇ ਫਿਰ ਨੇੜੇ ਦੇ ਬਹੁਤ ਸਾਰੇ ਹੋਰ ਕੁੱਤਿਆਂ ਦੇ ਭੌਂਕਣ ਨਾਲ ਜਾਗ ਪਈਆਂ ਸਨ। ਕਮਲ ਇਕਦਮ ਉਠ ਖੜੀ ਹੋਈ। ਉਹਨੇ ਪਿੰਟੋ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ, ਪਰ ਬਾਹਰ ਕੁੱਤੇ ਜੋ ਰੌਲਾ ਪਾ ਰਹੇ ਸਨ, ਉਹ ਉਚਾ, ਹੋਰ ਉਚਾ ਹੁੰਦਾ ਗਿਆ। ਪਿੰਟੋ ਏਨਾ ਆਪੇ ਤੋਂ ਬਾਹਰ ਹੋ ਰਿਹਾ ਸੀ ਕਿ ਕਮਲ ਉਸ ਨੂੰ ਰੋਕ ਨਹੀਂ ਸੀ ਪਾ ਰਹੀ। ਉਹ ਉਸ ਕੋਲੋਂ ਛੁੱਟ ਕੇ, ਸ਼ੂਟ ਵੱਟ ਕੇ ਨੱਸਿਆ। ਉਹ ਉਸ ਦੇ ਪਿੱਛੇ ਦੌੜੀ ਅਤੇ ਵਰਾਂਡੇ ਦੀ ਨਾਰੀਅਲ ਦੀ ਬਣੀ ਛੱਤ ਹੇਠ ਖਲੋ ਗਈ ਅਤੇ ਲੌਢੇ ਵੇਲੇ ਦੀ ਚਿੱਟੀ ਤੱਤੀ ਲਿਸ਼ਕਾਰ ਵਿਚ ਨਿਹਾਰਨ ਲੱਗੀ।

ਆਦਮੀਆਂ, ਮੁੰਡਿਆਂ ਅਤੇ ਕੁੱਤਿਆਂ ਦੀ ਇੱਕ ਟੋਲੀ ਨੇ, ਪਾਣੀ ਦੇ ਪਾੜ ਦੇ ਆਲੇ-ਦੁਆਲੇ ਦੇ ਸੰਘਣੇ ਝਾੜ-ਝੰਗਾੜ 'ਤੇ ਹੱਲਾ ਬੋਲ ਦਿੱਤਾ ਸੀ। ਉਸ ਝਾੜ-ਝੰਗਾੜ ਵਿੱਚ ਚੁੱਪ-ਚਾਪ ਲੁਕ ਕੇ ਬੈਠੇ ਸਾਰੇ ਪੰਛੀ-ਜਲ-ਮੁਰਗ਼ੀ, ਬਗਲਾ ਅਤੇ ਸਾਰਸ ਆਦਿ ਉਡ ਗਏ ਸਨ। ਬੰਦੇ ਕਿਉੜੇ ਦੇ ਪੌਦਿਆਂ ਨੂੰ ਮਿੱਧ-ਲਿਤਾੜ ਰਹੇ ਸਨ, ਸਰੂ ਦੇ ਰੁੱਖਾਂ ਦੇ ਪਤਲੇ-ਪਤਲੇ ਤਣਿਆਂ ਨੂੰ ਤੋੜ-ਭੰਨ ਰਹੇ ਸਨ, ਆਪਣੇ ਹੱਥਾਂ ਵਿੱਚ ਫੜੀਆਂ ਲੰਮੀਆਂ-ਲੰਮੀਆਂ ਸੋਟੀਆਂ ਨਾਲ ਨੜਿਆਂ-ਕਾਨਿਆਂ ਅਤੇ ਘਾਹ ਆਦਿ ਨੂੰ ਝੱਪ ਰਹੇ ਸਨ, ਉਚੀ-ਉਚੀ ਕੂਕਾਂ ਤੇ ਚਾਂਗਰਾ ਮਾਰ ਰਹੇ ਸਨ, ਜਿਵੇਂ ਪਰਾਚੀਨ ਸਮਿਆਂ 'ਚ ਗ਼ਾਰਾਂ-ਗੁਫਾਵਾਂ ਵਿਚ ਰਹਿਣ ਵਾਲੇ ਮਨੁੱਖ ਸ਼ਿਕਾਰ ਖੇਡਣ ਵੇਲੇ ਕਰਿਆ ਕਰਦੇ ਸਨ। ਜਿਹੜੇ ਅਵਾਰਾ ਕੁੱਤੇ ਆਮ ਤੌਰ 'ਤੇ ਬੀਚ 'ਤੇ ਅੱਧ-ਸੁੱਤੇ ਲੇਟੇ ਰਹਿੰਦੇ ਸਨ, ਹੁਣ ਉਤੇਜਨਾ ਵਿੱਚ ਭੌਂ-ਭੌਂ ਕਰ ਰਹੇ ਸਨ ਅਤੇ ਉਚੀ-ਉਚੀ ਭੌਂਕ ਰਹੇ ਸਨ। ਘੱਟੋ-ਘੱਟ ਇੱਕ ਵਾਰੀ ਤਾਂ ਉਹਨਾਂ ਨੂੰ ਡੰਡੇ ਨਹੀਂ ਸਨ ਪੈ ਰਹੇ ਜਾਂ ਉਹਨਾਂ ਨੂੰ ਸ਼ਿਸ਼ਕਾਰ ਕੇ ਭਜਾਇਆ ਨਹੀਂ ਸੀ ਜਾ ਰਿਹਾ, ਸਗੋਂ ਸ਼ਿਕਾਰ ਵਿੱਚ ਉਹਨਾਂ ਦੀ ਪੂਰੀ ਵਰਤੋਂ ਕੀਤੀ ਜਾ ਰਹੀ ਸੀ।

"ਉਹ ਕੀ ਕਰ ਰਹੇ ਹਨ?" ਬੇਲਾ ਨੇ ਖੁਸਰ-ਫੁਸਰ ਜਿਹੀ 'ਚ ਪੁੱਛਿਆ, ਜੋ ਬਾਹਰ ਨਿਕਲ ਕੇ ਆਪਣੀ ਭੈਣ ਕੋਲ ਆ ਖੜੀ ਹੋਈ ਸੀ ਅਤੇ ਡਰੀ-ਸਹਿਮੀ ਸਭ ਕੁਝ ਵੇਖ ਰਹੀ ਸੀ।

"ਮੈਨੂੰ ਨਹੀਂ ਪਤਾ।" ਕਮਲ ਨੇ ਉਤਰ ਵਿੱਚ ਹੌਲੀ ਜਿਹੀ ਆਖਿਆ। "ਜਿਸ ਤਰੀਕੇ ਨਾਲ ਉਹ ਚੀਖ਼ਾਂ-ਚਾਂਗਰਾਂ ਮਾਰ ਰਹੇ ਹਨ, ਜਾਪਦਾ ਹੈ ਕਿ ਉਥੇ ਹਾਥੀ ਹੈ ਜਾਂ ਕੋਈ ਆਦਮ-ਖ਼ੋਰ ਜਾਨਵਰ। ਸ਼ਾਇਦ ਫਨੀਅਰ ਹੈ।"

ਬੇਲਾ ਕੰਬਣ ਲੱਗ ਪਈ, ਜਿਵੇਂ ਕੋਈ ਬਰਫ਼ ਵਰਗੀ ਠੰਡੀ ਉਂਗਲੀ ਉਸਦੀ ਰੀੜ੍ਹ ਦੀ ਹੱਡੀ ਵਿੱਚ ਧੱਸ ਗਈ ਹੋਵੇ।

"ਪਿੰਟੋ ਨੂੰ ਤਾਂ ਵੇਖੋ।" ਉਹਨੇ ਅਚਾਨਕ ਜਿਵੇਂ ਚੀਖ਼ ਕੇ ਆਖਿਆ। "ਪਿੰਟੋ ਉਹਨਾਂ ਨਾਲ ਜਾ ਰਿਹਾ ਹੈ, ਉਹਨੂੰ ਫੜੋ।"

ਇਹ ਸੁਣ ਕੇ ਕਮਲ ਕੁੱਤੇ ਦੇ ਪਿੱਛੇ-ਪਿੱਛੇ, ਰਾਹੇ-ਰਾਹ ਦੌੜ ਪਈ- ਉਹ ਉਹਦੇ 'ਤੇ ਕੋਈ ਸੋਟੀ ਜਾਂ ਪੱਥਰ ਵਗਾਹਵਾਂ ਨਹੀਂ ਸੀ ਮਾਰਨਾ ਚਾਹੁੰਦੀ, ਨਾ ਹੀ ਉਹ ਇਹ ਚਾਹੁੰਦੀ ਸੀ ਕਿ ਝੱਈਆਂ ਲੈਂਦੇ ਤੇ ਖਾਊਂ-ਵੱਢੂੰ ਕਰਦੇ ਕੁੱਤੇ ਉਸ 'ਤੇ ਹਮਲਾ ਕਰਨ। ਉਹ ਉਹਨਾਂ ਦੀ ਨਸਲ ਦਾ ਨਹੀਂ ਸੀ।

ਜਿਉਂ ਹੀ ਉਹਨੇ ਪਾਣੀ ਦੇ ਪਾੜ ਜੋ ਹੁਣ ਬੰਦਿਆਂ ਦੇ ਪੈਰਾਂ ਅਤੇ ਕੁੱਤਿਆਂ ਦੇ ਪੰਜਿਆਂ ਨਾਲ ਲਿਤਾੜੇ ਜਾਣ ਕਰਕੇ ਹਰੇ ਰੰਗ ਦਾ ਪਤਲਾ ਚੋਂਦਾ ਗਾਰਾ ਜਿਹਾ ਬਣ ਕੇ ਰਹਿ ਗਿਆ ਸੀ, ਦੇ ਕੰਢੇ 'ਤੇ ਜਾ ਕੇ ਪਿੰਟੋ ਨੂੰ ਫੜਿਆ ਤਾਂ ਸ਼ਿਕਾਰੀਆਂ ਦੀ ਜੁੰਡੀ ਹਾਲੇ ਵੀ ਉਸ ਨੂੰ ਮਿੱਧ ਲਿਤਾੜ ਰਹੀ ਸੀ ਅਤੇ ਉਹਨੇ ਕਿਉੜੇ ਦੀ ਇੱਕ ਝੰਗੀ ਨੂੰ ਘੇਰਾ ਪਾਇਆ ਹੋਇਆ ਸੀ। ਏਥੇ ਉਹ ਆਪਣੇ ਸ਼ਿਕਾਰ 'ਤੇ ਬਹੁਤ ਜ਼ੋਰ ਦਾ ਹੱਲਾ-ਗੁੱਲਾ ਕਰਦੇ ਹੋਏ, ਟੁੱਟ ਕੇ ਪੈ ਗਏ। ਉਹ ਆਪਣੀਆਂ ਲਾਠੀਆਂ ਬਹੁਤ ਜ਼ੋਰ-ਜ਼ੋਰ ਦੀ ਮਰਨ ਲੱਗ ਪਏ, ਜਦ ਕਿ ਕੁੱਤੇ ਜਿਵੇਂ ਝੱਲੇ ਹੋਏ ਲਪਕਣ ਲੱਗੇ ਅਤੇ ਬਹੁਤ ਤੇਜ਼ੀ ਨਾਲ ਏਧਰ-ਓਧਰ ਦੌੜਨ ਲੱਗੇ।

ਇਸ ਦ੍ਰਿਸ਼ ਦੇ ਭੈਅ ਅਤੇ ਭਿਅੰਕਰਤਾ ਦੇ ਬਾਵਜੂਦ ਕਮਲ ਆਪਣੀ ਉਤਸੁਕਤਾ ਤੇ ਹੈਰਾਨੀ ਨੂੰ ਨਾ ਰੋਕ ਸਕੀ ਅਤੇ ਉਹਨੇ ਇੱਕ ਬਿਰਧ ਆਦਮੀ, ਜੋ ਉਸ ਘੇਰੇ ਦੇ ਬਾਹਰਲੇ ਸਿਰੇ ਤੇ ਖਲੋਤਾ ਹਿਚ-ਹਿਚ ਕਰ ਰਿਹਾ ਸੀ ਅਤੇ ਆਪਣੀ ਇੱਕ ਲੱਤ ਨੂੰ ਦੂਸਰੀ ਨਾਲ ਖੁਰਕ ਰਿਹਾ ਸੀ, ਨੂੰ ਪੁੱਛਿਆ, "ਇਹ ਕੀ ਹੈ? ਉਹਨਾਂ ਕੀ ਫੜਿਆ ਹੈ?"

"ਵੇਖੋ-ਵੇਖੋ !" ਬੁੱਢੇ ਆਦਮੀ ਨੇ ਖ਼ੁਸ਼ ਹੋ ਕੇ, ਉਸ ਪਾਸੇ ਵੱਲ ਇਸ਼ਾਰਾ ਕਰਦਿਆਂ, 'ਹੀ-ਹੀ' ਕੀਤੀ, ਜਿਥੇ ਕੁੱਤੇ, ਉਸ ਜੀਵ ਨੂੰ ਪਾੜ ਕੇ ਟੁਕੜੇ-ਟੁਕੜੇ ਕਰ ਰਹੇ ਸਨ ਅਤੇ ਫਿਰ ਉਹਨਾਂ ਦੇ ਮੂੰਹ 'ਚੋਂ ਖੋਹ ਕੇ, ਬੰਦੇ ਉਹਨਾਂ ਟੁਕੜਿਆਂ ਦੇ ਅੱਗੋਂ ਹੋਰ ਟੁਕੜੇ ਕਰ ਰਹੇ ਸਨ ਅਤੇ ਜੋ ਉਸਨੂੰ ਇੱਕ 'ਟ੍ਰਾਫ਼ੀ' ਵਾਂਗ ਉਪਰ ਉਛਾਲ ਰਹੇ ਸਨ, ਇੱਕ ਵੰਝ ਦੇ ਸਿਰੇ 'ਤੇ।

"ਉਹ !" ਕਮਲ ਜਿਵੇਂ ਸ਼ੋਕ ਨਾਲ ਚੀਕੀ, ਆਪਣੇ ਹੱਥਾਂ ਦੀ ਕਰਿੰਗੜੀ ਜਿਹੀ ਬਣਾਉਂਦੀ ਅਤੇ ਲੱਗਭੱਗ ਰੋਂਦੀ ਹੋਈ ਆਖਣ ਲੱਗੀ। "ਇਹ ਤਾਂ ਬਸ ਇੱਕ ਨਿੱਕਾ ਜਿਹਾ ਨੇਉਲਾ ਹੈ।"

ਬਿਰਧ ਆਦਮੀ ਨੇ ਆਪਣੇ ਪੀਲੇ ਡੇਲੇ ਘੁਮਾਉਂਦਿਆਂ ਉਸ ਵੱਲ ਦੇਖਿਆ। "ਇਹ ਭੈੜਾ ਹੁੰਦਾ ਹੈ, ਬਹੁਤ ਹੀ ਭੈੜਾ !" ਉਹਨੇ ਉਸਨੂੰ ਦੱਸਿਆ", ਇਹ ਸਾਡੇ ਨਾਰੀਅਲਾਂ ਵਿਚੋਂ ਪਾਣੀ ਪੀ ਜਾਂਦਾ ਹੈ। ਜਦੋਂ ਅਜੇ ਉਹ ਹਰੇ ਅਤੇ ਤਾਜ਼ੇ ਹੁੰਦੇ ਹਨ, ਇਹ ਦਰਖ਼ਤਾਂ 'ਤੇ ਚੜ੍ਹ ਜਾਂਦਾ ਹੈ, ਨਾਰੀਅਲ ਵਿੱਚ ਛੋਟਾ ਜਿਹਾ ਛੇਕ ਕਰਕੇ, ਉਸ ਅੰਦਰਲਾ ਸਾਰਾ ਮਿੱਠਾ ਰਸ ਪੀ ਜਾਂਦਾ ਹੈ, ਜਿਸ ਨਾਲ ਨਾਰੀਅਲ ਸੁੱਕ ਕੇ ਹੇਠਾਂ ਡਿੱਗ ਪੈਂਦਾ ਹੈ। ਉਹਨੇ ਆਪਣਾ ਹੱਥ ਜ਼ੋਰ ਨਾਲ ਆਪਣੇ ਪੱਟ 'ਤੇ ਮਾਰਿਆ, ਅਤੇ 'ਹੀ-ਹੀ' ਕਰਦਾ ਹੋਇਆ, ਨੇਉਲੇ ਦੇ ਫੜੇ ਜਾਣ ਅਤੇ ਮਾਰੇ ਜਾਣ ਦੀ ਖ਼ੁਸ਼ੀ ਦੇ ਜਸ਼ਨ ਵਿੱਚ ਸ਼ਾਮਲ ਹੋਣ ਲਈ ਅੱਗੇ ਚਲਾ ਗਿਆ।

ਕਮਲ ਪਿੰਟੋ ਨੂੰ ਧੌਣ ਤੋਂ ਫੜੀ, ਹੈਰਾਨ-ਭੌਂਚਕੀ ਪਾਣੀ ਦੇ ਪਾੜ ਦੇ ਕੋਲ ਇੱਕ ਉੱਚੇ ਜਿਹੇ ਢੇਰ 'ਤੇ ਖੜੀ ਸੀ। ਵਿਚਾਰਾ ਨਿੱਕਾ ਜਿਹਾ ਲਾਚਾਰ ਨੇਉਲਾ! ਉਸਨੂੰ ਵਿਸ਼ਵਾਸ ਨਹੀਂ ਸੀ ਹੋ ਰਿਹਾ ਕਿ ਉਹ ਕੋਈ ਏਨੀ ਮਾੜੀ ਗੱਲ ਵੀ ਕਰ ਸਕਦਾ ਹੈ; ਇਹ ਤਾਂ ਗ਼ਲਤੀ ਸੀ! ਅਤੇ ਜੇ ਭਲਾ ਉਹ ਨਾਰੀਅਲ ਦਾ ਪਾਣੀ ਪੀ ਵੀ ਜਾਂਦਾ ਸੀ ਅਤੇ ਨਾਰੀਅਲਾਂ ਨੂੰ ਬਰਬਾਦ ਕਰ ਵੀ ਦਿੰਦਾ ਸੀ, ਤਾਂ ਕੀ ਉਸਦਾ ਦਰਜਨਾਂ ਡੰਡਿਆਂ, ਅਤੇ ਵਹਿਸ਼ੀ ਕੁੱਤਿਆਂ ਦੀ ਢਾਣੀ

ਅਤੇ ਚੀਖ਼ਦੇ-ਚੰਘਾੜਦੇ ਬੰਦਿਆਂ ਦੀ ਜੁੰਡੀ ਨਾਲ ਸ਼ਿਕਾਰ ਕਰਨਾ ਜ਼ਰੂਰੀ ਸੀ। ਜਿਸ ਰੋਹ ਤੇ ਝੱਲਪੁਣੇ ਨਾਲ ਉਹਨਾਂ ਵਿਚਾਰੇ ਨਿੱਕੇ-ਜਿਹੇ ਨੇਉਲ ਨੂੰ ਨਸ਼ਟ ਕੀਤਾ ਸੀ, ਉਸਨੂੰ ਵੇਖ ਕੇ ਉਹ ਡਰ ਗਈ।

ਜਦੋਂ ਉਹਨੇ ਬੇਲਾ ਨੂੰ ਆਪਣੇ ਨਾਲ ਰਲਣ ਲਈ ਰਾਹੇ-ਰਾਹ ਤੁਰੀ ਆਉਂਦੀ ਅਤੇ ਉਹਨਾਂ ਬੰਦਿਆਂ ਤੇ ਕੁੱਤਿਆਂ ਵੱਲ ਤੱਕਦੀ ਨੂੰ ਵੇਖਿਆ, ਜੋ ਲਿਸ਼-ਲਿਸ਼ ਕਰਦੀ ਚਿੱਟੀ-ਸਫ਼ੈਦ ਬੀਚ 'ਤੇ ਜਸ਼ਨ ਮਨਾਉਣ ਲਈ ਹੂ-ਹੱਲਾ ਕਰਦੇ ਜਾ ਰਹੇ ਸਨ, ਤਾਂ ਉਹ ਆਪਣੇ ਘਰ ਵਾਪਸ ਪਰਤਣ ਲਈ ਮੁੜੀ, "ਆ ਜਾ ਪਿੰਟੋ, ਆ ਜਾ.......।" ਉਹਨੇ ਅੱਖਾਂ 'ਚ ਹੰਝੂ ਭਰ ਕੇ, ਆਪਣੇ ਕੁੱਤੇ ਦਾ ਜਿਵੇਂ ਤਰਲਾ ਜਿਹਾ ਕੀਤਾ।

ਉਸ ਸ਼ਾਮ ਮਗਰੋਂ ਜਿਹੇ, ਜਦੋਂ ਹਰੀ ਹਾਲੇ ਘਰ ਨਹੀਂ ਸੀ ਪਰਤਿਆ, ਅਤੇ ਉਹਨਾਂ ਦਾ ਪਿਉ ਪਹਿਲਾਂ ਹੀ ਬਾਹਰ ਗਿਆ ਹੋਇਆ ਸੀ, ਕੁੜੀਆਂ ਨੂੰ ਉਹਨਾਂ ਦੀ ਬਿਮਾਰ ਮਾਂ ਦੇ ਬੂਹੇ ਮੁੱਢ ਬੈਠਣ ਲਈ ਅਤੇ ਇਹ ਸੋਚਣ ਲਈ ਛੱਡ ਕੇ, ਕਿ ਉਸ ਦਾ ਬੁਖ਼ਾਰ ਕਿਉਂ ਨਹੀਂ ਸੀ ਉਤਰਿਆ, ਇੱਕ ਹੋਰ ਅਜਨਬੀ ਸੰਘਣੀ, ਜੰਗਲੀ ਵਾੜ ਵਿਚੋਂ ਦੀ ਹੁੰਦਾ ਹੋਇਆ ਕਿਉੜੇ ਦੇ ਸ਼ੋਖ਼ ਲਾਲ ਤੇ ਸਖ਼ਤ ਕਾਠੇ ਫਲ ਨੂੰ ਆਪਣੇ ਪੈਰ ਦੀ ਠੋਕਰ ਨਾਲ ਘੁਮਾ ਕੇ ਅੰਦਰ ਮਾਰਦਾ ਹੋਇਆ ਅੰਦਰ ਆ ਵੜਿਆ ਸੀ।

ਇਸ ਵਾਰ ਲੀਲਾ ਤ੍ਰਭਕ ਕੇ ਖੜੀ ਹੋ ਗਈ ਸੀ, ਜਦੋਂ ਉਹਨੇ ਵੇਖਿਆ ਸੀ ਕਿ ਉਹ ਤਿੰਨ ਸ਼ਰਾਬੀ ਭਰਾਵਾਂ ਵਿੱਚੋਂ ਇੱਕ ਸੀ, ਜੋ ਗੁਆਂਢੀ ਝੁੰਡ ਵਿੱਚ ਰਹਿੰਦੇ ਸਨ ਅਤੇ ਉਹਨੇ ਛੋਟੀਆਂ ਦੋ ਕੁੜੀਆਂ ਨੂੰ ਹੁੱਝ ਮਾਰ ਕੇ ਆਪਣੇ ਪਿੱਛੇ ਧੱਕ ਦਿੱਤਾ ਸੀ। ਉਸ ਦੀ ਲੜਖੜਾਂਦੀ ਤੋਰ, ਉਸ ਦੇ ਬੁਰੇ ਤਰ੍ਹਾਂ ਖਿੱਲਰੇ ਹੋਏ ਵਾਲਾਂ ਅਤੇ ਅੱਖਾਂ ਦੇ ਨਾਲ ਆਨਿਆਂ ਨੂੰ ਵੇਖ ਕੇ, ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਸੀ ਕਿ ਉਹਨੇ ਪੀਤੀ ਹੋਈ ਹੈ, ਜਦ ਕਿ ਹਾਲੇ ਅਸਮਾਨ ਵਿੱਚ ਸੰਧਿਆ ਦੀ ਲੋਅ ਬਾਕੀ ਸੀ। ਸਮੁੰਦਰ ਸ਼ਾਂਤ ਤੇ ਤਾਂਬੇ ਰੰਗਾ ਸੀ ਅਤੇ ਹਾਲੇ ਕਿਸੇ ਤਰ੍ਹਾਂ ਵੀ ਉਹ ਸਮਾਂ ਨਹੀਂ ਸੀ ਹੋਇਆ, ਜਦੋਂ ਪਿੰਡ ਦੇ ਬਹੁਤੇ ਲੋਕ, ਪੀਣੀ ਸ਼ੁਰੂ ਕਰਦੇ ਸਨ। ਅਲਬੱਤਾ ਲੀਲਾ ਨੂੰ ਪਤਾ ਸੀ ਕਿ ਉਹ ਆਪਣੀ ਤਾੜੀ ਆਪ ਤਿਆਰ ਕਰਦਾ ਸੀ ਅਤੇ ਹੋ ਸਕਦਾ ਹੈ ਕਿ ਉਹ ਆਪਣੇ ਘਰ ਵਿੱਚ ਸਾਰਾ ਦਿਨ ਹੀ ਪੀਂਦਾ ਰਿਹਾ ਹੋਵੇ। ਉਹ ਡਰ ਗਈ ਸੀ।

"ਆ.........ਬਦਮਾਸ਼ ਦੀ ਬੱਚੀਏ, ਆ" ਪਾਣੀ ਦੇ ਪਾੜ ਦੇ ਪਾਰ, ਗੇਲੀ ਦੇ ਕੋਲ ਖੜਾ ਹੋ ਕੇ, ਉਹ ਉਚੀ ਜਿਹੀ ਗਰਜਿਆ। ਉਸ ਦੇ ਪੈਰ ਥਿੜਕ ਰਹੇ ਸਨ। ਕਿੱਥੇ ਹੈ ਉਹ ਤੇਰਾ ਕੁਲੱਗਾਦਾ ਪਿਉ, ਉਹ ਬਦਮਾਸ਼?"

"ਮੇਰਾ ਪਿਉ?" ਲੀਲਾ ਨੇ ਰੋਹ ਵਿੱਚ ਆ ਕੇ ਆਖਿਆ, "ਉਹ ਬਾਹਰ ਗਿਆ ਹੋਇਐ।"
"ਬਾਹਰ ਗਿਆ ਹੋਇਐ ਕਿ ਆਪਣੀ ਬੀਵੀ ਦੀ ਮੰਜੀ ਹੇਠਾਂ ਛੁਪਿਆ ਹੋਇਐ? ਮੈਂ ਆਵਾਂ ਤੇ ਉਹਨੂੰ ਧੂਹ ਕੇ ਬਾਹਰ ਕੱਢਾਂ?"

ਲੀਲਾ ਨੇ ਇੱਕ ਮਾੜੀ ਜਿਹੀ ਚੀਖ਼ ਮਾਰੀ। ਉਸ ਦੇ ਨਾਲ ਹੀ ਉਸ ਦੇ ਪਿੱਛੇ ਲੁਕੀਆਂ ਦੋਹਾਂ ਕੁੜੀਆਂ ਨੇ ਵੀ ਚੀਖ਼ ਮਾਰੀ। ਹੁਣ ਪਿੰਟੋ ਵੀ ਗੁੱਰਾ-ਗਰਜ ਰਿਹਾ ਸੀ, ਭਾਵੇਂ ਕਿ ਉਸਨੂੰ, ਕੁੜੀਆਂ ਨੇ, ਘੁਸੜ-ਘੁਸੋੜ ਕਰਨ ਵਾਲੇ 'ਤੇ ਹਮਲਾ ਕਰਨੋਂ ਰੋਕਣ ਲਈ ਫੜਿਆ ਹੋਇਆ ਸੀ। "ਉਹ ਏਥੇ ਨਹੀਂ ਹੈ।" ਉਹਨੇ ਬਹੁਤ ਹੀ ਉਚੀ ਆਵਾਜ਼ ਵਿੱਚ ਚੀਖ਼ ਕੇ ਆਖਿਆ, "ਅੰਦਰ ਨਾ ਆ.....ਮੇਰੀ ਮਾਂ ਬਿਮਾਰ ਹੈ।"

"ਹਲਾ, ਅੱਛਾ, ਬਹੁਤ ਅੱਛਾ !" ਉਹ ਆਪਣੇ ਪੀਲੇ ਦੰਦ ਕੱਢ ਕੇ, ਮੰਦ-ਭਾਵੀ ਹਾਸਾ ਹੱਸਿਆ। ਉਹਦਾ ਮੂੰਹ ਪਾਨ ਨਾਲ ਲਾਲ-ਸੂਹਾ ਹੋਇਆ ਹੋਇਆ ਸੀ। "ਮਾਂ ਬਿਮਾਰ, ਪਿਉ ਘਰੋਂ ਬਾਹਰ। ਨਿੱਕੀਆਂ ਕੁੜੀਆਂ ਨੂੰ ਕੁੱਝ ਪਤਾ-ਥਹੁ ਨਹੀਂ! ਘੱਟੋ ਘੱਟ ਤੁਹਾਨੂੰ ਇਹ ਤਾਂ ਪਤਾ ਹੋਵੇਗਾ ਕਿ ਉਹ ਆਪਣੇ ਪੈਸੇ ਕਿਥੇ ਰੱਖਦਾ ਹੈ?" ਅਚਨਚੇਤ ਹੀ ਉਹ ਇੱਕ ਸ਼ੇਰ ਵਾਂਗ ਦਹਾੜਿਆ। ਲੀਲਾ ਸੁੰਗੜ ਕੇ ਪਿੱਛੇ ਹੱਟ ਗਈ।

"ਪੈਸੇ?" ਉਹ ਮੁੱਕਾ ਵੱਟਦਿਆਂ ਬੁੜਬੁੜਾਈ। ਉਹ ਸੋਚ ਰਹੀ ਸੀ, ਕਾਸ਼ ਹਰੀ ਆ ਜਾਏ!' "ਸਾਡੇ ਪਾਸ ਪੈਸੇ ਨਹੀਂ।" ਉਹਨੇ ਆਖਿਆ।

"ਪੈਸੇ ਨਹੀਂ- ਸਾਡੇ ਪਾਸ ਪੈਸੇ ਨਹੀਂ !" ਉਹਨੇ ਉਸਦੀ ਸਾਂਗ ਲਾਉਂਦਿਆਂ ਆਖਿਆ। "ਬੜਾ ਵਧੀਆ ਜਵਾਬ ਹੈ! ਕੀ ਉਹਨੇ ਤੁਹਾਨੂੰ ਇਹੀ ਸਿਖਾਇਆ ਸੀ ਕਿ ਮੈਨੂੰ ਇਹ ਉਤਰ ਦੇਣਾ, ਇਹ ਆਖਣਾ-ਉਹ ਬਦਮਾਸ਼, ਤੁਹਾਡਾ ਪਿਉ? ਜਿਹੋ-ਜਿਹਾ ਪਿਉ, ਤਿਹੋ ਜਿਹੀਆਂ ਧੀਆਂ! ਝੂਠਿਆਂ ਦਾ ਟੱਬਰ, ਨਿਕੰਮੇ, ਨਖੱਟੂ ! ਪੈਸੇ ਨਹੀਂ ਨਿਕੰਮੇ-ਸਾਰੇ ਹੀ ਨਖੱਟੂ ! ਪਰ ਠਹਿਰੋ, ਮੈਂ ਉਹਨੂੰ ਫੜ ਹੀ ਲਵਾਂਗਾ। ਮੈਂ ਉਹਦੀ ਗਰਦਨ ਤੋੜ ਦਿਆਂਗਾ ਅਤੇ ਆਪਣੇ ਪੈਸੇ ਵਸੂਲ ਕਰਕੇ ਰਹਾਂਗਾ।"

ਪਿੰਟੋ ਨੇ ਇਸ ਬੰਦੇ 'ਤੇ ਕਹਿਰਾਂ ਦੀ ਇੱਕ ਰੋਹ-ਭਰੀ ਬੇਕਾਬੂ ਜਿਹੀ ਚਾਂਗਰ ਛੱਡੀ ਜੋ ਉਹਨਾਂ ਦੇ ਘਰ ਦੇ ਅੱਗੇ ਖਲੋਤਾ ਉੱਚੀ-ਉੱਚੀ ਬੋਲ ਰਿਹਾ ਸੀ, ਝੂਮ ਰਿਹਾ ਸੀ ਅਤੇ ਆਪਣੀਆਂ ਬਾਹਵਾਂ ਏਧਰ ਓਧਰ ਮਾਰ ਰਿਹਾ ਸੀ। ਅਚਨਚੇਤੀ ਉਹ ਕੁੜੀਆਂ ਕੋਲੋਂ ਛੁੱਟ ਗਿਆ ਅਤੇ ਤੇਜ਼ੀ ਨਾਲ ਲੀਲਾ ਕੋਲੋਂ ਦੀ ਲੰਘ ਕੇ ਰਾਹ ਵਿੱਚ ਜਾ ਪੁੱਜਾ। ਉਹ ਆਪਣੇ ਰੋਹ ਨਾਲ ਉਤੇਜਿਤ ਪੰਜਿਆਂ ਨਾਲ ਰੇਤ ਪੁੱਟ ਰਿਹਾ ਸੀ, ਆਪਣੇ ਤੇਜ਼-ਤਿੱਖੇ ਦੰਦ ਵਿਖਾ ਰਿਹਾ ਸੀ ਅਤੇ ਇੰਨ-ਬਿੰਨ ਰਖਵਾਲੀ ਕਰਨ ਵਾਲੇ ਇੱਕ ਕੁੱਤੇ ਵਾਂਗ ਭੌਂਕ ਰਿਹਾ ਸੀ। ਉਹ ਹੌਲੀ-ਹੌਲੀ ਉਛਲਦਾ-ਟੱਪਦਾ, ਛੋਟੇ-ਛੋਟੇ ਡਗ ਭਰਦਾ, ਉਸ ਆਦਮੀ ਤੱਕ ਅੱਪੜਿਆ ਅਤੇ ਜਦੋਂ ਉਹ ਐਨ ਨੇੜੇ ਪੁੱਜ ਕੇ ਚੱਕ ਮਾਰਨ ਲੱਗਾ, ਤਾਂ ਆਦਮੀ ਨੇ ਬਾਹਾਂ ਉਪਰ ਚੁੱਕ ਲਈਆਂ ਅਤੇ ਉਚੀ-ਉਚੀ ਚਾਂਗਰਾ ਮਾਰਨ ਲੱਗਾ, "ਇਸ ਕੁੱਤੇ ਨੂੰ ਪਿੱਛੇ ਮੋੜੋ। ਜੇ ਤੁਸੀਂ ਇਹਨੂੰ ਰੋਕੋਗੀਆਂ ਨਹੀਂ, ਤਾਂ ਮੈਂ ਇਹਨੂੰ ਮਾਰ ਦਿਆਂਗਾ।"

ਬੇਲਾ ਤੇ ਕਮਲ ਦੋਵੇਂ ਲੇਰਾਂ ਮਾਰਦੀਆਂ ਤੇਜ਼ੀ ਨਾਲ ਪਿੰਟੋ ਪਿੱਛੇ ਭੱਜੀਆਂ, ਉਹਨੂੰ ਉਸ ਸ਼ਰਾਬੀ ਤੋਂ ਬਚਾਉਣ ਲਈ। ਉਹਨਾਂ ਸਾਰਿਆਂ ਨੂੰ ਰਾਹ ਵਿੱਚ ਨਿਕਲ ਆਏ ਅਤੇ ਲੜਨ ਲਈ ਤਿਆਰ ਵੇਖ, ਲੀਲਾ ਵੀ ਛੇਤੀ-ਛੇਤੀ ਉਹਨਾਂ ਦੇ ਪਿੱਛੇ ਆਈ, ਆਵਾਜ਼ਾਂ ਦਿੰਦੀ, "ਪਿੰਟੋ-ਪਿੰਟੋ, ਚੱਲ ਪਿੱਛੇ, ਹੱਟ ਪਿੱਛੇ। ਬੇਲਾ, ਨੀ ਕਮਲ ਇਹਨੂੰ ਫੜੋ। ਇਹ ਵੱਢੇਗਾ ਨਹੀਂ-ਇਹ ਕੱਟੇਗਾ ਨਹੀਂ-।"

"ਜੇ ਇਹਨੇ ਮੈਨੂੰ ਵੱਢਿਆ, ਮੈਂ......ਮੈਂ......" ਆਦਮੀ ਉਚੀ-ਉਚੀ ਗੱਜਿਆ। ਇਸ ਰੌਲੇ-ਗੌਲੇ ਨਾਲ ਅੰਤ ਨੂੰ ਉਹਨਾਂ ਨੂੰ ਥੋੜ੍ਹੀ-ਬਹੁਤ ਮਦਦ ਤਾਂ ਬਹੁੜੀ ਹੀ। ਇਹ ਉਹਦੀ ਮਾਂ ਸੀ, ਉਹੀ ਔਰਤ ਜਿਹਨੇ ਉਸ ਸਵੇਰ, ਉਸ ਜਾਦੂਈ ਮਨੁੱਖ ਨੂੰ ਉਹਨਾਂ ਪਾਸ ਭੇਜਿਆ ਸੀ, ਜੋ ਵਾੜ ਵਿਚਲੇ ਪਾੜ ਵਿਚੋਂ ਦੀ, ਅੜਦੀ-ਉਲਝਦੀ ਇਹ ਵੇਖਣ ਲਈ ਆਈ ਸੀ ਕਿ ਇਹ ਸਭ ਕੀ ਹੋ ਰਿਹਾ ਹੈ! ਆਪਣੇ ਪੁੱਤਰ ਨੂੰ ਉਥੇ ਵੇਖ ਕੇ, ਜੋ ਸ਼ਰਾਬ ਦੇ ਨਸ਼ੇ 'ਚ ਏਧਰ-ਉਧਰ ਲੜਖੜਾਂਦਾ ਹੋਇਆ ਚੱਕਰ ਕੱਢ ਰਿਹਾ ਸੀ ਅਤੇ ਉਚੀ-ਉਚੀ ਚਿੱਲਾ ਰਿਹਾ ਸੀ, ਉਹਨੇ

ਉਸਨੂੰ ਬਾਹੋਂ ਜਾ ਫੜਿਆ ਅਤੇ ਉਸਨੂੰ ਇੱਕ ਤੇਜ਼ ਤਿੱਖਾ ਹਲੂਣਾ ਦਿੱਤਾ।

"ਤੂੰ, ਓਏ ਊਤਾ ਤੂੰ......ਤੂੰ ਏਥੇ ਕੀ ਕਰ ਰਿਹੈਂ, ਇਹਨਾਂ ਨਿਮਾਣੀਆਂ ਮਾਸੂਮ ਕੁੜੀਆਂ ਨੂੰ ਡਰਾ ਰਿਹੈਂ ! ਚਲ ਮੁੜ ਘਰ ਨੂੰ.......!" ਉਹਨੇ ਰੋਹ ਭਰੀ ਆਵਾਜ਼ ਵਿੱਚ ਆਖਿਆ। "ਸੁਣ ਰਿਹੈਂ ਕਿ ਨਹੀਂ? ਮੁੜ ਪਿੱਛੇ, ਤੂੰ ਬਾਹਰ ਜਾਣ ਜਾਂ ਕਿਸੇ ਨਾਲ ਗੱਲ ਕਰਨ ਦੇ ਲਾਇਕ ਨਹੀਂ। ਜਾ.......ਜਾ ਕੇ ਆਪਣੇ ਆਪ ਨੂੰ ਆਪਣੇ ਗੰਦੇ ਕਾਲੇ, ਮਿੱਟੀ ਦੇ ਘੁਰਨੇ ਵਿੱਚ ਲੁਕੋ ਲੈ। ਆਪਣਾ ਸਿਰ, ਆਪਣੇ ਤਾੜੀ ਦੇ ਭਾਂਡੇ 'ਚ ਮਾਰ ਕੇ ਫੋੜ ਲੈ ਅਤੇ ਫਿਰ ਕਦੇ ਏਥੇ ਆਪਣੀ ਨਹਿਸ਼ ਸ਼ਕਲ ਨਾ ਵਿਖਾਈਂ। ਚੱਲ......" ਉਹਨੇ ਉਸਨੂੰ ਇੱਕ ਧੱਕਾ ਮਾਰਿਆ ਅਤੇ ਹੁਣ ਉਹ ਚੁੱਪ ਕੀਤਾ ਲੜਖੜਾਂਦਾ ਹੋਇਆ ਉਥੋਂ ਤੁਰ ਪਿਆ-ਕਿਉੜੇ ਦੇ ਗੋਲ ਜਿਹੇ ਫਲ ਤੇ ਡਿੱਗਦਾ-ਢਹਿੰਦਾ ਅਤੇ ਆਪਣੇ ਆਪ 'ਚ ਹੀ ਬੁੜ-ਬੁੜ ਕਰਦਾ "ਜਾ, ਜਾ, ਜਾ, ਆਖਦੇ ਹਨ। ਮੈਂ ਕਿਥੇ ਜਾਵਾਂ? ਮੈਨੂੰ ਮੇਰੇ ਪੈਸੇ ਚਾਹੀਦੇ ਹਨ। ਮੈਂ ਆਪਣੇ ਪੈਸੇ ਲੈ ਕੇ ਰਹਾਂਗਾ। ਮੈਂ ਉਸ ਬਦਮਾਸ਼ ਨੂੰ ਮਾਰ ਦਿਆਂਗਾ। ਮੈਂ ਉਹਦੇ ਕੁੱਤੇ ਨੂੰ ਮਾਰ ਦਿਆਂਗਾ।"

"ਚੁੱਪ ਕਰ" ਉਸ ਦੀ ਮਾਂ ਉਸ ਦੇ ਪਿੱਛੇ ਉਚੀ-ਉਚੀ ਬੋਲਦੀ ਆ ਰਹੀ ਸੀ। ਉਹਨੇ ਇੱਕ ਛਿਟੀ ਚੁੱਕਦਿਆਂ, ਜ਼ੋਰ ਨਾਲ ਇੱਕ ਰੁੱਖ ਦੇ ਤਣੇ 'ਤੇ ਮਾਰੀ। "ਚੁੱਪ ਹੋ ਜਾ, ਮੈਂ ਆਖਦੀ ਹਾਂ।" ਉਹ ਇਕ ਵਾਰ ਫਿਰ ਚਿੱਲਾਈ ਅਤੇ ਕੁੜੀਆਂ 'ਤੇ ਹੋਰ ਝਾਤ ਪਾਏ ਬਗ਼ੈਰ, ਉਸਦੇ ਪਿੱਛੇ-ਪਿੱਛੇ ਚਲੀ ਗਈ। ਕੁੜੀਆਂ ਨਾਰੀਅਲ ਦੇ ਰੁੱਖਾਂ ਦੇ, ਰੇਤ 'ਤੇ ਪੈਣ ਵਾਲੇ ਪਰਛਾਵਿਆਂ ਵਾਂਗ ਖੜੀਆਂ ਸਨ।

ਫਿਰ ਕੁੜੀਆਂ ਮੁੜੀਆਂ ਅਤੇ ਚੁੱਪਚਾਪ ਅੱਗੇ-ਪਿੱਛੇ ਘਰ ਦੇ ਅੰਦਰ ਚਲੀਆਂ ਗਈਆਂ। ਲੀਲਾ ਨੇ ਛੇਤੀ ਹੀ ਅੱਗ ਬਾਲੀ, ਉਹਨਾਂ ਪਰਛਾਈਆਂ ਨੂੰ ਭਜਾਉਣ ਲਈ ਜੋ ਅੱਜ ਦੀ ਰਾਤ ਬਹੁਤ ਹੀ ਭੈਅ-ਦਾਇਕ, ਬਹੁਤ ਹੀ ਖ਼ਤਰਨਾਕ ਜਾਪ ਰਹੀਆਂ ਸਨ। ਉਹ ਉਸ ਨਿੱਕੀ-ਨਿੱਕੀ ਅੱਗ ਦੇ ਦੁਆਲੇ ਬੈਠੀਆਂ ਹੋਈਆਂ ਸਨ, ਜਦੋਂ ਹਰੀ ਘਰ ਆਇਆ ਅਤੇ ਪੁੱਛਣ ਲੱਗਾ, "ਕੀ ਹੋਇਆ?" ਅਤੇ ਆਖ਼ਿਰ ਉਹ ਬੋਲ ਹੀ ਪਈਆਂ ਅਤੇ ਉਹਨਾਂ ਉਸ ਨੂੰ ਸਾਰੀ ਗੱਲ ਦੱਸੀ। ਉਹਨਾਂ ਨੂੰ ਪਤਾ ਸੀ, ਕਿ ਮਾਂ ਨੂੰ ਠੀਕ ਕਰਨ ਲਈ, ਸ਼ਰਾਬੀ ਗੁਆਂਢੀਆਂ ਨੂੰ ਜਾਂ ਉਸ ਦੀਆਂ ਧਮਕੀਆਂ ਨੂੰ ਦੂਰ ਰੱਖਣ ਲਈ, ਪਿੰਟੋ ਨੂੰ ਉਸ ਤੋਂ ਬਚਾਉਣ ਲਈ, ਅਤੇ ਉਹਨਾਂ ਸਾਰਿਆਂ ਨੂੰ, ਉਸ ਕਰਤੂਤ ਤੋਂ ਬਚਾਉਣ ਲਈ, ਜੋ ਉਹਨਾਂ ਦੇ ਆਲੇ-ਦੁਆਲੇ ਪੱਸਰੀ ਹੋਈ ਸੀ, ਉਹ ਵੀ ਕੁਝ ਨਹੀਂ ਸੀ ਕਰ ਸਕਦਾ ਪਰ ਏਨਾ ਜ਼ਰੂਰ ਹੋਇਆ ਕਿ ਉਸਨੂੰ ਵੀ, ਉਹਨਾਂ ਦੇ ਡਰਾਂ ਬਾਰੇ ਪਤਾ ਲੱਗਾ ਗਿਆ ਸੀ ਅਤੇ ਉਹ ਉਹਨਾਂ ਦੇ ਦੁੱਖਾਂ ਕਸ਼ਟਾਂ ਦਾ ਭਾਈਵਾਲ ਬਣ ਗਿਆ ਸੀ।

# ਕਾਂਡ ਚਾਰ

ਹਰੀ ਨੂੰ ਪਤਾ ਸੀ ਕਿ ਉਹ ਹੁਣ ਉਸ ਚੁੱਪ-ਚਪੀਤੀ ਤੇ ਪਰਛਾਂਵਿਆਂ ਮਾਰੀ ਝੁੱਗੀ ਵਿੱਚ ਬੈਠਾ ਨਹੀਂ ਸੀ ਰਹਿ ਸਕਦਾ ਅਤੇ ਨਾ ਹੀ ਆਪਣੇ ਖ਼ਾਲੀ ਜਾਲ ਨਾਲ ਬੀਚ 'ਤੇ ਘੁੰਮ ਸਕਦਾ ਹੈ, ਨਾ ਹੀ ਪਹਾੜੀ ਦੇ ਦਾਮਨ ਵਿੱਚ, ਮੰਦਰ ਦੇ ਨਾਲ ਲੱਗਦੀ ਕੋਠੜੀ ਦੇ ਦੁਆਲੇ ਉਸ ਨੌਕਰੀ ਦੀ ਆਸ ਵਿੱਚ ਮੰਡਲਾ ਸਕਦਾ ਸੀ, ਜੋ ਸ਼ਾਇਦ ਵਰ੍ਹਿਆਂ ਵਿੱਚ ਵੀ ਉਸ ਨੂੰ ਨਾ ਮਿਲੇ। ਉਹਨੂੰ ਕੁੱਝ ਨਾ ਕੁੱਝ ਕਰਨਾ ਹੀ ਪੈਣਾ ਸੀ, ਕਿਉਂਕਿ ਟੱਬਰ ਵਿੱਚ ਹੋਰ ਕੋਈ ਵੀ ਕੁਝ ਕਰਨ ਜੋਗਾ ਨਹੀਂ ਸੀ ਅਤੇ ਕੁਝ ਕਰਨ ਦੀ ਬਹੁਤ ਲੋੜ ਸੀ।

ਅਗਲੀ ਸਵੇਰ, ਉਹ ਬੀਚ ਦੀ ਚਿੱਟੀ-ਭੁੱਜਦੀ ਰੇਤ 'ਤੇ ਲੜਖੜਾਂਦੇ- ਡਗਮਗਾਂਦੇ ਕਦਮੀਂ ਬੀਜੂ ਦੀ ਬੇੜੀ ਦੀ ਟੋਲੀ 'ਚ ਸ਼ਾਮਲ ਹੋਣ ਵਾਸਤੇ ਜਾ ਰਿਹਾ ਸੀ, ਜੋ ਹੁਣ ਲੱਗਭਗ ਤਿਆਰ ਦਿੱਸਣ ਲੱਗ ਪਈ ਸੀ। ਉਸ ਵਿੱਚ ਡੀਪ-ਫਰੀਜ਼ ਲੱਗ ਜਾਣ ਨਾਲ, ਬੀਜੂ ਹੁਣ ਬੇੜੀ ਨੂੰ ਰਾਤ ਜਾਂ ਦਿਨ ਵੇਲੇ ਛਡ ਕੇ ਕਿਧਰੇ ਨਹੀਂ ਸੀ ਜਾਂਦਾ। ਆਖਿਆ ਜਾਂਦਾ ਸੀ ਕਿ ਉਹ ਬੇੜੀ ਦੇ ਡੈੱਕ 'ਤੇ ਸੌਂਦਾ ਸੀ ਜਿਵੇਂ ਉਹ ਪਹਿਲਾਂ ਹੀ ਸਮੁੰਦਰ 'ਚ ਚੱਲਣ ਲੱਗ ਪਈ ਸੀ। ਹੁਣ, ਸਵੇਰ ਦੀ ਲਿਸ਼ਕਦੀ ਲੋਅ ਵਿੱਚ ਉਹ ਫ਼ੋਲਡਿੰਗ ਚੇਅਰ 'ਤੇ ਬੈਠਾ ਰਹਿੰਦਾ, ਸਗੋਂ ਕਹਿਣਾ ਚਾਹੀਦਾ ਹੈ ਕਿ ਗੱਡਿਆ ਰਹਿੰਦਾ। ਉਹਨੇ ਆਪਣੀਆਂ ਹਥਿਆਲੀਆਂ ਗੋਡਿਆਂ 'ਤੇ ਕੱਸੀਆਂ ਹੋਈਆਂ ਹੁੰਦੀਆਂ, ਅਤੇ ਉਹ ਬੰਦਿਆਂ ਨੂੰ ਬੇੜੀ ਦੇ ਏਧਰ-ਓਧਰ ਰੀਂਗ੍ਹਦੇ ਫਿਰਦੇ, ਉਸ ਨੂੰ ਰੰਗ-ਰੋਗ਼ਨ ਕਰਦੇ ਅਤੇ ਸਾਫ਼-ਇੱਕਸਾਰ ਕਰਦੇ ਵੇਖਦਾ ਰਹਿੰਦਾ। ਕੇਬਿਨ ਦੇ ਦਰਵਾਜ਼ੇ 'ਤੇ ਟੀਨ ਦੀ ਇੱਕ ਫੱਟੀ ਲਾ ਦਿੱਤੀ ਗਈ ਸੀ, ਜਿਸ 'ਤੇ ਗੂੜ੍ਹਾ-ਨੀਲਾ ਰੰਗ ਕੀਤਾ ਹੋਇਆ ਸੀ ਅਤੇ ਜਿਸ ਦੇ ਗੱਭੇ ਗੁਲਾਬੀ ਤੇ ਚਿੱਟੀ ਜਲ-ਪਰੀ ਦਾ ਇਕ ਆਕਾਰ ਬਣਿਆ ਹੋਇਆ ਸੀ। ਜਲ-ਪਰੀ ਦੇ ਹੇਠਾਂ, ਇੱਕ ਬੰਦਾ ਬਹੁਤ ਇਹਤਿਆਤ ਨਾਲ ਬੇੜੀ ਦਾ ਨਾਂ ਲਿਖ ਰਿਹਾ ਸੀ। 'ਜਲ-ਪਰੀ'। ਜਦੋਂ ਇਹ ਸਾਫ਼ ਹੋਇਆ ਕਿ ਬੇੜੀ ਦਾ ਨਾਂ ਕੀ ਹੈ, ਤਾਂ ਬੇੜੀ ਦੇ ਦੁਆਲੇ ਮੰਡਲਾਉਂਦੇ ਪਿੰਡ ਦੇ ਮੁੰਡਿਆਂ ਨੇ ਜ਼ੋਰ-ਜ਼ੋਰ ਦੀ ਹਾਸੇ ਦੇ ਠਹਾਕੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਬੀਜੂ ਇੱਕ ਕਹਿਰ ਤੇ ਰੋਹ ਭਰੀ ਤੱਕਣੀ ਨਾਲ ਉਹਨਾਂ ਵੱਲ ਮੁੜਿਆ।

ਹਰੀ ਇਹ ਵੇਖਣ ਲਈ ਰੁਕ ਗਿਆ ਕਿ ਉਹ ਮੁੰਡੇ ਕਿਉਂ ਹੱਸ ਰਹੇ ਸਨ। ਉਹਨਾਂ ਗੁਲਾਬੀ 'ਤੇ ਚਿੱਟੀ ਜਲ-ਪਰੀ ਵੱਲ ਇਸ਼ਾਰਾ ਕੀਤਾ, ਜੋ ਲਿਸ਼ਕਦੇ ਨੀਲੇ ਸਾਗਰ ਵਿੱਚ ਕਲੋਲ ਕਰ ਰਹੀ ਸੀ। ਉਹਨਾਂ ਉਸ ਬਾਰੇ ਅਸ਼ਲੀਲ ਜਿਹੇ ਮਖ਼ੌਲ ਕੀਤੇ। "ਬੀਜੂ ਬੇੜੀ ਬਣਾ ਰਿਹਾ ਹੈ। ਇਸ ਲਈ ਉਹ ਸਮੁੰਦਰ ਦੇ ਅੰਦਰ ਜਾ ਸਕਦਾ ਹੈ ਅਤੇ ਉਸ ਨੂੰ ਫੜ ਸਕਦਾ ਹੈ।'

ਉਹਨਾਂ ਆਖਿਆ ਅਤੇ ਅੱਖ ਮਾਰੀ। ਪਰ ਹਰੀ ਦਾ ਜੀਅ ਹੱਸਣ ਨੂੰ ਨਾ ਕੀਤਾ। ਉਹ ਉਹਨਾਂ ਨੂੰ ਛੱਡ ਕੇ, ਹੌਲੀ-ਹੌਲੀ ਪਰ ਸਿੱਧਾ ਅੱਗੇ ਬਿਰਧ ਬੀਜੂ ਦੇ ਪਾਸ ਚਲਾ ਗਿਆ। ਰਾਤੀਂ

ਉਹਨੇ, ਬੀਜੂ ਨੂੰ ਬੇੜੀ 'ਤੇ ਨੌਕਰੀ ਬਾਰੇ ਪੁੱਛਣ ਦਾ ਮਨ ਬਣਾਇਆ ਸੀ।

ਪਰ ਬੀਜੂ ਨੇ ਆਪਣਾ ਸਿਰ ਹੋਰ ਪਾਸੇ ਮੋੜ ਲਿਆ ਕਿਉਂਕਿ ਐਨ ਉਸੇ ਛਿਣ ਕੋਈ ਹੋਰ ਉਸ ਕੋਲ ਆ ਰਿਹਾ ਸੀ, ਕੋਈ ਅਜਨਬੀ, ਜਿਸ ਵੱਲ ਪਹਿਲਾਂ ਧਿਆਨ ਦੇਣਾ ਬਣਦਾ ਸੀ। ਹਰੀ ਨੇ ਤੱਕਿਆ, ਉਹ ਟੀਨ ਦੀ ਕੋਠੜੀ ਵਾਲਾ ਆਦਮੀ ਸੀ, ਚੌਕੀਦਾਰ ਜੋ ਪਾਈਪਾਂ ਦੀ ਰਾਖੀ ਕਰਦਾ ਸੀ, ਪਾਈਪਾਂ ਜੋ ਉਸ ਮਹਾਨ ਫ਼ੈਕਟਰੀ ਦੀ ਸ਼ੁਰੂਆਤ ਦੀਆਂ ਲਖ਼ਾਇਕ ਸਨ।

"ਹਾਂ ਤਾਂ ਫਿਰ ਥਲ ਦੇ ਲੋਕਾਂ ਲਈ ਮੱਛੀਆਂ ਫੜਨ ਵਾਸਤੇ ਇਕ ਹੋਰ ਕਿਸ਼ਤੀ ਤਿਆਰ ਹੋ ਗਈ ਹੈ।" ਉਸ ਬੰਦੇ ਨੇ ਬੀਜੂ ਵਲ ਵਧਦਿਆਂ, ਹੁਲਾਸ ਨਾਲ ਆਖਿਆ। ਉਸਦੇ ਮੂੰਹ ਵਿੱਚ ਸਸਤੀ ਜਿਹੀ ਪੱਤਾ-ਸਿਗਰਟ ਸੀ, ਅਣ-ਸੁਲਗਾਈ।

ਬੀਜੂ ਦਾ ਚਿਹਰਾ ਕਾਲਾ-ਸ਼ਾਹ ਹੋ ਗਿਆ ਅਤੇ ਉਹ ਗ਼ੁੱਰਾਇਆ, "ਇਹ ਮੱਛੀਆਂ ਫੜਨ ਵਾਲੀ ਕੋਈ ਮਾਮੂਲੀ ਬੇੜੀ ਨਹੀਂ।" ਉਹ ਗੜ੍ਹਕਿਆ, "ਕੀ ਤੇਰੇ ਡੇਲਿਆਂ ਨੂੰ ਨਜ਼ਰ ਨਹੀਂ ਆਉਂਦਾ ਕਿ ਇਸ ਵਿੱਚ ਡੀਜ਼ਲ ਇੰਜਣ ਲੱਗਾ ਹੋਇਐ, ਡੀਪ-ਫ਼ਰੀਜ਼ ਵੀ ਲੱਗਾ ਹੋਇਐ, ਇਹ ਦਿਨ ਵਿਚ ਪੰਜਾਹ ਮੀਲ ਚੱਲ ਸਕਦੀ ਹੈ।"

"ਓਹ ਹੋ !" ਅਜਨਬੀ ਨੇ ਆਪਣੀ ਪੱਤਾ-ਸਿਗਰਟ ਨੂੰ ਸੁਲਗਾਉਣ ਲਈ ਤੀਲੀ ਬਾਲੀ ਅਤੇ ਬੇੜੀ ਨੂੰ ਗਹੁ ਨਾਲ ਵੇਖਦਿਆਂ, ਇਕ ਲੰਮਾ ਕਸ਼ ਖਿੱਚਿਆ ਅਤੇ ਜ਼ੋਰ ਦੀ ਹੱਸਿਆ।

ਐਨ ਉਸ ਵੇਲੇ ਟੀਨ ਦਾ ਸਾਈਨਬੋਰਡ ਕਿੱਲ 'ਚੋਂ ਨਿਕਲ ਕੇ, ਉਡ ਗਿਆ ਅਤੇ ਖੜ-ਖੜ ਕਰਦਾ ਡੈਕ 'ਤੇ ਜਾ ਅਟਕਿਆ। ਉਸ ਨੂੰ ਚੁੱਕ ਕੇ, ਮੁੜ ਕਿੱਲ 'ਤੇ ਲਟਕਾਉਣਾ ਪਿਆ। ਰੋਗ਼ਨ ਪੋਚਿਆ ਗਿਆ ਸੀ ਅਤੇ ਤ੍ਰਿਪ-ਤ੍ਰਿਪ ਕਰਨ ਲੱਗ ਪਿਆ ਸੀ। ਮੁੰਡੇ ਗੜ੍ਹਕਣ ਲੱਗ ਪਏ ਸਨ ਅਤੇ ਬੀਜੂ ਪੇਂਟਰ 'ਤੇ ਗ਼ੁੱਸੇ ਨਾਲ ਗ਼ੁੱਰਾਇਆ ਜਿਹੜਾ ਸਾਈਨਬੋਰਡ ਨੂੰ ਇਕ ਲੀਰ ਨਾਲ ਸਾਫ਼ ਕਰਨ ਲੱਗ ਪਿਆ ਸੀ ਅਤੇ ਘਬਰਾਇਆ ਹੋਇਆ ਉਸਨੂੰ ਮੁੜ ਠੀਕ ਕਰਨ ਲੱਗ ਪਿਆ ਸੀ।

"ਹਲਾ, ਤਾਂ ਏਥੇ ਇੱਕ ਵੱਡਾ ਸਮੁੰਦਰੀ ਜਹਾਜ਼ ਬਣ ਰਿਹੈ? ਕਿਉਂ, ਠੀਕ ਹੈ ਨਾ?" ਅਜਨਬੀ ਨੇ ਟਕੋਰ ਕਰਦਿਆਂ ਆਖਿਆ। "ਇਹ ਪੰਜਾਹ ਮੀਲ ਜਾਵੇਗਾ? ਹਾਂ, ਤੇ ਠੀਕ ਹੈ, ਇਹਨੂੰ ਜਾਣਾ ਹੀ ਪਏਗਾ, ਜੇ ਇਹਨੇ ਮੱਛੀਆਂ ਫੜਨੀਆਂ ਹਨ।"

"ਕੀ ਮਤਲਬ ਹੈ ਤੇਰਾ?" ਏਥੇ ਨੇੜੇ-ਤੇੜੇ ਹੀ ਬਥੇਰੀਆਂ ਮੱਛੀਆਂ ਹਨ।" ਬੀਜੂ ਬੇਆਰਾਮੀ ਨਾਲ ਫ਼ੋਲਡਿੰਗ ਚੇਅਰ ਦੇ ਪਾਸ ਪਰਤਦਿਆਂ ਉਸ ਉਤੇ ਗਰਜਿਆ।

"ਨਹੀਂ, ਬਿਲਕੁਲ ਨਹੀਂ ਹਨ।" ਅਜਨਬੀ ਨੇ ਅੱਡੀਆਂ ਭਾਰ ਨੀਵਾਂ ਹੁੰਦਿਆਂ ਅਤੇ ਰੇਤ ਵਿੱਚ ਆਰਾਮ ਨਾਲ ਚੌਕੜੀ ਮਾਰ ਕੇ ਬੈਠਦਿਆਂ ਆਖਿਆ। "ਏਥੇ, ਨੇੜੇ-ਤੇੜੇ ਸ਼ਾਇਦ ਹੀ ਕੋਈ ਮੱਛੀ ਬਚੀ ਹੋਵੇ। ਕੱਲ੍ਹ ਮੈਂ ਆਪਣੇ ਡਿਨਰ ਲਈ ਪੌਂਫ਼ਰੈਟ ਖ਼ਰੀਦਣਾ ਚਾਹੁੰਦਾ ਸਾਂ। ਬੜੀ ਮੁਸ਼ਕਲ ਨਾਲ ਇੱਕ ਨਿੱਕੀ ਜਿਹੀ ਪੌਂਫ਼ਰੈਟ ਮਿਲੀ ਸੀ। ਬੰਬਈ ਵਿੱਚ, ਕੋਈ ਵੀ ਏਡੇ ਛੋਟੇ ਆਕਾਰ ਦੀ ਪੌਂਫ਼ਰੈਟ ਨਹੀਂ ਖਾਵੇਗਾ।" ਉਹਨੇ ਘਿਰਣਾ ਨਾਲ ਆਖਿਆ। ਪਿੰਡ ਵਾਲੇ ਚੁੱਪ ਹੋ ਗਏ ਅਤੇ ਉਹਦੀਆਂ ਗੱਲਾਂ ਸੁਣਦੇ ਗਏ। ਅਤੇ ਜੇ ਤੁਸੀਂ ਪਰੌਨਜ਼ ਮੰਗੋ ਤਾਂ ਤੁਹਾਨੂੰ ਮਿਲਣਗੀਆਂ, ਨਿੱਕੀਆਂ-ਨਿੱਕੀਆਂ, ਮਾੜਕੂ ਜਿਹੀਆਂ ਝੀਂਗਾਂ ਮੱਛੀਆਂ, ਜੋ ਬੰਬਈ ਦੇ ਲੋਕਾਂ ਲਈ ਕਾਫ਼ੀ ਨਹੀਂ......ਉਹ ਤਾਂ ਤੁਹਾਡੇ ਲਈ, ਪਿੰਡ ਵਾਸੀਆਂ ਲਈ ਵੀ ਕਾਫ਼ੀ ਨਹੀਂ।

ਹੁਣ ਸਮਾਂ ਆ ਗਿਆ ਹੈ ਕਿ ਤੁਸੀਂ ਆਪਣੀਆਂ ਬੇੜੀਆਂ ਤੇ ਜਾਲਾਂ ਦਾ ਖਹਿੜਾ ਛੱਡ ਕੇ, ਕਿਸੇ ਨਵੀਂ ਚੀਜ਼ ਵੱਲ ਮੂੰਹ ਕਰੋ।"

"ਅਸੀਂ ਹਮੇਸ਼ਾ, ਏਥੇ ਹੀ ਸਮੁੰਦਰ ਵਿੱਚ ਮੱਛੀਆਂ ਫੜਦੇ ਰਹੇ ਹਾਂ।" ਬੀਜੂ ਨੇ ਦ੍ਰਿੜ੍ਹਤਾ ਨਾਲ ਆਖਿਆ, ਜਿਸ ਨਾਲ ਹਰੀ ਅਤੇ ਹੋਰ ਮੁੰਡਿਆਂ ਨੂੰ ਉਸ ਵਿੱਚ, ਆਪਣੇ ਸਭ ਤੋਂ ਅਮੀਰ ਅਤੇ ਸਭ ਤੋਂ ਵੱਡੇ ਮਾਛੀ ਵਿੱਚ ਇਕ ਖ਼ਾਸ ਗੌਰਵ ਮਹਿਸੂਸ ਹੋਇਆ। ਅਤੇ ਹਮੇਸ਼ਾ ਹੀ ਰਹਾਂਗੇ। ਅਤੇ ਜੇ ਏਥੇ ਸਾਡੇ ਵਾਸਤੇ ਕਾਫ਼ੀ ਮੱਛੀ ਨਹੀਂ ਹੋਵੇਗੀ, ਤਾਂ ਵੀ "ਏਥੇ ਕਾਫੀ ਅੰਨ ਹੈ-ਧਾਨ ਅਤੇ ਸਬਜ਼ੀਆਂ ਅਤੇ ਨਾਰੀਅਲ। ਇਸ ਦੇਸ਼ ਵਿੱਚ ਤੁਹਾਨੂੰ ਹੋਰ ਕਿਥੇ ਅਜਿਹੀਆਂ ਚੰਗੀਆਂ ਫ਼ਸਲਾਂ ਮਿਲਦੀਆਂ ਹਨ? ਨਾਰੀਅਲ ਐਡੇ ਵੱਡੇ-ਵੱਡੇ ਅਤੇ ਮਿੱਠੇ ਹੁੰਦੇ ਹਨ। ਬੰਬਈ ਵਿੱਚ ਉਹ ਚੰਗੇ ਪੈਸਿਆਂ 'ਤੇ ਵਿਕਦੇ ਹਨ। ਜ਼ਮੀਨ ਏਨੀ ਵਧੀਆ ਹੈ। ਅਸੀਂ ਸਾਲ ਵਿੱਚ ਦੋ ਫ਼ਸਲਾਂ ਉਗਾਉਂਦੇ ਹਾਂ। ਸਾਡਾ ਧਾਨ ਸਭ ਤੋਂ ਵਧੀਆ ਹੁੰਦਾ ਹੈ। ਕੀ ਤੂੰ ਸਾਡੇ ਵਧੀਆ ਚੌਲ ਖਾਧੇ ਹਨ?"

"ਹਾਂ, ਹਾਂ !" ਆਦਮੀ ਨੇ ਤਮਾਕੂ ਦੇ ਨਿੱਕੇ-ਨਿੱਕੇ ਕਣ ਜਿਹੇ ਥੁੱਕਦਿਆਂ ਆਖਿਆ। "ਮੈਂ ਤੁਹਾਡੇ ਚੌਲ ਖਾਧੇ ਹਨ। ਮੈਂ ਤੁਹਾਡੇ ਖੇਤ ਵੇਖੇ ਹਨ। ਉਹ ਛੇਤੀ ਹੀ ਜਾਂਦੇ ਰਹਿਣਗੇ। ਸਾਰੀ ਜ਼ਮੀਨ ਖ਼ਰੀਦ ਲਈ ਜਾਵੇਗੀ ਅਤੇ ਉਸ 'ਤੇ ਫ਼ੈਕਟਰੀਆਂ ਬਣਾਈਆਂ ਜਾਣਗੀਆਂ। ਤੁਹਾਡੇ ਚੌਲ ਵੀ ਜਾਂਦੇ ਰਹਿਣਗੇ।"

ਮੁੰਡਿਆਂ ਨੇ ਇੱਕ ਦੂਸਰੇ ਵੱਲ ਵੇਖਿਆ ਅਤੇ ਸਿਰ ਹਿਲਾਇਆ। ਉਹਨਾਂ ਦੀਆਂ ਅੱਖਾਂ ਵਿੱਚ ਚਮਕ ਸੀ। ਉਹ ਪਿੰਡ ਦੇ ਵੱਡੇ-ਵਡੇਰਿਆਂ ਨੂੰ ਇਹੀ ਕੁੱਝ ਤਾਂ ਦੱਸਦੇ ਆ ਰਹੇ ਸਨ ਪਰ ਉਹਨਾਂ ਉਤੇ ਇਤਬਾਰ ਨਹੀਂ ਸੀ ਕੀਤਾ ਗਿਆ। ਹੁਣ ਉਹ ਇਹ ਗੱਲ ਸੰਬੰਧਿਤ ਆਦਮੀ ਤੋਂ ਸੁਣ ਰਹੇ ਸਨ। ਉਹਨਾਂ ਨੂੰ ਇਤਬਾਰ ਕਰਨਾ ਹੀ ਪਏਗਾ। ਉਹਨਾਂ ਨੂੰ ਬਿਰਧ ਬੀਜੂ ਦੇ ਕਾਲੇ, ਤਿਊੜੀਆਂ ਭਰੇ ਚਿਹਰੇ 'ਤੇ ਭੈਅ ਅਤੇ ਰੋਹ ਦੀ ਤੱਕਣੀ ਵੇਖ ਕੇ ਬਹੁਤ ਸੁਆਦ ਆ ਰਿਹਾ ਸੀ।

"ਕੋਈ ਸਾਡੀ ਜ਼ਮੀਨ ਨਹੀਂ ਲੈ ਸਕਦਾ।" ਬੀਜੂ ਨੇ ਆਖਿਆ ਜਿਸ ਪਾਸ ਮੱਛੀਆਂ ਫੜਨ ਵਾਲੇ ਬੇੜੇ ਤੋਂ ਇਲਾਵਾ ਤਿੰਨ ਏਕੜ ਧਾਨ ਦੇ ਅਤੇ ਦੋ ਏਕੜ ਨਾਰੀਅਲ ਅਤੇ ਸੁਪਾਰੀ ਦੇ ਰੁੱਖ ਸਨ।" ਇਹ ਸਾਡੇ ਹਨ ਅਤੇ ਅਸੀਂ ਇਹ ਵੇਚਾਂਗੇ ਨਹੀਂ।"

"ਜਦੋਂ ਸਰਕਾਰ ਆਖੇਗੀ ਕਿ ਵੇਚੋ ਤਾਂ ਤੁਸੀਂ ਵੇਚੋਗੇ ਹੀ", ਅਜਨਬੀ ਨੇ ਆਪਣੀਆਂ ਉਂਗਲੀਆਂ ਨਾਲ ਚੁਟਕੀ ਮਾਰਦਿਆਂ ਆਖਿਆ। ਇਸ ਤਰ੍ਹਾਂ ਦੇ ਸਵਾਲ ਨਹੀਂ ਪੁੱਛੇ ਜਾਣਗੇ। ਤੁਹਾਨੂੰ ਜ਼ਮੀਨ ਵੇਚਣੀ ਹੀ ਪਏਗੀ-ਸਰਕਾਰ ਨੇ ਇਹ ਥਾਂ ਆਪਣੀਆਂ ਫ਼ੈਕਟਰੀਆਂ ਲਈ ਚੁਣੀ ਹੈ, ਠੀਕ ਹੀ ਚੁਣੀ ਹੈ ਅਤੇ ਫ਼ੈਕਟਰੀਆਂ ਬਣਨਗੀਆਂ ਹੀ ਬਣਨਗੀਆਂ।"

"ਏਥੇ ਕਿਉਂ?" ਬੀਜੂ ਨੇ ਉਹਨੂੰ ਵੰਗਾਰ ਕੇ ਆਖਿਆ। "ਜਾ ਜਾ ਕੇ ਆਪਣੀਆਂ ਫ਼ੈਕਟਰੀਆਂ ਕਿਸੇ ਅਜਿਹੀ ਥਾਂ 'ਤੇ ਬਣਾ, ਜਿਥੇ ਜ਼ਮੀਨ ਬੰਜਰ ਹੈ ਅਤੇ ਜਿਥੇ ਵੱਟਿਆਂ ਅਤੇ ਕੰਡਿਆਂ ਤੋਂ ਛੁੱਟ ਹੋਰ ਕੁੱਝ ਨਹੀਂ ਉੱਗਦਾ।" ਉਹਨੇ ਆਪਣਾ ਹੱਥ ਕਨਕੇਸ਼ਵਰ ਦੀਆਂ ਪਹਾੜੀਆਂ ਵੱਲ ਹਿਲਾਇਆ, ਜੋ ਸਾਹਿਲ ਦੇ ਨਾਲ ਲੱਗਦੀ ਹਰੀ ਪੱਟੀ ਨੂੰ, ਸਾਹਿਲ ਤੋਂ ਪਿਛਲੇ ਪਾਸੇ ਦੀ ਬੰਜਰ ਵੀਰਾਨ ਜ਼ਮੀਨ ਤੋਂ ਵੱਖਰਿਆਉਂਦੀਆਂ ਸਨ। ਅਸੀਂ ਆਪਣੀ ਖੇਤੀ ਵਾਲੀ ਵਧੀਆ ਜ਼ਮੀਨ ਫ਼ੈਕਟਰੀਆਂ ਲਈ ਕਿਉਂ ਵੇਚੀਏ?"

"ਤੁਹਾਨੂੰ ਵੇਚਣੀ ਹੀ ਪਏਗੀ-ਸਰਕਾਰ ਨੇ ਇਹੀ ਥਾਂ ਚੁਣੀ ਹੈ।"

"ਸਰਕਾਰ ਭਲਾ, ਸਾਨੂੰ ਪੁੱਛੇ ਬਗ਼ੈਰ ਕਿਵੇਂ ਚੁਣ ਸਕਦੀ ਹੈ?"

"ਤੁਹਾਨੂੰ ਕੌਣ ਪੁੱਛੇਗਾ, ਬੁੱਢਿਆ?" ਅਜਨਬੀ ਨੇ ਆਖਿਆ। "ਉਹਨੇ ਸਹੀ ਕਿਸਮ ਦੀ ਜ਼ਮੀਨ ਦਾ ਪਤਾ ਲਾਉਣ ਲਈ ਆਪਣੇ ਮਾਹਿਰ ਭੇਜੇ ਸਨ-ਅਤੇ ਉਹਨਾਂ ਮਾਹਿਰਾਂ ਨੇ ਇਸ ਜ਼ਮੀਨ ਨੂੰ ਚੁਣਿਆ ਹੈ। ਇਹ ਰੇਵਾਸ ਦੀ ਬੰਦਰਗਾਹ ਦੇ ਨੇੜੇ ਹੈ, ਇਸ ਲਈ ਏਥੋਂ ਬੰਬਈ ਨੂੰ ਢੋਆ-ਢੁਆਈ ਹੋ ਸਕੇਗੀ। ਇਹ ਬੰਬਈ ਦੇ ਨੇੜੇ ਹੈ-ਸਿਰਫ਼ ਚੌਦ੍ਹਾਂ ਕਿਲੋਮੀਟਰ ਦੂਰ। ਏਥੇ ਰੇਲਵੇ ਲਾਈਨ, ਸੌਖ ਨਾਲ ਵਿਛਾਈ ਜਾ ਸਕਦੀ ਹੈ। ਸੜਕ ਤਾਂ ਪਹਿਲਾਂ ਹੀ ਮੌਜੂਦ ਹੈ, ਸਿਰਫ਼ ਉਸਨੂੰ ਚੌੜੀ ਕਰਨ ਦੀ ਲੋੜ ਹੈ। ਢੋਆ-ਢੁਆਈ ਚੰਗੀ ਹੈ। ਇਹ ਸਮੁੰਦਰ ਦੇ ਨੇੜੇ ਹੈ ਅਤੇ ਖਚ-ਖੁਚ ਪੰਪਾਂ ਰਾਹੀਂ ਉਸ ਵਿੱਚ ਪਾਈ ਜਾ ਸਕਦੀ ਹੈ। ਫ਼ੈਕਟਰੀਆਂ ਲਈ ਅਤੇ ਉਹਨਾਂ ਲੋਕਾਂ ਲਈ ਹਾਊਸਿੰਗ ਕਾਲੋਨੀਆਂ ਲਈ ਜ਼ਮੀਨ ਕਾਫ਼ੀ ਹੈ, ਜੋ ਏਥੇ ਕੰਮ ਕਰਨ ਵਾਸਤੇ ਆਉਣਗੇ।"

"ਲੋਕ ? ਕਿਹੋ ਜਿਹੇ ਲੋਕ ਏਥੇ ਕੰਮ ਕਰਨ ਵਾਸਤੇ ਆਉਣਗੇ?"

"ਹਜ਼ਾਰਾਂ ਲੋਕ !" ਆਦਮੀ ਹੱਸਿਆ। "ਹਜ਼ਾਰਾਂ ਲੋਕ ਆਉਣਗੇ। ਉਹਨਾਂ ਲਈ ਪੂਰੀਆਂ ਦੀਆਂ ਪੂਰੀਆਂ ਕਾਲੋਨੀਆਂ ਬਣਾਉਣੀਆਂ ਪੈਣਗੀਆਂ, ਉਹਨਾਂ ਵਾਸਤੇ ਬੱਸਾਂ ਤੇ ਗੱਡੀਆਂ ਚਲਾਉਣੀਆਂ ਪੈਣਗੀਆਂ ਅਤੇ ਮਾਰਕਿਟਾਂ........।"

"ਅਤੇ ਸਾਡੇ ਬਾਰੇ ਜੋ ਪਹਿਲਾਂ ਹੀ ਏਥੇ ਰਹਿੰਦੇ ਹਨ, ਕੀ ਖ਼ਿਆਲ ਹੈ?" ਬੀਜੂ ਨੇ ਗ਼ੁੱਸੇ ਨਾਲ ਪੁੱਛਿਆ। ਉਸ ਦਾ ਚਿਹਰਾ ਲਾਲ-ਕਿਰਮਚੀ ਹੋ ਗਿਆ ਸੀ।

ਅਜਨਬੀ ਹੱਸਿਆ ਅਤੇ ਉਹਨੇ ਹਵਾ ਵਿਚ ਹੱਥ ਇਸ ਤਰ੍ਹਾਂ ਘੁਮਾਇਆ, ਜਿਵੇਂ ਜੜੀ ਬੂਟੀਆਂ ਤੇ ਘਾਹ-ਬੂਟ ਨੂੰ ਕੱਟ ਰਿਹਾ ਹੋਵੇ। "ਇਸ ਤਰ੍ਹਾਂ, ਤੁਹਾਡਾ ਇਹ ਪਿੰਡ ਚਲਿਆ ਜਾਵੇਗਾ। ਉਸ ਦੀ ਥਾਂ 'ਤੇ ਫ਼ੈਕਟਰੀਆਂ ਖੜੀਆਂ ਹੋ ਜਾਣਗੀਆਂ, ਫ਼ਰਟੇਲਾਈਜ਼ਰ ਬਣਾਏ ਜਾਣਗੇ, ਗੈਸ ਤਿਆਰ ਕੀਤੀ ਜਾਵੇਗੀ, ਬਹੁਤ ਸਾਰੀਆਂ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ। ਸਰਕਾਰ ਏਵੇਂ ਆਖਦੀ ਹੈ।" ਉਹਨੇ ਉਚੀ ਆਵਾਜ਼ ਵਿੱਚ ਇਸ ਗੱਲ ਦਾ ਵਾਧਾ ਕੀਤਾ, ਜਦੋਂ ਉਹ ਪਿੰਡ ਵਾਲਿਆਂ ਦੀਆਂ ਰੋਹ ਭਰੀਆਂ ਨਜ਼ਰਾਂ ਬਾਰੇ ਚੇਤੰਨ ਹੋਇਆ।

"ਤਾਂ ਫਿਰ ਮਛੇਰੇ ਤੇ ਕਿਸਾਨ ਹੁਣ ਫ਼ੈਕਟਰੀ ਕਾਮੇ ਬਣਨਗੇ।" ਬੀਜੂ ਉਚੀ ਸਾਰੀ ਚਿੱਲਾਇਆ। "ਤੁਹਾਡਾ ਮਤਲਬ ਹੈ ਕਿ ਇਹਨਾਂ ਮੁੰਡਿਆਂ ਨੂੰ ਆਪਣੇ ਪਿਉ-ਦਾਦੇ ਦੀਆਂ ਜ਼ਮੀਨਾਂ ਤੇ ਕਿਸ਼ਤੀਆਂ ਛੱਡਣੀਆਂ ਪੈਣਗੀਆਂ ਅਤੇ ਸ਼ਹਿਰ ਦੇ ਲੋਕਾਂ ਵਾਂਗ ਕੰਮ ਕਰਨ ਲਈ ਫ਼ੈਕਟਰੀਆਂ ਵਿੱਚ ਜਾਣਾ ਪਏਗਾ?"

"ਇਹ ਮੁੰਡੇ ?" ਆਦਮੀ ਨੇ ਆਪਣਾ ਸਿਰ ਭੁਆ ਲਿਆ ਅਤੇ ਉਹਨਾਂ 'ਤੇ ਇੱਕ ਠੰਡੀ-ਜਿਹੀ ਨਜ਼ਰ ਸੁੱਟੀ, ਜਿਥੇ ਕਿ ਉਹ ਖੜੇ ਬਹੁਤ ਧਿਆਨ ਨਾਲ ਸੁਣ ਰਹੇ ਸਨ। "ਮੈਂ ਇਹਨਾਂ ਮੁੰਡਿਆਂ ਬਾਰੇ ਨਹੀਂ ਜਾਣਦਾ-ਮੈਂ ਤਾਂ ਸਿਰਫ਼ ਇੰਜੀਨੀਅਰਾਂ ਅਤੇ ਮਕੈਨਿਕਾਂ ਬਾਰੇ ਜਾਣਦਾ ਹਾਂ, ਜੋ ਫ਼ੈਕਟਰੀਆਂ ਨੂੰ ਚਲਾਉਣ ਲਈ ਕਿਤੋਂ ਬਾਹਰੋਂ ਲਿਆਉਣੇ ਪੈਣਗੇ।"

"ਅਤੇ ਅਸੀਂ?" ਹਰੀ ਦੀ ਥਾਂ 'ਤੇ ਰਾਮੂ ਚਿੱਲਾਇਆ, ਹਰੀ, ਜੋ ਆਪਣੇ ਸੰਘ ਵਿੱਚ ਸਿਰਫ਼ ਖ਼ੁਸ਼ਕ ਜਲੂਣ ਜਿਹੀ ਮਹਿਸੂਸ ਕਰ ਰਿਹਾ ਸੀ, ਜੋ ਉਸ ਨੂੰ ਬੋਲਣਾ ਚਾਹੁਣ ਲਈ ਪ੍ਰੇਰ ਰਹੀ ਸੀ ਪਰ ਨਾਲ ਹੀ ਅਜਿਹਾ ਕਰਨ ਤੋਂ ਰੋਕ ਵੀ ਰਹੀ ਸੀ।

"ਤੁਸੀਂ ?" ਆਦਮੀ ਨੇ ਉਸ ਵੱਲ ਘਿਰਣਾ ਨਾਲ ਵੇਖਿਆ। ਇਹ ਬਿਰਧ ਆਦਮੀ ਤੁਹਾਨੂੰ ਆਪਣੀ ਬੇੜੀ ਵਿੱਚ ਪਾ ਲਵੇਗਾ ਅਤੇ ਤੁਹਾਨੂੰ ਮੱਛੀਆਂ ਫੜਨ ਲਈ ਦੂਰ ਭੇਜ ਦੇਵੇਗਾ-ਪੰਜਾਹ ਮੀਲ ਦੂਰ।" ਉਹ ਹੱਸਿਆ, "ਦੂਰ, ਬਹੁਤ ਦੂਰ !' ਉਹ, ਆਪਣਾ ਹੱਥ ਸਮੁੰਦਰ ਵੱਲ ਲਹਿਰਾਉਂਦਾ ਗੱਜਿਆ, ਜੋ ਚਿੱਟੇ-ਸਫ਼ੈਦ ਸੂਰਜ ਹੇਠ ਲਿਸ਼ਕ ਰਿਹਾ ਸੀ ਅਤੇ ਛੱਲਾਂ ਮਾਰ ਰਿਹਾ ਸੀ।

ਪਿੰਡ ਰੋਹ ਨਾਲ ਭਰਿਆ-ਭਕੁੰਨਿਆ ਸੀ। ਜਿਉਂ ਹੀ ਹਰੀ ਪਿੰਡ ਦੀ ਬੀਹੀ ਵਿਚੋਂ ਦੀ ਹੁੰਦਾ ਹੋਇਆ, ਮੰਦਰ ਤੱਕ ਗਿਆ ਸੀ, ਤਾਂ ਉਹਨੇ ਇਹ ਰੋਹ ਹਰ ਥਾਂ ਅਨੁਭਵ ਕੀਤਾ ਸੀ। ਉਹਨੇ ਲੀਲਾ ਨਾਲ ਵਾਅਦਾ ਕੀਤਾ ਹੋਇਆ ਸੀ ਕਿ ਉਹ ਵੇਖੇਗਾ, ਜੇ ਕਿਧਰੇ ਬਰਫ਼ ਮੁੱਲ ਵਿਕਦੀ ਹੋਈ, ਤਾਂ ਉਹ ਥੋੜ੍ਹੀ ਜਿਹੀ ਬਰਫ਼ ਆਪਣੀ ਮਾਂ ਲਈ ਲੈ ਆਵੇਗਾ, ਜੋ ਤਾਪ ਨਾਲ ਤਪ ਰਹੀ ਸੀ। ਭਾਵੇਂ ਝਾਕੀ ਆਮ ਵਰਗੀ ਚੁੱਪਚਾਪ ਤੇ ਖ਼ਾਮੋਸ਼ ਸੀ, ਸ਼ੋਖ਼ ਸਾੜ੍ਹੀਆਂ, ਵਰਾਂਡਿਆਂ ਦੇ ਜੰਗਲਿਆਂ 'ਤੇ ਸੁੱਕਣ ਲਈ ਲਟਕਾਈਆਂ ਹੋਈਆਂ ਸਨ। ਇਸਤਰੀਆਂ ਦਰਵਾਜ਼ਿਆਂ ਦੇ ਨਾਲ ਲੱਗੇ ਤੁਲਸੀ ਦੇ ਪਵਿੱਤਰ ਪੌਦਿਆਂ ਨੂੰ ਪਾਣੀ ਦੇ ਰਹੀਆਂ ਸਨ। ਮਾਰਕਿਟ ਦੀਆਂ ਔਰਤਾਂ, ਆਪਣੇ ਅੱਗੇ ਫੈਲਾਏ ਪੱਤਿਆਂ 'ਤੇ ਰੱਖੇ ਫੁੱਲਾਂ ਦੇ ਹਾਰਾਂ ਅਤੇ ਕੇਲਿਆਂ ਨੂੰ ਉਲਟਾ ਪਰਤਾ ਕੇ, ਤਰਤੀਬ ਦੇ ਰਹੀਆਂ ਸਨ। ਹਵਾ ਵਿਚ ਕੁਝ ਸੀ, ਸਿੱਥਲ ਜਿਹੇ ਆਲਸ-ਭਰੇ ਮਾਹੌਲ ਦੀ ਥਾਂ ਤਣਾਅ, ਰੋਹ, ਰੋਸ ਦੇ ਮਾਹੌਲ ਨੇ ਲੈ ਲਈ ਸੀ।

ਇਸਨੂੰ ਬਹੁਤ ਜ਼ੋਰਦਾਰ ਤੇ ਵਿਲਖਣ ਢੰਗ ਨਾਲ ਮਹਿਸੂਸ ਕਰਦਿਆਂ, ਹਰੀ ਨੂੰ ਇਹ ਵੇਖ ਕੇ, ਕੋਈ ਹੈਰਾਨੀ ਨਹੀਂ ਸੀ ਹੋਈ ਕਿ ਲੋਕਾਂ ਦਾ ਇਕ ਬਹੁਤ ਵੱਡਾ ਸਮੂਹ, ਮੰਦਰ ਦੇ ਇੱਟਾਂ ਦੇ ਬਣੇ ਹਾਲ ਦੇ ਬਾਹਰ ਇਕੱਠਾ ਹੋ ਗਿਆ ਸੀ। ਨਾ ਸਿਰਫ਼ ਵਿਹਲੜ ਜਵਾਨ ਮੁੰਡੇ ਅਤੇ ਮਛਵਾੜੇ, ਜਿਹਨਾਂ ਪਾਸ ਕਰਨ ਲਈ ਹੋਰ ਕੋਈ ਕੰਮ ਨਹੀਂ ਸੀ, ਸਗੋਂ ਕਿਸਾਨ ਵੀ ਜਿਹਨਾਂ ਪਾਸ ਨਾਰੀਅਲ ਤੇ ਸੁਪਾਰੀ ਦੇ ਵੱਡੇ-ਵੱਡੇ ਬਾਗ਼ ਸਨ, ਹੋਰ ਤਾਂ ਹੋਰ ਇਸਤਰੀਆਂ ਅਤੇ ਕੁੜੀਆਂ-ਮੁਟਿਆਰਾਂ ਵੀ ਸੰਘਣਾ ਝੁੰਡ ਜਿਹਾ ਬਣਾ ਕੇ ਖੜੀਆਂ ਸਨ, ਅਤੇ ਉਹ ਸਾਰੇ ਇਕ ਨੌਜਵਾਨ ਨੂੰ ਸੁਣ ਰਹੇ ਸਨ, ਜੋ ਉਹਨਾਂ ਸੀੜ੍ਹੀਆਂ ਦੇ ਸਭ ਤੋਂ ਉਪਰਲੇ ਜ਼ੀਨੇ ਤੇ ਖਲੋਤਾ ਸੀ ਜੋ ਮੰਦਰ ਨੂੰ ਜਾਂਦੀਆਂ ਸਨ। ਉਹ ਤਕਰੀਰ ਕਰ ਰਿਹਾ ਸੀ ਅਤੇ ਹਰੀ ਉਸਨੂੰ ਸੁਣਨ ਲਈ ਹੋਰ ਨੇੜੇ ਹੋ ਗਿਆ।

ਮੈਂ ਅਲੀਬਾਗ਼ ਤੋਂ ਆਇਆ ਹਾਂ, ਤੁਹਾਨੂੰ ਇਹ ਆਖਣ ਲਈ ਕਿ ਤੁਸੀਂ ਸਾਡੇ ਨਾਲ ਸ਼ਾਮਲ ਹੋ ਜਾਓ। ਸਾਡਾ ਸਾਰਿਆਂ ਦਾ ਇਸ ਮਾਮਲੇ ਨਾਲ ਵਾਸਤਾ ਹੈ।

ਅਸੀਂ ਸਾਰੇ ਜੋ ਏਥੇ, ਰੇਵਾਸ ਤੋਂ ਲੈ ਕੇ ਅਲੀਬਾਗ਼ ਤੱਕ, ਸਾਹਿਲ ਦੇ ਨਾਲ ਲੱਗਦੇ ਇਹਨਾਂ ਚੌਦ੍ਹਾਂ ਪਿੰਡਾਂ ਵਿੱਚ ਰਹਿੰਦੇ ਹਾਂ। ਸਾਡੇ 'ਚੋਂ ਹਰ ਇੱਕ ਨੂੰ ਖ਼ਤਰਾ ਹੈ। ਸਾਡੀ ਜ਼ਮੀਨ ਸਾਥੋਂ ਖੋਹੀ ਜਾ ਰਹੀ ਹੈ। ਜਿਥੇ ਅਸੀਂ ਆਪਣੇ ਟੱਬਰਾਂ ਲਈ ਨਾਰੀਅਲ ਅਤੇ ਵਧੀਆ ਚੌਲ ਉਗਾਉਂਦੇ ਹਾਂ, ਉਥੇ ਉਹ ਆਪਣੀਆਂ ਫ਼ੈਕਟਰੀਆਂ ਉਸਾਰਨਾ ਚਾਹੁੰਦੇ ਹਨ। ਸਾਡੀਆਂ ਫ਼ਸਲਾਂ ਤਬਾਹ ਕਰ ਦਿੱਤੀਆਂ ਜਾਣਗੀਆਂ, ਤਾਂ ਜੋ ਉਹਨਾਂ ਦੀ ਬਜਾਏ ਉਹਨਾਂ ਦੀਆਂ ਫ਼ੈਕਟਰੀਆਂ ਖੜੀਆਂ ਹੋ ਸਕਣ। ਫ਼ੈਕਟਰੀਆਂ ਦਾ ਸਾਰਾ ਗੰਦ-ਮੰਦ ਸਮੁੰਦਰ ਵਿੱਚ ਸੁੱਟਿਆ ਜਾਵੇਗਾ। ਜਦੋਂ ਤੁਸੀਂ ਫ਼ਰਟੇਲਾਈਜ਼ਰ ਬਣਾਉਂਦੇ ਹੋ ਤਾਂ ਬਹੁਤ ਸਾਰੇ ਵਾਧੂ ਪ੍ਰਵਾਹਮਾਨ ਪਦਾਰਥ ਪੈਦਾ ਹੁੰਦੇ ਹਨ, ਜਿਹਨਾਂ ਨੂੰ ਠਿਕਾਣੇ ਲਾਉਣਾ ਪੈਂਦਾ ਹੈ। ਉਹਨਾਂ ਦੇ ਸਮੁੰਦਰ ਵਿੱਚ ਸੁੱਟੇ ਜਾਣ ਨਾਲ, ਮੀਲਾਂ ਦੂਰ-ਦੂਰ ਤੱਕ ਦੇ ਪਾਣੀ ਵਿੱਚੋਂ ਮੱਛੀਆਂ ਮਰ ਜਾਣਗੀਆਂ। ਅਸੀਂ ਆਪਣੀ

ਭੂਮੀ ਤੋਂ ਬਗ਼ੈਰ, ਸਮੁੰਦਰ ਤੋਂ ਬਿਨਾਂ ਕਿਵੇਂ ਜੀਵਿਤ ਰਹਿ ਸਕਾਂਗੇ?" ਉਹਨੇ ਟੁਣਕਵੀਂ ਆਵਾਜ਼ ਵਿੱਚ ਆਪਣੀਆਂ ਬਾਹਵਾਂ ਉਲਾਰ ਕੇ ਉਹਨਾਂ ਨੂੰ ਵੰਗਾਰ ਪਾਉਂਦਿਆਂ ਆਖਿਆ ਅਤੇ ਇਹ ਵੀ ਆਖਿਆ ਕਿ ਉਹ ਉਹਨਾਂ ਨੂੰ ਵੀ ਇਸ ਸੰਕਟ ਵਿੱਚ ਸ਼ਾਮਲ ਕਰਨਗੇ।

"ਅਸੀਂ ਜੀਵਿਤ ਕਿਵੇਂ ਰਹਾਂਗੇ?" ਉਹਨਾਂ ਸਾਰਿਆਂ ਇੱਕ ਆਵਾਜ਼ ਹੋ ਕੇ ਉਤਰ ਵਿੱਚ ਨਾਅਰਾ ਲਾਇਆ। ਹਰੀ ਨੇ ਆਪਣੇ-ਆਪ ਨੂੰ ਉਚੀ ਸੁਰ ਵਿੱਚ ਆਖਦਿਆਂ ਸੁਣਿਆ, "ਕਿਵੇਂ?" ਅਤੇ ਉਹ ਇਸ ਆਵਾਜ਼ 'ਤੇ ਹੈਰਾਨ ਹੋ ਕੇ ਰਹਿ ਗਿਆ।

"ਉਹ ਤੁਹਾਨੂੰ ਸ਼ਾਂਤ ਕਰਨ ਵਾਸਤੇ ਆਪਣੇ ਆਦਮੀ ਭੇਜਣਗੇ- ਤੁਹਾਨੂੰ ਝੂਠਾਂ ਨਾਲ ਸ਼ਾਂਤ ਕਰਨ ਵਾਸਤੇ। ਉਹ ਆਦਮੀ ਤੁਹਾਨੂੰ ਦੱਸਣਗੇ ਕਿ ਤੁਹਾਨੂੰ ਨੌਕਰੀਆਂ ਮਿਲਣਗੀਆਂ। ਮੈਂ ਤੁਹਾਨੂੰ ਦੱਸ ਦਿਆਂ ਕਿ ਉਹ ਸਾਨੂੰ ਸਾਰਿਆਂ ਨੂੰ ਨੌਕਰੀਆਂ ਨਹੀਂ ਦੇ ਸਕਦੇ। ਫ਼ੈਕਟਰੀਆਂ ਸਿਖਲਾਈ-ਪ੍ਰਾਪਤ ਇੰਜੀਨੀਅਰਾਂ ਦੁਆਰਾ ਚਲਾਈਆਂ ਜਾਣਗੀਆਂ, ਜਿਹਨਾਂ ਸ਼ਹਿਰਾਂ ਦੇ ਕਾਲਜਾਂ ਤੋਂ ਡਿਗਰੀਆਂ ਪ੍ਰਾਪਤ ਕੀਤੀਆਂ ਹੋਣਗੀਆਂ। ਹੋ ਸਕਦਾ ਹੈ ਕਿ ਸਾਡੇ ਵਰਗੇ ਉਹਨਾਂ ਸਾਧਾਰਨ ਲੋਕਾਂ ਲਈ ਵੀ ਕੁਝ ਨੌਕਰੀਆਂ ਹੋਣ, ਜੋ ਕਦੇ ਸਕੂਲ ਨਹੀਂ ਗਏ, ਪਰ ਜਿਹਨਾਂ ਆਪਣਾ ਜੀਵਨ ਹੋਰ ਲੋਕਾਂ ਲਈ ਅਨਾਜ ਉਗਾਉਣ ਦੇ ਲੇਖੇ ਲਾ ਦਿੱਤਾ ਹੈ। ਪਰ ਇਹ ਨੌਕਰੀਆਂ ਹੋਣਗੀਆਂ ਝਾੜੂ ਦੇਣ ਵਾਲਿਆਂ ਦੀਆਂ, ਕੁਲੀਆਂ ਦੀਆਂ, ਸਭ ਤੋਂ ਨਖਿੱਧ ਨੌਕਰੀਆਂ, ਸੱਭ ਤੋਂ ਘੱਟ ਤਨਖ਼ਾਹ ਵਾਲੀਆਂ ਨੌਕਰੀਆਂ। ਹਾਂ.......ਉਹ ਸਾਨੂੰ ਇਹ ਨੌਕਰੀਆਂ ਹੀ ਦੇਣਗੇ। ਪਰ ਇਹ ਇੰਜੀਨੀਅਰ ਹੋਣਗੇ ਜਿਹਨਾਂ ਨੂੰ ਵਧੀਆ ਤਨਖ਼ਾਹ ਮਿਲੇਗੀ- ਜਿਹਨਾਂ ਨੂੰ ਰਹਿਣ ਵਾਸਤੇ ਮਕਾਨ ਦਿੱਤੇ ਜਾਣਗੇ- ਸ਼ਹਿਰਾਂ ਤੋਂ ਆਏ ਇੰਜੀਨੀਅਰ। ਉਹ ਆਖਦੇ ਹਨ ਕਿ ਉਹਨਾਂ ਨੂੰ ਆਪਣੀਆਂ ਫ਼ੈਕਟਰੀਆਂ ਲਈ ਸਿਰਫ਼ ਪੰਜ ਸੌ ਏਕੜ ਦੀ ਹੀ ਲੋੜ ਹੋਵੇਗੀ ਪਰ ਹਾਊਸਿੰਗ ਕਾਲੋਨੀਆਂ ਲਈ ਅਤੇ ਉਹਨਾਂ ਸਾਰੀਆਂ ਛੋਟੀਆਂ-ਛੋਟੀਆਂ ਫ਼ੈਕਟਰੀਆਂ ਲਈ ਹੋਰ ਹਜ਼ਾਰਾਂ ਏਕੜਾਂ ਦੀ ਲੋੜ ਹੋਵੇਗੀ, ਜੋ ਹਮੇਸ਼ਾ ਹੀ ਇਕ ਵੱਡੀ ਫ਼ੈਕਟਰੀ ਦੇ ਆਲੇ-ਦੁਆਲੇ ਖੜੀਆਂ ਹੋ ਜਾਂਦੀਆਂ ਹਨ। ਉਹ ਸਾਡੇ ਕੋਲੋਂ ਸਾਡੀ ਸਭ ਤੋਂ ਵਧੀਆ ਜ਼ਮੀਨ 'ਚੋਂ ਘੱਟੋ-ਘੱਟ ਢਾਈ ਹਜ਼ਾਰ ਏਕੜ ਲੈ ਜਾਣਗੇ-ਮਹਾਰਾਸ਼ਟਰ ਦੀ ਸੱਭ ਤੋਂ ਜ਼ਰਖ਼ੇਜ਼ ਜ਼ਮੀਨ 'ਚੋਂ ਅਤੇ ਬਦਲੇ ਵਿਚ ਉਹ ਸਾਡੇ ਨਾਰੀਅਲ ਦੇ ਉਚੇ ਲੰਮੇ, ਹਰੇ-ਭਰੇ ਰੁੱਖ ਵੱਢ ਛੱਡਣਗੇ, ਸਾਡੀਆਂ ਧਾਨ ਦੀਆਂ ਫ਼ਸਲਾਂ ਤਬਾਹ ਕਰ ਦੇਣਗੇ, ਸਮੁੰਦਰ ਵਿੱਚ ਮੱਛੀਆਂ ਨੂੰ ਮਾਰ ਦੇਣਗੇ ਅਤੇ ਫਿਰ ਉਹ ਸਾਨੂੰ ਬਾਹਰ ਕੱਢ ਦੇਣਗੇ ਕਿਉਂਕਿ ਸਾਡਾ ਉਹਨਾਂ ਨੂੰ ਕੋਈ ਫ਼ਾਇਦਾ ਨਹੀਂ ਹੋਵੇਗਾ। ਕੀ ਅਸੀਂ ਆਪਣੇ ਨਾਲ ਇਹ ਹੋਣ ਦਿਆਂਗੇ?" ਉਹ ਗੱਜਿਆ।

"ਨਹੀਂ, ਨਹੀਂ, ਨਹੀਂ," ਉਸ ਦੇ ਉਤਰ ਵਿੱਚ ਅੱਗੋਂ ਲੋਕ ਵੀ ਉਚੀ-ਉਚੀ ਗਰਜੇ।" ਅਸੀਂ ਇਹ ਨਹੀਂ ਹੋਣ ਦਿਆਂਗੇ, ਨਹੀਂ ਹੋਣ ਦਿਆਂਗੇ।"

"ਤਾਂ ਫਿਰ, ਸਾਡੇ ਨਾਲ ਬੰਬਈ ਚਲੋ, ਮੁਖ ਮੰਤਰੀ ਸਾਹਿਬ ਨੂੰ ਇਹ ਦੱਸਣ ਲਈ ਕਿ ਅਸੀਂ ਉਸ ਦੀਆਂ ਯੋਜਨਾਵਾਂ ਬਾਰੇ ਕੀ ਸੋਚਦੇ ਹਾਂ। ਅਸੀਂ ਅਲੀਬਾਗ਼ ਦੇ ਜ਼ਿਲ੍ਹਾ ਕਮਿਸ਼ਨਰ ਨਾਲ ਪਹਿਲਾਂ ਹੀ ਗੱਲ ਕਰ ਚੁੱਕੇ ਹਾਂ ਅਤੇ ਉਹਨੇ ਸਾਡੇ ਲਈ ਕੁਝ ਨਹੀਂ ਕੀਤਾ। ਆਖਿਆ ਗਿਆ ਸੀ ਕਿ ਕੋਈ ਮੰਤਰੀ ਸਾਹਿਬ ਆਏ ਹਨ ਅਤੇ ਸਾਡੇ ਨਾਲ ਗੱਲ ਕਰਨਗੇ। ਪਰ ਸੱਚ ਤਾਂ ਇਹ ਹੈ ਕਿ ਜਦੋਂ ਮੰਤਰੀ ਜੀ ਨੇ ਸਾਨੂੰ, ਉਹਨਾਂ ਦੀ ਉਡੀਕ ਕਰਦਿਆਂ ਵੇਖਿਆ ਤਾਂ ਉਹ ਡਰ ਗਏ ਅਤੇ ਆਪਣੀ ਕਾਰ ਵਿੱਚ ਬੈਠ ਕੇ ਛੇਤੀ ਨਾਲ ਬੰਬਈ ਨੂੰ ਵਾਪਸ ਰਵਾਨਾ ਹੋ

ਗਏ ਅਤੇ ਸਾਡੇ ਨਾਲ ਨਿਪਟਣ ਲਈ ਪੁਲਿਸ ਨੂੰ ਛੱਡ ਗਏ। ਪੁਲਿਸ ਵਾਲਿਆਂ ਨੇ ਆਪਣੇ ਡੰਡਿਆਂ ਨਾਲ ਸਾਨੂੰ ਉਥੋਂ ਭਜਾ ਦਿੱਤਾ। ਅਸੀਂ ਇਹ ਵਤੀਰਾ ਬਰਦਾਸ਼ਤ ਨਹੀਂ ਕਰ ਸਕਾਂਗੇ। ਅਸੀਂ ਪੁਲਿਸ-ਰਾਜ ਨੂੰ ਸਹਿਣ ਨਹੀਂ ਕਰਾਂਗੇ। ਉਹ ਗਰਜ ਰਿਹਾ ਸੀ, ਉਸ ਦੇ ਲੰਮੇ-ਲੰਮੇ ਵਾਲ ਉਸਦੇ ਮੋਢਿਆਂ ਕੋਲ ਉਡ ਰਹੇ ਸਨ ਅਤੇ ਉਸ ਦੀਆਂ ਬਾਹਵਾਂ ਉਪਰ ਅਸਮਾਨ ਵੱਲ ਉਠੀਆਂ ਹੋਈਆਂ ਸਨ।

"ਪੁਲਿਸ ਰਾਜ ਨਹੀਂ ! ਪੁਲਿਸ ਰਾਜ ਨਹੀਂ !" ਸਰੋਤੇ ਰਲ ਕੇ ਉਚੀ-ਉਚੀ ਆਖ ਰਹੇ ਸਨ। ਹਰੀ ਉਹਨਾਂ ਵਿੱਚ ਸ਼ਾਮਲ ਸੀ। ਉਹਨੇ ਆਪਣੇ ਅੱਗੇ ਖਲੋਤੇ ਮੁੰਡੇ ਦੀ ਪਿੱਠ 'ਤੇ ਜ਼ੋਰ ਦੀ ਮੁੱਕੀ ਮਾਰੀ ਜਿਉਂ ਹੀ ਉਹਨੇ ਇਹ ਸ਼ਬਦ ਮਸਤੀ ਵਿਚ ਆ ਕੇ ਆਖੇ।

"ਹੁਣ ਸਾਨੂੰ ਸਿੱਧੇ ਮੁੱਖ ਮੰਤਰੀ ਪਾਸ ਜਾਣਾ ਚਾਹੀਦਾ ਹੈ। ਜੇ ਉਹ ਨਹੀਂ ਆਵੇਗਾ ਅਤੇ ਸਾਡੀ ਗੱਲ ਨਹੀਂ ਸੁਣੇਗਾ ਤਾਂ ਅਸੀਂ ਬੰਬਈ, ਉਸਦੇ ਦਫ਼ਤਰ ਵਿੱਚ ਜਾਵਾਂਗੇ, ਜਿਥੇ ਉਹ ਬੈਠਦਾ ਹੈ ਅਤੇ ਉਸਨੂੰ ਗੱਲ ਸੁਣਨ 'ਤੇ ਮਜਬੂਰ ਕਰਾਂਗੇ। ਨੌਜਵਾਨ ਗੜ੍ਹਕਿਆ, "ਮੇਰੇ ਨਾਲ ਕੌਣ ਆਵੇਗਾ? ਕੀ ਤੁਸੀਂ ਆਵੋਗੇ?"

"ਹਾਂ, ਹਾਂ, ਹਾਂ !" ਹਜੂਮ ਵਿਚੋਂ ਗਰਜ ਉਚੀ ਉਠੀ। ਇਸ ਗਰਜ ਵਿੱਚ ਇਸਤਰੀਆਂ ਤੇ ਬੱਚਿਆਂ ਦੀ ਗਰਜ ਵੀ ਮਿਲੀ ਹੋਈ ਸੀ, ਜੋ ਕਦੇ ਅਲੀਬਾਗ਼ ਤੋਂ ਅੱਗੇ ਨਹੀਂ ਸਨ ਗਏ ਅਤੇ ਉਹਨਾਂ ਦੇ ਖੀਸਿਆਂ ਵਿੱਚ ਨਾ ਬੱਸ ਦਾ ਅਤੇ ਨਾ ਹੀ ਬੇੜੀ ਦਾ ਕਿਰਾਇਆ ਸੀ।

"ਤਾਂ ਫਿਰ ਮੈਨੂੰ ਰੇਵਾਸ ਵਿਖੇ, ਘਾਟ 'ਤੇ ਮਿਲਣਾ, ਕੱਲ੍ਹ ਸਵੇਰੇ, ਦਿਨ ਚੜ੍ਹਦਿਆਂ ਹੀ ਅਤੇ ਅਸੀਂ ਮੱਛੀਆਂ ਫੜਨ ਵਾਲੀਆਂ ਕਿਸ਼ਤੀਆ ਵਿੱਚ ਰਵਾਨਾ ਹੋ ਜਾਵਾਂਗੇ। ਅਸੀਂ ਬੰਬਈ ਜਾਵਾਂਗੇ। ਅਸੀਂ ਮੁੱਖ ਮੰਤਰੀ ਸਾਹਿਬ ਨੂੰ, ਉਹਨਾਂ ਦੇ ਦਫਤਰ 'ਚ ਮਿਲਾਂਗੇ ਅਤੇ ਉਸ ਨੂੰ ਆਪਣੀ ਗੱਲ ਸੁਣਾਵਾਂਗੇ। ਜਦੋਂ ਉਹ ਸਾਨੂੰ ਆਇਆ ਵੇਖਣਗੇ, ਤਾਂ ਉਹ ਡਰ ਜਾਣਗੇ। ਪਰ ਉਹਨਾਂ ਨੂੰ ਸ਼ਾਂਤੀ ਨਾਲ ਬੈਠ ਕੇ, ਸਾਡੀ ਗੱਲ ਸੁਣਨੀ ਪਏਗੀ, ਅਸੀਂ ਉਹਨਾਂ ਨੂੰ ਦੱਸਾਂਗੇ ਕਿ ਉਹ ਸਾਡੀ ਜ਼ਮੀਨ ਨਹੀਂ ਲੈ ਸਕਦੇ, ਉਹ ਸਾਡੇ ਪਾਸੋਂ ਸਮੁੰਦਰ ਨਹੀਂ ਲੈ ਸਕਦੇ- ਜ਼ਮੀਨ ਸਾਡੀ ਹੈ, ਸਾਗਰ ਸਾਡਾ ਹੈ।"

"ਸਾਡੇ ! ਸਾਡੇ ! ਸਾਡੇ !" ਲੋਕਾਂ ਨੇ ਉਚੀ ਆਵਾਜ਼ ਵਿੱਚ ਆਖਿਆ, ਆਪਣੀਆਂ ਬਾਹਵਾਂ ਹਵਾ ਵਿੱਚ ਉਚੀਆਂ ਉਲਾਰ ਕੇ। ਉਹ ਆਪਣੀਆਂ ਬਾਹਵਾਂ ਜ਼ੋਰ-ਜ਼ੋਰ ਦੀ ਹਿਲਾ ਰਹੇ ਸਨ, ਜਿਵੇਂ ਧਰਤੀ 'ਤੇ ਨਾਰੀਅਲ ਦੇ ਅਣਗਿਣਤ ਰੁੱਖ ਹੋਣ, ਜਿਵੇਂ ਸਮੁੰਦਰ 'ਤੇ ਬੇਸ਼ੁਮਾਰ ਬਾਦਬਾਨ ਤਣੇ ਹੋਏ ਹੋਣ।

ਜਦੋਂ ਹਰੀ ਅਖ਼ੀਰ ਉਸ ਦੁਕਾਨ 'ਤੇ ਅਪੱੜਿਆ, ਜੋ ਕੁੱਝ ਚਿਰ ਪਹਿਲਾਂ, ਮਾਛੀਆਂ ਕੋਲ ਵੇਚਣ ਲਈ, ਅਲੀਬਾਗ਼ ਦੀ ਇੱਕ ਬਰਫ਼ ਫ਼ੈਕਟਰੀ ਤੋਂ ਬਰਫ ਮੰਗਵਾਇਆ ਕਰਦੀ ਸੀ, ਤਾਂ ਉਸ ਨੂੰ ਦੱਸਿਆ ਗਿਆ ਕਿ ਬਰਫ਼ ਹਾਲੇ ਤੱਕ ਪੁੱਜੀ ਨਹੀਂ। ਦੇਰ ਹੋ ਗਈ ਸੀ, ਸ਼ਾਹਰਾਹ 'ਤੇ ਫ਼ਰਟੇਲਾਈਜ਼ਰ ਫ਼ੈਕਟਰੀ ਦੇ ਖ਼ਿਲਾਫ਼ ਅੰਦੋਲਨ ਕਰਦੇ ਕਿਸਾਨਾਂ ਅਤੇ ਮਛਵਾੜਿਆਂ ਦੇ ਇੱਕ ਬਹੁਤ ਵੱਡੇ ਤੇ ਵਿਸ਼ਾਲ ਜਲੂਸ ਕਾਰਨ ਆਵਾਜਾਈ ਰੁਕੀ ਹੋਈ ਸੀ।

ਹਰੀ ਨੇ ਸਿਰ ਹਿਲਾਇਆ। ਉਹਨੂੰ ਉਸ ਬਾਰੇ ਪਤਾ ਸੀ। ਪਰ ਉਸਨੂੰ ਬਰਫ ਦੀ ਲੋੜ ਸੀ। ਉਹਦੇ ਕੋਲ ਸਾਰਾ ਦਿਨ ਕਰਨ ਲਈ ਹੋਰ ਕੋਈ ਕੰਮ ਨਹੀਂ ਸੀ, ਇਸ ਲਈ ਉਹ ਦੁਕਾਨ ਦੇ ਨੇੜੇ ਫੁੱਲਾਂ ਦੀ ਇੱਕ ਝਾੜੀ ਪਾਸ ਬੈਠ ਗਿਆ ਅਤੇ ਬਰਫ਼ ਦੇ ਆਉਣ ਦੀ ਉਡੀਕ ਕਰਨ

ਲੱਗਾ। ਉਹ ਛਾਂ ਤੋਂ ਅਤੇ ਸੱਖਣੀ ਦੁਕਾਨ ਦੇ ਆਲੇ-ਦੁਆਲੇ ਦੀ ਚੁੱਪ ਤੋਂ ਖ਼ੁਸ਼ ਸੀ। ਉਸ ਨੂੰ ਇਕੱਲ ਦੀ ਅਤੇ ਗੱਲਾਂ 'ਤੇ ਖ਼ੁਦ ਸੋਚ-ਵਿਚਾਰ ਕਰਨ ਦੀ ਜ਼ਰੂਰਤ ਸੀ।

ਚੂੰਕਿ ਉਹ ਆਪਣੇ ਘਰੋਂ ਸਵੇਰ ਦਾ ਹੀ ਸਗੋਂ ਉਸ ਤੋਂ ਵੀ ਪਹਿਲਾਂ ਦਾ ਨਿੱਕਲਿਆ ਹੋਇਆ ਸੀ, ਪਿਛਲੀ ਰਾਤ ਦਾ ਹੀ, ਜਦੋਂ ਕਿ ਉਸ ਦੀਆਂ ਭੈਣਾਂ, ਵਾਸਤਵ ਵਿੱਚ ਕੁੱਝ ਬੋਲੇ ਬਗ਼ੈਰ, ਉਸ ਪਾਸੋਂ ਕਿਸੇ ਚੀਜ਼ ਦੀ ਮੰਗ ਕਰਦੀਆਂ ਪ੍ਰਤੀਤ ਹੋਈਆਂ ਸਨ, ਉਸ ਨੇ ਆਪਣੇ-ਆਪ ਨੂੰ ਭੀੜ ਦੁਆਰਾ ਧੱਕੇ ਖਾਂਦਾ ਮਹਿਸੂਸ ਕੀਤਾ ਸੀ। ਕਦੇ ਇੱਕ ਪਾਸੇ, ਕਦੇ ਦੂਜੇ ਪਾਸੇ ਠਿੱਲ੍ਹਦਾ-ਲੁੜ੍ਹਕਦਾ ਅਨੁਭਵ ਕੀਤਾ ਸੀ ਅਤੇ ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕਿਹੜਾ ਪਾਸਾ ਚੁਣੇ।

ਉਸ ਸਵੇਰ, ਸਵਖਤੇ ਹੀ ਬੀਚ 'ਤੇ ਨਿੱਕਲੇ ਹੋਣ ਦੇ ਬਾਵਜੂਦ ਬੀਜੂ ਅਤੇ ਸ਼ਹਿਰ ਦੇ ਆਦਮੀ ਦੀ ਵਾਰਤਾਲਾਪ ਨੇ ਉਸ ਨੂੰ ਬੀਜੂ ਪਾਸੋਂ ਨੌਕਰੀ ਮੰਗਣ ਤੋਂ ਰੋਕ ਦਿੱਤਾ ਸੀ। ਉਸ ਗੱਲਬਾਤ ਨੂੰ ਸੁਣ ਕੇ ਉਹਨਾਂ ਮਹਿਸੂਸ ਕੀਤਾ ਸੀ ਕਿ ਸ਼ਹਿਰ ਦਾ ਕਟਾਕਸ਼ੀ, ਗਿਆਨਵਾਨ ਚੌਕੀਦਾਰ, ਚੰਦਰੇ ਸੁਭਾਅ ਵਾਲੇ ਬੁੱਢੇ ਬੀਜੂ ਅਤੇ ਬੇੜੀ 'ਤੇ ਕੰਮ ਕਰਨ ਵਾਲੇ ਉਹਨਾਂ ਸਾਰੇ ਮਸਖ਼ਰੇ ਕਾਮਿਆਂ ਅਤੇ ਵਿਹਲੜ ਮੁੰਡਿਆਂ, ਜਿਹਨਾਂ ਸਕੂਲ ਛੱਡ ਦਿੱਤਾ ਸੀ ਅਤੇ ਜਿਹਨਾਂ ਕੋਲ ਏਧਰ-ਉਧਰ ਖੜੇ ਹੋਣ, ਹੱਸਣ ਤੇ ਮਖ਼ੌਲ ਕਰਨ ਤੋਂ ਛੁੱਟ, ਹੋਰ ਕੋਈ ਕੰਮ ਨਹੀਂ ਸੀ, ਨਾਲੋਂ ਵਧੇਰੇ ਹੁਸ਼ਿਆਰ, ਚਤੁਰ ਅਤੇ ਠੀਕ ਸੀ। ਉਹਨੇ ਬੀਜੂ ਨੂੰ ਕੰਮ ਬਾਰੇ ਪੁੱਛਣ ਦਾ ਇਰਾਦਾ ਛੱਡ ਦਿੱਤਾ ਸੀ ਅਤੇ ਸ਼ਹਿਰ ਵਾਲੇ ਬੰਦੇ ਦੇ ਪਾਸੇ, ਨਾ ਕਿ ਵਿਹਲੜ, ਆਲਸੀ ਅਤੇ ਢਿੱਲੜ ਪੇਂਡੂ ਮੁੰਡਿਆਂ ਦੇ ਪਾਸੇ, ਚਲੇ ਜਾਣਾ ਮਹਿਸੂਸਿਆ ਸੀ। ਉਸ ਆਦਮੀ ਦੇ ਸ਼ਬਦਾਂ ਵਿੱਚ, ਉਸ ਨੂੰ ਵਧੇਰੇ ਸੂਝ ਤੇ ਤਰਕ ਵਿਖਾਈ ਦਿੱਤਾ ਸੀ, ਭਾਵੇਂ ਕਿ ਉਸ ਦੇ ਗੱਲਬਾਤ ਕਰਨ ਦੇ ਢੰਗ ਨੇ ਉਸਨੂੰ ਸੱਟ ਮਾਰੀ ਸੀ ਅਤੇ ਉਸ ਨੂੰ ਵਡੇਰੀ ਉਮਰ ਦੇ ਪੇਂਡੂਆਂ ਵਾਂਗ ਉਸ ਦੇ ਵਿਰੁੱਧ ਕਰ ਲਿਆ ਸੀ।

ਫਿਰ ਅਲੀਬਾਗ਼ ਦੇ ਨੌਜਵਾਨ ਦੀ ਜ਼ੋਰਦਾਰ ਤਕਰੀਰ ਸੁਣਦਿਆਂ, ਕਿਸੇ ਨੇ ਉਸਨੂੰ ਉਸਦਾ ਨਾਂ ਅਦਾਰਕਰ ਦੱਸਿਆ ਸੀ ਅਤੇ ਇਹ ਵੀ ਕਿ ਉਹ ਮਹਾਰਾਸ਼ਟਰ ਰਾਜ ਵਿਧਾਨ ਸਭਾ ਦਾ ਮੈਂਬਰ ਹੈ, ਜਿਸ ਨੂੰ ਉਹਨਾਂ ਨੇ ਪਿਛਲੀਆਂ ਚੋਣਾਂ ਵਿੱਚ ਆਪ ਚੁਣਿਆ ਸੀ-ਉਹਨੇ ਇਹ ਮਹਿਸੂਸ ਕੀਤਾ ਸੀ ਕਿ ਉਸਨੂੰ ਆਪਣੇ ਪੇਂਡੂ ਭਰਾਵਾਂ ਦੇ ਨਾਲ ਖਲੋਣਾ ਚਾਹੀਦਾ ਹੈ ਅਤੇ ਕਿਸਾਨਾਂ ਤੇ ਮਛਵਾੜਿਆਂ ਦੇ, ਪਰੰਪਰਾਗਤ ਤਰੀਕੇ ਨਾਲ ਆਪਣੀ, ਰੋਜ਼ੀ ਰੋਟੀ ਕਮਾਉਣ ਦੇ ਅਧਿਕਾਰ ਲਈ ਲੜਨਾ ਚਾਹੀਦਾ ਹੈ, ਭਾਵੇਂ ਉਸ ਪਾਸ ਲੜਨ ਲਈ ਨਾ ਭੂਮੀ ਸੀ ਅਤੇ ਨਾ ਹੀ ਬੇੜੀ।

ਉਸਨੂੰ ਕੀ ਕਰਨਾ ਚਾਹੀਦਾ ਹੈ? ਕੀ ਉਹ ਪਿੰਡ ਵਾਸੀਆਂ ਨਾਲ ਸ਼ਾਮਲ ਹੋ ਜਾਵੇ ਅਤੇ ਬੰਬਈ ਨੂੰ ਕੂਚ ਕਰੇ ਅਤੇ ਇਉਂ ਉਹਨਾਂ ਦੀ ਜ਼ਮੀਨ ਅਤੇ ਕਿੱਤਿਆਂ ਨੂੰ ਖੋਹ ਲੈਣ ਦੇ ਖ਼ਿਲਾਫ਼ ਮੁਜ਼ਾਹਿਰੇ ਵਿੱਚ ਹਿੱਸਾ ਲਵੇ? ਜਾਂ ਫਿਰ ਉਹ ਸਰਕਾਰ ਅਤੇ ਫ਼ੈਕਟਰੀ ਦਾ ਪੱਖ ਲਵੇ ਅਤੇ ਉਥੇ ਉਸ ਨਵੇਂ, ਅਜੀਬ ਢੰਗ ਵਿੱਚ, ਜੋ ਉਹਨਾਂ ਕੋਲ ਦੂਰ-ਦੁਰਾਡੇ ਸ਼ਹਿਰੋਂ ਲਿਆਂਦਾ ਗਿਆ ਸੀ, ਕੰਮ ਲੱਭਣ ਦੀ ਕੋਸ਼ਿਸ਼ ਕਰੇ? ਜਿਉਂ ਹੀ ਉਹ ਇਹਨਾਂ ਪ੍ਰਸ਼ਨਾਂ ਨੂੰ ਆਪਣੇ ਮਨ ਹੀ ਮਨ ਵਿੱਚ ਉਲਟਾ-ਪੁਲਟਾ ਕੇ ਵੇਖ ਰਿਹਾ ਸੀ, ਤਾਂ ਉਸ ਨੂੰ ਇਹ ਪਤਾ ਚਲਿਆ ਕਿ ਇਹ ਬੰਬਈ ਜਾਣ ਦਾ ਵਿਚਾਰ ਹੀ ਸੀ, ਜੋ ਉਸ ਨੂੰ ਸਭ ਤੋਂ ਵੱਧ ਉਤੇਜਿਤ ਕਰ ਰਿਹਾ ਸੀ।

ਇਸ ਦਾ ਕਾਰਨ ਇਹ ਸੀ ਕਿ ਉਹ ਅੰਸ਼ਿਕ ਤੌਰ 'ਤੇ ਹੋਰ ਪਿੰਡ ਵਾਸੀਆਂ ਨਾਲ ਮਿਲ ਕੇ ਆਪਣੀ ਭੂਮੀ ਲਈ ਲੜਨ ਦੇ ਖ਼ਿਆਲ ਵੱਲ ਖਿੱਚਿਆ ਗਿਆ ਸੀ ਅਤੇ ਅੰਸ਼ਿਕ ਤੌਰ 'ਤੇ ਅਖ਼ੀਰ ਬੰਬਈ ਜਾਣ ਦੇ ਵਿਚਾਰ ਨਾਲ। ਹੁਣ ਉਸ ਦੇ ਸਾਹਮਣੇ ਉਸ ਥਾਂ 'ਤੇ ਜਾਣ ਦਾ ਮੌਕਾ ਸੀ, ਜਿੱਥੇ ਜਾਣ ਦੀ ਉਹ ਇਹ ਸਾਰਾ ਸਮਾਂ ਉਡੀਕ ਕਰਦਾ ਰਿਹਾ ਸੀ। ਕੀ ਉਹ ਇਸ ਮੌਕੇ ਦਾ ਲਾਭ ਉਠਾਉਣ ਦੀ ਦਲੇਰੀ ਕਰ ਸਕਦਾ ਸੀ- ਇਕ ਗੱਭਰੂ ਕੰਗਾਲ ਮੁੰਡਾ, ਜੋ ਕਦੇ ਵੀ ਕਿਧਰੇ ਨਹੀਂ ਸੀ ਗਿਆ?

ਉਹ ਸਿਰ ਸੁੱਟ ਕੇ ਛਾਂ ਵਿੱਚ ਬੈਠ ਗਿਆ ਤੇ ਇਕ ਤੀਲੇ ਨਾਲ ਮਿੱਟੀ 'ਚ ਲਕੀਰਾਂ ਖਿੱਚਣ ਲੱਗ ਪਿਆ, ਹੱਤਾਕਿ ਅਖ਼ੀਰ ਲਾਰੀ ਆ ਗਈ, ਜਿਸ ਵਿੱਚ ਕੁੱਝ ਹੋਰ ਚੀਜ਼ਾਂ ਵਸਤਾਂ-ਮਿੱਟੀ ਦਾ ਤੇਲ, ਗੁੜ, ਸ਼ੀਰਾ, ਚੀਨੀ ਅਤੇ ਕਣਕ ਦੇ ਨਾਲ ਇੱਕ ਬੋਰੀ ਵਿੱਚ ਵਲੇਟੀ ਹੋਈ ਬਰਫ਼ ਦੀ ਸਿੱਲ ਵੀ ਸੀ। ਹਰੀ ਛੇਤੀ-ਛੇਤੀ ਉਠਿਆ ਅਤੇ ਬਰਫ਼ ਦੀ ਸਿੱਲ ਦੇ ਕੋਲ ਖੜ੍ਹਾ ਹੋ ਗਿਆ, ਜਦਕਿ ਦੁਕਾਨਦਾਰ ਉਸ ਸਿੱਲ ਨੂੰ ਏਧਰੋਂ ਉਧਰੋਂ ਛਿੱਲ ਕੇ, ਚਿੱਪੜ ਲਾਹ ਕੇ, ਆਪਣੇ ਆਈਸ-ਬਾਕਸ ਵਿੱਚ ਰੱਖਣ ਲਈ ਠੀਕ-ਠਾਕ ਕਰ ਰਿਹਾ ਸੀ। ਉਹਨੇ ਛੋਟੇ-ਛੋਟੇ ਚਿੱਪੜ, ਕੱਪੜੇ ਦੇ ਇੱਕ ਟੋਟੇ ਵਿੱਚ ਇਕੱਠੇ ਕਰ ਲਏ ਜੋ ਉਸ ਦੇ ਪਾਸ ਸੀ ਅਤੇ ਫਿਰ ਇਕ ਛੋਟਾ ਜਿਹਾ ਟੁਕੜਾ ਪੈਸਿਆਂ ਦਾ ਖ਼ਰੀਦਿਆਂ, ਮਤੇ ਦੁਕਾਨਦਾਰ ਨਾਰਾਜ਼ ਹੀ ਹੋ ਜਾਵੇ ਅਤੇ ਫਿਰ ਉਸ ਨੂੰ ਲੈ ਕੇ, ਉਸ ਦੇ ਪਿਘਲਣ ਤੋਂ ਪਹਿਲਾਂ-ਪਹਿਲਾਂ ਘਰ ਪੁੱਜਣ ਲਈ ਛੇਤੀ-ਛੇਤੀ ਤੁਰ ਪਿਆ। ਉਸ ਪਾਸ ਆਪਣੀ ਮਾਂ ਲਈ ਅਤੇ ਲੀਲਾ ਲਈ, ਲਿਜਾਣ ਵਾਸਤੇ ਕੋਈ ਚੀਜ਼ ਹੈ,ਇਸ ਲਈ ਉਸ ਨੂੰ ਇਕ ਖ਼ਾਸ ਕਿਸਮ ਦੀ ਖ਼ੁਸ਼ੀ ਦਾ ਇਹਸਾਸ ਹੋਇਆ, ਜਿਸ ਨਾਲ ਉਸ ਦੀਆਂ ਚਿੰਤਾਵਾਂ, ਛਿਣ-ਪਲ ਲਈ ਦੂਰ ਹੋ ਗਈਆਂ।

ਜਿਉਂ ਹੀ ਉਹ ਪਾਣੀ ਦੇ ਪਾੜ ਦੇ ਨੇੜੇ ਵਾਲੇ ਰਾਹ 'ਤੇ ਪੁੱਜਾ ਤਾਂ ਉਹਨੇ ਅਨੁਭਵ ਕੀਤਾ ਕਿ ਕਿਧਰੇ ਕੋਈ ਖ਼ਰਾਬੀ ਹੈ। ਉਹਨੂੰ ਆਪਣੇ ਚੁੱਪਚਾਪ, ਖ਼ਾਮੋਸ਼ ਘਰ 'ਚੋਂ ਆਪਣੀਆਂ ਭੈਣਾਂ ਦੇ ਉਚੀ-ਉਚੀ ਰੋਣ-ਚਿੱਲਾਉਣ ਦੀਆਂ ਆਵਾਜ਼ਾਂ ਸਾਫ਼ ਸੁਣਾਈ ਦਿੱਤੀਆਂ, ਅਤੇ ਉਹ ਝੱਟ-ਪੱਟ ਨੱਸ ਉਠਿਆ, ਇਹ ਸੋਚਦਿਆਂ ਹੋਇਆਂ ਕਿ ਇਹ ਉਸ ਦੀ ਮਾਂ......ਉਸਦੀ ਮਾਂ ਸੀ ਜੋ......।

"ਲੀਲਾ !" ਉਹ ਚਿੱਲਾਇਆ। "ਲੀਲਾ ਕੀ ਹੋਇਐ?"

ਉਹ ਬੂਹੇ ਦੀ ਚੌਖਟ 'ਤੇ ਖੜੀ ਸੀ। ਉਹਨੇ ਆਪਣਾ ਸਿਰ ਚੌਖਟ ਦੀ ਇਕ ਬਾਹੀ 'ਤੇ ਟਿਕਾਇਆ ਹੋਇਆ ਸੀ ਅਤੇ ਰੋ ਰਹੀ ਸੀ, ਆਪਣੀਆਂ ਭੈਣਾਂ ਵਾਂਗ ਉਚੀ-ਉਚੀ ਨਹੀਂ, ਸਗੋਂ ਹੌਲੀ-ਹੌਲੀ ਦੜ-ਵੱਟ ਕੇ, ਸ਼ੋਕ-ਗ੍ਰਸਤ। ਉਹਨੇ ਤੇਜ਼ੀ ਨਾਲ ਭੱਜ ਕੇ ਲੀਲਾ ਨੂੰ ਬਾਹੋਂ ਜਾ ਫੜਿਆ ਅਤੇ ਉਚੀ ਸਾਰੀ ਚਿੱਲਾ ਕੇ ਪੁੱਛਿਆ, "ਮਾਂ?" ਕੀ ਇਹ ਮਾਂ ! ਅਹਿ ਵੇਖ, ਮੈਂ ਉਹਦੇ ਲਈ ਬਰਫ ਲਿਆਇਆ-ਇਹ ਰਹੀ ਬਰਫ਼.....।"

ਲੀਲੋ ਨੇ ਆਪਣਾ ਸਿਰ ਹਿਲਾਇਆ ਅਤੇ ਆਪਣੀਆਂ ਅੱਖਾਂ ਮੀਚ ਕੇ ਝੁੱਗੀ ਦੇ ਇੱਕ ਖੂੰਜੇ ਵੱਲ ਇਸ਼ਾਰਾ ਕੀਤਾ। ਹਰੀ ਅੰਦਰ ਗਿਆ, ਉਸ ਦੇ ਗੋਡੇ ਕੰਬ ਰਹੇ ਸਨ। ਉਹਨੇ ਵੇਖਿਆ ਅਤੇ ਉਹਨੂੰ ਪਤਾ ਲੱਗਾ ਕਿ ਪਿੰਟੋ ਸੀ, ਜਿਸ ਵੱਲ ਉਹਨੇ ਇਸ਼ਾਰਾ ਕੀਤਾ ਸੀ-ਪਿੰਟੋ ਭੋਂ 'ਤੇ ਪਸਰਿਆ ਪਿਆ ਸੀ, ਬੀਚ 'ਤੇ ਪਏ ਤਖ਼ਤੇ ਵਾਂਗ ਆਕੜਿਆ ਹੋਇਆ। ਉਸ ਦੇ ਵਾਲ ਜਟੂਰੀਆਂ ਬਣੇ ਹੋਏ ਸਨ। ਉਸਦੀਆਂ ਅੱਖਾਂ ਖੁੱਲ੍ਹੀਆਂ ਤੇ ਜੋਤਹੀਣ ਸਨ। ਉਹ ਗਿਆ ਅਤੇ

ਕੁੱਤੇ ਦੇ ਕੋਲ ਜਾ ਕੇ ਝੁਕ ਗਿਆ, ਉਹ ਉਸ ਨੂੰ ਤੱਕ ਤਾਂ ਰਿਹਾ ਸੀ, ਪਰ ਉਸ ਨੂੰ ਛੋਹਣ ਦਾ ਹੀਆ ਨਹੀਂ ਸੀ ਕਰ ਰਿਹਾ।

ਫਿਰ ਬੇਲਾ ਅਤੇ ਕਮਲ ਆ ਗਈਆਂ ਅਤੇ ਉਹਨਾਂ ਜਿਵੇਂ ਆਪਣੇ-ਆਪ ਨੂੰ ਹਰੀ ਉਤੇ ਸੁੱਟ ਦਿੱਤਾ, ਆਪਣੇ ਰੋਂਦੇ ਹੋਏ ਮੂੰਹ ਉਸਦੇ ਮੋਢੇ 'ਚ ਛੁਪਾ ਲਏ ਅਤੇ ਉਸ ਨੂੰ ਬਾਹੋਂ ਫੜ ਕੇ ਖਿੱਚਣ ਲੱਗੀਆਂ।

"ਹੋਇਆ ਕੀ?" ਉਹਨੇ ਹੌਲੀ ਤਾਈਂ ਪੁੱਛਿਆ। "ਅੱਜ ਸਵੇਰੇ ਤਾਂ ਬਿਲਕੁਲ ਠੀਕ-ਠਾਕ ਸੀ।"

ਲੀਲਾ ਰੋਂਦੀ-ਰੋਂਦੀ ਆਈ ਅਤੇ ਉਹਨਾਂ ਦੇ ਪਿੱਛੇ ਖੜੀ ਹੋ ਗਈ। ਉਸ ਨੂੰ ਜ਼ਹਿਰ ਦਿੱਤੀ ਗਈ ਹੈ। ਉਹ ਰੋ ਪਈ। "ਅਚਾਨਕ ਉਹ ਬਿਮਾਰ ਪੈ ਗਿਆ-ਦੇਖੋ, ਘਰ ਦੇ ਸਾਹਮਣੇ ਉਪਰ ਛੱਲਾਂ ਕਰਨ ਲੱਗ ਪਿਆ-ਖ਼ੂਨ— ਉਲਟੀਆਂ ਵਿਚ ਖ਼ੂਨ ਸੀ-ਫਿਰ ਉਹ ਹੇਠਾਂ ਡਿੱਗ ਪਿਆ ਅਤੇ ਖ਼ਤਮ ਹੋ ਗਿਆ। ਇਹ ਜ਼ਹਿਰ ਹੈ, ਮੈਨੂੰ ਪਤਾ ਹੈ-ਮੈਨੂੰ ਪਤਾ ਹੈ।" ਉਹ ਚਿੱਲਾ ਰਹੀ ਸੀ, ਸੋਗ ਅਤੇ ਸਹਿਮ ਦੀ ਮਾਰੀ।

"ਪਿੰਟੋ ਨੂੰ ਜ਼ਹਿਰ ਕੌਣ ਦੇ ਸਕਦਾ ਹੈ?" ਹਰੀ ਨੇ ਹੈਰਾਨੀ ਨਾਲ ਪੁੱਛਿਆ। ਉਸ ਦੇ ਹੱਥੋਂ ਬਰਫ਼ ਦਾ ਟੁਕੜਾ ਹੇਠਾਂ ਡਿੱਗ ਪਿਆ ਅਤੇ ਕੁੱਤੇ ਦੇ ਗਿੱਲੇ, ਜਟੂਰੀਆਂ ਬਣੇ ਵਾਲਾਂ ਨੂੰ ਛੋਹਣ ਲੱਗਾ, ਜਿਵੇਂ ਉਹ ਟੋਹ ਕੇ ਇਹ ਪਤਾ ਲਾਉਣ ਦਾ ਯਤਨ ਕਰ ਰਿਹਾ ਹੋਵੇ ਕਿ ਉਸ ਦੇ ਸਰੀਰ ਵਿੱਚ ਕੋਈ ਸਾਹ ਜਾਂ ਜਾਨ ਬਾਕੀ ਸੀ।

"ਮੈਨੂੰ ਪਤਾ ਹੈ, ਕੌਣ ਹੋਵੇਗਾ !" ਕਮਲ ਕੂਕੀ । "ਇਹ ਉਹੋ ਭਿਅੰਕਰ ਬੁੱਢਾ-ਉਹੋ ਸ਼ਰਾਬੀ ਬੁੱਢਾ ਹੈ, ਜੋ ਉਥੇ ਰਹਿੰਦਾ ਹੈ।" ਉਹ ਆਪਣੇ ਗੁਆਂਢੀ ਦੀ ਜ਼ਮੀਨ ਵੱਲ ਇਸ਼ਾਰਾ ਕਰਦਿਆਂ ਚਿੱਲਾਈ।

"ਹਾਂ, ਹਾਂ ਉਹਨੇ ਹੀ ਸਾਨੂੰ ਧਮਕੀ ਦਿੱਤੀ ਸੀ।" ਲੀਲਾ ਨੇ ਗੁੱਸੇ ਨਾਲ ਆਖਿਆ। "ਉਹਨੇ ਆਖਿਆ ਸੀ ਕਿ ਉਹ ਸਾਨੂੰ ਸਜ਼ਾ ਦੇਵੇਗਾ ਕਿ ਉਹ ਪਿੰਟੋ ਨੂੰ ਮਾਰ ਦੇਵੇਗਾ।"

"ਕਿਉਂ ?" ਹਰੀ ਰੋਹ ਵਿੱਚ ਉਚੀ-ਉਚੀ ਚਿੱਲਾਇਆ। ਉਹ ਆਪ ਵੀ ਮਾੜਾ-ਮਾੜਾ ਰੋਣ ਲੱਗ ਪਿਆ ਸੀ। "ਉਹਨੇ ਸਾਡੇ ਪਿੰਟੋ ਨੂੰ ਕਿਉਂ ਮਾਰਿਐ?"

"ਉਹ ਸਾਨੂੰ ਨਫ਼ਰਤ ਕਰਦਾ ਹੈ।" ਬੇਲਾ ਅਤੇ ਕਮਲ ਕੂਕ ਉਠੀਆਂ।

ਉਹਨੇ ਆਖਿਆ ਸੀ ਕਿ ਉਹ ਸਾਨੂੰ ਸਜ਼ਾ ਦੇਵੇਗਾ।" ਲੀਲਾ ਨੂੰ ਚੇਤੇ ਆਇਆ। "ਕਿਉਂਕਿ ਬਾਪੂ ਨੇ ਉਹਨੂੰ ਤਾੜੀ ਦੇ ਪੈਸੇ ਨਹੀਂ ਸੀ ਦਿੱਤੇ। ਉਹ ਆਖਦਾ ਸੀ ਕਿ ਬਾਪੂ ਨੇ ਉਹਦੇ ਕੁੱਝ ਪੈਸੇ ਦੇਣੇ ਹਨ, ਬਾਪੂ ਨੇ ਉਹਦਾ ਕਰਜ਼ਾ ਦੇਣਾ ਸੀ।"

"ਕਰਜ਼ਾ, ਕਰਜ਼ਾ, ਕਰਜ਼ਾ।"ਹਰੀ ਨੇ ਆਪਣੇ ਦੰਦ ਕਰੀਚੇ। ਬਾਪੂ ਤਾੜੀ ਕਰਕੇ ਹਮੇਸ਼ਾ ਕਰਜ਼ੇ ਹੇਠ ਦੱਬਿਆ ਰਹਿੰਦਾ ਹੈ।" ਉਹ ਉਠਿਆ ਅਤੇ ਮੋਏ ਹੋਏ ਕੁੱਤੇ ਅਤੇ ਆਪਣੀਆਂ ਰੋਂਦੀਆਂ-ਕੁਰਲਾਉਂਦੀਆਂ ਭੈਣਾਂ ਕੋਲੋਂ ਹਟ ਕੇ, ਘਰੋਂ ਬਾਹਰ ਨਿਕਲ ਤੁਰਿਆ। ਉਹ ਕਿਧਰੇ ਦੂਰ ਚਲਾ ਜਾਵੇਗਾ। ਉਹ ਰੇਵਾਸ ਚਲਿਆ ਜਾਵੇਗਾ। ਬੰਬਈ ਚਲਿਆ ਜਾਵੇਗਾ ਅਤੇ ਇਸ ਸੋਗ-ਮਾਰੇ ਘਰ ਵਿੱਚ ਕਦੇ ਵੀ ਵਾਪਸ ਨਹੀਂ ਆਵੇਗਾ। ਆਪਣੀਆਂ ਡਰੀਆਂ-ਸਹਿਮੀਆਂ ਭੈਣਾਂ, ਆਪਣੀ ਬਿਮਾਰ ਮਾਂ, ਆਪਣੇ ਸ਼ਰਾਬੀ ਪਿਉ ਪਾਸ ਨਹੀਂ ਆਵੇਗਾ। ਉਹ ਉਹਨਾਂ ਨੂੰ ਛੱਡ ਕੇ ਭੱਜ ਜਾਵੇਗਾ, ਕਿਧਰੇ ਦੂਰ, ਬਹੁਤ ਦੂਰ, ਜਿੰਨੀ ਦੂਰ ਕਿ ਉਹ ਜਾ ਸਕਦਾ ਸੀ।

# ਕਾਂਡ ਪੰਜ

ਉਸ ਨੂੰ ਪਤਾ ਨਹੀਂ ਸੀ ਕਿ ਅਗਲੀ ਸਵੇਰ, ਸੂਰਜ ਦੇ ਚੜ੍ਹਾਅ ਨਾਲ ਜਦੋਂ ਸਮੁੰਦਰ ਵਿੱਚ ਜਵਾਰ-ਭਾਟਾ ਆਵੇਗਾ ਤਾਂ ਬੀਜੂ ਦੀ ਬੇੜੀ ਠੇਲ੍ਹੀ ਜਾਵੇਗੀ। ਪਿੰਡ ਵਾਸੀ ਇਹ ਵੇਖਣ ਲਈ ਹਰੇ-ਹਰੇ ਰੁੱਖਾਂ ਦੇ ਝੁੰਡ ਵਿੱਚ ਛੁਪੀਆਂ ਆਪਣੀਆਂ ਝੁੱਗੀਆਂ 'ਚੋਂ ਬਾਹਰ ਨਿੱਕਲ ਕੇ, ਚਿੱਟੀ-ਚਮਕਦੀ ਬੀਚ 'ਤੇ ਆ ਜੁੜੇ। ਬੀਜੂ ਦੀ ਬੀਵੀ ਨੇ ਬੇੜੀ ਦੇ ਡੈਕ 'ਤੇ ਬਹੁਤ ਸਾਰੇ ਝੰਡੇ-ਝੰਡੀਆਂ ਲਾ ਰੱਖੇ ਸਨ-ਆਪਣੀਆਂ ਪਾਟੀਆਂ-ਪੁਰਾਣੀਆਂ ਸਾੜ੍ਹੀਆਂ ਨੂੰ ਕੱਟ ਕੇ, ਉਹਨੇ ਲੰਮੀਆਂ-ਲੰਮੀਆਂ ਝੰਡੀਆਂ ਬਣਾਈਆਂ ਸਨ: ਗੁਲਾਬੀ, ਹਰੀਆਂ ਅਤੇ ਵੈਂਗਣੀ, ਅਤੇ ਝੰਡੇ, ਜੋ ਉਹਨੇ ਕਈ ਸਾਰੀਆਂ ਸਾੜ੍ਹੀਆਂ ਨੂੰ ਆਪੋ ਵਿੱਚ ਜੋੜ ਕੇ, ਤਿਆਰ ਕੀਤੇ ਸਨ, ਨਮੂਨੇਦਾਰ ਅਤੇ ਫੁੱਲਾਂ ਵਾਲੇ, ਕੇਸਰੀ, ਕਿਰਮਚੀ ਅਤੇ ਨੀਲੇ। ਨਵਾਂ ਰੋਗ਼ਨ-ਕੀਤਾ ਸਾਈਨਬੋਰਡ, ਕੇਬਿਨ ਦੀ ਕੰਧ 'ਤੇ ਲਾਇਆ ਗਿਆ ਸੀ, ਸ਼ੋਖ਼ ਨੀਲਾ ਅਤੇ ਗੁਲਾਬੀ। ਬੀਜੂ ਝੰਮ-ਝੰਮ ਕਰਦਾ, ਆਪਣੀ ਫ਼ੋਲਡਿੰਗ ਕੁਰਸੀ 'ਤੇ ਬੈਠਾ ਸੀ। ਉਹਨੇ ਆਪਣੇ ਹੱਥ ਜੋੜ ਕੇ, ਆਪਣੀ ਛਾਤੀ 'ਤੇ ਰੱਖੇ ਹੋਏ ਸਨ, ਛਾਤੀ ਜੋ ਫ਼ਖ਼ਰ ਨਾਲ ਫੁੱਲੀ ਹੋਈ ਸੀ।

ਪਿਛਲੀ ਸ਼ਾਮ ਬੇੜੀ ਬਣਾਉਣ ਵਾਲਿਆਂ ਨੇ, ਰੇਤ ਵਿੱਚ ਦੋ ਵਿੰਚਾਂ (ਫਾਨੇ) ਗੱਡ ਦਿੱਤੀਆਂ ਸਨ, ਜੋ ਮਜ਼ਬੂਤ ਰੱਸਿਆਂ ਨਾਲ ਬੇੜੀ ਨਾਲ ਜੁੜੀਆਂ ਹੋਈਆਂ ਸਨ। ਅਤੇ ਹੁਣ ਸਵੇਰੇ, ਬੇੜੀ ਤੋਂ ਲੈ ਕੇ, ਸਮੁੰਦਰ ਦੇ ਕੰਢੇ ਤੱਕ ਰੇਤ ਵਿੱਚ ਨਾਰੀਅਲ ਦੇ ਰੁੱਖਾਂ ਦੇ ਤਣੇ ਵਿਛਾਏ ਗਏ ਸਨ। ਇੱਕ ਆਦਮੀ ਕਾਲੇ ਤੇਲ ਦਾ ਭਰਿਆ ਟੀਨ ਲੈ ਕੇ, ਉਸ ਨਾਲ ਤਣਿਆ ਨੂੰ ਪੋਚ ਰਿਹਾ ਸੀ, ਤਾਂ ਕਿ ਬੇੜੀ ਸੌਖ ਨਾਲ ਰਿੜ੍ਹ-ਤਿਲਕ ਸਕੇ। ਬੀਜੂ ਦੀ ਬੀਵੀ ਅਤੇ ਧੀਆਂ ਮਿਠਿਆਈਆਂ ਦੇ ਥਾਲ ਲੈ ਕੇ, ਤਿਆਰ ਖੜੀਆਂ ਸਨ, ਤਾਂ ਜੋ ਜਿਉਂ ਹੀ ਬੇੜੀ ਸਮੁੰਦਰ ਵਿੱਚ ਉਤਰੇ, ਤਾਂ ਉਹ ਆਲੇ-ਦੁਆਲੇ ਵੰਡ ਸਕਣ। ਹੁਣ ਬੀਜੂ ਦੀ ਬੀਵੀ ਬੇੜੀ ਦੇ ਅਗਵਾੜ 'ਤੇ ਖੋਪਾ ਤੋੜਨ ਲਈ ਅੱਗੇ ਵਧੀ, ਜਿਥੇ ਚਿੱਟੇ-ਕਾਲੇ ਰੰਗ 'ਚ ਅੱਖਾਂ ਦਾ ਇੱਕ ਜੋੜਾ ਚਿਤਰਿਆ ਹੋਇਆ ਸੀ। ਨਾਰੀਅਲ ਤਿੜਕਿਆ, ਕੜੱਕ ਕਰ ਕੇ ਪਾਟਿਆ, ਅਤੇ ਸਾਰੇ ਲੋਕਾਂ ਦੀਆਂ ਕਿਲਕਾਰੀਆਂ ਅਤੇ ਤਾੜੀਆਂ ਦੇ ਨਾਲ-ਨਾਲ, ਉਸਦੇ ਛਿੱਟੇ ਏਧਰ-ਉਧਰ ਦੂਰ-ਦੂਰ ਤੱਕ ਪਏ।

ਹੁਣ ਬੇੜੀ ਨੂੰ ਉਪਰ ਚੁੱਕਿਆ ਗਿਆ ਅਤੇ ਤੇਲ ਨਾਲ ਚੋਪੜੇ ਰੁੱਖ-ਤਣਿਆਂ 'ਤੇ ਰੱਖਿਆ ਗਿਆ। ਬਾਂਸ ਦੀਆਂ ਬੱਲੀਆਂ, ਜੋ ਵਿੰਚਾਂ ਦੇ ਵਿੱਚੋਂ, ਅਣਗਿਣਤ ਬਾਹਵਾਂ ਵਾਂਗ ਬਾਹਰ ਨਿੱਕਲੀਆਂ ਹੋਈਆਂ ਸਨ, ਉਹਨਾਂ ਨੂੰ ਮੁੜ੍ਹਕੋ-ਮੁੜ੍ਹਕਾ ਹੋਏ, ਗੱਠੇ ਹੋਏ ਸਰੀਰਾਂ ਵਾਲੇ ਕਾਮਿਆਂ ਨੇ, ਆਪਣੇ ਹੱਥਾਂ ਵਿੱਚ ਸਾਂਭ ਲਿਆ ਅਤੇ ਉਹ ਉਹਨਾਂ ਨੂੰ ਮੁੜ-ਮੁੜ ਏਧਰ-ਉਧਰ ਘੁਮਾਉਣ ਲੱਗੇ, ਰੱਸੇ ਬੜੀ ਤੇਜ਼ੀ ਨਾਲ ਖੁੱਲ੍ਹਣ ਲੱਗੇ, ਖੁੱਲ੍ਹਦੇ ਗਏ, ਖੁੱਲ੍ਹਦੇ ਗਏ, ਹੱਤਾ ਕਿ ਬੇੜੀ ਨਾਲ



ਕੋਈ ਵੀ ਰੱਸਾ ਨਾ ਰਹਿ ਗਿਆ ਅਤੇ ਬੇੜੀ ਤੇਲ-ਚੋਪੜੀਆਂ ਗੇਲੀਆਂ ਉਤੇ ਤੇਜ਼ੀ ਨਾਲ, ਬਹੁਤ ਬੁਰੀ ਤਰ੍ਹਾਂ ਉਲਰੀ ਅਤੇ ਖ਼ਤਰਨਾਕ ਤੌਰ 'ਤੇ ਦਾਬੂ ਹੋ ਕੇ, ਇੱਕ ਪਾਸੇ ਨੂੰ ਉਲਾਰ ਹੋ ਗਈ, ਜਿਸ ਕਰਕੇ ਸਾਰੇ ਜਣੇ ਰੱਸੇ ਛੱਡ ਕੇ, ਆਪਣੀ ਜਾਨ ਬਚਾਉਣ ਲਈ ਏਧਰ-ਉਧਰ ਭੱਜ ਗਏ। ਅਤੇ ਫਿਰ ਬੇੜੀ ਇਕਦਮ ਮਦਮਸਤ ਸ਼ਰਾਬੀ ਵਾਂਗ ਉਲਰੀ, ਲੱਗਭਗ ਆਪਣੇ ਇੱਕ ਪਾਸੇ ਨੂੰ ਲੁੜ੍ਹਕ ਗਈ ਅਤੇ ਰੇਤ 'ਤੇ ਜਾ ਡਿੱਗੀ।

ਬਿਰਧ ਬੀਜੂ ਦੇ ਚਿਹਰੇ 'ਤੇ ਖ਼ੁਸ਼ੀ ਦੀ ਜੋ ਕਿਰਨ ਖੇਡ ਰਹੀ ਸੀ, ਉਹ ਜਿਵੇਂ ਅਲੋਪ ਹੋ ਗਈ ਅਤੇ ਉਸ ਉਤੇ ਇਕ ਕਾਲਾ ਸ਼ਾਹ ਬੱਦਲ ਛਾ ਗਿਆ। ਉਹ ਤ੍ਰਭਕ ਕੇ ਆਪਣੀ ਫ਼ੋਲਡਿੰਗ ਕੁਰਸੀ ਤੋਂ ਉਠਿਆ ਅਤੇ ਭਾਰੇ-ਭਾਰੇ ਕਦਮੀਂ ਬੇੜੀ ਦੇ ਕੋਲ ਇਹ ਤੱਕਣ ਲਈ ਪੁੱਜਾ ਕਿ ਉਸਨੂੰ ਕੀ ਹੋਇਆ ਹੈ। ਉਸ ਦੀ ਬੀਵੀ ਅਤੇ ਧੀਆਂ ਦੇ ਹੱਥਾਂ ਵਿੱਚ ਮਿਠਿਆਈ ਦੇ ਥਾਲ ਫੜੇ ਦੇ ਫੜੇ ਰਹਿ ਗਏ। ਉਹ ਚੁੱਪਚਾਪ ਉਦਾਸ-ਉਪਰਾਮ ਖੜੀਆਂ ਸਨ। ਨੌ-ਉਮਰ ਮੁੰਡੇ, ਜੋ ਵੇਖਣ ਲਈ ਇਕੱਠੇ ਹੋਏ ਹੋਏ ਸਨ, ਉਹਨਾਂ ਸਭਨਾਂ ਨੇ 'ਓਏ ਓਏ' ਕਰ ਕੇ, ਹੂ ਹੱਲਾ ਕੀਤਾ ਅਤੇ ਖ਼ੂਬ ਹੱਸੇ। ਬੇੜੀ ਬਣਾਉਣ ਵਾਲੇ ਖੜ੍ਹੇ, ਮੂਰਖਾਂ ਵਾਂਗ ਦੰਦ ਕੱਢ ਰਹੇ ਸਨ। ਕਿਸੇ ਨੂੰ ਕੁਝ ਪਤਾ ਨਹੀਂ ਸੀ ਕਿ ਅੱਗੋਂ ਕੀ ਕਰਨਾ ਹੈ!

ਬੀਜੂ ਕਾਮਿਆਂ ਨੂੰ ਕੋਸ ਰਿਹਾ ਸੀ, ਬੁਰਾ-ਭਲਾ ਆਖ ਰਿਹਾ ਸੀ। ਉਹਨਾਂ 'ਤੇ ਗਾਲ੍ਹਾਂ ਦੀ ਵਰਖਾ ਕਰ ਰਿਹਾ ਸੀ। "ਮੈਨੂੰ ਇਸ ਕੰਮ ਲਈ ਅਲੀਬਾਗ਼ ਤੋਂ ਬੰਦੇ ਲਿਆਉਣੇ ਚਾਹੀਦੇ ਸਨ-ਤੁਸੀਂ ਖੇਤਾਂ 'ਚ ਕੰਮ ਕਰਨ ਵਾਲੇ ਮੂੜ੍ਹ.......! ਬੇੜੀਆਂ ਬਾਰੇ ਭਲਾ ਤੁਹਾਨੂੰ ਕੀ ਪਤੈ?"

"ਤੇਰੇ ਉਹ ਅਲੀਬਾਗ਼ ਵਾਲੇ ਬੰਦੇ ਅੱਜ ਕਿੱਥੇ ਹਨ?" ਐਵੇਂ ਸਹਿ-ਸੁਭਾਅ ਹੀ, ਜੁੜੇ

ਹੱਥਾਂ ਵਾਲੇ ਇਕ ਬੰਦੇ ਨੇ ਪੁੱਛਿਆ।

"ਉਹ ਅੱਜ ਸਾਰੇ ਰੇਵਾਸ ਗਏ ਹੋਏ ਹਨ, ਬੰਬਈ ਲਈ ਬੇੜੀ ਫੜਨ ਵਾਸਤੇ।" ਨੌਜਵਾਨ ਮੁੰਡਿਆਂ ਵਿਚੋਂ ਇੱਕ ਨੇ ਹੱਸਦਿਆਂ ਜਵਾਬ ਦਿੱਤਾ। "ਉਹ ਸਰਕਾਰ ਨੂੰ ਏਥੇ ਫ਼ਰਟੇਲਾਈਜ਼ਰ ਫ਼ੈਕਟਰੀ ਬਣਾਉਣ ਤੋਂ ਰੋਕਣ ਦਾ ਯਤਨ ਕਰਨ ਲਈ ਜਾ ਰਹੇ ਹਨ। ਉਹ ਸਾਰੀ ਉਮਰ ਕਿਸਾਨ ਤੇ ਮਾਛੀ ਅਤੇ ਮੂਰਖ ਬਣੇ ਰਹਿਣਾ ਚਾਹੁੰਦੇ ਹਨ।" ਉਹਨੇ ਬੁਰੀ ਤਰ੍ਹਾਂ ਉਲਰੀ ਹੋਈ ਬੇੜੀ ਦੇ ਆਲੇ-ਦੁਆਲੇ ਦੇ, ਹਫੜਾ-ਦਫੜੀ ਵਾਲੇ ਦ੍ਰਿਸ਼ ਵੱਲ ਹੱਥ ਕਰਦਿਆਂ, ਉਚੀ ਸਾਰੀ ਚਿੱਲਾ ਕੇ ਆਖਿਆ। "ਆਪਣੀ ਸਾਰੀ ਉਮਰ ਅਸੀਂ ਏਥੇ, ਏਸ ਵਰਗੀਆਂ ਭੱਦੀਆਂ ਤੇ ਬਦਸ਼ਕਲ ਬੇੜੀਆਂ ਹੀ ਬਣਾਉਂਦੇ ਰਹਾਂਗੇ, ਉਹਨਾਂ ਵਿੱਚ ਸਮੁੰਦਰ ਵਿੱਚ ਜਾਣ ਅਤੇ ਡੁੱਬ ਜਾਣ ਵਾਸਤੇ।"

"ਹਲਾ, ਇਹ ਗੱਲ ਹੈ?" ਬੀਜੂ ਉਸ ਵੱਲ ਮੁੜਿਆ। "ਤੁਹਾਨੂੰ ਬੇੜੀਆਂ ਬਣਾਉਣੀਆਂ ਮੱਛੀਆਂ ਫੜਨੀਆਂ, ਬੇੜੀਆਂ ਚਲਾਉਣੀਆਂ ਨਹੀਂ ਆਉਂਦੀਆਂ; ਤੁਹਾਨੂੰ ਕੁੱਝ ਵੀ ਨਹੀਂ ਆਉਂਦਾ, ਤੁਸੀਂ ਨਿਰੇ ਖੋਤੇ ਹੋ! ਤੁਹਾਨੂੰ ਚੰਗੀ ਠੁਕਾਈ ਦੀ ਲੋੜ ਹੈ।"

"ਬੁੱਢੇ ਬੀਜੂ, ਅਸੀਂ ਤੇਰੇ ਨਾਲੋਂ ਬਿਹਤਰ ਜਾਣਦੇ ਹਾਂ।" ਗਭਰੇਟ ਮੁੰਡੇ ਨੇ ਠਰ੍ਹੰਮੇ ਨਾਲ ਜਵਾਬ ਦਿੱਤਾ-ਇਹ ਹਰੀ ਦਾ ਮਿੱਤਰ, ਰਾਮੂ ਸੀ।" ਸਾਨੂੰ ਫ਼ੈਕਟਰੀ ਵਿੱਚ ਨੌਕਰੀ ਮਿਲ ਜਾਵੇਗੀ। ਸਾਡੇ ਪਾਸ ਚੰਗੀ ਸੁਰੱਖਿਅਤ ਨੌਕਰੀ ਹੋਵੇਗੀ, ਸਾਡੀਆਂ ਜੇਬਾਂ 'ਚ ਪੈਸੇ ਹੋਣਗੇ, ਜਦ ਕਿ ਤੂੰ ਐਵੇਂ ਕੁੱਝ ਕੁ ਗਲੀਆਂ ਸੜੀਆਂ ਮੱਛੀਆਂ ਫੜਨ ਲਈ, ਸਮੁੰਦਰ ਨਾਲ ਜੂਝਦਾ ਫਿਰੇਂਗਾ। ਤਦ ਅਸੀਂ ਵੇਖਾਂਗੇ ਕਿ ਕੌਣ ਬਿਹਤਰ ਜਾਣਦਾ ਹੈ, ਤੂੰ ਜਾਂ ਅਸੀਂ।" ਸਾਰੇ ਮੁੰਡੇ, ਜੋ ਉਸ ਦੇ ਦੁਆਲੇ ਖੜੇ, ਉਸ ਦੀ ਗੱਲਬਾਤ ਨੂੰ ਬੜੀ ਉਤਸੁਕਤਾ ਅਤੇ ਸਲਾਹੁਤਾ ਨਾਲ ਸੁਣ ਰਹੇ ਸਨ, ਬੁੱਢੇ ਆਦਮੀ ਅਤੇ ਉਸ ਦੀ ਬੇੜੀ 'ਤੇ ਹੱਸਣ ਲੱਗ ਪਏ। ਉਹ ਉਸ ਨੂੰ "ਕੱਦੂ ਦਾ ਖ਼ੋਲ" ਅਤੇ 'ਖ਼ਾਲੀ ਖੋਪਾ' ਆਖ ਰਹੇ ਸਨ, ਹੱਤਾ ਕਿ ਉਹਨੇ ਆਪਣੀਆਂ ਭਰੀਆਂ ਗੱਠਵੀਆਂ ਬਾਹਵਾਂ ਹਵਾ ਵਿੱਚ ਉਲਾਰੀਆਂ ਅਤੇ ਉਹਨਾਂ ਉਤੇ ਗਰਜਿਆ, "ਲਾਂਭੇ ਹੋ ਜਾਓ, ਮੇਰੇ ਆਪਣੀ ਸੋਟੀ ਏਥੇ ਲੈ ਆਉਣ ਅਤੇ ਉਸ ਨੂੰ ਤੁਹਾਡੀਆਂ ਪਿੱਠਾਂ 'ਤੇ ਜੜਨ ਤੋਂ ਪਹਿਲਾਂ, ਏਥੋਂ ਦਫ਼ਾ ਹੋ ਜਾਓ।"

ਉਹ ਹੱਸਦੇ-ਹੱਸਦੇ ਉਥੋਂ ਖਿਸਕ ਗਏ। ਉਹਨਾਂ ਵਿਚੋਂ ਇੱਕ ਪੁੱਛਣ ਲੱਗਾ, "ਹਰੀ ਕਿਥੇ ਹੈ, ਉਹ ਇਹ ਤਮਾਸ਼ਾ ਵੇਖਣ ਨਹੀਂ ਆਇਆ।"

"ਪਤਾ ਨਹੀਂ !" ਰਾਮੂ ਨੇ ਉਤਰ ਦਿੱਤਾ। "ਤੁਹਾਡਾ ਕੀ ਖ਼ਿਆਲ ਹੈ, ਉਹ ਅਲੀਬਾਗ਼ ਦੇ ਆਦਮੀਆਂ ਨਾਲ ਰੇਵਾਸ ਗਿਆ ਹੈ?"

"ਮੂਰਖ ਹੋਵੇਗਾ, ਜੇ ਗਿਆ ਹਊ ਤਾਂ।" ਇਕ ਹੋਰ ਨੇ ਆਖਿਆ।

ਤੁਰੇ-ਤੁਰੇ ਜਾਂਦੇ ਉਹ ਰੇਤ ਵਿੱਚ ਠੋਕਰਾਂ ਮਾਰਦੇ, ਉਥੋਂ ਲਾਂਭੇ ਚਲੇ ਗਏ। ਪਰ ਉਹਨਾਂ ਵਿੱਚੋਂ ਕੁਝ ਉਥੇ ਰੁੱਕੇ ਰਹੇ ਅਤੇ ਖੜੇ-ਖੜੇ ਕਾਮਿਆਂ ਨੂੰ ਰੱਸੇ ਖਿੱਚਦੇ, ਬੇੜੀ ਨੂੰ ਸਿੱਧੀ ਕਰਨ ਦੀ ਕੋਸ਼ਿਸ਼ ਕਰਦੇ ਅਤੇ ਅਖ਼ੀਰ ਹਾਰ ਕੇ ਕੋਸ਼ਿਸ਼ ਕਰਨੀ ਬੰਦ ਕਰਦੇ, ਵੇਖਦੇ ਰਹੇ। "ਆਓ, ਛੱਲ ਦੇ ਆਉਣ ਤੱਕ ਉਡੀਕ ਕਰੀਏ" ਉਹਨਾਂ ਆਪਣੇ ਚਿਹਰਿਆ ਤੋਂ ਪਸੀਨਾ ਪੂੰਝਦਿਆਂ ਆਖਿਆ। "ਛੱਲ ਬੇੜੀ ਨੂੰ ਠੀਕ ਕਰ ਦੇਵੇਗੀ ਅਤੇ ਇਹ ਆਪਣੇ ਆਪ ਹੀ ਠਿੱਲ੍ਹ ਪਏਗੀ।" ਉਹਨਾਂ ਬੀਜੂ ਨੂੰ ਸਮਝਾਇਆ ਅਤੇ ਉਥੋਂ ਤੁਰਦੇ ਹੋਏ, ਇਹ ਆਖਦਿਆਂ ਕਿ ਉਹ ਥੱਕੇ ਹੋਏ

ਹਨ ਅਤੇ ਉਹਨਾਂ ਨੂੰ ਚਾਹ ਦੀ ਲੋੜ ਹੈ।

ਸਿਰਫ਼ ਬੀਜੂ, ਉਸ ਦੀ ਬੀਵੀ ਅਤੇ ਧੀਆਂ, ਜਿਹਨਾਂ ਸਭਨਾਂ ਨੇ ਨਵੇਂ-ਨਵੇਂ ਵਸਤਰ ਪਾਏ ਹੋਏ ਸਨ, ਬੀਚ 'ਤੇ ਰਹਿ ਗਏ, ਵਿਚਾਰੇ, ਲਾਚਾਰ, ਬੇਸਹਾਰਾ ! ਕੁਝ ਚਿਰ ਪਿੱਛੋਂ, ਸੂਰਜ ਦੀ ਤਪਸ਼ ਨੇ, ਉਹਨਾਂ ਨੂੰ ਵੀ ਉਥੋਂ ਨਸਾ ਦਿੱਤਾ।

ਏਡੀ ਉਚੀ ਛੱਲ ਕੋਈ ਨਾ ਆਈ ਜੋ ਬੇੜੀ ਨੂੰ ਚੁੱਕ ਕੇ ਆਪਣੇ ਨਾਲ ਠੇਲ੍ਹ ਲੈਂਦੀ। ਦੂਸਰੇ ਦਿਨ ਬੰਦਿਆਂ ਨੇ ਬੇੜੀ ਨੂੰ ਸਿੱਧਿਆਂ ਕਰਨ ਦੀ ਫਿਰ ਕੋਸ਼ਿਸ਼ ਕੀਤੀ, ਪਰ ਏਨੀ ਬੇਦਿਲੀ ਨਾਲ, ਪੱਕੇ ਇਰਾਦੇ ਜਾਂ ਉਤਸ਼ਾਹ ਤੋਂ ਬਗ਼ੈਰ ਕਿ ਉਹ ਨਿਸਫਲ ਰਹੇ। ਉਹਨਾਂ ਨੂੰ ਕਈ ਦਿਨਾਂ ਤੱਕ ਮੁੜ-ਮੁੜ ਕੋਸ਼ਿਸ਼ ਕਰਨੀ ਪਈ। ਉਹ ਬੀਜੂ ਵੱਲੋਂ ਇਸ ਕੰਮ ਲਈ ਮਜਬੂਰ ਕੀਤੇ ਜਾਣ ਕਾਰਨ, ਉਸ ਨਾਲ ਨਾਰਾਜ਼ ਸਨ ਅਤੇ ਬੀਜੂ ਉਹਨਾਂ ਦੇ ਅਸਫਲ ਰਹਿਣ ਕਰਕੇ, ਉਹਨਾਂ ਨਾਲ ਗੁੱਸੇ ਸੀ ਅਤੇ ਅਖ਼ੀਰ ਉਹ ਬੇੜੀ ਨੂੰ ਹੌਲੀ-ਹੌਲੀ, ਥੋੜ੍ਹਾ-ਥੋੜ੍ਹਾ ਖਿਸਕਾ ਕੇ, ਬੀਚ ਤੋਂ ਹੇਠਾਂ, ਛੱਲ-ਰੇਖਾ ਤੱਕ ਲੈ ਆਏ, ਜਿਥੇ ਕਿ ਉਸ ਨੂੰ ਰਾਤ ਦੇ ਹਨੇਰੇ ਵਿੱਚ, ਚੁੱਪਚਾਪ ਅੰਤੇ ਖਿੱਚ-ਧੂਹ ਕੇ ਸਮੁੰਦਰ ਵਿੱਚ ਠੇਲ੍ਹ ਦਿੱਤਾ ਗਿਆ।

ਤਦੋਂ ਤੱਕ ਹਰੀ ਥਲ ਤੋਂ ਕਿਤੇ ਦੂਰ, ਬਹੁਤ ਦੂਰ ਜਾ ਚੁੱਕਾ ਸੀ। ਉਹ 'ਜਲ-ਪਰੀ' ਨਾਂ ਦੀ ਬੇੜੀ ਬਾਰੇ ਬਿਲਕੁਲ ਹੀ ਭੁੱਲ ਚੁੱਕਾ ਸੀ।

# ਕਾਂਡ ਛੇ

ਹਰੀ ਜਦੋਂ ਰੇਵਾਸ ਪੁੱਜਾ, ਪਹੁ-ਫੁਟਾਲਾ ਹੋ ਰਿਹਾ ਸੀ ਅਤੇ ਜਿਹੜੇ ਲੋਕ ਰਾਤੀਂ ਉਥੇ ਇਕੱਠੇ ਹੋਏ ਸਨ, ਉਹ ਮੱਛੀਆਂ ਫੜਨ ਵਾਲੀਆਂ ਉਹਨਾਂ ਨਿੱਕੀਆਂ-ਨਿੱਕੀਆਂ ਬੇੜੀਆਂ ਵਿੱਚ ਬੈਠ ਰਹੇ ਸਨ, ਜੋ ਘਾਟ ਦੇ ਨੇੜੇ-ਤੇੜੇ ਏਧਰ-ਉਧਰ ਡੁਬਕੂੰ-ਡੁਬਕੂੰ ਕਰ ਰਹੀਆਂ ਸਨ।

ਹਰੀ ਬਲਦ ਗੱਡੀ 'ਚੋਂ ਉਤਰਿਆ, ਜਿਸ ਵਿੱਚ ਉਹਨੇ ਸਾਰੀ ਰਾਤ ਬਿਤਾਈ ਸੀ। ਉਹਨੇ ਆਪਣਾ ਖੀਸਾ ਟੂਹਿਆ, ਇਹ ਵੇਖਣ ਲਈ ਕਿ ਉਸ ਵਿੱਚ ਬੈਲ-ਗੱਡੀ ਵਾਲੇ ਨੂੰ ਦੇਣ ਲਈ ਕੁੱਝ ਸਿੱਕੇ ਹਨ ਜਾਂ ਨਹੀਂ ਪਰ ਉਸ ਆਦਮੀ ਨੇ ਆਪਣਾ ਚਾਬਕ ਹਵਾ ਵਿੱਚ ਹਿਲਾਇਆ ਅਤੇ ਆਖਣ ਲੱਗਾ, "ਜਾ, ਦੌੜ ਜਾ। ਅਹੁ ਰਹੀਆਂ ਉਹ ਬੇੜੀਆਂ, ਜਿਹਨਾਂ ਨੂੰ ਤੂੰ ਫੜਨਾ ਚਾਹੁੰਦਾ ਸੈਂ। ਮੇਰੇ ਵਾਲੀ ਰਤਾ ਮਗਰੋਂ ਆਵੇਗੀ। ਉਨਾ ਚਿਰ ਤੱਕ ਮੈਂ ਜਾ ਕੇ ਚਾਹ ਦਾ ਗਿਲਾਸ ਪੀਆਂਗਾ। ਮੈਨੂੰ ਪੈਸੇ ਦੇਣ ਦੀ ਕੋਈ ਲੋੜ ਨਹੀਂ। ਮੈਂ ਤੇਰੇ ਵਾਸਤੇ ਕੁੱਝ ਨਹੀਂ ਕੀਤਾ। ਮੈਂ ਏਥੇ ਆ ਹੀ ਰਿਹਾ ਸਾਂ।" ਫੇਰ ਉਹਨੇ ਚਾਬਕ ਹੇਠਾਂ ਕੀਤਾ ਅਤੇ ਬਲਦ ਦੀ ਪਿੱਠ 'ਤੇ ਮਾਰਿਆ ਜਿਸ ਨਾਲ ਬਲਦ ਤ੍ਰਭਕਿਆ ਅਤੇ ਗੱਡੀ ਉਛਲ ਕੇ ਅੱਗੇ ਵਧੀ ਅਤੇ ਖਾੜ-ਖਾੜ ਕਰਦੀ ਹੋਈ, ਰਾਹ ਦੇ ਇੱਕ ਪਾਸੇ ਚਾਹ ਦੀ ਇੱਕ ਦੁਕਾਨ ਕੋਲ ਜਾ ਪੁੱਜੀ। ਸਾਰੀ ਰਾਤ ਬੈਲ ਗੱਡੀ ਦੇ ਨੰਗੇ ਸਖ਼ਤ ਖੁਰਦਰੇ ਫੱਟਿਆਂ 'ਤੇ ਸਫ਼ਰ ਕਰਦੇ ਰਹਿਣ ਕਰਕੇ, ਹਰੀ ਦਾ ਸਰੀਰ ਆਕੜ ਗਿਆ ਸੀ ਅਤੇ ਪਾਸੇ ਹੰਭ ਗਏ ਸਨ। ਉਹ ਨੂੰ ਆਸ ਸੀ ਕਿ ਉਹਨੂੰ ਰੇਵਾਸ ਲਈ ਬੱਸ ਮਿਲ ਜਾਵੇਗੀ ਅਤੇ ਇਹ ਇਹਸਾਸ ਹੋਣ ਤੋਂ ਪਹਿਲਾਂ ਕਿ ਰੇਵਾਸ ਦੀ ਆਖ਼ਰੀ ਬੱਸ ਜਾ ਚੁੱਕੀ ਹੋਵੇਗੀ, ਉਹਨੇ ਇੱਕ ਘੰਟਾ ਥਲ ਦੇ ਨਾਲ ਲੱਗਦੀ ਸ਼ਾਹ ਰਾਹ 'ਤੇ ਹਨ੍ਹੇਰੇ ਵਿੱਚ ਇਕੱਲਿਆਂ ਖਲੋ ਕੇ ਬਿਤਾਇਆ ਸੀ। ਇਸ ਲਈ ਉਹਨੇ ਇਕ ਬੈਲ ਗੱਡੀ ਵਾਲੇ ਨੂੰ ਆਵਾਜ਼ ਦਿੱਤੀ ਸੀ ਅਤੇ ਉਸਨੂੰ ਆਪਣੇ ਨਾਲ ਲੈ ਚੱਲਣ ਲਈ ਆਖਿਆ ਸੀ ਅਤੇ ਉਹਨੇ ਉਸ ਦੀ ਇਹ ਗੱਲ ਮੰਨ ਲਈ ਸੀ।

"ਆ, ਅੰਦਰ ਆ ਜਾ-ਮੈਂ ਦਿਨ ਦੇ ਚੜ੍ਹਾਅ ਤੋਂ ਪਹਿਲਾਂ-ਪਹਿਲਾਂ ਰੇਵਾਸ ਪੁੱਜਣਾ ਹੈ। ਮੈਂ ਇੱਕ ਬੰਦੇ ਨੂੰ ਮਿਲਣਾ ਹੈ, ਜੋ ਸਾਡੇ ਪਿੰਡ ਵਾਸਤੇ ਬੰਬਈ ਤੋਂ ਮਾਲ ਲਿਆ ਰਿਹਾ ਹੈ। ਉਹਨੇ ਮੈਨੂੰ ਮਿਲਣ ਲਈ ਹੁਕਮ ਕੀਤਾ ਹੈ। ਉਸ ਦੇ ਖੇਤਾਂ ਲਈ ਖ਼ੁਰਾਕ-ਉਹ ਉਸਨੂੰ 'ਫ਼ਰਟੇਲਾਈਜ਼ਰ' ਆਖਦਾ ਹੈ। ਤੁਹਾਨੂੰ ਪਤੈ ਕਿ ਉਹ ਕੀ ਹੁੰਦੈ?"

ਹਰੀ ਅੱਧੀ ਰਾਤ ਵੇਲੇ, ਇੱਕ ਬਲਦ-ਗੱਡੀ 'ਤੇ ਉਹ ਅਸੰਭਾਵਿਤ ਸ਼ਬਦ ਸੁਣ ਕੇ ਹੈਰਾਨ ਹੋ ਗਿਆ, ਪਰ ਉਹਨੇ ਮਹਿਸੂਸ ਕੀਤਾ ਕਿ ਉਸ ਨੂੰ ਉਸ ਬਾਰੇ ਏਨਾ ਜ਼ਿਆਦਾ ਇਲਮ ਨਹੀਂ ਸੀ ਕਿ ਉਸ ਨੂੰ ਖੋਲ੍ਹ ਕੇ ਸਮਝਾ ਸਕੇ। ਇਸ ਲਈ ਉਹ ਚੁੱਪਚਾਪ ਬੈਲ ਗੱਡੀ 'ਤੇ ਚੜ੍ਹ ਗਿਆ। ਬੈਲ-ਗੱਡੀ ਬਿਲਕੁਲ ਅਲਾਣੀ ਸੀ। ਉਸ ਦੇ ਚੀਂ-ਚੀਂ ਕਰਦੇ, ਏਧਰ-ਉਧਰ ਖਿਸਕਦੇ

ਫੱਟਿਆਂ 'ਤੇ ਬੋਰੀ ਤੱਕ ਦਾ ਟੋਟਾ ਵੀ ਨਹੀਂ ਸੀ ਵਿਛਿਆ ਹੋਇਆ। ਜਿਉਂ ਹੀ ਬਲਦ ਗੱਡੀ ਇੱਕ ਝਟਕੇ ਨਾਲ ਅੱਗੇ ਤੁਰੀ, ਉਸ ਨੂੰ ਵੀ ਝਟਕਾ ਜਿਹਾ ਲੱਗਾ। ਪਹਿਲਾਂ ਅੱਗੇ ਨੂੰ ਉੱਲਰਿਆ, ਫਿਰ ਪਿੱਛੇ ਨੂੰ, ਅਤੇ ਜਿਉਂ ਹੀ ਗੱਡੀ ਖੜ-ਖੜ ਕਰਦੀ, ਡਿੱਕੋ-ਡੋਲੇ ਖਾਂਦੀ ਅੱਗੇ ਵਲ ਨੂੰ ਵੱਧਣ ਲੱਗੀ ਉਹ ਇੱਕ ਪਾਸੇ ਤੋਂ, ਦੂਸਰੇ ਪਾਸੇ ਉਲਰ-ਉਲਰ ਪੈਣ ਲੱਗਾ। ਖੁਰਦਰੇ ਤੇ ਉਚੇ ਨੀਵੇਂ ਫੱਟੇ, ਜੋ ਬਰਾਬਰ ਤੇ ਇਕਸਾਰ ਨਹੀਂ ਸਨ, ਸਗੋਂ ਉਹਨਾਂ ਦੇ ਲਪਰੇ ਲੱਥੇ ਹੋਏ ਸਨ ਅਤੇ ਉਹ ਕਿੱਲੀਆਂ ਅਤੇ ਗੰਢਾਂ ਜਿਹੀਆਂ ਨਾਲ ਭਰੇ ਹੋਏ ਸਨ। ਉਹ ਗੱਡੀ ਨੂੰ ਏਧਰੋਂ-ਉਧਰੋਂ, ਪਾਸਿਆਂ ਤੋਂ ਫੜ ਕੇ ਬੈਠਾ ਰਿਹਾ ਅਤੇ ਆਪਣੇ ਪੈਰਾਂ ਨੂੰ ਥੀਂਡ ਨਾਲ ਜ਼ੋਰ ਦੀ ਧੱਕ ਕੇ, ਆਪਣੇ-ਆਪ ਨੂੰ ਏਧਰ-ਉਧਰ ਖਿਸਕਣ ਤੋਂ ਬਚਾਉਣ ਦਾ ਯਤਨ ਕਰ ਰਿਹਾ ਸੀ। "ਫ਼ਰਟੇਲਾਈਜ਼ਰ ਇੱਕ ਤਰ੍ਹਾਂ ਦੀ ਖਾਦ ਹੀ ਹੁੰਦੀ ਹੈ, ਮੇਰਾ ਖ਼ਿਆਲ ਐ। ਉਹਨੇ ਡਰਾਈਵਰ ਨੂੰ ਦੱਸਿਆ। "ਗੋਹੇ ਦੀ ਖਾਦ ਅਤੇ ਕੰਪੋਸਟ ਵਾਂਗ। ਪਰ ਵੱਖਰੀ ਹੁੰਦੀ ਹੈ। ਤੁਹਾਨੂੰ ਇਹ ਖ਼ਰੀਦਣੀ ਪੈਂਦੀ ਹੈ।"

"ਇਹ ਠੀਕ ਹੈ। ਹੁਣ ਅਸੀਂ ਚਾਹੁੰਦੇ ਹਾਂ ਕਿ ਹਰ ਚੀਜ਼ ਦੁਕਾਨਾਂ ਤੋਂ ਬਣੀ-ਬਣਾਈ ਆਵੇ। ਹੁਣ ਕੱਪੜਾ ਬੁਣਨ ਦਾ ਰਿਵਾਜ ਨਹੀਂ ਰਿਹਾ, ਹੁਣ ਕੋਈ ਕਣਕ ਘਰ ਨਹੀਂ ਪੀਂਹਦਾ, ਹੁਣ ਕੋਈ ਪਾਥੀਆਂ ਨਹੀਂ ਪੱਥਦਾ, ਕੰਪੋਸਟ ਨਹੀਂ ਬਣਾਉਂਦਾ। ਮੈਨੂੰ ਨਹੀਂ ਪਤਾ, ਕਿਉਂ ! ਇਹ ਨਵੀਂ ਬਿਮਾਰੀ ਕੀ ਹੈ? ਬਹੁਤ ਮਹਿੰਗਾ ਹੈ ਇਹ !" ਡਰਾਈਵਰ ਨੇ ਸ਼ਿਕਵਾ ਕੀਤਾ, ਬਹੁਤਾ ਆਪਣੇ-ਆਪ ਨੂੰ, ਰਾਤ ਦੇ ਸਮੇਂ ਬੋਲਦਾ ਸੁਣਨ ਲਈ, ਕਿਸੇ ਪ੍ਰਬਲ ਭਾਵਨਾ ਤੋਂ ਕਿਤੇ ਵਧੇਰੇ। ਉਸ ਦਾ ਬੋਲ ਨੀਵਾਂ ਅਤੇ ਨਿੰਦਰਾਲਾ ਸੀ।

"ਸ਼ਾਇਦ ਹੁਣ ਇਹ ਕਾਫ਼ੀ ਨਹੀਂ ਰਿਹਾ।" ਹਰੀ ਨੇ ਉਤਰ ਵਿੱਚ, ਆਪਣੇ ਮੋਢਿਆਂ ਉਪਰ ਦੀ ਆਖਿਆ।

"ਕਾਫ਼ੀ ਨਹੀਂ, ਕਾਫ਼ੀ ਨਹੀਂ।" ਬੈਲ ਗੱਡੀ ਦੇ ਡਰਾਈਵਰ ਨੇ ਮੰਨਿਆ। "ਕੁਝ ਵੀ ਕਾਫ਼ੀ ਨਹੀਂ। ਹੁਣ ਅਸੀਂ ਧਰਤੀ 'ਤੇ ਬਹੁਤ ਜ਼ਿਆਦਾ ਹੋ ਗਏ ਹਾਂ। ਸਾਰਿਆਂ ਲਈ ਕਾਫ਼ੀ ਬਾਲਣ ਨਹੀਂ, ਕਾਫ਼ੀ ਅੰਨ ਨਹੀਂ, ਕਾਫ਼ੀ ਨੌਕਰੀਆਂ ਨਹੀਂ ਜਾਂ ਸਕੂਲ ਨਹੀਂ, ਹਸਪਤਾਲ ਨਹੀਂ, ਗੱਡੀਆਂ ਨਹੀਂ, ਬੱਸਾਂ ਜਾਂ ਘਰ ਨਹੀਂ। ਏਨੇ ਜ਼ਿਆਦਾ ਲੋਕ। ਏਧਰ-ਉਧਰ ਜਾਣ ਲਈ ਕਾਫ਼ੀ ਥਾਂ ਨਹੀਂ।

ਪਹਿਲਾਂ ਅਜਿਹਾ ਨਹੀਂ ਸੀ। ਉਹਨੇ ਹਾਉਕਾ ਲਿਆ ਅਤੇ ਆਪਣੇ ਮੋਢੇ ਸੁਕੇੜਦਿਆਂ, ਉਹਨੇ ਆਪਣੀ ਠੋਡੀ, ਆਪਣੀ ਛਾਤੀ ਵਿੱਚ ਛੁਪਾ ਲਈ, ਆਪਣੀਆਂ ਅੱਖਾਂ ਮੀਚੀਆਂ ਅਤੇ ਇਹ ਗੱਲ ਬਲਦਾਂ 'ਤੇ ਛੱਡ ਦਿੱਤੀ ਕਿ ਉਹ ਸਿੱਧੀ ਸੜਕ ਤੋਂ ਉਸ ਨੂੰ ਅੱਗੇ ਖੇਤਾਂ ਵਿਚੋਂ ਦੀ ਲਈ ਜਾਣ।

ਛਿਣ-ਪਲ ਲਈ ਹਰੀ ਬੈਠਾ ਚਿੱਟੀ, ਧੂੜ-ਅਟੀ ਸੜਕ ਨੂੰ ਧਿਆਨ ਨਾਲ ਵੇਖਦਾ ਰਿਹਾ। ਇੰਜ ਜਾਪਦਾ ਸੀ, ਜਿਵੇਂ ਉਹ ਗੱਡੀ ਦੇ ਹੇਠਾਂ, ਚੰਨ-ਚਾਨਣੀ ਰੁਸ਼ਨਾਏ ਇੱਕ ਦਰਿਆ ਵਾਂਗ ਵਗਦੀ ਜਾ ਰਹੀ ਹੋਵੇ, ਅਤੇ ਦੋਹਾਂ ਪਾਸਿਆਂ 'ਤੇ ਖੇਤਾਂ ਉਤੋਂ ਦੀ ਵਗਦੀ ਜਾ ਰਹੀ ਹੋਵੇ, ਜੋ ਹੁਣ ਖ਼ਾਲੀ ਪਏ ਸਨ, ਕਿਉਂਕਿ ਸਿਆਲ ਦੀ ਕਣਕ ਦੀ ਫ਼ਸਲ ਦੀ ਕਟਾਈ ਹੋ ਚੁੱਕੀ ਸੀ ਅਤੇ ਚੰਨ ਦੀ ਰੌਸ਼ਨੀ ਵਿੱਚ ਕੱਟੀ ਗਈ ਫ਼ਸਲ ਦੇ ਠੁੰਡ ਭੂਤਾਂ-ਪ੍ਰੇਤਾਂ ਵਾਂਗ ਜਾਪ ਰਹੇ ਸਨ, ਚੰਨ ਜੋ ਕੰਕੇਸ਼ਵਰ ਦੀਆਂ ਪਹਾੜੀਆਂ ਦੀ ਚੱਟਾਨੀ ਰੂਪ-ਰੇਖਾ 'ਤੇ ਉਚਾ ਉਭਰਿਆ ਸੀ। ਬੈਲ ਗੱਡੀ, ਜਿਉਂ-ਜਿਉਂ ਖੜ-ਖੜ, ਚੀਂ-ਚੀਂ ਕਰਦੀ ਅੱਗੇ ਵਲ ਵਧਦੀ, ਸੜਕ ਤੋਂ

ਬਿਲਬਤੌਰੇ ਉਡਦੇ ਅਤੇ ਘੁੱਪ ਘੋਰ ਹਨੇਰੇ 'ਚੋਂ ਉਲੂ ਦੀ ਚੀਖ਼ ਉਚੀ ਉਠਦੀ। ਕਦੇ ਕਦਾਈਂ ਉਹ ਅੰਬਾਂ ਦੇ ਰੁੱਖਾਂ ਦੇ ਝੁੰਡ ਕੋਲ ਦੀ ਲੰਘਦੇ, ਜੋ ਖੇਤਾਂ ਵਿੱਚ ਗੱਡੇ ਵੱਡੇ-ਵੱਡੇ ਕਾਲੇ ਤੰਬੂਆਂ ਵਾਂਗ ਜਾਪਦੇ, ਜਾਂ ਫਿਰ ਕਦੇ-ਕਦੇ ਸੜਕ ਕਿਨਾਰੇ ਕੋਈ ਕੱਲੀ-ਕਾਰੀ ਦੁਕਾਨ ਆਉਂਦੀ, ਜਿਸ ਵਿਚ ਮੱਧਮ-ਮੱਧਮ ਲਾਲਟੈਨ ਬਲ ਰਹੀ ਹੁੰਦੀ। ਇੱਕ ਕੁੱਲੀ ਵਿੱਚੋਂ ਇੱਕ ਕੁੱਤਾ ਤੇਜ਼ੀ ਨਾਲ ਨਿੱਕਲਿਆ ਅਤੇ ਕੁਝ ਚਿਰ ਲਈ ਬੈਲ ਗੱਡੀ ਦੇ ਨਾਲ-ਨਾਲ ਦੌੜਦਾ ਰਿਹਾ, ਦੌੜਦਾ ਰਿਹਾ ਅਤੇ ਝੱਲਿਆਂ ਵਾਂਗ ਭੌਂਕਦਾ ਰਿਹਾ, ਭੌਂਕਦਾ ਰਿਹਾ। ਫਿਰ ਉਹ ਪਿੱਛੇ ਹਟ ਗਿਆ ਅਤੇ ਖ਼ਾਮੋਸ਼ੀ ਛਾ ਗਈ। ਬਸ, ਕਦੇ-ਕਦਾਈਂ ਸੜਕ 'ਤੇ ਵਿਚਕੂੰ-ਵਿਚਕੂੰ ਕਰ ਕੇ ਤੁਰੀ ਜਾਂਦੀ, ਕੁਚੱਜੀ ਬਣੀ ਗੱਡੀ ਦੀ ਚੀਂ-ਚੀਂ, ਰੀਂ-ਰੀਂ ਸੁਣਾਈ ਦਿੰਦੀ ਸੀ। ਹਰੀ ਲੇਟ ਗਿਆ ਸੀ ਅਤੇ ਸੌਂ ਗਿਆ ਸੀ।

ਜਦੋਂ ਉਸ ਨੂੰ ਰੇਵਾਸ-ਘਾਟ 'ਤੇ ਉਤਾਰਿਆ ਗਿਆ, ਤਾਂ ਉਹ ਇਹ ਵੇਖ ਕੇ ਹੈਰਾਨ-ਭੌਂਚਕਾ ਰਹਿ ਗਿਆ ਕਿ ਉਥੇ ਲੋਕਾਂ ਦੀਆਂ ਵਹੀਰਾਂ ਦੀਆਂ ਵਹੀਰਾਂ ਜੁੜੀਆਂ ਹੋਈਆਂ ਸਨ। ਉਹਨੂੰ ਖ਼ਾਬੋ-ਖ਼ਿਆਲ ਵੀ ਨਹੀਂ ਸੀ ਕਿ ਏਨੇ ਲੋਕ ਬੰਬਈ ਜਾ ਰਹੇ ਹੋਣਗੇ। ਉਹਨੇ ਸੋਚਿਆ ਸੀ ਕਿ ਉਹ ਕੋਈ ਬਹੁਤ ਹੀ ਸਾਹਸ ਤੇ ਹੀਏ ਵਾਲਾ ਕੰਮ ਕਰ ਰਿਹਾ ਸੀ। ਦਰ ਹਕੀਕਤ, ਉਹਨੇ ਵੇਖਿਆ ਕਿ ਉਹ ਆਪ ਉਤੇਜਨਾ ਅਤੇ ਡਰ ਨਾਲ ਲਰਜ਼ ਰਿਹਾ ਸੀ ਅਤੇ ਏਥੇ ਹਰੇਕ ਉਮਰ, ਕੱਦ-ਕਾਠ ਤੇ ਆਕਾਰ ਦੇ ਮੁੰਡੇ ਅਤੇ ਮਰਦ ਸਨ, ਆਪਣੇ ਸਭ ਤੋਂ ਸਾਫ਼ ਸੁਥਰੇ ਕੱਪੜਿਆਂ ਵਿੱਚ ਮਲਬੂਸ, ਇੱਕ-ਦੂਸਰੇ ਨੂੰ ਉਚੀ-ਉਚੀ ਆਵਾਜ਼ਾਂ ਮਾਰਦੇ, ਹੱਸਦੇ-ਖੇਡਦੇ ਅਤੇ ਕਿਲਕਾਰੀਆਂ ਮਾਰਦੇ, ਜਿਉਂ-ਜਿਉਂ ਉਹ ਘਾਟ ਦੇ ਨਾਲ-ਨਾਲ ਇਕੱਠੇ ਹੋ ਰਹੇ ਸਨ, ਘਾਟ ਜਿਸ ਤੋਂ ਅੱਗੇ ਇੱਕਸਾਰ ਲਗਾਤਾਰ ਕਾਫ਼ੀ ਰੰਗੇ ਸਾਗਰ ਦਾ ਪਸਾਰ ਸੀ, ਜਿੱਥੇ ਕਿ ਮੱਛੀਆਂ ਫੜਨ ਵਾਲੀਆਂ ਬੇੜੀਆਂ ਏਧਰ-ਉਧਰ ਬੜੀ ਤੇਜ਼ੀ ਨਾਲ ਘੁੰਮ ਫਿਰ ਰਹੀਆਂ ਸਨ, ਲੱਦੇ ਜਾਣ ਦੀ ਉਡੀਕ ਵਿੱਚ।

ਅਲੀਬਾਗ਼ ਤੋਂ ਆਇਆ ਆਯੋਜਕ, ਅਦਾਰਕਰ, ਸੀੜ੍ਹੀਆਂ ਦੇ ਸਿਰੇ 'ਤੇ ਖੜਾ ਸੀ। ਜਦੋਂ ਹਜੂਮ ਕਤਾਰਾਂ ਬਣਾ-ਬਣਾ ਬੇੜੀਆਂ ਵਿੱਚ ਬੈਠ ਰਿਹਾ ਸੀ, ਤਾਂ ਉਹ ਉਚੀ-ਉਚੀ ਆਦੇਸ਼ ਦੇ ਰਿਹਾ ਸੀ। ਹਰੀ ਵੀ ਜਿਵੇਂ-ਕਿਵੇਂ ਰਾਹ ਬਣਾਉਂਦਾ ਟਿਕਟ ਵਾਲੀ ਖਿੜਕੀ ਤੱਕ ਜਿਥੇ ਬੇੜੀ ਦੇ ਟਿਕਟ ਵਿਕ ਰਹੇ ਸਨ, ਪੁੱਜ ਗਿਆ। ਫਿਰ ਫ਼ਰੂਟ ਸਟਾਲ ਸੀ, ਜਿਥੋਂ ਲੋਕ ਰਾਹ ਵਾਸਤੇ ਕੇਲੇ ਅਤੇ ਸੰਤਰੇ ਤੇ ਮਿੱਠੇ ਖ਼ਰੀਦ ਰਹੇ ਸਨ। ਬੈਂਚ ਸਨ, ਜੋ ਹਾਲੇ ਵੀ ਖ਼ਾਲੀ ਸਨ, ਅਤੇ ਘਾਟ ਦੇ ਕਿਨਾਰੇ ਅਤੇ ਸੀੜ੍ਹੀਆਂ ਦੇ ਸਿਰੇ ਤੱਕ ਇਵੇਂ ਹੀ ਸੀ। ਉਹ ਝਿਜਕ ਰਿਹਾ ਸੀ, ਭਾਵੇਂ ਉਹ ਥਲ ਤੋਂ ਆਇਆ ਸੀ, ਜੋ ਇੱਕ ਮੱਛੀਆਂ ਫੜਨ ਵਾਲਾ ਪਿੰਡ ਸੀ, ਪਰ ਪਿਛਲੇ ਕਾਫ਼ੀ ਲੰਮੇ ਸਮੇਂ ਤੋਂ, ਉਹ ਬੇੜੀ ਵਿੱਚ ਨਹੀਂ ਸੀ ਬੈਠਾ। ਫਿਰ ਉਹਨੇ ਅਦਾਰਕਰ ਨੂੰ ਉਚੀ ਜਿਹੀ ਆਖਦਿਆਂ ਸੁਣਿਆ, "ਚਲਦੇ ਚਲੋ। ਚਲਦੇ ਚਲੋ, -ਜੇ ਤੁਸੀਂ ਆਪਣੇ ਪਿੰਡ ਅਤੇ ਆਪਣੀ ਰੋਜ਼ੀ ਰੋਟੀ ਲਈ ਜੂਝਣ ਵਾਸਤੇ ਤਿਆਰ ਹੋ, ਤਾਂ ਬੇੜੀ ਵਿੱਚ ਬੈਠ ਜਾਉ।" ਅਤੇ ਉਸ ਦੇ ਦੋਵਾਂ ਪਾਸਿਆਂ ਤੋਂ ਬੰਦੇ ਉਸਨੂੰ ਧੱਕੇ ਦੇ ਰਹੇ ਸਨ, ਹੱਤਾਕਿ ਕਿ ਉਸ ਦੇ ਪੈਰ ਚੁੱਕੇ ਗਏ ਅਤੇ ਉਸ ਨੂੰ ਉਡੀਕ ਕਰਦੀਆਂ ਕਿਸ਼ਤੀਆਂ ਵਿੱਚੋਂ ਇੱਕ 'ਚ ਬਿਠਾ ਦਿੱਤਾ ਗਿਆ।

ਜਿਸ ਸਮੇਂ ਤੱਕ ਸੂਰਜ ਉਪਰ ਉਠਿਆ ਅਤੇ ਉਹਨੇ ਘਸਮੈਲੇ ਜਿਹੇ ਰੰਗ ਦੇ ਸਮੁੰਦਰ ਨੂੰ ਮੋਰ-ਪੰਖੀਆ, ਨੀਲਾ ਅਤੇ ਹਰਾ ਜ਼ਮੁਰੱਦੀ ਰੰਗ ਪਰਦਾਨ ਕਰ ਦਿੱਤਾ ਅਤੇ ਦੂਰ ਪਰ੍ਹੇ,

ਸਾਹਿਲ 'ਤੇ ਬੰਬਈ ਦੇ ਸ਼ਹਿਰ ਨੂੰ ਰੇਤ ਦੇ, ਜਾਂ ਲੂਣ ਦੇ ਬਣੇ ਇੱਕ ਚਿੱਟੇ- ਸਫ਼ੈਦ ਕਿਲ੍ਹੇ ਵਾਂਗ ਰੌਸ਼ਨ ਕਰ ਦਿੱਤਾ, ਜੋ ਗਰਮ ਨੀਲੇ ਆਕਾਸ਼ ਦੇ ਸਾਹਮਣੇ ਅੱਖਾਂ ਚੁੰਧਿਆ ਰਿਹਾ ਸੀ। ਸਾਰੀਆਂ ਬੇੜੀਆਂ ਲੱਦੀਆਂ ਜਾ ਚੁੱਕੀਆਂ ਸਨ ਅਤੇ ਉਹ ਡਾਲਫ਼ਿਨਾਂ (ਇਕ ਮੱਛੀ ਦੀ ਕਿਸਮ) ਦੇ ਝੁੰਡ ਵਾਂਗ, ਲਹਿਰਾਂ ਦੀ ਹਿੱਕ 'ਤੇ ਤਰਦੀਆਂ ਰਵਾਨਾ ਹੋ ਰਹੀਆਂ ਸਨ।

ਰੇਵਾਸ ਤੋਂ ਬੰਬਈ ਤੱਕ ਚੌਦਾਂ ਕਿਲੋਮੀਟਰ ਦਾ ਫ਼ਾਸਲਾ ਸੀ। ਸਾਰਾ ਰਸਤਾ ਕਿਸਾਨ ਅਤੇ ਮਛੂਏ ਉਚੀ ਉਚੀ ਰੌਲਾ ਪਾਉਂਦੇ ਅਤੇ ਗੀਤ ਗਾਉਂਦੇ ਗਏ। ਉਹਨਾਂ ਦੀਆਂ ਆਵਾਜ਼ਾਂ ਇੱਕ ਕਿਸ਼ਤੀ ਤੋਂ ਦੂਸਰੀ ਕਿਸ਼ਤੀ ਤੱਕ ਗੂੰਜ ਰਹੀਆਂ ਸਨ। ਉਹ ਸਾਰੇ ਹੀ ਚੜ੍ਹਦੀਆਂ ਕਲਾਂ ਵਿੱਚ ਸਨ। ਉਹਨਾਂ ਲਈ ਇਹ ਇਕ ਤਰ੍ਹਾਂ ਦੀ ਅਦਭੁਤ ਤਫ਼ਰੀਹ ਸੀ, ਉਹ ਜੋ ਆਮ ਤੌਰ 'ਤੇ, ਆਪਣੇ ਪਿੰਡ ਛੱਡ ਕੇ, ਇੱਕ ਦਿਨ ਦਾ ਕੰਮ ਵੀ ਕਦੇ ਨਹੀਂ ਸਨ ਭੰਨਦੇ। ਲੱਗਭਗ ਛੁੱਟੀ ਦਾ ਮਾਹੌਲ ਹੀ ਜਾਪ ਰਿਹਾ ਸੀ। ਅਦਾਰਕਰ ਨੂੰ ਲਗਾਤਾਰ, ਉਚੀ-ਉਚੀ ਚਿੱਲਾਉਣਾ ਪੈ ਰਿਹਾ ਸੀ, ਉਹਨਾਂ ਨੂੰ ਇਹ ਚੇਤੇ ਕਰਾਉਣ ਵਾਸਤੇ ਕਿ ਉਹ ਬੰਬਈ ਕਿਉਂ ਜਾ ਰਹੇ ਸਨ। ਉਸ ਦੀ ਆਵਾਜ਼ ਬਹੁਤ ਹੀ ਬੈਠਦੀ ਜਾ ਰਹੀ ਸੀ। ਏਥੋਂ ਤੱਕ ਕਿ ਬਿਰਧ ਮਛਵਾੜਿਆ 'ਚੋਂ ਇੱਕ ਨੂੰ, ਅਖ਼ੀਰ, ਉਸ ਦੀ ਕਮੀਜ਼ ਨੂੰ ਖਿਚਣਾ ਪਿਆ, ਜੋ ਉਸ ਦੀ ਧੋਤੀ ਤੋਂ ਬਾਹਰ ਲਟਕੀ ਹੋਈ ਸੀ ਅਤੇ ਮੁੜ੍ਹਕੇ ਨਾਲ ਭਿੱਜੀ ਹੋਈ ਸੀ ਅਤੇ ਇਹ ਆਖਣਾ ਪਿਆ, "ਪੁੱਤਰਾ ਬੈਠ ਜਾ, ਪਲ ਭਰ ਸਾਹ ਲੈ ਲੈ।' ਆਪਣਾ ਦਮ-ਖ਼ਮ, ਉਸ ਸਾਰੀ ਕੂਕ-ਕਿਲਕਾਰੀ ਲਈ, ਸਾਂਭ ਕੇ ਰੱਖ, ਜੋ ਤੂੰ ਬੰਬਈ ਵਿੱਚ ਜਾ ਕੇ ਕਰਨੀ ਹੈ। ਜਦੋਂ ਅਸੀਂ ਉਥੇ ਪੁੱਜ ਜਾਵਾਂਗੇ ਤਾਂ ਅਸੀਂ ਏਨੀ ਉਚੀ-ਉਚੀ ਕੂਕਾਂ-ਚਿੱਲਾਵਾਂਗੇ ਕਿ ਸ਼ਹਿਰ ਦਾ ਹਰੇਕ ਆਦਮੀ ਸਾਡੀ ਆਵਾਜ਼ ਸੁਣ ਸਕੇ। ਤੂੰ ਬਿਲਕੁਲ ਨਾ ਡਰ। ਬਹਿ ਜਾ ਅਤੇ ਥੋੜ੍ਹਾ ਆਰਾਮ ਕਰ ਲੈ। ਸਾਡੇ ਭਰਾ ਨੂੰ ਪੀਣ ਵਾਸਤੇ ਥੋੜ੍ਹੀ ਕੁ ਚਾਹ ਦਿਓ ਭਾਈ।"ਉਹਨੇ ਬੇੜੀ ਵਿਚਲੇ ਬੰਦਿਆਂ ਨੂੰ ਉਚੀ ਆਵਾਜ਼ ਵਿੱਚ ਆਖਿਆ। ਉਹਨਾਂ ਵਿਚੋਂ ਇੱਕ ਜਣੇ ਨੇ, ਮਿੱਟੀ ਦਾ ਇੱਕ ਪਿਆਲਾ ਪੇਸ਼ ਕੀਤਾ, ਜੋ ਹਾਲੇ ਵੀ ਚਾਹ ਨਾਲ ਅੱਧਾ ਭਰਿਆ ਹੋਇਆ ਸੀ, ਬਾਕੀ ਚਾਹ ਉਸ ਵਿੱਚੋਂ ਡੁੱਲ੍ਹ ਚੁੱਕੀ ਸੀ। ਉਹਨਾਂ ਉਹ ਪਿਆਲਾ ਆਪਣੇ ਆਗੂ ਨੂੰ ਫੜਾਇਆ, ਜਿਹਨੇ ਆਰਾਮ ਨਾਲ ਬੈਠ ਕੇ ਚਾਹ ਪੀਤੀ ਅਤੇ ਸ਼ੁਕਰੀਆ ਅਦਾ ਕੀਤਾ। ਇੱਕ ਹੋਰ ਨੇ ਇੱਕ ਮਿੱਠਾ ਪੇਸ਼ ਕੀਤਾ, ਉਸ ਨੂੰ ਛਿੱਲਿਆ ਅਤੇ ਇੱਕ-ਇੱਕ ਫਾੜੀ ਕਰਕੇ ਉਸਨੂੰ, ਚੂਸਣ ਲਈ ਦਿੱਤੀ। ਉਹ ਉਹਨਾਂ ਦਾ ਮਸ਼ਕੂਰ ਸੀ ਅਤੇ ਉਹਨੇ ਉਹਨਾਂ ਦੀ ਸਲਾਹ ਮੰਨ ਲਈ।

ਹਰੀ ਜੋ ਘਾਟ ਤੋਂ ਨਾ ਚਾਹ, ਨਾ ਫਲ, ਅਤੇ ਨਾ ਹੀ ਘਰੋਂ, ਰਾਤ ਦੀ ਰੋਟੀ ਲਿਆਇਆ ਸੀ, ਬੇੜੀ ਦੇ ਫ਼ਰਸ਼ ਤੇ ਚੁੱਪ-ਚੁੱਪ ਬੈਠਾ ਸੀ ਅਤੇ ਕੋਈ ਵੀ ਉਸ ਵਲ ਉੱਕਾ ਹੀ, ਧਿਆਨ ਨਹੀਂ ਸੀ ਦੇ ਰਿਹਾ। ਉਸ ਦੀ ਬੇੜੀ ਵਿੱਚ, ਥਲ ਦਾ ਹੋਰ ਕੋਈ ਵੀ ਬੰਦਾ ਨਹੀਂ ਸੀ। ਉਹ ਸਾਹਿਲ ਦੇ ਨਾਲ-ਲੱਗਦੇ ਹੋਰ ਪਿੰਡਾਂ ਦੇ ਅਜਨਬੀਆਂ ਨਾਲ ਭਰੀ ਹੋਈ ਸੀ ਅਤੇ ਉਹ ਆਪਣੇ-ਆਪ ਨੂੰ ਬਹੁੱਤ ਹੀ ਥੱਕਿਆ-ਟੁੱਟਿਆ, ਤਪਿਆ ਖਪਿਆ ਹੋਇਆ ਤੇ ਤ੍ਰਿਹਾਇਆ ਮਹਿਸੂਸ ਕਰਦਾ ਹੋਇਆ, ਬੜੇ ਧਿਆਨ ਨਾਲ ਬੈਠਾ, ਉਹਨਾਂ ਦੀਆਂ ਗੱਲਾਂ ਸੁਣ ਰਿਹਾ ਸੀ। ਉਸਨੂੰ ਉਸ ਸਫ਼ਰ ਤੋਂ ਬਹੁਤ ਡਰ ਲੱਗ ਰਿਹਾ ਸੀ, ਜੋ ਉਸ ਨੇ ਬਿਨਾਂ ਸੋਚੇ-ਸਮਝੇ ਸਹੇੜ ਲਿਆ ਸੀ, ਸਿਰਫ਼ ਇਸ ਕਰਕੇ ਕਿ ਉਹ ਬਹੁਤ ਪਰੇਸ਼ਾਨ ਤੇ ਗੁੱਸੇ ਵਿੱਚ ਸੀ ਅਤੇ ਥਲ ਵਿਚ ਇਕ ਦਿਨ ਵੀ ਹੋਰ, ਪੁਰਾਣੇ ਤਰੀਕੇ ਨਾਲ ਰਹਿਣਾ, ਬਰਦਾਸ਼ਤ ਨਹੀਂ ਸੀ ਕਰ ਸਕਦਾ। ਪਰਿਵਰਤਨ

ਦਾ ਵਕਤ ਆ ਪੁੱਜਾ ਸੀ। ਉਹਨੇ ਇਹ ਮਹਿਸੂਸ ਕੀਤਾ ਸੀ। ਉਸਨੂੰ ਉਹ ਤਬਦੀਲੀ ਲਿਆਉਣੀ ਹੀ ਪੈਣੀ ਸੀ, ਜਿਸ ਬਾਰੇ ਉਹ ਬੜੇ ਚਿਰਾਂ ਤੋਂ ਸੋਚ ਰਿਹਾ ਸੀ। ਕੀ ਉਸਨੇ ਗ਼ਲਤ ਕੀਤਾ ਸੀ?

ਪਰ ਹੁਣ ਪਿੱਛੇ ਮੁੜਨ ਦਾ ਤਾਂ ਪ੍ਰਸ਼ਨ ਹੀ ਨਹੀਂ ਸੀ। ਇਸ 'ਜਲੂਸ' ਵਿੱਚ ਸ਼ਾਮਲ ਹੋ ਕੇ, ਕੋਈ ਅਜਿਹਾ ਤਰੀਕਾ ਨਹੀਂ ਸੀ, ਜਿਸ ਨਾਲ ਉਹ ਇਸ ਤੋਂ ਪਿੱਛੇ ਹਟ ਸਕੇ, ਸਿਵਾਏ ਸਮੁੰਦਰ ਵਿੱਚ ਛਾਲ ਮਾਰ ਦੇਣ ਦੇ ਅਤੇ ਤੈਰ ਕੇ ਘਰ ਪੁੱਜਣ ਦੇ। ਇੱਕ ਵਾਰੀ ਉਹ ਬੰਬਈ ਪੁੱਜ ਜਾਵੇ ਸਹੀ ਤਾਂ ਫਿਰ ਉਹਨੂੰ ਉਥੇ ਰੁਕਣਾ ਹੀ ਪਏਗਾ, ਕੰਮ ਕਰਨਾ ਪਏਗਾ ਅਤੇ ਰੋਜ਼ੀ ਕਮਾਉਣੀ ਪਏਗੀ। ਕੀ ਉਹ ਸਚਮੁੱਚ ਹੀ ਉਸ ਲਈ ਤਿਆਰ ਸੀ? ਉਸ ਨੂੰ ਯਕੀਨ ਨਾ ਆਇਆ। ਉਹਨੇ ਆਪਣੇ ਮੋਢੇ ਉਪਰੋਂ ਦੀ, ਰੇਵਾਸ ਦੇ ਪੱਧਰੇ ਇਕਸਾਰ ਦਲਦਲੀ ਸਾਹਿਲ ਨੂੰ ਤੱਕਿਆ। ਹੁਣ ਉਹ ਉਸ ਲਈ ਬਹੁਤ ਦੂਰ ਸੀ, ਬਹੁਤ ਦੂਰ ਸੀ, ਜਿੱਥੇ ਪੁੱਜਣਾ ਉਸ ਲਈ ਮੁਸ਼ਕਿਲ ਸੀ। ਉਸ ਨੇ ਆਪਣਾ ਸਿਰ, ਆਪਣੇ ਗੋਡਿਆਂ 'ਤੇ ਟਿਕਾ ਲਿਆ, ਅਤੇ ਘੋਰ ਨਿਰਾਸ਼ਾ ਵਿੱਚ, ਆਪਣੀਆਂ ਅੱਖਾਂ ਬੰਦ ਕਰ ਲਈਆਂ।

"ਇਸ ਮੁੰਡੇ ਨੂੰ ਵੇਖੋ।" ਕਿਸੇ ਨੇ ਆਖਿਆ। "ਇਹ ਕਿਸ ਦਾ ਪੁੱਤਰ ਹੈ? ਪੁੱਤਰ ਤੇਰੇ ਕੋਲ ਖਾਣ ਨੂੰ ਕੁੱਝ ਨਹੀਂ? ਲੈ, ਅਹਿ ਲੈ ਲੈ।" ਅਤੇ ਉਸ ਨੂੰ ਇੱਕ ਠੰਡੀ, ਸੁੱਕੀ ਚਪਾਤੀ ਫੜਾ ਦਿੱਤੀ ਗਈ, ਜੋ ਤਿਕੋਨ-ਜਿਹੀ ਬਣੀ ਹੋਈ ਸੀ। ਉਸਨੇ ਉਹ ਫੜ ਲਈ, ਭਾਵੇਂ ਕਿ ਉਸ ਦਾ ਸੰਘ ਏਨਾ ਸੁੱਕਿਆ ਹੋਇਆ ਸੀ ਕਿ ਉਸਨੇ ਸੋਚਿਆ ਸੀ ਕਿ ਉਹ ਸੰਭਵ ਤੌਰ 'ਤੇ ਉਸ ਨੂੰ ਚੱਬ ਨਹੀਂ ਸਕੇਗਾ ਜਾਂ ਨਿਗਲ ਨਹੀਂ ਸਕੇਗਾ, ਪਰ ਹਲੀਮ ਜਿਹਾ ਹੋ ਕੇ, ਉਹਨੇ ਉਸ 'ਤੇ ਚੱਕ ਮਾਰਿਆ ਅਤੇ ਇਸ ਨਾਲ ਉਸਨੂੰ ਥੋੜ੍ਹੀ ਖ਼ੁਰਾਕ ਅਤੇ ਤਾਕਤ ਮਿਲੀ। ਉਸ ਨੂੰ ਇਸ ਦੀ ਲੋੜ ਵੀ ਸੀ, ਕਿਉਂਕਿ ਇਹ ਉਸਦੀ ਜ਼ਿੰਦਗੀ ਦਾ ਸੱਭ ਤੋਂ ਕਠੋਰ ਤੇ ਔਖਾ ਦਿਨ ਸੀ।

ਜਦੋਂ ਉਸਨੇ ਬੰਬਈ ਸ਼ਹਿਰ ਨੂੰ, ਆਪਣੀਆਂ ਬੇੜੀਆਂ ਅਤੇ ਥਿੰਧਾਰ-ਭਰੀਆਂ ਹਰੀਆਂ ਲਹਿਰਾਂ ਉਤੇ ਉਲਰਿਆ-ਉਭਰਿਆ ਵੇਖਿਆ ਤਾਂ ਉਹ ਸਹਿਮ ਨਾਲ ਖ਼ਾਮੋਸ਼ ਹੋ ਗਿਆ। ਜਿਉਂ ਹੀ ਉਹ ਸੈਸੂਨ ਘਾਟ ਵਿਖੇ, ਆਪਣੀ ਬੇੜੀ 'ਚੋਂ ਉਤਰਿਆ ਤਾਂ ਖਚਾਖਚ ਭਰੀ ਬੇੜੀ 'ਚ ਬਹੁਤ ਚਿਰ ਬੈਠੇ ਰਹਿਣ ਨਾਲ ਉਸ ਦੇ ਪਾਸੇ ਦੁਖ ਰਹੇ ਸਨ ਅਤੇ ਸਰੀਰ ਆਕੜਿਆ ਹੋਇਆ ਸੀ, ਤਾਂ ਉਸ ਦਾ ਮਨ ਖੜੇ ਹੋ ਕੇ ਵੇਖਣ ਦਾ ਸੀ, ਪਰ ਇਸ ਲਈ ਵਕਤ ਨਹੀਂ ਸੀ, ਵਿਹਲ ਨਹੀਂ ਸੀ। ਉਸ ਦੇ ਸਾਥੀ ਮੁਸਾਫ਼ਿਰ ਧੱਕੇ ਮਾਰ ਰਹੇ ਸਨ ਅਤੇ ਮੋਢੇ ਤੇ ਹੁੱਝਾਂ ਮਾਰਦੇ ਹੋਏ, ਉਸ ਦੇ ਕੋਲੋਂ ਦੀ ਲੰਘ ਰਹੇ ਸਨ ਅਤੇ ਉਹ ਵੀ ਧਕਾ-ਪੇਲ ਵਿੱਚ, ਉਹਨਾਂ ਦੇ ਨਾਲ ਹੀ ਅੱਗੇ ਚਲਾ ਗਿਆ। ਉਹ ਧੱਕੇ ਤੇ ਹੁੱਝਾਂ ਇਸ ਲਈ ਮਾਰ ਰਹੇ ਸਨ ਕਿ ਉਹਨਾਂ ਨੂੰ ਵੀ ਬੰਬਈ ਦੀਆਂ ਭੀੜਾਂ ਵਲੋਂ, ਜੋ ਘਾਟਾਂ 'ਤੇ ਵਹੀਰਾਂ ਦੀਆਂ ਵਹੀਰਾਂ ਜਮ੍ਹਾ ਹੋਈਆਂ ਸਨ, ਧੱਕੇ ਤੇ ਕੂਹਣੀਆਂ ਵੱਜ ਰਹੀਆਂ ਸਨ। ਲੋਕ ਕਾਹਲੀ ਵਿੱਚ ਸਨ, ਕੁੱਝ ਕਰਨ ਦੀ ਕਾਹਲੀ ਵਿੱਚ। ਏਨੇ ਲੋਕ ਏਨੀ ਜ਼ਿਆਦਾ ਕਾਹਲੀ ਵਿੱਚ ਪਿੰਡ ਵਾਸੀਆਂ ਨੇ ਪਹਿਲਾਂ ਕਦੇ ਨਹੀਂ ਸਨ ਤੱਕੇ। ਉਹਨੇ ਆਪਣੀ ਅੱਖ ਦੇ ਇਕ ਹੀ ਕੋਨੇ 'ਚੋਂ ਵੇਖਿਆ ਸੀ, ਥੋੜ੍ਹੇ ਚਿਰ ਲਈ, ਅੱਗੇ ਧੱਕੇ ਜਾਣ ਤੋਂ ਪਹਿਲਾਂ ਘਾਟਾਂ 'ਤੇ ਖੜੇ ਭਾਫ਼ ਨਾਲ ਚੱਲਣ ਵਾਲੇ ਵੱਡੇ-ਵੱਡੇ ਜਹਾਜ਼ਾਂ ਦੇ ਵੱਡੇ-ਵੱਡੇ ਉਲਰੇ ਹੋਏ ਪਾਸੇ, ਵੱਡੇ-ਵੱਡੇ ਗੱਠੇ ਉਪਰ ਚੁੱਕ ਰਹੀਆਂ ਅਤੇ ਹੇਠਾਂ ਲਿਆ ਰਹੀਆਂ ਕਰੇਨਾਂ,

ਨੰਗੇ ਤਨ ਅਤੇ ਮੁੜ੍ਹਕੋ-ਮੁੜ੍ਹਕਾ ਹੋਏ ਆਪਣੇ ਸਿਰਾਂ ਅਤੇ ਮੋਢਿਆਂ ਉੱਤੇ ਵੱਡੀਆਂ-ਵੱਡੀਆਂ ਭਾਰੀਆਂ ਪੇਟੀਆਂ, ਬਕਸੇ ਅਤੇ ਟੋਕਰੀਆਂ ਲਿਜਾ ਰਹੇ ਮਨੁੱਖ, ਤੇਜ਼ੀ ਨਾਲ ਏਧਰ-ਉਧਰ ਆਉਂਦੇ-ਜਾਂਦੇ, ਘੁਰ-ਘੁਰ, ਬੁੜ-ਬੁੜ ਕਰਦੇ। ਇਸਤਰੀਆਂ, ਪਿੰਡ ਦੀਆਂ ਮਛੇਰਨਾਂ ਵਰਗੀਆਂ ਇਸਤਰੀਆਂ, ਆਪਣੀਆਂ ਊਦੀਆਂ-ਬੈਂਗਣੀ ਸਾੜ੍ਹੀਆਂ, ਆਪਣੀਆਂ ਲੱਤਾਂ ਵਿਚਕਾਰ ਉਪਰ ਛੁੰਗੀ, ਲਿਸ਼ਕਦੀਆਂ-ਤਿਲਕਦੀਆਂ ਮੱਛੀਆਂ ਦੀਆਂ ਟੋਕਰੀਆਂ ਲੈ ਕੇ ਬੇੜੀਆਂ ਤੋਂ ਮੰਡੀ ਤੱਕ ਦੌੜਦੀਆਂ-ਭੱਜਦੀਆਂ, ਘਾਹ ਫੂਸ 'ਤੇ ਪਰਾਲੀ, ਚਿੱਕੜ ਅਤੇ ਮੱਛੀਆਂ ਅਤੇ ਮੱਛੀਆਂ ਦੀ ਛਿੱਲ ਤੇ ਚਾਨਿਆਂ ਆਦਿ ਨਾਲ ਖ਼ਤਰਨਾਕ ਤੌਰ 'ਤੇ ਤਿਲਕਣੀ ਹੋਈ ਜ਼ਮੀਨ। ਇਸ ਹਫ਼ੜਾ-ਦਫ਼ੜੀ ਤੋਂ ਇਲਾਵਾ ਸ਼ਹਿਰ ਦੀਆਂ ਆਪਣੀਆਂ ਗੰਧਾਂ ਸਨ, ਜੋ ਸਮੁੰਦਰ ਅਤੇ ਮੱਛੀਆਂ ਦੀਆਂ ਜਾਣੀਆਂ-ਪਛਾਣੀਆਂ ਮਹਿਕਾਂ ਨਾਲ ਮਿਲ ਰਹੀਆਂ ਸਨ ਅਤੇ ਉਹਨਾਂ ਨੂੰ ਕਿਸੇ ਅਜੀਬ-ਜਿਹੀ ਚੀਜ਼ ਵਿੱਚ ਤਬਦੀਲ ਕਰ ਰਹੀਆਂ ਸਨ, ਅਤੇ ਫਿਰ ਸ਼ਹਿਰ ਦਾ ਸ਼ੋਰ-ਸ਼ਰਾਬਾ ਨਾ ਸਿਰਫ਼ ਮਾਛੀਆਂ ਦੀਆਂ ਜਾਣੀਆਂ-ਪਛਾਣੀਆਂ ਆਵਾਜ਼ਾਂ, ਉਚੀਆਂ-ਉਚੀਆਂ ਅਤੇ ਟੁਣਕਵੀਆਂ, ਸਗੋਂ ਆਵਾਜਾਈ ਦਾ ਰੌਲਾ-ਰੱਪਾ ਵੀ ਜੋ ਥਲ ਵਿੱਚ ਜਾਂ ਉਸ ਦੇ ਆਲੇ-ਦੁਆਲੇ ਬਹੁਤ ਘੱਟ ਸੁਣਨ ਨੂੰ ਮਿਲ਼ਦਾ ਸੀ।

ਅਤੇ ਹੁਣ ਉਹ ਗੇਟਾਂ ਵਿੱਚੋਂ ਦੀ, ਅਤੇ ਗਲੀਆਂ ਵਿਚੋਂ ਦੀ ਭੈਅ-ਦਾਇਕ ਆਵਾਜਾਈ ਦੇ ਵਿਚਕਾਰ ਦੀ ਜਾ ਰਹੇ ਸਨ। ਆਪਣੀ ਸਾਰੀ ਜ਼ਿੰਦਗੀ ਵਿੱਚ, ਹਰੀ ਨੇ ਏਨੀ ਆਵਾਜਾਈ ਨਹੀਂ ਸੀ ਵੇਖੀ, ਜਿੰਨੀ ਕਿ ਉਸ ਇਕ ਪਲ ਵਿੱਚ, ਉਸ ਇਕੋ ਗਲੀ ਵਿੱਚ। ਥਲ ਵਿੱਚ ਕਦੇ ਕਦਾਈਂ ਹੀ ਕੋਈ ਬੱਸ ਪਿੰਡ ਦੀ ਮੁੱਖ ਸੜਕ ਤੋਂ ਸ਼ਾਹ-ਰਾਹ ਤੱਕ ਆਉਂਦੀ ਜਾਂਦੀ ਸੀ ਅਤੇ ਬਹੁਤ ਹੀ ਘੱਟ ਕੋਈ 'ਕਲੱਮ ਕੱਲੀ ਧੂੜਾਂ-ਲਿੱਬੜੀ ਕਾਰ। ਜਦੋਂ ਉਹ ਅਲੀਬਾਗ਼ ਗਿਆ ਸੀ, ਤਾਂ ਉਹਨੇ ਜ਼ਿਆਦਾਤਰ ਸਾਈਕਲ ਹੀ ਵੇਖੇ ਸਨ ਅਤੇ ਕੁਝ ਕੁ ਸਾਈਕਲ-ਰਿਕਸ਼ੇ ਅਤੇ ਹਾਂ, ਬੱਸਾਂ ਤੇ ਲਾਰੀਆਂ ਵੀ। ਪਰ ਏਥੇ ਬੰਬਈ ਵਿੱਚ ਹਰ ਚੀਜ਼ ਇਕਵਾਰਗੀ ਹੀ ਸੀ, ਜਿਵੇਂ ਕਿ ਸੰਸਾਰ ਦੀ ਸਾਰੀ ਆਵਾਜਾਈ, ਬੰਬਈ ਦੇ ਗਲੀਆਂ ਬਜ਼ਾਰਾਂ ਵਿੱਚ ਇਕੱਠੀ ਹੀ ਨਿਕਲ ਆਈ ਹੋਵੇ, ਸਾਈਕਲ, ਰਿਕਸ਼ੇ, ਹੱਥ-ਠ੍ਹੇਲੇ, ਟਾਂਗੇ, ਬੱਸਾਂ, ਕਾਰਾਂ, ਟੈਕਸੀਆਂ ਅਤੇ ਲਾਰੀਆਂ-ਘੂੰ-ਘੂੰ, ਚੀਂ-ਚੀਂ, ਭੀਂ-ਭੀਂ, ਟੀਂ-ਟੀਂ ਕਰ੍ਹਦੀਆਂ ਉਸ ਦੇ ਕੋਲੋਂ ਦੀ ਅਤੇ ਉਸ ਦੇ ਆਲੇ-ਦੁਆਲਿਉਂ ਗਰਜਦੀਆਂ, ਗੜ੍ਹਕਦੀਆਂ, ਸ਼ੋਰ ਮਚਾਉਂਦੀਆਂ ਲੰਘਦੀਆਂ। ਡਰ ਕੇ ਉਹਨੇ ਆਪਣੇ ਅਗਲੇ ਆਦਮੀ ਦਾ ਹੱਥ, ਘੁੱਟ ਕੇ ਫੜ ਲਿਆ ਅਤੇ ਫਿਰ ਉਸ ਨੂੰ ਜਦੋਂ ਇਹ ਪਤਾ ਲੱਗਾ ਕਿ ਉਹ ਥਲ ਦੇ ਰਹਿਣ ਵਾਲਾ ਹੀ ਇੱਕ ਕਿਸਾਨ, ਮਾਹੇ ਹੈ, ਤਾਂ ਉਸ ਨੂੰ ਬਹੁਤ ਰਾਹਤ ਮਿਲੀ।

"ਛੇਤੀ ਕਰ ਭਰਾਵਾ- ਰੁਕ ਨਾ- ਆ ਜਾ, ਅਸੀਂ 'ਕਾਲਾ ਘੋੜਾ' ਜਾਣਾ ਹੈ। ਮਾਹੇ ਹਫ਼-ਹੌਂਕ ਰਿਹਾ ਸੀ ਅਤੇ ਉਹ ਦੋਵੇਂ ਇਕੱਠੇ ਹੀ ਆਵਾਜਾਈ ਵਿਚੋਂ ਦੀ, ਏਧਰ-ਉਧਰ ਹੁੰਦੇ, ਮੁੜਦੇ ਸਿੱਧੇ ਇੱਕ ਵੱਡੀ ਸਾਰੀ ਡਬਲ-ਡੈੱਕਰ ਬੱਸ ਵਿਚ ਜਾ ਵੱਜੇ, ਜੋ ਇੱਕ ਲੰਮੀ ਸਾਰੀ ਚੀਖ਼ ਜਿਹੀ ਮਾਰ ਕੇ, ਬਿਲਕੁਲ ਉਹਨਾਂ ਦੇ ਨੱਕ ਦੇ ਐਨ ਅੱਗੇ ਆ ਰੁਕੀ ਸੀ। ਡਰਾਈਵਰ ਨੇ ਖਿੜਕੀ 'ਚੋਂ ਸਿਰ ਬਾਹਰ ਕੱਢਿਆ ਅਤੇ ਉਹਨਾਂ ਉਪਰ ਚੀਖ਼ਿਆ। ਉਹ ਭੈਅ-ਭੀਤ ਹੋਏ ਖਲੋਤੇ ਸਨ ਅਤੇ ਕੰਬ ਰਹੇ ਸਨ।

ਫਿਰ ਪੁਲਿਸ ਆ ਗਈ-ਬੰਬਈ ਦੀ ਮਸ਼ਹੂਰ ਪੁਲਿਸ ਜੋ ਆਪਣੇ ਡੰਡੇ ਨੂੰ ਇੱਕ ਵਾਰ ਹੀ ਹਿਲਾ ਕੇ, ਆਪਣੀ ਸੀਟੀ ਇਕ ਵਾਰ ਹੀ ਵਜਾ ਕੇ ਸਾਰੀ ਆਵਾਜਾਈ ਨੂੰ ਇਕੋ ਵਾਰ

ਹੀ ਰੋਕ ਸਕਦੀ ਸੀ ਜਾਂ ਫਿਰ ਉਸਨੂੰ ਇਕ ਸੜਕ 'ਤੇ ਉਪਰ ਵਲ ਨੂੰ ਅਤੇ ਦੂਸਰੀ ਸੜਕ ਤੇ ਹੇਠਾਂ ਵਲ ਨੂੰ ਤੋਰ ਸਕਦੀ ਸੀ, ਅਤੇ ਸਰੋਂ ਜਲੂਸਾਂ ਅਤੇ ਭੀੜਾਂ ਦੀਆਂ ਭੀੜਾਂ ਮੁਜ਼ਾਹਰਾਕਾਰਾਂ ਨੂੰ, ਭੀੜ-ਭੜੱਕੇ ਵਾਲੇ ਸ਼ਹਿਰ ਦੇ ਵਿਚਕਾਰ ਦੀ, ਜਿਵੇਂ ਕਿ ਅਲੀਬਾਗ਼ ਦੇ ਮਾਛੀਆਂ ਦਾ ਇਹ ਮੁਜ਼ਾਹਰਾ ਸੀ, ਕਾਬੂ ਕਰਨ ਦੇ ਸਮਰੱਥ ਸੀ।

"ਮੂਰਖਾ, ਤੂੰ ਕਿੱਥੋਂ ਆਇਐਂ? ਪੁਲਿਸ ਵਾਲਾ ਹਰੀ' 'ਤੇ ਗੱਜਿਆ। "ਕੀ ਤੂੰ ਕਦੇ ਟ੍ਰੈਫ਼ਿਕ ਲਾਈਟਾਂ ਨਹੀਂ ਤੱਕੀਆਂ? ਕੀ ਤੈਨੂੰ ਪਤਾ ਨਹੀਂ ਕਿ ਸੜਕ ਕਿਵੇਂ ਪਾਰ ਕਰੀਦੀ ਹੈ? ਸਿੱਧਾ ਕੱਦੂ ਦੇ ਖੇਤਾਂ 'ਚੋਂ ਆਇਆ ਏਂ, ਕਿਉਂ ਭਈ, ਠੀਕ ਹੈ?"

"ਉਸ ਨੂੰ ਉਥੇ ਹੀ ਵਾਪਸ ਭੇਜ ਦੇ। ਉਸਨੂੰ ਕੱਦੂਆਂ ਦੀ ਖੇਤੀ ਕਰਨ ਦੇ। ਉਸਨੂੰ ਬੰਬਈ ਦੇ ਗਲੀਆਂ ਬਾਜ਼ਾਰਾਂ ਤੋਂ ਪਰ੍ਹੇ ਰੱਖ।" ਬੱਸ ਡਰਾਈਵਰ ਬਹੁਤ ਜ਼ੋਰ ਨਾਲ ਚਿੱਲਾਇਆ।

ਪੁਲਿਸ ਵਾਲਾ ਹੱਸਿਆ। ਉਹਨੇ ਆਪਣਾ ਹੱਥ ਖੜਾ ਕੀਤਾ, ਬੱਸ ਨੂੰ ਉਡੀਕਣ ਦਾ ਸੰਕੇਤ ਕਰਨ ਲਈ ਅਤੇ ਹੱਥ ਹਿਲਾ ਕੇ ਮੁਜ਼ਾਹਰਾਕਾਰਾਂ ਨੂੰ ਸੜਕ ਪਾਰ ਕਰਨ ਲਈ ਆਖਿਆ।

"ਅਸੀਂ ਅਲੀਬਾਗ਼ ਤੋਂ ਆਏ ਕਿਸਾਨ ਅਤੇ ਮਾਛੀ ਹਾਂ।" ਮਾਹੇ ਨੇ ਅੱਗੇ ਵਧਣ ਤੋਂ ਪਹਿਲਾਂ, ਹੌਲੀ- ਜਿਹੀ ਆਖਿਆ। ਅਸੀਂ ਮੁੱਖ ਮੰਤਰੀ ਨਾਲ ਗੱਲਬਾਤ ਕਰਨ ਆਏ ਹਾਂ।"

"ਕਰੋ ਜੀ ਕਰੋ !" ਪੁਲਿਸ ਵਾਲੇ ਨੇ ਉਸਨੂੰ ਆਖਿਆ। "ਤੁਸੀਂ ਕਰੋ ਜੀ.....ਉਹ ਤੁਹਾਡੀ ਹੀ ਉਡੀਕ ਕਰ ਰਿਹੈ, ਚਾਹ ਅਤੇ ਫੁੱਲਾਂ ਦੇ ਹਾਰਾਂ ਨਾਲ ਅਤੇ ਤੁਹਾਡੇ 'ਚੋਂ ਹਰੇਕ ਲਈ, ਮਿਠਿਆਈ ਦੀ ਇੱਕ-ਇੱਕ ਟੁਕੜੀ ਵੀ।" ਉਹ ਫਿਰ ਖਿੜ-ਖਿੜਾ ਕੇ ਹੱਸ ਪਿਆ, ਬੱਸ ਡਰਾਈਵਰ ਨੂੰ ਅੱਖ ਮਾਰਦਿਆਂ। ਜਿਵੇਂ ਹੀ ਉਹਨੇ ਇੰਜ ਕੀਤਾ ਅਤੇ ਉਹਨਾਂ ਨੂੰ ਅੱਗੇ ਜਾਣ ਦਾ ਸੰਕੇਤ ਕਰਨ ਲਈ ਜ਼ੋਰ ਨਾਲ ਆਪਣੀ ਸੀਟੀ ਵਜਾਈ ਤਾਂ ਹਰੀ ਅਤੇ ਉਸ ਦੇ ਸਾਥੀ, ਅੱਗੇ ਵਲ ਤੁਰ ਪਏ, ਬਹੁਤ ਹੀ ਦੁਖੀ ਦਿਲ ਨਾਲ ਅਤੇ ਕਰੋਧਿਤ ਹੋਏ।

"ਇਹ ਬੰਬਈ ਵਾਲੇ, ਧਰਤੀ ਉਪਰ ਸਭ ਤੋਂ ਅੱਖੜਖਾਂਦ ਲੋਕ ! ਮਾਹੇ ਨੇ ਮਿਣ-ਮਿਣ ਕੀਤੀ ਅਤੇ ਹਰੀ ਨੇ ਸਿਰ ਹਿਲਾਇਆ।

ਉਹ ਤਾਂ ਦਿਹੁੰ ਦੀਆਂ ਪਹਿਲੀਆਂ ਝੇਡਾਂ ਸਨ। ਅਤੇ ਜਿਉਂ ਹੀ ਉਹਨਾਂ ਰਹੱਸਮਈ 'ਕਾਲੇ ਘੋੜੇ' ਤੱਕ ਜਾਣ ਵਾਲੇ ਗਲੀਆਂ-ਬਾਜ਼ਾਰਾਂ ਵਿਚੋਂ ਦੀ ਲੰਘਣਾ ਸੀ, ਉਹਨਾਂ ਨੂੰ ਅਨੇਕਾਂ ਹੋਰ ਮਖ਼ੌਲ ਸੁਣਨੇ ਪੈਣੇ ਸਨ। ਹਰੀ ਨੇ ਡਰੇ-ਸਹਿਮੇ ਨੇ, ਉਚੀਆਂ-ਉਚੀਆਂ ਆਕਾਸ਼-ਛੋਂਹਦੀਆਂ, ਦਸ ਤੋਂ ਵੀਹ-ਵੀਹ ਮੰਜ਼ਲੀਆਂ ਇਮਾਰਤਾਂ, ਵੱਡੀਆਂ-ਵੱਡੀਆਂ ਦੁਕਾਨਾਂ ਅਤੇ ਉਹਨਾਂ ਦੀਆਂ ਬਾਰੀਆਂ ਵਲ ਤੱਕਿਆ, ਜੋ ਉਸ ਦੇ ਪਿੰਡ ਵਿਚਲੀਆਂ ਝੁੱਗੀਆਂ ਜਿੰਨੀਆਂ ਉਚੀਆਂ ਸਨ ਅਤੇ ਕਿਤੇ ਵਧੇਰੇ ਚਮਕਦਾਰ ਸਨ ਅਤੇ ਲੋਕਾਂ ਵਿਚੋਂ ਦੀ ਧੱਕੇ-ਧੋੜੇ ਖਾਂਦਾ ਅਤੇ ਮਾਰਦਾ, ਅੱਗੇ ਵਧਿਆ ਜੋ ਗਲੀਆਂ-ਬਾਜ਼ਾਰਾਂ ਵਿੱਚ ਸਮੁੰਦਰ ਵਿਚਲੀਆਂ ਮੱਛੀਆਂ ਨਾਲੋਂ ਵੀ ਵਧੇਰੇ ਗਿਣਤੀ ਵਿੱਚ ਸਨ, ਤਾਂ ਉਹ 'ਕਾਲਾ ਘੋੜਾ' ਬਾਰੇ ਹੀ ਸੋਚ ਰਿਹਾ ਸੀ! ਕੀ ਉਸ ਅਜੀਬੋ ਗ਼ਰੀਬ ਸ਼ਹਿਰ 'ਚ ਕੋਈ ਮਹਾਨ 'ਕਾਲਾ ਘੋੜਾ' ਹੈ। ਇੱਕ ਤਰ੍ਹਾਂ ਦੇ ਦੇਵਤੇ, ਇਕ ਪੂਜਨੀਕ ਦੇਵਤੇ ਦੇ ਤੌਰ 'ਤੇ? ਉਹ ਬੜੀ ਉਤਸੁਕਤਾ ਨਾਲ, ਬੜੇ ਚਾਅ ਨਾਲ, ਅਤੇ ਸ਼ਾਇਦ ਥੋੜ੍ਹੀ ਜਿੰਨੀ ਚਿੰਤਾ ਨਾਲ ਉਸ ਦੀ ਢੂੰਡ ਕਰਨ ਲੱਗਾ, ਪਰ ਉਸਨੂੰ ਸਿਰਫ਼ ਲੋਕ, ਇਮਾਰਤਾਂ ਅਤੇ ਆਵਾਜਾਈ ਹੀ ਦਿਖਾਈ ਦਿੱਤੀ ਅਤੇ ਉਸਨੂੰ ਸਿਰਫ਼ ਭੋਂਪੂਆਂ ਦੀ ਭੋਂ-ਭੋਂ, ਗੀਅਰਾਂ ਦੀ ਕਰਿੱਚ-ਕਰਿੱਚ, ਘੂੰ-ਘੂੰ, ਅਤੇ ਵੱਡੀਆਂ-ਵੱਡੀਆਂ ਡਬਲ-ਡੈੱਕਰ ਬੱਸਾਂ ਦੀ, ਟੈਕਸੀਆਂ ਅਤੇ

ਕਾਰਾਂ ਦੀ ਗੂੰਜ ਤੇ ਗਰਜ ਹੀ ਸੁਣਾਈ ਦਿੱਤੀ। ਲੋਕੀਂ ਆਪਣੇ ਮਾਰਕਿਟ ਬੈਗ, ਹੈਂਡ ਬੈਗ ਅਤੇ ਬਰੀਫ਼-ਕੇਸ ਲਈ, ਧੱਕਾ-ਪੇਲ ਕਰਦੇ ਤੇ ਬੁੜਬੁੜਾਉਂਦੇ ਹੋਏ ਅੱਗੇ ਵਧ ਰਹੇ ਸਨ, "ਅਹਿ ਲਓ, ਇੱਕ ਹੋਰ ਜੁਲੂਸ, ਸਾਨੂੰ ਰੋਕਣ ਵਾਸਤੇ- ਸਾਨੂੰ ਕੰਮ ਤੋਂ ਦੇਰ ਹੋ ਜਾਵੇਗੀ-ਏਥੇ ਹੀ-ਮੇਰੇ ਰਾਹ 'ਚੋਂ ਲਾਂਭੇ ਹਟੋ!"

ਇੱਕ ਵਾਰੀ ਇਕ ਹੋਰ ਜਲੂਸ ਸਿੱਧਾ ਉਹਨਾਂ ਦੇ ਜਲੂਸ ਦੇ ਅੱਗੋਂ ਦੀ ਲੰਘਿਆ ਅਤੇ ਉਹਨਾਂ ਨੂੰ ਰੁਕਣਾ ਪਿਆ ਸੀ ਅਤੇ ਓਨੀ ਦੇਰ ਤੱਕ ਉਡੀਕ ਕਰਨੀ ਪਈ ਸੀ, ਜਦ ਤੱਕ ਕਿ ਉਹ ਉਹਨਾਂ ਦੇ ਕੋਲੋਂ ਦੀ ਘੁੰਮ ਕੇ, ਲੰਘ ਨਹੀਂ ਸੀ ਗਿਆ। ਇਹ ਵੇਖ ਕੇ ਹਰੀ ਦੀ ਹੈਰਾਨੀ ਦੀ ਕੋਈ ਹੱਦ ਨਹੀਂ ਸੀ ਰਹੀ ਕਿ ਉਸ ਜਲੂਸ ਵਿੱਚ ਮਾਰਚ ਕਰਨ ਵਾਲੀਆਂ ਸਾਰੀਆਂ ਔਰਤਾਂ ਹੀ ਸਨ। ਉਹਨਾਂ ਦੇ ਹੱਥਾਂ ਵਿੱਚ ਝੰਡੇ ਫੜੇ ਹੋਏ ਸਨ, ਉਹਨਾਂ ਦੇ ਮੁੱਕੇ ਹਵਾ ਵਿੱਚ ਉਲਰੇ ਹੋਏ ਸਨ ਅਤੇ ਉਹ ਉਚੀ-ਉਚੀ ਨਾਅਰੇ ਲਾ ਰਹੀਆਂ ਸਨ, "ਕੀਮਤਾਂ ਘੱਟ ਕਰੋ! ਸਾਨੂੰ ਤੇਲ ਚਾਹੀਦੈ। ਸਾਨੂੰ ਚੀਨੀ ਚਾਹੀਦੀ ਹੈ, ਸਾਨੂੰ ਵਾਜਬ ਮੁੱਲ 'ਤੇ ਚੌਲ ਚਾਹੀਦੇ ਹਨ।" ਅਤੇ 'ਇਸਤਰੀਆਂ ਦੀ ਆਜ਼ਾਦੀ ਅਤੇ ਇਨਸਾਫ਼ ਦੀ ਸਭਾ ਜ਼ਿੰਦਾਬਾਦ"। ਫਿਰ ਸਾਰੀਆਂ ਔਰਤਾਂ ਇੱਕ ਆਵਾਜ਼ ਵਿੱਚ ਉਚੀ ਸਾਰੀ ਆਖਦੀਆਂ, "ਜੈ।" ਅਤੇ ਲਹਿਰਹਾਰ ਅੱਗੇ ਵਧ ਜਾਂਦੀਆਂ। ਉਹਨਾਂ ਦੇ ਅੱਗੇ ਅੱਗੇ, ਧੌਲੇ-ਚਿੱਟੇ ਵਾਲਾਂ ਵਾਲੀ ਇੱਕ ਬਿਰਧ ਸੁਆਣੀ ਸੀ, ਜੋ ਹਵਾ ਵਿੱਚ ਆਪਣਾ ਮੁੱਕਾ ਨਹੀਂ ਸੀ ਘੁਮਾ ਰਹੀ, ਸਗੋਂ ਲੱਕੜ ਦੀ ਇੱਕ ਘੁੰਮਦੀ ਹੋਈ ਚਰਖ਼ੀ ਜਿਹੀ ਹਿਲਾ ਰਹੀ ਸੀ ਅਤੇ ਬਾਕੀ ਦੀਆਂ ਸਾਰੀਆਂ ਇਸਤਰੀਆਂ, ਹੱਸ ਰਹੀਆਂ ਸਨ ਅਤੇ ਬੜੇ ਚਾਅ ਤੇ ਉਤਸ਼ਾਹ ਨਾਲ, ਉਹਨੂੰ, ਉਸ ਚਰਖ਼ੀ ਨੂੰ ਉਚਾ ਚੁੱਕੀ ਰੱਖਣ ਅਤੇ ਹਿਲਾਈ ਜਾਣ ਲਈ ਹੱਲਾਸ਼ੇਰੀ ਦੇ ਰਹੀਆਂ ਸਨ। ਕੁਝਨਾਂ ਦੇ ਹੱਥਾਂ ਵਿੱਚ ਖਾਣਾ ਪਕਾਉਣ ਵਾਲੇ ਭਾਂਡੇ ਸਨ, ਜਿਹਨਾਂ ਨੂੰ ਉਹ ਲੰਮੇ-ਲੰਮੇ ਹੱਥਿਆਂ ਵਾਲੀਆਂ ਕੜਛੀਆਂ ਤੇ ਚਮਚਿਆਂ ਨਾਲ ਖੜਕਾ ਰਹੀਆਂ ਸਨ ਅਤੇ ਕੰਨ-ਪਾੜਵਾਂ ਰੌਲਾ-ਰੱਪਾ ਪਾ ਰਹੀਆਂ ਸਨ, ਜਿਸਦਾ ਉਹ ਬਹੁਤ ਜ਼ਿਆਦਾ ਮਜ਼ਾ ਮਾਣ ਰਹੀਆਂ ਜਾਪਦੀਆਂ ਸਨ।

ਹਰੀ ਅਤੇ ਅਲੀਬਾਗ਼ ਦੇ ਹੋਰ ਪੇਂਡੂ ਲੋਕਾਂ ਦਾ ਮੂੰਹ ਹੈਰਾਨੀ 'ਚ ਖੁੱਲ੍ਹੇ ਦਾ ਖੁੱਲਾ ਰਹਿ ਗਿਆ ਸੀ। ਉਹ ਆਪਣੇ ਨਾਲ ਇੱਕ ਵੀ ਔਰਤ ਨਹੀਂ ਸਨ ਲਿਆਏ। ਉਹਨਾਂ ਨੇ ਇਹ ਜ਼ਰੂਰੀ ਵੀ ਨਹੀਂ ਸੀ ਸਮਝਿਆ। ਉਹਨਾਂ ਨੂੰ ਵਿਸ਼ਵਾਸ ਸੀ ਕਿ ਉਹ ਮਰਦ-ਜ਼ਾਤ, ਆਪਣੇ-ਆਪ ਹੀ ਇਸ ਸਭ ਕਾਸੇ ਦਾ ਬੰਦੋਬਸਤ ਕਰ ਲੈਣਗੇ ਅਤੇ ਔਰਤਾਂ ਐਵੇਂ ਵਾਧੂ ਸਿਰਦਰਦੀ ਹੀ ਹੋਣਗੀਆਂ। ਪਰ ਏਥੇ ਬੰਬਈ ਵਿਚ ਜਾਪਦਾ ਸੀ ਕਿ ਇਸਤਰੀਆਂ, ਇਹ ਵਿਸ਼ਵਾਸ ਨਹੀਂ ਸੀ ਕਰਦੀਆਂ ਕਿ ਮਰਦ ਉਹਨਾਂ ਲਈ ਪ੍ਰਬੰਧ ਕਰਨ, ਸਗੋਂ ਉਹ ਆਪਣੇ ਮਾਮਲਿਆਂ ਨੂੰ ਆਪ ਜਥੇਬੰਦ ਕਰਨ ਲਈ ਦ੍ਰਿੜ੍ਹ ਸੰਕਲਪ ਸਨ। ਹਰੀ ਵਾਸਤੇ ਇਹ ਇੱਕ ਅਸਲੋਂ ਹੀ ਨਵਾਂ ਤੇ ਵਿਚਿੱਤਰ ਵਿਚਾਰ ਸੀ ਅਤੇ ਉਹ ਹਾਸੇ ਵਿਚ ਜਾਂ ਹੋਰ ਮਖ਼ੌਲਾਂ ਵਿਚ ਸ਼ਾਮਲ ਨਹੀਂ ਸੀ ਹੋਇਆ ਸਗੋਂ ਉਹਨਾਂ ਇਸਤਰੀਆਂ ਦੇ ਉਥੋਂ ਲੰਘ ਜਾਣ ਤੋਂ ਬਾਅਦ, ਬੜੇ ਸੰਜਮ ਤੇ ਸੰਜੀਦਗੀ ਨਾਲ ਤੁਰਦਾ ਗਿਆ ਸੀ, ਇਹ ਸੋਚਦਾ ਹੋਇਆ ਕਿ ਉਸ ਦੀ ਮਾਂ ਅਤੇ ਭੈਣ ਲੀਲਾ ਇਸ ਸੰਬੰਧੀ ਕੀ ਸੋਚਦੀਆਂ।

ਹੁਣ ਉਹਨਾਂ ਦੇ ਦੋਹਾਂ ਪਾਸਿਆਂ 'ਤੇ ਪੁਲਿਸ ਵਾਲੇ ਸਨ, ਆਪਣੇ ਡੰਡੇ ਉਪਰ ਨੂੰ ਉਲਾਰਦੇ-ਹੁਲਾਰਦੇ ਅਤੇ ਉਹਨਾਂ ਨੂੰ ਬਾਜ਼ਾਬਤਾ ਕਤਾਰਾਂ ਵਿੱਚ ਰੱਖ ਰਹੇ । ਇੰਜ ਜਾਪਦਾ

ਸੀ ਜਿਵੇਂ ਉਹ ਅਜਿਹੇ ਜੁਲੂਸਾਂ ਦੇ ਕਾਫ਼ੀ ਆਦੀ ਹੋ ਚੁੱਕੇ ਸਨ ਅਤੇ ਠੀਕ ਤਰ੍ਹਾਂ ਜਾਣਦੇ ਸਨ ਕਿ ਉਹਨਾਂ ਨਾਲ ਕਿਵੇਂ ਨਜਿੱਠਣਾ ਹੈ, ਅਤੇ ਉਹਨਾਂ ਨੂੰ ਕਿਵੇਂ ਆਦੇਸ਼ ਨਿਰਦੇਸ਼ ਦੇਣੇ ਹਨ। ਹਰੀ ਨੂੰ ਪਤਾ ਲੱਗਾ ਕਿ ਉਹਨਾਂ ਨੂੰ ਇੱਕ ਬਹੁਤ ਵੱਡੇ ਪਿੜ ਦੇ ਆਲੇ-ਦੁਆਲੇ ਲਿਜਾਇਆ ਜਾ ਰਿਹਾ ਹੈ, ਜਿਸ ਦੇ ਇਰਦ-ਗਿਰਦ ਪਾਰਕਾਂ ਤੇ ਰੁੱਖਾਂ ਨਾਲ ਘਿਰੀਆਂ, ਵੱਡੀਆਂ-ਵੱਡੀਆਂ ਗੁਮਟੀਦਾਰ ਇਮਾਰਤਾਂ ਸਨ। "ਵੇਖੋ, ਅਹੁ ਵੇਖੋ ਅਜਾਇਬ ਘਰ।" ਕੋਈ ਉਚੀ ਜਿਹੀ ਬੋਲਿਆ ਅਤੇ ਇਕ ਹੋਰ ਨੇ ਉਤੇਜਨਾ ਵੱਸ ਪੁੱਛਿਆ, "ਕੀ ਅਸੀਂ ਇਸ ਨੂੰ ਵੇਖ ਸਕਾਂਗੇ?" ਪਰ ਨਹੀਂ, ਉਹਨਾਂ ਨੂੰ ਤਾਂ ਵੱਡੀਆਂ-ਵੱਡੀਆਂ, ਭੂਰੇ ਰੰਗ ਦੀਆਂ ਪੁਰਾਣੀਆਂ ਦਫ਼ਤਰੀ ਇਮਾਰਤਾਂ ਵਿਚਕਾਰਲੇ ਇੱਕ ਚੌਕ ਵਿੱਚ ਲਿਜਾਇਆ ਜਾ ਰਿਹਾ ਸੀ ਅਤੇ ਉਥੇ ਚੌਕ ਦੇ ਗੱਭੇ, ਇੱਕ ਖ਼ਾਲੀ ਚੌਕੀ ਸੀ, "ਕਾਲਾ ਘੋੜਾ, ਕਾਲਾ ਘੋੜਾ।" ਹਰੀ ਨੇ ਬੰਦਿਆਂ ਨੂੰ ਆਖਦਿਆਂ ਸੁਣਿਆ ਅਤੇ ਉਹਨੇ ਪੁੱਛਿਆ, ਪਰ ਉਹ ਹੈ ਕਿਥੇ? "ਤੈਨੂੰ ਨਹੀਂ ਪਤੈ?" ਕਿਸੇ ਨੇ ਪੁੱਛਿਆ। "ਜਦੋਂ ਬਰਤਾਨਵੀ ਲੋਕ ਏਥੋਂ ਗਏ ਸਨ ਤਾਂ ਉਹ ਉਸਨੂੰ ਆਪਣੇ ਨਾਲ ਲੈ ਗਏ ਸਨ। ਬੰਬਈ ਦੇ ਲੋਕ ਆਜ਼ਾਦੀ ਤੋਂ ਮਗਰੋਂ ਕਿਸੇ ਬਦੇਸ਼ੀ ਹਾਕਮ ਨੂੰ ਵੇਖਣਾ ਨਹੀਂ ਸਨ ਚਾਹੁੰਦੇ, ਪੱਥਰ ਦੇ ਨੂੰ ਵੀ ਨਹੀਂ।" ਉਫ਼। ਹਰੀ ਨੇ ਘੋਰ ਨਿਰਾਸ਼ਾ ਵਿੱਚ ਆਖਿਆ, ਕਿਉਂਕਿ ਉਹ ਸ਼ਹਿਨਸ਼ਾਹ ਨੂੰ, ਉਸ ਦੇ ਘੋੜੇ ਉਤੇ ਬਹੁਤ ਪਿਆਰ ਤੇ ਹੁੱਬ ਨਾਲ ਵੇਖਣ ਦਾ ਚਾਹਵਾਨ ਸੀ। ਉਹ ਚੁੱਪ-ਚਾਪ, ਅਹਿਲ-ਅਡੋਲ ਖਲੋਤਾ ਸੀ, ਖ਼ਾਲੀ ਚੌਕੀ ਨੂੰ ਝਾਕਦਾ ਨਿਹਾਰਦਾ ਅਤੇ ਉਸ ਉਤੇ ਕਾਲੇ ਘੋੜੇ ਦੀ ਕਲਪਨਾ ਕਰ ਰਿਹਾ ਸੀ, ਜਦ ਕਿ ਕੁਝ ਹੋਰ ਪਿੰਡ ਵਾਸੀ ਆ ਕੇ ਉਸ ਦੇ ਕੋਲ ਖੜੇ ਹੋ ਗਏ। ਉਹਨਾਂ ਦੇ ਆਲੇ-ਦੁਆਲੇ ਆਵਾਜਾਈ ਲਗਾਤਾਰ ਚਲਦੀ ਰਹੀ, ਜਿਵੇਂ ਕਿ ਕਿਸੇ ਨੂੰ ਵੀ ਇਸ ਗੱਲ ਦੀ ਉਕਾ ਹੀ ਕੋਈ ਪਰਵਾਹ ਨਹੀਂ ਸੀ ਕਿ ਉਹ ਏਥੇ ਕਿਉਂ ਆਏ ਸਨ ਜਾਂ ਉਹ ਏਥੇ ਕੀ ਕਰ ਰਹੇ ਸਨ।

ਕਾਲੇ ਘੋੜੇ ਦੀ ਖ਼ਾਲੀ ਪਈ ਚੌਕੀ ਦੇ ਇਕ ਪਾਸੇ ਲੱਕੜੀ ਦੀ ਇੱਕ ਪੌੜੀ ਲੱਗੀ ਹੋਈ ਸੀ ਅਤੇ ਸਫ਼ੈਦ ਦਾੜ੍ਹੀ ਵਾਲਾ ਇਕ ਬਿਰਧ ਬੰਦਾ ਜੋ ਅਲੀਬਾਗ਼ ਤੋਂ ਆਏ ਆਦਮੀਆਂ ਲਈ ਅਸਲੋਂ ਅਜਨਬੀ ਸੀ, ਉਸ ਉਪਰ ਚੜ੍ਹਿਆ। ਉਹਨੇ ਆਪਣੇ ਮੂੰਹ ਦੇ ਮੂਹਰੇ ਇੱਕ ਧੂਤੂ ਰੱਖਿਆ ਅਤੇ ਬੋਲਣਾ ਸ਼ੁਰੂ ਕਰ ਦਿੱਤਾ। ਹਰੀ ਨੇ ਆਵਾਜਾਈ ਵਲੋਂ ਅਤੇ ਉਚੀ-ਉਚੀ ਵੱਜ ਰਹੇ ਭੋਂਪੂਆਂ ਅਤੇ ਘੂੰ-ਘੂੰ ਕਰਦੇ ਪੱਹੀਆਂ ਵਲੋਂ ਬੇਖ਼ਬਰ ਹੋ ਕੇ, ਤਕਰੀਰ ਦੇ ਕੁਝ ਸ਼ਬਦ ਫੜਨ ਦੀ ਕੋਸ਼ਿਸ਼ ਕੀਤੀ।

"ਮੈਂ ਏਥੇ, ਤੁਹਾਡੇ ਨਾਲ ਅਤੇ ਤੁਹਾਡੇ ਵਾਸਤੇ ਗੱਲ ਕਰਨ ਆਇਆ ਹਾਂ, ਕਿਉਂਕਿ ਮੈਨੂੰ ਤੁਹਾਡੀ ਜੀਵਨ-ਜਾਚ ਵਿੱਚ ਵਿਸ਼ਵਾਸ ਹੈ, ਕਿਉਂਕਿ ਤੁਹਾਡੇ ਹਰੇ-ਭਰੇ ਖੇਤ ਅਤੇ ਸਮੁੰਦਰ ਸਾਡੇ ਸਭਨਾਂ ਲਈ ਉਨੇ ਹੀ ਮੁੱਲਵਾਨ ਹਨ, ਜਿੰਨੇ ਕਿ ਤੁਹਾਡੇ ਲਈ। ਸਾਡੇ ਦਰਖ਼ਤਾਂ, ਸਾਡੀਆਂ ਮੱਛੀਆਂ, ਸਾਡੇ ਪਸ਼ੂਆਂ ਅਤੇ ਪੰਛੀਆਂ ਦੀ ਰੱਖਿਆ ਕਰਨ ਦੀ ਲੋੜ ਹੈ।

ਹਰੀ ਸੋਚ ਰਿਹਾ ਸੀ ਕਿ ਉਹ ਕੌਣ ਹੈ ਅਤੇ ਉਹ ਏਨੀ ਭਾਵੁਕਤਾ ਨਾਲ ਕਿਉਂ ਬੋਲ ਰਿਹਾ ਹੈ। ਉਹ ਲੱਗਦਾ ਤਾਂ ਸ਼ਹਿਰ ਦਾ ਬੰਦਾ ਹੈ। ਸਾਫ਼-ਸੁਥਰਾ ਅਤੇ ਪੜ੍ਹਿਆ ਲਿਖਿਆ-ਉਹ ਪਿੰਡ ਦੇ ਬੰਦਿਆਂ ਵਰਗਾ ਤਾਂ ਨਹੀਂ, ਜੋ ਧੁੱਪ ਤੇ ਧੂੜ ਵਿੱਚ ਔਖਾ ਕੰਮ ਕਰਨ ਦੇ ਆਦੀ ਹੁੰਦੇ ਹਨ। ਫਿਰ ਵੀ ਉਹ ਮੱਛੀਆਂ ਦੀ, ਪਸ਼ੂਆਂ ਦੀ ਅਤੇ ਰੁੱਖਾਂ ਦੀ ਗੱਲ, ਬੜੀ ਟੋਹ ਤੇ ਫ਼ਿਕਰਮੰਦੀ ਨਾਲ ਕਰ ਰਿਹਾ ਸੀ। ਉਸ ਨੂੰ ਏਨੀ ਚਿੰਤਾ ਕਿਉਂ ਸੀ?

ਜਿਵੇਂ ਕਿ ਉਹਨੇ ਹਰੀ ਦੇ ਵਿਚਾਰ ਸੁਣ ਰੱਖੇ ਹੋਣ, ਉਹਨੇ ਉਤਰ ਦਿੱਤਾ। "ਤੁਸੀਂ ਹੈਰਾਨ ਹੋਵੋਗੇ ਕਿ ਮੈਂ, ਬੰਬਈ ਦਾ ਇੱਕ ਨਾਗਰਿਕ, ਆਪਣੇ ਪਿੰਡ ਦੇ ਭਰਾਵਾਂ ਨਾਲ ਸ਼ਾਮਲ ਹੋਣ ਅਤੇ ਉਹਨਾਂ ਦੇ ਪੱਖ ਵਿੱਚ ਬੋਲਣ ਲਈ ਫ਼ਿਕਰਮੰਦ ਕਿਉਂ ਹਾਂ ! ਹੋ ਸਕਦਾ ਹੈ ਕਿ ਤੁਸੀਂ ਮੇਰੇ, ਤੁਹਾਡੇ ਆਪਣੇ ਹੱਕ ਵਿੱਚ ਬੋਲਣ ਦਾ ਵਿਸ਼ਵਾਸ ਨਾ ਕਰ ਰਹੇ ਹੋਵੋ। ਇਕ ਤਰ੍ਹਾਂ ਨਾਲ ਤੁਸੀਂ ਠੀਕ ਹੋ, ਕਿਉਂਕਿ ਨਿਸ਼ਚੇ ਹੀ ਮੇਰੇ ਆਪਣੇ ਸੁਆਰਥੀ ਕਾਰਨ ਹਨ। ਬੰਬਈ ਦੇ ਸਾਰੇ ਨਾਗਰਿਕ ਫ਼ਿਕਰਮੰਦ ਹਨ। ਇਹ ਫ਼ੈਕਟਰੀਆਂ ਜੋ ਥਲ-ਵੈਸ਼ੇਤ ਵਿੱਚ ਲੱਗਣੀਆਂ ਹਨ, ਮਾਰੂ ਰਸਾਇਣਾਂ ਪੌਣ ਵਿੱਚ ਛੱਡਣਗੀਆਂ-ਰਸਾਇਣਕ ਖਾਦਾਂ, ਮੀਲਾਂ ਤੱਕ ਆਲੇ-ਦੁਆਲੇ ਦੀ ਪੌਣ ਨੂੰ ਪਲੀਤ ਕੀਤੇ-ਬਗ਼ੈਰ ਨਹੀਂ ਬਣਾਈਆਂ ਜਾ ਸਕਦੀਆਂ। ਸਲਫ਼ਰ ਡਾਈ-ਉਕਸਾਈਡ, ਅਮੋਨੀਆ ਅਤੇ ਧੂੜ ਦੂਰ-ਦੂਰ ਤੱਕ ਖਿੱਲਰ ਜਾਵੇਗੀ। ਹਾਲ ਵਿਚ ਹੀ ਰਾਜ-ਕਰਦੀ ਸਰਕਾਰ ਨੇ, ਤੈਅ ਕੀਤਾ ਸੀ ਕਿ ਕੋਈ ਵੀ ਰਸਾਇਣਕ ਸਿਲਸਿਲਾ ਵੱਡੇ ਸ਼ਹਿਰਾਂ ਤੋਂ ਪੰਜਾਹ ਮੀਲ ਦੇ ਅੰਦਰ-ਅੰਦਰ ਸਥਿਤ ਨਹੀਂ ਹੋਣਾ ਚਾਹੀਦਾ। ਪਰ ਕੀ ਤੁਸੀਂ ਜਾਣਦੇ ਹੋ ਕਿ ਰੇਵਾਸ ਬੰਬਈ ਤੋਂ ਕਿੰਨੀ ਦੂਰ ਹੈ। ਇਹ ਸਿੱਧਾ ਸਿਰਫ਼ ਚੌਦਾਂ ਕਿਲੋਮੀਟਰ ਹੈ। ਜਿਵੇਂ ਕਿ ਹੈ, ਬੰਬਈ ਬਹੁਤ ਜ਼ਿਆਦਾ ਸਨਅਤੀਕ੍ਰਿਤ, ਭੀੜ-ਭਾੜ ਵਾਲਾ ਅਤੇ ਪ੍ਰਦੂਸ਼ਿਤ ਸ਼ਹਿਰ ਹੈ। ਅਸੀਂ ਹੋਰ ਕਿੰਨਾ ਪ੍ਰਦੂਸ਼ਣ ਬਰਦਾਸ਼ਤ ਕਰ ਸਕਦੇ ਹਾਂ। ਕੀ ਤੁਹਾਨੂੰ ਪਤਾ ਹੈ ਕਿ ਜਾਪਾਨ ਵਿੱਚ, ਜੀਵਿਕ ਪਾਰਾ ਸਮੁੰਦਰ ਵਿੱਚ ਛੱਡਿਆ ਗਿਆ ਸੀ। ਉਹਨੇ ਮੱਛੀਆਂ ਨੂੰ ਜ਼ਹਿਰ ਚਾੜ੍ਹ ਦਿੱਤੀ ਅਤੇ ਮੱਛੀਆਂ ਨੇ ਜ਼ਹਿਰ ਉਹਨਾਂ ਬੰਦਿਆਂ ਨੂੰ ਚਾੜ੍ਹ ਦਿੱਤੀ, ਜਿਹਨਾਂ ਬਦਕਿਸਮਤੀ ਨਾਲ, ਉਹ ਮੱਛੀਆਂ ਖਾਧੀਆਂ......।"

ਹਰੀ ਨੇ ਜ਼ੋਰ ਲਾ ਕੇ ਸੁਣਨ ਦਾ ਯਤਨ ਕੀਤਾ, ਪਰ ਆਵਾਜਾਈ ਦੇ ਰੌਲੇ-ਰੱਪੇ ਕਾਰਨ ਜਿਸ ਦਾ ਉਹ ਆਦੀ ਨਹੀਂ ਸੀ, ਉਸ ਦਾ ਧਿਆਨ ਉਟਕ ਗਿਆ। ਉਸਨੂੰ ਲੱਗਾ ਕਿ ਕਾਰਾਂ ਅਤੇ ਬੱਸਾਂ ਸਿੱਧੀਆਂ ਉਸ ਉਤੇ ਹੀ ਚੜ੍ਹਦੀਆਂ ਆ ਰਹੀਆਂ ਹੋਣ ਅਤੇ ਜੇ ਉਹਨੇ ਤਿੱਖੀ ਤਾੜ ਨਾ ਰੱਖੀ ਤਾਂ ਉਹ ਕੁਚਲਿਆ ਜਾਵੇਗਾ। ਉਹ ਬੜੀ ਬਿਹਬਲਤਾ-ਬੇਕਰਾਰੀ ਨਾਲ ਉਥੋਂ ਲਾਂਭੇ ਹਟ ਗਿਆ ਅਤੇ ਉਸਦੇ ਆਲੇ-ਦੁਆਲੇ ਦੇ ਆਦਮੀ ਉਸ ਨਾਲ ਟਕਰਾਉਣ ਲੱਗੇ, ਆਪੋ ਵਿੱਚ ਅਜਿਹੀਆਂ ਗੱਲਾਂ ਕਰਨ ਲੱਗੇ, ਜੋ ਉਸ ਦੀ ਸਮਝ ਤੋਂ ਉਪਰ ਸਨ। ਬੁਲਾਰੇ ਦੇ, ਪੜ੍ਹਿਆਂ-ਲਿਖਿਆਂ ਵਾਲੇ ਲਹਿਜੇ ਨੂੰ ਸਮਝਣਾ ਵੀ ਮੁਸ਼ਕਿਲ ਸੀ:

"ਜੇ ਤੁਹਾਨੂੰ ਕਿਸਾਨੀ ਤੇ ਮੱਛੀ-ਗੀਰੀ ਛੱਡਣ 'ਤੇ ਮਜਬੂਰ ਕਰ ਦਿੱਤਾ ਗਿਆ, ਤਾਂ ਤੁਹਾਨੂੰ ਆਪਣੇ ਪਿੰਡ ਆਪਣੇ ਘਰ ਛੱਡਣੇ ਪੈਣਗੇ ਅਤੇ ਕੰਮ ਲੱਭਣ ਲਈ ਬੰਬਈ ਆਉਣਾ ਪਏਗਾ।" ਉਹ ਆਖ ਰਿਹਾ ਸੀ। "ਹੁਣ ਜਦ ਕਿ ਤੁਸੀਂ ਏਥੇ ਹੋ, ਸ਼ਹਿਰ 'ਚ ਆਲੇ-ਦੁਆਲੇ ਦੇਖੋ, ਕੀ ਵੀਹ-ਪੰਝੀ ਹਜ਼ਾਰ ਹੋਰ ਲੋਕਾਂ ਲਈ ਥਾਂ ਹੈ? ਤੁਹਾਡਾ ਕੀ ਖ਼ਿਆਲ ਹੈ, ਏਥੇ ਕਾਫ਼ੀ ਨੌਕਰੀਆਂ ਜਾਂ ਘਰ ਹੋ ਸਕਦੇ ਹਨ? ਤੱਕੋ, ਗ਼ਰੀਬ ਤੇ ਬੇਰੋਜ਼ਗਾਰ ਲੋਕ, ਏਥੇ ਕਿਵੇਂ ਰਹਿ ਰਹੇ ਹਨ? ਕੀ ਤੁਸੀਂ ਧਾਨ ਦੇ ਹਰੇ ਭਰੇ ਖੇਤਾਂ ਅਤੇ ਨਾਰੀਅਲ ਦੇ ਝੁੰਡਾਂ ਵਿਚਲੀ, ਪਿੰਡਾਂ ਦੀ ਆਪਣੀ ਜ਼ਿੰਦਗੀ ਨੂੰ, ਸ਼ਹਿਰ ਦੀਆਂ ਪਟੜੀਆਂ 'ਤੇ ਭਿਖਾਰੀਆਂ ਦੀ ਜ਼ਿੰਦਗੀ ਵਿੱਚ ਵਟਾਉਣਾ ਚਾਹੁੰਦੇ ਹੋ?"

ਹਰੀ ਨੂੰ ਤਾਂ ਜਿਵੇਂ ਇੱਕ ਕੰਬਣੀ ਜਿਹੀ ਛਿੜ ਗਈ। ਉਹਨੂੰ ਇਹ ਪੱਕਾ ਇਹਸਾਸ ਹੋ ਗਿਆ ਕਿ ਦਾੜ੍ਹੀ ਵਾਲਾ ਆਦਮੀ ਉਸ ਨਾਲ ਹੀ ਗੱਲਾਂ ਕਰ ਰਿਹਾ ਸੀ, ਉਸ ਨੂੰ ਹੀ ਸਵਾਲ

ਕਰ ਰਿਹਾ ਸੀ। ਹੈਰਾਨੀ ਨਾਲ ਉਸਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ, ਉਸ ਨੂੰ ਕਿਵੇਂ ਪਤਾ ਲੱਗਾ ਸੀ ਕਿ ਹਰੀ ਏਥੇ ਕੰਮ ਲੱਭਣ ਲਈ ਆਇਆ ਸੀ? ਹਰੀ ਨੇ ਕਿਸੇ ਨੂੰ ਨਹੀਂ ਸੀ ਦੱਸਿਆ। ਉਸ ਨੂੰ ਤਾਂ ਸ਼ਾਇਦ, ਆਪਣੇ ਮਨ ਦਾ ਆਪ ਵੀ ਪਤਾ ਨਹੀਂ ਸੀ, ਪਰ ਇਉਂ ਜਾਪਦਾ ਸੀ ਕਿ ਇਸ ਬੁਲਾਰੇ ਨੂੰ, ਉਸ ਦੇ ਬਾਰੇ, ਉਹਦੇ ਆਪਣੇ ਨਾਲੋਂ ਵੀ ਵਧੇਰੇ ਪਤਾ ਸੀ। "ਉਹ ਹੈ ਕੌਣ?" ਉਹਨੇ ਮਾਹੇ ਨੂੰ ਪੁੱਛਿਆ, ਜੋ ਉਸ ਦੇ ਕੋਲ ਖੜਾ ਸੀ ਅਤੇ ਆਪਣਾ ਮੂੰਹ ਖੋਲ੍ਹੀ ਉਸਨੂੰ ਸੁਣ ਰਿਹਾ ਸੀ।

'ਸੱਈਦ'-ਲੋਕੀਂ ਆਖਦੇ ਹਨ ਕਿ ਉਸ ਦਾ ਨਾਂ ਸੱਈਦ ਅਲੀ ਹੈ-ਅਜਿਹਾ ਹੀ ਕੋਈ ਨਾਂ !" ਮਾਹੇ ਨੇ ਉਤਰ ਦਿੱਤਾ। "ਉਹ ਸਿਆਸੀ ਆਗੂਆਂ ਵਿੱਚੋਂ ਨਹੀਂ। ਪਤਾ ਨਹੀਂ, ਉਹਨਾਂ ਸਾਡੇ ਸਾਹਮਣੇ ਭਾਸ਼ਣ ਦੇਣ ਲਈ, ਉਸ ਨੂੰ ਫੜ ਕੇ ਕਿਉਂ ਖੜਾ ਕਰ ਦਿੱਤਾ ਹੈ।"

"ਉਹ ਬੋਲਦਾ ਚੰਗਾ ਹੈ, ਬਹੁਤ ਹੀ ਚੰਗਾ !" ਹਰੀ ਨੇ ਆਖਿਆ।

"ਪਰ ਹੁਣ ਉਹ ਨਿਵ ਕੇ ਪਰਨਾਮ ਕਰ ਰਿਹਾ ਸੀ ਅਤੇ ਪੌੜੀ ਤੋਂ ਥੱਲੇ ਉਤਰ ਰਿਹਾ ਸੀ ਅਤੇ ਇੱਕ ਛੋਟਾ ਜਿਹਾ ਆਦਮੀ, ਫਿੱਕੇ ਰੰਗ ਦੀ ਸੂਤੀ ਬੁਸ਼-ਸ਼ਰਟ ਪਾਈ, ਆਪਣੇ ਨੱਕ 'ਤੇ ਤਾਰ ਦੇ ਰਿੰਮ ਵਾਲੀਆਂ ਐਨਕਾਂ ਰੱਖੀ, ਉਸ ਦੀ ਥਾਂ ਲੈਣ ਲਈ, ਸਾਵਧਾਨੀ ਨਾਲ ਉਪਰ ਚੜ੍ਹ ਰਿਹਾ ਸੀ। ਧੂਤੂ ਉਸ ਨੂੰ ਫੜਾ ਦਿੱਤਾ ਗਿਆ ਅਤੇ ਉਹ ਚੀਖ਼-ਚੀਖ਼ ਕੇ, ਬਹੁਤ ਹੀ ਬੁਲੰਦ ਆਵਾਜ਼ ਵਿੱਚ ਬੋਲਣ ਲੱਗ ਪਿਆ। ਨਾ ਸਿਰਫ਼ ਉਸ ਦੇ ਬੋਲਾਂ ਨੂੰ ਸਮਝਣਾ ਹੀ ਔਖਾ ਸੀ, ਸਗੋਂ ਹਰੀ ਨੂੰ ਇਹ ਸਮਝ ਵੀ ਨਹੀਂ ਸੀ ਆ ਰਹੀ ਕਿ ਉਹ ਕਿਸ ਚੀਜ਼ ਬਾਰੇ ਗੱਲ ਕਰ ਰਿਹਾ ਸੀ। ਸਭ ਕੁਝ ਨਵਾਂ ਅਤੇ ਅਜੀਬ ਸੀ। ਇਹ ਅਜਨਬੀ ਲੋਕ ਸ਼ਹਿਰ ਦੇ ਇਹ ਲੋਕ, ਥਲ ਬਾਰੇ ਅਤੇ ਸਾਹਿਲ ਦੇ ਨਾਲ-ਲੱਗਦੇ ਮੱਛੀਆਂ ਫੜਨ ਵਾਲਿਆਂ ਦੇ ਹੋਰ ਪਿੰਡਾਂ ਬਾਰੇ ਉਹਦੇ ਆਪਣੇ ਨਾਲੋਂ ਵਧੇਰੇ ਕਿਵੇਂ ਜਾਣਦੇ ਸਨ? ਉਹ ਆਪਣੇ-ਆਪ ਨੂੰ ਅਨਜਾਣ ਜਿਹਾ ਮਹਿਸੂਸ ਕਰਨ ਲੱਗਾ, ਜਿੰਨਾ ਕਿ ਉਹਨੇ ਆਪਣੀ ਜ਼ਿੰਦਗੀ ਵਿੱਚ, ਪਹਿਲਾਂ ਕਦੇ ਵੀ ਮਹਿਸੂਸ ਨਹੀਂ ਸੀ ਕੀਤਾ।

"ਤੁਸੀਂ ਅਲੀਬਾਗ਼ ਤੋਂ ਆਏ ਹੋ।" ਆਦਮੀ ਨੇ ਗੱਲਬਾਤ ਸ਼ੁਰੂ ਕੀਤੀ, ਇੱਕ ਅਜਿਹੀ ਥਾਂ, ਜੋ ਤੁਹਾਡੇ ਲਈ ਘਰ ਹੈ, ਪਰ ਜਿਸ ਦਾ ਅਰਥ ਸਾਡੇ ਲਈ, ਅਸੀਂ ਜੋ ਮੌਸਮ ਵਿਗਿਆਨਕ ਪ੍ਰੋਯਗਸ਼ਾਲਾ ਵਿਚ ਕੰਮ ਕਰਦੇ ਹਾਂ, ਸੰਸਾਰ-ਪ੍ਰਸਿੱਧ ਅਲੀਬਾਗ਼ ਭੂ-ਮਿਕਨਾਤੀਸੀ ਦਾ ਘਰ ਹੈ-ਜੋ ਕਿ ਸੰਸਾਰ ਭਰ ਵਿੱਚ, ਆਪਣੀ ਕਿਸਮ ਦੀ ਇਕੋ ਇਕ ਨੀਝਸ਼ਾਲਾ ਹੈ। ਇਹ ਏਥੇ ਬੰਬਈ ਵਿੱਚ ਸੰਨ 1841 ਵਿੱਚ ਕਾਇਮ ਕੀਤੀ ਗਈ ਸੀ, ਉਸ ਥਾਂ ਤੋਂ ਬਹੁਤੀ ਦੂਰ ਨਹੀਂ, ਜਿਥੇ ਕਿ ਤੁਸੀਂ ਖਲੋਤੇ ਹੋ, ਪਰ 1904 ਵਿੱਚ ਉਸ ਨੂੰ ਏਥੋਂ ਬਦਲ ਕੇ, ਅਲੀਬਾਗ਼ ਭੇਜ ਦਿੱਤਾ ਗਿਆ ਸੀ, ਕਿਉਂਕਿ ਬੰਬਈ ਨੇ ਆਪਣੀਆਂ ਟ੍ਰਾਮ ਸੇਵਾਵਾਂ ਦੇ ਬਿਜਲੀਕਰਣ ਦਾ ਫ਼ੈਸਲਾ ਕਰ ਲਿਆ ਸੀ, ਜਿਸ ਨਾਲ ਨੀਝਸ਼ਾਲਾ ਦੇ ਪਠਨ – ਅਧਿਐਨ ਵਿੱਚ ਵਿਘਨ ਪੈ ਸਕਦਾ ਸੀ।

"ਹੂੰਹ ?" ਮਾਹੇ ਨੇ ਘੁਰ-ਘੁਰ ਕੀਤੀ। "ਇਹ ਨੜੀ-ਨੀਝ-ਵੀਝ.....ਸ਼ਾਲਾ ਸੱਭ ਕੀ ਹੈ, ਜਿਸ ਦੀ ਉਹ ਗੱਲ ਕਰ ਰਿਹਾ ਹੈ?"

"ਤੈਨੂੰ ਨਹੀਂ ਪਤੈ?" ਹਰੀ ਨੇ ਸੁਣਨ ਅਤੇ ਸਿੱਖਣ ਦੀ ਕੋਸ਼ਿਸ਼ ਕਰਦਿਆਂ ਹੌਲੀ ਜਿਹੀ ਆਖਿਆ।

"ਹੁਣ ਜੇਕਰ ਰਸਾਇਣ ਖਾਦ ਦੀ ਫ਼ੈਕਟਰੀ ਅਲੀਬਾਗ਼ ਦੇ ਨਜ਼ਦੀਕ ਬਣੇਗੀ, ਤਾਂ ਬਿਜਲਈ ਰੌਆਂ ਅਤੇ ਬਹੁਤ ਸਾਰਾ ਲੋਹਾ, ਜੋ ਗੁਆਂਢ ਵਿੱਚ ਲਿਆਂਦਾ ਜਾਵੇਗਾ, ਮੁੜ ਮਿਕਨਾਤੀਸੀ-ਨਿਰੀਖਣਾਂ ਵਿੱਚ ਵਿਗਾੜ ਪੈਦਾ ਕਰੇਗਾ।

ਹਰੀ ਝੁੰਜਲਾਇਆ। ਉਹ ਨੂੰ ਘੱਟ, ਹੋਰ ਵੀ ਘੱਟ ਸਮਝ ਪੈ ਰਹੀ ਸੀ।

"ਅਸੀਂ ਭਾਰਤੀ ਸਰਵੇਖਣ ਅਤੇ ਓ. ਐਨ. ਜੀ. ਸੀ- (ਆਇਲ ਐਂਡ ਨੈਚੁਰਲ ਗੈਸ ਕਮਿਸ਼ਨ) ਨੂੰ ਸੂਚਨਾ ਸਪਲਾਈ ਕਰਦੇ ਹਾਂ। ਇਹ ਲਾਜ਼ਮੀ ਹੈ ਕਿ ਸਾਡੇ ਕਾਰਜ ਵਿੱਚ ਗੜਬੜ ਜਾਂ ਵਿਘਨ ਨਾ ਪਏ। ਇਹ 1846 ਤੋਂ ਨਿਰਵਿਘਨ ਕੰਮ ਕਰ ਰਹੀ ਹੈ। ਅਸੀਂ ਹੁਣ ਇਸ ਨੂੰ ਬੰਦ ਨਹੀਂ ਹੋਣ ਦਿਆਂਗੇ।" ਉਸਦੀ ਆਵਾਜ਼ ਬੰਦ ਹੋ ਗਈ ਅਤੇ ਉਹ ਹਫਣ-ਹੌਂਕਣ ਲੱਗ ਪਿਆ ਅਤੇ ਆਪਣਾ ਮੱਥਾ, ਇੱਕ ਵੱਡੇ-ਸਾਰੇ ਰੁਮਾਲ ਨਾਲ ਪੂੰਝਣ ਲੱਗ ਪਿਆ। ਕੋਈ ਵੀ ਇਹ ਵੇਖ ਸਕਦਾ ਸੀ, ਕਿ ਇਸ ਆਦਮੀ ਨੂੰ ਦਫ਼ਤਰ ਵਿੱਚ ਕੰਮ ਕਰਨ ਦੀ ਆਦਤ ਸੀ ਪਬਲਿਕ ਮੀਟਿੰਗਾਂ 'ਚ ਬੋਲਣ ਦੀ ਨਹੀਂ। "ਸਾਨੂੰ-ਤੁਹਾਨੂੰ-ਅਸਾਂ ਸਾਰਿਆਂ ਨੂੰ, ਇਸ ਦਾ ਗਰਬ ਹੋਣਾ ਚਾਹੀਦੈ। ਇਸ ਨੂੰ....ਇ.....ਸ.....ਨੂੰ.....ਹਰ......ਕ.....ਕ.....ਕੀਮਤ 'ਤੇ ਬਚਾਇਆ ਜਾਣਾ ਚਾਹੀਦੈ।" ਫਿਰ ਉਹਨੇ ਧੂਤੂ ਛੱਡ ਦਿੱਤਾ ਅਤੇ ਲੜਖੜਾਂਦਾ ਹੋਇਆ ਭੀੜ ਵਿੱਚ ਜਾ ਰਲਿਆ, ਜਿਸ ਨੇ ਰਾਹਤ ਵਿੱਚ ਤਾੜੀਆਂ ਵਜਾਈਆਂ ਕਿ ਤਕਰੀਰ ਖ਼ਤਮ ਹੋ ਗਈ ਸੀ। ਬੁਲਾਰਾ ਖ਼ੁਦ ਵੀ ਰਾਹਤ 'ਚ ਹੌਲੀ-ਹੌਲੀ ਮੁਸਕਰਾ ਰਿਹਾ ਸੀ।

"ਉਹ ਕੌਣ ਹੈ? ਉਹ ਸਾਨੂੰ ਕੀ ਦੱਸਣ ਦਾ ਯਤਨ ਕਰ ਰਿਹੈ?" ਹਰ ਕੋਈ, ਦੂਸਰੇ ਨੂੰ ਪੁੱਛ-ਆਖ ਰਿਹਾ ਸੀ।

"ਕੀ ਤੁਸੀਂ ਅਲੀਬਾਗ਼ ਵਿਚ ਇਹ ਨੀਝ-ਸ਼ਾਲਾ ਵੇਖੀ ਹੈ?" ਕਿਸੇ ਨੇ ਪੁੱਛਿਆ। ਮੈਨੂੰ ਨਹੀਂ ਪਤੈ ਕਿ ਇਹ ਹੈ ਕਿਥੇ!"

"ਹਾਂ, ਹਾਂ ਇਹ ਸਮੁੰਦਰ ਦੇ ਕੋਲ, ਇੱਕ ਛੋਟਾ ਜਿਹਾ ਸਫ਼ੈਦ ਮਕਾਨ ਹੈ। ਮੈਨੂੰ ਇਸ ਦਾ ਪਤਾ ਹੈ।" ਇੱਕ ਹੋਰ ਨੇ ਸੰਜੀਦਗੀ ਨਾਲ ਆਖਿਆ।" ਪਰ ਮੈਨੂੰ ਇਹ ਨਹੀਂ ਪਤਾ ਕਿ ਇਹ ਏਨਾ ਅਹਿਮ ਹੈ।"

"ਉਹ ਆਖ ਰਿਹਾ ਸੀ, ਸੰਸਾਰ-ਪ੍ਰਸਿੱਧ।"

"ਜ਼ਰੂਰ ਹੋਏਗਾ, ਜੇ ਉਹ ਇਸ ਤਰ੍ਹਾਂ ਆਖਦਾ ਹੈ।"

"ਹਾਂ, ਹਾਂ, ਬਹੁਤ ਮਹੱਤਵਪੂਰਨ।" ਉਹਨਾਂ ਪ੍ਰਭਾਵਿਤ ਹੋ ਕੇ ਸਿਰ ਹਿਲਾਇਆ। ਪਰ ਇਕ ਹੋਰ ਨੌਜਵਾਨ ਜੋ ਡੀਲ-ਡੋਲ ਵਾਲਾ ਅਤੇ ਭਾਰੀ ਭਰਕਮ ਸੀ, ਉਹਨਾਂ ਦੇ ਸਿਰ ਉਪਰ ਦੀ ਚਿੱਲਾਇਆ, "ਇਕ ਗਲੀ-ਸੜੀ ਪੁਰਾਣੀ ਨੀਝ-ਸ਼ਾਲਾ ਨੂੰ ਸੰਭਾਲ ਕੇ ਰੱਖੋ, ਸਿਰਫ਼ ਇਸ ਲਈ ਕਿ ਉਹ ਪੁਰਾਣੀ ਹੈ? ਸਾਡੇ ਫ਼ਾਰਮਾਂ, ਸਾਡੀਆਂ ਫ਼ਸਲਾਂ, ਸਾਡੀਆਂ ਬੇੜੀਆਂ ਬਾਰੇ ਕੀ ਹੈ? ਅਸੀਂ ਇਹੀ ਕੁੱਝ ਵੇਖਣ ਵਾਸਤੇ ਤਾਂ ਏਥੇ ਆਏ ਹਾਂ-ਨਾ ਕਿ ਉਸ ਆਦਮੀ ਦਾ ਧੂੜ-ਭਰਿਆ ਪੁਰਾਣਾ ਦਫ਼ਤਰ ਦੇਖਣ ਜਾਂ ਉਸਦੀਆਂ ਫ਼ਾਇਲਾਂ ਜਾਂ ਫਿਰ ਉਸ ਦੀ ਨੌਕਰੀ ਖ਼ਾਤਰ।"

"ਹਾਂ, ਹਾਂ,......ਉਹ ਵੀ......" ਇੱਕ ਬਿਰਧ ਆਦਮੀ ਨੇ ਉਸਨੂੰ ਸ਼ਾਂਤ ਕੀਤਾ।

"ਆ, ਏਧਰ ਆ, ਸਿਗਰਟ ਦਾ ਕਸ਼ ਲਾ, ਬਸ ਇਕ ਸੂਟਾ ! ਫਿਰ ਵੇਖਾਂਗੇ, ਆਪਣੀਆਂ ਜ਼ਮੀਨਾਂ ਤੇ ਬੇੜੀਆਂ ਦਾ।"

ਹੁਣ ਇੱਕ ਤੀਸਰਾ ਆਦਮੀ ਚੌਕੀ 'ਤੇ ਚੜ੍ਹਿਆ। ਇਹ ਉਹਨਾਂ ਦਾ ਆਪਣਾ ਆਗੂ

ਸੀ, ਅਦਾਰਕਰ, ਅਤੇ ਇਸ ਲਈ ਉਹਨਾਂ ਉਚੀ-ਉਚੀ ਤਾਲੀਆਂ ਵਜਾ ਕੇ, ਉਸ ਦਾ ਸਵਾਗਤ ਕੀਤਾ, ਭਾਵੇਂ ਕਿ ਗਰਮੀ ਉਹਨਾਂ ਨੂੰ ਸਿੱਥਲ ਪਾਉਣ ਲੱਗ ਪਈ ਸੀ।

ਉਸਦੀ ਤਕਰੀਰ ਨੇ, ਛੇਤੀ ਹੀ ਉਹਨਾਂ ਨੂੰ ਮੁੜ ਸੁਰਜੀਤ ਕਰ ਦਿੱਤਾ, ਕਿਉਂਕਿ ਇਹ ਉਹਨਾਂ ਦੀ ਆਪਣੀ ਪੇਂਡੂ ਉਪ-ਬੋਲੀ ਵਿੱਚ ਸੀ ਅਤੇ ਉਹਨੇ ਉਹਨਾਂ ਚੀਜ਼ਾਂ ਦੀਆਂ ਗੱਲਾਂ ਕੀਤੀਆਂ ਸਨ, ਜਿਹਨਾਂ ਨੂੰ ਉਹ ਸਭ ਤੋਂ ਚੰਗੀ ਤਰ੍ਹਾਂ ਜਾਣਦੇ ਸਨ। ਉਹਨੇ ਉਸ ਸਭ ਕੁੱਝ ਨੂੰ ਮੁੜ ਦੋਹਰਾਇਆ ਸੀ ਜਿਸ ਬਾਰੇ ਉਹਨਾਂ ਪਹਿਲਾਂ ਗੱਲਾਂ ਕੀਤੀਆਂ ਸਨ-ਉਹਨਾਂ ਦੀ ਜ਼ਮੀਨ ਦੀ ਜ਼ਰਖ਼ੇਜ਼ੀ, ਉਹਨਾਂ ਦੀਆਂ ਸ਼ਾਨਦਾਰ ਫ਼ਸਲਾਂ ਅਤੇ ਇਹ ਕਿਵੇਂ ਉਹਨਾਂ ਨੂੰ ਫ਼ੈਕਟਰੀਆਂ ਦੀ ਖ਼ਾਤਿਰ ਛੱਡ ਜਾਂ ਬਰਬਾਦ ਨਹੀਂ ਕਰ ਦੇਣਾ ਚਾਹੀਦਾ, ਇਹ ਕਿ ਕਿਵੇਂ ਉਹਨਾਂ ਨੂੰ ਪੈਸੇ ਜਾਂ ਨੌਕਰੀਆਂ ਦੇ ਵਾਅਦਿਆਂ 'ਤੇ ਭਰਮ ਨਹੀਂ ਜਾਣਾ ਚਾਹੀਦਾ। ਉਹਨਾਂ ਨੂੰ ਕੋਈ ਨੌਕਰੀ ਜਾਂ ਪੈਸਾ ਨਹੀਂ ਸੀ ਮਿਲਣ ਵਾਲਾ ਅਤੇ ਹਰ ਇੱਕ ਨੇ ਸਿਰ ਹਿਲਾਇਆ ਅਤੇ ਤਾੜੀਆਂ ਵਜਾਈਆਂ।

"ਅਸੀਂ ਸਰਕਾਰ ਨੂੰ ਇਹ ਦੱਸਣ ਲਈ ਆਏ ਹਾਂ ਕਿ ਸਾਨੂੰ ਜ਼ਮੀਨ ਦੇ ਬਦਲੇ ਜੋ ਥੋੜ੍ਹੀ ਬਹੁਤ ਰਕਮ ਪੇਸ਼ ਕੀਤੀ ਜਾ ਰਹੀ ਹੈ, ਸਾਡੀ ਜ਼ਮੀਨ ਉਸ ਤੋਂ ਕਿਤੇ ਕੀਮਤੀ ਹੈ। ਅਸੀਂ ਉਸ ਦੀਆਂ ਫ਼ੈਕਟਰੀਆਂ ਵਿੱਚ ਕੰਮ ਕਰਨ ਵਾਲੇ ਗ਼ੁਲਾਮ ਬਣਨ ਲਈ ਤਿਆਰ ਨਹੀਂ ਹਾਂ। ਅਸੀਂ ਹਮੇਸ਼ਾ ਆਜ਼ਾਦੀ ਨਾਲ ਕੰਮ ਕੀਤਾ ਹੈ, ਆਜ਼ਾਦੀ ਨਾਲ ਜੀਵੇ ਹਾਂ ਅਤੇ ਖ਼ੁਦ ਆਪਣੇ ਆਕਾ, ਆਪਣੇ ਮਾਲਿਕ ਰਹੇ ਹਾਂ। ਆਓ ਹੁਣ "ਮੰਤਰਾਲੇ ਵਲ ਮਾਰਚ ਕਰੀਏ ਅਤੇ ਆਪਣੀ ਉਜ਼ਰਦਾਰੀ ਖ਼ੁਦ ਮੁੱਖ ਮੰਤਰੀ ਨੂੰ ਦਈਏ। ਆਓ ਭਰਾਵੋ, ਚਲੀਏ।" ਅਤੇ ਉਹਨੇ ਆਪਣੀਆਂ ਬਾਹਵਾਂ ਉਪਰ ਨੂੰ ਉਲਾਰੀਆਂ ਅਤੇ ਉਚੀ ਸਾਰੀ ਗਰਜ ਕੇ ਅੰਤਿਮ ਸ਼ਬਦ ਆਖੇ।

ਉਸ ਦੀ ਗਰਜ ਸਾਰੇ ਹਜੂਮ ਵਿੱਚ ਇਕ ਲਹਿਰ ਵਾਂਗ ਫੈਲ ਗਈ। ਉਸ ਦੇ ਵਿਚੋਂ ਦੀ ਇੱਕ ਵੇਗ ਵਾਂਗ, ਇੱਕ ਮੌਜ ਵਾਂਗ ਚੱਟਾਨਾਂ 'ਤੇ ਸਿਰ ਪਟਕਦੀ ਹੋਈ ਤੇ ਉਮਡਦੀ ਹੋਈ ਲੰਘ ਗਈ। ਅਚਨਚੇਤੀ ਇੱਕ ਅਫੜਾ-ਦਫੜੀ ਜਿਹੀ ਮਚ ਉਠੀ ਅਤੇ ਹਜੂਮ ਖਿੰਡਣਾ ਸ਼ੁਰੂ ਹੋ ਗਿਆ ਅਤੇ ਹਰੀ ਨੇ ਵੇਖਿਆ ਕਿ ਜਿਹੜੇ ਬੰਦੇ ਉਸਦੇ ਨਾਲ ਖੜੇ ਸਨ, ਉਹ ਹੁਣ ਖਿਸਕ ਰਹੇ ਸਨ। ਉਹ ਪਹਿਲਾਂ ਤੇਜ਼ੀ ਨਾਲ ਇੱਕ ਟੋਲੀ ਦੇ ਪਿੱਛੇ ਨੱਸਿਆ ਅਤੇ ਫਿਰ ਦੂਸਰੀ ਦੇ, ਇਹ ਸੋਚਦਾ ਹੋਇਆ ਕਿ ਉਹ ਕਿੱਥੇ ਜਾ ਰਹੇ ਹਨ ਅਤੇ ਕੀ ਉਸਨੂੰ ਵੀ ਉਹਨਾਂ ਦੇ ਪਿੱਛੇ ਜਾਣਾ ਚਾਹੀਦੈ।

ਡੀਲ-ਡੌਲ ਵਾਲੇ ਉਸ ਮੋਟੇ-ਤਕੜੇ ਆਦਮੀ ਨੂੰ ਬਾਂਹ ਤੋਂ ਫੜ ਕੇ, ਉਹਨੇ ਉਸ ਪਾਸੋਂ ਹਦਾਇਤਾਂ ਮੰਗੀਆਂ, "ਕੀ ਹੁਣ ਅਸੀਂ ਸਾਰਿਆਂ ਨੇ ਹੀ ਮੰਤਰਾਲੇ ਜਾਣਾ ਹੈ?"

ਐਨ ਉਸੇ ਵੇਲੇ, ਉਹਨੇ ਦੂਰ 'ਤੇ ਇੱਕ ਬਹੁਤ ਉਚੀ ਸਾਰੀ ਆਵਾਜ਼ ਸੁਣੀ, "ਦੋਸਤੋ, ਸੈਸੂਨ ਘਾਟ ਵਲ ਪਰਤ ਚਲੋ, ਜਿਥੇ ਸਾਡੀਆਂ ਬੇੜੀਆਂ, ਸਾਡੀ ਉਡੀਕ ਕਰ ਰਹੀਆਂ ਹਨ। ਕੇਵਲ ਪੰਜ ਕਿਸਾਨ ਹੀ, ਉਜ਼ਰਦਾਰੀ ਲੈ ਕੇ ਮੰਤਰਾਲੇ ਜਾਣਗੇ। ਮੈਂ ਉਹਨਾਂ ਵਿੱਚੋਂ ਇੱਕ ਹਾਂ। ਜਦੋਂ ਅਸੀਂ ਮੁੱਖ ਮੰਤਰੀ ਸਾਹਿਬ ਨੂੰ ਮਿਲ ਲਵਾਂਗੇ, ਤਾਂ ਅਸੀਂ ਘਾਟ 'ਤੇ ਤੁਹਾਨੂੰ ਆ ਮਿਲਾਂਗੇ ਅਤੇ ਇਕੱਠੇ ਹੀ ਵਾਪਸੀ ਸਫ਼ਰ ਕਰਾਂਗੇ........।"


ਹਰੀ ਉਥੇ ਖੜਾ ਹਜੂਮ ਨੂੰ ਸੜਕ 'ਤੇ ਜਾਂਦਿਆਂ ਅਤੇ ਹੌਲੀ-ਹੌਲੀ ਲੋਪ ਹੁੰਦਿਆਂ ਵੇਖਦਾ ਰਿਹਾ, ਵੇਖਦਾ ਰਿਹਾ। ਉਹਨੇ ਆਪਣੇ-ਆਪ ਨੂੰ ਅਸਲੋਂ ਇਕੱਲਾ ਅਤੇ ਬੇਯਾਰੋ-ਮਦਦਗਾਰ

ਮਹਿਸੂਸਿਆ। ਉਸ ਦੇ ਪਿੰਡ ਦੇ ਮਿੱਤਰਾਂ 'ਚੋਂ, ਕੋਈ ਨਹੀਂ ਸੀ ਆਇਆ। ਉਹ ਘਰਾਂ ਵਿੱਚ ਖ਼ੁਸ਼ ਬੈਠੇ ਅਤੇ ਖਾਦ ਫ਼ੈਕਟਰੀ ਦੇ ਲੱਗਣ ਅਤੇ ਉਸ ਵਿੱਚ ਨੌਕਰੀ ਮਿਲਣ ਦੀ ਉਡੀਕ ਕਰ ਰਹੇ ਸਨ। ਉਹ ਉਹਨਾਂ ਨੂੰ ਛੱਡ ਕੇ, ਥਲ ਤੋਂ ਕਿਧਰੇ ਦੂਰ ਚਲੇ ਜਾਣ ਅਤੇ ਬੰਬਈ ਪੁੱਜ ਜਾਣ ਦੇ ਆਸ਼ੇ ਨਾਲ ਮਾਰਚ ਵਿੱਚ ਸ਼ਾਮਲ ਹੋ ਗਿਆ ਸੀ ਅਤੇ ਉਸਨੂੰ ਪਤਾ ਸੀ ਕਿ ਉਹ ਵਾਸਤਵ ਵਿੱਚ, ਮਾਰਚ ਨਾਲ ਸੰਬੰਧਿਤ ਨਹੀਂ ਸੀ। ਉਸਦੇ ਕੋਈ ਖੇਤ ਜਾਂ ਮੱਛੀਆਂ ਫੜਨ ਵਾਲੀਆਂ ਕਿਸ਼ਤੀਆਂ ਨਹੀਂ ਸਨ, ਜਿਹਨਾਂ ਲਈ ਉਹ ਸੰਘਰਸ਼ ਕਰਦਾ। ਨਾ ਹੀ ਉਹ ਮੁਜ਼ਾਹਰਾਕਾਰਾਂ 'ਚੋਂ ਕਿਸੇ ਨੂੰ ਜਾਣਦਾ ਸੀ, ਜੋ ਜ਼ਿਆਦਾਤਰ ਕਿਸਾਨ ਅਤੇ ਮਾਛੀ ਸਨ ਅਤੇ ਨਾ ਹੀ ਉਹ ਉਸ ਕਿਸਮ ਦੇ ਲੋਕ ਸਨ ਜੋ ਉਸ ਦੇ ਬੇਜ਼ਮੀਨੇ, ਬਿਨਾਂ ਬੇੜੀ ਤੋਂ ਅਤੇ ਬੇਰੋਜ਼ਗਾਰ ਪਿਉ ਨੂੰ ਜਾਣਦੇ ਸਨ। ਹੁਣ, ਉਹਨੇ ਮਹਿਸੂਸ ਕੀਤਾ ਕਿ ਨਾ ਹੀ ਉਹ ਇੱਕ ਟੋਲੀ ਨਾਲ ਅਤੇ ਨਾ ਹੀ ਦੂਸਰੀ ਟੋਲੀ ਨਾਲ ਜੁੜਿਆ ਹੋਇਆ ਸੀ। ਉਹ ਕਿਸੇ ਨਾਲ ਵੀ ਸੰਬੰਧਿਤ ਨਹੀਂ ਸੀ ਅਤੇ ਕਿਸੇ ਥਾਂ-ਟਿਕਾਣੇ ਦਾ ਨਹੀਂ ਸੀ। ਦੂਸਰੇ ਉਸ ਨੂੰ ਪਿੱਛੇ ਛੱਡ ਗਏ ਸਨ। ਉਹ ਬੰਬਈ ਵਿੱਚ ਇਕੱਲਾ ਸੀ।

ਛੋਟੀ ਜਿਹੀ ਝੁੱਗੀ ਵਿੱਚ, ਕਿਸੇ ਨੇ ਵੀ ਮਾਰਚ ਵਲ ਜਾਂ ਬੀਜੂ ਦੀ ਬੇੜੀ ਦੇ ਸਾਗਰ ਵਿੱਚ ਠਿਲ੍ਹਣ ਬਾਰੇ ਧਿਆਨ ਨਹੀਂ ਸੀ ਦਿੱਤਾ। ਹਰੀ ਦੇ ਘਰੋਂ ਦੌੜ ਜਾਣ ਤੋਂ ਬਾਅਦ, ਕੁੜੀਅ ਮਾਂ ਦੇ ਮੰਜੇ ਵਲ ਮੁੜੀਆਂ ਸਨ ਅਤੇ ਸਾਰੀ ਰਾਤ, ਉਸਦੇ ਪਾਸ ਬੈਠਣ ਲਈ ਅਤੇ ਉਸਨੂੰ ਘੁੱਟ-ਘੁੱਟ ਕਰ ਕੇ ਪਾਣੀ-ਪਿਲਾਉਣ ਲਈ ਅਤੇ ਉਸਦੇ ਮੱਥੇ 'ਤੇ ਗਿੱਲਾ ਕੱਪੜਾ ਰੱਖਣ ਲਈ, ਉਹਨਾਂ ਵਾਰੀਆਂ ਮਿਥ ਲਈਆਂ ਸਨ। ਕਦੇ-ਕਦੇ ਬੇਲਾ ਅਤੇ ਕਮਲ, ਅੱਧ-ਸੁੱਤੀਆਂ, ਬੁੜ ਬੁੜਾਉਂਦੀਆਂ, "ਕੀ ਹਰੀ ਵਾਪਸ ਆ ਗਿਆ?" ਅਤੇ ਲੀਲਾ ਚੁੱਪਚਾਪ ਆਪਣਾ ਸਿਰ ਹਿਲਾ ਦਿੰਦੀ।

ਉਹ ਸਾਰੀਆਂ ਉਸ ਲੰਮੀ ਰਾਤ ਸਦਕਾ ਏਨੀਆਂ ਥੱਕ ਟੁੱਟ ਗਈਆਂ ਸਨ ਕਿ ਉਹਨਾਂ ਨੂੰ ਸੂਰਜ ਦੇ ਚੜ੍ਹਨ ਤੋਂ ਐਨ ਪਹਿਲਾਂ ਗੂੜ੍ਹੀ ਨੀਂਦਰ ਆ ਗਈ। ਅੱਜ ਤ੍ਰੇਲੇ ਘਾਹ 'ਤੇ ਦੌੜਨ ਅਤੇ ਭੌਂਕਦਿਆਂ ਹੋਇਆਂ ਦਲਦਲ ਤੱਕ, ਬਗਲਿਆਂ ਦਾ ਪਿੱਛਾ ਕਰਨ ਲਈ ਪਿੰਟੋ ਨਹੀਂ ਸੀ। ਹੋਰ ਤਾਂ ਹੋਰ ਲੀਲਾ ਵੀ ਆਪਣੀ ਮਾਂ ਦੀ ਮੰਜੀ ਦੇ ਸਿਰੇ 'ਤੇ ਸਿਰ ਰੱਖ ਕੇ ਸੌਂ ਗਈ ਸੀ, ਸਾਗਰ ਵਿਚਲੀ ਚੱਟਾਨ ਨੂੰ ਜਾਂ ਆਪਣੀ ਸਵੇਰ ਵੇਲੇ ਦੀ ਰੋਜ਼ਮੱਰਾ ਦੀ ਪ੍ਰਾਰਥਨਾ ਨੂੰ ਬਿਲਕੁਲ ਭੁੱਲ-ਭੁਲਾ ਕੇ।

ਉਹ ਜਾਗੀ ਤਾਂ ਇਹ ਦੇਖ ਕੇ ਹੈਰਾਨ-ਭੌਂਚੱਕੀ ਰਹਿ ਗਈ ਕਿ ਕਿੰਨਾ ਦਿਨ ਚੜ੍ਹ ਆਇਆ ਸੀ। ਸਵੇਰ ਦੀ ਚਿੱਟੀ-ਸਫ਼ੈਦ ਲੋਅ ਇੱਕ ਸਦਮਾ ਸੀ ਅਤੇ ਇਸੇ ਤਰ੍ਹਾਂ ਹੀ ਪਿੰਟੋ ਦੀ ਖ਼ਾਮੋਸ਼ੀ ਅਤੇ ਹਰੀ ਦਾ ਅਲੋਕਾਰ ਢੰਗ ਨਾਲ ਲੋਪ ਹੋ ਜਾਣਾ ਵੀ। ਉਸ ਦਾ ਖ਼ਿਆਲ ਸੀ, ਕਿ ਉਹ ਆਪਣੇ ਗ਼ੁੱਸੇ 'ਤੇ ਕਾਬੂ ਪਾਉਣ ਤੋਂ ਮਗਰੋਂ ਰਾਤ ਨੂੰ ਨਿਸ਼ਚੇ ਹੀ ਵਾਪਸ ਆ ਗਿਆ ਹੋਵੇਗਾ, ਪਰ ਉਹ ਏਧਰ-ਉਧਰ ਕਿਧਰੇ ਵੀ ਨਜ਼ਰ ਨਹੀਂ ਸੀ ਆ ਰਿਹਾ। ਜਿਉਂ ਹੀ ਉਹ ਉਠੀ ਤਾਂ ਉਹਨੇ ਥੋੜ੍ਹੇ ਜਿਹੇ ਮੱਥੇ ਵੱਟ ਜ਼ਰੂਰ ਪਾਏ ਅਤੇ ਫਿਰ ਉਹ ਝੱਟ-ਪੱਟ ਆਪਣੀ ਮਾਂ ਨੂੰ, ਵੇਖਣ ਲਈ ਚਲੀ ਗਈ ਅਤੇ ਮੰਜੀ 'ਤੇ ਚੁੱਪਚਾਪ ਪਈ ਮਾਂ ਦੇ ਪੀਲੇ ਭੂਕ ਅਹਿੱਲ-ਅਬੋਲ ਅਤੇ ਹਾਲੇ ਵੀ ਬੁਖ਼ਾਰ ਨਾਲ ਤਪਦੇ ਆਕਾਰ ਨੇ, ਉਸ ਦੇ ਦਿਲ-ਦਿਮਾਗ਼ 'ਚੋਂ ਹੋਰ ਹਰੇਕ ਵਿਚਾਰ ਤੇ ਚਿੰਤਾ ਬਾਹਰ ਨਸਾ ਦਿੱਤੀ।



ਜਦੋਂ ਉਹ ਆਪਣੀਆਂ ਭੈਣਾਂ ਨੂੰ ਜਗਾ ਚੁੱਕੀ ਅਤੇ ਉਹਨਾਂ ਨੂੰ ਚਾਹ ਪਿਲਾ ਚੁੱਕੀ ਤਾਂ ਉਹਨੇ ਉਹਨਾਂ ਨੂੰ ਆਖਿਆ, "ਕਮਲ ਤੇ ਬੇਲਾ, ਬਾਜ਼ਾਰ ਜਾਓ ਅਤੇ ਮਾਂ ਲਈ ਥੋੜ੍ਹੀ ਜਿਹੀ ਬਰਫ਼ ਲੈ ਆਓ। ਵੇਖੋ, ਹਰੀ ਹੈ ਕਿ ਨਹੀਂ। ਉਸ ਨੂੰ ਬੁਲਾਓ। ਹੋ ਸਕਦਾ ਹੈ, ਰਾਤੀਂ ਉਹ ਮੰਦਰ ਵਿੱਚ ਨਾਟਕ ਵੇਖਣ ਲਈ, ਪਿੰਡ ਵਿੱਚ ਹੀ ਰੁਕ ਗਿਆ ਹੋਵੇ। ਉਸ ਨੂੰ ਆਖਣਾ ਕਿ ਘਰ ਆ ਜਾਵੇ ਅਤੇ ਥੋੜ੍ਹੀ ਬਰਫ਼ ਲੈਂਦਾ ਆਵੇ।"

ਕੁੜੀਆਂ ਨੂੰ ਰਸੋਈ ਦੀ ਪੜਛੱਤੀ 'ਤੇ ਪਏ ਕੁਝ ਸਿੱਕੇ ਮਿਲ ਗਏ ਅਤੇ ਉਹ ਸ਼ੂਟ ਵੱਟ ਕੇ ਬੀਚ ਵਲ ਰਵਾਨਾ ਹੋ ਗਈਆਂ। ਉਹ ਬੀਜੂ ਦੀ ਬੇੜੀ ਨੂੰ ਸਾਗਰ ਵਿੱਚ ਠੇਲ੍ਹਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਵੇਖਣ ਲਈ ਨਾ ਰੁਕੀਆਂ। ਕੁੱਝ ਵੀ ਸੀ, ਇਉਂ ਜਾਪਦਾ ਸੀ ਕਿ ਜ਼ਿਆਦਾਤਰ ਪਿੰਡ ਵਾਸੀਆਂ ਦੀ, ਉਸ ਵਿੱਚ ਦਿਲਚਸਪੀ ਗ਼ਾਇਬ ਹੋ ਗਈ ਸੀ। ਉਥੇ ਸ਼ਾਇਦ ਹੀ ਕੋਈ ਸੀ, ਸਿਵਾਏ ਉਹਨਾਂ ਮੁੰਡਿਆਂ ਦੇ, ਜੋ ਬੀਜੂ ਨੇ, ਵਿੰਚਾਂ ਨੂੰ ਕਾਬੂ ਵਿਚ ਰੱਖਣ ਅਤੇ ਰੱਸੇ ਖਿੱਚਣ ਵਾਸਤੇ ਮਜ਼ਦੂਰੀ 'ਤੇ ਲਏ ਹੋਏ ਸਨ। ਬੇਲਾ ਅਤੇ ਕਮਲ ਰਾਹ ਵਿੱਚ ਏਧਰ-ਉਧਰ ਨਾ ਅਟਕੀਆਂ, ਸਗੋਂ ਸਿੱਧੀਆਂ ਬਾਜ਼ਾਰ ਵਿਚਲੀ ਬਰਫ਼ ਦੀ ਦੁਕਾਨ 'ਤੇ ਗਈਆਂ। ਉਥੇ ਉਹਨਾਂ ਦਾ ਟਾਕਰਾ, ਲੀਲਾ ਦੀ ਸਹੇਲੀ, ਮੀਨਾ ਨਾਲ ਹੋ ਗਿਆ, ਜੋ ਸਬਜ਼ੀਆਂ ਦਾ ਇੱਕ ਥੈਲਾ ਘਰ ਲਿਜਾ ਰਹੀ ਸੀ।

"ਕੀ ਤੁਸੀਂ ਸੁਣਿਐ?" ਉਹਨੇ ਉਹਨਾਂ ਨੂੰ ਉਚੀ ਸਾਰੀ ਆਵਾਜ਼ ਦੇ ਕੇ ਆਖਿਆ। ਸਾਰੇ ਮਰਦ ਸਰਕਾਰ ਨੂੰ ਇਕ ਅਰਜ਼ੀ ਦੇਣ ਲਈ, ਬੰਬਈ ਲਈ ਰਵਾਨਾ ਹੋ ਗਏ ਹਨ। ਕਿਸੇ ਨੇ ਮੈਨੂੰ ਦੱਸਿਆ ਕਿ ਹਰੀ ਵੀ ਗਿਆ ਹੈ।"

"ਹਰੀ?" ਜ਼ਰਾ ਰੁਕ ਕੇ, ਉਸ ਵਲ ਵੇਖਦਿਆਂ ਉਹਨਾਂ ਪੁੱਛਿਆ, "ਹਰੀ ਬੰਬਈ ਗਿਆ ਹੈ? ਨਹੀਂ, ਬਿਲਕੁਲ ਨਹੀਂ......ਉਹ ਏਥੇ ਕਿਤੇ ਹੀ ਹੋਵੇਗਾ।"

"ਕਿਥੇ? ਮੈਂ ਉਹਨੂੰ ਵੇਖਿਆ ਨਹੀਂ। ਤੁਸੀਂ ਰਾਜੂ ਨੂੰ ਪੁੱਛ ਸਕਦੀਆਂ ਹੋ-ਉਹਨੇ ਹੀ ਤਾਂ ਮੈਨੂੰ ਦੱਸਿਐ।"

"ਨਹੀਂ, ਅਸੀਂ ਮਾਂ ਲਈ ਬਰਫ਼ ਖ਼ਰੀਦਣੀ ਹੈ। ਸਾਨੂੰ ਦੌੜ ਕੇ ਜਾਣਾ ਪਏਗਾ। ਉਹਨੂੰ ਬੁਖ਼ਾਰ ਹੈ।" ਉਹਨਾਂ ਉਚੀ-ਉਚੀ ਆਖਿਆ ਅਤੇ ਛੇਤੀ-ਛੇਤੀ ਚਲੀਆਂ ਗਈਆਂ।

ਜਦ ਉਹ ਘਰ ਅੱਪੜੀਆਂ ਤਾਂ ਉਹਨਾਂ ਵੇਖਿਆ ਕਿ ਲੀਲਾ ਹੁਣੇ ਹੀ ਪਿੰਟੋ ਨੂੰ ਇੱਕ ਪੋਤਲੀ ਜਿਹੀ ਖਾਈ 'ਚ ਦੱਬ ਕੇ ਹਟੀ ਹੈ, ਜੋ ਉਹਨੇ ਚਮੇਲੀ ਦੇ ਰੁੱਖ ਦੇ ਪਿੱਛੇ ਪੁੱਟੀ ਸੀ। ਉਹ ਮਿੱਟੀ ਨੂੰ ਬਰਾਬਰ ਕਰ ਰਹੀ ਸੀ ਅਤੇ ਉਸਨੂੰ ਥਾਪੜ ਕੇ ਪੱਕੀ ਕਰ ਰਹੀ ਸੀ। ਜਦੋਂ ਲੀਲਾ ਨੇ, ਉਹਨਾਂ ਦੇ ਰਾਹ ਵਿੱਚ ਦੌੜ ਕੇ ਆਉਣ ਦੀ ਆਵਾਜ਼ ਸੁਣੀ ਤਾਂ ਉਹ ਇਕਦਮ ਉਠੀ ਅਤੇ ਉਹਨੇ ਆਪਣੇ ਹੱਥ ਝਾੜੇ ਅਤੇ ਸਾੜ੍ਹੀ ਸਾਫ਼ ਕੀਤੀ। ਕੁੜੀਆਂ ਰੁਕ ਗਈਆਂ ਅਤੇ ਜਦੋਂ ਲੀਲਾ ਵਰਾਂਡੇ ਵਲ ਵਾਪਸ ਮੁੜੀ ਤਾਂ ਉਸ ਨੂੰ ਚੁੱਪਚਾਪ ਤੱਕਦੀਆਂ ਰਹੀਆਂ ਅਤੇ ਹੌਲੀ ਦੇ ਕੇ, ਉਹਨੀਂ ਪੈਰੀਂ ਹੀ ਬੈਠ ਗਈਆਂ। ਉਹਨਾਂ ਵੇਖਿਆ ਕਿ ਲੀਲਾ ਰੋਂਦੀ ਰਹੀ ਹੈ, ਪਰ ਉਹਨਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਸਨੂੰ ਢਾਰਸ ਦੇਣ ਲਈ ਕੀ ਆਖਣ, ਕੀ ਬੋਲਣ ! ਉਹਨਾਂ ਮਹਿਸੂਸ ਕੀਤਾ ਕਿ ਉਹਨਾਂ ਦੀਆਂ ਅੱਖਾਂ ਵਿੱਚ ਵੀ ਅੱਥਰੂ ਤਰ ਆਏ ਸਨ।

ਫਿਰ ਬੇਲਾ ਨੇ ਹਫ਼ਦਿਆਂ-ਹੌਂਕਦਿਆਂ ਆਖਿਆ, "ਲੀਲਾ, ਮੀਨਾ ਆਖਦੀ ਹੈ, ਕਿ ਹਰੀ ਹੋਰ ਆਦਮੀਆਂ ਨਾਲ, ਬੰਬਈ ਚਲਿਆ ਗਿਆ ਹੈ। ਰਾਜੂ ਨੇ ਉਹਨੂੰ ਦੱਸਿਆ ਹੈ।"

ਲੀਲਾ ਨੇ ਘੂਰੀ ਵੱਟੀ ਜਿਵੇਂ ਉਹ ਸਮਝ ਨਾ ਪਾ ਰਹੀ ਹੋਵੇ। ਕੀ ਹਰੀ ਏਨਾ ਹੀ ਗ਼ੁੱਸੇ ਵਿੱਚ ਅਤੇ ਏਨਾ ਹੀ ਪਰੇਸ਼ਾਨ ਸੀ ਕਿ ਘਰ ਛੱਡ ਕੇ ਦੌੜ ਜਾਵੇ? ਉਸਨੂੰ ਇਹ ਗੱਲ ਸਮਝ ਨਹੀਂ ਸੀ ਆ ਰਹੀ। ਉਹ ਆਪ ਕਦੇ ਵੀ ਨਾ ਨੱਸਦੀ। ਉਹਨੇ ਆਪਣਾ ਸਿਰ ਹਿਲਾਇਆ। ਇਹ ਸਭ ਕੁਝ ਬਹੁਤ ਹੀ ਡਰਾਉਣਾ ਅਤੇ ਮੁਸ਼ਕਿਲ ਸੀ, ਪਰ ਉਹ ਏਥੇ ਸੀ, ਉਸ ਦੀਆਂ ਭੈਣਾਂ ਅਤੇ ਉਸਦੀ ਮਾਂ ਉਸ ਦੀ ਦੇਖ-ਭਾਲ 'ਚ ਸਨ ਅਤੇ ਕਿਸੇ ਨਾ ਕਿਸੇ ਤਰ੍ਹਾਂ ਉਸਨੂੰ ਕੰਮ ਤਾਂ ਚਲਾਉਣਾ ਹੀ ਪੈਣਾ ਸੀ। ਇਕ ਵੀ ਸ਼ਬਦ ਆਖੇ ਬਗ਼ੈਰ ਉਹ ਉਠੀ ਅਤੇ ਘਰ ਦੇ ਅੰਦਰ ਚਲੀ ਗਈ। ਜੇ ਹਰੀ ਏਥੇ ਨਾ ਹੋਇਆ ਤਾਂ ਉਹ ਖ਼ੁਦ ਅਲੀਬਾਗ਼ ਜਾਵੇਗੀ, ਕਿਸੇ ਡਾਕਟਰ ਪਾਸ ਅਤੇ ਆਪਣੀ ਮਾਂ ਵਾਸਤੇ ਦਵਾਈ ਲੈ ਕੇ ਆਵੇਗੀ। ਉਸ ਦੀ ਮਾਂ ਬੱਸ ਵਿੱਚ ਨਹੀਂ ਸੀ ਚੜ੍ਹ ਸਕਦੀ ਅਤੇ ਉਥੇ ਨਹੀਂ ਸੀ ਜਾ ਸਕਦੀ। ਇਸ ਲਈ ਉਹ ਆਪ ਜਾ ਕੇ, ਡਾਕਟਰ ਨੂੰ ਸਾਰੀ ਗੱਲ ਦੱਸੇਗੀ ਅਤੇ ਉਸ ਨੂੰ ਮਦਦ ਕਰਨ ਲਈ ਆਖੇਗੀ। ਉਹਨੇ ਇਹ ਸੋਚ ਕੇ ਇਕ ਹਾਉਕਾ ਭਰਿਆ ਕਿ ਜੇ ਹਰੀ ਏਥੇ ਹੁੰਦਾ ਤਾਂ ਸਾਰੇ ਕੰਮ ਕਿੰਨੇ ਸੌਖੇ ਹੋ ਜਾਂਦੇ। ਆਪ ਅਲੀਬਾਗ਼ ਜਾਣ ਦੀ ਬਜਾਏ, ਉਹ ਹਰੀ ਨੂੰ ਭੇਜ ਸਕਦੀ ਸੀ।

ਜਿਉਂ ਹੀ ਉਹ ਜਾਣ ਵਾਸਤੇ ਤਿਆਰ ਹੋ ਰਹੀ ਸੀ, ਬਾਹਰ ਤੰਗ ਸੌੜੀ - ਗਲੀ ਵਿੱਚ ਕਿਸੇ ਮੋਟਰ ਦੇ ਘੂੰ-ਘੂੰ ਕਰਨ ਦੀ ਅਣਪਛਾਤੀ ਜਿਹੀ ਆਵਾਜ਼ ਸੀ ਅਤੇ ਫਿਰ ਘਾਹ ਉਪਰ ਦੀ ਝਟਕੇ ਮਾਰਦੀ ਇੱਕ ਕਾਰ ਦੇ ਚਿੱਟੇ ਬੰਗਲੇ 'ਮੌਨ ਰੀਪੋਜ਼' ਦੇ ਸਾਹਮਣੇ ਆ ਕੇ ਰੁਕਣ ਦਾ ਹੈਰਾਨੀਜਨਕ ਦ੍ਰਿਸ਼ ਰੂਪਮਾਨ ਹੋ ਉਠਿਆ।

"ਨੀ ਬੇਲਾ, ਨੀ ਕਮਲ ਤੱਕੋ।" ਲੀਲਾ ਨੇ ਉਚੀ ਸਾਰੀ ਆਖਿਆ, "ਬੰਬਈ ਤੋਂ ਡੀ ਸਿਲਵਾ ਆਏ ਹਨ।"

# ਕਾਂਡ ਸੱਤ

ਕਈ ਘੰਟਿਆਂ ਤੱਕ ਹਰੀ 'ਕਾਲਾ ਘੋੜਾ' ਦੇ ਆਲੇ-ਦੁਆਲੇ ਘੁੰਮਦਾ-ਫਿਰਦਾ ਰਿਹਾ। ਉਸ ਦਾ ਏਥੋਂ ਜਾਣ ਦਾ ਹੀਆ ਹੀ ਨਹੀਂ ਸੀ ਪੈ ਰਿਹਾ, ਕਿਉਂਕਿ ਉਹੀ ਤਾਂ ਇੱਕੋ-ਇੱਕ ਥਾਂ ਸੀ, ਜਿਸ ਦੀ ਉਸ ਨੂੰ ਥੋੜ੍ਹੀ ਬਹੁਤ ਜਾਣਕਾਰੀ ਹੋ ਸਕੀ ਸੀ। ਪਿੰਡਾਂ ਤੋਂ ਆਏ ਲੋਕ ਹੌਲੀ-ਹੌਲੀ ਖਿੰਡ-ਪੁੰਡ ਕੇ ਉਹਨਾਂ ਬਹੁਤ ਸਾਰੀਆਂ ਸੜਕਾਂ 'ਤੇ ਪੈ ਗਏ ਸਨ, ਜੋ ਘਾਟ 'ਤੇ ਜਾਂਦੀਆਂ ਸਨ। ਕਿਸੇ ਨੇ ਵੀ ਉਸਨੂੰ ਆਪਣੇ ਨਾਲ ਆਉਣ ਲਈ ਨਹੀਂ ਸੀ ਆਖਿਆ। ਕਿਸੇ ਨੇ ਉਸਨੂੰ ਵੇਖਿਆ ਤੱਕ ਨਹੀਂ ਸੀ। ਉਹ ਪਿੱਛੇ ਰਹਿ ਗਿਆ ਸੀ।

ਹੁਣ ਜਦੋਂ ਕਿ ਉਹ ਇਕੱਲਾ ਰਹਿ ਗਿਆ ਸੀ, ਉਹ ਸਚੇਤ ਹੋਇਆ ਕਿ ਉਸ ਨੂੰ ਬਹੁਤ ਜ਼ੋਰ ਦੀ ਤ੍ਰੇਹ ਲੱਗੀ ਹੈ। ਉਹਨੇ ਇੱਕ ਰੇੜ੍ਹੀ ਦੇ ਕੋਲ, ਇੱਕ ਬੰਦੇ ਨੂੰ ਬੈਠਾ ਵੇਖਿਆ, ਜਿਸ ਵਿੱਚ ਨਾਰੀਅਲਾਂ ਦਾ ਢੇਰ ਲੱਗਾ ਹੋਇਆ ਸੀ ਅਤੇ ਜੋ ਆਲੇ-ਦੁਆਲੇ ਦੀਆਂ ਵੱਡੀਆਂ-ਵੱਡੀਆਂ ਬਿਲਡਿੰਗਾਂ 'ਚੋਂ ਇੱਕ ਦੇ ਅੱਗੇ ਖਲੋਤੀ ਸੀ। ਉਹ ਆਪਣੇ ਖੀਸੇ ਵਿਚਲੇ ਉਹਨਾਂ ਕੁੱਝ ਕੁ ਸਿੱਕਿਆਂ ਨੂੰ ਟੋਂਹਦਾ-ਟਟੋਲਦਾ ਜੋ ਉਹ ਆਪਣੇ ਨਾਲ ਲਿਆਇਆ ਸੀ, ਉਸ ਵਲ ਗਿਆ, "ਕਿੰਨੇ ਦਾ?" ਉਹਨੇ ਪੁੱਛਿਆ। ਪਹਿਲਾਂ ਕਦੇ ਵੀ ਨਾਰੀਅਲ ਨਾ ਖ਼ਰੀਦਣ ਕਰਕੇ, ਉਹਨੂੰ ਮੁੱਲ ਦਾ ਕੋਈ ਥਹੁ ਪਤਾ ਨਹੀਂ ਸੀ। ਪਿੰਡ ਸੀ, ਤਾਂ ਉਹ ਨਾਰੀਅਲ ਦੇ ਦਰਖ਼ਤ ਉਤੇ ਚੜ੍ਹ ਜਾਂਦਾ ਅਤੇ ਪੂਰੇ ਦਾ ਪੂਰਾ ਗੁੱਛਾ ਹੀ ਤੋੜ ਲਿਆਉਂਦਾ ਸੀ। ਜਦੋਂ ਉਸ ਆਦਮੀ ਨੇ ਆਖਿਆ "ਦੋ ਰੁਪਏ" ਤਾਂ ਉਸ ਨੂੰ ਜਿਵੇਂ ਗ਼ਸ਼ ਹੀ ਪੈ ਗਿਆ। ਉਸ ਆਦਮੀ ਦਾ ਚਿਹਰਾ ਤਿੱਖਾ ਤੇ ਕਾਲਾ-ਧੂੰਹ ਸੀ ਅਤੇ ਉਸਦੇ ਮੂੰਹ ਵਿਚ ਸਿਗਰਟ ਅੜੁੰਗੀ ਹੋਈ ਸੀ, ਪਰ ਜਦੋਂ ਉਹਨੇ ਹਰੀ ਦੇ ਮੂੰਹ ਵਲ ਵੇਖਿਆ ਤਾਂ ਉਹ ਦਇਆ-ਭਰੇ ਭਾਵ ਨਾਲ ਹੱਸਿਆ। "ਕੀ ਗੱਲ ਹੈ? ਕੀ ਤੈਨੂੰ ਇਹ ਵੀ ਪਤਾ ਨਹੀਂ ਕਿ ਸ਼ਹਿਰ ਵਿੱਚ ਇਹਨਾਂ ਚੀਜ਼ਾਂ ਦਾ ਮੁੱਲ ਕਿੰਨਾ ਹੁੰਦਾ ਹੈ? ਨਹੀਂ, ਮੈਨੂੰ ਲੱਗ ਰਿਹੈ ਕਿ ਤੈਨੂੰ ਪਤਾ ਨਹੀਂ। ਲੈ, ਮੈਂ ਤੈਨੂੰ ਸਸਤਾ ਲੱਭ ਕੇ ਦਿੰਦਾ ਹਾਂ ਅਤੇ ਉਹਨੇ ਨਾਰੀਅਲਾਂ ਦੇ ਢੇਰ 'ਚੋਂ ਇੱਕ ਛੋਟਾ ਜਿਹਾ ਨਾਰੀਅਲ ਢੂੰਡ ਕੇ, ਆਪਣੇ ਮੁੜੇ ਹੋਏ ਚਾਕੂ ਨਾਲ, ਉਸ ਨੂੰ ਉਪਰੋਂ ਕੱਪ ਕੇ, ਹਰੀ ਦੇ ਹੱਥ ਵਿੱਚ ਫੜਾ ਦਿੱਤਾ। ਜਦੋਂ ਹਰੀ ਨਾਰੀਅਲ ਦਾ ਪਾਣੀ ਪੀ ਰਿਹਾ ਸੀ, ਤਾਂ ਉਹ ਆਦਮੀ ਉਸਨੂੰ ਬਹੁਤ ਧਿਆਨ ਨਾਲ ਤੱਕ ਰਿਹਾ ਸੀ ਅਤੇ ਖ਼ੁਸ਼ ਹੋ ਰਿਹਾ ਸੀ। ਅਚਨਚੇਤੀ ਹੀ ਉਹ ਆਖਣ ਲੱਗਾ।

"ਜਾਪਦੈ ਕਿ ਤੂੰ ਸਾਰਾ ਦਿਨ ਕੁਝ ਵੀ ਖਾਧਾ-ਪੀਤਾ ਨਹੀਂ?"

"ਨਹੀਂ" ਹਰੀ ਨੇ ਆਪਣਾ ਮੂੰਹ ਪੂੰਝਦਿਆਂ ਅਤੇ ਨਾਰੀਅਲ ਨੂੰ ਸਿੱਧਾ ਉਪਰ ਵਲ ਨੂੰ ਕਰਕੇ, ਉਸ ਵਿਚਲਾ ਚਿੱਟਾ ਤੇ ਮਿੱਠਾ ਜਿਹਾ ਗੁੱਦਾ ਕੱਢਦਿਆਂ ਅਤੇ ਖਾਂਦਿਆਂ ਆਖਿਆ,

"ਮੈਂ ਭੁੱਖਾ ਤੇ ਤਿਹਾਇਆ ਹਾਂ।"

"ਮੈਨੂੰ ਇਹ ਨਜ਼ਰ ਆ ਰਿਹੈ !" ਨਾਰੀਅਲ ਵੇਚਣ ਵਾਲੇ ਬੰਦੇ ਨੇ ਸਿਰ ਹਿਲਾਇਆ। ਦਿਨ ਦੇ ਉਸ ਵੇਲੇ ਉਹਦੇ ਕੋਲ ਕੋਈ ਹੋਰ ਗਾਹਕ ਨਹੀਂ ਸਨ। ਇਸ ਲਈ ਉਹ ਇਸ ਮੁੰਡੇ ਨਾਲ ਰਤਾ ਗੱਪ-ਸ਼ੱਪ ਮਾਰ ਸਕਦਾ ਸੀ। "ਪਿੰਡੋਂ ਦੌੜ ਕੇ ਆਇਆ ਲੱਗਦੈਂ? ਠੀਕ ਹੈ ਨਾ?" ਉਹਨੇ ਪੁੱਛਿਆ।

"ਮੈਂ ਜਲੂਸ ਦੇ ਨਾਲ ਆਇਆ ਹਾਂ।" ਹਰੀ ਨੇ ਬੜੇ ਹੀ ਨਾਜ਼ ਨਾਲ ਆਖਿਆ। "ਕੀ ਤੁਸੀਂ ਉਹ ਜਲੂਸ ਤੱਕਿਐ, ਜੋ ਹੁਣੇ ਹੀ ਏਥੇ ਸੀ? ਅਸੀਂ ਅੱਜ ਸਵੇਰੇ ਅਲੀਬਾਗ਼ ਤੋਂ ਆਏ ਸਾਂ।

"ਹਲਾ, ਸਰਕਾਰ ਨੂੰ ਪੁੱਛਣ ਵਾਸਤੇ, ਕਾਹਦੇ ਲਈ ਅੰਨ, ਮਹੱਲਾਂ ਅਤੇ ਹੀਰੇ-ਜਵਾਹਰਾਤ ਬਾਰੇ?"

ਹਰੀ ਨੇ ਉਸ ਨੂੰ ਇਹ ਦੱਸਣ ਦਾ ਯਤਨ ਕੀਤਾ ਕਿ ਉਹਨਾਂ ਦੀਆਂ ਮੰਗਾਂ ਕੀ ਸਨ, ਪਰ ਨਾਰੀਅਲ ਵੇਚਣ ਵਾਲੇ ਨੂੰ, ਇਸ ਵਿੱਚ ਬਹੁਤੀ ਦਿਲਚਸਪੀ ਨਹੀਂ ਸੀ ਜਾਪਦੀ। ਇਕ ਹੋਰ ਸਿਗਰਟ ਸੁਲਗਾਉਂਦਿਆਂ ਉਹਨੇ ਏਨਾ ਹੀ ਆਖਿਆ, "ਕਰੀ ਜਾਉ ਮੰਗਾਂ, ਸਰਕਾਰ ਤੋਂ ਉਸ ਸੱਭ ਕੁਝ ਦੀਆਂ, ਜੋ ਤੁਸੀਂ ਚਾਹੁੰਦੇ ਹੋ। ਤੇਰਾ ਕੀ ਖ਼ਿਆਲ ਹੈ ਕਿ ਸਰਕਾਰ ਦੇ ਕੰਨ ਹੈਨ ਅਤੇ ਉਹ ਸੁਣ ਸਕਦੀ ਹੈ? ਤੇਰਾ ਕੀ ਵਿਚਾਰ ਹੈ ਕਿ ਸਰਕਾਰ ਦੀਆਂ ਅੱਖਾਂ ਹੈਨ ਅਤੇ ਉਹ ਵੇਖ ਸਕਦੀ ਹੈ? ਮੈਂ ਤੈਨੂੰ ਦੱਸ ਦਿਆਂ ਕਿ ਸਰਕਾਰ ਦਾ ਸਿਰਫ਼ ਮੂੰਹ ਹੈ, ਜਿਸ ਨਾਲ ਉਹ ਖਾਂਦੀ ਹੈ-ਸਾਡੇ ਟੈਕਸ ਖਾਂਦੀ ਹੈ, ਸਾਡੀ ਜ਼ਮੀਨ ਖਾਂਦੀ ਹੈ, ਗ਼ਰੀਬਾਂ ਨੂੰ ਖਾਂਦੀ ਹੈ। ਮੇਰੀ ਸਲਾਹ ਮੰਨ ਅਤੇ ਸਰਕਾਰ ਤੋਂ ਬਚ ਕੇ ਰਹਿ। ਇਸ ਪਾਸੋਂ ਕਿਸੇ ਚੀਜ਼ ਦੀ ਮੰਗ ਨਾ ਕਰੋ। ਉਹ ਤੁਹਾਨੂੰ ਦੱਸਣਗੇ ਕਿ ਸਰਕਾਰ ਤੁਹਾਡੀ ਮਾਈ-ਬਾਪ ਹੈ। ਮੈਂ ਤੈਨੂੰ ਦੱਸਾਂ ਕਿ ਮੇਰੇ ਪਿਉ ਅਤੇ ਮੇਰੀ ਮਾਂ ਨੇ, ਮੈਨੂੰ ਬਾਹਰ ਸੁੱਟ ਦਿੱਤਾ ਸੀ, ਜਦੋਂ ਮੈਂ ਛੇ ਸਾਲ ਦਾ ਸਾਂ ਕਿ ਜਾ ਅਤੇ ਆਪਣੀ ਰੋਜ਼ੀ-ਰੋਟੀ ਆਪ ਕਮਾ। ਮੈਨੂੰ ਉਹਨਾਂ ਦੀ ਮੁਥਾਜੀ ਨਹੀਂ-ਮੈਂ ਆਪਣਾ ਪ੍ਰਬੰਧ, ਆਪਣਾ ਬੰਦੋਬਸਤ ਆਪ ਕਰਦਾ ਹਾਂ-ਮੈਂ ਮਰਦ ਹਾਂ ਅਤੇ ਆਪਣਾ ਆਸਰਾ ਆਪ ਹਾਂ। ਬੱਚੂ ਸੁਤੰਤਰ ਅਤੇ ਸਵਾਧੀਨ ਹੋਣ ਦਾ ਇਹੀ ਸਭ ਤੋਂ ਵਧੀਆ ਤਰੀਕਾ ਹੈ। "ਤੁਹਾਡੀ ਮਿਹਰਬਾਨੀ, ਤੁਹਾਡਾ ਸ਼ੁਕਰੀਆ" ਕਦੇ ਨਾ ਆਖੋ। ਜੋ ਕੁਝ ਤੁਹਾਨੂੰ ਚਾਹੀਦੈ, ਲੈ ਲਉ। ਮਰਦ ਬਣੋ, ਸਵਾਧੀਨ ਬਣੋ।"

ਹਰੀ ਸੁਣਦਾ ਰਿਹਾ ਅਤੇ ਸਿਰ ਹਿਲਾਉਂਦਾ ਰਿਹਾ। ਉਹ ਸੋਚ ਰਿਹਾ ਸੀ, ਨਾਰੀਅਲ ਵੇਚਣ ਵਾਲਾ ਬੰਦਾ ਸਿਆਣਾ, ਤਕੜਾ ਅਤੇ ਆਦਰਯੋਗ ਸੀ। ਉਹ ਉਸਦੇ ਕਦਮਾਂ 'ਚ ਬੈਠਣ ਅਤੇ ਹੋਰ ਵਧੇਰੇ ਸਿੱਖਣ ਲਈ ਤਿਆਰ ਸੀ, ਪਰ ਉਸ ਆਦਮੀ ਦੀ ਹਰੀ ਨੂੰ, ਸਿੱਖਿਆ ਦੇਣ ਵਿੱਚ ਦਿਲਚਸਪੀ ਨਹੀਂ ਸੀ ਜਾਪਦੀ। ਉਸਨੂੰ ਹੁਣ ਸ਼ਾਗਿਰਦ ਜਾਂ ਚੇਲੇ ਦੀ ਲੋੜ ਨਹੀਂ ਸੀ ਸਗੋਂ ਪਿਉ ਅਤੇ ਮਾਂ ਦੀ ਲੋੜ ਸੀ। ਉਸਨੇ ਇੱਕ ਨੌਜਵਾਨ ਮੁੰਡੇ ਅਤੇ ਇਸਤਰੀ, ਜੋ ਕਿ ਵੱਡੀ ਬਿਲਡਿੰਗ ਵਿੱਚੋਂ, ਹੱਸਦੇ-ਹੱਸਦੇ, ਪੌੜੀਆਂ ਉਤਰਦੇ ਬਾਹਰ ਆਏ ਸਨ ਅਤੇ ਉਸ ਦੀ ਰੇੜ੍ਹੀ ਦੇ ਅੱਗੇ ਆ ਕੇ ਰੁਕ ਗਏ ਸਨ, ਲਈ ਨਾਰੀਅਲ ਕੱਟ ਕੇ ਦੇਣ ਵਲ ਧਿਆਨ ਮੋੜ ਲਿਆ ਸੀ। ਉਹ ਆਪਣੇ ਮੋਢਿਆਂ ਉਤੇ ਲਟਕਾਏ ਥੈਲਿਆਂ 'ਚ ਪੈਸੇ ਟੋਹ ਰਹੇ ਸਨ। ਹਰੀ ਜਾਣਦਾ ਸੀ ਕਿ ਉਸ ਨੂੰ ਆਪਣਾ ਭੁੱਖਣ-ਭਾਣਾ ਮੂੰਹ ਅਤੇ ਲੀਰ-ਕਤੀਰਾਂ ਕੱਪੜੇ ਲੈ ਕੇ, ਉਥੋਂ ਲਾਂਭੇ ਹੋ ਜਾਣਾ ਚਾਹੀਦਾ ਹੈ।



ਜਿਉਂ ਹੀ ਉਹ ਪਟੜੀ 'ਤੇ ਹੌਲੀ-ਹੌਲੀ ਤੁਰਦਾ ਅਤੇ ਉਸ ਉਤੇ ਨਿੱਕੇ-ਨਿੱਕੇ ਢੇਰਾਂ ਅਤੇ ਡੂੰਮ੍ਹਾਂ 'ਚ ਏਧਰ-ਉਧਰ ਖਿੱਲਰੀ ਗੰਦਗੀ ਤੋਂ, ਧਿਆਨ ਨਾਲ ਬਚਦਾ-ਬਚਾਉਂਦਾ ਅੱਗੇ ਵਲ ਵਧਣ ਲੱਗਾ, ਤਾਂ ਉਹਨੇ ਇਕ ਆਵਾਜ਼, ਇਹ ਆਖਦੀ ਸੁਣੀ, "ਬਿੱਲੂ, ਉਸਦੀ ਗੱਲ ਨਾ ਸੁਣੀਂ। ਉਸ ਤੋਂ ਦੂਰ ਹੀ ਰਹੀਂ। ਉਹ ਬਹੁਤ ਖ਼ਤਰਨਾਕ ਹੈ। ਦਿਨ ਵੇਲੇ ਉਹ ਆਪਣਾ ਚਾਕੂ ਨਾਰੀਅਲਾਂ 'ਤੇ ਵਰਤਦਾ ਹੈ ਅਤੇ ਰਾਤ ਨੂੰ......।" ਮੋੜ ਮੁੜਦਿਆਂ ਹਰੀ ਨੇ ਇਹ ਕੁਝ ਆਖਣ ਵਾਲੇ ਨੂੰ ਵੇਖਿਆ। ਉਹ ਇਕ ਮੰਗਤਾ ਸੀ, ਫੂਸੜੇ-ਫੂਸੜੇ ਹੋਈ ਚਿਟਾਈ 'ਤੇ ਬੈਠਾ। ਉਹਨੇ ਆਪਣੀ ਉਂਗਲੀ, ਆਪਣੇ ਗਲੇ ਦੇ ਏਧਰ-ਉਧਰ ਆਰ-ਪਾਰ ਖਿੱਚੀ ਅਤੇ ਪਾਨ ਨਾਲ ਲਿੱਬੜੀ ਆਪਣੀ ਜੀਭ ਬਾਹਰ ਕੱਢੀ, ਹਰੀ ਨੂੰ ਇਹ ਵਿਖਾਉਣ ਲਈ ਕਿ ਉਸਦਾ ਮਤਲਬ ਕੀ ਸੀ। ਹਰੀ ਏਨਾ ਘਬਰਾ ਗਿਆ ਸੀ ਕਿ ਮੰਗਤਾ ਆਪਣਾ ਮੂੰਹ ਪੂਰੀ ਤਰ੍ਹਾਂ ਖੋਲ੍ਹ ਕੇ ਹੱਸਣ ਲੱਗ ਪਿਆ, ਇਹ ਦੱਸਣ ਲਈ ਕਿ ਉਹ ਪਾਨ ਦੇ ਰਸ ਨਾਲ ਲਾਲ ਹੋਇਆ ਸੀ।

"ਕੀ ਤੈਨੂੰ ਹੈਰਾਨੀ ਹੋਈ ਹੈ? ਤੈਨੂੰ ਨਹੀਂ ਪਤੈ ਕਿ ਪਟੜੀਆਂ ਦੇ ਲੋਕ ਏਸੇ ਤਰ੍ਹਾਂ ਹੀ ਰਹਿੰਦੇ ਹਨ? ਪੁਲਿਸ ਨੂੰ ਬੁੱਧੂ ਬਣਾਉਣ ਲਈ ਸਾਹਮਣੇ ਇਕ ਮਹਿਫ਼ੂਜ਼ ਕੰਮ-ਕਾਰ ਅਤੇ ਉਸਦੇ ਪਿੱਛੇ ਕੋਈ ਖ਼ਤਰਨਾਕ ਧੰਦਾ, ਰੋਜ਼ੀ-ਰੋਟੀ ਕਮਾਉਣ ਵਾਸਤੇ? ਤੂੰ ਕੀ ਸਮਝਦੈਂ ਕਿ ਕੋਈ ਵੀ ਬੰਦਾ ਨਾਰੀਅਲ ਵੇਚ ਕੇ ਜਾਂ ਭਿੱਖ ਮੰਗ ਕੇ, ਆਪਣੇ-ਆਪ ਨੂੰ ਜੀਵਿਤ ਰੱਖ ਸਕਦੈ? ਮੈਂ ਤੈਨੂੰ ਦੱਸਾਂ, ਨਹੀਂ, ਬਿਲਕੁਲ ਨਹੀਂ। ਜੇ ਤੂੰ ਸ਼ਹਿਰ ਵਿੱਚ ਆਪਣਾ ਕੰਮ ਚਲਾਉਣ ਲਈ ਅਤੇ ਅੱਗੇ ਵਧਣ ਲਈ, ਕੁਝ ਗੁਰ ਜਾਨਣਾ ਚਾਹੁੰਦਾ ਏਂ ਤਾਂ ਮੈਨੂੰ ਪੁੱਛ, ਮੈਂ ਤੈਨੂੰ ਥੋੜ੍ਹਾ ਜਿਹਾ ਮਿਹਨਤਾਨਾ ਲੈ ਕੇ ਦੱਸ ਦਿਆਂਗਾ।" ਉਹਨੇ ਅੱਖ ਮਾਰਦਿਆਂ ਅਤੇ ਹਰੀ ਲਈ ਥਾਂ ਬਣਾਉਣ ਵਾਸਤੇ ਚਿਟਾਈ ਦੇ ਇੱਕ ਪਾਸੇ ਨੂੰ ਹੁੰਦਿਆਂ ਆਖਿਆ।

ਪਰ ਕਿਸੇ ਕੋਲੋਂ ਵੀ ਅਜਿਹੇ ਖ਼ਤਰਨਾਕ ਦਾਅ-ਪੇਚ ਸਿੱਖਣ ਦੀ, ਹਰੀ ਦੀ ਕੋਈ ਇੱਛਾ

ਨਹੀਂ ਸੀ। ਉਹ ਆਪਣਾ ਸਿਰ ਹਿਲਾਉਂਦਾ ਹੋਇਆ, ਤੇਜ਼ੀ ਨਾਲ ਅੱਗੇ ਚਲਾ ਗਿਆ। ਉਹਨੇ ਮੰਗਤੇ ਨੂੰ ਹੱਸਦਿਆਂ ਅਤੇ ਆਪਣੇ ਚੀਥੜਿਆਂ ਵਿੱਚੋਂ, ਇਕ ਬੋਤਲ ਕੱਢਦਿਆਂ ਅਤੇ ਪੀਣ ਲਈ, ਆਪਣੇ ਮੂੰਹ ਨੂੰ ਲਾਉਂਦਿਆਂ ਨਹੀਂ ਸੀ ਵੇਖਿਆ। ਉਹ ਸ਼ਹਿਰ ਵਿੱਚ ਮੰਗਤਾ, ਧੋਖੇਬਾਜ਼ ਜਾਂ ਕਾਤਿਲ ਬਣਨ ਵਾਸਤੇ ਨਹੀਂ ਸੀ ਆਇਆ। ਵਾਸਤਵ ਵਿੱਚ ਉਸ ਨੂੰ ਇਲਮ ਹੀ ਨਹੀਂ ਸੀ ਕਿ ਉਹ ਕਿਸ ਲਈ ਏਥੇ ਆਇਆ ਹੈ, ਸਿਵਾਏ ਇਸ ਦੇ ਕਿ ਉਹ ਘਰੋਂ ਭੱਜ ਕੇ ਆਇਆ ਸੀ ਅਤੇ ਇਹ ਪਤਾ ਲਾਉਣ ਲਈ ਕਿ ਭਵਿੱਖ ਦੀ ਬੁਚਕੀ ਵਿੱਚ ਉਸ ਲਈ ਕੀ ਕੁੱਝ ਸੀ।

ਉਸਨੂੰ ਇਸ ਵੱਡੇ ਸਾਰੇ ਚੁਗਾਨ ਤੋਂ ਅਤੇ ਉਸਦੇ ਖ਼ਤਰਨਾਕ ਕਿਰਦਾਰਾਂ ਤੋਂ ਜੋ ਜਾਪਦਾ ਸੀ ਕਿ ਹਰੇਕ ਪਰਛਾਵੇਂ ਵਿੱਚ ਛੁਪੇ ਬੈਠੇ ਸਨ, ਡਰ ਜਿਹਾ ਮਹਿਸੂਸ ਹੋਣ ਲੱਗ ਪਿਆ। ਹੋਰ ਤਾਂ ਹੋਰ, ਸੱਖਣੀ ਚੌਕੀ ਵੀ ਡਰਾਉਣੀ ਜਾਪਣ ਲੱਗ ਪਈ। ਸ਼ਹਿਨਸ਼ਾਹ ਦੇ ਬੁੱਤ ਦੀ ਗ਼ੈਰ ਮੌਜੂਦਗੀ ਹਰੀ ਲਈ ਜਿਵੇਂ ਇੱਕ ਕਿਸਮ ਦਾ ਪੈਗ਼ਾਮ ਬਣ ਨਿੱਬੜੀ। ਉਸ ਦੇ ਡਰ ਨੇ, ਉਸ ਨੂੰ ਇੱਕ ਪਾਸੇ ਦੀ ਗਲੀ 'ਚ ਮੁੜ ਜਾਣ ਅਤੇ ਉਸ ਕੋਲੋਂ ਛੇਤੀ ਹੀ ਚਲੇ ਜਾਣ ਦਾ ਹੌਸਲਾ ਦਿੱਤਾ। ਉਸ ਨੇ ਇੱਕ ਲੰਮਾ ਚੌੜਾ ਪਾਰਕ ਤੱਕਿਆ, ਜਿਸ ਦੇ ਦੁਆਲੇ ਨਾਰੀਅਲ ਦੇ ਰੁੱਖਾਂ ਦੀਆਂ ਪਾਲਾਂ ਸਨ ਅਤੇ ਉਹਨੇ ਸੋਚਿਆ ਕਿ ਉਹ ਉਥੇ ਜਾ ਕੇ, ਉਹਨਾਂ ਦੀ ਛਾਂ ਵਿੱਚ ਘਾਹ 'ਤੇ ਆਰਾਮ ਕਰਨ ਵਾਸਤੇ ਬੈਠੇਗਾ ਅਤੇ ਫੁੱਟਬਾਲ ਤੇ ਕ੍ਰਿਕਟ ਖੇਡਣ ਵਾਲਿਆਂ ਨੂੰ ਵੇਖੇਗਾ, ਪਰ ਜਦੋਂ ਉਹ ਨੇੜੇ ਅੱਪੜਿਆ ਤਾਂ ਉਸ ਨੇ ਆਪਣੇ ਅੱਗੇ, ਸੜਕ ਦੇ ਸਿਰੇ 'ਤੇ ਇੱਕ ਤੇਜ਼-ਤਿੱਖੀ ਲਿਸ਼ਕੋਰ ਜਿਹੀ ਤੱਕੀ, ਜਿਸ ਦੀ ਉਸਨੂੰ ਪਛਾਣ ਸੀ ਕਿ ਉਹ ਦੂਰ ਪਰ੍ਹੇ ਸਮੁੰਦਰ ਤੋਂ ਆ ਰਹੀ ਹੈ। ਉਹ ਸਮੁੰਦਰ ਨੂੰ ਵੀ ਸੁੰਘ ਸਕਦਾ ਸੀ ਅਤੇ ਮੱਛੀ ਦੀ ਜ਼ੋਰਦਾਰ ਗੰਧ ਨੂੰ ਵੀ।

ਅਚਨਚੇਤੀ ਉਸਨੂੰ ਘਰ ਦੀ ਯਾਦ ਸਤਾਉਣ ਲੱਗੀ, ਨਾਲ ਹੀ ਕਿਸੇ ਜਾਤੀ-ਪਛਾਤੀ ਸ਼ੈਅ ਲਈ ਸਹਿਕ-ਸੱਧਰੇਵਾਂ ਪੈਦਾ ਹੋਇਆ। ਉਹ ਪਾਰਕ ਬਾਰੇ ਭੁੱਲ-ਭੁਲਾ ਹੀ ਗਿਆ ਅਤੇ ਤੇਜ਼ ਤੇਜ਼ ਤੁਰ ਪਿਆ। ਜਦੋਂ ਉਹ ਸਮੁੰਦਰ ਦੇ ਪਾਸ ਪਹੁੰਚਾ ਤਾਂ, ਉਹਨੇ ਵੇਖਿਆ ਕਿ ਸੜਕ ਬੀਚ ਦੇ ਆਲੇ-ਦੁਆਲੇ ਵਲ ਖਾਂਦੀ, ਇੱਕਦਮ ਮੁੜਦੀ, ਝਪੱਟਾ ਮਾਰਦੀ ਜਾ ਰਹੀ ਸੀ। ਇਹ ਇਕ ਨਿਹਾਇਤ ਹੀ ਸ਼ਾਨਦਾਰ ਦ੍ਰਿਸ਼ ਸੀ, ਜੋ ਹਰੀ ਨੇ ਪਹਿਲਾਂ ਕਦੇ ਨਹੀਂ ਸੀ ਵੇਖਿਆ ਅਤੇ ਉਹ ਸੜਕ ਦੇ ਇੱਕ ਕਿਨਾਰੇ ਦੀਆਂ ਵੱਡੀਆਂ-ਵੱਡੀਆਂ ਬਿਲਡਿੰਗਾਂ ਦੀ ਕਤਾਰ ਨੂੰ ਖੜਾ ਤੱਕਦਾ ਹੀ ਰਹਿ ਗਿਆ, ਜੋ ਰੁੱਖਾਂ ਦੇ ਬਿਲਮੁਕਾਬਲ ਖਲੋਤੀਆਂ ਸਨ, ਰੁੱਖਾਂ ਨਾਲੋਂ ਵੀ ਕਿੱਤੇ ਉਚੀਆਂ-ਉਚੇਰੀਆਂ ਅਤੇ ਫਿਰ ਸਮੁੰਦਰ, ਜੋ ਉਹਨਾਂ ਤੋਂ ਸੜਕ ਦੇ ਪਾਰ-ਪਰੇਡੇ ਸੀ, ਚੁੱਪ-ਚਾਪ, ਖ਼ਾਮੋਸ਼ ਅਤੇ ਕਿਸੇ ਪਾਲਿਸ਼ ਕੀਤੀ ਹੋਈ ਧਾਤ ਵਾਂਗ ਚਮਕਦਾਰ ਅਤੇ ਸ਼ੋਖ਼, ਲਿਸ਼ਕਦਾਰ। ਏਥੇ ਬੇੜੀਆਂ ਨਹੀਂ ਸਨ ਅਤੇ ਮਛੇਰੇ ਵੀ ਨਹੀਂ ਸਨ, ਭਾਵੇਂ ਕਿ ਸਿਰਫ਼ ਸੜਕ ਤੋਂ ਸਮੁੰਦਰ ਦੇ ਨਾਲ-ਨਾਲ ਜੋ ਲਗਾਤਰ ਗਰਜ ਰਿਹਾ ਸੀ, ਵਾਹੋ-ਦਾਹੀ ਆ ਰਹੀ ਆਵਾਜਾਈ ਸੀ।

ਉਹ ਸਮੁੰਦਰ ਅਤੇ ਬਿਲਡਿੰਗਾਂ ਦੇ ਵਿੱਚ-ਵਿਚਾਲੇ ਤੁਰਦਾ ਗਿਆ-ਤੁਰਦਾ ਗਿਆ, ਹੱਤਾ ਕਿ ਉਹ ਇੱਕ ਨਿੱਕੀ ਜਿਹੀ ਰੇਤਲੀ ਬੀਚ 'ਤੇ ਆ ਪੁੱਜਾ, ਜਿਸ 'ਤੇ ਲੋਕਾਂ ਦੀ ਅਤੇ ਰੰਗਦਾਰ ਡਰਿੰਕਸ, ਨਾਰੀਅਲਾਂ ਅਤੇ ਖਾਣੇ ਦੇ ਸਟਾਲਾਂ ਦੀ ਏਨੀ ਜ਼ਿਆਦਾ ਭੀੜ-ਭਾੜ ਸੀ ਕਿ ਉਹ ਬੀਚ ਨਾਲੋਂ ਵਧੇਰੇ, ਇੱਕ ਮੇਲੇ ਦਾ ਸਥਾਨ ਜਾਪਦੀ ਸੀ। ਵਾਸਤਵ ਵਿੱਚ ਇਉਂ ਜਾਪ ਰਿਹਾ ਸੀ, ਕਿ ਉਸ ਵੇਲੇ ਉਥੇ ਕੋਈ ਮੇਲਾ ਹੀ ਚੱਲ ਰਿਹਾ ਸੀ। ਬਾਂਸ ਦੇ ਡੰਡਿਆਂ 'ਤੇ

ਲਟਕਦੇ ਗ਼ੁਬਾਰੇ ਸਨ, ਪਟੜੀਆਂ 'ਤੇ ਲੱਗੇ ਸਟਾਲ ਸਨ, ਜਿਥੇ ਫੁੱਲਾਂ ਦੇ ਹਾਰ, ਪਲਾਸਟਿਕ ਦੇ ਖਿਡਾਉਣੇ ਅਤੇ ਮੈਗਜ਼ੀਨ ਵਿਕ ਰਹੇ ਸਨ। ਚਾਵਾਂ-ਮੱਤੇ ਬੱਚੇ ਰੇਤ ਵਿੱਚ ਦੌੜਦੇ ਹੋਏ, ਸਾਗਰ ਤੱਕ ਪੁੱਜ ਰਹੇ ਸਨ ਅਤੇ ਲੋਕ ਸਟਾਲਾਂ ਦੇ ਆਲੇ-ਦੁਆਲੇ ਇਕੱਠੇ ਹੋਏ ਅਜੀਬ-ਅਜੀਬ ਤਰ੍ਹਾਂ ਦੇ ਭੋਜਨ ਖਾ ਰਹੇ ਸਨ, ਜੋ ਹਰੀ ਨੇ ਘਰ ਵਿਚ ਕਦੇ ਨਹੀਂ ਸਨ ਤੱਕੇ। ਉਹ ਇਕ ਪਾਸੇ ਹਟ ਕੇ ਖਲੋ ਗਿਆ ਅਤੇ ਗਹੁ ਨਾਲ ਆਲੇ-ਦੁਆਲੇ ਤੱਕਣ ਲੱਗਾ। ਏਨੇ ਚਿਰ ਨੂੰ, ਇਕ ਕਾਰ ਆ ਕੇ, ਉਸ ਦੇ ਪਿੱਛੇ ਰੁਕੀ ਅਤੇ ਉਸ ਵਿਚੋਂ ਇੱਕ ਵੱਡਾ ਸਾਰਾ ਟੱਬਰ, ਖ਼ੁਸ਼ੀ ਵਿੱਚ ਹੱਸਦਾ ਅਤੇ ਕਿਲਕਾਰੀਆਂ ਮਾਰਦਾ ਬਾਹਰ ਨਿੱਕਲਿਆ। ਬੱਚਿਆਂ ਨੇ ਗੂੜ੍ਹੇ ਰੰਗ ਦੇ ਸ਼ੋਖ਼ ਕੱਪੜੇ ਪਾਏ ਹੋਏ ਸਨ, ਔਰਤਾਂ ਬਹੁਤ ਪਿਆਰੀਆਂ ਸਾੜ੍ਹੀਆਂ ਵਿਚ ਮਲਬੂਸ ਸਨ। ਮਰਦ ਉਚੀ-ਉਚੀ ਹੱਸ ਰਹੇ ਸਨ। ਉਹ ਬੱਚਿਆਂ ਅਤੇ ਔਰਤਾਂ ਨੂੰ ਖਾਣ-ਪੀਣ ਦੀਆਂ ਚੀਜ਼ਾਂ ਅਤੇ ਖਿਡਾਉਣੇ ਖ਼ਰੀਦ ਕੇ ਦੇਣ ਵਾਸਤੇ ਸਟਾਲਾਂ 'ਤੇ ਲੈ ਗਏ।

ਉਹਨਾਂ ਨੂੰ ਵੇਖ ਕੇ, ਹਰੀ ਨੂੰ ਅਚਾਨਕ ਚੇਤਾ ਆਇਆ ਕਿ ਉਸਦੇ ਖੀਸੇ ਵਿੱਚ, ਕਾਗ਼ਜ਼ ਦਾ ਇੱਕ ਟੁਕੜਾ ਸੀ, ਜਿਸ ਉਤੇ ਉਸ ਡੀ ਸਿਲਵਾ ਪਰਿਵਾਰ ਦਾ ਪਤਾ ਲਿਖਿਆ ਹੋਇਆ ਸੀ, ਜਿਸ ਨੇ ਇੱਕ ਵਾਰੀ, ਉਸ ਨੂੰ ਨੌਕਰੀ ਦੀ ਪੇਸ਼ਕਸ਼ ਕੀਤੀ ਸੀ। ਇਹ ਚੇਤੇ ਕਰਨ ਨਾਲ ਉਸ ਨੂੰ ਰਾਹਤ ਜਿਹੀ ਮਿਲੀ ਕਿ ਉਸ ਕੋਲ ਬੰਬਈ ਦੇ ਕਿਸੇ ਪਰਿਵਾਰ ਦਾ ਪਤਾ ਹੈ, ਅਤੇ ਉਹ ਉਹਨਾਂ ਲੋਕਾਂ ਨੂੰ ਜਾਣਦਾ ਹੈ, ਜੋ ਸ਼ਾਇਦ ਉਸ ਦੀ ਸਹਾਇਤਾ ਕਰਨ। ਇਸ ਖ਼ਿਆਲ ਨੇ, ਸਮੁੰਦਰ ਦੀ ਇੱਕ ਛੱਲ ਵਾਂਗ ਉਸ ਦੇ ਮਨ ਨੂੰ ਠੰਡ, ਮਿੱਤਰ-ਭਾਵ ਅਤੇ ਤਾਜ਼ਗੀ ਨਾਲ ਭਰ ਦਿੱਤਾ।

ਸੱਭ ਤੋਂ ਨੇੜੇ ਦੇ ਸਟਾਲ ਦੇ ਮਾਲਿਕ ਵਲ ਮੂੰਹ ਕਰਦਿਆਂ, ਹਰੀ ਨੇ ਉਸ ਨੂੰ ਕਾਗ਼ਜ਼ ਦਾ ਉਹ ਟੁਕੜਾ ਵਿਖਾਉਂਦਿਆਂ ਪੁੱਛਿਆ ਕਿ ਕੀ ਉਸ ਨੂੰ, ਉਸ ਪਤੇ ਬਾਰੇ ਪਤਾ ਸੀ। ਉਹ ਆਦਮੀ ਬਰਫ਼ ਦੇ ਗੋਲੇ ਵੇਚ ਰਿਹਾ ਸੀ, ਜਿਹਨਾਂ ਉਤੇ ਉਹ ਕਈ ਤਰ੍ਹਾਂ ਦੇ ਰੰਗ ਅਤੇ ਸੱਤ-ਗੁਲਾਬ ਕੇਲੇ, ਸੰਤਰੇ ਅਤੇ ਨਿੰਬੂ ਦਾ ਛਿੜਕਾ ਕੇ, ਬੱਚਿਆਂ ਨੂੰ ਦੇ ਰਿਹਾ ਸੀ, ਜਿਹੜੇ ਕਿ ਹਾਲ-ਪਾਹਰਿਆ ਪਾ ਰਹੇ ਸਨ।

"ਹਾਂ ਭਈ......" ਉਸ ਬੰਦੇ ਨੇ, ਆਪਣੀ ਨਿੱਕੀ-ਜਿਹੀ ਚਿੱਟੀ ਟੋਪੀ ਹੇਠੋਂ, ਆਪਣੀਆਂ ਅੱਖਾਂ, ਵਿਅੰਗਮਈ ਤੇ ਹਸਾਉਣੇ ਅੰਦਾਜ਼ 'ਚ ਹਰੀ ਵਲ ਘੁਮਾਉਂਦਿਆਂ ਆਖਿਆ, "ਬਹੁਤ ਵਧੀਆ ਸਿਰਨਾਵਾਂ ਹੈ ਇਹ ਮੁੰਡਿਆਂ। ਲੱਗਦੈ, ਤੂੰ ਕੋਈ ਸ਼ਹਿਜ਼ਾਦਾ ਏਂ, ਜੋ ਭੇਸ ਬਦਲ ਕੇ ਫਿਰ ਰਿਹਾ ਏਂ।" ਉਹਨੇ ਇਕ ਗੂੜ੍ਹੇ ਹਰੇ ਰੰਗ ਦਾ ਬਰਫ਼-ਗੋਲਾ ਇੱਕ ਬੱਚੇ ਨੂੰ ਫੜਾਉਂਦਿਆਂ ਅਤੇ ਕੁਝ ਸਿੱਕੇ ਆਪਣੀ ਜੇਬ ਵਿੱਚ ਪਾਉਂਦਿਆ, ਹਰੀ ਨੂੰ ਸੰਬੋਧਨ ਕਰ ਕੇ ਆਖਿਆ, "ਅਹਿ ਸਾਹਮਣੇ ਜੋ ਸੜਕ ਹੈ ਨਾ, ਇਸ 'ਤੇ ਸਿੱਧਾ ਤੁਰਦਾ ਜਾ, ਇਹ ਤੈਨੂੰ ਮਾਲਾਬਾਰ ਹਿੱਲ ਦੀ ਚੋਟੀ 'ਤੇ ਲੈ ਜਾਵੇਗੀ ਅਤੇ ਉਥੇ ਤੈਨੂੰ ਆਪਣਾ ਇਹ ਮਹਿਲ ਮਿਲ ਜਾਵੇਗਾ, ਬਸ 'ਹੈਂਗਿੰਗ ਗਾਰਡਨਜ਼' ਤੋਂ ਰਤਾ ਕੁ ਪਹਿਲਾਂ। ਸ਼ਾਇਦ ਉਥੇ ਕੋਈ ਸ਼ਹਿਜ਼ਾਦੀ, ਫੁੱਲਾਂ ਦਾ ਹਾਰ ਹੱਥ ਵਿੱਚ ਲਈ, ਤੇਰੀ ਉਡੀਕ ਕਰ ਰਹੀ ਹੈ।" ਉਹ ਖਿੜ-ਖਿੜਾ ਕੇ ਹੱਸਿਆ ਅਤੇ ਉਹਨੇ ਅੱਖ ਮਾਰੀ।

ਹਰੀ ਨੂੰ ਉਸ ਦਾ ਹਾਸਾ, ਉਸ ਦਾ ਮਖ਼ੌਲ ਚੰਗਾ ਨਹੀਂ ਸੀ ਲੱਗਾ ਅਤੇ ਉਹ ਪੂਰੀ ਸ਼ਾਨ ਤੇ ਆਕੜ ਨਾਲ ਅੱਗੇ ਤੁਰਦਾ ਗਿਆ। ਉਸਦਾ ਚਿਹਰਾ ਹਮੇਸ਼ਾ ਵਾਂਗ ਹੀ ਸੰਜੀਦਾ ਸੀ, ਪਰ ਉਸਦਾ ਦਿਲ ਚਾਅ ਨਾਲ ਜ਼ੋਰ-ਜ਼ੋਰ ਦੀ ਧੱਕ-ਧੱਕ ਕਰ ਰਿਹਾ ਸੀ।

ਸੜਕ ਇਕਦਮ ਉਪਰ ਪਹਾੜੀ ਵਲ ਨੂੰ ਜਾ ਰਹੀ ਸੀ, ਜਿਵੇਂ ਕਿ ਉਸ ਆਦਮੀ ਨੇ ਦੱਸਿਆ ਸੀ। ਸੜਕ ਦੇ ਦੋਵਾਂ ਹੀ ਪਾਸਿਆਂ 'ਤੇ ਵੱਡੇ-ਵੱਡੇ ਮਕਾਨ ਸਨ, ਜਿਨ੍ਹਾਂ ਦੇ ਪਰ੍ਹੇ ਉਸ ਨੂੰ ਰੁੱਖਾਂ ਦੇ ਝੁੰਡ ਅਤੇ ਪਾਰਕ ਦੇ ਪੌੜੀਦਾਰ ਬਗ਼ੀਚੇ ਵਿਖਾਈ ਦੇ ਰਹੇ ਸਨ। ਸ਼ਹਿਰ ਬਹੁਤ ਹੀ ਵੱਡਾ ਅਤੇ ਸ਼ਾਨਦਾਰ ਸੀ, ਜਿਸ ਦੀ ਕਿ ਉਹ ਕਦੇ ਕਲਪਨਾ ਵੀ ਨਹੀਂ ਸੀ ਕਰ ਸਕਦਾ ਅਤੇ ਉਸ ਨੂੰ ਉਕਾ ਹੀ ਵਿਸ਼ਵਾਸ ਨਹੀਂ ਸੀ ਆ ਰਿਹਾ ਕਿ ਉਸ ਸ਼ਹਿਰ ਵਿੱਚ ਇਕ ਘਰ ਸੀ, ਜਿਸ ਵਿਚ ਰਹਿਣ ਵਾਲੇ ਲੋਕ ਉਸ ਨੂੰ ਜਾਣਦੇ ਸਨ।

ਉਸਦੀਆਂ ਆਸਾਂ-ਉਮੀਦਾਂ ਬਹੁਤਾ ਚਿਰ ਤੱਕ ਟਿਕੀਆਂ ਨਾ ਰਹਿ ਸਕੀਆਂ। ਸੰਝ ਦਾ ਸਮਾਂ ਸੀ। ਲਾਲ-ਗੁਲਾਬੀ ਸੂਰਜ, ਇਸ ਤਰ੍ਹਾਂ ਲੱਗਾ ਕਿ ਸਮੁੰਦਰ ਵਿਚ ਡੁੱਬ ਗਿਆ। ਸ਼ਹਿਰ ਉੱਤੇ ਹਨੇਰਾ ਉਤਰ ਆਇਆ, ਸ਼ਹਿਰ ਜੋ ਸਮੁੰਦਰ ਵਿੱਚ, ਇੱਕ ਜਜ਼ੀਰੇ 'ਤੇ ਬਣਿਆ ਹੋਇਆ ਸੀ। ਜਿਉਂ ਹੀ ਉਹ ਤੁਰਦਾ ਗਿਆ, ਅੱਗੇ ਤੋਂ ਅੱਗੇ ਵਧਦਾ ਗਿਆ, ਰੌਸ਼ਨੀਆਂ ਨੇੜੇ-ਨੇੜੇ ਆਉਂਦੀਆਂ ਗਈਆਂ ਅਤੇ ਸਾਰੀ ਦੀ ਸਾਰੀ ਪਹਾੜੀ ਜਗਮਗਾ ਉਠੀ, ਲਿਸ਼ਕ ਉਠੀ, ਜਿਵੇਂ ਆਕਾਸ਼ ਦੇ ਪਿਛੋਕੜ ਵਿੱਚ ਹੀਰੇ-ਜਵਾਹਰਾਤ ਦਾ ਕੋਈ ਬਹੁਤ ਵੱਡਾ ਢੇਰ ਹੋਵੇ, ਜੋ ਤਾਰਿਆਂ ਨੂੰ ਵੀ ਮਾਤ ਪਾ ਰਿਹਾ ਹੋਵੇ।

ਉਹਨੇ ਪਿੱਛੇ ਝਾਤ ਮਾਰੀ ਤਾਂ ਉਹਨੇ ਹੇਠਾਂ ਵਲ ਨੂੰ ਜਾਂਦੀ ਸੜਕ ਤੱਕੀ, ਜੋ ਸਮੁੰਦਰ ਦੇ ਆਲੇ-ਦੁਆਲੇ ਵਲ-ਵਲੇਵੇਂ ਖਾ ਰਹੀ ਸੀ ਅਤੇ ਉਸ ਦੇ ਦੋਵਾਂ ਪਾਸਿਆਂ 'ਤੇ ਬਿਜਲਈ ਰੌਸ਼ਨੀਆਂ ਦੀ ਦੋਹਰੀ ਕਤਾਰ ਸੀ। ਕੀ ਇਹ ਮਸ਼ਹੂਰ ਕੁਈਨਜ਼ ਨੈਕਲੇਸ (ਮਲਿਕਾ ਦੀ ਮਾਲਾ) ਸੀ, ਜਿਸ ਬਾਰੇ, ਉਹਨੇ ਸੁਣਿਆ ਹੋਇਆ ਸੀ? ਉਹ ਸੋਚ ਰਿਹਾ ਸੀ, ਇਹ ਕੁਈਨਜ਼ ਨੈਂਕਲੇਸ ਹੀ ਹੈ! ਉਹ ਗਹੁ ਨਾਲ ਵੇਖ ਰਿਹਾ ਸੀ ਅਤੇ ਉਸ ਦੇ ਸਿਰ ਉਪਰ ਨਿਊਨ ਲਾਈਟਾਂ ਵਾਲੇ ਇਸ਼ਤਿਹਾਰ ਜਗ-ਬੁਝ ਰਹੇ ਸਨ, ਕਦੇ ਹਰੀ, ਕਦੇ ਨੀਲੀ ਅਤੇ ਕਦੇ ਸੰਤਰੀ ਝਲਕ ਮਾਰਦੇ। ਉਸ ਦਾ ਦਿਲ ਚਾਅ ਅਤੇ ਭੈਅ ਨਾਲ, ਬਹੁਤ ਜ਼ੋਰ-ਜ਼ੋਰ ਨਾਲ ਧੜਕ ਰਿਹਾ ਸੀ।

ਕਾਫ਼ੀ ਰਾਤ ਹੋ ਗਈ ਸੀ, ਜਦੋਂ ਉਸ ਨੂੰ ਉਹ ਬਿਲਡਿੰਗ ਲੱਭੀ, ਜਿਸ ਦੀ ਕਿ ਉਸ ਨੂੰ ਤਲਾਸ਼ ਸੀ, ਪਰ ਵਾਸਤਵ ਵਿੱਚ, ਉਥੇ ਹਨੇਰਾ ਨਹੀਂ ਸੀ। ਗਲੀਆਂ ਦੇ ਨਾਲ-ਨਾਲ ਦੀਆਂ ਸਾਰੀਆਂ ਰੌਸ਼ਨੀਆਂ ਅਤੇ ਹਰੇਕ ਬਿਲਡਿੰਗ ਦੀਆਂ ਬਾਰੀਆਂ ਵਿੱਚੋਂ ਚਮਕ ਰਹੀਆਂ ਸੈਆਂ ਹਜ਼ਾਰਾਂ ਰੌਸ਼ਨੀਆਂ ਨਾਲ, ਲੱਗਭਗ ਦਿਨ ਵਰਗੀ ਹੀ ਲੋਅ ਸੀ। ਉਹਨੇ ਆਪਣੀ ਜ਼ਿੰਦਗੀ ਵਿੱਚ ਏਨੀਆਂ ਰੋਸ਼ਨੀਆਂ ਕਦੇ ਨਹੀਂ ਸਨ ਤੱਕੀਆਂ। ਇਹ ਰਾਤ, ਉਸਦੇ ਚੇਤੇ ਵਿਚਲੀਆਂ ਰਾਤਾਂ ਨਾਲੋਂ ਅਸਲੋਂ ਅੱਡਰੀ, ਬਿਲਕੁਲ ਵੱਖਰੀ ਸੀ, ਉਹ ਚਾਹੁੰਦਾ ਸੀ ਕਿ ਹਨੇਰਾ ਹੁੰਦਾ, ਤਾਂ ਜੋ ਆਪਣੇ ਆਪ ਨੂੰ ਛੁਪਾ ਸਕਦਾ, ਅਤੇ ਜਦੋਂ ਉਹ ਉਸ ਉਚੀ ਚਿੱਟੀ ਬਿਲਡਿੰਗ ਦੇ ਪ੍ਰਵੇਸ਼-ਹਾਲ ਵਿਚ ਵੜਦਾ ਜਿਸ ਦਾ ਨਾਂ 'ਸੀਅ-ਬੱਰਡ' ਸੀ, ਤਾਂ ਕੋਈ ਉਸਨੂੰ ਵੇਖ ਨਾ ਸਕਦਾ।

ਉਹਦਾ ਖ਼ਿਆਲ ਸੀ ਕਿ ਜਿਸ ਪਰਿਵਾਰ ਨੂੰ ਉਹ ਜਾਣਦਾ ਹੈ, ਉਹ ਇਕੱਲਾ ਹੀ ਇਸ ਬਿਲਡਿੰਗ ਵਿੱਚ ਰਹਿੰਦਾ ਹੋਵੇਗਾ, ਪਰ ਇਸ ਵਿੱਚ ਤਾਂ ਅਜਨਬੀ ਲੋਕਾਂ ਦੀ ਬਹੁਤ ਭੀੜ-ਭਾੜ ਸੀ, ਜਿਵੇਂ ਬੱਸਾਂ ਦੇ ਡੀਪੂ ਵਿਚ ਜਾਂ ਜਹਾਜ਼-ਘਾਟ 'ਤੇ ਹੁੰਦੀ ਹੈ। ਇਕ ਅੰਦਰਲੇ ਬੂਹੇ 'ਤੇ ਇੱਕ ਬੰਦਾ ਖਲੋਤਾ ਸੀ, ਜੋ ਲੋਕਾਂ ਦੇ ਅੰਦਰ ਆਉਣ ਲਈ ਬੂਹਾ ਖੋਲ੍ਹਦਾ ਸੀ, ਫਿਰ ਬੰਦ ਕਰ ਲੈਂਦਾ ਸੀ, ਇਵੇਂ ਕਿ ਉਹ ਲੋਕ ਅੱਖਾਂ ਤੋਂ ਅਚਾਨਕ ਹੀ ਓਝਲ ਹੋ ਜਾਂਦੇ ਸਨ। ਅਤੇ ਫਿਰ ਜਦੋਂ ਅਚਨਚੇਤ ਹੀ ਦਰਵਾਜ਼ਾ ਦੁਬਾਰਾ ਠਾਹ ਕਰ ਕੇ ਖੁੱਲ੍ਹਦਾ ਸੀ, ਤਾਂ ਬਿਲਕੁੱਲ ਹੀ

ਵੱਖਰਾ ਹਜੂਮ ਅੰਦਰ ਲੰਘਦਾ ਸੀ। ਹਰੀ ਨੂੰ ਇਸ ਦੀ ਕੋਈ ਸਮਝ ਨਹੀਂ ਸੀ ਪੈ ਰਹੀ, ਪਰ ਜਦੋਂ ਉਹਨੇ, ਉਸ ਆਦਮੀ ਨੂੰ ਪੁੱਛਿਆ ਕਿ ਕੀ ਜਿਸ ਪਰਿਵਾਰ ਨੂੰ ਉਹ ਜਾਣਦਾ ਸੀ, ਉਹ ਉਥੇ ਹੀ ਰਹਿੰਦਾ ਹੈ, ਤਾਂ ਆਦਮੀ ਨੇ ਆਖਿਆ, "ਅੰਦਰ ਆ ਜਾ, ਦਸਵੀਂ ਮੰਜ਼ਿਲ।" ਅਤੇ ਉਸ ਨੂੰ ਦਰਜਨ ਕੁ ਹੋਰ ਬੰਦਿਆਂ ਦੇ ਨਾਲ ਨਿੱਕੀ ਜਿਹੀ ਕੋਠੜੀ ਵਿੱਚ ਧੱਕ ਦਿੱਤਾ। ਦਰਵਾਜ਼ਾ ਬੰਦ ਹੋ ਗਿਆ। ਆਦਮੀ ਨੇ ਕੰਧ ਵਿੱਚ ਲੱਗਾ ਇਕ ਬਟਨ ਦਬਾਇਆ ਅਤੇ ਲੱਕੜੀ ਦੀ ਉਹ ਨਿੱਕੀ ਜਿਹੀ ਕੋਠੜੀ ਇਕ ਭਿਆਨਕ ਜਿਹੇ ਝਟਕੇ ਨਾਲ ਉਪਰ ਵਲ ਨੂੰ ਚੱਲ ਪਈ। ਹਰੀ ਅਜੇ ਉਸ ਝਟਕੇ 'ਤੇ ਕਾਬੂ ਨਹੀਂ ਸੀ ਪਾ ਸਕਿਆ ਕਿ ਉਹ ਰੁਕ ਗਈ,ਦਰਵਾਜ਼ਾ ਖੁੱਲ੍ਹਿਆ ਅਤੇ ਉਸ ਆਦਮੀ ਨੇ, ਉਸ ਨੂੰ ਬਾਹਰ ਜਾਣ ਲਈ ਆਖਿਆ "ਇਕ ਸੌ ਦੋ ਨੰਬਰ!" ਉਹਨੇ ਦਰਵਾਜ਼ਾ ਬੰਦ ਕੀਤਾ ਅਤੇ ਲੋਪ ਹੋ ਗਿਆ।

ਹੁਣ, ਹਰੀ ਬਿਲਡਿੰਗ ਦੇ ਗੱਭੇ ਸੀ। ਉਹਨੇ ਆਪਣੇ ਆਲੇ-ਦੁਆਲੇ ਤੱਕਿਆ, ਪਰ ਉਸ ਨੂੰ ਬੰਦ ਬੂਹਿਆਂ ਤੋਂ ਛੁੱਟ, ਹੋਰ ਕੁਝ ਵੀ ਨਜ਼ਰ ਨਾ ਆਇਆ। ਉਹ ਨੰਬਰ ਪੜ੍ਹਨ ਲਈ ਉਹਨਾਂ ਦੇ ਨੇੜੇ ਗਿਆ ਅਤੇ ਅਖ਼ੀਰ ਉਹਨੂੰ ਇਕ ਦਰਵਾਜ਼ਾ ਮਿਲ ਗਿਆ, ਜਿਸ ਉਤੇ ਇਕ ਸੌ ਦੋ ਪਿੱਤਲ ਦੇ ਅੱਖਰਾਂ 'ਚ ਲਿਖਿਆ ਹੋਇਆ ਸੀ। ਉਹਨੇ ਉਸ ਨੂੰ ਖੜਕਾਇਆ, ਫਿਰ ਜ਼ੋਰ-ਜ਼ੋਰ ਦੀ ਠਕੋਰਿਆ, ਤਾਂ ਕਿਧਰੇ ਕਾਫ਼ੀ ਚਿਰ ਬਾਅਦ, ਇੱਕ ਲੰਮੇ-ਝੰਮੇ ਆਦਮੀ ਨੇ ਬੂਹਾ ਖੋਲ੍ਹਿਆ, ਜਿਸ ਨੇ ਕਿ ਚਿੱਟੀ ਪਤਲੂਨ ਅਤੇ ਉਚੇ ਕਾਲਰਾਂ ਵਾਲਾ ਚਿੱਟਾ ਕੋਟ ਪਾਇਆ ਹੋਇਆ ਸੀ। "ਮੂਰਖਾ, ਐਵੇਂ ਕਿਉਂ ਦਰਵਾਜ਼ਾ ਤੋੜ ਰਿਹੈਂ-ਤੈਨੂੰ ਘੰਟੀ ਵਿਖਾਈ ਨਹੀਂ ਦਿੰਦੀ?" ਉਹ ਚਿੱਲਾਇਆ।

ਹਰੀ ਨੇ ਉਪਰ ਤੱਕਿਆ, ਇਹ ਵੇਖਣ ਵਾਸਤੇ ਕਿ ਕਿਧਰੇ ਲਿੰਟਰ ਨਾਲ ਘੰਟੀ ਲਟਕ ਰਹੀ ਹੈ ਜਾਂ ਨਹੀਂ ! ਪਰ ਉਥੇ ਤਾਂ ਕੋਈ ਘੰਟੀ ਨਹੀਂ ਸੀ। "ਨਹੀਂ" ਉਹਨੇ ਹਲਕੀ ਜਿਹੀ ਆਵਾਜ਼ ਵਿੱਚ ਆਖਿਆ, "ਕਿਥੇ ਹੈ?"

"ਅਹਿ ਰਹੀ, ਬੇਵਕੂਫ਼" ਆਦਮੀ ਨੇ ਗ਼ੁੱਸੇ ਨਾਲ ਆਖਿਆ ਅਤੇ ਇੱਕ ਦਰਵਾਜ਼ੇ ਦੀ ਚੌਖਟ ਦੇ ਨਾਲ ਲੱਗਦੇ ਸਫ਼ੈਦ ਬਟਨ 'ਤੇ ਉਂਗਲ ਰੱਖ ਦਿੱਤੀ ਜਿਸ ਨਾਲ ਅਚਨਚੇਤ ਹੀ ਤੇਜ਼-ਤਿੱਖੀ ਚੀਕਵੀਂ ਆਵਾਜ਼ ਗੂੰਜ ਉਠੀ। "ਤੂੰ ਕੌਣ ਏਂ ਅਤੇ ਕੀ ਚਾਹੁੰਦਾ ਏਂ?"

"ਮੈਂ ਸਾਹਿਬ ਨੂੰ ਮਿਲਣਾ ਚਾਹੁੰਦਾ ਹਾਂ।" ਹਰੀ ਨੇ ਉਸ ਆਦਮੀ ਕੋਲੋਂ ਅਗਾਂਹ ਲੰਘਦਿਆਂ, ਕਾਲੀਨ-ਵਿਛੇ, ਵੱਡੇ-ਵੱਡੇ ਮੇਜ਼-ਕੁਰਸੀਆਂ ਵਾਲੇ, ਅਤੇ ਸ਼ੋਖ਼-ਚਮਕਦੀਆਂ ਤਸਵੀਰਾਂ ਅਤੇ ਸ਼ੀਸ਼ਿਆਂ ਤੇ ਫੁੱਲਾਂ ਵਾਲੇ, ਤੇਜ਼ ਤਿੱਖੀ ਰੌਸ਼ਨੀ ਨਾਲ ਜਗਮਗ-ਜਗਮਗ ਕਰਦੇ, ਕਮਰੇ ਅੰਦਰ ਗਹੁ ਨਾਲ ਵੇਖਦਿਆਂ ਖੁਸਰ-ਫੁਸਰ ਕੀਤੀ। ਉਹ ਧੂੜ ਭਰੇ ਸੈਂਡਲਾਂ ਵਿੱਚ ਆਪਣੇ ਗੰਦੇ ਪੈਰਾਂ ਪ੍ਰਤਿ ਸਚੇਤ ਹੋ ਗਿਆ ਅਤੇ ਸੋਚਣ ਲੱਗ ਪਿਆ ਕਿ ਉਹ ਉਸ ਹਾਲਤ ਵਿੱਚ, ਉਸ ਕਮਰੇ ਦੇ ਅੰਦਰ ਭਲਾ ਕਿਵੇਂ ਪੈਰ ਰੱਖ ਸਕਦਾ ਸੀ?

ਨਾਲੇ ਦਰਵਾਜ਼ੇ ਉਤੇ ਬੰਦੇ ਦਾ, ਉਸ ਨੂੰ ਅੰਦਰ ਜਾ ਲੈਣ ਦੇਣ ਦਾ, ਕੋਈ ਇਰਾਦਾ ਨਹੀਂ ਸੀ। "ਸਾਹਿਬ? ਤੈਨੂੰ ਸਾਹਿਬ ਨੂੰ ਮਿਲਣ ਲਈ ਭੇਜਿਆ ਕਿਸ ਨੇ ਹੈ? ਕੀ ਤੇਰੇ ਕੋਲ ਕੋਈ ਚਿੱਠੀ-ਪੱਤਰ ਹੈ?"

ਹਰੀ ਨੇ ਆਪਣੇ ਖੀਸੇ ਨੂੰ ਟੋਹ ਕੇ, ਕਾਗ਼ਜ਼ ਦਾ ਉਹ ਟੁਕੜਾ ਵੇਖਿਆ, "ਅਹਿ ਮੇਰੇ ਪਾਸ ਉਹਨਾਂ ਦਾ ਨਾਂ ਅਤੇ ਪਤਾ ਹੈ।"

"ਇਹ ਤੈਨੂੰ ਕਿਸ ਨੇ ਦਿੱਤਾ?"

"ਇਹ ਸਾਹਿਬ ਨੇ ਆਪ ਦਿੱਤਾ ਸੀ !"

"ਝੂਠ ਨਾ ਬੋਲ।"

"ਇਹ ਸੱਚ ਹੈ ! ਜਦੋਂ ਉਹ ਥਲ ਆਏ ਸਨ, ਮੈਂ ਉਹਨਾਂ ਦੀ ਕਾਰ ਧੋਇਆ ਅਤੇ ਸਾਫ਼ ਕੀਤਾ ਕਰਦਾ ਸਾਂ। ਅਤੇ ਉਹਨਾਂ ਹੀ ਮੈਨੂੰ ਆਖਿਆ ਸੀ ਕਿ ਜਦ ਕਦੇ ਵੀ ਮੈਂ ਬੰਬਈ ਆਵਾਂ ਤਾਂ ਉਹਨਾਂ ਨੂੰ ਮਿਲਾਂ।"

"ਥਲ" ਉਸ ਆਦਮੀ ਨੇ ਘੂਰੀ ਵੱਟੀ। ਥਲ ਦਾ ਨਾਂ ਉਹਨੇ ਸੁਣਿਆ ਹੋਇਆ ਸੀ ਅਤੇ ਉਸ ਦਾ ਉਹਦੇ ਲਈ ਕੋਈ ਅਰਥ ਸੀ। ਹਰੀ ਬੜੀ ਆਸ ਭਰੀ ਨਜ਼ਰ ਨਾਲ ਉਸ ਦੇ ਚਿਹਰੇ ਵਲ ਤੱਕਦਾ ਰਿਹਾ, ਪਰ ਜੋ ਕੁੱਝ ਉਹਨੇ ਆਖਿਆ, ਉਹ ਉਸ ਲਈ ਇੱਕ ਹੋਰ ਸੱਟ ਸੀ।

"ਸਾਹਿਬ, ਏਥੇ ਨਹੀਂ। ਉਹ ਥਲ ਗਿਆ ਹੋਇਐ, ਜਿਥੋਂ ਤੂੰ ਆਇਐਂ.....ਉਹ ਅੱਜ ਸਵੇਰੇ ਹੀ ਗਿਆ ਹੈ। ਉਹ ਸਾਰੇ ਜਣੇ ਹੀ ਗਏ ਹਨ। ਆਪਣੀਆਂ ਗਰਮੀ ਦੀਆਂ ਛੁੱਟੀਆਂ ਮਨਾਉਣ ਲਈ। ਜਦੋਂ ਉਹ ਵਾਪਸ ਆਉਣਗੇ ਤਾਂ, ਸਾਹਿਬ ਬਦੇਸ਼ ਚਲੇ ਜਾਣਗੇ। ਉਹ ਇੱਕ ਬਹੁਤ ਵੱਡਾ ਵਪਾਰੀ ਹੈ। ਕੀ ਇਸ ਗੱਲ ਦਾ ਤੈਨੂੰ ਨਹੀਂ ਪਤੈ? ਉਸ ਦਾ ਇੰਗਲੈਂਡ ਵਿਚ, ਅਮਰੀਕਾ ਵਿੱਚ ਬਿਜ਼ਨੈਸ ਹੈ। ਉਹ ਹੋਰ ਮਹੀਨਾ ਕੁ ਵਾਪਸ ਨਹੀਂ ਆਵੇਗਾ।" ਉਹਨੇ ਹਰੀ ਨੂੰ ਬਹੁਤ ਨੇੜੇ ਹੋ ਕੇ ਵੇਖਿਆ। "ਤਾਂ ਤੂੰ ਥਲ ਤੋਂ ਆਇਐਂ। ਠੀਕ ਹੈ ਨਾ? ਬਾਵਰਚੀ ਅਤੇ ਆਇਆ ਨੇ ਮੈਨੂੰ ਇਹ ਦੱਸਿਆ ਹੈ.....ਨਿਰੀ ਜੰਗਲੀ ਥਾਂ ਹੈ, ਉਹ ਆਖਦੇ ਹਨ। ਤੂੰ ਏਥੇ ਕੀ ਕਰ ਰਿਹੈਂ?"

"ਮੈਂ ਤਾਂ ਕੰਮ ਦੀ ਤਲਾਸ਼ ਕਰ ਰਿਹਾਂ।" ਹਰੀ ਨੇ ਹੌਲੀ ਜਿਹੀ ਆਖਿਆ ਮੈਂ ਠਹਿਰਨਾ ਚਾਹੁੰਦਾ ਹਾਂ।'

ਜਾਪਦਾ ਸੀ, ਇਸ ਨਾਲ ਉਹ ਆਦਮੀ ਕਰੋਧਵਾਨ ਹੋ ਗਿਆ ਸੀ ਤੇ ਸ਼ਾਇਦ ਡਰ ਵੀ ਗਿਆ ਸੀ ! "ਜਾ, ਚਲਿਆ ਜਾ, ਏਥੋਂ।" ਉਹ ਉਚੀ ਸਾਰੀ ਚਿੱਲਾਇਆ। "ਏਥੇ ਤੇਰੇ ਲਈ ਕੰਮ ਰੱਖਿਐ-ਸਾਹਿਬ ਪਾਸ ਤਾਂ ਪਹਿਲਾਂ ਹੀ ਬਹੁਤ ਸਾਰੇ ਨੌਕਰ ਹਨ। ਉਸਨੂੰ ਹੋਰ ਨੌਕਰ ਦੀ ਲੋੜ ਨਹੀਂ, ਥਲ ਤੋਂ ਆਏ ਮੁੰਡੇ ਦੀ ਤਾਂ ਨਿਸ਼ਚੇ ਹੀ ਨਹੀਂ-ਜਾ, ਤੁਰ ਜਾ, ਏਥੇ ਕੋਈ ਕੰਮ ਨਹੀਂ, ਅਤੇ ਤੇਰੇ ਠਹਿਰਨ ਵਾਸਤੇ ਕੋਈ ਥਾਂ ਨਹੀਂ।" ਉਹਨੇ ਤਲਖ਼ ਹੋ ਕੇ ਇਹ ਕੁੱਝ ਦੁਹਰਾਇਆ ਅਤੇ ਪਿੱਛੇ ਵਲ ਪੈਰ ਪੁੱਟ ਕੇ, ਦਰਵਾਜ਼ਾ ਜ਼ੋਰ ਨਾਲ ਬੰਦ ਕਰ ਲਿਆ।

ਹਰੀ ਕੁੱਝ ਨਹੀਂ ਸੀ ਕਰ ਸਕਦਾ। ਉਹ ਨਿਸ਼ਚੇ ਹੀ ਬਟਨ ਤਾਂ ਦਬਾਏਗਾ ਨਹੀਂ, ਅਤੇ ਨਾ ਹੀ ਉਹ ਉਚੀ ਟੁਣਕਵੀਂ ਆਵਾਜ਼ ਪੈਦਾ ਕਰੇਗਾ। ਨਾ ਹੀ ਮੁੜ ਦਰਵਾਜ਼ੇ ਨੂੰ ਖੜਕਾਉਣ ਦਾ ਉਸਦਾ ਹੌਸਲਾ ਪਿਆ। ਉਹ ਖੜਾ ਬੜੀ ਨਿਰਾਸ਼ਾ ਅਤੇ ਮਾਯੂਸੀ ਨਾਲ ਵੇਖਦਾ ਰਿਹਾ। ਉਹ ਸੋਚ ਰਿਹਾ ਸੀ ਕਿ ਹੁਣ ਅੱਗੋਂ ਕੀ ਕਰੇ ਅਤੇ ਰਾਤ ਕਿਥੇ ਕੱਟੇ। ਇਚਰ ਨੂੰ ਜਿਹੜਾ ਆਦਮੀ, ਉਸਨੂੰ ਲੱਕੜੀ ਦੇ ਛੋਟੇ-ਜਿਹੇ, ਉੜਦੇ ਹੋਏ ਬਕਸੇ ਵਿੱਚ ਏਥੇ ਲੈ ਕੇ ਆਇਆ ਸੀ, ਉਹਨੇ ਅਚਾਨਕ ਹੀ ਦਰਵਾਜ਼ਾ ਖੋਲ੍ਹਿਆ ਅਤੇ ਉਚੀ ਜਿਹੀ ਚਿੱਲਾ ਕੇ ਆਖਿਆ, "ਹੇਠਾਂ ਚੱਲਣੈ? ਕੋਈ ਹੇਠਾਂ ਵਲ ਆ ਰਿਹੈ?" ਅਤੇ ਹਰੀ ਮੁੜਿਆ ਅਤੇ ਕਾਹਲੀ ਨਾਲ ਉਸ ਬਕਸੇ ਜਿਹੇ ਵਿਚ ਜਾ ਵੜਿਆ, ਜੋ ਰਾਕਿਟ ਦੀ ਤੇਜ਼ੀ ਨਾਲ ਥੱਲੇ ਨੂੰ ਉਤਰਿਆ ਅਤੇ ਉਹਨੇ ਹਰੀ ਨੂੰ,

ਮੁੜ ਉਸੇ ਹੀ ਜਗਮਗ-ਜਗਮਗ ਕਰਦੇ, ਭੀੜ-ਭਰੇ ਹਾਲ ਵਿਚ ਜਾ ਉਤਾਰਿਆ।

ਅਤੇ ਉਹ ਉਥੇ ਖੜਾ ਸੋਚ ਰਿਹਾ ਸੀ ਕਿ ਹੁਣ ਉਹ ਕਿਥੇ ਜਾ ਸਕਦਾ ਹੈ ! ਉਹ ਆਪਣੇ-ਆਪ ਨੂੰ ਪੁੱਛ ਰਿਹਾ ਸੀ, ਕਿ ਉਹ ਇਸ ਡਰਾਉਣੀ ਅਤੇ ਮਿੱਤਰ-ਹੀਣ ਥਾਂ 'ਤੇ ਆਇਆ ਹੀ ਕਿਉਂ? ਏਨੇ ਨੂੰ ਜੋ ਆਦਮੀ ਦਰਵਾਜ਼ੇ ਦੇ ਕੋਲ, ਉਚੇ ਸਟੂਲ ਉਤੇ ਬੈਠਾ ਸੀ, ਉਹਨੇ ਉਸ ਨੂੰ ਬੁਲਾਇਆ ਅਤੇ ਆਖਿਆ, "ਤੂੰ ਕੀ ਚਾਹੁੰਦਾ ਏਂ? ਤੂੰ ਕਿਸ ਨੂੰ ਮਿਲਣ ਆਇਆ ਏਂ,"

"ਉਹ ਏਥੇ ਨਹੀਂ ਹਨ !"ਹਰੀ ਨੇ ਆਪਣਾ ਸਿਰ ਹਿਲਾਉਂਦਿਆਂ ਆਖਿਆ। "ਉਹ ਗਏ ਹਨ ਇੱਕ ਸੌ ਦੋ ਨੰਬਰ ਵਾਲਾ ਪਰਿਵਾਰ।"

ਉਸ ਆਦਮੀ ਨੇ, ਉਹਦੇ ਵਲ ਹੋਰ ਵਧੇਰੇ ਧਿਆਨ ਨਾ ਦਿੱਤਾ। ਉਹ ਉਹਨਾਂ ਬੰਦਿਆਂ ਨਾਲ ਗੱਲਾਂ ਕਰਨ ਵਿੱਚ ਰੁੱਝਾ ਹੋਇਆ ਸੀ, ਜੋ ਆ-ਜਾ ਰਹੇ ਸਨ ਅਤੇ ਕੁੱਝ ਨਿੱਕੇ-ਨਿੱਕੇ ਮੁੰਡਿਆਂ 'ਤੇ ਚਿੱਲਾ ਰਿਹਾ ਸੀ, ਜੋ ਪੌੜੀਆਂ ਉਤੇ ਕੰਚੇ ਖੇਡ ਰਹੇ ਸਨ, ਜਿਥੇ ਕਿ ਹਰ ਕੋਈ ਉਹਨਾਂ ਵਿੱਚ ਵੱਜਦਾ ਸੀ ਅਤੇ ਕੰਚਿਆਂ 'ਤੇ ਅੱਡੋਖੋੜੇ ਖਾਂਦਾ ਸੀ। ਉਸ ਬੰਦੇ ਨੇ ਚਿੱਲਾ ਕੇ, ਉਹਨਾਂ ਨੂੰ ਉਥੋਂ ਕਿਧਰੇ ਹੋਰ ਚਲੇ ਜਾਣ ਲਈ ਆਖਿਆ, ਪਰ ਉਸਦੀਆਂ ਅੱਖਾਂ ਵਿੱਚ ਇੱਕ ਮਿੱਤਰ-ਭਾਵੀ ਝਲਕਾਰ ਜਿਹੀ ਸੀ ਅਤੇ ਉਹ ਮੁੰਡੇ ਉਸ ਉਤੇ ਹੱਸ ਪਏ। ਕਾਫ਼ੀ ਚਿਰ ਮਗਰੋਂ, ਜਦੋਂ ਹਾਲ ਕੁੱਝ ਖ਼ਾਲੀ ਹੋ ਗਿਆ, ਤਾਂ ਉਹਦਾ ਧਿਆਨ ਮੁੜਿਆ ਅਤੇ ਉਹਨੇ ਹਾਲੇ ਵੀ ਹਰੀ ਨੂੰ ਇੱਕ ਖੂੰਜੇ ਵਿੱਚ ਖਲੋਤਾ ਵੇਖਿਆ ਅਤੇ ਉਹ ਉਠ ਕੇ, ਉਹਦੇ ਪਾਸ ਆਇਆ।

"ਕੀ ਤੇਰੇ ਕੋਲ ਜਾਣ ਲਈ ਕੋਈ ਥਾਂ ਨਹੀ?" ਉਹਨੇ ਪੁੱਛਿਆ।

ਹਰੀ ਨੇ ਬਿਨਾਂ ਬੋਲਿਆਂ ਹੀ, ਆਪਣਾ ਸਿਰ ਹਿਲਾਇਆ। ਉਹ ਬਹੁਤ ਹੀ ਥੱਕਿਆ ਹੋਇਆ ਸੀ। ਉਸਨੂੰ ਬਹੁਤ ਭੁੱਖ ਲੱਗੀ ਹੋਈ ਸੀ। ਉਹ ਏਨਾ ਕਮਜ਼ੋਰ ਅਤੇ ਡਰਿਆ-ਸਹਿਮਿਆ ਹੋਇਆ ਸੀ ਕਿ ਹਿੱਲ-ਜੁਲ ਨਹੀਂ ਸੀ ਸਕਦਾ ਅਤੇ ਬੋਲ ਨਹੀਂ ਸੀ ਸਕਦਾ।

"ਹੂੰ.......ਊਂ......" ਉਸ ਆਦਮੀ ਨੇ ਆਖਿਆ ਅਤੇ ਉਸ ਵਲ ਇਉਂ ਤੱਕਿਆ, ਜਿਵੇਂ ਉਸ ਲਈ ਕੋਈ ਲਾਹੇਵੰਦ ਗੱਲ ਉਸ ਪਾਸ ਹੋਵੇ। "ਤਾਂ ਫਿਰ, ਤੈਨੂੰ ਦੱਸਾਂ ਕਿ........" ਉਹਨੇ ਮਿੱਤਰ ਭਾਵ ਨਾਲ ਆਖਿਆ, ਜਿਸ ਦੀ ਕਿ ਹਰੀ ਨੂੰ ਕੋਈ ਆਸ ਨਹੀਂ ਸੀ। "ਅੱਧੇ ਘੰਟੇ 'ਚ ਮੇਰੀ ਡਿਊਟੀ ਖ਼ਤਮ ਹੋ ਜਾਵੇਗੀ। ਫਿਰ ਰਾਤ ਦਾ ਚੌਕੀਦਾਰ ਆ ਕੇ ਡਿਊਟੀ ਸਾਂਭ ਲਵੇਗਾ। ਮੈਂ ਗੋਵਾਲੀਆ ਤਲਾਅ ਜਾ ਰਿਹਾ ਹਾਂ, ਜਿਥੇ ਕਿ ਮੈਂ ਰਹਿੰਦਾ ਹਾਂ। ਮੈਂ ਤੈਨੂੰ ਆਪਣੇ ਨਾਲ, ਆਪਣੇ ਇੱਕ ਦੋਸਤ ਪਾਸ ਲੈ ਚੱਲਾਂਗਾ, ਜੋ ਤੈਨੂੰ ਖਾਣਾ ਦੇਵੇਗਾ। ਤੈਨੂੰ ਭੁੱਖ ਲੱਗੀ ਹੈ, ਹੈ ਨਾ ?"

ਹਰੀ ਨੇ ਉਸ ਵਲ ਗਹੁ ਨਾਲ ਵੇਖਿਆ। ਉਸਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਕੋਈ ਏਨਾ ਮਿਹਰਬਾਨ ਜਾਂ ਮਦਦਗਾਰ ਵੀ ਹੋ ਸਕਦੈ ! ਉਸ ਆਦਮੀ ਨੇ ਆਪਣਾ ਹੱਥ ਅੱਗੇ ਵਧਾਇਆ ਅਤੇ ਹਰੀ ਨੂੰ ਮੋਢੇ 'ਤੇ ਥਾਪੀ ਦਿੱਤੀ। "ਰਤਾ ਕੁ ਠਹਿਰ।" ਉਹਨੇ ਆਖਿਆ।

ਉਸ ਦਾ ਨਾਂ ਹੀਰਾ ਲਾਲ ਸੀ ਅਤੇ ਉਹ ਬਾਰਾਂ ਵਰ੍ਹਿਆਂ ਤੋਂ 'ਸੀਅ-ਬੱਰਡ' ਦਾ ਚੌਕੀਦਾਰ ਸੀ, ਪਹਾੜੀ ਤੋਂ ਹੇਠਾਂ ਵਲ ਨੂੰ ਤੁਰੇ-ਤੁਰੇ ਜਾਂਦਿਆਂ, ਉਹਨੇ ਹਰੀ ਨੂੰ ਦੱਸਿਆ। ਰਾਤ ਕਾਫ਼ੀ ਹੋ ਚੁੱਕੀ ਸੀ। ਉਹ ਸੜਕਾਂ ਪਾਰ ਕਰਦੇ, ਆਵਾਜਾਈ ਵਿਚੋਂ ਹੀ ਲੰਘਦੇ, ਵੱਡੀਆਂ-ਵੱਡੀਆਂ ਦੁਕਾਨਾਂ ਅਤੇ ਰੈਸਤੋਰਾਨਾਂ ਦੇ ਕੋਲੋਂ ਦੀ ਹੁੰਦੇ ਹੋਏ, ਪਹਾੜੀ ਦੇ ਦਾਮਨ ਵਿੱਚ ਪਹੁੰਚ ਗਏ। ਏਥੇ ਛੋਟੀਆਂ-ਛੋਟੀਆਂ ਘਟੀਆ ਜਿਹੀਆਂ ਦੁਕਾਨਾਂ ਦੀ ਕਤਾਰ ਵਿੱਚ ਇੱਕ ਸਸਤਾ ਜਿਹਾ

ਰੈਸਤੋਰਾਨ ਸੀ, ਜਿਸ ਨੂੰ ਹੀਰਾ ਲਾਲ ਦਾ ਮਿੱਤਰ ਜੱਗੂ ਚਲਾਉਂਦਾ ਸੀ। ਜੱਗੂ ਹਰੀ ਨੂੰ ਸਸਤਾ ਜਿਹਾ ਭੋਜਨ ਦੇਵੇਗਾ ਅਤੇ ਰਾਤ ਨੂੰ ਉਥੇ ਹੀ ਸੌਣ ਵੀ ਦੇਵੇਗਾ। "ਮੈਂ ਹਰ ਰਾਤ ਏਸੇ ਰਾਹ ਤੋਂ ਲੰਘਦਾ ਹਾਂ ਅਤੇ ਮੈਂ ਕੱਲ੍ਹ ਤੈਨੂੰ ਮਿਲਾਂਗਾ।" ਉਹਨੇ ਹਰੀ ਨੂੰ ਆਖਿਆ ਅਤੇ ਹੱਥ ਹਿਲਾਉਂਦਾ ਹੋਇਆ, ਅੱਗੇ ਚਲਾ ਗਿਆ।

ਜੱਗੂ ਨੇ ਜੋ ਆਪਣੇ ਗਾਹਕਾਂ ਨੂੰ ਟੀਨ ਦੀਆਂ ਪਲੇਟਾਂ ਵਿੱਚ ਰੋਟੀ ਅਤੇ ਮੁੰਗੀ-ਮਸਰਾਂ ਦੀ ਪਤਲੀ ਜਿਹੀ ਦਾਲ ਦੇ ਰਿਹਾ ਸੀ, ਹਰੀ ਨੂੰ ਤੱਕਿਆ ਅਤੇ ਬਿਨਾਂ ਕਿਸੇ ਸ਼ਬਦ ਦੇ, ਖਾਣੇ ਦੀ ਇੱਕ ਪਲੇਟ ਉਸ ਨੂੰ ਫੜਾ ਦਿੱਤੀ। ਉਹ ਉਨਾ ਖ਼ੁਸ਼-ਮਿਜ਼ਾਜ ਨਹੀਂ ਸੀ ਜਾਪਦਾ, ਜਿੰਨਾ ਕਿ ਵਧੀਆ ਕੱਪੜਿਆਂ ਵਿਚ ਮਲਬੂਸ ਸੀਅ-ਬੱਰਡ ਦਾ ਉਹ ਖ਼ੁਸ਼ ਚੌਕੀਦਾਰ। ਅਸਲ ਵਿੱਚ ਉਹਨੇ ਕੱਪੜੇ ਉਕਾ ਹੀ ਨਹੀਂ ਸਨ ਪਾਏ ਹੋਏ-ਬਸ, ਇੱਕ ਮੈਲੀ ਜਿਹੀ ਲੁੰਗੀ ਆਪਣੇ ਲੱਕ ਦੁਆਲੇ ਲਪੇਟੀ ਹੋਈ ਸੀ ਜਦ ਕਿ ਉਸ ਦੀ ਛਾਤੀ ਅਤੇ ਪਿੱਠ ਅਸਲੋਂ ਹੀ ਨੰਗੀ ਸੀ ਅਤੇ ਮੁੜ੍ਹਕੇ ਨਾਲ ਭਰੀ ਹੋਈ ਸੀ। ਪਰ ਹਰੀ ਨੇ ਸਹਿਜੇ ਹੀ ਇਹ ਅਨੁਮਾਨ ਲਾ ਲਿਆ ਕਿ ਉਹ ਇੱਕ ਨੇਕ ਦਿਲ ਆਦਮੀ ਸੀ। ਹਰੀ ਆਪਣੀ ਪਲੇਟ ਲੈ ਕੇ ਬੈਠ ਗਿਆ ਅਤੇ ਉਸ ਉਤੇ ਆਪਣਾ ਸਿਰ ਝੁਕਾ ਕੇ, ਕਾਹਲੀ-ਕਾਹਲੀ ਖਾਣ ਲੱਗ ਪਿਆ। ਉਹ ਬਹੁਤ ਭੁੱਖਾ ਸੀ ਅਤੇ ਇਹ ਉਸ ਬਹੁਤ ਲੰਮੇ ਅਤੇ ਥਕਾ ਦੇਣ ਵਾਲੇ ਦਿਨ ਦਾ, ਉਸ ਦਾ ਪਹਿਲਾ ਖਾਣਾ ਸੀ। ਜਦੋਂ ਉਹ ਖਾਣਾ ਖ਼ਤਮ ਕਰ ਚੁੱਕਾ ਅਤੇ ਰੋਟੀ ਦੇ ਟੁਕੜਿਆਂ ਤੇ ਭੋਰਿਆਂ ਨਾਲ ਪਲੇਟ ਨੂੰ ਪੂੰਝਣ ਲੱਗਾ ਤਾਂ ਜੱਗੂ ਆਇਆ ਅਤੇ ਉਸ ਦੀ ਪਲੇਟ ਵਿੱਚ ਇਕ ਹੋਰ ਚਪਾਤੀ ਰੱਖ ਦਿੱਤੀ। ਹਰੀ ਨੇ ਉਹ ਵੀ ਖਾ ਲਈ। ਉਸ ਨੂੰ ਏਨੀ ਜ਼ਿਆਦਾ ਭੁੱਖ ਲੱਗੀ ਹੋਈ ਸੀ। ਆਖ਼ਰ ਤਾਂ ਉਸਨੂੰ ਆਪਣੇ ਘਰ 'ਚ ਵੀ ਇਸ ਨਾਲੋਂ ਕੋਈ ਬਹੁਤਾ ਚੰਗਾ ਖਾਣਾ ਖਾਣ ਦੀ ਆਦਤ ਨਹੀਂ ਸੀ ਅਤੇ ਉਸ ਨੂੰ ਆਪਣੀ ਜ਼ਿੰਦਗੀ 'ਚ ਏਨੀ ਭੁੱਖ ਕਦੇ ਨਹੀਂ ਸੀ ਲੱਗੀ ਅਤੇ ਉਹ ਏਨਾ ਜ਼ਿਆਦਾ ਕਦੇ ਨਹੀਂ ਸੀ ਥੱਕਿਆ।

ਜਦੋਂ ਜੱਗੂ ਨੇ ਆਪਣਾ ਹੱਥ ਹਿਲਾ ਕੇ ਹਰੀ ਨੂੰ ਇਹ ਸੰਕੇਤ ਕੀਤਾ ਕਿ ਜਦੋਂ ਆਖ਼ਰੀ ਗਾਹਕ ਚਲੇ ਜਾਣ ਤਾਂ ਉਹ ਲੱਕੜੀ ਦੇ ਲੰਮੇ-ਲੰਮੇ ਬੈਂਚਾਂ 'ਚੋਂ ਇਕ ਉਤੇ ਸੌਣ ਲਈ ਲੇਟ ਜਾਵੇ। ਹਰੀ ਨੇ ਝੱਟ-ਪੱਟ ਇਉਂ ਹੀ ਕੀਤਾ ਅਤੇ ਬੇਸ਼ੱਕ ਬੈਂਚ ਬਹੁਤ ਖੁਰਦਰਾ ਤੇ ਸਖ਼ਤ ਸੀ ਅਤੇ ਗਲੀ ਵਿੱਚੋਂ ਸ਼ੋਰ-ਸ਼ਰਾਬਾ ਅਤੇ ਰੌਸ਼ਨੀ ਅੰਦਰ ਆ ਰਹੀ ਸੀ, ਉਹ ਇਕਦਮ ਸੌਂ ਗਿਆ ਅਤੇ ਉਸ ਨੂੰ ਗੂੜ੍ਹੀ ਨੀਂਦ ਆ ਗਈ।

# ਕਾਂਡ ਅੱਠ

ਹਰੀ ਉਸ ਪਹਿਲੀ ਰਾਤ ਏਨਾ ਥੱਕਿਆ ਹੋਇਆ, ਕਮਜ਼ੋਰ ਅਤੇ ਫ਼ਿਕਰਮੰਦ ਸੀ ਕਿ ਸਚਮੁੱਚ ਹੀ, ਉਸਨੂੰ ਇਹ ਪਤਾ ਹੀ ਨਹੀਂ ਸੀ ਕਿ ਉਹ ਕਿਸ ਥਾਂ 'ਤੇ ਸੀ! ਉਹਨੇ ਉਸ ਥਾਂ ਨੂੰ ਪਹਿਲੀ ਵਾਰ ਸਿਰਫ਼ ਉਦੋਂ ਹੀ ਵੇਖਿਆ, ਜਦੋਂ ਉਹ ਅਗਲੀ ਸਵੇਰ ਜਾਗਿਆ।


'ਸਿਰੀ ਕ੍ਰਿਸ਼ਨ ਭੋਜਨ-ਸ਼ਾਲਾ' ਜਿੰਨਾ ਘਟੀਆ ਤੇ ਟੁੱਟਾ ਖੁੱਥਾ ਰੈਸਤੋਰਾਂ ਹਰੀ ਨੇ ਪਹਿਲਾਂ ਕਦੇ ਨਹੀਂ ਸੀ ਤੱਕਿਆ-ਥਲ ਵਿੱਚ ਅਤੇ ਅਲੀਬਾਗ਼ ਰੇਵਾਸ, ਸ਼ਾਹਰਾਹ ਦੇ ਨਾਲ-ਨਾਲ ਵੀ ਕੈਫ਼ੇ ਸਨ, ਜੋ ਇਸ ਨਾਲੋਂ ਸੁਖਾਵੇਂ ਸਨ, ਆਮ ਤੌਰ 'ਤੇ ਕਿਸੇ ਅੰਬ ਦੇ ਜਾਂ ਚਮੇਲੀ ਦੇ ਰੁੱਖਾਂ ਦੀ ਛਾਂ ਵਿੱਚ, ਲੱਕੜ ਦੇ ਖੋਖੇ ਜਿਹੇ, ਸਿਆਹੀ ਦੀ ਕਿਸੇ ਖ਼ਾਲੀ ਬੋਤਲ ਨੂੰ, ਫੂਲਦਾਨ ਬਣਾ ਕੇ, ਉਸ ਵਿੱਚ ਗੇਂਦੇ ਦੇ ਅਤੇ ਹਬਿਸਕੱਸ ਦੇ ਮੁੱਠ ਕੁ ਭਰ ਫੁੱਲ ਤੁਸੇ ਹੋਏ, ਸ਼ੈਲਫ਼ਾਂ ਉਤੇ ਰੰਗ-ਬਰੰਗੇ ਸਿਗਰਟ ਪੈਕਟ ਅਤੇ ਭਾਂਤ-ਭਾਂਤ ਦੀਆਂ, ਪੀਣ ਵਾਲੀਆਂ ਬੋਤਲਾਂ, ਦਿਲਕਸ਼ ਅੰਦਾਜ਼ ਅਤੇ ਸਲੀਕੇ ਨਾਲ ਸਜਾਈਆਂ ਹੋਈਆਂ ਅਤੇ ਕੰਧ ਉਤੇ, ਸੰਭਵ ਤੌਰ 'ਤੇ ਕਿਸੇ ਦੇਵੀ-ਦੇਵਤੇ ਦੀ ਸ਼ੋਖ਼ ਤਸਵੀਰ ਟੰਗੀ ਹੋਈ, ਜਿਸ ਦੇ ਚੌਖਟੇ ਦੁਆਲੇ ਸਥਾਨਿਕ ਫੁੱਲਾਂ ਦਾ ਹਾਰ ਹੁੰਦਾ ਅਤੇ ਉਸ ਤਸਵੀਰ ਦੇ ਅੱਗੇ ਬਹੁਤ ਜ਼ੋਰਦਾਰ ਮਹਿਕ ਵਾਲੀ ਧੂਫ-ਬੱਤੀ ਬਲਦੀ ਹੁੰਦੀ।

ਪਰ ਗੋਵਾਲੀਆ ਤਲਾਅ, ਬੰਬਈ ਦੀ ਸਿਰੀ ਕ੍ਰਿਸ਼ਨ ਭੋਜਨ-ਸ਼ਾਲਾ' ਵਿੱਚ ਤਾਂ ਕਿਸੇ ਰਸਾਲੇ 'ਚੋਂ ਕੱਟੀ ਅਤੇ ਕੰਧ 'ਤੇ ਚਿਪਕਾਈ ਕ੍ਰਿਸ਼ਨ ਭਗਵਾਨ ਦੀ ਰੰਗਦਾਰ ਤਸਵੀਰ ਵੀ ਨਹੀਂ ਸੀ। ਜਾਂ ਸ਼ਾਇਦ ਹੋ ਸਕਦਾ ਹੈ ਕਿ ਹੋਵੇ ਅਤੇ ਉਹ ਕਾਲਖ਼ ਤੇ ਧੂੰਏਂ ਦੀਆਂ ਉਹਨਾਂ ਢੇਰ ਸਾਰੀਆਂ ਪਰਤਾਂ ਹੇਠ ਕਿਧਰੇ ਦੱਬੀ ਗਈ ਹੋਵੇ, ਜੋ ਕਿ ਕੰਧਾਂ ਉਤੇ ਚੜ੍ਹੀਆਂ ਹੋਈਆਂ ਸਨ। ਛੱਤ ਮੋਟੇ-ਮੋਟੇ ਜਾਲਿਆਂ ਨਾਲ ਭਰੀ ਹੋਈ ਸੀ ਜਿਨ੍ਹਾਂ ਨੇ ਕਿ ਧੂੰਏਂ ਤੇ ਕਾਲਖ਼ ਨੂੰ ਆਪਣੀ ਲਪੇਟ ਵਿੱਚ ਲੈ ਰਖਿਆ ਸੀ ਅਤੇ ਸਿਰਾਂ 'ਤੇ ਇੱਕ ਕਿਸਮ ਦਾ ਨਰਮ ਗੱਦੇਦਾਰ ਕੰਬਲ ਜਿਹਾ ਬਣਾ ਰੱਖਿਆ ਸੀ। ਫ਼ਰਸ਼ ਅਤੇ ਲੱਕੜੀ ਦੇ ਬੈਂਚ ਵੀ ਕਾਲੇ ਧੂੰ ਜਿਹੇ ਸਨ ਜਿਵੇਂ ਕਿ ਉਹਨਾਂ ਸਾਰਿਆਂ ਨੂੰ, ਪਿਛਲੇ ਕਮਰੇ ਦੇ ਅੰਦਰ ਖੁੱਲ੍ਹੇ ਸਟੋਵਾਂ ਉਤੇ ਅਲਮੀਨੀਅਮ ਦੇ ਵੱਡੇ-ਵੱਡੇ ਪਤੀਲਿਆਂ ਵਿੱਚ ਸਾਰਾ-ਸਾਰਾ ਦਿਨ ਰਿੱਝਦੀ ਰਹਿੰਦੀ, ਮੂੰਗੀ ਮਸਰਾਂ ਦੀ ਦਾਲ ਆਦਿ ਦੇ ਧੂੰਏਂ 'ਚੋਂ ਬਰਾਬਰ-ਬਰਾਬਰ ਹਿੱਸਾ ਮਿਲਦਾ ਸੀ। ਚਪਾਤੀਆਂ ਹੱਥ ਨਾਲ ਬਣਾਈਆਂ ਅਤੇ ਸੇਕੀਆਂ ਜਾਂਦੀਆਂ ਸਨ।

ਸੰਭਵ ਤੌਰ 'ਤੇ ਬੰਬਈ ਸ਼ਹਿਰ ਵਿੱਚ ਮਿਲਣ ਵਾਲਾ ਇਹ ਨਿਸ਼ਚੇ ਹੀ ਸਭ ਤੋਂ ਸਸਤਾ ਰੈਸਤੋਰਾਂ ਸੀ-ਹੋਰ ਤਾਂ ਹੋਰ ਕੋਈ ਮੰਗਤਾ ਵੀ ਏਥੋਂ ਰੋਟੀ ਖ਼ਰੀਦ ਕੇ ਖਾ ਸਕਦਾ ਸੀ ਅਤੇ ਜ਼ਿਆਦਾਤਰ ਗਾਹਕ ਮੰਗਤੇ ਅਤੇ ਕੁਲੀ ਹੀ ਸਨ, ਜੋ ਭਾਰ-ਕੋਲੇ ਦੀਆਂ ਬੋਰੀਆਂ, ਅਤੇ ਗੈਸ

ਦੇ ਸਲਿੰਡਰ ਢੋਂਦੇ-ਢੋਂਦੇ ਰੁਕ ਜਾਂਦੇ ਅਤੇ ਰੇੜ੍ਹਿਆਂ ਵਾਲੇ, ਜੋ ਹੱਥ ਨਾਲ ਖਿੱਚੇ ਜਾਣ ਵਾਲੇ ਲੱਕੜੀ ਦੇ ਲੰਮੇ-ਲੰਮੇ ਰੇੜ੍ਹਿਆਂ 'ਚ ਮਾਲ ਲੱਦ ਕੇ ਸ਼ਹਿਰ ਵਿੱਚ, ਏਧਰ-ਉਧਰ ਲੈ ਜਾਂਦੇ। ਜਾਪਦਾ ਸੀ ਕਿ ਇਹਨਾਂ ਲੋਕਾਂ ਦੇ ਕੰਮ ਦਾ ਕੋਈ ਪੱਕਾ ਮਿਥਿਆ ਸਮਾਂ ਨਹੀਂ ਸੀ। ਕਈ ਤਾਂ ਪਹੁ-ਫੁਟਾਲੇ ਤੋਂ ਪਹਿਲਾਂ ਹੀ ਖਾਣੇ ਦੀ ਉਡੀਕ ਵਿੱਚ ਖੜੇ ਹੁੰਦੇ, ਜਿਹਨਾਂ ਨੂੰ ਕਿ ਪਿਛਲੀ ਰਾਤ ਦਾ ਬਚਿਆ ਖੁਚਿਆ ਖਾਣਾ ਹੀ ਦੇ ਦਿੱਤਾ ਜਾਂਦਾ, ਅਤੇ ਆਖ਼ਰੀ ਗਾਹਕ ਅੱਧੀ ਰਾਤ ਤੋਂ ਬਾਅਦ 'ਚ ਆ ਧਮਕਦਾ, ਜਦ ਕਿ ਸਾਰਾ ਸ਼ਹਿਰ ਹੀ, ਥੱਕ-ਟੁੱਟ ਕੇ, ਬੇਆਰਾਮੀ ਨੀਂਦ ਦੀ ਗੋਦੀ ਵਿੱਚ ਲੁੜ੍ਹਕ ਚੁੱਕਾ ਹੁੰਦਾ। ਇਸ ਲਈ ਸ਼ਾਇਦ ਮਾਲਿਕ ਨੂੰ, ਆਪਣੇ ਰੈਸਤੋਰਾਂ ਵਿੱਚ ਝਾੜੂ ਲਾਉਣ ਜਾਂ ਉਸ ਨੂੰ ਸਾਫ਼ ਕਰਨ ਦਾ ਵਕਤ ਹੀ ਨਹੀਂ ਸੀ ਮਿਲਦਾ ਜਾਂ ਫਿਰ ਉਸ ਨੂੰ ਤਸਵੀਰਾਂ ਤੇ ਫੁੱਲਾਂ ਆਦਿ ਨਾਲ ਸਜਾਉਣ ਵਾਸਤੇ, ਉਸ ਪਾਸ ਪੈਸੇ ਨਹੀਂ ਸਨ।

ਉਹ ਸਾਰਾ ਦਿਨ, ਖ਼ੁਦ ਸਖ਼ਤ ਮਿਹਨਤ ਕਰਦਾ। ਉਸ ਪਾਸ ਮਦਦ ਲਈ ਦੋ ਮੁੰਡੇ ਸਨ। ਉਹ ਵੱਡੀਆਂ-ਵੱਡੀਆਂ ਪਰਾਤਾਂ 'ਚ ਆਟੇ ਦੀਆਂ ਤੌਣਾਂ ਗੁੰਨ੍ਹਦਾ, ਚਪਾਤੀਆਂ ਵੇਲਦਾ-



ਪਕਾਉਂਦਾ ਅਤੇ ਖੁੱਲ੍ਹੀ ਅੱਗ ਤੇ ਉਹਨਾਂ ਨੂੰ ਸੇਕਦਾ-ਰਾੜ੍ਹਦਾ। ਅੱਗ ਦੇ ਚੁੱਲ੍ਹੇ ਤੇ ਤੰਦੂਰ ਦਿਨ-ਰਾਤ ਬਲਦੇ ਰਹਿੰਦੇ।

ਦੂਸਰੀ ਸਵੇਰ ਜਦੋਂ ਹਰੀ ਨੂੰ ਬਿਨਾਂ ਆਖੇ ਹੀ ਚਾਹ ਦਾ ਇੱਕ ਗਿਲਾਸ ਅਤੇ ਇੱਕ ਚਪਾਤੀ ਖਾਣ ਨੂੰ ਮਿਲੀ ਤਾਂ ਉਹਨੇ ਕਿਹਾ, "ਇਸ ਸਾਰੇ ਖਾਣ-ਪਾਣ ਲਈ ਜੋ ਤੁਸੀਂ ਮੈਨੂੰ ਦੇ ਰਹੇ ਹੋ, ਮੇਰੇ ਪਾਸ ਦੇਣ ਵਾਸਤੇ ਪੈਸੇ ਨਹੀਂ, ਕੀ ਤੁਸੀਂ ਇਸ ਦੇ ਬਦਲੇ, ਮੈਨੂੰ ਆਪਣੇ ਕਿਚਨ ਵਿੱਚ ਕੰਮ ਕਰਨ ਲਈ ਲਾ ਲਾਉਗੇ? ਤਾਂ ਆਦਮੀ ਨੇ ਪਲ ਕੁ ਲਈ ਸੋਚਿਆ, ਅਤੇ ਸੋਚਦਿਆਂ-ਸੋਚਦਿਆਂ ਮੱਥੇ 'ਤੇ ਵੱਟ ਪਾਇਆ। ਅਤੇ ਫਿਰ ਆਖਣ ਲੱਗਾ, "ਹਾਂ, ਮੈਂ ਕਿਚਨ ਵਿੱਚ ਇਕ ਹੋਰ ਮੁੰਡਾ ਰੱਖ ਸਕਦਾ ਹਾਂ। ਇਹਨਾਂ ਭਾਂਡਿਆਂ ਨੂੰ ਧੋਣ ਤੋਂ ਸ਼ੁਰੂ ਕਰ। ਫਿਰ ਤੂੰ ਆਟਾ ਵੀ ਗੁੰਨ੍ਹ ਸਕੇਂਗਾ ਅਤੇ ਚਪਾਤੀ ਬਣਾਉਣ 'ਚ ਵੀ ਮਦਦ ਕਰ ਸਕੇਂਗਾ। ਜੇ ਤੂੰ ਚਾਹੇਂ, ਤਾਂ ਏਥੇ ਰਹਿ ਸਕਦਾ ਏਂ ਅਤੇ ਆਪਣੇ ਖਾਣੇ ਦੇ ਬਦਲੇ 'ਚ ਕੰਮ ਕਰ ਸਕਦਾ ਏਂ--ਅਤੇ-ਹਾਂ ਹੋਰ ਮੁੰਡਿਆਂ ਵਾਂਗ, ਤੈਨੂੰ ਰੋਜ਼ ਦਾ ਇੱਕ ਰੁਪਿਆ ਵੀ ਮਿਲੇਗਾ।"

ਇਸ ਲਈ ਹਰੀ ਭੋਜਨ ਸ਼ਾਲਾ ਦੇ ਪਿਛਵਾੜੇ, ਨਿੱਕੇ ਜਿਹੇ ਕਿਚਨ 'ਚ ਕੰਮ ਕਰਨ ਚਲਿਆ ਗਿਆ। ਉਹਨੇ ਤੱਕਿਆ ਕਿ ਉਥੇ ਭਾਂਡੇ ਮਾਂਜਣ ਵਾਸਤੇ ਕੁੱਝ ਨਹੀਂ ਸੀ, ਸਿਵਾਏ ਨਾਰੀਅਲ ਦੇ ਕੁੱਝ ਕਾਲੇ ਹੋ ਗਏ ਰੇਸ਼ਿਆਂ ਦੇ ਅਤੇ ਚੁੱਲ੍ਹਿਆਂ ਦੀ ਸੁਆਹ ਦੇ। ਅਤੇ ਉਹਨੇ ਉਹਨਾਂ ਨਾਲ ਹੀ ਭਾਂਡੇ ਮਾਂਜਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕੀਤੀ, ਹਾਲਾਂਕਿ ਲੀਲ੍ਹਾ ਨੂੰ ਨਿਰਸੰਦੇਹ ਹੀ ਉਸ ਦੇ ਮਾਂਜੇ ਭਾਂਡੇ ਪਸੰਦ ਨਾ ਆਉਂਦੇ। ਮਗਰੋਂ ਉਹਨੇ ਮੁੰਡਿਆਂ ਦੀ ਆਟੇ ਦੀਆਂ ਵੱਡੀਆਂ-ਵੱਡੀਆਂ ਤੌਣਾਂ ਗੁਨ੍ਹੰਣ ਵਿੱਚ ਵੀ ਮਦਦ ਕੀਤੀ ਅਤੇ ਇਹ ਔਖਾ ਕੰਮ ਸੀ, ਜਿਸ ਨਾਲ ਉਹ ਬੁੜਬੁੜ ਕਰਨ ਲੱਗ ਪਏ ਅਤੇ ਮੁੜ੍ਹਕੋ-ਮੁੜ੍ਹਕਾ ਹੋ ਗਏ। ਕੰਮ ਕਰਦਿਆਂ ਉਹਨਾਂ ਇੱਕ ਦੂਸਰੇ ਨਾਲ ਕੋਈ ਗੱਲ ਨਾ ਕੀਤੀ। ਜਦੋਂ ਅਖ਼ੀਰ ਮੁੰਡਿਆਂ ਨੇ, ਇੱਕ ਦੂਸਰੇ ਨੂੰ ਕੁੱਝ ਕਿਹਾ ਵੀ ਤਾਂ ਹਰੀ ਨੂੰ ਇਹਸਾਸ ਹੋਇਆ ਕਿ ਇਹ ਤਾਮਿਲ ਸੀ, ਇੱਕ ਅਜਿਹੀ ਭਾਸ਼ਾ, ਜੋ ਉਸ ਨੂੰ ਨਹੀਂ ਸੀ ਆਉਂਦੀ ਅਤੇ ਜਾਪਦਾ ਸੀ ਕਿ ਉਹਨਾਂ ਨੂੰ ਹਿੰਦੀ ਜਾਂ ਮਰਾਠੀ ਨਹੀਂ ਸੀ ਆਉਂਦੀ, ਜਿਹੜੀਆਂ ਦੋ ਭਾਸ਼ਾਵਾਂ ਕਿ ਉਹ ਜਾਣਦਾ ਸੀ। ਇਸ ਲਈ ਉਹਨਾਂ ਵਿਚਾਲੇ ਚੁੱਪ ਹੀ ਵਰਤੀ ਰਹੀ। ਉਹ ਉਸ ਪ੍ਰਤਿ ਕਿਸੇ ਤਰ੍ਹਾਂ ਵੀ ਨਾ ਤਾਂ ਮਿੱਤਰ ਭਾਵੀ ਸਨ ਅਤੇ ਨਾ ਹੀ ਜਗਿਆਸੂ ਜਾਂ ਫਿਰ ਉਹ ਏਨੇ ਥੱਕੇ ਹੋਏ ਅਤੇ ਉਦਾਸ ਉਪਰਾਮ ਸਨ ਕਿ ਉਸ ਨਾਲ ਗੱਲ ਨਹੀਂ ਸਨ ਕਰ ਰਹੇ। ਉਹਨਾਂ ਅੱਗ ਬਾਲੀ ਅਤੇ ਫਿਰ ਜਦੋਂ ਇੱਕ ਜਣਾ ਰੋਟੀਆਂ ਵੇਲਣ, ਬਣਾਉਣ ਲੱਗਾ ਤਾਂ ਦੂਸਰਾ ਚਿਮਟੇ ਨਾਲ ਉਹਨਾਂ ਨੂੰ ਅੱਗ 'ਤੇ ਸੇਕਣ, ਰਾੜ੍ਹਨ ਲੱਗਾ ਅਤੇ ਹਰੀ ਨੂੰ, ਚਪਾਤੀਆਂ ਗਾਹਕਾਂ ਨੂੰ ਦੇਣ ਦਾ ਕੰਮ ਸੌਂਪਿਆ ਗਿਆ ਜੋ ਅਗਲੇ ਕਮਰੇ ਵਿੱਚ ਲੰਮੇ-ਲੰਮੇ ਮੇਜ਼ਾਂ 'ਤੇ ਬੈਠੇ ਖਾਣਾ ਖਾ ਰਹੇ ਸਨ। ਉਸ ਛੋਟੀ ਜਿਹੀ ਥਾਂ ਵਿੱਚ, ਏਨਾ ਜ਼ਿਆਦਾ ਕੰਮ ਸੀ ਅਤੇ ਏਨੀ ਜ਼ਿਆਦਾ ਗਰਮੀ ਸੀ ਕਿ ਜਾਪਦਾ ਸੀ ਕਿਸੇ ਕੋਲ ਗੱਲ ਕਰਨ ਦੀ ਨਾ ਤਾਂ ਤਾਕਤ ਹੈ ਅਤੇ ਨਾ ਹੀ ਵਿਹਲ! ਹਰੀ ਵੀ ਚੁੱਪ ਹੋ ਗਿਆ।

ਸ਼ਾਇਦ ਉਸ ਨੂੰ ਚੁੱਪ-ਖ਼ਾਮੋਸ਼ ਹੀ ਰਹਿਣਾ ਪੈਂਦਾ, ਜੇਕਰ ਨਾਲ ਲੱਗਦੀ ਦੁਕਾਨ ਵਿੱਚ ਕੰਮ ਕਰਨ ਵਾਲਾ ਆਦਮੀ ਮਿੱਤਰ-ਭਾਵੀ ਸਾਬਿਤ ਨਾ ਹੁੰਦਾ! ਇਹ ਘੜੀਆਂ ਮੁਰੰਮਤ ਕਰਨ ਦੀ ਦੁਕਾਨ ਸੀ ਅਤੇ ਦੁਕਾਨ ਦਾ ਨਾਂ ਇੱਕ ਸਾਈਨ-ਬੋਰਡ 'ਤੇ ਲਿਖ ਕੇ, ਦਰਵਾਜ਼ੇ ਉਤੇ ਲਾਇਆ ਹੋਇਆ ਸੀ। "ਡਿੰਗ-ਡੌਂਗ ਵਾਚ ਵਰਕਸ" ਅਤੇ ਜਦੋਂ ਹਰੀ ਕੂੜੇ-ਕਚਰੇ ਦੀ ਇੱਕ

ਬਾਲਟੀ ਸੀਮੈਂਟ ਦੇ ਬਣੇ ਵੱਡੇ ਸਾਰੇ ਕੂੜੇਦਾਨ ਵਿੱਚ ਖ਼ਾਲੀ ਕਰਨ ਲਈ ਆਇਆ ਜੋ ਕਿ ਸੜਕ ਦੇ ਇੱਕ ਪਾਸੇ ਬਣਿਆ ਹੋਇਆ ਸੀ ਤਾਂ ਵਾਚ ਵਰਕਸ ਵਾਲਾ ਆਦਮੀ ਜੋ ਕਾਊਂਟਰ 'ਤੇ ਖੜਾ ਸੀ, ਇੱਕ ਨਿੱਕੀ ਜਿਹੀ ਟੋਪੀ ਪਾਈ ਅਤੇ ਆਪਣੀ ਅੱਖ 'ਤੇ ਇੱਕ 'ਆਈ-ਪੀਸ' (ਸ਼ੀਸ਼ਾ) ਚਾੜ੍ਹੀ ਇੱਕ ਛੋਟੀ ਜਿਹੀ ਘੜੀ 'ਤੇ ਕੰਮ ਕਰ ਰਿਹਾ ਸੀ, ਜੋ ਉਹਨੇ ਆਪਣੇ ਹੱਥ ਨੂੰ ਪਿਆਲਾ ਜਿਹਾ ਬਣਾ ਕੇ ਉਸ ਵਿਚ ਫੜੀ ਹੋਈ ਸੀ, ਤਾਂ ਉਹਨੇ ਹਰੀ ਨੂੰ ਵੇਖਿਆ ਅਤੇ ਮੁਸਕਰਾਇਆ। ਅੱਗਿਉਂ ਹਰੀ ਵੀ ਮੁਸਕਰਾਇਆ। ਉਹ ਬੁੱਢਾ ਆਦਮੀ ਬਹੁਤ ਹੱਦ ਤੱਕ ਸੱਈਦ ਅਲੀ ਵਰਗਾ ਲੱਗਦਾ ਸੀ, ਉਹ ਆਦਮੀ ਜੋ 'ਕਾਲਾ ਘੋੜਾ' ਦੇ ਕੋਲ ਹੋਏ ਸੰਮੇਲਨ ਵਿਚ ਏਨਾ ਵਧੀਆ ਬੋਲਿਆ ਸੀ ਕਿ ਹਰੀ ਨੇ ਝੱਟ-ਪੱਟ ਹੀ ਮਹਿਸੂਸ ਕੀਤਾ ਸੀ ਕਿ ਉਹ ਇੱਕ ਹੋਰ ਵਧੀਆ ਤੇ ਪ੍ਰਭਾਵਸ਼ਾਲੀ ਆਦਮੀ ਸੀ, ਜਿਸ 'ਤੇ ਉਹ ਵਿਸ਼ਵਾਸ ਕਰ ਸਕਦਾ ਸੀ ਅਤੇ ਜੋ ਉਸ ਨੂੰ ਵੀ ਸਮਝੇਗਾ ਅਤੇ ਉਸ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਵੀ ਕਰੇਗਾ।

"ਹਲਾ, ਤਾਂ 'ਸਿਰੀ ਕ੍ਰਿਸ਼ਨ ਭੋਜਨ-ਸ਼ਾਲਾ' 'ਤੇ ਇੱਕ ਹੋਰ ਮੁੰਡਾ !" ਉਸ ਬਿਰਧ ਆਦਮੀ ਨੇ ਆਖਿਆ, ਅਤੇ ਫਿਰ ਛੋਟੀ ਜਿਹੀ ਸੁਥਰ ਸੂਖਮ ਘੜੀ ਦੇ ਨਿਰੀਖਣ ਲਈ ਵਾਪਸ ਮੁੜ ਗਿਆ, ਪਰ ਉਹ ਹਰੀ ਨਾਲ ਗੱਲਾਂ ਕਰਦਾ ਰਿਹਾ, ਜੋ ਪਟੜੀ 'ਤੇ ਖਲੋਤਾ ਉਹਨਾਂ ਸਾਰੇ ਘੜਿਆਲਾਂ-ਕਲਾਕਾਂ ਨੂੰ ਮੂੰਹ-ਅੱਡੀ ਤੱਕ ਰਿਹਾ ਸੀ, ਜੋ ਕਿ ਕੰਧਾਂ 'ਤੇ ਲਟਕੇ 'ਟਨ-ਟਨ' ਕਰ ਰਹੇ ਸਨ ਅਤੇ ਛੋਟੀਆਂ-ਛੋਟੀਆਂ ਘੜੀਆਂ ਜੋ ਸ਼ੋਅ-ਕੇਸਾਂ ਵਿੱਚ ਪਈਆਂ ਚਮਕ ਰਹੀਆਂ ਸਨ। "ਸ਼ਹਿਰ 'ਚ ਨਵਾਂ ਲੱਗਦੈਂ?" ਉਹਨੇ ਬਹੁਤ ਉਚੀ, ਕੁੱਝ ਕੁੱਝ ਫਟੀ ਹੋਈ ਤਿੱਖੀ ਚੀਕਵੀਂ ਆਵਾਜ਼ ਵਿੱਚ ਪੁੱਛਿਆ।

ਹਰੀ ਨੇ 'ਹਾਂ' ਵਿੱਚ ਸਿਰ ਹਿਲਾਇਆ।

"ਤੂੰ ਰਹਿਣ ਵਾਲਾ ਕਿੱਥੋਂ ਦਾ ਏਂ? ਜੱਗੂ ਦੇ ਪਿੰਡ ਦਾ।"

"ਜੀ ਨਹੀਂ, ਮੈਂ ਜੱਗੂ ਨੂੰ ਬਿਲਕੁਲ ਨਹੀਂ ਜਾਣਦਾ ! ਮੈਂ ਥਲ ਦੇ ਰਹਿਣ ਵਾਲਾ ਹਾਂ, ਜੋ ਅਲੀਬਾਗ਼ ਦੇ ਨੇੜੇ ਹੈ।" ਹਰੀ ਨੇ ਉਤਸੁਕਤਾ ਨਾਲ ਆਖਿਆ, ਸ਼ਬਦ ਜਿਵੇਂ ਸਾਗਰ ਦੀਆਂ ਨਿੱਕੀਆਂ-ਨਿੱਕੀਆਂ ਲਹਿਰਾਂ ਵਾਂਗ, ਉਸਦੇ ਅੰਦਰੋਂ, ਆਪਣੇ-ਆਪ ਬਾਹਰ ਆ ਰਹੇ ਸਨ। ਉਹ ਜਿਵੇਂ ਖ਼ੁਸ਼ੀ ਵਿੱਚ ਚਹਿਕ ਤੇ ਟਹਿਕ ਰਿਹਾ ਸੀ। ਉਸ ਨੂੰ ਉਸ 'ਸਿਰਨਾਂਵੇਂ' 'ਤੇ ਮਾਣ ਜਿਹਾ ਮਹਿਸੂਸ ਹੋਇਆ। 'ਕਾਲਾ ਘੋੜਾ' ਵਾਲਾ ਸੱਈਦ ਅਲੀ ਸਮਝ ਸਕਦਾ ਸੀ, ਕਿਉਂ ਪਰ ਇਹ ਗੱਲ ਸਪਸ਼ਟ ਸੀ ਕਿ ਇਸ ਬੰਦੇ ਨੂੰ ਅਲੀਬਾਗ਼ ਬਾਰੇ ਕੁਝ ਪਤਾ ਨਹੀਂ ਸੀ। ਉਹ ਘਬਰਾਇਆ ਹੋਇਆ ਅਤੇ ਉਤਸੁਕ ਸੀ। "ਇਹ ਤਾਂ ਪਹਾੜੀ ਉਤਲੀ ਇੱਕ ਵੱਡੀ ਸਾਰੀ ਬਿਲਡਿੰਗ ਦਾ ਚੌਕੀਦਾਰ ਸੀ, ਜੋ ਮੈਨੂੰ ਏਥੇ ਖਾਣਾ ਖਾਣ ਲਈ ਲੈ ਕੇ ਆਇਆ ਸੀ ਅਤੇ ਮੈਂ ਏਥੇ ਕੰਮ ਕਰਨ ਲਈ ਰਹਿ ਪਿਆ ਹਾਂ।"

"ਹੋਰ ਲੋਕ ਜੱਗੂ ਪਾਸ ਮਦਦ ਲਈ ਆਏ ਹਨ।" ਬਿਰਧ ਨੇ ਸਿਰ ਹਿਲਾਇਆ, ਇੱਕ ਲੰਮੀ ਸਾਰੀ ਬਹੁਤ ਹੀ ਬਰੀਕ ਸੂਈ ਨਾਲ ਘੜੀ ਦੇ ਕਲ-ਪੁਰਜ਼ਿਆਂ ਨੂੰ ਟੋਂਹਦਿਆਂ-ਫਰੋਲਦਿਆਂ ਆਖਿਆ।" ਉਹ ਚੁੱਪ-ਚੁਪੀਤਾ ਆਦਮੀ ਹੈ, ਕਦੇ ਕਿਸੇ ਨਾਲ ਗੱਲ ਨਹੀਂ ਕਰਦਾ, ਪਰ ਉਹਨੇ ਕਈਆਂ 'ਤੇ ਉਪਕਾਰ ਕੀਤੇ ਹਨ। ਜਿਵੇਂ ਕਿ ਉਹ ਦੋ ਮੁੰਡੇ, ਜੋ ਉਸ ਦਾ ਕੰਮ ਕਰਦੇ ਹਨ, ਉਹਨਾਂ ਦੇ ਮਾਤਾ-ਪਿਤਾ ਇਕ ਰੇਲ ਹਾਦਸੇ ਵਿਚ ਮਾਰੇ ਗਏ ਸਨ। ਉਹ ਸਾਰੇ ਇਕ ਰੇਲਵੇ ਪਲੇਟਫ਼ਾਰਮ 'ਤੇ ਰਿਹਾ ਕਰਦੇ ਸਨ, ਜਿਵੇਂ ਕਿ ਸ਼ਹਿਰ ਵਿੱਚ ਕੰਮ ਦੀ ਤਲਾਸ਼

'ਚ ਆਉਣ ਵਾਲੇ ਬਹੁਤ ਸਾਰੇ ਲੋਕ ਰਹਿੰਦੇ ਹਨ। ਅਤੇ ਇਕ ਦਿਨ ਜਦੋਂ ਉਹਨਾਂ ਦੇ ਮਾਤਾ-ਪਿਤਾ ਇਕ ਨਲਕੇ ਤੋਂ ਪਾਣੀ ਲਿਆਉਣ ਲਈ ਲਾਈਨ ਪਾਰ ਕਰ ਰਹੇ ਸਨ, ਉਹ ਇੱਕ ਗੱਡੀ ਹੇਠ ਆ ਕੇ ਕੁਚਲੇ ਗਏ। ਅਹੁ ਰਿਹੈ, ਉਹ ਸਟੇਸ਼ਨ ਜਿਥੇ ਇਹ ਹਾਦਸਾ ਹੋਇਆ ਸੀ, ਉਹਨੇ ਲੰਮੀ ਸੂਈ ਵਾਲਾ ਆਪਣਾ ਪਤਲਾ ਤੇ ਪੀਲਾ ਜਿਹਾ ਹੱਥ ਗਲੀ ਦੇ ਹੇਠਲੇ ਪਾਸੇ ਨੂੰ ਹਿਲਾਉਂਦਿਆਂ ਆਖਿਆ ਅਤੇ ਆਪਣੀ ਗੱਲ ਜਾਰੀ ਰੱਖੀ, "ਅਤੇ ਜਦੋਂ ਸਵੇਰੇ ਜੱਗੂ ਕੰਮ 'ਤੇ ਆ ਰਿਹਾ ਸੀ, ਤਾਂ ਉਹਨੇ ਮੁੰਡਿਆਂ ਨੂੰ ਵੇਖਿਆ ਅਤੇ ਉਹ ਸਿੱਧਾ ਉਹਨਾਂ ਨੂੰ ਏਥੇ ਲੈ ਆਇਆ ਅਤੇ ਉਹਨਾਂ ਨੂੰ ਖਾਣ ਲਈ ਰੋਟੀ, ਰਹਿਣ ਲਈ ਠਾਹਰ ਦੇ ਦਿੱਤੀ ਅਤੇ ਕੰਮ ਵੀ।"

ਕਹਾਣੀ ਸੁਣ ਕੇ ਹਰੀ ਨੂੰ ਬਹੁਤ ਸਦਮਾ ਪਹੁੰਚਾ, ਪਰ ਉਸਨੂੰ ਇਹ ਗੱਲ ਚੰਗੀ ਨਾ ਲੱਗੀ ਕਿ ਲੋਕੀਂ ਉਸ ਨੂੰ ਜੱਗੂ ਦੀ ਨਿਗਰਾਨੀ 'ਚ ਆਇਆ ਇਕ ਹੋਰ ਯਤੀਮ ਸਮਝਣ। ਆਖ਼ਿਰ ਤਾਂ ਉਸ ਦੇ ਮਾਂ-ਪਿਉ ਸਨ ਭਾਵੇਂ ਕਿ ਪਿਉ ਸ਼ਰਾਬੀ ਸੀ ਅਤੇ ਮਾਂ ਰੋਗੀ ਅਤੇ ਉਸ ਦਾ ਇੱਕ ਘਰ ਸੀ, ਚੰਗਾ ਭਲਾ ਘਰ, ਐਵੇਂ ਰੇਲਵੇ ਪਲੇਟਫ਼ਾਰਮ 'ਤੇ ਕੋਈ ਥਾਂ ਨਹੀਂ! ਉਹਨਾਂ ਦਾ ਖ਼ਿਆਲ ਆਉਂਦਿਆਂ ਹੀ, ਉਹਨੇ ਅਚਾਨਕ ਪੁੱਛ ਕੀਤੀ, "ਜੀ ਜਨਾਬ, ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਡਾਕਖ਼ਾਨਾ ਕਿਥੇ ਹੈ? ਮੈਂ ਇਕ ਪੋਸਟ ਕਾਰਡ ਖ਼ਰੀਦਣਾ ਚਾਹੁੰਦਾ ਹਾਂ।"

"ਆ......ਹਾ......ਹਾ.......।" ਬਿਰਧ ਘੜੀ ਸਾਜ਼ ਹੱਸਿਆ, ਸ਼ੀਸ਼ੇ ਪਿੱਛਿਉਂ ਉਸਨੂੰ ਅੱਖ ਮਾਰਦਾ ਹੋਇਆ। "ਅਚਾਨਕ ਚੇਤਾ ਆ ਗਿਐ ਕਿ ਤੇਰਾ ਕੋਈ ਹੈ, ਜਿਸ ਨੂੰ ਖ਼ਤ ਲਿਖਣਾ ਹੈ! ਕੀ ਇਹ ਠੀਕ ਹੈ? ਹਾਂ, ਹਾਂ, ਜ਼ਰੂਰ ਲਿਖੋ। ਜ਼ਰੂਰ ਲਿਖਣਾ ਚਾਹੀਦੈ। ਸਿੱਧਾ ਇਸੇ ਸੜਕ 'ਤੇ ਜਾ ਅਤੇ ਬਿਜਲੀ ਦੇ ਸਬ ਸਟੇਸ਼ਨ ਤੋਂ ਅੱਗੇ ਤੇਰੇ ਖੱਬੇ ਹੱਥ ਹੀ ਇੱਕ ਡਾਕਖ਼ਾਨਾ ਹੈ। ਕੀ ਤੇਰੇ ਪਾਸ ਪੋਸਟ ਕਾਰਡ ਖ਼ਰੀਦਣ ਵਾਸਤੇ ਪੈਸੇ ਹੈਨ ਜਾਂ ਮੈਂ ਤੈਨੂੰ ਕੁਝ ਪੈਸੇ ਉਧਾਰ ਦੇਵਾਂ?"

ਹਰੀ ਨੇ ਇਹਸਾਨਮੰਦ ਹੁੰਦਿਆਂ, ਉਸ ਪਾਸੋਂ ਸਿੱਕਾ ਫੜ ਲਿਆ, ਅਤੇ ਇਹ ਵਾਅਦਾ ਕੀਤਾ ਕਿ ਜਦੋਂ ਜੱਗੂ ਉਸ ਨੂੰ, ਉਸ ਦੀ ਤਨਖ਼ਾਹ ਦੇਵੇਗਾ, ਤਾਂ ਉਹ ਮੋੜ ਦੇਵੇਗਾ। ਅਤੇ ਫਿਰ ਉਹ ਛੇਤੀ-ਛੇਤੀ ਡਾਕਖ਼ਾਨੇ ਵਲ ਚਲਾ ਗਿਆ। ਕਾਰਡ ਖ਼ਰੀਦਣ ਤੋਂ ਬਾਅਦ, ਲਿਖਣ ਵਾਸਤੇ, ਉਸ ਨੂੰ ਪੈੱਨ ਚਾਹੀਦਾ ਸੀ ਅਤੇ ਇਸ ਲਈ ਉਹ ਘੜੀ ਸਾਜ਼ ਪਾਸ ਪਰਤ ਆਇਆ ਜਿਸ ਕੋਲ ਕਿ ਭੋਜਨ-ਸ਼ਾਲਾ ਦੇ ਮਾਲਿਕ ਨਾਲੋਂ, ਪੈੱਨ ਹੋਣ ਦੀ ਸੰਭਾਵਨਾ ਵਧੇਰੇ ਜਾਪਦੀ ਸੀ। ਇਹ ਤਪਦੇ-ਭਖਦੇ ਤੀਜੇ ਪਹਿਰ ਵੇਲੇ ਦੀ ਗੱਲ ਹੈ, ਜਦ ਕਿ ਦੁਕਾਨ ਵਿੱਚ ਕੋਈ ਨਹੀਂ ਸੀ ਅਤੇ ਦੋਵੇਂ ਯਤੀਮ ਮੁੰਡੇ ਵੀ, ਗਰਮੀ ਤੇ ਥਕਾਵਟ ਕਾਰਨ ਮੇਜ਼ ਦੇ ਥੱਲੇ ਸੌਂ ਚੁੱਕੇ ਸਨ। ਹਰੀ 'ਡਿੰਗ-ਡੌਂਗ ਵਾਚ ਵਰਕਸ' ਦੀਆਂ ਪੌੜੀਆਂ 'ਤੇ ਬੈਠ ਗਿਆ ਅਤੇ ਉਹਨੇ ਬੜੀ ਇਹਤਿਆਤ ਨਾਲ ਉਸ ਬਾਲ ਪੁਆਇੰਟ ਪੈੱਨ ਨਾਲ ਚਿੱਠੀ ਲਿਖੀ ਜੋ ਬਿਰਧ ਘੜੀਸਾਜ਼ ਨੇ ਉਸ ਨੂੰ ਦਿੱਤਾ ਸੀ:

"ਪਿਆਰੀ ਮਾਂ,

ਮੈਂ ਬੰਬਈ ਵਿੱਚ ਹਾਂ, ਮੈਨੂੰ ਕੰਮ ਮਿਲ ਗਿਆ ਹੈ। ਮੈਂ ਆਪਣੀ ਕਮਾਈ ਤੁਹਾਡੇ ਵਾਸਤੇ ਲੈ ਕੇ ਆਵਾਂਗਾ। ਮੈਂ ਆਸ ਕਰਦਾ ਹਾਂ ਕਿ ਤੁਸੀਂ ਠੀਕ ਹੋਵੋਗੇ। ਭੈਣਾਂ ਨੂੰ ਮੇਰੀ ਯਾਦ ਆਖਣਾ।"

ਫਿਰ ਉਹਨੇ ਖ਼ਾਲੀ ਪਈ ਥਾਂ ਭਰਨ ਲਈ, ਆਪਣਾ ਨਾਂ, ਵੱਡੇ-ਵੱਡੇ ਅੱਖਰਾਂ ਵਿੱਚ ਲਿਖਿਆ, ਪਰ ਆਪਣਾ ਪਤਾ ਨਾ ਲਿਖਿਆ ਅਤੇ ਚਿੱਠੀ ਡਾਕ ਵਿੱਚ ਪਾਉਣ ਲਈ ਚਲਿਆ

ਗਿਆ। ਉਹ ਖ਼ੁਸ਼ੀ ਵੀ ਮਹਿਸੂਸ ਕਰ ਰਿਹਾ ਸੀ, ਉਹ ਕੁਝ ਕਰ ਕੇ, ਜਿਸ ਦਾ ਉਸ ਨੂੰ ਪਤਾ ਸੀ ਕਿ ਉਸ ਨੂੰ ਕਰਨਾ ਚਾਹੀਦਾ ਹੈ ਅਤੇ ਡਰ ਵੀ ਰਿਹਾ ਸੀ, ਕਿਉਂਕਿ ਇਸ ਦਾ ਮਤਲਬ ਸੀ ਕਿ ਉਹ ਬੰਬਈ ਵਿੱਚ ਰੁਕੇਗਾ, ਘਰ ਨਹੀਂ ਸੀ ਜਾ ਰਿਹਾ।

ਬੇਲਾ ਅਤੇ ਕਮਲ ਦੌੜਦੀਆਂ-ਦੌੜਦੀਆਂ ਬਾਹਰ ਆਈਆਂ ਅਤੇ ਲੀਲਾ ਦੇ ਕੋਲ ਆ ਕੇ, ਖੜੀਆਂ ਹੋ ਗਈਆਂ ਅਤੇ ਡੀ ਸਿਲਵਾ ਪਰਿਵਾਰ ਦੇ ਬੰਦਿਆਂ ਨੂੰ ਕਾਰ ਵਿੱਚੋਂ ਬਾਹਰ ਨਿੱਕਲਦਿਆਂ ਵੇਖਣ ਲੱਗ ਪਈਆਂ। ਬਾਵਰਚੀ ਪਹਿਲਾਂ ਹੀ ਝੁੱਗੀ ਵਲ ਤੁਰਿਆ ਆ ਰਿਹਾ ਸੀ, ਅਤੇ ਪਾਣੀ ਦੇ ਪਾੜ 'ਤੇ ਪਈ ਗੇਲੀ ਦੇ ਦੂਸਰੇ ਸਿਰੇ ਤੋਂ ਉਚੀ-ਉਚੀ ਆਵਾਜ਼ਾਂ ਦੇ ਰਿਹਾ ਸੀ, ਜਿਸ ਨਾਲ ਭੂਰਾ-ਬਿਰਧ ਬਗਲਾ ਜੋ ਇੱਕ ਪੱਥਰ 'ਤੇ ਕੁੱਬਾ ਹੋ ਕੇ ਖੜਾ ਸੀ, ਡਰ ਗਿਆ ਅਤੇ ਡਰ ਕੇ ਫੜ-ਫੜ ਕਰਦਾ ਹੋਇਆ ਸਰੂਆਂ ਅਤੇ ਕਿਉੜਿਆਂ ਦੇ ਝੁੰਡ ਵਿੱਚ ਜਾ ਵੜਿਆ।

"ਤੁਹਾਡਾ ਉਹ ਭਰਾ ਕਿਥੇ ਹੈ?" ਰਸੋਈਏ ਨੇ ਉਚੀ ਸਾਰੀ ਆਖਿਆ। "ਉਸਨੂੰ ਆਖ ਦਿਉ ਕਿ ਆਵੇ ਅਤੇ ਕਾਰ 'ਚੋਂ ਸਮਾਨ ਕੱਢ ਕੇ ਅੰਦਰ ਲੈ ਜਾਵੇ।"

"ਉਹ ਏਥੇ ਨਹੀਂ।" ਲੀਲਾ ਆਖਣ ਲੱਗੀ ਤੇ ਫਿਰ ਆਪਣੇ-ਆਪ ਹੀ ਰੁਕ ਗਈ। ਉਹਨੇ ਬੇਲਾ ਅਤੇ ਕਮਲ ਨੂੰ ਰਤਾ ਕੁ ਪਿੱਛੇ ਧੱਕਿਆ ਅਤੇ ਹੌਲੀ ਜਿਹੀ ਆਖਿਆ, "ਜਾਓ ਅਤੇ ਉਹਨਾਂ ਦੇ ਥੈਲੇ ਆਦਿ ਅੰਦਰ ਲਿਜਾਣ ਵਿੱਚ ਮਦਦ ਕਰੋ-ਉਹਨਾਂ ਨੂੰ ਦੱਸ ਦੇਣਾ ਕਿ ਮੈਂ ਹੁਣੇ ਹੀ ਆ ਰਹੀ ਹਾਂ।" ਉਹ ਇਹ ਵੇਖਣ ਲਈ ਝੁੱਗੀ ਦੇ ਅੰਦਰ ਗਈ ਕਿ ਕਿਤੇ ਉਸ ਦੀ ਮਾਂ ਨੂੰ ਕਿਸੇ ਚੀਜ਼ ਦੀ ਲੋੜ ਤਾਂ ਨਹੀਂ ਸੀ। ਨਾਲ ਹੀ ਉਸ ਨੂੰ ਪਾਣੀ ਦੇਣ ਲਈ। ਫਿਰ ਉਹਨੇ ਆਪਣੀ ਸਾੜ੍ਹੀ ਆਪਣੇ ਲੱਕ 'ਤੇ ਛੁੰਗ ਲਈ ਅਤੇ ਪਾਣੀ ਦੇ ਪਾੜ ਦੇ ਪਾਰ ਸਿਵਲਾ ਪਰਿਵਾਰ ਦੇ ਘਰ, ਉਹਨਾਂ ਦੀ ਮਦਦ ਕਰਨ ਲਈ ਚਲੀ ਗਈ। ਛੇਤੀ ਹੀ, ਉਸ ਸਵੇਰ ਅਲੀਬਾਗ਼ ਸਹਾਇਤਾ ਵਾਸਤੇ ਜਾਣ ਦੀ ਵਿਉਂਤ ਵਿੱਚੇ ਛੱਡ ਕੇ, ਉਹਨੇ ਇਹ ਫ਼ੈਸਲਾ ਕੀਤਾ ਕਿ ਉਹ ਡੀ ਸਿਲਵਾ ਪਰਿਵਾਰ ਪਾਸੋਂ ਹੋਰ ਮਦਦ ਲਏਗੀ, ਜੋ ਅਮੀਰ ਸਨ, ਜਿਹਨਾਂ ਕੋਲ ਕਾਰ ਸੀ, ਅਤੇ ਜੋ ਮਦਦ ਕਰ ਸਕਦੇ ਸਨ ਅਤੇ ਉਹ ਕੋਸ਼ਿਸ਼ ਕਰੇਗੀ ਅਤੇ ਸਹਾਇਤਾ ਪ੍ਰਾਪਤ ਕਰੇਗੀ।

ਉਹਨਾਂ ਦੇ ਘਰ 'ਚ ਬਹੁਕਰ-ਬੁਹਾਰੀ ਲਾਉਣ, ਖੂੰਜਿਆਂ ਵਿੱਚੋਂ ਮੱਕੜੀਆਂ ਦੇ ਜਾਲੇ ਸਾਫ਼ ਕਰਨ ਅਤੇ ਰਸੋਈ ਲਈ ਖੂਹ ਤੋਂ ਪਾਣੀ ਲਿਆਉਣ ਤੋਂ ਬਾਅਦ, ਉਹਨੇ ਬਿਰਧ ਰਸੋਈਏ ਨੂੰ ਪੁੱਛਿਆ, ਜਿਹੜਾ ਕਿ ਖੜਾ ਉਸ ਵਲ ਗਹੁ ਨਾਲ ਵੇਖ ਰਿਹਾ ਸੀ, ਅਤੇ ਘੂਰੀ ਵੱਟੀ ਉਸ ਦਾ ਨਿਰੀਖਣ ਕਰ ਰਿਹਾ ਸੀ, ਉਹ ਕਿੰਨੇ ਚਿਰ ਲਈ ਠਹਿਰਨਗੇ?"

"ਆਖਦੇ ਹਨ, ਪੂਰੇ ਦੋ ਹਫ਼ਤੇ !" ਉਹ ਬੁੜਬੁੜਾਇਆ, "ਇਹ ਉਹਨਾਂ ਦੀਆਂ ਛੁੱਟੀਆਂ ਦਾ ਮੌਸਮ ਹੈ-ਸਕੂਲ ਬੰਦ ਹਨ, ਅਤੇ ਬਦੇਸ਼ ਜਾਣ ਦੀ ਬਜਾਏ, ਉਹ ਇੱਕ ਪੰਦ੍ਹਰਵਾੜਾ ਪਹਿਲਾਂ ਏਥੇ ਬਿਤਾਉਣਾ ਚਾਹੁੰਦੇ ਹਨ। ਮੈਨੂੰ ਨਹੀਂ ਪਤਾ ਕਿ ਇਸ ਉਜਾੜ-ਬੇਰੌਣਕ ਥਾਂ 'ਤੇ ਅਸੀਂ ਆਪਣਾ ਕੰਮ ਕਿਵੇਂ ਚਲਾਵਾਂਗੇ। ਦੁਕਾਨਾਂ ਕਿਥੇ ਹਨ? ਮੈਂ ਉਹਨਾਂ ਨੂੰ ਪੁੱਛਿਆ ਸੀ। ਤੁਹਾਡਾ ਭਰਾ ਸਾਡੇ ਵਾਸਤੇ ਸੌਦਾ ਲਿਆਉਂਦਾ ਸੀ, ਅਤੇ ਹੁਣ ਤੂੰ ਮੈਨੂੰ ਦੱਸ ਰਹੀ ਏਂ ਕਿ ਉਹ ਏਥੇ ਨਹੀਂ। ਸਾਨੂੰ ਡਬਲਰੋਟੀ, ਤਾਜ਼ੇ ਆਂਡੇ ਅਤੇ ਸਬਜ਼ੀਆਂ ਕਿਥੋਂ ਮਿਲਣਗੀਆਂ? ਮੈਨੂੰ ਨਹੀਂ ਪਤਾ ਕਿ ਮੈਂ ਇਹ ਸਾਰਾ ਕੁੱਝ ਕਿਵੇਂ ਕਰਾਂਗਾ-ਪਰ ਕਰਨਾ ਤਾਂ ਪਏਗਾ ਹੀ। ਉਹ ਆਪ ਤਾਂ ਮੌਜਾਂ ਮਾਣਦੇ ਹਨ।" ਉਹਨੇ ਟੱਬਰ 'ਤੇ ਇੱਕ ਝਾਤ ਪਾਈ। ਸਾਰੇ ਜਣੇ ਬੈਂਤ ਦੀਆਂ ਕੁਰਸੀਆਂ ਅਤੇ

ਗੱਦੇ-ਗੱਦੀਆਂ, ਨਾਰੀਅਲ ਦੇ ਰੁੱਖਾਂ ਹੇਠ ਲਿਜਾ ਰਹੇ ਸਨ, ਜਦ ਕਿ ਬੱਚੇ ਖਿਡਾਉਣਾ-ਬਾਲਟੀਆਂ, ਬੇਲਚੇ ਅਤੇ ਰਬੜ ਦੀਆਂ ਗੇਂਦਾਂ ਲੈ ਕੇ ਏਧਰ-ਉਧਰ ਦੌੜ ਭੱਜ ਰਹੇ ਸਨ।

ਲੀਲਾ ਪੈਰਾਂ ਭਾਰ ਬੈਠ ਗਈ ਅਤੇ ਰਸੋਈਏ ਨੂੰ ਗਹੁ ਨਾਲ ਤੱਕਣ ਲੱਗ ਪਈ। ਮੇਰੀਆਂ ਭੈਣਾਂ ਅਤੇ ਮੈਂ ਮਦਦ ਕਰਾਂਗੀਆਂ। ਅਸੀਂ ਬਾਜ਼ਾਰ ਜਾ ਸਕਦੀਆਂ ਹਾਂ ਅਤੇ ਤੁਹਾਡੀ ਲੋੜ ਦੀ ਹਰੇਕ ਚੀਜ਼ ਮਿਲ ਜਾਂਦੀ ਹੈ, ਪਰ ਕਦੇ-ਕਦੇ ਤੁਹਾਡਾ ਸਾਹਿਬ ਕਾਰ ਵਿੱਚ ਅਲੀਬਾਗ਼ ਜਾ ਸਕਦਾ ਹੈ ਅਤੇ ਜੋ ਚੀਜ਼ ਏਥੇ ਨਾ ਮਿਲਦੀ ਹੋਵੇ, ਉਥੋਂ ਲਿਆ ਸਕਦਾ ਹੈ।

"ਹਾਂ, ਇਉਂ ਹੀ ਕਰਨਾ ਪਏਗਾ।" ਉਹ ਬੁੜਬੁੜਾਇਆ। "ਅਹਿ ਰਹੀਆਂ ਦੁਪਹਿਰ ਦੇ ਖਾਣੇ ਲਈ ਸਬਜ਼ੀਆਂ, ਇਹਨਾਂ ਨੂੰ ਧੋਣਾ ਅਤੇ ਛਿੱਲਣਾ ਸ਼ੁਰੂ ਕਰ ਦਿਉ। ਸ਼ਾਮ ਨੂੰ ਜਾ ਕੇ ਥੋੜ੍ਹੀ ਬਹੁਤ ਮੱਛੀ ਲੈ ਆਵੀਂ? ਅਤੇ ਕੱਲ੍ਹ ਦੇ ਨਾਸ਼ਤੇ ਲਈ, ਡਬਲਰੋਟੀ ਦਾ ਕੀ ਹੋਏਗਾ?"

"ਮੈਂ ਬੀਚ ਤੋਂ ਤੁਹਾਨੂੰ ਤਾਜ਼ਾ ਮੱਛੀਆਂ ਲਿਆ ਦੇਵਾਂਗੀ, ਜਦੋਂ ਮੱਛੀਆਂ ਫੜਨ ਵਾਲਾ ਬੇੜਾ ਆਏਗਾ।" ਲੀਲਾ ਨੇ ਵਾਅਦਾ ਕੀਤਾ। "ਸਾਡੇ ਬਾਜ਼ਾਰ ਵਿੱਚ ਏਥੇ ਥੋੜ੍ਹੀ ਬਹੁਤ ਡਬਲਰੋਟੀ ਤਾਂ ਹੈ, ਪਰ ਜੇ ਤੁਸੀਂ ਫ਼ੈਕਟਰੀ ਦੀ ਬਣੀ ਸ਼ਹਿਰੀ ਡਬਲਰੋਟੀ ਚਾਹੁੰਦੇ ਹੋ ਤਾਂ ਸ਼ਾਇਦ ਤੁਹਾਡਾ ਸਾਹਿਬ ਕੁਝ ਡਬਲਰੋਟੀ ਲਿਆਉਣ ਲਈ ਕਾਰ ਵਿੱਚ ਅਲੀਬਾਗ਼ ਜਾ ਸਕਦਾ ਹੈ।"

ਉਸਨੂੰ ਜਾਣਾ ਹੀ ਪਏਗਾ, ਮੈਂ ਜਾ ਕੇ, ਉਸ ਨੂੰ ਦੱਸ ਦਿਆਂਗਾ। "ਰਸੋਈਏ ਨੇ ਆਖਿਆ, ਪਰ ਮਿਸਟਰ ਡੀ ਸਿਲਵਾ ਦਾ ਮਨ ਮੁੜ ਕਾਰ ਵਿੱਚ ਬੈਠਣ ਅਤੇ ਨਾਲ ਦੇ ਕਸਬੇ ਤੱਕ ਜਾਣ ਦਾ ਨਹੀਂ ਸੀ, ਜਦਕਿ ਉਹ ਹੁਣੇ ਹੀ ਤਾਂ ਅਪੜਿਆ ਸੀ ਅਤੇ ਲੰਮੀ, ਧੂੜ ਭਰੀ ਯਾਤਰਾ ਤੋਂ ਮਗਰੋਂ ਆਰਾਮ ਫ਼ਰਮਾ ਰਿਹਾ ਸੀ। ਉਹ ਪਹਿਲਾਂ ਹੀ ਨਹਾਉਣ ਵਾਲੇ ਕੱਪੜੇ ਪਾ ਕੇ, ਬੀਚ 'ਤੇ ਤੈਰਨ ਜਾਣ ਲਈ ਤਿਆਰ ਹੋ ਚੁੱਕਾ ਸੀ। ਬਾਕੀ ਦਾ ਟੱਬਰ ਵੀ ਨਹਾਉਣ ਵਾਲੇ ਵਸਤਰ ਪਾਈ, ਪਹਿਲਾਂ ਹੀ ਸਾਗਰ-ਲਹਿਰਾਂ ਵਿੱਚ ਉਛਲ ਕੁੱਦ ਕਰਨ ਲੱਗ ਪਿਆ ਸੀ, ਲਹਿਰਾਂ ਜੋ ਉਹਨਾਂ ਦੇ ਸਿਰਾਂ ਉਪਰ ਦੀ ਲੰਘ ਰਹੀਆਂ ਸਨ। ਉਹ ਚੀਕਾਂ-ਚਾਂਗਰਾਂ ਤੇ ਕਿਲਕਾਰੀਆਂ ਮਾਰ ਰਹੇ ਸਨ ਅਤੇ ਖ਼ੂਬ ਹੱਸ ਖਿੜ ਰਹੇ ਸਨ। ਉਹਨਾਂ ਦਾ ਸੁੰਦਰ ਸੁਨਹਿਰੀ ਕੁੱਤਾ ਬੀਚ 'ਤੇ ਏਧਰ-ਉਧਰ ਨੱਸ-ਭੱਜ ਰਿਹਾ ਸੀ, ਭੌਂਕ ਰਿਹਾ ਸੀ ਅਤੇ ਪੰਜਿਆਂ ਨਾਲ ਰੇਤ ਉਪਰ ਨੂੰ ਉਛਾਲ ਰਿਹਾ ਸੀ ਅਤੇ ਜਿਉਂ ਹੀ ਝੱਗ ਵਾਲੀਆਂ ਲਹਿਰਾਂ ਉਸ ਵਲ ਆਉਂਦੀਆਂ ਸਨ, ਤਾਂ ਉਹਨਾਂ ਤੋਂ ਦੂਰ ਪਰ੍ਹੇ ਭੱਜਦਾ ਸੀ।

ਰਸੋਈਆ ਖੜਾ ਧਿਆਨ ਨਾਲ ਤੱਕ ਰਿਹਾ ਸੀ ਅਤੇ ਅਚਾਨਕ ਹੀ ਉਹ ਗ਼ੁੱਰਾਇਆ, "ਉਹਨਾਂ ਨੂੰ ਵੇਖੋ ਨਾ, ਕੀ ਉਹ ਏਡੀ ਦੂਰ ਤੋਂ, ਏਥੇ ਇਸੇ ਲਈ ਹੀ ਆਉਂਦੇ ਹਨ? ਉਹ ਘਰ ਵੀ ਤਾਂ ਨਹਾ ਸਕਦੇ ਹਨ, ਸਗੋਂ ਵਧੇਰੇ ਸੁੱਖ-ਆਰਾਮ ਨਾਲ। ਪਰ ਉਹ ਪਾਗਲ ਹਨ-ਹਾਂ, ਉਹ ਪਾਗਲ ਹੀ ਹਨ !"

ਪਰ ਅਗਲੇ ਦਿਨ, ਜਦੋਂ ਡਬਲਰੋਟੀ ਮੁੱਕ ਗਈ ਤਾਂ, ਮਿਸਟਰ ਡੀ ਸਿਲਵਾ ਨੂੰ ਕਾਰ ਵਿੱਚ ਜਾ ਕੇ ਹੋਰ ਲਿਆਉਣੀ ਪਈ। ਉਹਨੇ ਬਾਵਰਚੀ ਨੂੰ ਆਖਿਆ, "ਮੈਨੂੰ ਦੱਸ ਦੇ, ਤੈਨੂੰ ਕੀ-ਕੀ ਚਾਹੀਦਾ ਹੈ ਅਤੇ ਮੈਂ ਅਲੀਬਾਗ਼ ਜਾ ਕੇ, ਅੱਜ ਹੀ ਤੇਰੀ ਸਾਰੀ ਸ਼ਾਪਿੰਗ ਕਰ ਲਿਆਵਾਂਗਾ। ਇਸ ਲਈ ਤੈਨੂੰ, ਮੁੜ ਮੈਨੂੰ, ਖੇਚਲ ਦੇਣ ਦੀ ਲੋੜ ਨਹੀਂ ਪਏਗੀ।"

ਇਹ ਸੁਣ ਕੇ, ਲੀਲਾ ਰਸੋਈ ਵਿਚੋਂ ਕਾਹਲੀ ਨਾਲ ਬਾਹਰ ਆਈ, ਆਪਣੇ ਹੱਥ ਜੋੜ

ਕੇ, ਉਸਦੇ ਮੂਹਰੇ ਆ ਖੜੀ ਹੋਈ। ਉਸ ਦੀਆਂ ਅੱਖਾਂ ਸ਼ਰਮ ਨਾਲ ਨੀਵੀਆਂ ਸਨ ਅਤੇ ਉਹਨੇ ਸਾਹਿਬ ਨੂੰ ਉਸ ਬਾਰੇ ਪੁੱਛਿਆ, ਜੋ ਕੁਝ ਪੁੱਛਣ ਦਾ ਉਹਨੇ ਮਨ ਬਣਾਇਆ ਹੋਇਆ ਸੀ, "ਸਾਹਿਬ ਜੀ, ਕੀ ਤੁਸੀਂ ਮੇਰੀ ਮਾਂ ਨੂੰ ਅਲੀਬਾਗ਼ ਦੇ ਹਸਪਤਾਲ ਲਿਜਾ ਸਕਦੇ ਹੋ? ਜੇ ਤੁਸੀਂ ਕਾਰ ਵਿੱਚ ਜਾ ਰਹੇ ਹੋ, ਤਾਂ ਕੀ ਉਹ ਅਤੇ ਮੈਂ ਤੁਹਾਡੇ ਨਾਲ ਚਲ ਸਕਦੀਆਂ ਹਾਂ? ਉਹ ਏਨੀ ਬਿਮਾਰ ਹੈ ਅਤੇ ਏਥੇ ਕੋਈ ਡਾਕਟਰ ਨਹੀਂ ਅਤੇ ਕੋਈ ਹਸਪਤਾਲ ਨਹੀਂ।"

ਮਿਸਟਰ ਡੀ ਸਿਲਵਾ ਨੂੰ ਇੱਕ ਧੱਕਾ ਜਿਹਾ ਲੱਗਾ ਅਤੇ ਉਹ ਮਾੜਾ-ਜਿਹਾ ਹਕਲਾਇਆ। ਉਸਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕੀ ਆਖੇ, ਪਰ ਉਸ ਦੀ ਬੀਵੀ ਵਰਾਂਡੇ ਵਿਚੋਂ ਦੀ ਦੌੜਦੀ ਹੋਈ ਆਈ ਅਤੇ ਕੋਲ ਖੜੀ ਹੋ ਕੇ ਲੀਲਾ ਦੀ ਗੱਲ ਸੁਣਨ ਲੱਗੀ। "ਤੂੰ ਮੈਨੂੰ ਕਿਉਂ ਨਾ ਦੱਸਿਆ ਕਿ ਉਹ ਬਿਮਾਰ ਹੈ।" ਉਹਨੇ ਪੁੱਛਿਆ। "ਮੈਂ ਹਮੇਸ਼ਾ ਹੀ ਆਪਣੇ ਨਾਲ ਕੁਝ ਦਵਾਈਆਂ ਲੈ ਕੇ ਆਉਂਦੀ ਹਾਂ-ਸ਼ਾਇਦ ਮੈਂ ਕੁੱਝ ਮਦਦ ਕਰ ਸਕਦੀ।"

ਲੀਲਾ ਨੇ ਉਸ ਵਲ ਅਹਿਸਾਨਮੰਦੀ ਦੇ ਭਾਵ ਨਾਲ ਤੱਕਿਆ ਅਤੇ ਦੱਸਿਆ, "ਉਹ ਪਿਛਲੇ ਕਾਫ਼ੀ ਸਮੇਂ ਤੋਂ ਬਿਮਾਰ ਹੈ-ਉਹ ਬਹੁਤ ਮਾੜੀ ਤੇ ਮਾਂਦੀ ਹੋ ਗਈ ਹੈ। ਮੈਨੂੰ ਨਹੀਂ ਪਤਾ ਕਿ ਉਸ ਲਈ ਕਿਹੜੀ ਦਵਾਈ ਲਿਆਉਣੀ ਹੈ। ਉਸ ਨੂੰ ਕਿਸੇ ਡਾਕਟਰ ਨੂੰ ਵਿਖਾਉਣਾ ਜ਼ਰੂਰੀ ਹੈ। ਅਲੀਬਾਗ਼ ਵਿੱਚ ਇੱਕ ਹਸਪਤਾਲ ਹੈ। ਮੈਂ ਸੋਚਿਆ- ਕਿ ਜੇ ਤੁਸੀਂ ਉਸ ਨੂੰ ਉਥੇ ਲਿਜਾ ਸਕੋ-ਮੈਂ ਤੁਹਾਡਾ ਕੰਮ ਕਰਾਂਗੀ-ਫਿਰ ਜੋ ਪੈਸੇ ਤੁਸੀਂ ਮੈਨੂੰ ਦਿਉਗੇ- ਉਹ.....ਉਹ.......ਡਾਕਟਰ ਅਤੇ ਦਵਾਈ ਦੇ ਪੈਸੇ ਅਦਾ ਕਰਨ ਲਈ ਵਰਤੇ ਜਾ ਸਕਦੇ ਹਨ।"

"ਹਾਂ.....ਹਾਂ!" ਮਿਸਟਰ ਡੀ ਸਿਲਵਾ ਬੋਲ ਪਿਆ। "ਹਾਂ, ਹਾਂ.....ਅਸੀਂ ਦਵਾਈ ਦੇ ਪੈਸੇ ਅਦਾ ਕਰ ਦਿਆਂਗੇ। ਜਾ, ਜਾ ਕੇ ਆਪਣੀ ਮਾਂ ਨੂੰ ਲੈ ਆ।"

ਉਹ ਦਿਨ ਏਨੇ ਚਾਅ ਦਾ ਸੀ ਕਿ ਲੀਲਾ ਉਸ ਦਾ ਪੂਰਾ ਆਨੰਦ ਮਾਣਦੀ, ਜੇ ਕਿਧਰੇ ਉਹ ਸਾਰਾ ਤਣਾਅ ਤੇ ਫ਼ਿਕਰ ਨਾ ਹੁੰਦਾ, ਜੋ ਇਸ ਚਾਅ ਦੇ ਨਾਲ ਜੁੜਿਆ ਹੋਇਆ ਸੀ। ਉਹ ਪਹਿਲਾਂ ਕਦੇ ਅਲੀਬਾਗ਼ ਨਹੀਂ ਸੀ ਗਈ, ਭਾਵੇਂ ਕਿ ਉਹ ਸਿਰਫ਼ ਦੋ ਮੀਲ ਦੀ ਦੂਰੀ 'ਤੇ ਹੀ ਸੀ ਅਤੇ ਨਿਸ਼ਚੇ ਹੀ ਪਹਿਲਾਂ ਕਦੇ ਮੋਟਰ ਕਾਰ ਵਿੱਚ ਨਹੀਂ ਸੀ ਬੈਠੀ। ਤੇ ਹੁਣ ਜਦੋਂ ਉਹ ਬੈਠੀ ਹੀ ਸੀ ਤਾਂ ਉਸ ਨੂੰ ਆਪਣੀ ਮਾਂ ਦੀ ਚਿੰਤਾ ਸੀ, ਜੋ ਕਿ ਪਿਛਲੀ ਸੀਟ 'ਤੇ ਲੇਟੀ ਹੋਈ ਸੀ। ਉਸਨੇ ਆਪਣਾ ਸਿਰ ਲੀਲਾ ਦੀ ਗੋਦ ਵਿੱਚ ਰੱਖਿਆ ਹੋਇਆ ਸੀ ਅਤੇ ਉਹ ਕੁਰਲਾ-ਕਰਾਹ ਰਹੀ ਸੀ। ਉਹ ਏਨੀ ਪੀਲੀ ਤੇ ਰੋਗੀ ਜਾਪ ਰਹੀ ਸੀ ਕਿ ਲੀਲਾ ਸੋਚ ਰਹੀ ਸੀ ਕਿ ਉਹ ਅਲੀਬਾਗ਼ ਠੀਕ-ਠਾਕ ਪਹੁੰਚੇਗੀ ਵੀ! ਉਹ ਆਪਣੀ ਮਾਂ ਦੇ ਸਿਰ ਨੂੰ ਫੜ ਕੇ, ਸੰਭਾਲਣ ਅਤੇ ਉਸ ਨੂੰ ਚਾਦਰ ਨਾਲ ਢੱਕ ਕੇ ਰੱਖਣ ਵਿੱਚ ਏਨੀ ਰੁੱਝੀ ਹੋਈ ਸੀ ਕਿ ਉਹ ਖਿੜਕੀ ਤੋਂ ਬਾਹਰ ਸੜਕ ਨੂੰ, ਜਾਂ ਰੁੱਖਾਂ ਨੂੰ ਜਾਂ ਫਿਰ ਬੈਲ-ਗੱਡੀਆਂ ਨੂੰ ਅਤੇ ਬੱਸ ਸਟਾਪਾਂ ਨੂੰ ਵੇਖ ਹੀ ਨਹੀਂ ਸੀ ਰਹੀ, ਜਿਹਨਾਂ ਦੇ ਕੋਲੋਂ ਦੀ ਕਾਰ ਲੰਘ ਰਹੀ ਸੀ। ਮਿਸਟਰ ਡੀ ਸਿਵਲਾ ਵੀ ਕਾਰ ਬਹੁਤ ਤੇਜ਼ ਰਫ਼ਤਾਰ 'ਤੇ ਚਲਾ ਰਿਹਾ ਸੀ, ਜਿਵੇਂ ਉਸ ਨੂੰ ਡਰ ਹੋਵੇ ਕਿ ਉਹ ਲੀਲਾ ਦੀ ਮਾਂ ਨੂੰ ਸਮੇਂ ਸਿਰ ਹਸਪਤਾਲ ਨਹੀਂ ਪਹੁੰਚਾ ਸਕੇਗਾ ਅਤੇ ਕੁਝ ਚਿਰ ਬਾਅਦ ਹੀ, ਉਹ ਹਸਪਤਾਲ ਦੀ ਚੌੜੀ ਅਤੇ ਚੁੱਪ-ਚੁਪੀਤੀ ਸੜਕ 'ਤੇ ਜਾ ਰਹੇ ਸਨ।

ਏਥੇ ਪੁੱਜ ਕੇ ਲੀਲਾ ਆਪਣੇ ਆਪ ਨੂੰ ਬਹੁਤ ਹੀ ਬੇਬੱਸ ਜਿਹੀ ਮਹਿਸੂਸ ਕਰਨ ਲੱਗ ਪਈ। ਉਸਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਕਰਨਾ ਹੈ। ਜੋ ਮਿਸਟਰ ਡੀ ਸਿਲਵਾ

ਉਸ ਦੇ ਨਾਲ ਨਾ ਹੁੰਦੇ ਅਤੇ ਉਸ ਦੀ ਮਦਦ ਨਾ ਕਰਦੇ। "ਏਥੇ ਉਡੀਕ ਕਰੋ-ਮੈਂ ਜਾ ਕੇ ਸਟਰੈਚਰ ਅਤੇ ਨਰਸ ਨੂੰ ਲੈ ਕੇ ਆਉਂਦਾ ਹਾਂ। ਮੈਂ ਜਾ ਕੇ ਡਾਕਟਰ ਨਾਲ ਵੀ ਗੱਲ ਕਰਾਂਗਾ। "ਉਹਨੇ ਪਿਛਲੀ ਬਾਰੀ ਵਿੱਚੋਂ ਦੀ ਆਖਿਆ ਅਤੇ ਫਿਰ ਉਹ ਸ਼ਹਿਰ ਦੇ ਇੱਕ ਆਦਮੀ ਵਾਂਗ, ਹਸਪਤਾਲ ਦੇ ਇਹਾਤੇ ਵਿੱਚ ਸਬਰ ਨਾਲ ਉਡੀਕ ਕਰ ਰਹੇ ਪੇਂਡੂ ਲੋਕਾਂ ਦੀਆਂ ਪਾਲਾਂ ਕੋਲੋਂ ਦੀ ਤੇਜ਼ੀ ਨਾਲ ਡਗ ਭਰਦਾ ਹੋਇਆ ਅੱਗੇ ਚਲਾ ਗਿਆ।

ਉਹਨੇ ਸਾਰੇ ਪ੍ਰਬੰਧ ਕਰ ਲਏ ਅਤੇ ਕੁੱਝ ਚਿਰ ਵਿਚ ਹੀ, ਸਫ਼ੈਦ ਕੱਪੜੇ ਪਾਈ ਦੋ ਬੰਦੇ ਇੱਕ ਸਟਰੈਚਰ ਲੈ ਕੇ ਆਏ ਅਤੇ ਉਹਨਾਂ ਬੜੀ ਸਾਵਧਾਨੀ ਨਾਲ ਲੀਲਾ ਦੀ ਮਾਂ ਨੂੰ, ਉਸ ਉਤੇ ਪਾਇਆ ਅਤੇ ਉਸ ਨੂੰ ਅੰਦਰ ਲੈ ਗਏ। ਲੀਲਾ ਉਹਨਾਂ ਦੇ ਪਿੱਛੇ ਇੱਕ ਨਿੱਕੀ ਜਿਹੀ ਗੱਠੜੀ ਲੈ ਕੇ ਦੌੜੀ, ਜਿਸ ਵਿੱਚ ਇੱਕ ਸ਼ਾਲ, ਤੌਲੀਆ, ਇੱਕ ਕੰਘੀ ਤੇ ਧਾਤ ਦਾ ਇਕ ਗਲਾਸ ਸੀ। ਫਿਰ ਉਹ ਉਸ ਦੇ ਪਿੱਛੇ-ਪਿੱਛੇ ਦੌੜਦੀ ਸੀੜ੍ਹੀਆਂ ਚੜ੍ਹਦੀ-ਉਤਰਦੀ, ਵਰਾਂਡਿਆਂ ਵਿੱਚੋਂ ਦੀ ਹੁੰਦੀ, ਇੱਕ ਵਾਰਡ ਵਿੱਚ ਅੱਪੜ ਗਈ ਜਿਥੇ ਕਿ ਬਿਜਲੀ ਦੇ ਹੌਲੀ-ਹੌਲੀ ਚਲੇ ਰਹੇ ਪੱਖਿਆਂ ਹੇਠ, ਦੋਹਰੀ ਕਤਾਰ ਵਿੱਚ ਬਿਸਤਰ ਲੱਗੇ ਹੋਏ ਸਨ। ਕਮਰਾ ਠੰਡਾ ਸੀ ਅਤੇ ਬਾਰੀਆਂ ਦੇ ਸ਼ੀਸ਼ਿਆਂ 'ਤੇ ਹਰਾ ਰੰਗ ਕਰਕੇ ਹਨੇਰਾ ਕੀਤਾ ਹੋਇਆ ਸੀ। ਸਟਰੈਚਰ ਵਾਲੇ ਬੰਦਿਆਂ ਨੇ, ਉਸ ਦੀ ਮਾਂ ਨੂੰ ਚੁੱਕ ਕੇ, ਬਿਸਤਰਿਆਂ ਵਿੱਚੋਂ ਇੱਕ ਉਤੇ ਪਾ ਦਿੱਤਾ ਅਤੇ ਇਕ ਨਰਸ ਕਾਹਲੀ-ਕਾਹਲੀ ਆਈ ਅਤੇ ਉਸਨੂੰ ਆਰਾਮਦੇਹ ਹਾਲਤ ਵਿੱਚ ਕਰ ਦਿੱਤਾ।

"ਏਥੇ ਉਡੀਕ ਕਰੋ-ਮੈਂ ਡਾਕਟਰ ਨਾਲ ਗੱਲ ਕਰ ਕੇ ਆਉਂਦਾ ਹਾਂ, ਫਿਰ ਮੈਂ ਤੈਨੂੰ ਘਰ ਲੈ ਚਲਾਂਗਾ।" ਮਿਸਟਰ ਡੀ ਸਿਲਵਾ ਨੇ ਆਖਿਆ ਅਤੇ ਲੀਲਾ ਨੇ ਸਿਰ ਹਿਲਾਇਆ ਅਤੇ ਉਹ ਬਿਸਤਰ 'ਤੇ ਇੱਕ ਪਾਸੇ ਬੈਠ ਗਈ। ਉਹ ਡਰ ਅਤੇ ਘਬਰਾਹਟ ਨਾਲ ਕੰਬ ਰਹੀ ਸੀ, ਲਰਜ਼ ਰਹੀ ਸੀ।

"ਏਨਾ ਡਰੋ ਨਹੀਂ !" ਨਰਸ ਮੁਸਕਰਾਈ ਅਤੇ ਉਹਨੇ ਚਾਦਰ ਦੇ ਵਲ ਵੱਟ ਕੱਢ ਕੇ, ਉਸ ਨੂੰ ਸਿੱਧੀ ਕਰ ਦਿੱਤਾ ਅਤ ਬਿਸਤਰ ਦੇ ਨੇੜੇ ਪਏ ਇੱਕ ਛੋਟੇ ਜਿਹੇ ਮੇਜ਼ ਤੇ ਚੀਜ਼ਾਂ ਕਰੀਨੇ ਨਾਲ ਸਜਾ ਦਿੱਤੀਆਂ।

"ਅਸੀਂ ਉਹਦਾ ਪੂਰਾ ਧਿਆਨ ਰੱਖਾਂਗੇ-ਸਾਡੇ ਏਥੇ ਬਹੁਤ ਚੰਗੇ ਡਾਕਟਰ ਹਨ-ਹੁਣ ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ।"

ਡਾਕਟਰ ਆਇਆ ਅਤੇ ਉਹਨੇ ਲੀਲਾ ਦੀ ਮਾਂ ਦਾ ਮੁਆਇਨਾ ਕੀਤਾ, ਜਿਸ ਨੇ ਆਪਣੀਆਂ ਅੱਖਾਂ ਨਹੀਂ ਸਨ ਪੁੱਟੀਆਂ ਅਤੇ ਬੋਲੀ ਵੀ ਨਹੀਂ ਸੀ, ਸਗੋਂ ਚਾਦਰ ਹੇਠ ਚੁੱਪ-ਚਾਪ ਅਤੇ ਪੀਲੀ-ਭੂਕ ਪਈ ਸੀ। ਲੀਲਾ ਖੜੀ-ਖੜੀ ਆਪਣੇ ਬੁੱਲ੍ਹ ਟੁੱਕਦੀ ਰਹੀ, ਅਤੇ ਡਾਕਟਰ ਨੂੰ ਗਹੁ ਨਾਲ ਤੱਕਦੀ ਰਹੀ ਅਤੇ ਉਸ ਕੁਝ ਨੂੰ ਸਮਝਣ ਦਾ ਯਤਨ ਕਰਦੀ ਰਹੀ, ਜੋ ਕੁਝ ਡਾਕਟਰ ਨੇ ਅੰਗਰੇਜ਼ੀ ਵਿੱਚ ਮਿਸਟਰ ਡੀ ਸਿਲਵਾ ਨੂੰ ਆਖਿਆ ਸੀ। ਅਖ਼ੀਰ ਡਾਕਟਰ ਉਸ ਵਲ ਮੁੜਿਆ ਅਤੇ ਉਸ ਨੂੰ ਮਰਾਠੀ ਵਿੱਚ ਆਖਣ ਲੱਗਾ, "ਉਹਨੂੰ, ਏਥੇ ਸਾਡੇ ਪਾਸ ਛੱਡ ਜਾਓ। ਉਹਨੂੰ ਠੀਕ ਕਰਨ 'ਚ ਬਹੁਤ ਵਕਤ ਲੱਗੇਗਾ। ਉਹ ਬਹੁਤ ਹੀ ਲਿੱਸੀ ਹੋ ਗਈ ਹੈ। ਸਾਨੂੰ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ, ਕਈ ਸਾਰੇ ਟੈੱਸਟ ਕਰਨੇ ਪੈਣਗੇ, ਇਹ ਪਤਾ ਲਾਉਣ ਲਈ ਕਿ ਖ਼ਰਾਬੀ ਕੀ ਹੈ। ਇਸ ਵਿਚ ਕੁਝ ਦਿਨ ਲੱਗਣਗੇ। ਅਸੀਂ ਤੁਹਾਨੂੰ ਰੀਪੋਰਟ ਭੇਜ ਦੇਵਾਂਗੇ। ਜਾਂ ਫਿਰ ਤੁਸੀਂ ਹਫ਼ਤੇ ਕੁ ਬਾਅਦ ਆ ਕੇ, ਆਪ ਲਿਜਾ ਸਕਦੇ ਹੋ।

ਪਰ ਫ਼ਿਕਰ ਨਾ ਕਰੋ-ਕੋਈ ਅਜਿਹੀ ਖ਼ਰਾਬੀ ਨਹੀਂ, ਜੋ ਅਸੀਂ ਠੀਕ ਨਾ ਕਰ ਸਕਦੇ ਹੋਈਏ।"

ਲੀਲਾ ਨੇ ਆਪਣਾ ਸਿਰ ਹਿਲਾਇਆ: ਉਸ ਦਾ ਜੀਅ, ਮਾਂ ਨੂੰ ਛੱਡ ਕੇ ਜਾਣ ਦਾ ਨਹੀਂ ਸੀ। ਪਰ ਮਿਸਟਰ ਡੀ ਸਿਲਵਾ ਆਖਣ ਲੱਗਾ, "ਘਰ ਤੇਰੀਆਂ ਭੈਣਾਂ ਹਨ-ਆ, ਚਲੀਏ, ਕੁੱਝ ਦਿਨਾਂ ਬਾਅਦ ਮੈਂ ਤੈਨੂੰ ਫਿਰ ਲੈ ਆਵਾਂਗਾ, ਮੈਂ ਵਾਅਦਾ ਕਰਦਾ ਹਾਂ। ਉਠ.....ਆ ਚਲੀਏ।"

ਉਹ ਏਨੀ ਦਲੇਰ ਨਹੀਂ ਸੀ ਕਿ ਉਸ ਨਾਲ ਦਲੀਲਬਾਜ਼ੀ ਕਰਦੀ। ਇਸ ਲਈ, ਉਹ ਉਸਦੇ ਪਿੱਛੇ-ਪਿੱਛੇ ਕਾਰ ਵਿੱਚ ਜਾ ਬੈਠੀ, ਪਰ ਘਰ ਪੁੱਜਣ ਤੱਕ, ਸਾਰਾ ਰਸਤਾ ਰੋਂਦੀ ਰਹੀ।

ਉਸ ਰਾਤ, ਜਦੋਂ ਉਸ ਦਾ ਪਿਉ, ਘਰੋਂ ਬਾਹਰ ਜਾਣ ਲੱਗਾ, ਤਾਂ ਉਹਨੇ ਰੁਕ ਕੇ, ਉਸਨੂੰ ਤੱਕਿਆ ਜਦ ਕਿ ਉਹ ਕੁੱਝ ਲੱਕੜਾਂ ਨਾਲ ਅੱਗ ਬਾਲਣ ਦਾ ਯਤਨ ਕਰ ਰਹੀ ਸੀ ਅਤੇ ਗੱਜਿਆ, "ਤੇਰੀ ਮਾਂ ਕਿਥੇ ਗਈ ਆ?"

"ਮੈਂ ਉਸਨੂੰ ਅਲੀਬਾਗ਼ ਦੇ ਹਸਪਤਾਲ ਲੈ ਕੇ ਗਈ ਸਾਂ।" ਲੀਲਾ ਨੇ ਬਹੁਤ ਹਲਕੀ ਜਿਹੀ ਆਵਾਜ਼ ਵਿੱਚ ਆਖਿਆ। ਉਹ ਹਾਲੇ ਵੀ ਗੋਡਿਆਂ ਪਰਨੇ ਬੈਠੀ ਸੀ ਅਤੇ ਉਪਰ ਤੱਕਣ ਦੀ, ਉਸ ਦੀ ਹਿੰਮਤ ਨਹੀਂ ਸੀ ਹੋ ਰਹੀ।

ਜਿਉਂ ਹੀ ਉਹ ਉਸ ਵਲ ਆਪਣੇ ਪੈਰਾਂ 'ਤੇ ਮੁੜਿਆ, ਤਾਂ ਇੱਕ ਬਹੁਤ ਹੀ ਖ਼ਤਰਨਾਕ ਗਰਜ ਦੀ ਆਵਾਜ਼ ਆਈ, ਜਿਵੇਂ ਕੋਈ ਰੁੱਖ ਡਿੱਗਣ ਵਾਲਾ ਹੋਵੇ। ਕੰਧ ਉਪਰ ਉਸ ਦਾ ਪਰਛਾਵਾਂ ਬਲ ਰਹੀ ਅੱਗ ਦੀਆਂ ਨਿੱਕੀਆਂ ਡੋਲਦੀਆਂ ਕੰਬਦੀਆਂ ਲਾਟਾਂ ਸਦਕਾ, ਹੋਰ ਵੀ ਵੱਡਾ ਹੋ ਗਿਆ ਸੀ, ਜਿਵੇਂ ਕਿਸੇ ਦਿਓ ਦਾ ਹੋਵੇ। "ਤੁਸੀਂ ਮੈਨੂੰ ਪੁੱਛੇ ਬਗ਼ੈਰ, ਉਹਨੂੰ ਘਰੋਂ ਬਾਹਰ ਕਿਉਂ ਘੱਲਿਆ?" ਉਹ ਜ਼ੋਰ ਨਾਲ ਗੱਜਿਆ।

"ਪਿਤਾ ਜੀ ਤੁਸੀਂ ਸੁੱਤੇ......ਸੁ......ਤੇ.......ਪਏ ਸੀ।" ਲੀਲਾ ਹੌਲੀ ਜਿਹੀ ਆਖਣ ਲੱਗੀ। ਫਿਰ ਉਹਦੇ ਵਲੋਂ ਇੱਕ ਹੋਰ ਗਰਜ ਆਈ, "ਮੈਂ ਉਹਦੇ ਕੋਲ ਜਾਵਾਂਗਾ।" ਉਹ ਜ਼ੋਰ ਨਾਲ ਚਿੱਲਾਇਆ। 'ਮੈਨੂੰ ਦੱਸੇ ਬਗ਼ੈਰ ਤੁਸੀਂ ਉਸ ਨੂੰ ਘਰੋਂ ਲੈ ਕੇ ਹੀ ਕਿਉਂ ਗਏ। ਮੈਂ ਅਲੀਬਾਗ਼ ਜਾਵਾਂਗਾ। ਉਸ ਨੂੰ ਲੱਭ ਲਵਾਂਗਾ। ਉਸ ਨੂੰ ਇਕੱਲੀ ਨਹੀਂ ਛੱਡਿਆ ਜਾ ਸਕਦਾ, ਮੂਰਖ ਕੁੜੀਏ।"

"ਨਰਸਾਂ ਤੇ ਡਾਕਟਰ ਉਹਦੀ ਦੇਖ-ਭਾਲ ਕਰਨਗੀਆਂ, ਪਿਤਾ ਜੀ।" ਲੀਲਾ ਨੇ ਰੋਣਹਾਕੀ ਹੋ ਕੇ ਆਖਿਆ। ਉਸ ਨੂੰ ਡਰ ਸੀ ਕਿ ਉਹ ਹਸਪਤਾਲ ਜਾ ਪੁੱਜੇਗਾ ਅਤੇ ਉਥੇ ਸ਼ਰਾਬੀਆਂ ਵਾਲਾ ਹੂ-ਹੱਲੇ-ਭਰਿਆ ਦ੍ਰਿਸ਼ ਪੈਦਾ ਕਰ ਦੇਵੇਗਾ।

"ਐਵੇਂ, ਅੱਗੋਂ ਨਾ ਬੋਲ ਕੁੜੀਏ।" ਉਹ ਉਚੀ ਆਵਾਜ਼ ਵਿੱਚ ਚਿੱਲਾਇਆ। "ਤੈਨੂੰ ਕਿਸੇ ਗੱਲ ਦਾ ਪਤਾ ਹੀ ਕੀ ਹੈ? ਤੈਨੂੰ ਇਹ ਖ਼ਿਆਲ ਕਿਵੇਂ ਐ ਕਿ ਤੂੰ ਚੀਜ਼ਾਂ ਦਾ ਬੰਦੋਬਸਤ ਕਰ ਸਕਦੀ ਏਂ? ਤੂੰ ਨਹੀਂ ਕਰ ਸਕਦੀ।" ਉਹਨੇ ਗ਼ੁੱਸੇ ਵਿੱਚ ਮਿੱਟੀ ਦੇ ਇੱਕ ਭਾਂਡੇ ਨੂੰ ਜ਼ੋਰ ਦੀ ਠੋਕਰ ਮਾਰੀ। ਉਹ ਭਾਂਡਾ ਠਾਹ ਦੇ ਕੇ ਡਿੱਗਾ ਅਤੇ ਟੁੱਟ ਗਿਆ। ਉਸ ਦੀਆਂ ਠੀਕਰੀਆਂ-ਕੰਕਰਾਂ ਨਾਲ ਸਾਰਾ ਫ਼ਰਸ਼ ਭਰ ਗਿਆ। ਇਸ ਨਾਲ ਉਸ ਨੂੰ ਹੋਰ ਵਧੇਰੇ ਰੋਹ ਚੜ੍ਹ ਗਿਆ, ਅਤੇ ਉਹਨੇ ਟੁੱਟੇ ਟੁਕੜਿਆਂ ਉਤੇ ਜ਼ੋਰ-ਜ਼ੋਰ ਦੀ ਪੈਰ ਪਟਕੇ ਅਤੇ ਉਹਨਾਂ ਨੂੰ ਚਿਣੀ-ਚਿਣੀ ਕਰਨ ਲੱਗ ਪਿਆ ਅਤੇ ਉਚੀ-ਉਚੀ ਚੀਖ਼ਦਾ ਚਿੱਲਾਉਂਦਾ ਰਿਹਾ। "ਤੂੰ, ਉਹਨੂੰ ਇਕੱਲਿਆਂ ਕਿਵੇਂ ਛੱਡ ਸਕਦੀ ਸੀ? ਜੇ ਉਹਨੂੰ ਕਿਸੇ ਚੀਜ਼ ਦੀ ਲੋੜ ਪਈ, ਤਾਂ ਕੀ ਹੋਵੇਗਾ? ਜੇ ਉਹਨੇ ਮੇਰੇ ਬਾਰੇ ਪੁੱਛਿਆ, ਤਾਂ ਕੀ ਹੋਵੇਗਾ? ਕੀ ਤੂੰ ਇਹ ਵੀ ਸੋਚਿਐ, ਉਹਨੇ ਪੜਛੱਤੀ ਤੋਂ ਇੱਕ

ਹੋਰ ਭਾਂਡਾ ਚੁੱਕਿਆ ਅਤੇ ਲੀਲਾ ਦੇ ਸਾਹਮਣੇ, ਜ਼ੋਰ ਨਾਲ ਫ਼ਰਸ਼ 'ਤੇ ਵਗਾਹ ਮਾਰਿਆ ਤੇ ਉਹ ਡਰ ਨਾਲ ਸਿਮਟ ਗਈ।

"ਛੇਤੀ ਕਰ, ਥੋੜ੍ਹਾ ਕੁ ਖਾਣਾ ਬਣਾ ਦੇ-ਮੈਂ ਉਹਦੇ ਵਾਸਤੇ ਲੈ ਕੇ ਜਾਵਾਂਗਾ।"

"ਪਿਤਾ ਜੀ, ਬਹੁਤ ਦੇਰ ਹੋ ਗਈ ਹੈ!" ਲੀਲਾ ਨੇ ਰੋਂਦਿਆਂ ਹੋਇਆਂ ਆਖਿਆ।

"ਕੋਈ ਦੇਰ ਨਹੀਂ ਹੋਈ, ਐਵੇਂ, ਅੱਗੋਂ ਨਾ ਬੋਲ।" ਉਹ ਚਿੱਲਾਇਆ ਅਤੇ ਇੱਕ ਝਟਕੇ ਨਾਲ ਪੜਛੱਤੀ 'ਤੇ ਪਏ ਗਲਾਸਾਂ ਦੀ ਇੱਕ ਪੂਰੀ ਦੀ ਪੂਰੀ ਪਾਲ ਹੀ ਥੱਲੇ ਗਵਾਹ ਮਾਰੀ।

"ਝੱਟ-ਪਟ ਖਾਣਾ ਬਣਾ। ਮੈਂ ਖਾਣਾ ਲੈ ਕੇ, ਉਸ ਪਾਸ ਅਲੀਬਾਗ਼ ਜਾ ਰਿਹਾਂ।" ਉਹ ਜ਼ੋਰ ਨਾਲ ਗੱਜਿਆ ਅਤੇ ਘਰ ਦੇ ਅੰਦਰ ਪੈਰ ਪਟਕਣ ਲੱਗਾ ਅਤੇ ਚੀਜ਼ਾਂ ਵਗਾਹ ਕੇ ਏਧਰ-ਉਧਰ ਮਾਰਨ ਲੱਗਾ, ਜਦਕਿ ਲੀਲਾ ਕਾਹਲੀ-ਕਾਹਲੀ ਰੋਟੀਆਂ ਪਕਾਉਣ ਤੇ ਰਾੜ੍ਹਨ ਲੱਗ ਪਈ। ਉਸ ਦੀਆਂ ਅੱਖੀਆਂ 'ਚੋਂ ਪਰਲ-ਪਰਲ ਅੱਥਰੂ ਵਗ ਰਹੇ ਸਨ। ਅਤੇ ਉਸ ਨੂੰ ਕੁੱਝ ਵੀ ਵਿਖਾਈ ਨਹੀਂ ਸੀ ਦੇ ਰਿਹਾ।

ਘਰ ਵਿੱਚ ਰਿੰਨ੍ਹਣ-ਪਕਾਉਣ ਨੂੰ ਏਨਾ ਥੋੜ੍ਹਾ ਸੀ ਕਿ ਉਹ ਮੁਸ਼ਕਲ ਨਾਲ ਖਾਣੇ ਦੀ ਇੱਕ ਨਿੱਕੀ ਜਿਹੀ ਪੋਟਲੀ ਹੀ ਬੰਨ੍ਹ ਸਕੀ। ਉਹਨੇ ਉਹ ਪੋਟਲੀ ਆਪਣੇ ਪਿਉ ਨੂੰ ਫੜਾ ਦਿੱਤੀ ਅਤੇ ਉਹ ਕਾਹਲੀ ਨਾਲ ਤੂਫ਼ਾਨ ਵਾਂਗ, ਹਨੇਰੇ ਵਿੱਚ ਆਪਣੇ ਰਾਹ ਪੈ ਗਿਆ। ਤੁਰਿਆ-ਤੁਰਿਆ ਜਾਂਦਾ, ਉਹ ਸਭਨਾਂ ਨੂੰ ਕੋਸਦਾ ਜਾ ਰਿਹਾ ਸੀ, ਬੁਰਾ-ਭਲਾ ਬੋਲਦਾ ਜਾ ਰਿਹਾ ਸੀ ਏਥੋਂ ਤੱਕ ਕਿ ਥਲ ਦੇ ਸਾਰੇ ਆਵਾਰਾ ਕੁੱਤੇ ਜਾਗ ਪਏ ਅਤੇ ਉਹ ਉਚੀ-ਉਚੀ ਭੌਂਕਣ ਲੱਗ ਪਏ।

ਅਚਨਚੇਤੀ ਲੀਲਾ ਨੂੰ ਕਿਸੇ ਗੱਲ ਦਾ ਚੇਤਾ ਆਇਆ। ਰਸੋਈ ਦੀ ਕੰਧ 'ਤੇ ਟੰਗੀ ਹੋਈ ਲਾਲਟੈਨ ਨੂੰ, ਕਿੱਲ ਤੋਂ ਕਾਹਲੀ ਨਾਲ ਲਾਹੁੰਦਿਆਂ, ਉਹ ਪਾਣੀ ਦੇ ਪਾੜ ਉਤਲੀ ਗੋਲੀ ਤੱਕ ਭੱਜੀ-ਭੱਜੀ ਗਈ ਅਤੇ ਉਚੀ ਆਵਾਜ਼ ਵਿੱਚ ਆਖਣ ਲੱਗੀ, "ਬਾਪੂ, ਬਾਪੂ ! ਜੇ ਖਾਨੇਕਰ ਭਰਾ ਮੁੜ ਪੈਸਿਆਂ ਦਾ ਪੁੱਛਣ ਆਉਣ ਤਾਂ ਮੈਂ ਕੀ ਆਖਾਂ?"

ਉਹ ਹਨੇਰੇ ਵਿੱਚ ਆਪਣੇ ਪਿਉ ਦੇ ਚਿਹਰੇ ਨੂੰ ਨਾ ਵੇਖ ਸਕੀ ਅਤੇ ਨਾ ਹੀ ਉਸ ਉਪਰਲੇ ਭਾਵਾਂ ਨੂੰ ਸਮਝ ਸਕੀ, ਪਰ ਉਹਨੇ ਉਸ ਨੂੰ ਪਲ-ਛਿਣ ਲਈ ਰੁਕਦਿਆਂ ਜ਼ਰੂਰ ਵੇਖਿਆ। ਫਿਰ ਉਹ ਏਧਰ-ਉਧਰ ਹਿੱਲਿਆ ਡੋਲਿਆ, ਉਹਨੇ ਆਪਣਾ ਹੱਥ, ਆਪਣੇ ਸਿਰ ਤੱਕ ਉਲਾਰਿਆ ਅਤੇ ਗਰਜਿਆ, "ਉਹਨਾਂ ਨੂੰ ਆਖ ਦਈਂ ਕਿ ਮੇਰੀ ਜ਼ਮੀਨ ਛੱਡ ਦੇਣ......, ਬਸ।"

"ਬਾਪੂ, ਬਾਪੂ, ਪਿਛਲੀ ਵਾਰ ਉਹਨਾਂ ਪਿੰਟੋ ਨੂੰ ਮਾਰ ਦਿੱਤਾ ਸੀ, ਕਿਉਂਕਿ ਉਹ ਆਖਦੇ ਸਨ, ਕਿ ਤੂੰ ਉਹਨਾਂ ਦੇ ਤਾੜੀ ਦੇ ਪੈਸੇ ਦੇਣੇ ਹਨ!......" ਲੀਲਾ ਕੰਬਦੀ ਹੋਈ ਆਵਾਜ਼ ਵਿੱਚ ਚਿੱਲਾਈ।

"ਇਹ ਝੂਠ ਹੈ, ਮੈਂ ਕਿਸੇ ਦੇ ਕੋਈ ਪੈਸੇ ਨਹੀਂ ਦੇਣੇ।" ਉਹ ਗਰਜਿਆ। ਉਹ ਕਿਉੜੇ ਦੇ ਝੁੰਡ ਵਿੱਚ, ਇੱਕ ਪ੍ਰੇਤ ਵਾਂਗ, ਏਧਰ-ਉਧਰ ਹਿੱਲ-ਡੋਲ ਰਿਹਾ ਸੀ। ਫਿਰ ਰਤਾ ਕੁ ਨੀਵੀਂ ਆਵਾਜ਼ ਵਿੱਚ ਉਹਨੇ ਆਖਿਆ, "ਮੈਂ ਉਹਨਾਂ ਦੇ ਘਰ ਕੋਲ ਰੁਕਾਂਗਾ ਅਤੇ ਉਹਨਾਂ ਨੂੰ ਪੈਸੇ ਦੇ ਦਿਆਂਗਾ। ਮੈਂ ਬੁੱਢੀ ਹੀਰਾ ਬਾਈ ਨੂੰ, ਤੁਹਾਡੇ ਭਰਾ ਦੇ ਵਾਪਸ ਆ ਜਾਣ ਤੱਕ, ਤੁਹਾਡਾ, ਕੁੜੀਆਂ ਦਾ ਧਿਆਨ ਰੱਖਣ ਲਈ ਆਖ ਜਾਵਾਂਗਾ। ਕੋਸੋ ਉਸ ਨੂੰ, ਕਿਥੇ ਹੈ ਉਹ ਬਦਮਾਸ਼?"

ਮਿਣ-ਮਿਣ, ਬੁੜ-ਬੁੜ ਕਰਦਾ, ਉਹ ਰੁੱਖ-ਝਾੜਾਂ ਦੇ ਝੁੰਡ ਵਿੱਚੋਂ ਦੀ ਧੁੱਸ ਦਿੰਦਾ ਹੋਇਆ, ਖਾਨੇਕਰਾਂ ਦੇ ਘਰ ਜਾ ਪੁੱਜਾ।

ਲੀਲਾ ਝਗੜੇ ਦੇ ਰੌਲੇ ਰੱਪੇ ਨੂੰ ਧਿਆਨ ਨਾਲ ਸੁਣਨ ਲਈ ਖੜੀ ਰਹੀ। ਪਰ ਕੋਈ ਝਗੜਾ ਨਾ ਹੋਇਆ। ਹਾਂ, ਉਹਨੇ ਇਹ ਸਮਝ ਲਿਆ ਕਿ ਰਾਤ ਦੇ ਇਸ ਵੇਲੇ ਖਾਨੇਕਰ ਭਰਾ ਘਰ ਨਹੀਂ ਹੋਣਗੇ ! ਉਹ ਬਾਹਰ ਕਿਧਰੇ ਪੀ-ਪਿਲਾ ਰਹੇ ਹੋਣਗੇ। ਸੰਭਵ ਤੌਰ 'ਤੇ ਬੁੱਢੀ ਹੀਰਾ-ਬਾਈ ਹੀ ਘਰ ਸੀ। ਉਹ ਨਿਸ਼ਚੇ ਹੀ ਉਨੀ ਮਾੜੀ ਨਹੀਂ ਸੀ, ਜਿੰਨੇ ਕਿ ਮਰਦ। ਇਸ ਲਈ ਉਹ ਘਰ ਦੇ ਅੰਦਰ ਵਾਪਸ ਚਲੀ ਗਈ। ਉਸ ਨੂੰ ਇਹ ਯਕੀਨ ਸੀ ਕਿ ਉਹਦਾ ਪਿਉ, ਸਿੱਧਾ ਤਾੜੀ ਪੀਣ ਲਈ, ਤਾੜੀ ਦੀ ਦੁਕਾਨ 'ਤੇ ਜਾਵੇਗਾ।

ਉਹ ਅਗਲੇ ਦਿਨ, ਜਾਂ ਉਸ ਤੋਂ ਵੀ ਅਗਲੇ ਦਿਨ, ਘਰ ਨਾ ਪਰਤਿਆ। ਜਦੋਂ ਮਿਸਟਰ ਡੀ ਸਿਲਵਾ ਲੀਲਾ ਨੂੰ, ਉਸਦੀ ਮਾਂ ਨੂੰ ਮਿਲਣ ਅਤੇ ਰੀਪੋਰਟਾਂ ਲੈਣ ਲਈ ਲੈ ਗਿਆ, ਤਾਂ ਉਹ ਆਪਣੇ ਪਿਉ ਨੂੰ, ਆਪਣੀ ਮਾਂ ਦੇ ਵਾਰਡ ਦੇ ਬਾਹਰ ਵਰਾਂਡੇ 'ਚ ਬੈਠਿਆਂ ਵੇਖ ਕੇ ਡਰ ਗਈ। ਜਦੋਂ ਉਹਨੇ ਉਹਨਾਂ ਨੂੰ ਆਉਂਦਿਆਂ ਵੇਖਿਆ, ਤਾਂ ਉਹ ਅਚਾਨਕ ਉਠ ਖੜਾ ਹੋਇਆ ਅਤੇ ਚੁੱਪਚਾਪ ਦਰਵਾਜ਼ੇ ਕੋਲ ਚਲਿਆ ਗਿਆ, ਜਦੋਂ ਕਿ ਲੀਲਾ ਅੰਦਰ ਚਲੀ ਗਈ। ਜਦ ਲੀਲਾ ਉਹਦੇ ਕੋਲ ਦੀ ਲੰਘੀ, ਤਾਂ ਉਹਨੇ ਵੇਖਿਆ ਕਿ ਘੱਟੋ-ਘੱਟ ਇੱਕ ਵਾਰੀ, ਉਹਨੇ ਤਾੜੀ ਨਹੀਂ ਸੀ ਪੀਤੀ ਹੋਈ। ਉਹ ਏਨਾ ਬੁੱਢਾ ਅਤੇ ਮਾੜਾ ਹੋ ਗਿਆ ਸੀ, ਅਤੇ ਉਸਦੀ ਕਮਰ ਏਨੀ ਝੁਕ ਗਈ ਸੀ ਕਿ ਪਹਿਲੀ ਵਾਰ ਲੀਲਾ ਨੂੰ ਉਸ 'ਤੇ ਤਰਸ ਜਿਹਾ ਆਇਆ। ਫਿਰ ਉਹ ਆਪਣੀ ਮਾਂ ਨੂੰ ਵੇਖਣ ਅੰਦਰ ਚਲੀ ਗਈ। ਉਹ ਆਪਣੇ ਬਿਸਤਰ 'ਤੇ ਹੀ ਸੀ ਅਤੇ ਜਾਗ ਰਹੀ ਸੀ, ਨਾਤ੍ਹੀ-ਧੋਤੀ, ਸਾਫ਼-ਸੁਥਰੀ। ਨਰਸ ਰੁਕੀ ਅਤੇ ਉਹਨੇ ਲੀਲਾ 'ਤੇ ਇੱਕ ਮੁਸਕਾਨ ਸੁੱਟੀ, "ਦੇਖੋ ਨਾ, ਉਹ ਹਾਲੇ ਏਥੇ ਹੀ ਹੈ, ਤੇਰੀ ਮਾਂ-ਅਸੀਂ ਉਹਨੂੰ ਕਿਧਰੇ ਛੁਪਾਇਆ ਨਹੀਂ। ਕੀ ਉਹ ਪਹਿਲਾਂ ਨਾਲੋਂ ਠੀਕ ਨਹੀਂ ਲੱਗਦੀ? ਉਹ ਆਪਣੀ ਦਵਾਈ ਲੈ ਰਹੀ ਹੈ ਅਤੇ ਉਹ ਪਹਿਲਾਂ ਨਾਲੋਂ ਬਹੁਤ ਠੀਕ ਹੈ।"

ਲੀਲਾ ਬਹਿ ਗਈ ਅਤੇ ਉਹਨੇ ਆਪਣੀ ਮਾਂ ਦਾ ਹੱਥ ਫੜ ਲਿਆ। ਉਹ ਸੁੱਖ ਦੇ ਇਹਸਾਸ ਨਾਲ ਮੁਸਕਰਾ ਰਹੀ ਸੀ। ਅੱਗੋਂ, ਉਸ ਦੀ ਮਾਂ ਵੀ ਚੁੱਪਚਾਪ, ਖ਼ਾਮੋਸ਼ ਮੁਸਕਰਾ ਪਈ।

ਮਿਸਟਰ ਡੀ ਸਿਲਵਾ ਰੀਪੋਰਟਾਂ ਲੈਣ ਲਈ ਡਾਕਟਰ ਕੋਲ ਗਿਆ। ਜਦੋਂ ਉਹ ਘਰ ਵਾਪਸ ਜਾ ਰਹੇ ਸਨ, ਤਾਂ ਉਹਨੇ ਲੀਲਾ ਨੂੰ ਸਭ ਕੁਝ ਦੱਸਿਆ, "ਉਹਨੂੰ ਖ਼ੂਨ ਦੀ ਕਮੀ ਦਾ ਰੋਗ ਹੈ। ਡਾਕਟਰ ਦਾ ਕਹਿਣਾ ਹੈ ਕਿ ਰੋਗੀ ਦੀ ਹਾਲਤ ਬਹੁਤ ਹੀ ਮਾੜੀ ਹੈ। ਇਹ ਸੁਭਾਗ ਦੀ ਗੱਲ ਹੈ ਕਿ ਅਸੀਂ ਸਮੇਂ ਸਿਰ ਉਸ ਨੂੰ ਏਥੇ ਲੈ ਆਏ ਹਾਂ। ਉਹਨਾਂ ਬਹੁਤ ਸਾਰੇ ਟੈੱਸਟ ਕੀਤੇ ਹਨ, ਐਕਸਰੇਅ ਅਤੇ ਖ਼ੂਨ ਦੀ ਜਾਂਚ ਅਤੇ ਹੋਰ ਬਹੁਤ ਕੁੱਝ, ਅਤੇ ਉਹਨਾਂ ਨੂੰ ਪਤਾ ਲੱਗਾ ਹੈ ਕਿ ਉਸ ਨੂੰ ਮਾੜੀ ਜਿਹੀ ਟੀ. ਬੀ. ਵੀ ਹੈ। ਐਵੇਂ ਮਾਮੂਲੀ ਜਿਹੀ, ਜਿਸਨੂੰ ਉਹ ਦਵਾਈਆਂ ਨਾਲ ਠੀਕ ਕਰ ਸਕਦੇ ਹਨ। ਉਹ ਉਸਨੂੰ ਇੰਜੈਕਸ਼ਨ ਦੇ ਰਹੇ ਹਨ ਤੇ ਚੰਗੀ ਖ਼ੁਰਾਕ, ਅਤੇ ਉਹ ਠੀਕ ਹੋ ਜਾਵੇਗੀ। ਹਾਂ, ਵਕਤ ਜ਼ਰੂਰ ਲੱਗੇਗਾ, ਤੁਹਾਡੇ ਪਿਤਾ ਨੇ ਆਖਿਆ ਹੈ ਕਿ ਉਹ ਏਥੇ ਹੀ ਠਹਿਰੇਗਾ ਅਤੇ ਉਸਦੀ ਦੇਖ-ਭਾਲ ਕਰੇਗਾ। ਕੀ ਇਹ ਠੀਕ ਹੈ?"

ਲੀਲਾ ਜੋ ਕਾਰ ਦੀ ਪਿਛਲੀ ਸੀਟ 'ਤੇ ਔਖੀ ਜਿਹੀ ਬੈਠੀ ਸੀ, ਅਤੇ ਤਿਲਕਦੀ ਸੀਟ ਜਾਂ ਕਾਰ ਦੇ ਹਿਚਕੋਲੇ, ਡਿੱਕੋ-ਡੋਲੇ ਖਾ ਕੇ ਚੱਲਣ ਦੀ ਆਦੀ ਨਹੀਂ ਸੀ, ਨੂੰ ਸਿਰ ਹਿਲਾਉਣਾ

ਪਿਆ ਅਤੇ ਮੰਨਣਾ ਪਿਆ। ਉਹ ਹੋਰ ਕੁਝ ਕਰ ਵੀ ਨਹੀਂ ਸੀ ਸਕਦੀ, ਭਾਵੇਂ ਹਜ਼ਾਰਾਂ ਚਿੰਤਾਵਾਂ ਉਸ ਦੇ ਮਨ ਉਤੇ ਬੱਦਲਹਾਰ ਛਾਈਆਂ ਹੋਈਆਂ ਸਨ ਅਤੇ ਉਸ ਦੇ ਚਿਹਰੇ ਨੂੰ ਧੁਆਂਖ ਰਹੀਆਂ ਸਨ, ਕਾਲਾ ਕਰ ਰਹੀਆਂ ਸਨ। ਮਿਸਟਰ ਡੀ ਸਿਲਵਾ ਉਸਨੂੰ ਵਿੰਡ ਸਕਰੀਨ 'ਤੇ ਲਟਕ ਰਹੇ ਨਿੱਕੇ ਜਿਹੇ ਸ਼ੀਸ਼ੇ ਵਿੱਚ ਧਿਆਨ ਨਾਲ ਵੇਖਦਾ ਜਾਪ ਰਿਹਾ ਸੀ। "ਏਨੀ ਚਿੰਤਾ ਨਾ ਕਰ।" ਉਹਨੇ ਦਇਆ ਭਾਵਨਾ ਨਾਲ ਆਖਿਆ। "ਮੈਂ ਤੁਹਾਡੇ ਪਿਉ ਨੂੰ ਉਹਦੇ ਖਾਣੇ ਆਦਿ ਵਾਸਤੇ ਕੁੱਝ ਪੈਸੇ ਦੇ ਦਿੱਤੇ ਹਨ ਕਿਉਂਕਿ ਉਹ ਹਸਪਤਾਲ 'ਚ ਹੀ ਰੁਕਣਾ ਚਾਹੁੰਦਾ ਹੈ। ਅਸੀਂ ਸਿਰਫ਼ ਦਵਾਈਆਂ ਦਾ ਖ਼ਰਚ ਹੀ ਅਦਾ ਕਰ ਰਹੇ ਹਾਂ। ਉਂਜ ਹਸਪਤਾਲ ਮੁਫ਼ਤ ਹੈ! ਤੂੰ ਅਤੇ ਤੇਰੀਆਂ ਭੈਣਾਂ ਸਾਡੇ ਜੋ ਕੰਮ ਕਰਦੀਆਂ ਹੋ, ਉਸ ਲਈ ਤੁਹਾਨੂੰ ਪੈਸੇ ਮਿਲਣਗੇ, ਇਸ ਲਈ ਘਰ ਦਾ ਕੰਮ ਚਲਾਉਣ ਲਈ ਤੁਹਾਡੇ ਪਾਸ ਕੁਝ ਤਾਂ ਹੋਵੇਗਾ।"

"ਪਰ ਤੁਸੀਂ ਤਾਂ ਛੇਤੀ ਹੀ ਚਲੇ ਜਾਉਗੇ।" ਲੀਲਾ ਨੇ ਬੁੜ-ਬੁੜ ਕੀਤੀ।

"ਹਾਂ, ਅਸੀਂ ਤਾਂ ਜਾ ਰਹੇ ਹਾਂ, ਪਰ ਬੰਬਈ ਤੋਂ ਸਾਡਾ ਇੱਕ ਦੋਸਤ 'ਮੌਨ ਰੀਪੋਜ਼' ਵਿਚ ਕੁਝ ਮਹੀਨਿਆਂ ਲਈ ਰਹਿਣ ਵਾਸਤੇ ਆ ਰਿਹਾ ਹੈ। ਉਹ ਇਕੱਲਾ ਹੋਵੇਗਾ ਅਤੇ ਉਸ ਨੂੰ ਆਪਣੀ ਦੇਖ-ਭਾਲ ਲਈ, ਇੱਕ ਨੌਕਰ ਦੀ ਲੋੜ ਹੋਵੇਗੀ, ਕਿਉਂਕਿ ਅਸੀਂ ਆਪਣੇ ਨੌਕਰ ਨੂੰ ਆਪਣੇ ਨਾਲ ਵਾਪਸ ਲਿਜਾ ਰਹੇ ਹਾਂ। ਜੇ ਤੁਸੀਂ ਉਸ ਦਾ ਝਾੜੂ-ਪੋਚਾ ਕਰ ਦਿਆ ਕਰੋ, ਕੱਪੜੇ ਵਗ਼ੈਰਾ ਧੋ ਦਿਆ ਕਰੋ ਅਤੇ ਖਾਣਾ ਬਣਾ ਦਿਆ ਕਰੋ, ਤਾਂ ਉਹ ਤੁਹਾਨੂੰ ਤਨਖ਼ਾਹ ਦੇਵੇਗਾ।"

"ਕੁੱਝ ਮਹੀਨਿਆਂ ਵਾਸਤੇ !" ਲੀਲਾ ਨੇ ਹੈਰਾਨੀ ਨਾਲ ਪੁੱਛਿਆ। ਉਸ ਨੂੰ ਯਕੀਨ ਨਹੀਂ ਸੀ ਆ ਰਿਹਾ। ਕੋਈ ਵੀ 'ਮੌਨ-ਰੀਪੋਜ਼' ਵਿਚ ਏਨਾ ਚਿਰ ਕਦੇ ਵੀ ਨਹੀਂ ਸੀ ਠਹਿਰਿਆ। ਪਰ ਮੌਨਸੂਨ ਆ ਜਾਵੇਗੀ।

"ਹਾਂ, ਉਹ ਮੌਨਸੂਨ ਹੀ ਤਾਂ ਥਲ ਵਿੱਚ ਬਿਤਾਉਣਾ ਚਾਹੁੰਦਾ ਹੈ। ਉਹ ਇੱਕ ਅਧਿਐਨ ਕਰ ਰਿਹਾ ਹੈ-ਹਾਂ-ਤੁਹਾਨੂੰ ਪਤਾ ਲੱਗ ਜਾਵੇਗਾ। ਉਹ ਇੱਕ ਅਜੀਬ ਆਦਮੀ ਹੈ।" ਮਿਸਟਰ ਡੀ ਸਿਲਵਾ ਨੇ ਗੁੜ੍ਹਕ ਕੇ ਆਖਿਆ ਅਤੇ ਸੜਕ 'ਤੇ ਜਾ ਰਹੀ ਇੱਕ ਬੈਲ ਗੱਡੀ ਨੂੰ ਬਚਾਉਣ ਲਈ, ਉਹਨੇ ਕਾਰ ਨੂੰ ਇਕਦਮ ਤੇਜ਼ੀ ਨਾਲ ਇੱਕ ਪਾਸੇ ਵਲ ਮੋੜਿਆ। ਉਹ ਝੋਲ ਖਾ ਗਈ। ਜਦ ਫਿਰ ਕਾਰ ਟਿਕ ਕੇ ਅੱਗੇ ਵਧਣ ਲੱਗੀ ਤਾਂ ਉਹਨੇ ਆਖਿਆ, "ਇਸ ਲਈ ਹੁਣ ਚਿੰਤਾ ਕਰਨੀ ਛੱਡ ਦੇ-ਤੇਰੇ ਪਾਸ ਕੰਮ ਹੋਵੇਗਾ ਅਤੇ ਤੂੰ ਪੈਸੇ ਕਮਾਵੇਂਗੀ ਅਤੇ ਤੇਰੀ ਮਾਂ ਦੀ ਹਸਪਤਾਲ 'ਚ ਦੇਖ-ਭਾਲ ਹੁੰਦੀ ਰਹੇਗੀ। ਉਹਨੂੰ ਵੇਖਣ ਲਈ, ਤੇਰਾ ਪਿਤਾ ਉਥੇ ਹੈ।" ਅਤੇ ਉਹ ਖ਼ੁਸ਼ੀ ਵਿੱਚ ਸੀਟੀ ਵਜਾਉਣ ਲੱਗ ਪਿਆ, ਜਿਵੇਂ ਹਰ ਇੱਕ ਸਮੱਸਿਆ ਹੱਲ ਹੋ ਗਈ ਹੋਵੇ। ਲੀਲਾ ਨੂੰ ਇਸ ਬਾਰੇ ਏਨਾ ਵਿਸ਼ਵਾਸ ਨਹੀਂ ਸੀ ਪਰ ਉਹ ਪ੍ਰਸੰਨ ਸੀ। ਉਸ ਕੋਲ ਅੱਗੋਂ ਕਹਿਣ ਲਈ ਕੁਝ ਹੋਰ ਨਹੀਂ ਸੀ ਅਤੇ ਉਹ ਚੁੱਪਚਾਪ, ਬਾਰੀ ਤੋਂ ਬਾਹਰ ਬੰਜਰ-ਵੀਰਾਨ ਅਤੇ ਸੁੱਕੇ, ਸੜੇ ਖੇਤਾਂ ਨੂੰ ਨਿਹਾਰਦੀ ਰਹੀ ਅਤੇ ਨਾਲ ਹੀ ਭਵਿੱਖ ਬਾਰੇ ਸੋਚਦੀ ਰਹੀ। ਜਦੋਂ ਦਾ ਹਰੀ ਗਿਆ ਸੀ, ਹਰ ਗੱਲ ਬੇਯਕੀਨੀ ਹੋ ਗਈ ਸੀ।

ਉਹਨੇ ਹਰੀ ਬਾਰੇ ਏਨੇ ਅਪਣੱਤ ਭਰੇ ਭਾਵ ਨਾਲ ਸੋਚਿਆ ਕਿ ਉਸ ਦੇ ਹੰਝੂ ਉਸ ਦੀਆਂ ਅੱਖਾਂ ਨੂੰ ਡੰਗਣ ਲੱਗ ਪਏ। ਉਸ ਦੀਆਂ ਉਂਗਲੀਆਂ ਮੁੜ ਗਈਆਂ ਅਤੇ ਉਹਨਾਂ ਵਿੱਚ ਗੰਢਾਂ ਪੈਣ ਲੱਗ ਪਈਆਂ। ਜਾਪਦਾ ਸੀ ਕਿ ਹਰੀ ਨੂੰ ਇਸ ਦਾ ਪਤਾ ਸੀ, ਜਿਥੇ ਕਿਧਰੇ

ਵੀ ਉਹ ਸੀ, ਕਿਉਂਕਿ ਜਦੋਂ ਉਹ ਕਾਰ 'ਚੋਂ ਬਾਹਰ ਨਿਕਲੇ ਤਾਂ ਬੇਲਾ ਅਤੇ ਕਮਲ, ਪਾਣੀ ਦੇ ਪਾੜ ਉਤਲੀ ਲੱਕੜ 'ਤੇ ਖੜੀਆਂ ਸਨ, ਅਤੇ ਇਕ ਪੀਲਾ ਪੋਸਟ ਕਾਰਡ ਹਵਾ ਵਿੱਚ ਲਹਿਰਾ ਰਹੀਆਂ ਸਨ ਅਤੇ ਉਚੀ-ਉਚੀ ਚਿੱਲਾ ਰਹੀਆਂ ਸਨ, "ਹਰੀ ! ਹਰੀ ਨੇ ਸਾਨੂੰ ਚਿੱਠੀ ਲਿਖੀ ਹੈ।" ਹਰੀ !" ਲੀਲਾ ਕਾਰ 'ਚੋਂ ਉੱਲਰਦੀ ਅਤੇ ਉਹਨਾਂ ਵਲ ਦੌੜਦੀ ਹੋਈ ਚਿੱਲਾਈ, "ਉਹ ਕਿਥੇ ਹੈ? ਉਹ ਕੀ ਕਰਦਾ ਹੈ?"

# ਕਾਂਡ ਨੌਂ

ਸਿਰੀ ਕ੍ਰਿਸ਼ਨ ਭੋਜਨ-ਸ਼ਾਲਾ ਦੇ ਉਸ ਸੜਦੇ ਬਲਦੇ ਕਿਚਨ ਵਿੱਚ ਕੰਮ ਕਰਨਾ ਸੌਖਾ ਨਹੀਂ ਸੀ, ਜੋ ਵਧੇਰੇ ਹੀ ਵਧੇਰੇ ਗਰਮ ਹੁੰਦਾ ਜਾਪਦਾ ਸੀ ਅਤੇ ਰਾਤ ਨੂੰ ਵੀ ਕਦੇ ਠੰਡਾ ਨਹੀਂ ਸੀ ਹੁੰਦਾ। ਭੋਜਨ-ਸ਼ਾਲਾ ਅਸਲ ਵਿਚ ਕਦੇ ਵੀ ਬੰਦ ਨਹੀਂ ਸੀ ਹੁੰਦੀ ਅਤੇ ਗਾਹਕਾਂ ਦੀ ਚਾਹ ਅਤੇ ਡਬਲਰੋਟੀ ਨਾਲ ਜਾਂ ਫਿਰ ਰੋਟੀ ਅਤੇ ਮਸਰਾਂ ਆਦਿ ਦੀ ਦਾਲ ਨਾਲ ਖ਼ਿਦਮਤ ਕਰਨੀ ਪੈਂਦੀ ਸੀ, ਜਦ ਕਦੇ ਵੀ ਉਹ ਇਹਨਾਂ ਚੀਜ਼ਾਂ ਦੀ ਮੰਗ ਕਰਦੇ ਸਨ-ਦਿਨ ਹੋਵੇ ਜਾਂ ਰਾਤ। ਜੱਗੂ ਨੇ ਹਰੀ ਨੂੰ ਰੋਜ਼ ਦਾ ਇੱਕ ਰੁਪਿਆ ਦੇਣ ਦਾ ਆਪਣਾ ਵਾਅਦਾ ਪੂਰਾ ਕੀਤਾ, ਜੋ ਹਫ਼ਤੇ ਦੇ ਸੱਤ ਰੁਪਏ ਬਣਦੇ ਸਨ। ਕੰਮ ਤੇ ਨਵੇਂ ਲੱਗੇ ਮੁੰਡੇ ਲਈ ਇਹ ਚੰਗੀ ਉਜਰਤ ਸੀ ਅਤੇ ਹਰੀ ਇਸ ਲਈ ਜੱਗੂ ਦਾ ਅਹਿਸਾਨਮੰਦ ਸੀ। ਚੂੰਕਿ ਖਾਣਾ ਉਸ ਨੂੰ ਮੁਫ਼ਤ ਮਿਲਦਾ ਸੀ। ਇਸ ਲਈ ਉਹ ਸਾਰਾ ਪੈਸਾ ਘਰ, ਆਪਣੇ ਪਰਿਵਾਰ ਲਈ ਲਿਜਾਣ ਵਾਸਤੇ ਬਚਾ ਸਕਦਾ ਸੀ ਅਤੇ ਉਸ ਨੂੰ ਉਸ ਰਕਮ ਤੇ ਗੌਰਵ ਸੀ, ਜੋ ਉਹ ਉਹਨਾਂ ਲਈ ਇਕੱਠੀ ਕਰ ਰਿਹਾ ਸੀ। ਜੋ ਗੱਲ ਉਸ ਨੂੰ ਖਟਕ ਰਹੀ ਸੀ, ਉਹ ਇਹ ਸੀ ਕਿ ਉਹ ਭੋਜਨ-ਸ਼ਾਲਾ ਨੂੰ ਛੱਡ ਕੇ, ਕੰਮ ਦੇ ਖ਼ਤਮ ਹੋਣ ਤੇ ਘਰ ਨਹੀਂ ਸੀ ਜਾ ਸਕਦਾ। ਉਹ ਦਿਨ ਰਾਤ ਉਸੇ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਸੀ। ਉਹ ਕਿਚਨ ਵਿਚ ਵੀ ਕੰਮ ਕਰਦਾ ਸੀ ਅਤੇ ਅਗਲੇ ਕਮਰੇ ਵਿੱਚ ਵੀ। ਉਹ ਭੋਜਨ-ਸ਼ਾਲਾ ਦੇ ਪਿਛਲੇ ਪਾਸੇ, ਨਲਕੇ ਹੇਠ ਨਹਾਉਂਦਾ-ਧੋਂਦਾ ਸੀ, ਉਦੋਂ ਜਦੋਂ ਕੋਈ ਗਾਹਕ ਨਹੀਂ ਸੀ ਹੁੰਦਾ। ਉਹ ਬੈਂਚ ਤੇ ਸੌਂਦਾ ਸੀ ਜਾਂ ਫਿਰ ਕਦੇ-ਕਦੇ ਤਾਂ ਧੂੜ ਅਤੇ ਮੈਲ ਭਰੇ ਕਾਲੇ ਫ਼ਰਸ਼ ਤੇ ਹੀ। ਇਹ ਕੰਮ ਸਭ ਤੋਂ ਔਖਾ ਸੀ।

ਬਾਹਰ ਸਾਰੀ-ਸਾਰੀ ਰਾਤ, ਗੱਡੀਆਂ ਮੋਟਰਾਂ ਦੀ ਆਵਾਜਾਈ ਲੱਗੀ ਰਹਿੰਦੀ । ਜਦੋਂ ਬੱਸਾਂ ਚੱਲਣੀਆਂ ਬੰਦ ਹੋ ਜਾਂਦੀਆਂ ਤਾਂ, ਹੱਥ ਨਾਲ ਚੱਲਣ ਵਾਲੀਆਂ ਗੱਡੀਆਂ, ਰੇੜ੍ਹੇ ਆਦਿ ਰੇਲਵੇ ਸਟੇਸ਼ਨ ਤੋਂ ਅਤੇ ਮਾਲ- ਗੋਦਾਮਾਂ ਤੋਂ ਮਾਲ ਲੈ ਕੇ, ਖੜ ਖੜ ਕਰਦੇ ਹੋਏ, ਮੰਡੀਆਂ ਵਲ ਤੁਰੇ ਰਹਿੰਦੇ ਅਤੇ ਕਾਰਾਂ ਤੇ ਟੈਕਸੀਆਂ ਤਾਂ ਹਰ ਵੇਲੇ ਹੀ ਚੱਲਦੀਆਂ ਰਹਿੰਦੀਆਂ। ਜਦੋਂ ਆਖ਼ਰੀ ਸ਼ੋਅ ਤੋਂ ਬਾਅਦ ਸਿਨਮਾ ਘਰ ਬੰਦ ਹੋ ਜਾਂਦੇ, ਤਾਂ ਸੈਆਂ-ਹਜ਼ਾਰਾਂ ਲੋਕ, ਕੁਰਬਲ-ਕੁਰਬਲ ਕਰਦੇ, ਬਾਹਰ ਨਿੱਕਲਦੇ ਅਤੇ ਵਹੀਰਾਂ ਦੀਆਂ ਵਹੀਰਾਂ ਉਚੀ-ਉਚੀ ਸ਼ੋਰ ਪਾਉਂਦੀਆਂ। ਕਈ ਲੋਕ ਕਾਗ਼ਜ਼ ਦੇ ਧੂਤੂ ਵਜਾਉਂਦੇ ਅਤੇ ਵੇਖੇ ਹੋਏ ਸਿਨਮਾ-ਚਿੱਤਰ ਦੇ ਗੀਤ ਗਾਉਂਦੇ ਹੋਏ ਉਥੋਂ ਦੀ ਲੰਘਦੇ। ਅਤੇ ਫੇਰ ਸ਼ਹਿਰ ਵਿੱਚ ਬੱਤੀਆਂ ਤਾਂ ਕਦੇ ਬੁਝਦੀਆਂ ਹੀ ਨਹੀਂ ਸਨ, ਹਮੇਸ਼ਾ ਜਗਦੀਆਂ ਹੀ ਰਹਿੰਦੀਆਂ ਸਨ। ਅਤੇ ਹਰੀ ਦੀਆਂ ਥੱਕੀਆਂ ਹੋਈਆਂ ਅੱਖਾਂ ਗੂੜ੍ਹੇ ਹਨੇਰੇ ਲਈ ਅਤੇ ਸਾਗਰ ਕੰਢੇ ਦੇ ਆਪਣੇ ਪਿੰਡ ਦੀਆਂ ਚੁੱਪਚਾਪ, ਸ਼ਾਂਤ ਅਤੇ ਖ਼ਾਮੋਸ਼ ਰਾਤਾਂ ਲਈ ਤਾਂਘਦੀਆਂ-ਸੱਧਰਾਉਂਦੀਆਂ ਸਨ। ਉਸ ਨੂੰ ਜਿਵੇਂ ਸਾਗਰ ਦੀਆਂ ਨਰਮ-ਕੂਲੀਆਂ


ਆਵਾਜ਼ਾਂ ਦਾ ਜਾਂ ਫਿਰ ਨਾਰੀਅਲ ਦੇ ਰੁੱਖਾਂ 'ਚ ਸਰ-ਸਰ ਵਗਦੀ ਹਵਾ ਦਾ ਜਾਂ ਫਿਰ ਆਪਣੀਆਂ ਉਂਗਲੀਆਂ ਵਿਚਾਲੇ ਅਤੇ ਪੈਰਾਂ ਹੇਠ ਸਾਫ਼ ਸ਼ਫ਼ਾਫ਼ ਰੇਤ ਦੀ ਛੋਹ ਦਾ ਚੇਤਾ ਹੀ ਵਿਸਰ ਗਿਆ ਸੀ, ਕਿੰਨਾ ਸਮਾਂ ਹੋ ਗਿਆ ਸੀ ਅਤੇ ਇਹ ਸੱਭ ਕੁਝ ਕਿੰਨਾ ਦੂਰ, ਕਿੰਨਾ ਪਿਛਾਂਹ ਰਹਿ ਗਿਆ ਸੀ। ਉਸਨੂੰ ਬੰਬਈ ਆਇਆਂ ਮਸਾਂ ਇੱਕ ਮੌਸਮ ਹੀ ਹੋਇਆ ਸੀ, ਸਿਆਲ ਤੇ ਹੁਨਾਲ ਦੇ ਵਿਚਕਾਰਲੇ ਕੁਝ ਕੁ ਮਹੀਨੇ ਹੀ, ਪਰ ਲੱਗਦਾ ਸੀ, ਜਿਵੇਂ ਇੱਕ ਉਮਰ ਬੀਤ ਗਈ ਹੋਵੇ।

ਨੀਂਦ ਦੀ ਘਾਟ ਕਰਕੇ, ਉਹ ਸ਼ਾਇਦ ਬਿਮਾਰ ਹੀ ਪੈ ਜਾਂਦਾ, ਜੇ ਇਕ ਰਾਤ ਉਹ ਉਠ ਕੇ, ਪਟੜੀ 'ਤੇ ਬੈਠਣ ਲਈ, ਬਾਹਰ ਨਾ ਚਲਿਆ ਜਾਂਦਾ, ਕਿਉਂਕਿ ਉਥੇ ਭੋਜਨ-ਸ਼ਾਲਾ ਨਾਲੋਂ ਥੋੜ੍ਹੀ ਕੁ ਠੰਡ ਸੀ। ਭੋਜਨ-ਸ਼ਾਲਾ ਵਿਚ ਤਾਂ ਤਪਦੀ ਹੋਈ ਗਰਮੀ ਸੀ, ਬੇਹੀਆਂ ਗੰਧਾਂ ਸਨ ਅਤੇ ਸਾਹ-ਘੁੱਟਣ ਵਾਲੀ ਹਵਾ ਸੀ। ਬਿਰਧ ਘੜੀਸਾਜ਼, ਜੋ ਕਿਸੇ ਘੜੀ ਨੂੰ ਠੀਕ ਕਰਨ ਦਾ ਕੰਮ ਮੁਕਾਉਣ ਲਈ, ਜਿਸ ਨੂੰ ਉਹਨੇ ਤਿਆਰ ਰੱਖਣ ਦਾ, ਗਾਹਕ ਨਾਲ ਵਾਅਦਾ ਕੀਤਾ ਹੋਇਆ ਸੀ, ਦੇਰ ਤੱਕ ਰੁਕਿਆ ਹੋਇਆ ਸੀ। ਸਟੀਲ ਦਾ ਸ਼ਟਰ ਥੱਲੇ ਸੁੱਟ ਕੇ, ਅਤੇ ਆਪਣੀ ਦੁਕਾਨ ਨੂੰ ਬੰਦ ਕਰ ਕੇ ਉਹ ਉਸ ਦੇ ਕੋਲ ਆ ਗਿਆ ਅਤੇ ਆਖਣ ਲੱਗਾ "ਕੀ ਗੱਲ ਹੈ, ਹਰੀ? ਕਿਧਰੇ ਬਿਮਾਰ ਤਾਂ ਨਹੀਂ?"

ਹਰੀ ਨੇ ਆਪਣਾ ਸਿਰ ਹਿਲਾਇਆ ਪਰ ਬੋਲਿਆ ਕੁੱਝ ਨਾ। ਉਹ ਥਕਾਵਟ ਅਤੇ ਨੀਂਦ ਨਾ ਆਉਣ ਕਰਕੇ, ਬਹੁਤ ਹੀ ਆਲਸੀ ਤੇ ਮਦਮਸਤ ਜਿਹਾ ਸੀ।

ਤੂੰ ਉਥੇ ਅੰਦਰ ਸੌਂ ਨਹੀਂ ਸਕਦਾ ਹੋਵੇਂਗਾ, ਕਿਉਂ? ਬਹੁਤ ਜ਼ਿਆਦਾ ਗਰਮੀ ਤੇ ਘੁਟਨ ਹੋਵੇਗੀ। ਇਹ ਬੜਾ ਖ਼ਰਾਬ ਮਹੀਨਾ ਹੈ-ਮਈ, ਮੌਨਸੂਨ ਆਉਣ ਤੋਂ ਪਹਿਲਾਂ ਦਾ। ਉਹਨੇ ਹਾਉਕਾ ਲੈਂਦਿਆਂ ਆਖਿਆ ਅਤੇ ਆਪਣੇ ਸਿਰ ਤੋਂ ਕਾਲੀ ਟੋਪੀ ਲਾਹੀ, ਆਪਣੀ ਗੰਜੀ ਟੋਟਣੀ ਨੂੰ ਵੱਡੇ ਸਾਰੇ, ਹਰੇ ਰੰਗ ਦੇ ਰੁਮਾਲ ਨਾਲ ਸਾਫ਼ ਕਰਨ ਲਈ। "ਮੇਰਾ ਕਮਰਾ ਵੀ ਦੁਕਾਨ ਜਿੰਨਾ ਹੀ ਖ਼ਰਾਬ ਹੈ। ਉਹ ਸੱਭ ਤੋਂ ਉਪਰਲੀ ਮੰਜ਼ਿਲ 'ਤੇ ਹੈ। ਉਹ ਉਹਨਾਂ ਬਿਲਡਿੰਗਾਂ ਵਿੱਚੋਂ ਇਕ ਵਿੱਚ, ਜੋ ਗ੍ਰਾਂਟ ਰੋਡ ਸਟੇਸ਼ਨ ਤੋਂ ਅੱਗੇ ਵਿਖਾਈ ਦਿੰਦੀਆਂ ਹਨ। ਉਹਨੇ ਆਪਣੇ ਰੁਮਾਲ ਨੂੰ ਤਹਿ ਕਰਨ ਤੋਂ ਪਹਿਲਾਂ, ਜੇਬ ਵਿੱਚ ਰੱਖਣ ਤੋਂ ਪਹਿਲਾਂ ਉਸ ਨੂੰ ਭੀੜ ਵਾਲੇ ਚੌਰਾਹੇ ਵਲ ਹਿਲਾਉਂਦਿਆਂ ਆਖਿਆ। "ਮੈਂ ਤੈਨੂੰ ਦੱਸਾਂ, ਕੀ ਭਲਾ, ਤੂੰ ਪਾਰਕ ਵਿੱਚ, ਜਾ ਕੇ ਕਿਉਂ ਨਹੀਂ ਸੌਂ ਜਾਂਦਾ। ਕਾਸ਼ ਮੈਂ ਵੀ ਆ ਸਕਦਾ! ਉਥੇ ਰਤਾ ਠੰਡ ਹੋਵੇਗੀ-ਪਰ ਮੇਰੀ ਬਿੱਲੀ ਮੈਨੂੰ ਉਡੀਕ ਰਹੀ ਹੋਵੇਗੀ, ਮੇਰੀ ਬੁੱਢ ਪੁਰਾਣੀ ਮ੍ਰਾਣੋ।" ਉਹਨੇ ਖ਼ੁਸ਼ ਹੋ ਕੇ, ਆਪਣੇ ਆਪ ਵਿੱਚ ਹੀ ਬੁੜ-ਬੁੜ ਕੀਤੀ, ਅਤੇ ਡਗਮਗਾਂਦੇ- ਡੋਲਦੇ ਕਦਮੀਂ ਅਹੁ ਗਿਆ, ਅਹੁ ਗਿਆ।

ਹਰੀ ਬਿਰਧ ਘੜੀਸਾਜ਼ ਦਾ ਉਸ ਦੀ ਸਲਾਹ ਲਈ ਸਦਾ ਹੀ ਰਿਣੀ ਸੀ, ਕਿਉਂਕਿ ਪਾਰਕ ਨੇ ਤਾਂ ਉਸ ਦੀ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ ਸੀ ਅਤੇ ਉਸ ਨੂੰ ਸੌਖੇਰੀ ਬਣਾ ਦਿੱਤਾ ਸੀ। ਇਹ ਸ਼ਹਿਰ ਦਾ ਇੱਕ ਪਾਰਕ ਸੀ ਧੂੜ ਭਰਿਆ, ਖੁੱਲ੍ਹਾ ਚੋਗਾਨ, ਵਿੱਚ ਵਿੱਚ ਟੁੱਟੇ-ਫੁਟੇ ਘਾਹ ਦੀਆਂ ਟੁਕੜੀਆਂ, ਲੋਹੇ ਦੇ ਬੈਂਚ, ਨਾਰੀਅਲ ਦੇ ਕੁੱਝ ਰੁੱਖ ਅਤੇ ਚੋਗਾਨ ਦੇ ਆਲੇ-ਦੁਆਲੇ ਬਹੁਤ ਹੀ ਪੁਰਾਣੀਆਂ ਅਤੇ ਟੁੱਟੀਆਂ-ਭੱਜੀਆਂ ਬਿਲਡਿੰਗਾਂ। ਉਸ ਦੇ ਪਿੰਡ ਦੀ ਬੀਚ ਅਤੇ ਨਾਰ੍ਹੀਅਲ ਦੇ ਰੁੱਖਾਂ ਦੇ ਝੁੰਡ ਨਾਲ, ਇਸ ਪਾਰਕ ਦਾ ਕੀ ਮੁਕਾਬਲਾ ਸੀ! ਪਰ ਫਿਰ ਵੀ, ਇਸ ਵਿਚ ਲੇਟਣ ਲਈ ਇੱਕ ਬੈਂਚ ਸੀ, ਵੇਖਣ ਨੂੰ ਰੁੱਖ ਸਨ, ਤੱਕਣ ਨੂੰ ਕੁਝ ਕਬੂਤਰ ਤੇ ਕਾਂ ਸਨ ਅਤੇ ਸ਼ਹਿਰ ਦੇ ਕਦੇ ਠੰਡੇ ਹੋਣ ਦੀ ਭਾਵੇਂ ਕੋਈ ਸੰਭਾਵਨਾ ਨਹੀਂ ਸੀ ਜਾਪਦੀ



ਅਤੇ ਰਾਤ ਦੀ ਹਵਾ, ਸਗੋਂ ਦਿਨ ਵੇਲ਼ੇ ਦੀ ਹਵਾ ਨਾਲੋਂ ਵੀ ਕਿਤੇ ਵਧੇਰੇ ਬੇਹੀ ਸੀ, ਹਫਦੇ-ਹੌਂਕਦੇ ਲੱਖਾਂ ਸ਼ਹਿਰ ਵਾਸੀਆਂ ਦੁਆਰਾ ਵਰਤੀਦੀ, ਫਿਰ ਵੀ ਇਹ ਭੋਜਨ-ਸ਼ਾਲਾ ਦੀ ਰਸੋਈ ਨਾਲੋਂ ਤਾਂ ਨਿਸ਼ਚੇ ਹੀ ਵਧੇਰੇ ਬਰਦਾਸ਼ਤ ਦੇ ਕਾਬਲ ਸੀ।

ਬੈਂਚ ਦੇ ਲੱਕੜ ਦੇ ਤਖ਼ਤਿਆਂ 'ਤੇ ਲੇਟਿਆਂ ਹਰੀ ਆਪਣੇ ਸਿਰ ਉਤੇ ਨਾਰੀਅਲ ਦੇ

ਧੂੜ-ਭਰੇ ਰੁੱਖਾਂ ਦੇ ਪਾਟੇ ਹੋਏ ਪੱਤਿਆਂ ਨੂੰ ਤੱਕ ਸਕਦਾ ਸੀ ਅਤੇ ਇਕ ਦੋ ਸਭ ਤੋਂ ਚਮਕਦਾਰ ਤਾਰਿਆਂ ਨੂੰ ਵੀ, ਜੋ ਸ਼ਹਿਰ ਦੀ ਧੂੜ ਅਤੇ ਧੂੰਏਂ ਵਿਚੋਂ ਦੀ ਵੀ ਚਮਕਣ ਲਈ ਵਾਹ ਲਾ ਰਹੇ ਸਨ। ਜਦੋਂ ਉਹ ਉਠਿਆ ਅਤੇ ਉਹਨੇ ਆਪਣੇ ਪੈਰ, ਹੇਠਾਂ ਰੱਖੇ ਤਾਂ ਉਹਨੂੰ, ਉਹਨਾਂ ਦੇ ਥੱਲੇ ਕੂਲੇ ਘਾਹ ਦਾ ਇਹਸਾਸ ਹੋਇਆ, ਨਾ ਕਿ ਸ਼ਹਿਰ ਦੇ ਸਖ਼ਤ ਤੇ ਕਰੂਰ ਕੰਕਰੀਟ ਦਾ।

ਪਾਰਕ ਦੀ ਨਿਗਰਾਨੀ ਖ਼ਾਕੀ ਕੱਪੜਿਆਂ ਵਾਲਾ, ਪੁਲਿਸ ਦਾ ਇੱਕ ਆਦਮੀ ਕਰ ਰਿਹਾ ਸੀ। ਉਹ ਇੱਕ ਨੌਂ ਉਮਰ ਜ਼ਵਾਨ ਸੀ, ਭਿਆਨਕ ਤੇ ਕੁੰਡੀਆਂ-ਤਿੱਖੀਆਂ ਮੁੱਛਾਂ ਵਾਲਾ, ਜਿਹਨਾਂ ਨੂੰ ਉਹ, ਖੜਾ ਖੜਾ, ਆਪਣੇ ਡੰਡੇ ਨੂੰ ਕੱਛ ਵਿੱਚ ਦਬਾਈ, ਵੱਟ ਚਾੜ੍ਹਦਾ ਰਹਿੰਦਾ ਅਤੇ ਪਾਰਕ ਦੇ ਅੰਦਰ ਅਤੇ ਉਸ ਤੋਂ ਬਾਹਰ ਜਾਣ ਵਾਲੇ ਲੋਕਾਂ 'ਤੇ ਤਿੱਖੀ ਨਜ਼ਰ ਰੱਖਦਾ। ਪਹਿਲੀ ਰਾਤ ਜਦੋਂ ਹਰੀ ਸੌਣ ਲਈ ਬੈਂਚ 'ਤੇ ਲੇਟਿਆ ਹੀ ਸੀ ਕਿ ਉਹ ਮਲਕੜੇ ਜਿਹੇ ਉਥੇ ਆ ਪੁੱਜਾ ਅਤੇ ਗਰਜਿਆ, "ਉਠ, ਓਏ ਮੁੰਡਿਆ, ਘਰ ਜਾ। ਇਹ ਕੋਈ ਸੌਣ ਦੀ ਥਾਂ ਨਹੀਂ। ਛੇਤੀ ਕਰ ਉਠ ਨਹੀਂ ਤਾਂ ਮੈਂ ਤੈਨੂੰ ਥਾਣੇ ਲੈ ਜਾਵਾਂਗਾ- ਉਥੇ ਤੂੰ ਜਿੰਨਾ ਚਿਰ ਮਰਜ਼ੀ ਸੌਂ ਸਕਦਾ ਏਂ।"

ਹਰੀ ਨੇ ਭੋਜਨ-ਸ਼ਾਲਾ 'ਚ ਦਿਨ ਭਰ ਦੀ ਸਖ਼ਤ ਮਿਹਨਤ ਮੁਸ਼ੱਕਤ ਤੋਂ ਮਗਰੋਂ ਹਾਲੇ ਆਪਣੇ ਆਪ ਨੂੰ ਪਸਾਰਨ ਅਤੇ ਆਪਣੇ ਪੈਰ ਉਪਰ ਨੂੰ ਕਰਨ ਦੇ ਠਾਠ ਨੂੰ ਮਹਿਸੂਸਿਆ ਹੀ ਸੀ ਕਿ ਉਹ ਦੁਖੀ ਹੋ ਕੇ, ਉਠ ਬੈਠਾ, "ਮੇਰੇ ਕੋਲ ਜਾਣ ਲਈ ਕੋਈ ਥਹੁ-ਟਿਕਾਣਾ ਨਹੀਂ। ਮੈਂ ਏਥੇ ਰਹਿੰਦਾ ਹਾਂ।" ਉਹਨੇ ਆਖਿਆ।

"ਜਾਣ ਲਈ ਕੋਈ ਥਾਂ ਨਹੀਂ? ਮੈਂ ਦੱਸਦਾ ਹਾਂ ਤੈਨੂੰ ਕਿ ਤੂੰ ਕਿਥੇ ਜਾ ਸਕਦਾ ਏਂ।" ਪੁਲਿਸ ਵਾਲਾ ਬਹੁਤ ਹੀ ਕਰੂਰਤਾ ਨਾਲ ਕੜਕਿਆ ਅਤੇ ਉਹਨੇ ਆਪਣਾ ਡੰਡਾ, ਹਰੀ ਦੇ ਸਿਰ 'ਤੇ ਏਧਰ-ਉਧਰ ਘੁਮਾਇਆ ਅਤੇ ਉਹਨੂੰ ਠਾਹ ਦੇ ਕੇ ਮਾਰਨ ਵਾਲਾ ਹੀ ਸੀ ਕਿ ਇੱਕ ਬਿਰਧ ਬੰਦਾ ਜੋ ਨੇੜੇ ਹੀ ਟਹਿਲ ਰਿਹਾ ਸੀ, ਆਪਣੀ ਸੈਰ ਵਾਲੀ ਸੋਟੀ ਠਕੋਰਦਾ ਹੋਇਆ ਉਸਦੇ ਸਾਹਮਣੇ ਆ ਗਿਆ ਅਤੇ ਉਹਨੇ ਪੁਲਿਸ ਵਾਲੇ ਨਾਲ ਗੱਲ ਕੀਤੀ।

ਸ਼੍ਰੀਮਾਨ ਮਹਾਂਬਲੀ ਪੁਲਿਸ ਵਾਲੇ ਜੀ, ਇੱਕ ਵਿਚਾਰੇ ਜਿਹੇ ਮਾਸੂਮ-ਨਿਰਦੋਸ਼ ਮੁੰਡੇ ਨੂੰ ਕਿਉਂ ਤੰਗ ਕਰ ਰਹੇ ਹੋ?" ਉਹ ਨਿੱਕੀ, ਤਿੱਖੀ ਚੀਕਵੀਂ ਆਵਾਜ਼ ਵਿੱਚ ਬੋਲ ਰਿਹਾ ਸੀ, ਇੱਕ ਬੱਚੇ ਵਾਂਗ। "ਇਸ ਸ਼ਹਿਰ ਵਿੱਚ ਬਥੇਰੇ ਬਦਮਾਸ਼ ਬੰਦੇ ਹਨ-ਠਗ, ਚੋਰ, ਕਾਤਿਲ, ਜੂਏਬਾਜ਼, ਸ਼ਰਾਬੀ। ਇਸ ਦੀ ਬਜਾਏ, ਉਹਨਾਂ ਪਿੱਛੇ ਕਿਉਂ ਨਹੀਂ ਪੈਂਦੇ? ਅਹੁ ਉਸ ਖੂੰਜੇ ਵਿੱਚ ਜਿਹੜੇ ਸ਼ਰਾਬੀ ਤਾਸ਼ ਖੇਡ ਰਹੇ ਹਨ, ਸ਼ੁਰੂਆਤ ਉਹਨਾਂ ਨਾਲ ਹੀ ਕਿਉਂ ਨਹੀਂ ਕਰਦੇ? ਉਹ ਸਾਡੇ ਲਈ ਜੋ ਇਸ ਇਲਾਕੇ ਵਿਚ ਰਹਿੰਦੇ ਹਨ, ਜ਼ਿੰਦਗੀ ਨੂੰ ਅਸੁਰੱਖਿਅਤ ਬਣਾ ਦਿੰਦੇ ਹਨ। ਅਸੀਂ ਸਾਰੇ ਉਹਨਾਂ ਕਰਕੇ ਇਸ ਪਾਰਕ 'ਚ ਆਉਣ ਤੋਂ ਵੀ ਡਰਦੇ ਹਾਂ- ਇਸ ਵਿਚਾਰੇ ਮਾਸੂਮ ਮੁੰਡੇ ਕਰਕੇ ਨਹੀਂ, ਜਿਸਦਾ ਕਿ ਕੋਈ ਘਰ-ਘਾਟ ਨਹੀਂ ਅਤੇ ਜਿਸ ਕੋਲ ਸੌਣ ਲਈ ਕੋਈ ਹੋਰ ਥਾਂ ਨਹੀਂ।" ਉਹਨੇ ਆਖਿਆ।

ਪੁਲਿਸ ਵਾਲਾ ਵਿਸਵਿਸੇ ਜਿਹੇ 'ਚ ਖੜਾ ਆਪਣੀਆਂ ਮੁੱਛਾਂ ਪਪੋਲਦਾ ਰਿਹਾ। "ਹ.....ਮ.....ਫ....." ਉਹਨੇ ਘੁਰ-ਘੁਰ ਜਿਹੀ ਕੀਤੀ। ਉਹਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਕਰੇ! ਝੁਕੀ ਹੋਈ ਕਮਰ ਵਾਲੇ ਬਿਰਧ ਨੇ ਇੱਕ ਬੱਚੇ ਨੂੰ ਤੰਗ ਕਰਨ ਲਈ, ਉਸ ਨੂੰ ਸ਼ਰਮਿੰਦਗੀ ਦਾ ਇਹਸਾਸ ਕਰਵਾ ਦਿੱਤਾ ਸੀ, ਜਦਕਿ ਬੜਾ ਕੰਮ ਕਰਨ ਵਾਲਾ ਸੀ, ਸ਼ਹਿਰ ਦੇ ਅਸਲੀ ਅਪਰਾਧੀਆਂ ਨਾਲ ਨਿੱਬੜਨ ਦਾ। "ਹ.....ਮ.....ਫ....."।

ਉਹ ਫਿਰ ਢੁੰਕਾਰਿਆ, ਪਹਿਲਾਂ ਨਾਲੋਂ ਵੀ ਵਧੇਰੇ ਉਚੀ। "ਕੌਣ ਹਨ, ਇਹ ਲੋਕ? ਕਿਥੇ ਹਨ ਉਹ? ਮੇਰੇ ਲਈ ਉਥੇ ਜਾਣਾ ਤੇ ਵੇਖਣਾ ਹੀ ਬਿਹਤਰ ਹੋਵੇਗਾ .....।" ਉਹਨੇ ਆਖਿਆ ਅਤੇ ਉਥੋਂ ਤੁਰ ਗਿਆ। ਬਿਰਧ ਥੋੜ੍ਹਾ ਜਿਹਾ ਗੁੜ੍ਹਕਿਆ, ਉਹਨੇ ਹਰੀ ਨੂੰ ਅੱਖ ਮਾਰੀ ਅਤੇ ਆਪਣੀ ਸੋਟੀ ਟੇਕਦਾ ਹੋਇਆ, ਲੰਗੜਾਂਦਾ-ਲੜਖੜਾਂਦਾ ਚਲਿਆ ਗਿਆ।

ਉਸ ਤੋਂ ਮਗਰੋਂ ਹਰ ਰਾਤ ਹੀ ਜਦੋਂ ਹਰੀ ਆਪਣਾ ਕੰਮ ਖ਼ਤਮ ਕਰਕੇ ਪਾਰਕ ਵਿੱਚ ਦਾਖ਼ਲ ਹੁੰਦਾ ਤਾਂ ਪੁਲਿਸ ਵਾਲਾ ਉਸ ਦਾ ਸਵਾਗਤ ਕਰਦਾ ਅਤੇ ਹਰੀ ਸੁਰੱਖਿਅਤ ਮਹਿਸੂਸ ਕਰਦਾ, ਸਗੋਂ ਕੁੱਝ ਵੱਡਾ-ਵੱਡਾ ਵੀ ਕਿ ਜਦੋਂ ਉਹ ਸੁੱਤਾ ਹੁੰਦਾ ਹੈ, ਤਾਂ ਇੱਕ ਪੁਲਿਸ ਵਾਲਾ ਉਸ ਦੀ ਰਖਵਾਲੀ ਕਰਦਾ ਹੈ।

ਸਵੇਰੇ ਜਦੋਂ ਉਹਦੀ ਅੱਖ ਖੁੱਲ੍ਹੀ ਤਾਂ ਉਹਨੇ ਗੰਧਲੇ ਸਲੇਟੀ ਅਸਮਾਨ ਵਿੱਚ ਕਬੂਤਰਾਂ ਨੂੰ ਕਲਾਬਾਜ਼ੀਆਂ ਲਾਉਂਦਿਆਂ ਤੱਕਿਆ। ਉਹ ਇੱਕ ਝੁੰਡ ਦਾ ਝੁੰਡ, ਫੜ ਫੜ ਕਰਦੇ ਹੋਏ ਆਏ ਅਤੇ ਪਾਰਕ ਦੇ ਗੱਭੇ ਬਣੇ ਇੱਕ ਬੁੱਤ 'ਤੇ ਬੈਠ ਗਏ, ਜਿਥੇ ਕਿ ਇੱਕ ਆਦਮੀ ਖੜਾ, ਮੁੱਠਾਂ ਭਰ-ਭਰ ਕੇ ਦਾਣੇ, ਉਹਨਾਂ ਅੱਗੇ ਸੁੱਟ ਰਿਹਾ ਸੀ। ਹਰੀ ਬੜੇ ਚਾਅ ਨਾਲ ਉਹਨਾਂ ਨੂੰ ਵੇਖ ਰਿਹਾ ਸੀ। ਉਹ ਆਪਣੇ ਗੁਲਾਬੀ ਪੰਜਿਆਂ 'ਤੇ ਮਟਕ-ਮਟਕ ਤੁਰਦੇ, ਏਧਰ-ਉਧਰ ਘੁੰਮਦੇ, ਦਾਣਾ ਚੁਗ ਰਹੇ ਸਨ ਅਤੇ ਆਪੇ ਵਿੱਚ ਲੜ ਝਗੜ ਰਹੇ ਸਨ। ਹਰ ਰੋਜ਼ ਸਵੇਰੇ-ਸਵੇਰੇ, ਉਹ ਆਦਮੀ ਕਬੂਤਰਾਂ ਨੂੰ ਦਾਣਾ ਪਾਉਣ ਆਉਂਦਾ ਅਤੇ ਹਰੀ ਕਬੂਤਰਾਂ ਨੂੰ ਆਉਂਦੇ ਅਤੇ ਦਾਣਾ ਚੁਗਦੇ ਵੇਖਦਾ। ਫਿਰ ਇੱਕ ਬਿਰਧ ਇਸਤਰੀ, ਵਿਧਵਾਵਾਂ ਵਾਲੀ ਸਫ਼ੈਦ ਸਾੜ੍ਹੀ ਵਿੱਚ ਆਉਂਦੀ। ਉਹ ਆਟੇ ਦੀ ਇੱਕ ਥੈਲੀ ਲੈ ਕੇ ਪਾਰਕ ਵਿੱਚ ਆਉਂਦੀ ਅਤੇ ਰਵਸ਼ਾਂ ਦੇ ਨਾਲ-ਨਾਲ, ਕੀੜੀਆਂ ਦੀਆਂ ਡੁੱਡਾਂ 'ਚੋਂ ਹਰੇਕ ਡੁੰਡ 'ਤੇ ਬੜੀ ਮਿਹਨਤ ਤੇ ਸਾਵਧਾਨੀ ਨਾਲ, ਚੁਟਕੀਆਂ ਭਰ-ਭਰ, ਥੋੜ੍ਹਾ-ਥੋੜ੍ਹਾ ਆਟਾ ਬਰੂਰ ਦਿੰਦੀ। ਉਹ ਆਪ ਵੀ ਤਾਂ ਇੱਕ ਬਿਰਧ ਚਿੱਟੀ ਕੀੜੀ ਵਾਂਗ ਹੀ ਜਾਪਦੀ ਸੀ। ਉਸ ਦੀ ਕਮਰ ਝੁਕੀ ਹੋਈ ਸੀ, ਕੁੱਬ ਨਿਕਲਿਆ ਹੋਇਆ ਸੀ। ਉਹ ਏਧਰ-ਉਧਰ ਰੀਂਗ੍ਹਦੀ ਫਿਰਦੀ, ਆਟਾ ਪਾਉਣ ਲਈ, ਆਪਣੀਆਂ ਕਮਜ਼ੋਰ ਤੇ ਬਾਹਰ ਨਿਕਲੀਆਂ ਅੱਖਾਂ 'ਤੇ ਜ਼ੋਰ ਪਾ ਕੇ ਕੀੜੀਆਂ ਨੂੰ ਲੱਭਦੀ-ਢੂੰਡਦੀ। ਹਰੀ ਬੜੀ ਹੈਰਾਨੀ ਨਾਲ ਉਸ ਨੂੰ ਵੇਖਦਾ। ਉਹ ਨਿਸ਼ਚੇ ਹੀ ਆਪਣਾ ਪੈਸਾ, ਪੰਛੀਆਂ ਅਤੇ ਕੀੜੀਆਂ ਨੂੰ ਖੁਆਉਣ 'ਤੇ ਨਾ ਖ਼ਰਚਦਾ। ਧਿਆਨ ਰੱਖਣ ਵਾਸਤੇ ਉਸਦਾ ਆਪਣਾ ਪਰਿਵਾਰ ਸੀ ਅਤੇ ਉਹ ਆਪਣਾ ਕਮਾਇਆ ਇੱਕ-ਇੱਕ ਰੁਪਿਆ, ਉਹਨਾਂ ਵਾਸਤੇ ਬਚਾ ਰਿਹਾ ਸੀ।

ਕੁਝ ਚਿਰ ਬਾਅਦ, ਜਦ ਉਹ, ਝਾੜ-ਝੰਗਾੜ ਦੇ ਇੱਕ ਖੂੰਜੇ-ਜਿਹੇ 'ਚ ਲੱਗੇ ਪੰਪ 'ਤੇ ਮੂੰਹ-ਹੱਥ ਧੋਣ ਗਿਆ, ਤਾਂ ਉਹਨੇ ਸਕੂਲੀ ਬੱਚਿਆਂ ਨੂੰ ਆਪਣੇ ਮੋਢਿਆਂ ਉੱਤੇ, ਆਪਣੇ ਬਸਤੇ ਲਟਕਾਈ, ਉਥੋਂ ਦੀ ਜਾਂਦਿਆਂ ਵੇਖਿਆ। ਉਹਨਾਂ ਸਭਨਾਂ ਨੇ ਇਕੋ ਤਰ੍ਹਾਂ ਦੇ ਕੱਪੜੇ ਪਾਏ ਹੋਏ ਸਨ-ਸਲੇਟੀ ਨਿੱਕਰਾਂ ਜਾ ਸਕੱਰਟਾਂ ਅਤੇ ਹਲਕੇ ਨੀਲੇ ਰੰਗ ਦੀਆਂ ਕਮੀਜ਼ਾਂ ਜਾਂ ਬਲਾਊਜ਼-ਫਿੱਕੇ ਘਸਮੈਲੇ ਅਤੇ ਗੰਢ-ਤਰੁੱਪ ਕਰ ਕੇ ਠੀਕ ਕੀਤੇ। ਉਹਨਾਂ ਸਾਰਿਆਂ ਦੇ ਵਾਲ ਤੇਲ ਨਾਲ ਚੋਪੜੇ ਅਤੇ ਕੰਘੀ ਕਰ ਕੇ ਵਾਹੇ-ਬਿਠਾਏ ਹੋਏ ਸਨ। ਕੁੱਝ ਬੱਚੇ ਹੱਸਦੇ-ਹੱਸਦੇ, ਨੱਸਦੇ-ਨੱਸਦੇ ਟੋਲੀਆਂ ਵਿਚ ਜਾ ਰਹੇ ਸਨ, ਬਾਕੀ ਦਿਆਂ ਨੂੰ ਉਹਨਾਂ ਦੀਆਂ ਮਾਵਾਂ ਜਾਂ ਦਾਦੇ-ਦਾਦੀਆਂ, ਪਾਰਕ ਦੇ ਸਿਰੇ ਉਤੇ ਸਕੂਲ ਦੀ ਬਿਲਡਿੰਗ ਤੱਕ ਛੱਡਣ ਆ ਰਹੇ ਸਨ। ਉਹਨਾਂ ਨੂੰ ਵੇਖਦਿਆਂ ਹੀ ਹਰੀ ਨੂੰ ਆਪਣੀਆਂ ਭੈਣਾਂ, ਬੇਲਾ ਤੇ ਕਮਲ ਦਾ ਖ਼ਿਆਲ ਆ ਗਿਆ। ਨੀਲੇ

ਰੰਗ ਦੀਆਂ ਸਕੱਰਟਾਂ ਪਾਈ, ਪਿੰਡ ਦੀ ਸੜਕ ਉੱਤੋਂ ਦੀ ਦੌੜਦੀਆਂ-ਭੱਜਦੀਆਂ, ਨੱਚਦੀਆਂ, ਟੱਪਦੀਆਂ, ਪਹਾੜੀ ਨੇੜਲੇ ਸਕੂਲ ਨੂੰ ਜਾਂਦੀਆਂ, ਅਤੇ ਹਰੀ ਸੋਚਣ ਲੱਗਾ ਕਿ ਉਹ ਉਹਨਾਂ ਨੂੰ ਮੁੜ ਕਦ ਮਿਲੇਗਾ! ਉਹਨੇ ਸੋਚਿਆ, 'ਕਾਸ਼ ਮੈਂ ਖ਼ਤ ਵਿਚ ਆਪਣਾ ਸਿਰਨਾਵਾਂ ਲਿਖਿਆ ਹੁੰਦਾ, ਤਾਂ ਜੋ ਉਹ ਉਸ ਨੂੰ ਖ਼ਤ ਲਿਖ ਸਕਦੀਆਂ ਅਤੇ ਉਸਨੂੰ ਘਰ ਦੀ ਖ਼ਬਰ ਸਾਰ ਘੱਲ ਸਕਦੀਆਂ।'

ਰਸੋਈ ਵਿੱਚ ਕੰਮ ਕਰਨ ਵਾਲੇ ਮੁੰਡੇ ਜਿਹਨਾਂ ਨੂੰ ਹੁਣ ਇਹ ਪਤਾ ਲੱਗ ਗਿਆ ਸੀ ਕਿ ਉਹ ਕੇਵਲ ਉਹਨਾਂ ਦੀ ਮਦਦ ਵਾਸਤੇ ਸੀ ਅਤੇ ਉਹਨਾਂ ਦੇ ਕੰਮ ਜਾਂ ਖਾਣਾ ਖੋਹਣ ਲਈ ਨਹੀਂ, ਉਸ ਵਲ ਘੱਟ ਵੈਰ-ਭਾਵ ਤੇ ਵਿਟਰੇਵੇਂ ਨਾਲ ਵੇਖਦੇ ਸਨ। ਜੱਗੂ ਹਰੀ ਨਾਲ ਵੀ ਖ਼ੁਸ਼ ਜਾਪਦਾ ਸੀ ਅਤੇ ਕਦੇ-ਕਦੇ ਉਸਨੂੰ ਵੀ ਦਿਨ ਦੇ ਵਿੱਚ-ਵਿਚਾਲੇ, ਚਾਹ ਦਾ ਗਲਾਸ ਫੜਾ ਦਿਆ ਕਰਦਾ ਸੀ, ਜਾਂ ਫਿਰ ਜਦ ਉਸ ਪਾਸ ਕੁਝ ਪਲਾਂ ਦੀ ਵਿਹਲ ਹੁੰਦੀ ਤਾਂ ਉਹ ਲੱਕੜੀ ਦੇ ਲੰਮੇ-ਲੰਮੇ ਮੇਜ਼ਾਂ 'ਚੋਂ ਕਿਸੇ ਇੱਕ 'ਤੇ ਬੈਠ ਜਾਂਦਾ ਅਤੇ ਉਸ ਨੂੰ ਉਚੀ ਉਚੀ ਢੋਲ ਵਾਂਗ ਵਜਾਉਣ ਲੱਗ ਪੈਂਦਾ ਅਤੇ ਕਿਸੇ ਅਜਿਹੀ ਉਪ-ਬੋਲੀ ਵਿੱਚ ਗੀਤ ਗਾਉਂਦਾ, ਜੋ ਹਰੀ ਨਹੀਂ ਸੀ ਜਾਣਦਾ। ਮੇਜ਼ ਦੀ ਤਾਲ 'ਤੇ ਆਪਣਾ ਸਿਰ ਹਿਲਾਉਂਦਾ ਅਤੇ ਅੱਖਾਂ ਏਧਰ-ਉਧਰ ਘੁਮਾਉਂਦਾ। ਜਦੋਂ ਉਹਨੇ ਹਰੀ ਨੂੰ ਗੀਤ ਸੁਣਦਿਆਂ ਅਤੇ ਮੁਸਕਰਾਉਂਦਿਆਂ ਦੇਖ ਲਿਆ, ਤਾਂ ਉਹ ਵੀ ਅੱਗੋਂ ਮੁਸਕਰਾ ਪਿਆ। ਤਦ ਹਰੀ ਨੂੰ ਪਤਾ ਲੱਗਾ ਸੀ ਕਿ ਕਿਧਰੇ ਨਾ ਕਿਧਰੇ ਉਸ ਦਾ ਵੀ ਕੋਈ ਪਿੰਡ ਹੈ, ਜਿਸਨੂੰ ਉਹ ਘਰ ਆਖਦਾ ਸੀ, ਜਿਸਨੂੰ ਉਹ ਚੇਤੇ ਕਰਦਾ ਸੀ ਅਤੇ ਉਸ ਦੀ ਯਾਦ ਉਸ ਨੂੰ ਖ਼ੁਸ਼ ਕਰ ਦਿੰਦੀ ਸੀ! ਇਹ ਸ਼ਾਇਦ ਇਸੇ ਕਰਕੇ ਹੀ ਸੀ ਕਿ ਉਹ ਇਕ ਚੁੱਪ-ਗੜੁੱਪ, ਸਖ਼ਤ ਮਿਹਨਤ-ਮੁਸ਼ੱਕਤ ਕਰਨ ਵਾਲਾ, ਫ਼ਿਕਰਮੰਦ ਆਦਮੀ ਸੀ। ਅਤੇ ਉਸ ਕੋਲ ਗੱਲਾਂ ਕਰਨ ਦਾ ਨਾ ਕੋਈ ਸਮਾਂ ਸੀ, ਅਤੇ ਨਾ ਹੀ ਕੋਈ ਗੁਣ ਜਿਸ ਨੇ ਉਸਨੂੰ ਇੱਕ ਮਿੱਤਰ ਅਤੇ ਨਾਲ ਹੀ ਇੱਕ ਉਪਕਾਰੀ ਬਣਾ ਦਿੱਤਾ ਹੋਵੇ।

ਇਹ ਘੜੀਸਾਜ਼ ਮਿਸਟਰ ਪਾਨਵਾਲਾ ਸੀ, ਜੋ ਸਚਮੁੱਚ ਹੀ ਇਕ ਉਪਕਾਰੀ ਆਦਮੀ ਸੀ। ਸਭ ਤੋਂ ਵੱਧ ਮਿਹਰਬਾਨ ਅਤੇ ਸਭ ਤੋਂ ਜ਼ਿਆਦਾ ਮਦਦਗਾਰ। ਇੱਕ ਦਿਨ ਲੌਂਦੇ ਵੇਲੇ ਉਹਨਾਂ ਗਰਮ ਤਪੇ ਅਤੇ ਅਹਿਲ ਸ਼ਾਂਤ ਪਲਾਂ ਦੇ ਦੌਰਾਨ, ਜਦੋਂ ਭੋਜਨ-ਸ਼ਾਲਾ 'ਚ ਕੋਈ ਗਾਹਕ ਨਹੀਂ ਸਨ, ਹਰੀ ਐਵੇਂ ਹਵਾ-ਬਦਲੀ ਲਈ ਭੋਜਨ-ਸ਼ਾਲਾ ਦੇ ਸਾਹਮਣੇ ਖੜਾ ਸੀ। ਬਿਨਾਂ ਮਤਲਬ ਦੇ ਆਵਾਜਾਈ ਨੂੰ ਵੇਖ ਰਿਹਾ ਸੀ, ਕਿਉਂਕਿ ਉਹ ਏਨਾ ਥੱਕਿਆ ਹੋਇਆ ਸੀ ਕਿ ਹੋਰ ਕੁੱਝ ਵੀ ਕਰਨ ਦੇ ਸਮਰਥ ਨਹੀਂ ਸੀ ਅਤੇ ਮਿਸਟਰ ਪਾਨਵਾਲਾ ਨੇ, ਉਸ ਨੂੰ ਬੁਲਾ ਕੇ, ਆਪਣੇ ਪਾਸ, ਆਪਣੀ ਦੁਕਾਨ 'ਚ ਕਾਉਂਟਰ ਪਿਛਲੇ ਬੈਂਚ 'ਤੇ ਬਿਠਾ ਲਿਆ ਸੀ।

"ਮਦਦ ਕਰਨੀ ਚਾਹੁੰਦਾ ਏਂ?" ਉਹਨੇ ਪੁੱਛਿਆ ਸੀ "ਕੀ ਤੂੰ ਸਿਖਣਾ ਚਾਹੁੰਦਾ ਏਂ ਕਿ ਕਲਾਕ ਨੂੰ ਟਿੱਕ-ਟਿੱਕ ਕਰਨ ਕਿਵੇਂ ਲਾਈਦਾ ਹੈ? ਮੈਂ ਹੁਣੇ ਹੀ ਇਸ ਵੱਡੇ ਸਾਰੇ ਬੁੱਢ-ਪੁਰਾਣੇ ਬਾਬੇ ਕਲਾਕ ਨੂੰ ਖੋਲ੍ਹ ਰਿਹਾ ਹਾਂ, ਜੋ ਇਕ ਪਾਰਸੀ ਪਰਿਵਾਰ ਨੇ ਮੇਰੇ ਪਾਸ ਮੁਰੰਮਤ ਲਈ ਭੇਜਿਆ ਹੈ। ਤੂੰ ਇਸ ਦੇ ਕੰਮ ਕਰਨ ਦੇ ਢੰਗ ਨੂੰ ਸਾਫ਼-ਸਾਫ਼ ਵੇਖ ਸਕੇਂਗਾ। ਹੁਣ ਇਹੋ ਜਿਹੇ ਕਲਾਕ ਘੱਟ ਹੀ ਮਿਲਦੇ ਹਨ-ਕੰਧ ਘੜਿਆਲ, ਹਾਂ, ਅਤੇ ਇਲੈਕਟਰਾਨਿਕ ਜੁਗਤਾਂ ਵਾਲੇ ਕਲਾਕ ਤਾਂ ਹਨ, ਪਰ ਤੁਹਾਨੂੰ ਇਸ ਵਰਗਾ ਬੁੱਢ-ਪੁਰਾਣਾ ਬਾਬਾ ਕਲਾਕ ਬਹੁਤ ਘੱਟ ਮਿਲੇਗਾ! ਇਹ ਸਚਮੁੱਚ ਹੀ ਇੱਕ ਸੁਭਾਗਾ ਕਲਾਕ ਹੈ, ਜੋ ਤੁਹਾਨੂੰ ਇਹ ਦਰਸਾ ਰਿਹਾ ਹੈ ਕਿ ਇਸ

ਆਕਾਰ ਦਾ ਕਲਾਕ ਵੀ ਹੋ ਸਕਦਾ ਹੈ!" ਉਹਨੇ ਪਿਛਲੇ ਪਾਸੇ ਦਾ ਦਰਵਾਜ਼ਾ ਖੋਲ੍ਹਦਿਆਂ ਅਤੇ ਮੰਤਰ-ਮੁਗਧ ਹਰੀ ਨੂੰ ਮਸ਼ੀਨਰੀ ਖੋਲ੍ਹ ਕੇ ਵਿਖਾਉਂਦਿਆਂ ਆਖਿਆ, ਹਰੀ ਜਿਸ ਨੇ ਮਹਿਸੂਸ ਕੀਤਾ, ਜਿਵੇਂ ਦਰਵਾਜ਼ਾ ਇੱਕ ਨਵੇਂ ਤੇ ਨਿਆਰੇ ਗ੍ਰਹਿ ਵਿੱਚ ਖੁੱਲ੍ਹਿਆ ਹੋਵੇ। ਮਿਸਟਰ ਪਾਨਵਾਲਾ ਨੇ ਹਰੀ ਨੂੰ ਵਿਖਾਇਆ ਕਿ ਉਸ ਵਿੱਚ ਕੀ ਖ਼ਰਾਬੀ ਹੈ, ਕਿਸ ਕਰਕੇ ਉਹ ਰੁਕ ਗਿਆ ਹੈ। "ਦਿਲਚਸਪ, ਹੈ ਨਾ? ਤੂੰ ਕਿਵੇਂ ਸਿੱਖਣਾ ਚਾਹੇਂਗਾ। ਤੈਨੂੰ ਦੱਸਦਾ ਹਾਂ-ਕੀ ਭਲਾ- ਮੈਂ ਤੈਨੂੰ ਇੱਕ ਸਿੱਖਿਆਰਥੀ ਦੇ ਤੌਰ ਤੇ ਲੈ ਲਵਾਂਗਾ-ਲੌਢੇ ਵੇਲੇ ਜਦ ਤੂੰ ਕਿਚਨ ਵਿਚ ਕੰਮ ਨਹੀਂ ਕਰਨਾ ਹੁੰਦਾ। ਦੋ ਅਤੇ ਚਾਰ ਵਜੇ ਦੇ ਵਿਚਾਲੇ, ਤੇਰੇ ਕੋਲ ਕਰਨ ਲਈ ਕੋਈ ਬਹੁਤਾ ਕੰਮ ਨਹੀਂ ਹੁੰਦਾ, ਠੀਕ ਹੈ ਨਾ? ਪਰ ਤੈਨੂੰ ਪਹਿਲਾਂ ਜੱਗੂ ਪਾਸੋਂ ਪੁੱਛਣਾ ਪਏਗਾ। ਮੈਂ ਤੈਨੂੰ ਥੋੜ੍ਹੇ ਜਿਹੇ ਪੈਸੇ ਦੇ ਸਕਦਾ ਹਾਂ, ਬਹੁਤੇ ਨਹੀਂ ਅਤੇ ਤੂੰ ਦਿਨ ਵਿਚ ਦੋ ਘੰਟੇ ਮੇਰੀ ਮਦਦ ਕਰ ਸਕਦਾ ਏਂ। ਸ਼ਾਇਦ, ਮੈਂ ਤੈਨੂੰ ਘੜੀਸਾਜ਼ ਬਣਾ ਸਕਾਂ। ਇਹ ਕੋਈ ਅਜਿਹਾ ਪੇਸ਼ਾ ਨਹੀਂ, ਜਿਸ ਨੂੰ ਬਹੁਤ ਸਾਰੇ ਲੋਕੀਂ ਜਾਣਦੇ ਹੋਣ। ਤੈਨੂੰ ਇਹ ਕਿਹੋ ਜਿਹਾ ਲੱਗੇਗਾ .....? ਹੇ .....!!"

ਹਰੀ ਨੂੰ ਵਿਸ਼ਵਾਸ ਨਹੀਂ ਸੀ ਹੋ ਰਿਹਾ ਕਿ ਕੀ ਸਚਮੁੱਚ ਹੀ ਉਹ ਇਹ ਚਾਹੁੰਦਾ ਸੀ, ਕਿ ਕੀ ਉਹ ਸਚਮੁੱਚ ਹੀ ਆਪਣੇ ਰਾਜ਼ ਇਕ ਅਜਿਹੇ ਪੇਂਡੂ ਮੁੰਡੇ ਨਾਲ ਸਾਂਝੇ ਕਰਨ ਲਈ ਰਜ਼ਾਮੰਦ ਸੀ, ਜੋ ਭਿੱਖ ਮੰਗਿਆਂ ਦੇ ਕਿਚਨ ਵਿਚ ਰਸੋਈਏ ਦੇ ਸਹਾਇਕ ਵਜੋਂ ਕੰਮ ਕਰ ਰਿਹਾ ਸੀ। ਉਸ ਮਨੁੱਖ ਦੀ ਮਿਹਰ ਅਤੇ ਇਸ ਗੱਲ ਦੀ ਸੰਭਾਵਨਾ ਨੇ ਕਿ ਉਹ ਉਸ ਨੂੰ ਜ਼ਿੰਦਗੀ 'ਚ ਕੁਝ ਬਣਾ ਦੇਵੇਗਾ, ਉਸ ਦੇ ਹੱਥਾਂ ਨੂੰ ਚੰਗਾ ਕੰਮ ਕਰਨਾ ਸਿਖਾ ਦੇਵੇਗਾ, ਨਿੱਕੇ-ਨਿੱਕੇ, ਸੂਖਮ ਸੰਦਾਂ-ਔਜ਼ਾਰਾਂ ਦੀ ਵਰਤੋਂ ਕਰਨੀ ਅਤੇ ਬਹੁਤ ਹੀ ਪੇਚੀਦਾ ਤੇ ਗੁੰਝਲਦਾਰ ਮਸ਼ੀਨਰੀ 'ਤੇ ਕੰਮ ਕਰਨਾ ਸਿਖਾ ਦੇਵੇਗਾ, ਉਸ ਨੂੰ ਏਨਾ ਭੌਂਦਲਾ-ਭੁਚਲਾ ਦਿੱਤਾ ਸੀ ਕਿ ਉਹ ਕੁੱਝ ਵੀ ਬੋਲ ਨਾ ਸਕਿਆ ਅਤੇ ਸਿਰਫ਼ ਚੁੱਪਚਾਪ, ਸਿਰ ਹਿਲਾ ਕੇ ਹੀ ਰਹਿ ਗਿਆ।

"ਤਾਂ ਲੈ ਫਿਰ ਹੁਣੇ ਹੀ ਸ਼ੁਰੂ ਕਰ ਦਈਏ ਤਾਂ ਕਿ ਅਸੀਂ ਇਹ ਦੇਖ ਸਕੀਏ ਕਿ ਇਸ ਵਿੱਚ ਤੇਰੀ ਰੁਚੀ ਹੈ ਕਿ ਨਹੀਂ! ਬਿਰਧ ਘੜੀਸਾਜ਼ ਨੇ, ਉਸਨੂੰ ਸ਼ੀਸ਼ੇ ਵਰਗੇ ਹਰੇ ਦਸਤੇ ਵਾਲਾ, ਇੱਕ ਨਿੱਕਾ ਜਿਹਾ ਪੇਚ-ਕੱਸ ਫੜਾਉਂਦਿਆਂ ਬੁੜ-ਬੁੜ ਕੀਤੀ।

"ਮੇਰੇ ਹੱਥ ਬਹੁਤ ਹੀ ਗੰਦੇ ਹਨ?" ਹਰੀ ਨੇ ਸ਼ਰਮ 'ਚ ਬੁੜ-ਬੁੜ ਕੀਤੀ।

"ਗੰਦੇ! ਕੀ ਉਹ ਗੰਦੇ ਹਨ?" ਮਿਸਟਰ ਪਾਨਵਾਲਾ ਹੱਸਿਆ, "ਅਹਿ ਇਸ ਤੌਲੀਏ ਨਾਲ ਪੂੰਝ ਲੈ, ਇਹਨਾਂ ਨੂੰ। ਹੁਣ ਉਹ ਠੀਕ ਹਨ।" ਉਹ ਇੱਕ ਸਿਖਿਆਰਥੀ ਮਿਲ ਜਾਣ 'ਤੇ ਪ੍ਰਸੰਨ ਪ੍ਰਤੀਤ ਹੁੰਦਾ ਸੀ। ਉਹ ਹਰੀ ਦੇ ਸਾਥ ਦਾ ਆਨੰਦ ਲੈ ਰਿਹਾ ਸੀ, ਜਿੰਨਾ ਕਿ ਜੱਗੂ ਨਹੀਂ ਸੀ ਲੈ ਰਿਹਾ। "ਮੈਂ ਦੇਖ ਰਿਹਾ ਹਾਂ ਕਿ ਤੇਰੇ ਪਾਸ ਸੁਚੱਜੀਆਂ ਉਂਗਲਾਂ ਹਨ। ਤੇ ਹੁਣ ਅਹਿ ਰਿਹਾ ਇੱਕ ਨਿੱਕਾ ਜਿਹਾ ਕਾਰਵੰਦਾ ਸੰਦ, ਇਹਨੂੰ ਇਸ ਤਰ੍ਹਾਂ ਫੜ ਅਤੇ ਮੈਂ ਤੈਨੂੰ ਦੱਸਦਾ ਹਾਂ ਕਿ ਕੀ ਕਰਨਾ ਹੈ।"

ਅਤੇ ਇਸ ਤਰ੍ਹਾਂ ਹਰੀ ਇੱਕ ਸਿਖਿਆਰਥੀ ਘੜੀਸਾਜ਼ ਬਣ ਗਿਆ ਅਤੇ ਉਹਨੇ ਵੇਖਿਆ ਕਿ ਇੱਕ ਚੰਗੇ ਭਵਿੱਖ ਦੀ ਸੰਭਾਵਨਾ ਹੈ, ਕਿ ਕੋਈ ਜਣਾ ਜਿੱਥੇ ਉਹ ਫਸਿਆ ਹੋਇਆ ਹੈ, ਸਦਾ ਉਥੇ ਹੀ ਨਹੀਂ ਰਹਿ ਸਕਦਾ, ਸਗੋਂ ਉਸ ਤੋਂ ਬਾਹਰ ਨਿਕਲ ਸਕਦਾ ਹੈ। ਅਜਿਹਾ ਹੋ ਸਕੇ, ਇਸ ਲਈ ਬੰਦੇ ਨੂੰ ਬੜੇ ਜ਼ੋਰਦਾਰ ਯਤਨ ਕਰਨ ਦੀ ਜ਼ਰੂਰਤ ਹੁੰਦੀ ਹੈ। ਪਰ ਜੇ ਥੋੜ੍ਹਾ ਜਿਹਾ ਕਿਸਮਤ ਵੀ ਸਾਥ ਦੇਵੇ ਤਾਂ ਬਹੁੜੀ ਹੋ ਹੀ ਜਾਂਦੀ ਹੈ। ਉਹਨੇ ਤੀਜੇ ਪਹਿਰ ਦੇ ਉਹ

ਵਿੱਲੇ-ਮੱਠੇ ਤੇ ਵਿਹਲੇ-ਜਿਹੇ ਪਲ ਘੜੀਸਾਜ਼ ਦੀ ਦੁਕਾਨ 'ਤੇ ਬਿਤਾਉਣ ਦੀ, ਜੱਗੂ ਪਾਸੋਂ ਇਜਾਜ਼ਤ ਲੈ ਲਈ, ਬਿਨਾਂ ਕਿਸੇ ਦਿੱਕਤ ਦੇ। ਜੱਗੂ ਚੁੱਪ-ਗੜੁੱਪ ਸੀ, ਪਰ ਚੰਗੇ ਸੁਭਾਅ ਦਾ ਸੀ। ਅਤੇ ਹਰੀ ਪੱਕੇ ਇਰਾਦੇ ਨਾਲ, ਇਹ ਹੁਨਰ ਸਿੱਖਣ ਲੱਗ ਪਿਆ। ਉਹ ਟਹਿਕਣ ਲੱਗ ਪਿਆ ਅਤੇ ਖ਼ੁਸ਼-ਖ਼ੁਸ਼ ਤੇ ਜੀਵੰਤ ਵਿਖਾਈ ਦੇਣ ਲੱਗ ਪਿਆ ਅਤੇ ਬਿਰਧ ਘੜੀਸਾਜ਼ ਉਸਨੂੰ ਪੂਰੀ ਇਕਾਗਰਤਾ ਅਤੇ ਉਤਸੁਕਤਾ ਨਾਲ ਕੰਮ ਕਰਦਿਆਂ ਵੇਖ ਕੇ ਮੁਸਕਰਾ ਪੈਂਦਾ।

"ਵਾਹ, ਹਰੀ, ਵਾਹ, ਚੰਗੀ ਗੱਲ ਹੈ।" ਉਹ ਹੱਲਾਸ਼ੇਰੀ ਦਿੰਦਾ ਹੋਰ 'ਵਾਹ-ਵਾਹ' ਆਖਦਾ, "ਇਹ ਤਾਂ ਬਹੁਤ ਹੀ ਵਧੀਆ ਗੱਲ ਹੈ। ਬਰਸਾਤ ਆਉਣ ਤੱਕ, ਮੈਂ ਤੈਨੂੰ, ਤੇਰੇ ਪਹਿਲੇ ਸਬਕ ਦੇਣੇ ਮੁਕਾ ਲਵਾਂਗਾ। ਵਰਖਾ-ਰੁੱਤ ਦੇ ਖ਼ਤਮ ਹੋਣ ਤੱਕ, ਤੂੰ ਆਪਣੇ-ਆਪ ਘੜੀਆਂ ਠੀਕ ਕਰਨ ਲੱਗ ਪਏਂਗਾ।

ਹਰੀ ਨੇ ਚੁੱਪਚਾਪ ਉਸ ਵਲ ਵੇਖਿਆ, ਇਸ ਸੁਝਾਅ ਲਈ ਅਹਿਸਾਨਮੰਦੀ ਨਾਲ ਕਿ ਸਮਾਂ ਬੀਤ ਜਾਏਗਾ।

"ਹਾਂ ਭਈ ਹੋ ਸਕਦਾ ਹੈ ਕਿ ਅਖ਼ੀਰ ਮੈਂ ਤੈਨੂੰ ਮੁਸਕਰਾਉਣ ਸਗੋਂ ਹੱਸਣ ਲਾ ਹੀ ਦੇਵਾਂ।" ਬਿਰਧ ਘੜੀਸਾਜ਼ ਨੇ ਉਹਦੇ ਵਲ ਵੇਖਦਿਆਂ ਆਖਿਆ।

ਜਿਸ ਪਰਾਹੁਣੇ ਨੇ 'ਮੌਨ-ਰੀਪੋਜ਼' ਵਿਚ, ਮੌਨਸੂਨ ਦੇ ਦੌਰਾਨ ਠਹਿਰਨ ਲਈ ਆਉਣਾ ਸੀ, ਉਹ ਛੇਤੀ ਹੀ ਥਲ ਅੱਪੜ ਗਿਆ, ਜਿਸ ਦਿਨ ਡੀ ਸਿਲਵਾ ਪਰਿਵਾਰ ਰੌਲੇ ਰੱਪੇ ਅਤੇ ਅਫ਼ੜਾ-ਦਫ਼ੜੀ 'ਚ ਉਥੋਂ ਰਵਾਨਾ ਹੋਇਆ, ਉਸ ਤੋਂ ਪਹਿਲਾਂ। ਲੀਲਾ ਅਤੇ ਉਸ ਦੀਆਂ ਭੈਣਾਂ ਨੂੰ ਉਸ ਦੀ ਮੌਜੂਦਗੀ ਦੀ, ਤੁਰਤ ਹੀ ਖ਼ਬਰ ਨਾ ਹੋਈ। ਉਹ ਬੰਬਈ ਤੋਂ ਬੱਸ ਵਿੱਚ ਆਇਆ ਅਤੇ ਆਪਣਾ ਥੈਲਾ ਆਪ ਹੀ ਚੁੱਕ ਕੇ, ਰਾਹੇ ਰਾਹ ਪੈਦਲ ਤੁਰਿਆ ਆਇਆ ਅਤੇ ਇਸ ਲਈ, ਉਸਦਾ ਪ੍ਰਵੇਸ਼, ਬਹੁਤਾ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਨਹੀਂ ਸੀ। ਪਰਿਵਾਰ ਏਡਾ ਵੱਡਾ ਅਤੇ ਹੁੱਲੜਬਾਜ਼ ਸੀ ਕਿ ਉਸ ਦੇ ਵਿਚਾਲੇ, ਇੱਕ ਵਾਧੂ ਆਦਮੀ ਨਾਲ ਅਸਲੋਂ ਹੀ ਕੋਈ ਫ਼ਰਕ ਨਾ ਪਿਆ ਸਿਰਫ਼ ਇੱਕ ਕੁੱਤਾ, ਮੀਸ਼ਾ ਹੀ ਸੀ, ਜੋ ਆਮ ਨਾਲੋਂ ਵਧੇਰੇ ਉਤੇਜਨਾ ਨਾਲ ਭੌਂਕਦਾ ਅਤੇ ਏਧਰ-ਉਧਰ ਦੌੜਦਾ ਦਿਖਾਈ ਦੇ ਰਿਹਾ ਸੀ।

ਲੀਲਾ ਕਿਚਨ ਨੂੰ ਖ਼ਾਲੀ ਕਰਨ ਅਤੇ ਉਹਨਾਂ ਦਾ ਸਮਾਨ ਪੈਕ ਕਰਨ 'ਚ ਬਾਵਰਚੀ ਦੀ ਮਦਦ ਕਰਨ ਵਿੱਚ ਰੁੱਝੀ ਹੋਈ ਸੀ। ਉਸ ਦੀਆਂ ਭੈਣਾਂ ਮੇਮ ਸਾਹਿਬ ਦੇ ਜਾਣ ਤੋਂ ਪਹਿਲਾਂ ਉਸ ਲਈ ਫੁੱਲ-ਅਲਾਮਾਂਡਾ, ਹਬਿਸਕੱਸ ਅਤੇ ਚਮੇਲੀ ਦੇ ਫੁੱਲ ਇੱਕਠੇ ਕਰਨ ਲਈ ਅਤੇ ਬੱਚਿਆਂ ਵਾਸਤੇ ਮੋਤੀਏ ਦੇ ਹਾਰ ਲੈਣ ਲਈ ਗਈਆਂ ਹੋਈਆਂ ਸਨ। ਬੱਚੇ ਸਾਰੇ ਵਰਾਂਡੇ ਵਿੱਚ ਘੋਗਿਆਂ ਅਤੇ ਗੀਟ੍ਹਿਆਂ 'ਤੇ ਆਪੋ-ਵਿੱਚ ਲੜ-ਝਗੜ ਰਹੇ ਸਨ, ਜੋ ਉਹਨਾਂ ਬੀਚ ਤੋਂ ਇਕੱਠੇ ਕੀਤੇ ਸਨ ਅਤੇ ਜਿਨ੍ਹਾਂ ਨੂੰ, ਬੰਬਈ ਆਪਣੇ ਫ਼ਲੈਟ ਵਿੱਚ ਲਿਜਾਣ ਤੋਂ ਉਹਨਾਂ ਦੀ ਮਾਂ ਇਨਕਾਰੀ ਹੋ ਰਹੀ ਸੀ। "ਘੱਟੋ-ਘੱਟ ਸਾਰੇ ਤਾਂ ਬਿਲਕੁਲ ਨਹੀਂ-ਤੁਸੀਂ ਉਹਨਾਂ ਵਿਚੋਂ ਥੋੜ੍ਹੇ ਕੁ, ਸਭ ਤੋਂ ਵਧੀਆ ਚੁਣ ਸਕਦੇ ਹੋ।" ਉਹਨੇ ਬੱਚਿਆਂ ਨੂੰ ਦੱਸਿਆ ਸੀ, ਜਿਸ ਨਾਲ ਉਹਨਾਂ ਨੂੰ ਬੜੀ ਮਾਨਸਿਕ ਪੀੜ ਹੋਈ ਸੀ, ਜਦਕਿ ਉਹ ਆਪਣੇ-ਆਪਣੇ ਢੇਰਾਂ ਨੂੰ ਫੋਲ ਕੇ, ਵੇਖ ਰਹੇ ਸਨ ਅਤੇ ਫ਼ੈਸਲਾ ਕਰ ਰਹੇ ਸਨ ਕਿ ਕੀ ਲਿਜਾਇਆ ਜਾਵੇ। ਬੇਲਾ ਅਤੇ ਕਮਲ ਇਹ ਦ੍ਰਿਸ਼ ਦੇਖ ਕੇ, ਹਿਚ-ਹਿਚ ਕਰ ਰਹੀਆਂ ਸਨ। ਉਹ ਬੀਚ 'ਤੇ ਖਿੱਲਰੇ ਘੋਗਿਆਂ ਅਤੇ ਗੀਟ੍ਹਿਆਂ ਦੀਆਂ ਏਨੀਆਂ ਆਦੀ ਹੋ ਚੁਕੀਆਂ ਸਨ ਕਿ ਉਹਨਾਂ ਨੇ, ਉਹਨਾਂ ਵਲ ਕਦੇ ਧਿਆਨ

ਹੀ ਨਹੀਂ ਦਿੱਤਾ ਸੀ।

ਆਖ਼ਿਰ ਸਾਮਾਨ ਕਾਰ ਵਿਚ ਲੱਦਿਆ ਗਿਆ ਅਤੇ ਪਰਿਵਾਰ ਕਾਰ ਵਿੱਚ ਬੈਠ ਗਿਆ। ਉਹਨਾਂ ਸਾਰਿਆਂ ਲੀਲਾ ਅਤੇ ਉਸ ਦੀਆਂ ਭੈਣਾਂ ਨੂੰ ਅਲਵਿਦਾ ਆਖਣ ਲਈ, ਬਾਰੀਆਂ ਵਿੱਚੋਂ ਦੀ ਸਿਰ ਬਾਹਰ ਕੱਢੇ ਹੋਏ ਸਨ।

"ਆਪਣੀ ਮਾਂ ਬਾਰੇ ਕੋਈ ਚਿੰਤਾ ਨਾ ਕਰਨਾ।" ਮਿਸਟਰ ਡੀ ਸਿਲਵਾ ਮੁੜ-ਮੁੜ ਆਖ ਰਿਹਾ ਸੀ। "ਵਰਖਾ ਦੇ ਮੌਸਮ 'ਚ ਉਹਨੂੰ ਹਸਪਤਾਲ ਹੀ ਰਹਿਣ ਦੇਣਾ-ਸੁਣ ਰਹੀਆਂ ਹੋ ਕਿ ਨਹੀਂ-! ਵਰਖਾ ਦੇ ਦੌਰਾਨ ਤੁਹਾਡੀ ਝੁੱਗੀ 'ਚ ਬਹੁਤ ਗਿੱਲ ਤੇ ਸਿਲ੍ਹ ਹੁੰਦੀ ਹੈ ਅਤੇ ਹਸਪਤਾਲ 'ਚ ਉਸਦੀ ਹਾਲਤ ਬਹੁਤ ਸੁਧਰ ਗਈ ਹੈ। ਅਤੇ ਉਸ ਦਾ ਧਿਆਨ ਰੱਖਣ ਲਈ, ਉਥੇ ਤੁਹਾਡਾ ਪਿਤਾ ਹੈ ਹੀ। ਮੈਂ ਅਲੀਬਾਗ਼ ਉਸ ਨੂੰ ਕੁਝ ਪੈਸੇ ਦੇਣ ਵਾਸਤੇ ਰੁਕਾਂਗਾ, ਤਾਂ ਜੋ ਤੁਹਾਡੀ ਮਾਂ ਦੇ ਠੀਕ ਹੋਣ ਤੱਕ, ਉਸ ਦਾ ਕੰਮ ਚਲਦਾ ਰਹੇ। ਫਿਰ ਉਹ ਵਾਪਸ ਆ ਸਕਦੇ ਹਨ। ਡਾਕਟਰ ਦਾ ਖ਼ਿਆਲ ਹੈ ਕਿ ਉਹ ਦੀਵਾਲੀ ਤੱਕ, ਉਸ ਨੂੰ ਘਰ ਭੇਜ ਸਕੇਗਾ-ਕੀ ਇਹ ਠੀਕ ਰਹੇਗਾ?"

ਲੀਲਾ ਸਿਰ ਹਿਲਾਉਂਦੀ ਗਈ, ਹਿਲਾਉਂਦੀ ਗਈ। ਉਹ ਉਸ ਦੀ ਅਹਿਸਾਨਮੰਦ ਸੀ, ਉਹ ਕੁਝ ਦੁਹਰਾਉਣ ਵਾਸਤੇ, ਜੋ ਪਹਿਲਾਂ ਵੀ ਉਸ ਨੂੰ ਦੱਸਿਆ ਜਾ ਚੁੱਕਾ ਸੀ, ਪਰ ਉਸ ਨੂੰ ਮੁੜ ਸੁਣਨਾ ਚੰਗਾ ਲਗਦਾ ਸੀ। ਹਰੀ ਤੋਂ ਬਿਨਾਂ ਪਿਤਾ ਜਾਂ ਮਾਂ ਤੋਂ ਬਿਨਾਂ, ਹੋਰ ਤਾਂ ਹੋਰ ਪਿੰਟੋਂ ਤੋਂ ਬਿਨਾਂ, ਉਹਨਾਂ ਦੀ ਝੁੱਗੀ ਵਿੱਚ ਕਿੰਨੀ ਚੁੱਪ-ਚਾਂ ਸੀ, ਅਤੇ ਹੁਣ 'ਮੌਨ-ਰੀਪੋਜ਼' ਤੋਂ ਡੀ ਸਿਲਵਾ ਪਰਿਵਾਰ ਦੇ ਚਲੇ ਜਾਣ ਨਾਲ ਸਗੋਂ ਹੋਰ ਵੀ ਚੁੱਪ-ਚਾਂ ਹੋ ਜਾਵੇਗੀ।

"ਅਤੇ ਸੱਈਦ ਅਲੀ ਸਾਹਿਬ ਦੀ ਚੰਗੀ ਦੇਖਭਾਲ ਕਰਨਾ।" ਸ੍ਰੀਮਤੀ ਡੀ ਸਿਲਵਾ ਨੇ ਉਚੀ ਆਵਾਜ਼ ਵਿੱਚ ਆਖਿਆ। "ਇਸ ਗੱਲ ਦਾ ਧਿਆਨ ਰੱਖਣਾ ਕਿ ਉਹ ਖਾਣਾ ਠੀਕ-ਠਾਕ ਖਾਏ-ਇਹੋ ਜਿਹੀਆਂ ਗੱਲਾਂ ਉਹ ਭੁੱਲ-ਭੁਲਾ ਹੀ ਜਾਂਦਾ ਹੈ, ਇਸ ਲਈ ਤੈਨੂੰ ਇਹ ਚੇਤੇ ਰੱਖਣਾ ਪਏਗਾ। ਉਹ ਬਹੁਤ ਮਹਾਨ ਮਨੁੱਖ ਹੈ। ਉਸ ਦਾ ਉਚਿਤ ਧਿਆਨ ਰੱਖਣਾ। ਉਸ ਨੂੰ ਹਰ ਰੋਜ਼ ਮੱਛੀ, ਦੁੱਧ ਤੇ ਆਂਡੇ ਦੇਣ ਲਈ, ਮੈਂ ਤੁਹਾਡੇ ਪਾਸ ਕਾਫ਼ੀ ਪੈਸੇ ਦੇ ਦਿੱਤੇ ਹਨ, ਅਤੇ ਉਸ ਨੂੰ ਸਬਜ਼ੀਆਂ ਪਸੰਦ ਹਨ। ਇਸ ਲਈ ਬਹੁਤ ਸਾਰੀਆਂ ਸਬਜ਼ੀਆਂ ਲੈਣਾ। ਹਰ ਰਾਤ ਕਿਚਨ ਨੂੰ ਤਾਲਾ ਲਾਉਣ ਤੋਂ ਪਹਿਲਾਂ, ਉਸਨੂੰ ਸਾਫ਼ ਕਰਨਾ, ਤਾਂ ਜੋ ਤਿਲਚੱਟੇ ਤੇ ਚੂਹੇ ਅਤੇ ਸੱਪ-ਸਪੋਲੀਏ ਨਾ ਆਉਣ ......."

ਪਿਛਲੀ ਸੀਟ 'ਤੇ ਬੈਠੇ ਬੱਚੇ, ਚੀਕ ਉਠੇ, ਕਿਉਂਕਿ ਇਸ ਨਾਲ ਉਹਨਾਂ ਨੂੰ ਉਸ ਸੱਪ ਦਾ ਚੇਤਾ ਆ ਗਿਆ ਸੀ, ਜੋ ਛੇਕੜਲੀ ਰਾਤ, ਉਹਨਾਂ ਦੀ ਮਾਂ ਨੇ ਕਿਚਨ ਵਿੱਚ ਵੇਖਿਆ ਸੀ ਅਤੇ ਜੋ ਬੜੀ ਤੇਜ਼ੀ ਨਾਲ ਭਾਂਡਿਆਂ ਵਾਲੀ ਇੱਕ ਅਲਮਾਰੀ ਵਿੱਚ ਲੋਪ ਹੋ ਗਿਆ ਸੀ।

"ਉਹ .....ਹ.......! ਸੱਪ!" ਉਹ ਕੂਕ ਉਠੇ ਅਤੇ ਉਹਨਾਂ ਦੇ ਪਿਤਾ ਨੇ ਫ਼ੈਸਲਾ ਕੀਤਾ ਕਿ ਹੁਣ ਉਥੋਂ ਚਲ ਪੈਣ ਦਾ ਸਮਾਂ ਹੋ ਗਿਆ ਸੀ। ਇਸ ਲਈ ਉਹਨੇ ਕਾਰ ਚਾਲੂ ਕੀਤੀ ਅਤੇ ਕਾਰ ਇੱਕ ਝਟਕੇ ਨਾਲ ਤੁਰ ਪਈ, ਜਿਸ ਨਾਲ ਉਹਨਾਂ ਦਾ ਕੁੱਤਾ ਉਤੇਜਨਾ ਨਾਲ ਜ਼ੋਰ-ਜ਼ੋਰ ਦੀ ਭੌਂਕਣ ਲੱਗ ਪਿਆ ਜਦੋਂਕਿ ਉਹਨੇ ਆਪਣਾ ਸਿਰ ਖਿੜਕੀ 'ਚੋਂ ਬਾਹਰ ਕੱਢਿਆ ਹੋਇਆ ਸੀ ਅਤੇ ਉਹ ਨਾਰੀਅਲ ਦੇ ਰੁੱਖਾਂ ਨੂੰ ਘੁੰਮਦੇ ਹੋਏ, ਆਪਣੇ ਪਿੱਛੇ ਰਹਿੰਦੇ ਅਤੇ ਬੇਲਾ ਤੇ ਕਮਲ ਨੂੰ ਪਾਣੀ ਦੇ ਪਾੜ ਉਪਰਲੀ ਰੋੜੀ ਤੇ ਖਲੋਤਿਆਂ ਅਤੇ ਅਲਵਿਦਾਈ ਹੱਥ

ਹਿਲਾਉਂਦਿਆਂ ਵੇਖ ਰਿਹਾ ਸੀ।

ਜਦੋਂ ਕਾਰ ਜਾ ਚੁੱਕੀ ਅਤੇ ਉਹ ਅਚਨਚੇਤੀ ਚੁੱਪ-ਵਰਤੇ, ਸੁੰਨ-ਮਸੁੰਨੇ ਘਰ ਨੂੰ ਤੱਕਦੀਆਂ ਉਥੇ ਇਕੱਲੀਆਂ ਖਲੋਤੀਆਂ ਰਹਿ ਗਈਆਂ, ਤਾਂ ਉਹਨਾਂ ਵੇਖਿਆ ਕਿ ਉਹ ਕੌਣ ਸੀ, ਜਿਸ ਨੇ ਕਿ 'ਮੌਨ-ਰੀਪੋਜ਼' ਵਿਚ ਠਹਿਰਨਾ ਸੀ- ਇੱਕ ਪਤਲਾ-ਛੀਟਕਾ, ਸਫ਼ੈਦ ਦਾੜ੍ਹੀ ਵਾਲਾ ਅਤੇ ਨੱਕ ਉਤੇ ਐਨਕਾਂ ਵਾਲਾ, ਵਡੇਰੀ ਉਮਰ ਦਾ ਆਦਮੀ। ਉਹਨੇ ਉਹਨਾਂ ਨੂੰ ਉੱਕਾ ਹੀ ਨਹੀਂ ਸੀ ਵੇਖਿਆ। ਕਿਉਂਕਿ ਉਹਨੇ ਆਪਣੀਆਂ ਅੱਖਾਂ ਨਾਲ ਦੂਰਬੀਨ ਲਾਈ ਹੋਈ ਸੀ ਅਤੇ ਉਹ ਰੁੱਖਾਂ ਦੇ ਅੰਦਰ, ਬੜੀ ਇਕਾਗਰਤਾ ਨਾਲ ਤੱਕ ਰਿਹਾ ਸੀ। ਕੁੜੀਆਂ ਨੇ ਵੀ ਰੁੱਖਾਂ ਨੂੰ ਧਿਆਨ ਨਾਲ ਤੱਕਿਆ ਤੇ ਸੋਚਿਆ ਕਿ ਉਹ ਕੀ ਚੀਜ਼ ਵੇਖ ਰਿਹਾ ਸੀ। ਉਥੇ ਤਾਂ ਕੁੱਝ ਵੀ ਨਹੀਂ ਸੀ ਦਿਸ ਰਿਹਾ, ਪਰ ਫਿਰ ਉਹਨਾਂ ਇਕ ਖੜਕਾਰ ਜਿਹੀ ਸੁਣੀ ਅਤੇ ਇਕ ਸੁਆਹ ਰੰਗਾ ਸਲੇਟੀ ਤੇ ਬਿਸਕੁਟੀ ਪੰਛੀ ਉਡ ਦੇ ਬਾਹਰ ਆਇਆ। ਜਿਉਂ ਹੀ ਉਹ ਪੱਤਿਆਂ 'ਚੋਂ ਬਾਹਰ ਨਿੱਕਲਿਆ ਅਤੇ ਘਰ ਦੇ ਪਿਛਵਾੜੇ ਵਲ ਗਿਆ, ਉਸ ਦੀ ਲੰਮੀ ਬਿਸਕੁਟੀ ਪੂਛ ਉਸਦੇ ਪਿੱਛੇ ਲਮਕਦੀ ਜਾ ਰਹੀ ਸੀ। ਉਸ ਆਦਮੀ ਨੇ ਇੱਕ ਲੰਮਾ ਸਾਹ ਭਰ ਕੇ, ਦੂਰਬੀਨ ਨੀਵੀਂ ਕੀਤੀ, ਆਪਣੀ ਜੇਬ ਵਿੱਚੋਂ ਇੱਕ ਕਾਪੀ ਬਾਹਰ ਕੱਢੀ ਅਤੇ ਉਸ ਵਿੱਚ ਕੁਝ ਝਰੀਟਣ ਲੱਗ ਪਿਆ।

ਲੀਲਾ ਅਤੇ ਉਸ ਦੀਆਂ ਭੈਣਾਂ ਏਧਰ-ਉਧਰ ਖੂੰਜੇ ਵਿੱਚ ਅਤੇ ਕਿਚਨ ਵਿੱਚ ਦਬੇ ਪੈਰੀਂ ਤੁਰਦੀਆਂ ਫਿਰਦੀਆਂ ਰਹੀਆਂ ਤਾਂ ਜੋ ਉਸ ਦੇ ਧਿਆਨ ਨੂੰ ਨਾ ਉਟਕਾਉਣ।


"ਉਹ ਕੀ ਕਰ ਰਿਹਾ ਹੈ? ਉਹਨਾਂ ਚੁੱਪਚਾਪ ਥਾਲੀਆਂ ਧੋਂਦਿਆਂ ਖੁਸਰ ਫੁਸਰ ਕੀਤੀ, ਜਿਹੜੀਆਂ ਪਿੱਛੇ ਹੌਦੀ ਵਿੱਚ ਰਹਿ ਗਈਆਂ ਸਨ।

"ਕੌਣ ਜਾਣੇ?" ਲੀਲਾ ਨੇ ਮੋਢੇ ਸੁਕੇੜੇ। "ਸਾਹਿਬ ਨੇ ਆਖਿਆ ਸੀ ਕਿ ਉਹ ਏਥੇ ਕਿਸੇ ਚੀਜ਼ ਦਾ ਅਧਿਐਨ ਕਰਨ ਆਇਆ ਹੈ।"

"ਕਾਹਦਾ ਅਧਿਐਨ-ਪੰਛੀਆਂ ਦਾ?" ਬੇਲਾ ਨੇ ਪੁੱਛਿਆ ਅਤੇ ਕਮਲ ਇਸ ਵਿਚਾਰ 'ਤੇ ਹੱਸ ਪਈ, ਕਿੰਨਾ ਹਾਸੋ-ਹੀਣਾ ਸੀ ਇਹ !

"ਜੋ ਕੁੱਝ ਵੀ ਹੈ, ਉਹ ਸਾਨੂੰ ਉੱਕਾ ਹੀ ਨਹੀਂ ਵੇਖ ਸਕੇਗਾ। ਅਸੀਂ ਤਾਂ ਉਸਦਾ ਖਾਣਾ ਪਕਾਉਣਾ ਹੈ ਅਤੇ ਉਸ ਨੂੰ ਆਉਣ ਅਤੇ ਖਾਣਾ ਖਾਣ ਲਈ ਬੁਲਾਉਣਾ ਹੈ।" ਲੀਲਾ ਨੇ ਆਖਿਆ।

ਉਹਨਾਂ ਉਹੋ ਕੁੱਝ ਹੀ ਕੀਤਾ। ਹੁਣ ਉਹਨਾਂ ਦੀ ਮਾਂ ਨਹੀਂ ਸੀ, ਜਾਂ ਹਰੀ ਤੇ ਉਹਨਾਂ ਦਾ ਪਿਉ ਨਹੀਂ, ਜਿਸ ਦੀ ਉਹਨਾਂ ਨੇ ਦੇਖਭਾਲ ਕਰਨੀ ਸੀ, ਇਸ ਲਈ ਉਹ ਬੜੀ ਸ਼ਾਂਤੀ ਅਤੇ ਠਰ੍ਹੰਮੇ ਨਾਲ ਉਸ ਅਜੀਬ ਅਜਨਬੀ ਆਦਮੀ ਲਈ ਖਾਣਾ ਪਕਾਉਂਦੀਆਂ, ਖ਼ਰੀਦਾਰੀ ਕਰਦੀਆਂ ਅਤੇ ਬਹੁਕਰ-ਬੁਹਾਰੀ ਤੇ ਧੋਅ-ਧੁਆਈ ਕਰਦੀਆਂ, ਜੋ ਉਹਨਾਂ ਨਾਲ ਕਦੇ ਗੱਲ ਨਹੀਂ ਸੀ ਕਰਦਾ ਅਤੇ ਜਦੋਂ ਉਹ ਉਸ ਨੂੰ ਖਾਣੇ ਲਈ ਬੁਲਾਉਂਦੀਆਂ ਸਨ, ਤਾਂ ਸਿਰਫ਼ ਆਪਣੀਆਂ ਐਨਕਾਂ ਵਿੱਚੋਂ ਦੀ ਖਾਣੇ ਨੂੰ ਝਾਕਦਾ ਸੀ ਅਤੇ ਕਈ ਵਾਰੀ ਤਾਂ ਆਪਣੀ ਦੂਰਬੀਨ ਮੋਢੇ 'ਤੇ ਲਟਕਾਈ ਅਤੇ ਪੁਸਤਕਾਂ ਤੇ ਪੈੱਨਸਿਲਾਂ ਦਾ ਭਰਿਆ ਇੱਕ ਥੈਲਾ ਲਈ, ਸਾਰੇ ਦਿਨ ਲਈ ਗ਼ਾਇਬ ਹੋ ਜਾਂਦਾ ਸੀ। ਕਈ ਵਾਰੀ ਜਦ ਉਹ ਦਲਦਲ ਦੇ ਨੇੜੇ-ਨੇੜੇ ਠੇਡੇ ਠੋਕਰਾਂ ਖਾਂਦਾ ਘੁੰਮ ਫਿਰ ਰਿਹਾ ਹੁੰਦਾ, ਚਿੱਕੜ ਅਤੇ ਸਰਕੜਿਆਂ ਵਿੱਚ ਦੀ ਛਪਲ-ਛਪਲ ਕਰਦਾ



ਲੰਘ ਰਿਹਾ ਹੁੰਦਾ, ਜਾਂ ਫਿਰ ਰੁੱਖਾਂ ਹੇਠ ਚੁੱਪਚਾਪ ਕਿਸੇ ਪੱਥਰ 'ਤੇ ਬੈਠਾ, ਹਰੇਕ ਚੀਜ਼ ਨੂੰ- ਸਿਵਾਏ ਲੋਕਾਂ ਦੇ, ਇਕਾਗਰਤਾ ਨਾਲ ਨਿਹਾਰ ਰਿਹਾ ਹੁੰਦਾ, ਤਾਂ ਉਹਨਾਂ ਦਾ ਉਸ ਨਾਲ ਸਾਹਮਣਾ ਹੋ ਜਾਂਦਾ। ਉਹ ਇਸ ਗੱਲ ਵਲ ਸ਼ਾਇਦ ਹੀ ਧਿਆਨ ਦਿੰਦਾ ਕਿ ਥਲ ਵਿਚ ਕਈ ਲੋਕ ਵੀ ਸਨ, ਉਹ ਉਸ ਦੀ ਦਿਲਚਸਪੀ ਜਗਾਉਂਦੇ ਉਕਾ ਹੀ ਨਹੀਂ ਸਨ ਜਾਪਦੇ। ਪਰ ਉਹ ਸਾਊ ਸੀ ਅਤੇ ਚੁੱਪ-ਚੜ੍ਹੁੱਪ ਸੀ ਅਤੇ ਕਿਸੇ ਨੂੰ ਬਿਲਕੁਲ ਕੋਈ ਕਸ਼ਟ ਨਹੀਂ ਸੀ ਦਿੰਦਾ, ਕਿਉਂਕਿ ਉਸ ਦੀਆਂ ਨਾ ਤਾਂ ਕੋਈ ਸ਼ਿਕਵੇ-ਸ਼ਿਕਾਇਤਾਂ ਸਨ ਅਤੇ ਨਾ ਕੋਈ ਮੰਗਾਂ-ਤਲਬਾਂ ਅਤੇ ਇਸ ਲਈ ਹੀ ਉਹ, ਉਹਦੀਆਂ ਅਜੀਬ-ਅਨੋਖੀਆਂ ਗੱਲਾਂ ਦੀ ਪਰਵਾਹ ਨਹੀਂ ਕਰਦੇ, ਜਾਂ ਉਹਨਾਂ 'ਤੇ ਬਹੁਤਾ ਹਿਚ-ਹਿਚ, ਹੀ-ਹੀ ਵੀ ਨਹੀਂ ਕਰਦੇ, ਸਿਵਾਏ ਇਕ ਵਾਰ ਦੇ ਜਦੋਂ ਉਹ ਗੇਲੀ 'ਤੇ ਪੁੱਠੇ ਪਾਸੇ ਨੂੰ ਪੈਰ ਪੁੱਟਦਾ ਹੋਇਆ, ਪਾਣੀ ਦੇ ਪਾੜ ਵਿੱਚ ਡਿੱਗ ਪਿਆ ਸੀ ਅਤੇ ਛਰਬਲ-ਛਰਬਲ ਕਰਨ ਲੱਗ ਪਿਆ ਸੀ ਕਿ ਲੋਕਾਂ ਨੂੰ ਉਹਨੂੰ ਬਾਹਰ ਕੱਢਣ ਵਿੱਚ ਅਤੇ ਉਸ ਦੇ ਥੈਲੇ ਅਤੇ ਕਾਗ਼ਜ਼ਾਂ ਨੂੰ ਢੂੰਡ ਕੱਢਣ ਅਤੇ ਉਹਨਾਂ ਨੂੰ ਸੁੱਕਣ ਵਾਸਤੇ ਵਰਾਂਡੇ ਵਿੱਚ ਫੈਲਾਉਣ-ਖਿਲਾਰਨ ਵਿਚ ਮਦਦ ਦੇਣ ਲਈ ਦੌੜਨਾ-ਭੱਜਣਾ ਪਿਆ ਸੀ। ਉਦੋਂ ਉਹਨਾਂ ਨੇ ਵੇਖਿਆ ਸੀ ਕਿ ਉਸ ਦੇ ਕਾਗ਼ਜ਼ ਪੰਛੀਆਂ ਦੇ ਧਿਆਨ ਨਾਲ ਬਣਾਏ ਹੋਏ ਪੈਨਸਿਲ ਦੇ ਰੇਖਾ-ਚਿੱਤਰਾਂ ਨਾਲ ਭਰੇ ਪਏ ਸਨ। ਉਹ ਹੈਰਾਨ-ਭੌਂਚਕੇ ਰਹਿ ਗਏ ਸਨ।

"ਤੱਕੋ, ਉਹ ਪੰਛੀਆਂ ਦੀ ਘੋਖ-ਪਰਖ ਕਰ ਰਿਹੈ।" ਜਿਉਂ ਹੀ ਉਹ ਗਿੱਲੇ ਕਾਗ਼ਜ਼ਾਂ ਨੂੰ ਇਹਤਿਆਤ ਨਾਲ ਵੱਖ ਕਰਦੀਆਂ ਅਤੇ ਉਹਨਾਂ ਨੂੰ ਧੁੱਪ ਵਿਚ ਖਿਲਾਰਦੀਆਂ ਵਰਾਂਡੇ ਦੀਆਂ ਟਾਈਲਾਂ 'ਤੇ ਝੁਕੀਆਂ ਸਨ, ਤਾਂ ਬੇਲਾ ਨੇ ਹੌਲੀ ਜਿਹੀ ਆਖਿਆ ਸੀ।

"ਪੰਛੀਆਂ ਦੀ ਘੋਖ-ਪਰਖ?" ਕਮਲ ਨੇ ਹਲਕੀ ਜਿਹੀ ਆਵਾਜ਼ ਵਿੱਚ ਆਖਿਆ ਸੀ ਅਤੇ ਅਚਾਨਕ ਹੀ ਉਸ ਦਾ ਹਾਸਾ ਨਿੱਕਲ ਗਿਆ ਸੀ। ਪਰ ਲੀਲਾ ਉਹਨਾਂ ਨੂੰ ਝੱਈ ਲੈ ਕੇ ਪਈ ਅਤੇ ਉਹਨਾਂ ਨੂੰ ਰੇਖਾ-ਚਿੱਤਰਾਂ ਦਾ ਧਿਆਨ ਰੱਖਣ ਲਈ ਆਖਿਆ ਸੀ। ਉਹ ਏਨੇ ਖ਼ੂਬਸੂਰਤ ਸਨ! ਉਹਨਾਂ ਨੂੰ ਇੱਕ ਵੀ ਖ਼ਰਾਬ ਨਹੀਂ ਸੀ ਕਰਨਾ ਚਾਹੀਦਾ।

ਅਜੀਬ ਆਦਮੀ ਸੁੱਕੇ ਕੱਪੜਿਆਂ 'ਚ ਆਪਣੇ ਕਮਰੇ 'ਚੋਂ ਬਾਹਰ ਨਿੱਕਲਿਆ ਸੀ ਅਤੇ ਫ਼ਿਕਰਮੰਦ ਜਿਹਾ ਉਹਨਾਂ ਨੂੰ ਵੇਖਦਾ ਰਿਹਾ ਸੀ। ਫਿਰ "ਤੁਹਾਡਾ ਧੰਨਵਾਦ, ਤੁਹਾਡਾ ਸ਼ੁਕਰੀਆ!" ਉਹਨੇ ਅਹਿਸਾਨਮੰਦੀ ਨਾਲ ਆਖਿਆ ਸੀ ਅਤੇ ਬੇਲਾ ਤੇ ਕਮਲ ਨੂੰ ਦੇਣ ਲਈ, ਆਪਣੇ ਖੀਸੇ 'ਚੋਂ ਕੁਝ ਪੈਸੇ ਕੱਢੇ ਸਨ। "ਮਿਠਿਆਈ ਲਈ !" ਉਹਨੇ ਹੌਲੀ ਜਿਹੀ ਆਵਾਜ਼ ਵਿੱਚ ਆਖਿਆ ਸੀ ਅਤੇ ਪਸ਼ੇਮਾਨੀ ਵਿੱਚ ਕਾਹਲੀ-ਕਾਹਲੀ ਉਥੋਂ ਚਲਾ ਗਿਆ ਸੀ।

ਜਦੋਂ ਉਹਨੇ ਮਹੀਨੇ ਦੇ ਅਖ਼ੀਰ 'ਤੇ ਲੀਲਾ ਨੂੰ ਉਸ ਦੀ ਤਨਖ਼ਾਹ ਅਦਾ ਕੀਤੀ ਸੀ, ਤਾਂ ਵੀ ਉਹ ਉਨਾ ਹੀ ਪਰੇਸ਼ਾਨ ਪ੍ਰਤੀਤ ਹੋਇਆ ਸੀ। ਅਤੇ ਉਹ ਜਿੰਨੀ ਛੇਤੀ ਸੰਭਵ ਹੋ ਸਕਿਆ ਸੀ, ਨਜ਼ਰਾਂ ਤੋਂ ਉਹਲੇ ਹੋ ਗਈ ਸੀ। ਅਤੇ ਫਿਰ ਘਰ ਦੇ ਦੁਆਲੇ ਦੌੜਦੀ ਹੋਈ ਅਤੇ ਵਿਚ ਵਿਚਾਲੇ ਪੈਂਦੇ ਪਾਣੀ ਦੇ ਪਾੜ ਨੂੰ ਪਾਰ ਕਰਦੀ ਹੋਈ, ਆਪਣੀ ਝੁੱਗੀ ਵਿਚ ਜਾ ਵੜੀ ਸੀ, ਖ਼ੁਸ਼ੀ ਵਿੱਚ ਹੱਸਦੀ ਤੇ ਖਿੜਦੀ ਹੋਈ। ਪੈਸਾ ਕਮਾਉਣਾ ਕਿੰਨਾ ਹੈਰਾਨਕੁਨ ਸੀ। ਹੁਣ ਉਹਨਾਂ ਦੀ ਰਸੋਈ ਵਿੱਚ ਚੌਲ, ਚਾਹ ਅਤੇ ਚੀਨੀ ਜਮ੍ਹਾ ਕਰਕੇ ਰੱਖਣ ਲਈ ਕਾਫ਼ੀ ਪੈਸਾ ਸੀ। ਅਤੇ ਲੀਲਾ ਹਰ ਹਫ਼ਤੇ ਅਲੀਬਾਗ਼ ਦੇ ਹਸਪਤਾਲ, ਬੱਸ ਵਿਚ ਬੈਠ ਕੇ ਜਾਂਦੀ ਸੀ, ਕੁਝ ਪੈਸੇ ਆਪਣੇ ਪਿਤਾ ਨੂੰ ਦੇਣ ਵਾਸਤੇ, ਜੋ ਉਹਨਾਂ ਪੈਸਿਆਂ ਨਾਲ, ਉਹਨਾਂ ਦੀ ਮਾਂ ਲਈ ਵਾਧੂ ਦੁੱਧ ਤੇ ਫਲ ਖ਼ਰੀਦਦਾ ਸੀ। ਪੈਸੇ ਨੇ ਹਰ ਚੀਜ਼ ਸੰਭਵ ਬਣਾ ਦਿੱਤੀ ਸੀ ਅਤੇ ਲੀਲਾ ਦੀ ਰੀਝ ਸੀ ਕਿ ਉਹ ਆਦਮੀ ਉਥੇ ਹੋਰ, ਹੋਰ ਵਧੇਰੇ ਠਹਿਰਿਆ ਰਹੇ ਤਾਂ ਜੋ ਉਹ ਪੈਸਾ ਕਮਾਉਂਦੀ ਰਹੇ, ਕਮਾਉਂਦੀ ਰਹੇ।

"ਪਰ ਮੌਨਸੂਨ ਨੂੰ ਕੋਈ ਨਹੀਂ ਰੋਕ ਸਕਦਾ। ਕਮਲ ਨੇ ਆਖਿਆ, "ਜਦੋਂ ਮੌਨਸੂਨ ਆਉਂਦੀ ਹੈ, ਤਾਂ ਹਰ ਕੋਈ ਚਲਿਆ ਜਾਂਦਾ ਹੈ। ਅਸੀਂ ਹੀ ਰਹਿ ਜਾਂਦੇ ਹਾਂ।"

# ਕਾਂਡ ਦਸ

"ਮੌਨਸੂਨ ਆ ਰਹੀ ਹੈ!" ਮਿਸਟਰ ਪਾਨਵਾਲਾ ਨੇ ਸਾਗਰ-ਕੰਧ ਤੋਂ ਪਿੱਛੇ ਵਲ ਨੂੰ ਹਟਦਿਆਂ ਉਚੀ ਸਾਰੀ ਚਿੱਲਾ ਕੇ ਆਖਿਆ। ਇੱਕ ਵੱਡੀ ਸਾਰੀ ਲਹਿਰ ਆ ਕੇ ਕੰਧ ਨਾਲ ਜ਼ੋਰ ਦੀ ਟਕਰਾਈ ਸੀ ਅਤੇ ਉਹਨੇ ਪਾਣੀ ਦੇ ਛਿੜਕਾਅ ਦਾ ਇੱਕ ਪ੍ਰਬਲ ਛਾਂਟਾ, ਉਸ ਹਜੂਮ ਉਤੇ ਦੇ ਮਾਰਿਆ ਸੀ, ਜੋ ਸੈਰਗਾਹ 'ਤੇ, ਸਮੁੰਦਰ ਦਾ ਦ੍ਰਿਸ਼ ਵੇਖਣ ਲਈ ਜਮ੍ਹਾ ਹੋਇਆ ਸੀ। "ਵੇਖ ਹਰੀ, ਮੌਨਸੂਨ ਆ ਰਿਹਾ ਸੀ।"

ਹਰੀ ਨੇ ਹਾਂ ਵਿੱਚ ਸਿਰ ਹਿਲਾਇਆ, ਜਿਉਂ ਹੀ ਛੱਲ ਦੇ ਛਿੜਕਾਅ ਨੇ, ਉਹਨੂੰ ਗੜੁੱਚ ਕਰ ਦਿੱਤਾ ਅਤੇ ਜਿਉਂ ਹੀ ਇੱਕ ਹੋਰ ਲਹਿਰ, ਫਿਰ ਇੱਕ ਹੋਰ ਲਹਿਰ ਕੰਧ ਨਾਲ ਜ਼ੋਰ ਦੀ ਟਕਰਾਉਣ ਲਈ ਅੱਗੇ ਆਈ, ਤਾਂ ਹਜੂਮ ਪਿੱਛੇ ਵਲ ਨੂੰ ਭੱਜ ਉਠਿਆ। ਸਾਰੇ ਹੀ ਸਾਗਰ ਵਿੱਚ ਕਹਿਰਾਂ ਦੀ ਹਲਚਲ ਸੀ। ਵੱਡੀਆਂ-ਵੱਡੀਆਂ, ਕਾਲੀਆਂ ਸ਼ਾਹ, ਵਿਕਰਾਲ ਛੱਲਾਂ ਉਸ 'ਚੋਂ ਉਠਦੀਆਂ, ਅੱਗੇ, ਹੋਰ ਅੱਗੇ ਵਧਦੀਆਂ ਅਤੇ ਖੌਰੂ ਪਾਉਂਦੀਆਂ, ਤਰਥੱਲੀ ਮਚਾਉਂਦੀਆਂ ਸਾਹਿਲ ਨਾਲ ਜਾ ਟਕਰਾਉਂਦੀਆਂ। ਅਸਮਾਨ ਵਿਚ ਹਾਲੇ ਕੋਈ ਬੱਦਲ ਨਹੀਂ ਸਨ, ਪਰ ਜਾਪਦਾ ਸੀ ਕਿ ਸਾਗਰ ਨੂੰ ਪਤਾ ਹੈ ਕਿ ਉਹ ਆ ਰਹੇ ਹਨ ਅਤੇ ਉਹ ਉਹਨਾਂ ਨੂੰ ਅਗਲਵਾਂਢੇ ਮਿਲਣ ਦੇ ਵਾਸਤੇ ਅੱਗੇ, ਹੋਰ ਅੱਗੇ ਵਲ, ਉਪਰ ਹੋਰ ਉਪਰ ਵਲ ਵੱਧ ਰਿਹਾ ਸੀ, ਧਾਅ ਰਿਹਾ ਸੀ।

ਮਿਸਟਰ ਪਾਨਵਾਲਾ ਹਰੀ ਨੂੰ, ਵੋਰਲੀ ਦੇ ਖੁੱਲ੍ਹੇ ਸਾਗਰ-ਮੁੱਖ 'ਤੇ ਲੈ ਕੇ ਆਇਆ ਸੀ, ਮੌਨਸੂਨ ਆਗਮਨ ਵਿਖਾਉਣ ਲਈ। ਉਹਨੇ ਆਖਿਆ ਕਿ ਉਹ ਹਰ ਸਾਲ ਹੀ ਜੂਨ ਦੇ ਪਹਿਲੇ ਹਫ਼ਤੇ ਇਸ ਲਈ ਏਥੇ ਆਉਂਦਾ ਸੀ। ਉਹਨੇ ਆਪਣੀ ਦੁਕਾਨ ਦੇ ਸ਼ਟਰ ਕਾਫ਼ੀ ਪਹਿਲਾਂ ਬੰਦ ਕਰ ਦਿੱਤੇ ਸਨ। ਆਪਣੇ ਸਿਰ ਉਤਲੀ ਕਾਲੀ ਟੋਪੀ ਨੂੰ ਸਿੱਧਿਆਂ ਕੀਤਾ ਸੀ। ਜੱਗੂ ਨੂੰ ਹਰੀ ਨੂੰ ਇੱਕ ਸ਼ਾਮ ਦੀ ਛੁੱਟੀ ਦੇਣ ਲਈ ਆਖਿਆ ਸੀ ਅਤੇ ਉਹਨੂੰ ਬੱਸ 'ਤੇ ਏਥੇ ਲੈ ਆਇਆ ਸੀ। ਉਹਨੇ ਇੱਕ ਹਰਾ ਨਾਰੀਅਲ ਅਤੇ ਦਮ-ਦੁਆਏ ਚੌਲਾਂ ਦਾ ਭਰਿਆ ਗਾਜਰੀ ਸ਼ਕਲ ਦਾ ਇੱਕ ਨੋਕਦਾਰ ਕੋਨਵਾਂ ਪੈਕਿਟ ਖ਼ਰੀਦਣ ਉਤੇ ਵੀ ਜ਼ੋਰ ਦਿੱਤਾ। ਹਰੀ ਉਸ ਨੋਕਦਾਰ ਪੈਕਿਟ ਨੂੰ ਆਪਣੇ ਹੱਥਾਂ ਵਿੱਚ ਹਿਲਾ ਰਿਹਾ ਸੀ ਅਤੇ ਦਮ-ਦੁਆਏ ਚੌਲ ਬੜੇ ਮਜ਼ੇ ਨਾਲ ਖਾ ਰਿਹਾ ਸੀ, ਬਿਲਕੁਲ ਉਵੇਂ, ਜਿਵੇਂ ਉਹਨਾਂ ਖ਼ੁਸ਼ ਨਸੀਬ ਬੱਚਿਆਂ 'ਚੋਂ ਕੋਈ ਇੱਕ, ਜਿਹਨਾਂ ਨੂੰ, ਉਹਨਾਂ ਦੇ ਮਾਂ-ਪਿਉ ਸੈਰ-ਸਪਾਟੇ ਲਈ ਲੈ ਕੇ ਆਏ ਹੋਏ ਸਨ, ਜੋ ਸੈਰਗਾਹ ਦੇ ਨਾਲ-ਨਾਲ ਲੱਗੇ ਝੂਲੇ ਝੂਲਣ ਦਾ ਮਜ਼ਾ ਲੈ ਰਹੇ ਸਨ ਅਤੇ ਗ਼ੁਬਾਰੇ, ਆਈਸਕਰੀਮ ਤੇ ਨਾਰੀਅਲ ਖ਼ਰੀਦ ਰਹੇ ਸਨ। ਇਸ ਨਾਲ ਹਰੀ ਨੂੰ ਇਹ ਇਹਸਾਸ ਹੋਇਆ ਕਿ ਉਹ ਵੀ ਉਹਨਾਂ ਬੱਚਿਆਂ ਵਿੱਚੋਂ ਇੱਕ ਹੈ। ਉਹ ਫਿਰ ਤੋਂ ਇੱਕ ਬੱਚਾ ਬਣ ਗਿਆ। ਇੱਕ ਛੋਟਾ, ਸਿਮਟਿਆ-ਸੁੰਗੜਿਆ

ਬਾਲਗ ਨਹੀਂ, ਜੋ ਇੱਕ ਕਠੋਰ ਸੰਸਾਰ ਵਿੱਚ ਦੂਸਰੇ ਬਾਲਗਾਂ ਨਾਲ ਬਰਾਬਰ ਚਲ ਰਿਹਾ ਸੀ। ਸਮੁੰਦਰ 'ਚੋਂ ਉਠਦੀ ਆਉਂਦੀ ਗੱਜਦੀ-ਗੜ੍ਹਦੀ, ਚੀਖ਼ਦੀ-ਚੰਘਾੜਦੀ, ਲੂਣਕੀ ਚੱਸ ਵਾਲੀ ਪੌਣ ਛੱਲਾਂ 'ਚੋਂ ਫੁੱਟਦੀ ਆਉਂਦੀ ਫੂਹਰ ਦਾ ਤੇਜ਼-ਤਿੱਖਾ ਡੰਗ ਅਤੇ ਦੂਰ, ਬਹੁਤ ਦੂਰ, ਧੁਰ ਅਫ਼ਰੀਕਾ ਤੱਕ ਪਸਰੇ-ਫੈਲਰੇ ਮਹਾਂ ਸਾਗਰ ਦਾ ਦ੍ਰਿਸ਼.......ਇਸ ਸਭ ਕੁੱਝ ਨਾਲ ਉਸਨੂੰ ਆਪਣਾ ਆਪ ਹੌਲਾ-ਹੌਲਾ, ਸੁਬਕ-ਸੁਬਕ ਅਤੇ ਖ਼ੁਸ਼-ਖ਼ੁਸ਼, ਖਿੜਿਆ-ਖਿੜਿਆ ਮਹਿਸੂਸ ਹੋਣ ਲੱਗਾ। ਇਸ ਤਰ੍ਹਾਂ ਦਾ ਇਹਸਾਸ, ਉਸ ਦੇ ਚੇਤੇ ਵਿੱਚ ਉਸਨੂੰ ਚਿਰ ਕਾਲ ਤੋਂ ਨਹੀਂ ਸੀ ਹੋਇਆ। "ਤੁਹਾਡਾ ਸ਼ੁਕਰੀਆ, ਸ੍ਰੀਮਾਨ ਪਾਨਵਾਲਾ ਜੀ!" ਉਸ ਨੂੰ ਆਖ਼ਿਰ ਚੇਤਾ ਆ ਗਿਆ।

ਉਸ ਸ਼ਾਮ, ਉਸਨੂੰ ਨਹੀਂ ਸੀ ਪਤਾ ਕਿ ਮੌਨਸੂਨ ਬੰਬਈ ਦੇ ਲੋਕਾਂ ਲਈ, ਜੀਵਨ ਕਿੰਨਾ ਔਖਾ ਬਣਾ ਦਿੰਦੀ ਹੈ।

ਦਸ ਜੂਨ ਨੂੰ ਮੌਨਸੂਨ ਸਮੁੰਦਰ 'ਚੋਂ ਰੌਲਾ ਪਾਉਂਦੀ, ਕਹਿਰ ਮਚਾਉਂਦੀ ਉਠੀ ਅਤੇ ਸਾਰੇ ਸ਼ਹਿਰ 'ਤੇ ਇੰਨ-ਬਿੰਨ ਉਸੇ ਤਰ੍ਹਾਂ ਹੀ ਮੋਹਲੇਧਾਰ ਵੱਸ ਪਈ, ਜਿਵੇਂ ਮਿਸਟਰ ਪਾਨਵਾਲਾ ਨੇ ਆਖਿਆ ਸੀ ਕਿ ਉਹ ਵੱਸੇਗੀ। ਬੰਬਈ ਦੇ ਹੋਰ ਨਾਗਰਿਕਾਂ ਵਾਂਗ ਹਰੀ ਵੀ, ਅੰਦਰ ਹੀ ਰੁਕਿਆ ਰਿਹਾ ਅਤੇ ਵਰਖਾ ਨੂੰ ਬਹੁਤ ਧਿਆਨ ਨਾਲ ਵੇਖਦਾ ਰਿਹਾ, ਜਿਵੇਂ ਇਕ ਵਸੀਹ-ਵਿਸ਼ਾਲ ਚਾਦਰ, ਸ਼ਹਿਰ ਉਤੇ ਸੁੱਟ ਦਿੱਤੀ ਗਈ ਹੋਵੇ ਅਤੇ ਗਲੀਆਂ ਵਿੱਚ ਪਾਣੀ ਚੜ੍ਹ ਰਿਹਾ ਸੀ।

ਭੋਜਨ ਸ਼ਾਲਾ ਦੇ ਸਾਹਮਣੇ ਵਾਲੀ ਗਲੀ, ਪਹਿਲਾਂ ਤਾਂ ਇੱਕ ਗੰਦੀ ਨਾਲੀ ਬਣੀ, ਸਾਰੇ ਸਾਲ ਦਾ ਕੂੜਾ-ਕਚਰਾ ਅਚਾਨਕ ਹੀ, ਪਾਣੀ ਨਾਲ ਉਪਰ ਚੁੱਕਿਆ ਗਿਆ ਅਤੇ ਤੇਜ਼ ਤਿੱਖੇ ਵਹਿਣ ਨਾਲ ਅੱਗੇ ਅੱਗੇ ਜਾਣ ਲੱਗਾ-ਅਤੇ ਫਿਰ ਇੱਕ ਨਦੀ, ਇੱਕ ਦਰਿਆ। ਨਾਲੀਆਂ ਰੁਕ ਗਈਆਂ, ਬੰਦ ਹੋ ਗਈਆਂ ਅਤੇ ਪਾਣੀ ਦੀਆਂ ਵਧਦੀਆਂ ਲਹਿਰਾਂ ਨਾਲ, ਚੜ੍ਹਾਅ ਨਾਲ, ਪਾਣੀ ਹੋਰ ਉਪਰ, ਹੋਰ ਹੋਰ ਉਪਰ ਚੜ੍ਹਦਾ ਗਿਆ ਅਤੇ ਨਾਲੀਆਂ ਦੇ ਮੋਘਿਆਂ 'ਚੋਂ ਬਾਹਰ ਵਗਣ ਲੱਗਾ। ਉਹਨਾਂ ਦਾ ਗੰਦਾ ਪਾਣੀ ਮੁੜ ਨਾਲੀਆਂ ਵਿੱਚ ਵਾਪਸ ਆਉਣ ਲੱਗਾ ਅਤੇ ਉਹਨਾਂ ਵਿੱਚ ਹੜ੍ਹ ਆ ਗਿਆ। ਕਾਰਾਂ ਚੱਲਦੀਆਂ-ਚੱਲਦੀਆਂ ਰੁਕ ਗਈਆਂ ਅਤੇ ਗੋਡੇ ਗੋਡੇ ਥਿੰਦੇ-ਚੀਕਣੇ ਪਾਣੀ ਵਿੱਚ ਫਸ ਕੇ ਰਹਿ ਗਈਆਂ।

ਕੁਝ ਚਿਰ ਲਈ ਤਾਂ ਸ਼ਹਿਰ ਦੇ ਛੁਹਰਾਂ ਦੇ ਮਜ਼ੇ ਹੋ ਗਏ। ਉਹਨਾਂ ਲਈ ਸਮਾਂ ਬਹੁਤ ਵਧੀਆ ਸੀ। ਬਾਹਰ ਵਰਖਾ ਵਿੱਚ ਉਹ ਪਾਣੀ 'ਚ ਫਸੀਆਂ ਕਾਰਾਂ ਨੂੰ ਮੋਢੇ ਲਾਉਂਦੇ, ਉਹਨਾਂ ਨੂੰ ਧੱਕ ਕੇ ਉਚੀਆਂ ਥਾਵਾਂ 'ਤੇ ਲੈ ਜਾਂਦੇ ਅਤੇ ਡਰਾਈਵਰਾਂ ਪਾਸੋਂ ਕੁੱਝ ਸਿੱਕੇ ਕਮਾ ਲੈਂਦੇ। ਹਰੀ ਅਤੇ ਰਸੋਈ 'ਚ ਕੰਮ ਕਰਨ ਵਾਲੇ ਉਸ ਦੇ ਨਾਲ ਦੇ ਦੋਵੇਂ ਮੁੰਡੇ ਵੀ ਬਾਹਰ ਆਏ ਅਤੇ ਉਹਨਾਂ ਵੀ ਕੁਝ ਜੇਬ ਖ਼ਰਚ ਬਣਾ ਲਿਆ ਅਤੇ ਹਰੀ ਨੇ, ਪਹਿਲੀ ਵਾਰ, ਉਹਨਾਂ ਦੋ ਸਾਥੀ ਬਾਵਰਚੀਆਂ ਨੂੰ ਹੱਸਦਿਆਂ ਵੇਖਿਆ ਜਦਕਿ ਉਹ ਤਰ-ਬ-ਤਰ ਕਮੀਜ਼ਾਂ ਅਤੇ ਨਿੱਕਰਾਂ, ਭਿੱਜੇ ਚਿਹਰਿਆਂ ਅਤੇ ਨਿਚੁੱੜਦੇ ਵਾਲਾਂ ਵਾਲੇ ਦੋਵੇਂ ਮੁੰਡੇ ਡਰਾਈਵਰਾਂ ਪਾਸੋਂ ਪੈਸਿਆਂ ਦੀ ਮੰਗ ਕਰਦੇ ਅਤੇ ਰੁਕੇ ਹੋਏ ਪਾਣੀ ਵਾਲੇ ਕਿਸੇ ਇੱਕ ਹਿੱਸੇ 'ਚੋਂ ਕਾਰਾਂ ਟੈਕਸੀਆਂ ਨੂੰ ਬਾਹਰ ਕੱਢ, ਉਹਨਾਂ ਨੂੰ ਸੁੱਖ ਦਾ ਸਾਹ ਦੁਆਉਂਦੇ।

ਸ਼ਹਿਰ ਦਾ ਨਾ ਸਿਰਫ਼ ਇੱਕ ਸਾਲ ਦਾ ਸਾਰਾ ਗੰਦ-ਮੰਦ ਹੀ ਧੋਤਾ ਗਿਆ, ਸਗੋਂ ਗਰਮੀ ਦੇ ਮੌਸਮ ਦੀ ਤੇਜ਼ ਤਿੱਖੀ ਤਪਸ਼ ਅਤੇ ਤਾਪਮਾਨ ਵਿੱਚ ਅਚਾਨਕ ਆਈ ਨਾਟਕੀ ਗਿਰਾਵਟ

ਨਾਲ, ਹਰ ਇੱਕ ਨੂੰ ਜਿਵੇਂ ਇੱਕ ਹੁਲਾਰਾ ਜਿਹਾ ਮਿਲਿਆ। ਇੰਜ ਲੱਗ ਰਿਹਾ ਸੀ, ਜਿਵੇਂ ਪਿਕਨਿਕ ਹੋਵੇ ਜਾਂ ਛੁੱਟੀ ! ਅਤੇ ਵਾਕਈ ਸਾਰੇ ਸਕੂਲੀ ਬੱਚਿਆਂ ਲਈ ਇਹ ਛੁੱਟੀ ਹੀ ਸੀ ਜਿਹੜੇ ਕਿ ਸਕੂਲ, ਭਿੱਜੇ ਬਗ਼ੈਰ ਨਹੀਂ ਸਨ ਜਾ ਸਕਦੇ ਅਤੇ ਇਸ ਲਈ ਉਹਨਾਂ ਨੂੰ ਸਕੂਲ ਭੇਜਿਆ ਹੀ ਨਹੀਂ ਸੀ ਗਿਆ ਅਤੇ ਦਫ਼ਤਰਾਂ ਵਿੱਚ ਕੰਮ ਕਰਨ ਵਾਲਿਆਂ ਲਈ ਵੀ ਛੁੱਟੀ ਹੀ ਸੀ, ਜਿਹੜੇ ਕਿ ਬੱਸਾਂ ਅਤੇ ਗੱਡੀਆਂ ਦੇ, ਪਾਣੀ ਵਿੱਚ ਰੁਕ ਜਾਣ ਕਾਰਨ, ਕੰਮ 'ਤੇ ਨਹੀਂ ਸਨ ਜਾ ਸਕਦੇ, ਪਾਣੀ ਜੋ ਕਿ ਪਲ-ਪਲ ਚੜ੍ਹਦਾ ਹੀ ਜਾ ਰਿਹਾ ਸੀ। "ਬੜੀ ਛੇਤੀ ਸਾਨੂੰ ਬੇੜੀਆਂ ਦੀ ਲੋੜ ਪੈ ਜਾਏਗੀ।" ਮੁੰਡੇ ਹੜ੍ਹ ਵਿਚੋਂ ਹੀ ਪਾਣੀ ਉਛਾਲਦੇ ਉਚੀ-ਉਚੀ ਬੋਲ ਰਹੇ ਸਨ।

ਪਰ ਹਰੀ ਲਈ ਅਤੇ ਕਿਚਨ ਵਿੱਚ ਕੰਮ ਕਰਨ ਵਾਲੇ ਦੋ ਮੁੰਡਿਆਂ ਲਈ ਇਹ ਅਸਲ ਵਿਚ ਛੁੱਟੀ ਨਹੀਂ ਸੀ। ਕੁਲੀ ਅਤੇ ਹੱਥ ਰੇੜ੍ਹੇ ਖਿੱਚਣ ਵਾਲੇ ਜੋ ਕੋਈ ਕੰਮ ਨਹੀਂ ਸੀ ਕਰ ਸਕਦੇ, ਸਿਰੀ ਕ੍ਰਿਸ਼ਨ ਭੋਜਨ-ਸ਼ਾਲਾ ਵਿੱਚ ਬੈਠਣ ਵਾਸਤੇ ਆ ਗਏ ਸਨ ਅਤੇ ਚਾਹ ਤੇ ਗਰਮ-ਗਰਮ ਖਾਣੇ ਦੀ ਮੰਗ ਕਰ ਰਹੇ ਸਨ। ਜੱਗੂ ਨੇ ਮੁੰਡਿਆਂ ਨੂੰ ਆਵਾਜ਼ ਦੇ ਕੇ ਗਲੀ 'ਚੋਂ ਬੁਲਾਇਆ ਅਤੇ ਕੰਮ ਵਿੱਚ ਲੱਗ ਜਾਣ ਲਈ ਆਖਿਆ। ਉਹ ਬਿਨਾਂ-ਰੁਕੇ ਅਧਿਕ ਸਮੇਂ ਲਈ ਕੰਮ ਕਰਦੇ ਸਨ। ਸਾਰਾ ਕੋਲਾ ਤੇ ਲੱਕੜੀ ਗਿੱਲੀ ਹੋ ਗਈ ਸੀ ਅਤੇ ਅੱਗ ਬਾਲਣੀ ਔਖੀ ਹੋ ਗਈ ਸੀ। ਜਦੋਂ ਉਹਨਾਂ ਜਿਵੇਂ-ਕਿਵੇਂ ਅੱਗ ਬਾਲ ਹੀ ਲਈ, ਤਾਂ ਉਹ ਠੀਕ ਤਰ੍ਹਾਂ ਬਲ ਨਹੀਂ ਸੀ ਰਹੀ, ਧੁਖ ਰਹੀ ਸੀ ਅਤੇ ਧੂੰਆਂ ਦੇ ਰਹੀ ਸੀ। ਧੂੰਆਂ ਉਹਨਾਂ ਦੀਆਂ ਅੱਖਾਂ ਅਤੇ ਸੰਘਾਂ ਵਿੱਚ ਪੈ ਰਿਹਾ ਸੀ ਅਤੇ ਉਹਨਾਂ ਨੂੰ ਖੰਘ ਛਿੜ ਰਹੀ ਸੀ ਅਤੇ ਉਹਨਾਂ ਨੂੰ ਆਪਣੀਆਂ ਅੱਖਾਂ, ਕਾਲਖ਼-ਭਰੇ ਹੱਥਾਂ ਨਾਲ ਮਲਣੀਆਂ ਪੈ ਰਹੀਆਂ ਸਨ। ਗਾਹਕ ਖਾਣ ਵਾਲੇ ਕਮਰੇ 'ਚ ਚਿੱਕੜ ਲਿਆ ਰਹੇ ਸਨ, ਜਿਸ ਨੂੰ ਕਿ ਲਗਾਤਾਰ ਇੱਕ ਪੋਚੇ ਤੇ ਬਾਲਟੀ ਨਾਲ ਸਾਫ਼ ਕਰਨਾ ਪੈ ਰਿਹਾ ਸੀ। ਬਾਲਟੀ ਛੇਤੀ ਹੀ ਚਿੱਕੜ ਨਾਲ ਭਰੀ ਜਾਪਣ ਲੱਗ ਪੈਂਦੀ ਸੀ। ਕਈ ਵਾਰੀ ਉਹਨਾਂ ਨੂੰ ਬਾਹਰ ਸਿਗਰਟ ਲੈਣ ਲਈ ਭੇਜਿਆ ਜਾਂਦਾ, ਤਾਂ ਉਹ ਪਾਣੀ ਵਿੱਚ ਗੜੁੱਚ ਹੋ ਜਾਂਦੇ ਅਤੇ ਸੁੱਕ ਨਾ ਪਾਉਂਦੇ ਤੇ ਬੁਰੀ ਤਰ੍ਹਾਂ ਕੰਬਦੇ।

ਸ਼ਾਮ ਤੱਕ ਹਰੀ ਬਹੁਤ ਹੀ ਥੱਕ ਗਿਆ ਸੀ। ਏਨਾ ਉਹ ਪਹਿਲਾਂ ਕਦੇ ਵੀ ਨਹੀਂ ਸੀ ਥੱਕਿਆ ਅਤੇ ਹਾਲੇ ਵੀ ਵਰਖਾ ਹੋ ਰਹੀ ਸੀ, ਜ਼ੋਰ ਦੀ ਮੋਹਲੇਧਾਰ। ਅਚਾਨਕ ਹੀ ਉਸ ਨੂੰ ਇਹਸਾਸ ਹੋਇਆ ਕਿ ਉਹ ਅੱਜ ਰਾਤ ਪਾਰਕ ਵਿੱਚ ਨਹੀਂ ਸੌਂ ਸਕੇਗਾ ਅਤੇ ਸ਼ਾਇਦ ਮੌਨਸੂਨ ਦੇ ਦੌਰਾਨ, ਕਿਸੇ ਵੀ ਰਾਤ ਨਹੀਂ।

ਜਦੋਂ ਜੱਗੂ ਨੇ ਬੱਤੀ ਬੁਝਾ ਦਿੱਤੀ ਅਤੇ ਤਾਲਾ ਲਾਉਣ ਲਈ ਚਾਬੀ ਬਾਹਰ ਕੱਢੀ ਤਾਂ ਹਰੀ ਨੂੰ ਪਤਾ ਲੱਗਾ ਕਿ ਉਹ ਬਾਹਰ ਨਹੀਂ ਸੀ ਜਾ ਸਕਦਾ ਅਤੇ ਬੈਂਚ ਉਤੇ ਪਸਰਨ ਅਤੇ ਸੌਣ ਦੀ ਕੋਸ਼ਸ਼ ਕਰਨ ਤੋਂ ਛੁੱਟ, ਕਰਨ ਲਈ ਕੋਈ ਕੰਮ ਨਹੀਂ ਸੀ। ਪਰ ਉਹ ਸੌਂ ਨਾ ਸਕਿਆ। ਉਸ ਰਾਤ ਉਹਨੇ ਆਪਣੇ-ਆਪ ਨੂੰ ਇੱਕ ਕੈਦੀ ਵਾਂਗ ਮਹਿਸੂਸ ਕੀਤਾ ਜਿਸ ਦੀ ਜੇਲ੍ਹਖ਼ਾਨੇ ਵਿਚ ਪਹਿਲੀ ਰਾਤ ਹੋਵੇ।

ਦਿਨ-ਰਾਤ ਲਗਾਤਾਰ ਵਰਖਾ ਹੁੰਦੀ ਰਹੀ, ਹਫ਼ਤਿਆਂ ਬੱਧੀ। ਜਦੋਂ ਮੋਹਲੇਧਾਰ ਵਰਖਾ ਕੁੱਝ ਹੌਲੀ ਹੋ ਕੇ, ਕਿਣ-ਕਿਣ ਵਿੱਚ ਬਦਲ ਜਾਂਦੀ ਅਤੇ ਹੜ੍ਹ ਲੱਥ ਜਾਂਦਾ, ਤਾਂ ਵੀ ਕੋਈ ਚੀਜ਼ ਨਾ ਸੁੱਕਦੀ। ਹਰ ਚੀਜ਼ ਗਿੱਲੀ-ਗਿੱਲੀ, ਗਿੱਲੀ-ਗਿੱਲੀ ਤੇ ਚਿੱਕੜਾਲੀ ਰਹਿੰਦੀ ਅਤੇ ਬੋਅ

ਮਾਰਦੀ। ਹਰ ਵਾਰ ਜਦ ਹਰੀ ਕੂੜੇ-ਕਚਰੇ ਵਾਲੀ ਬਾਲਟੀ ਖ਼ਾਲੀ ਕਰਨ ਜਾਂ ਗਾਹਕਾਂ ਲਈ ਸਿਗਰਟ ਖ਼ਰੀਦਣ ਬਾਹਰ ਜਾਂਦਾ, ਉਸ ਦੀ ਕਮੀਜ਼ ਫਿਰ ਗੜੁੱਚ ਹੋ ਜਾਂਦੀ ਅਤੇ ਬੋਅ ਮਾਰਦੀ ਅਤੇ ਉਹ ਬਾਕੀ ਦਾ ਸਾਰਾ ਦਿਨ ਸਰੀਰ ਨਾਲ ਚਿਪਕੀ ਚੰਬੜੀ ਗਿੱਲੀ ਕਮੀਜ਼ ਵਿਚ ਹੀ ਕੱਟਦਾ। ਉਸ ਨੂੰ ਏਨੀ ਬੁਰੀ ਤਰ੍ਹਾਂ ਖੰਘ ਸ਼ੁਰੂ ਹੋ ਜਾਂਦੀ ਕਿ ਉਸ ਦੀ ਛਾਤੀ ਦੁਖਣ ਲੱਗ ਪੈਂਦੀ। ਨਾਲ-ਲੱਗਦੀ ਦੁਕਾਨ 'ਚ ਮਿਸਟਰ ਪਾਨਵਾਲਾ ਸਗੋਂ ਹੋਰ ਵੀ ਭੈੜਾ-ਭੈੜਾ ਮਹਿਸੂਸ ਕਰਦਾ। ਉਹ ਬਿਨਾਂ ਰੁਕੇ ਛਿੱਕਦਾ, ਖੰਘਦਾ ਅਤੇ ਘਰਰ-ਘਰਰ ਕਰ ਕੇ ਸਾਹ ਲੈਂਦਾ। ਇੱਕ ਦਿਨ ਲੱਗਿਆ ਕਿ ਉਹਨੇ ਦੁਕਾਨ ਦਾ ਸ਼ਟਰ ਨਹੀਂ ਚੁੱਕਿਆ, ਉਹ ਬਿਮਾਰ ਸੀ। ਹਰੀ ਨੇ ਇਕ ਦਿਨ, ਉਸ ਨੂੰ ਕਾਊਂਟਰ 'ਤੇ ਵੇਖਿਆ ਸੀ, ਉਸ ਦੀਆਂ ਅੱਖਾਂ ਲਾਲ-ਸੁਰਖ਼ ਸਨ, ਉਹਨੂੰ ਬੁਖ਼ਾਰ ਲੱਗ ਰਿਹਾ ਸੀ। ਉਹਨੇ ਸਾਰਾ ਕੰਮ ਹਰੀ 'ਤੇ ਛੱਡ ਦਿੱਤਾ ਸੀ, ਕਿਉਂਕਿ ਉਸ ਦਾ ਸਿਰ ਬਹੁਤ ਬੁਰੀ ਤਰ੍ਹਾਂ ਦੁਖ ਰਿਹਾ ਸੀ। ਅਤੇ ਅਗਲੇ ਦਿਨ ਉਹ ਆਇਆ ਹੀ ਨਹੀਂ ਸੀ। ਹੁਣ ਹਰੀ ਦਾ ਕਿਚਨ ਅਤੇ ਭੋਜਨ-ਸ਼ਾਲਾ ਤੋਂ ਉਕਾ ਹੀ ਕੋਈ ਬਚਾਅ ਨਹੀਂ ਸੀ ਕਿਉਂਕਿ ਨਾ ਤਾਂ ਉਹ ਘੜੀਆਂ ਦੀ ਦੁਕਾਨ 'ਤੇ ਜਾ ਸਕਦਾ ਸੀ ਅਤੇ ਨਾ ਹੀ ਪਾਰਕ ਵਿਚ। ਦਿਨ ਰਾਤ ਸਿਰੀ ਕ੍ਰਿਸ਼ਨ ਭੋਜਨ-ਸ਼ਾਲਾ ਵਿਚ ਬੰਦ ਰਹਿਣ ਕਰਕੇ ਉਹ ਆਪਣੇ-ਆਪ ਨੂੰ ਇੱਕ ਕੈਦੀ ਵਾਂਗ ਮਹਿਸੂਸ ਕਰਨ ਲੱਗ ਪਿਆ ਸੀ, ਜਿਸ ਨੂੰ ਕਿ ਕੈਦ ਦੀ ਕੋਠੜੀ ਵਿਚ ਰਹਿਣ ਦੀ ਸਜ਼ਾ ਸੁਣਾਈ ਗਈ ਹੋਵੇ।

ਜੱਗੂ ਨੇ ਜ਼ਰੂਰ ਇਹ ਗੱਲ ਸਮਝ ਲਈ ਹੋਵੇਗੀ। ਇੱਕ ਰਾਤ ਜਦੋਂ ਉਹ ਰਸੋਈ ਦਾ ਜੰਦਾ ਬੰਦ ਕਰ ਰਿਹਾ ਸੀ, ਉਹ ਹਰੀ ਨੂੰ ਵੇਖਣ ਲਈ ਰੁਕ ਗਿਆ, ਜੋ ਲੇਟ ਨਹੀਂ ਸੀ ਰਿਹਾ, ਆਪਣੇ ਗੋਡਿਆਂ ਨੂੰ ਫੜੀ, ਖੰਘਦਾ ਹੋਇਆ ਫ਼ਰਸ਼ 'ਤੇ ਬੈਠਾ ਸੀ।

"ਤੂੰ ਬਿਮਾਰ ਏਂ।" ਉਹਨੇ ਆਖਿਆ। "ਬਿਹਤਰ ਹੈ ਤੂੰ ਮੇਰੇ ਨਾਲ ਚਲ। ਆ ਜਾ, ਮੈਂ ਤੈਨੂੰ ਘਰ ਲੈ ਚੱਲਾਂਗਾ।"

ਹਰੀ ਕਿਧਰੇ ਵੀ ਚੱਲਣ ਦੇ ਸੱਦੇ ਲਈ ਏਨਾ ਅਹਿਸਾਨਮੰਦ ਸੀ ਕਿ ਉਹ ਇੱਕ ਵੀ ਸ਼ਬਦ ਬੋਲੇ ਬਗ਼ੈਰ ਉਠ ਖੜੋਤਾ ਅਤੇ ਜੱਗੂ ਦੇ ਪਿੱਛੇ-ਪਿੱਛੇ ਦੁਕਾਨ ਤੋਂ ਬਾਹਰ ਨਿਕਲ, ਸੜਕ 'ਤੇ ਹੋ ਤੁਰਿਆ। ਉਸ ਨੂੰ ਕੋਈ ਥਹੁ ਪਤਾ ਨਹੀਂ ਸੀ ਕਿ ਜੱਗੂ ਕਿਥੇ ਰਹਿੰਦਾ ਹੈ ਜਾਂ ਉਸ ਨੂੰ ਕਿਥੇ ਲਿਜਾਇਆ ਜਾ ਰਿਹਾ ਹੈ, ਪਰ ਉਹ ਜਾ ਰਿਹਾ ਸੀ, ਉਹ ਕਿਸੇ ਦੇ ਵੀ ਕਿਸੇ ਵੀ, ਘਰ 'ਚ ਲਿਜਾਏ ਜਾਣ ਲਈ ਬੜਾ ਸ਼ੁਕਰਗੁਜ਼ਾਰ ਸੀ।

ਜੱਗੂ ਇੱਕ "ਰੈਸਤੋਰਾਂ" ਦਾ ਸੁਆਮੀ, ਇੱਕ ਭੀੜ ਭਰੀ ਗਲੀ, ਵਿਚਲੀ ਭੋਜਨ-ਸ਼ਾਲਾ ਦਾ ਮਾਲਿਕ ਸੀ ਅਤੇ ਉਸ ਕੋਲ ਕਾਫ਼ੀ ਸਾਰੇ ਗਾਹਕ ਸਨ। ਫਿਰ ਵੀ ਉਸ ਦਾ ਘਰ ਇੱਕ ਗੰਦੀ ਬਸਤੀ ਵਿਚ ਸੀ, ਫਟੇ-ਪੁਰਾਣੇ ਕੱਪੜਿਆਂ, ਚੀਥੜਿਆਂ, ਟੁੱਟੀਆਂ-ਫੁੱਟੀਆਂ ਟੀਨਾਂ, ਬੋਰੀਆਂ ਤੱਪੜਾਂ ਦੀਆਂ ਬਣਾਈਆਂ ਝੁੱਗੀਆਂ ਦੀਆਂ ਉਹਨਾਂ ਬਸਤੀਆਂ ਵਿੱਚੋਂ ਇੱਕ, ਜਿਹਨਾਂ ਨੂੰ ਬੰਬਈ ਵਿੱਚ ਝੌਂਪੜਪੱਟੀ ਆਖਦੇ ਹਨ। ਸ਼ਹਿਰ ਵਿੱਚ ਉਹਨਾਂ ਲੱਖਾਂ ਆਦਮੀਆਂ ਲਈ ਕਾਫ਼ੀ ਮਕਾਨ ਜਾਂ ਫ਼ਲੈਟ ਨਹੀਂ ਸਨ, ਜੋ ਏਥੇ ਕੰਮ ਕਰਨ ਲਈ ਅਤੇ ਰੋਜ਼ੀ ਰੋਟੀ ਕਮਾਉਣ ਲਈ ਆਏ ਸਨ ਅਤੇ ਚੂੰ ਕਿ ਕਾਫ਼ੀ ਮਕਾਨ ਜਾਂ ਫ਼ਲੈਟ ਨਹੀਂ ਸਨ, ਇਸ ਲਈ ਨਿੱਕੇ ਤੋਂ ਨਿੱਕੇ ਫ਼ਲੈਟ ਦਾ ਕਿਰਾਇਆ ਵੀ, ਜੱਗੂ ਵਰਗੇ ਲੋਕਾਂ ਲਈ ਬਹੁਤ ਜ਼ਿਆਦਾ ਸੀ। ਉਹ ਆਪਣੇ-ਆਪ ਨੂੰ ਖ਼ੁਸ਼ ਕਿਸਮਤ ਸਮਝਦਾ ਸੀ ਕਿ 'ਝੌਂਪੜਪੱਟੀ' 'ਚ ਇੱਕ ਝੁੱਗੀ ਕਿਰਾਏ 'ਤੇ ਲੈਣ

ਦੇ ਸਮਰਥ ਸੀ।

ਇਹ ਝੌਂਪੜੀਆਂ ਸੰਮੁਦਰ ਦੇ ਕੋਲ ਪਹਾੜੀ ਦੇ ਇੱਕ ਪਾਸੇ ਨਾਲ ਲੱਗਦੀਆਂ ਸਨ, ਉਸ ਛਾਂਉਲੀ ਸੜਕ ਦੇ ਦੂਸਰੇ ਪਾਸੇ 'ਤੇ ਜਿਥੇ ਮਿਸਟਰ ਪਾਨਵਾਲਾ, ਹਰੀ ਨੂੰ ਆ ਰਹੀ ਮੌਨਸੂਨ ਵਿਖਾਉਣ ਲਈ ਲੈ ਗਿਆ ਸੀ। ਪਹਾੜੀ ਦੀ ਛਾਂਉਲੀ ਸੜਕ ਵਲ ਦੇ ਪਾਸੇ ਬੜੇ ਵੱਡੇ-ਵੱਡੇ, ਉਚੇ-ਉਚੇ ਗੁਲਾਬੀ ਹਰੇ ਤੇ ਪੀਲੇ ਮਕਾਨ ਸਨ ਅਤੇ ਉਹਨਾਂ ਦੇ ਨਾਂ ਸਨ-'ਸੰਨਸ਼ਾਈਨ' ਅਤੇ 'ਸੀਅ ਗਲ' ਵਰਗੇ ਅਤੇ ਉਹਨਾਂ ਵਿੱਚ ਅਮੀਰ ਲੋਕ ਰਹਿੰਦੇ ਸਨ। ਪਹਾੜੀ ਦੇ ਦੂਸਰੇ ਪਾਸੇ ਗ਼ਰੀਬ ਲੋਕਾਂ ਦੀਆਂ ਝੁੱਗੀਆਂ ਸਨ, ਜੋ ਪਹਾੜੀ ਦੇ ਉਪਰੋਂ ਲੈ ਕੇ ਹੇਠਾਂ ਉਲਰੀਆਂ, ਖੁੱਲ੍ਹੀ ਨਾਲੀ ਅਤੇ ਇੱਕ ਬਹੁਤ ਚੱਲਦੀ ਸੜਕ ਦੇ ਨਾਲ ਜਾ ਲੱਗਦੀਆਂ ਸਨ।

ਜਦੋਂ ਹਰੀ ਜੱਗੂ ਦੇ ਪਿੱਛੇ ਇੱਕ ਤੰਗ-ਸੌੜੇ ਰਾਹ 'ਤੇ ਜਾ ਰਿਹਾ ਸੀ, ਤਾਂ ਉਹਨੂੰ ਮਹਿਸੂਸ ਹੋਇਆ ਕਿ ਉਸਦੇ ਪੈਰ ਨਰਮ ਨਰਮ ਚਿੱਕੜ ਗਾਰੇ 'ਤੇ ਤਿਲਕ ਰਹੇ ਸਨ। ਸਾਰੀ ਪਹਾੜੀ ਹੀ ਗਾਰੇ ਵਿੱਚ ਬਦਲ ਰਹੀ ਜਾਪਦੀ ਸੀ, ਲੱਗਦਾ ਸੀ ਕਿ ਝੁੱਗੀਆਂ ਢਿਲਕ ਰਹੀਆਂ ਹਨ, ਅਤੇ ਉਸ ਗੰਦੀ ਬੰਦ ਨਾਲੀ ਵਿੱਚ ਧੱਸਦੀਆਂ ਜਾ ਰਹੀਆਂ ਹਨ, ਜੋ ਝੌਂਪੜ ਪੱਟੀ ਨੂੰ ਗਲੀ ਨਾਲੋਂ ਵੱਖ ਕਰਦੀ ਸੀ।

ਹਰੀ, ਆਪਣਾ ਨੱਕ, ਆਪਣੀ ਕਮੀਜ਼ ਦੀ ਬਾਂਹ ਨਾਲ ਪੂੰਝਦਿਆਂ ਅਤੇ ਆਪਣੇ ਵਾਲਾਂ ਨੂੰ ਆਪਣੀਆਂ ਅੱਖਾਂ ਤੋਂ ਪਰ੍ਹੇ ਹਟਾਉਂਦਿਆਂ, ਵਧੇਰੇ ਪਰੇਸ਼ਾਨ ਹੋ ਰਿਹਾ ਸੀ, ਜਦੋਂ ਕਿ ਜੱਗੂ ਅੱਗੇ-ਅੱਗੇ ਉਸਨੂੰ ਉਸ ਸੌੜੇ ਰਾਹ 'ਤੇ ਲਈ ਜਾ ਰਿਹਾ ਸੀ, ਜਿਸ ਦੇ ਨਾਲ ਨਾਲ ਉਦਾਸੀਨ ਝੁੱਗੀਆਂ ਦੀਆਂ ਡਾਰਾਂ ਸਨ। ਕੀ ਜੱਗੂ ਸਚਮੁੱਚ ਹੀ ਉਹਨਾਂ ਝੁੱਗੀਆਂ 'ਚੋਂ ਇਕ ਵਿੱਚ ਰਹਿੰਦਾ ਸੀ? ਉਹ ਹਰੀ ਨੂੰ ਅਜਿਹੀ ਥਾਂ 'ਤੇ ਕਿਵੇਂ ਲਿਆ ਸਕਦਾ ਸੀ? ਉਹ ਲਿਆ ਰਿਹਾ ਸੀ ਅਤੇ ਉਹ ਲਿਆ ਸਕਦਾ ਸੀ, ਕਿਉਂਕਿ ਉਹ ਟੁੱਟੀਆਂ-ਫੁੱਟੀਆਂ, ਪੀਪਿਆਂ ਦੀਆਂ ਟੀਨਾਂ, ਪਾਟੇ-ਕੱਪੜਿਆਂ ਅਤੇ ਪਲਾਸਟਿਕ ਦੀਆਂ ਚਾਦਰਾਂ ਦੇ ਬਣੇ ਇਹਨਾਂ ਢਾਂਚਿਆਂ ਵਿੱਚੋਂ ਇੱਕ ਅੱਗੇ ਰੁਕ ਗਿਆ ਅਤੇ ਉਹਨੇ ਬੂਹੇ 'ਤੇ ਲਟਕਦੇ ਟਾਟ ਦੇ ਟੋਟੇ ਨੂੰ, ਇੱਕ ਪਾਸੇ ਹਟਾਇਆ, ਝੁਕਿਆ, ਕੋਡਾ ਹੋਇਆ ਅਤੇ ਉਸ ਦੇ ਅੰਦਰ ਦਾਖ਼ਲ ਹੋਇਆ। ਫਿਰ ਉਹਨੇ ਹਰੀ ਨੂੰ ਅੰਦਰ ਆਉਣ ਦੀ ਸੈਨਤ ਕੀਤੀ ਅਤੇ ਹਰੀ ਵੀ ਝੁਕਿਆ ਅਤੇ ਰੀਂਗ ਕੇ ਅੰਦਰ ਜਾ ਵੜਿਆ।

ਸਾਰੀ ਵਰਖਾ ਅਤੇ ਬਾਹਰ ਦੀ ਜਿੱਲ੍ਹਣ ਤੇ ਚਿੱਕੜ ਦਰਵਾਜ਼ੇ ਰਾਹੀਂ ਅਤੇ ਕੰਧਾਂ ਤੇ ਛੱਤ ਵਿਚਲੀਆਂ ਮੋਰੀਆਂ ਤੇ ਤਰੇੜਾਂ ਆਦਿ ਰਾਹੀਂ, ਅੰਦਰ ਆ ਗਿਆ ਹੋਇਆ ਸੀ। ਦਰਅਸਲ ਮਿੱਟੀ ਦੇ ਕੱਚੇ ਫ਼ਰਸ਼ 'ਤੇ ਵਰਖਾ ਦੇ ਪਾਣੀ ਦਾ ਪੋਚਾ ਫਿਰ ਗਿਆ ਸੀ ਅਤੇ ਉਸ ਦੇ ਨਾਲ ਹੀ ਕੂੜਾ-ਕਰਕਟ ਵੀ ਅੰਦਰ ਆ ਗਿਆ ਸੀ। ਜੱਗੂ ਦਾ ਟੱਬਰ, ਵਾਣ ਦੀ ਮੰਜੀ 'ਤੇ ਇਕੱਠਾ ਹੋ ਕੇ ਘੁਸੜਿਆ ਹੋਇਆ ਸੀ, ਜਿਵੇਂ ਉਹ ਕੋਈ ਤੁਲ੍ਹਾ, ਕੋਈ ਬਜਰਾ ਹੋਵੇ। ਉਹਨਾਂ ਦਾ ਟੀਨ ਅਤੇ ਗੱਤੇ ਦੇ ਡੱਬਿਆਂ ਵਿੱਚ ਬੰਦ ਸਾਮਾਨ, ਸਿਰਿਆਂ ਦੇ ਨਾਲ-ਨਾਲ ਰੱਖੇ ਇੱਟਾਂ-ਪੱਥਰਾਂ 'ਤੇ ਟਿਕਾਇਆ ਹੋਇਆ ਸੀ। ਕੁੱਝ ਗੱਠੜ-ਗੱਠੜੀਆਂ ਬਾਂਸ ਦੇ ਡੰਡਿਆਂ 'ਤੇ ਲਟਕ ਰਹੇ ਸਨ, ਜੋ ਚੱਪੂਆਂ ਦਾ ਕੰਮ ਕਰ ਰਹੇ ਜਾਪਦੇ ਸਨ। ਹਰੀ ਉਥੇ ਬੇਵੱਸ-ਲਾਚਾਰ ਖੜਾ ਸੀ। ਸੋਚ ਰਿਹਾ ਸੀ ਕਿ ਉਸ ਨੂੰ ਵੀ ਹੋਰਨਾਂ ਦੇ ਨਾਲ ਹੀ ਵਾਣ ਦੀ ਮੰਜੀ ਉਤੇ ਚੜ੍ਹਨ ਲਈ ਆਖਿਆ ਜਾਵੇਗਾ। ਪਰ ਉਹ ਮੰਜੀ ਤਾਂ ਪਹਿਲਾਂ ਹੀ ਭਰੀ ਹੋਈ ਸੀ।

ਪਰ ਨਹੀਂ, ਉਥੇ ਇੱਕ ਲੱਕੜ ਦਾ ਬੈਂਚ ਸੀ ਜਿਹੜਾ ਕਿ ਭਾਂਡਿਆਂ, ਕੜਾਹੀਆਂ ਅਤੇ

ਬਕਸਿਆਂ ਤੇ ਗੱਠੜੀਆਂ ਨਾਲ ਪੂਰਾ ਨਹੀਂ ਸੀ ਭਰਿਆ ਹੋਇਆ। "ਹਰੀ, ਏਥੇ ਬੈਠ ਜਾ।" ਜੱਗੂ ਨੇ ਉਸਨੂੰ ਆਖਿਆ ਅਤੇ ਫਿਰ ਉਹਨੇ ਵਾਣ ਦੀ ਮੰਜੀ 'ਤੇ ਬੈਠੇ ਪਰਿਵਾਰ ਨਾਲ ਗੱਲ ਕੀਤੀ। ਚੀਥੜਿਆਂ ਦੇ ਹੇਠੋਂ ਕਈ ਜੋੜੇ ਅੱਖੀਆਂ ਉਸ ਵਲ ਝਾਕਣ ਲੱਗੀਆਂ, ਚੀਥੜੇ, ਜੋ ਉਹਨਾਂ ਨੇ ਚੋਂਦੀ ਹੋਈ ਛੱਤ ਵਿੱਚੋਂ ਦੀ ਆ ਰਹੀ ਵਰਖਾ ਤੋਂ ਬਚਣ ਲਈ, ਆਪਣੇ ਸਿਰਾਂ 'ਤੇ ਲੈ ਰਖੇ ਸਨ। ਅੰਦਰ ਬਹੁਤ ਹੀ ਹਨੇਰਾ ਸੀ, ਭਾਵੇਂ ਕਿ ਬਾਹਰ, ਗੰਦੀ ਨਾਲੀ ਦੇ ਨਾਲ-ਨਾਲ ਲੱਗੀਆਂ ਵੀਹੀ-ਬੱਤੀਆਂ ਦੀ ਮੱਧਮ ਮੱਠੀ ਲੋਅ ਸੀ।

ਫਿਰ ਇਕ ਜ਼ਨਾਨਾ ਆਵਾਜ਼ ਨੇ ਬੋਲਣਾ ਸ਼ੁਰੂ ਕੀਤਾ। ਪਹਿਲਾਂ ਤਾਂ ਹਰੀ ਸਮਝ ਨਾ ਸਕਿਆ ਕਿ ਉਹ ਕੀ ਆਖ ਰਹੀ ਸੀ। ਉਹ ਆਵਾਜ਼ ਏਨੀ ਤਿੱਖੀ, ਏਨੀ ਉਚੀ ਅਤੇ ਏਨੀ ਕਾਹਲੀ ਸੀ! ਛਿਣ ਕੁ ਬਾਅਦ ਫਿਟਕਾਂ-ਫਿਟਕਾਰਾਂ ਸੁਣੀਆਂ ਜਿਹਨਾਂ ਦਾ ਉਸਨੂੰ ਪਤਾ ਸੀ ਅਤੇ ਉਹ ਹੋਰ ਵੀ ਵਧੇਰੇ ਪਰੇਸ਼ਾਨ ਹੋ ਉਠਿਆ ਅਤੇ ਉਹਨੇ ਜੱਗੂ ਵਲ ਮਦਦ ਲਈ ਤੱਕਿਆ।

"ਚੁੱਪ ਹੋ ਜਾ!" ਜੱਗੂ ਗੱਜਿਆ। "ਮੇਰੇ ਲਈ ਖਾਣਾ ਲਿਆ ਅਤੇ ਇਕ ਵਾਧੂ ਪਲੇਟ ਮੁੰਡੇ ਲਈ ਲਿਆ, ਉਹ ਬਿਮਾਰ ਐ। ਮੈਂ ਕੱਲ੍ਹ ਉਸ ਨੂੰ ਦਵਾਈ ਵਾਸਤੇ ਡਿਸਪੈਂਸਰੀ ਲਿਜਾ ਰਿਹਾ ਹਾਂ। ਅੱਜ ਦੀ ਰਾਤ ਉਹ ਏਥੇ ਹੀ ਸੌਂਵੇਗਾ।"

"ਤੇਜ਼ ਤਿੱਖੀ, ਚੀਕਵੀਂ ਆਵਾਜ਼ ਬੋਲਦੀ ਗਈ, ਬੋਲਦੀ ਗਈ, ਬੰਦ ਹੋਣ ਵਿੱਚ ਹੀ ਨਹੀਂ ਸੀ ਆ ਰਹੀ, ਭਾਵੇਂ ਕਿ ਵਾਣ ਦੀ ਮੰਜੀ 'ਤੇ ਪਈਆਂ ਗੱਠੜੀਆਂ ਜਿਹੀਆਂ ਜ਼ਰੂਰ ਹਿੱਲੀਆਂ ਅਤੇ ਵੱਖਰੇ-ਵੱਖਰੇ ਵਿਅਕਤੀਗਤ ਆਕਾਰ ਬਣ ਗਈਆਂ। ਉਹਨਾਂ ਵਿਚੋਂ ਇੱਕ ਆਕਾਰ ਨੇ ਥੱਲੇ ਚਿੱਕੜ ਵਿੱਚ ਪੈਰ ਧਰੇ। ਉਹ ਗਿਆ ਅਤੇ ਟੀਨ ਦੀਆਂ ਦੋ ਪਲੇਟਾਂ ਵਿੱਚ, ਉਹਨਾਂ ਦੋਵਾਂ ਵਾਸਤੇ ਖਾਣਾ ਲੈ ਆਇਆ।

"ਆਪਣੇ ਲਈ ਹੀ ਮੁਸ਼ਕਲ ਨਾਲ ਪੂਰਾ ਹੁੰਦੈ ਅਤੇ ਤੂੰ ਖਾਣ ਲਈ ਇੱਕ ਜਣਾ ਹੋਰ ਲੈ ਆਇਐਂ।" ਔਰਤ ਪਲੇਟਾਂ ਉਹਨਾਂ ਵਲ ਧੱਕਦੀ ਹੋਈ ਚਿੱਲਾਈ। "ਇਸ ਲਈ ਤੈਨੂੰ ਅੱਧਾ ਹੀ ਮਿਲੂ, ਜੋ ਵੀ ਹੈ। ਤੂੰ ਕੀ ਸਮਝਦੈਂ, ਮੈਂ ਤੇਰੇ ਨਵੇਂ ਮਿੱਤਰ ਨੂੰ ਆਪਣੇ ਬੱਚਿਆਂ ਦਾ ਹਿੱਸਾ ਦੇ ਦਿਆਂਗੀ ? ਤੇਰਾ ਕੀ ਖ਼ਿਆਲ ਐ, ਜਦ ਤੁਸੀਂ ਖਾਂਦੇ ਹੋ, ਅਸੀਂ ਭੁੱਖੇ ਬੈਠੇ ਰਹੀਦੇ ।"

"ਚੁੱਪ!" ਜੱਗੂ ਨੇ ਆਪਣਾ ਚਿਹਰਾ ਭਿਆਨਕ ਬਣਾਉਂਦਿਆਂ, ਉਸ ਨੂੰ ਜ਼ੋਰ ਨਾਲ ਗਰਜ ਕੇ ਆਖਿਆ। "ਆਪਣੀ ਜ਼ਬਾਨ ਸੰਭਾਲ, ਨਹੀਂ ਤਾਂ ਮੈਂ ਸਿੱਧਾ ਤਾੜੀ ਦੀ ਦੁਕਾਨ 'ਤੇ ਜਾਵਾਂਗਾ ਅਤੇ ਇਸ ਤੁੱਕੇ ਖਾਣੇ ਦੀ ਥਾਂ 'ਤੇ ਜੋ ਤੂੰ ਮੇਰੇ ਲਈ ਬਣਾਉਂਦੀ ਹੈਂ, ਤਾੜੀ ਪੀਵਾਂਗਾ।"

"ਜਾ, ਜਾ" ਉਹ ਚਿੱਲਾਈ, "ਮੈਂ ਜਿਵੇਂ ਤੈਨੂੰ ਰੋਕ ਸਕਦੀ ਹਾਂ। ਤੈਨੂੰ ਤਾਂ ਮੇਰੇ ਕੋਲੋਂ ਕੋਈ ਬਹਾਨਾ ਚਾਹੀਦੈ, ਆਪਣੀ ਤਾੜੀ ਦੀ ਦੁਕਾਨ 'ਤੇ ਜਾਣ ਦਾ। ਮੈਂ ਭਲਾ ਕੀ ਪਰਵਾਹ ਕਰਦੀ ਆਂ! ਤੂੰ ਜਾ, ਜਾ ਕੇ ਜ਼ਹਿਰ ਖਾ ਲੈ ਭਾਵੇਂ? ਜਾ, ਜਾ ਕੇ ਆਪਣੇ ਆਪ ਨੂੰ ਉਸ ਜ਼ਹਿਰ ਨਾਲ ਮਾਰ ਮੁਕਾ, ਜੋ ਜ਼ਹਿਰ ਦੁਕਾਨ ਤੈਨੂੰ ਵੇਚਦੀ ਐ- ਮੈਂ ਤੇਰੇ ਨੜੋਏ 'ਤੇ ਆਵਾਂਗੀ ਅਤੇ ਖ਼ੂਬ ਹੱਸਾਂਗੀ। ਮੈਂ ਬੱਚਿਆਂ ਨੂੰ ਘਰ, ਆਪਣੇ ਪਿੰਡ ਲੈ ਜਾਵਾਂਗੀ ਅਤੇ ਅਸੀਂ ਖੇਤਾਂ ਵਿੱਚ ਭੁੱਖ ਨਾਲ ਮਰ ਜਾਵਾਂਗੇ ਅਤੇ ਗਿਰਝਾਂ ਸਾਡੀਆਂ ਹੱਡੀਆਂ ਨੋਚ ਲੈਣਗੀਆਂ.......।"

ਹਰੀ ਆਪਣੀ ਪਲੇਟ ਫੜੀ ਬੈਠਾ ਸੀ ਅਤੇ ਆਪਣਾ ਸਿਰ ਨੀਵਾਂ, ਹੋਰ ਹੋਰ ਨੀਵਾਂ ਕਰੀ ਜਾ ਰਿਹਾ ਸੀ। ਖਾਣੇ ਦੀ ਇੱਕ ਬੁਰਕੀ, ਮੂੰਹ ਵਿੱਚ ਪਾਉਣ ਨੂੰ ਵੀ, ਉਸ ਦਾ ਮਨ ਨਹੀਂ ਸੀ ਮੰਨ ਰਿਹਾ। ਪਰ ਜੱਗੂ ਨੇ ਘੱਪ-ਘੱਪ ਕਰ ਕੇ ਆਪਣਾ ਸਾਰਾ ਖਾਣਾ ਨਿਗਲ ਲਿਆ

ਸੀ ਅਤੇ ਹੁਣ ਇਹ ਆਖਦਾ ਹੋਇਆ ਉਠ ਖਲੋਤਾ ਸੀ, "ਠੀਕ ਐ, ਜੇ ਤੂੰ ਮੈਨੂੰ ਮਜਬੂਰ ਕਰੇਂਗੀ, ਤਾਂ ਮੈਂ ਜ਼ਰੂਰ ਜਾਵਾਂਗਾ।" ਅਤੇ ਉਹ ਹਰੀ ਨੂੰ ਇਸਤਰੀ ਕੋਲ ਇਕੱਲਿਆਂ ਛੱਡ ਕੇ, ਲੋਪ ਹੋ ਗਿਆ।

ਪਰ ਜਿਉਂ ਹੀ ਉਹ ਗਿਆ, ਉਹ ਚੁੱਪ ਹੋ ਗਈ। ਉਹ ਵਾਣ ਦੀ ਮੰਜੀ 'ਤੇ ਗੁੱਛਾ-ਮੁੱਛਾ ਹੋ ਕੇ ਪੈ ਗਈ, ਆਪਣੇ ਸਿਰ 'ਤੇ ਉਹਨੇ ਇੱਕ ਲੀਰ-ਜਿਹੀ ਲੈ ਲਈ ਅਤੇ ਉਸ ਦੇ ਹੇਠੋਂ ਦੀ ਹਰੀ ਨੂੰ ਨਿਹਾਰਨ ਲੱਗੀ। ਅੱਗੋਂ ਉਹਨੇ ਵੀ ਉਸ ਨੂੰ ਗਹੁ ਨਾਲ ਤੱਕਿਆ।

ਛਿਣ ਕੁ ਪਿੱਛੋਂ, ਉਹਨੇ ਛਿੱਕ ਮਾਰੀ ਅਤੇ ਆਪਣੀ ਵੱਖੀ ਨਾਲ ਸੁੱਤੇ ਇੱਕ ਬੱਚੇ ਨੂੰ ਥਪਥਪਾਉਣ ਲੱਗ ਪਈ। ਹਰੀ ਨੇ ਉਹਦਾ ਇੱਕ ਭਾਰਾ-ਜਿਹਾ ਹਾਉਕਾ ਸੁਣਿਆ।

"ਸੌਂ ਜਾ, ਸੌਂ ਜਾ!" ਉਹ ਹੇਕ ਨਾਲ ਆਖ ਰਹੀ ਸੀ ਅਤੇ ਹਰੀ ਨੂੰ ਇਹ ਯਕੀਨ ਨਹੀਂ ਸੀ ਆ ਰਿਹਾ ਕਿ ਉਹ ਉਸ ਨੂੰ ਆਖ ਰਹੀ ਸੀ ਜਾਂ ਬੱਚੇ ਨੂੰ! ਲੇਟਣ ਅਤੇ ਸੌਣ ਤੋਂ ਛੁੱਟ ਹੋਰ ਕਰਨ ਵਾਲਾ ਹੀ ਕੀ ਹੈ? ਜਾਂ ਫਿਰ ਮਰਨਾ ਹੈ? ਮਰਦ ਤਾਂ ਤਾੜੀ ਦੀ ਦੁਕਾਨ 'ਤੇ ਜਾ ਸਕਦੇ ਹਨ, ਅਤੇ ਤਾੜੀ ਪੀ ਕੇ ਦੁੱਖਾਂ ਨੂੰ ਭੁੱਲ ਸਕਦੇ ਹਨ, ਪਰ ਅਸੀਂ ਕੁੱਝ ਨਹੀਂ ਕਰ ਸਕਦੀਆਂ। ਇਸ ਲਈ ਸਾਨੂੰ ਲੇਟ ਜਾਣਾ ਅਤੇ ਸੌਂ ਜਾਣਾ ਚਾਹੀਦੈ। ਸੌਂ ਜਾ।" ਉਹਨੇ ਫਿਰ ਆਖਿਆ, ਬੱਚੇ ਨੂੰ ਥਪਕਦਿਆਂ ਅਤੇ ਹਾਉਕਾ ਭਰਦਿਆਂ।

ਹਰੀ ਉਸ ਨਾਲ ਗੱਲ ਕਰਨੀ ਚਾਹੁੰਦਾ ਸੀ। ਉਸਨੂੰ ਇਲਮ ਸੀ ਕਿ ਉਹ ਏਨੇ ਤਲਖ਼ ਅਤੇ ਉਦਾਸ ਲਹਿਜੇ ਵਿੱਚ ਕਿਉਂ ਬੋਲ ਰਹੀ ਸੀ। ਇਸ ਤਰ੍ਹਾਂ ਲੀਲਾ ਅਤੇ ਉਹ ਇੱਕ ਦੂਸਰੇ ਨਾਲ ਗੱਲ ਕਰਿਆ ਕਰਦੇ ਸਨ, ਜਦੋਂ ਉਹ ਦੇਰ ਰਾਤ ਗਏ, ਆਪਣੀ ਝੁੱਗੀ 'ਚ ਬੈਠੇ, ਆਪਣੇ ਪਿਉ ਦੇ, ਪਿੰਡ 'ਤੋਂ ਹਨੇਰੇ ਵਿੱਚ ਘਰ ਮੁੜਨ ਦੀ ਉਡੀਕ ਕਰਿਆ ਕਰਦੇ ਸਨ। ਵਾਸਤਵ ਵਿੱਚ, ਉਹਨੇ ਮਹਿਸੂਸ ਕੀਤਾ, ਜਿਵੇਂ ਉਹ ਇਸਤਰੀ ਉਸ ਲਈ ਅਤੇ ਲੀਲਾ ਲਈ ਅਤੇ ਉਹਨਾਂ ਦੀ ਮਾਂ ਲਈ ਆਖ ਰਹੀ ਸੀ। ਹੁਣ ਉਸ ਨੂੰ ਉਸ ਤੋਂ ਡਰ ਨਹੀਂ ਸੀ ਲੱਗ ਰਿਹਾ।

"ਕੀ ਉਹ ਹਰ ਰਾਤ ਹੀ ਪੀਂਦਾ ਹੈ?" ਆਖ਼ਿਰ ਉਹਨੇ ਬੁੜ-ਬੁੜ ਕਰਕੇ ਪੁੱਛਿਆ।

ਇਸਤਰੀ ਨੇ ਆਪਣਾ ਸਿਰ ਹਿਲਾਇਆ। "ਨਹੀਂ, ਉਹ ਉਨਾ ਮਾੜਾ ਨਹੀਂ, ਜਿੰਨੇ ਇਸ ਝੌਂਪੜਪੱਟੀ ਦੇ ਕੁਝ ਹੋਰ ਲੋਕ। ਉਹ ਉਦੋਂ ਹੀ ਪੀਂਦਾ ਹੈ, ਜਦੋਂ ਉਹ ਬਹੁਤ ਹੀ ਉਦਾਸ-ਉਪਰਾਮ ਜਾਂ ਬਹੁਤ ਹੀ ਪਰੇਸ਼ਾਨ ਹੋਵੇ।"

"ਮੇਰਾ ਪਿਉ ਤਾਂ ਹਰ ਰੋਜ਼ ਹੀ ਰਾਤ ਨੂੰ ਪੀਂਦਾ ਹੈ।" ਹਰੀ ਨੇ ਉਸ ਨੂੰ ਦੱਸਿਆ। ਉਹਨੇ ਇਹ ਗੱਲ ਪਹਿਲਾਂ ਕਦੇ ਵੀ, ਕਿਸੇ ਨੂੰ ਨਹੀਂ ਸੀ ਆਖੀ, ਪਰ ਉਹਨੇ ਆਪਣੇ-ਆਪ ਨੂੰ ਅਜਨਬੀ ਔਰਤ ਨਾਲ, ਖੁੱਲ੍ਹ ਕੇ ਗੱਲਾਂ ਕਰਦਿਆਂ ਪਾਇਆ, ਜੋ ਉਸ ਉਤੇ ਚਿੱਲਾਈ ਸੀ ਅਤੇ ਉਹਨੇ ਉਸਨੂੰ, ਉਸ ਦਾ ਖਾਣਾ ਖਾ ਜਾਣ ਲਈ ਗਾਲ੍ਹਾਂ ਦਿੱਤੀਆਂ ਸਨ।

ਉਹ ਪੀਂਦਾ ਹੈ। ਠੀਕ ਐ ਨਾ? ਅਤੇ ਤੇਰੀ ਮਾਂ ਨੂੰ ਮਾਰਦਾ ਹੈ? ਅਤੇ ਤੁਹਾਨੂੰ ਭੁੱਖਿਆਂ ਰੱਖਦਾ ਹੈ? ਉਹਨੇ ਦਿਲਚਸਪੀ ਲੈਂਦਿਆਂ ਪੁੱਛਿਆ।

ਉਹਨੇ ਸਿਰ ਹਿਲਾਇਆ ਅਤੇ ਬੋਲਣ ਦੀ ਬਜਾਏ ਖੰਘਿਆ। ਉਸ ਨੂੰ, ਉਹਨੂੰ ਦੱਸਣ ਦੀ ਲੋੜ ਨਹੀਂ ਸੀ- ਉਹ ਪਹਿਲਾਂ ਹੀ ਜਾਣਦੀ ਸੀ।

"ਲੇਟ ਜਾ, ਪੁੱਤਰ! ਸਵੇਰੇ ਅਸੀਂ ਤੈਨੂੰ ਡਿਸਪੈਂਸਰੀ ਤੋਂ ਦੁਆਈ ਲਿਆ ਦਿਆਂਗੇ। ਉਥੋਂ ਦੇ ਡਾਕਟਰ ਪਾਸ ਖੰਘ ਤੇ ਜ਼ੁਕਾਮ ਦੀ ਦੁਆਈ ਹੈ। ਮੈਂ ਆਪਣੀ ਬੱਚੀ ਨੂੰ ਵੀ ਉਸ ਪਾਸ

ਲੈ ਕੇ ਜਾਂਦੀ ਹਾਂ। ਮੇਰੀ ਬੱਚੀ ਬਿਮਾਰ ਐ। ਉਹਨੂੰ ਤਾਪ ਐ।" ਅਤੇ ਉਹ ਆਪਣੇ ਨਾਲ ਸੁੱਤੀ ਪਈ ਬੱਚੀ ਨੂੰ ਥਪਥਪਾਉਣ ਲੱਗ ਪਈ ਅਤੇ ਹਾਉਕੇ ਭਰਨ ਲੱਗ ਪਈ।

ਹਰੀ ਬੈਂਚ 'ਤੇ ਕੁੰਗੜ ਕੇ ਪੈ ਗਿਆ। ਉਹ ਸੌਣ ਦੀ ਕੋਸ਼ਿਸ਼ ਕਰਨ ਲੱਗਾ ਅਤੇ ਸੋਚਣ ਲੱਗਾ ਕਿ ਜੱਗੂ ਉਸਨੂੰ ਇਸ ਸੰਤਾਪੇ-ਸਰਾਪੇ ਘਰ ਵਿੱਚ ਕਿਉਂ ਲੈ ਕੇ ਆਇਆ ਸੀ। ਕੀ ਆਪਣੇ ਟੱਬਰ ਦੇ ਦੁੱਖ ਵਿਚ ਵਾਧਾ ਕਰਨ ਵਾਸਤੇ ?

ਅਗਲੀ ਸਵੇਰ, ਜੱਗੂ ਦੇ ਪਿੱਛੇ-ਪਿੱਛੇ ਡਿਸਪੈਂਸਰੀ ਨੂੰ, ਜੋ ਚਿੱਕੜ ਵਾਲੀ ਪਹਾੜੀ ਦੇ ਦੂਸਰੇ ਪਾਸੇ-ਅਮੀਰ, ਅਰਾਮਦਾਇਕ ਅਤੇ ਅਨੰਦ-ਭਰਪੂਰ ਪਾਸੇ ਸੀ- ਜਾਂਦੇ ਰਾਹ 'ਤੇ ਜਾਂਦਿਆਂ, ਹਰੀ ਨੇ ਉਸਨੂੰ ਦੱਸਿਆ, "ਮੈਂ ਦੁਕਾਨ 'ਤੇ ਵਾਪਸ ਜਾਵਾਂਗਾ। ਏਥੇ ਮੇਰੇ ਵਾਸਤੇ ਕੋਈ ਥਾਂ ਨਹੀਂ! ਮੈਂ ਵਾਪਸ ਚਲਿਆ ਜਾਵਾਂਗਾ।"

ਜੱਗੂ ਨੇ ਉਸ ਨੂੰ ਤਿੱਖੀ ਨਜ਼ਰ ਨਾਲ ਤੱਕਿਆ, "ਕੀ ਉਸ ਔਰਤ ਨੇ ਤੈਨੂੰ ਜਾਣ ਲਈ ਆਖਿਆ ਹੈ? ਉਸ ਦੀ ਗੱਲ ਨਾ ਸੁਣੀਂ- ਉਹ ਤਾਂ ਚੁੜੇਲ ਹੈ, ਚੁੜੇਲ!"

"ਨਹੀਂ, ਉਹਨੇ ਇਹ ਨਹੀਂ ਆਖਿਆ।" ਹਰੀ ਨੇ ਛੇਤੀ ਨਾਲ ਆਖਿਆ। "ਪਰ ਤੁਹਾਡੀ ਬੱਚੀ ਬਿਮਾਰ ਹੈ ਅਤੇ ਉਹਦੇ ਕਰਨ ਲਈ ਬਹੁਤ ਸਾਰੇ ਕੰਮ ਹਨ। ਅਤੇ ਘਰ.....।"

"ਹੂੰ.......ਉਂ........ਹੂੰ........ਬਰਸਾਤ ਵਿਚ ਘਰ ਦੀ ਹਾਲਤ ਚੰਗੀ ਨਹੀਂ ਹੁੰਦੀ।" ਜੱਗੂ ਨੇ ਸੋਚਵਾਨ ਹੋ ਕੇ ਆਖਿਆ। "ਜਿਥੇ ਅਸੀਂ ਰਹਿੰਦੇ ਹਾਂ, ਉਥੇ ਖ਼ੁਸ਼ਕ ਮੌਸਮ 'ਚ ਏਨੀ ਮਾੜੀ ਹਾਲਤ ਨਹੀਂ ਹੁੰਦੀ। ਸਾਡੇ ਪਾਣੀ ਦਾ ਕੁਨੈਕਸ਼ਨ ਨਹੀਂ ਅਤੇ ਉਸਨੂੰ ਪਾਣੀ ਲਿਆਉਣ ਲਈ, ਹੋਰ ਸਾਰੀਆਂ ਔਰਤਾਂ ਨਾਲ, ਨਲਕੇ 'ਤੇ ਕਤਾਰ ਵਿੱਚ ਖਲੋਣਾ ਪੈਂਦਾ ਹੈ, ਪਰ ਬਰਸਾਤ ਦੇ ਮੌਸਮ, 'ਚ, ਜਦੋਂ ਹਰ ਥਾਂ ਪਾਣੀ ਹੀ ਪਾਣੀ ਹੁੰਦੈ, ਹਾਲਤ ਹੋਰ ਵੀ ਖ਼ਰਾਬ ਹੁੰਦੀ ਹੈ।" ਉਹਨੇ ਸਿਰ ਹਿਲਾਇਆ ਅਤੇ ਹਰੀ ਨੇ ਵੇਖਿਆ ਜਿਵੇਂ ਉਸਨੂੰ ਇਸ ਗੱਲ ਦਾ ਇਹਸਾਸ ਹੋਵੇ ਕਿ ਉਹਨੇ ਹਰੀ ਨੂੰ ਘਰ ਲਿਆ ਕੇ, ਗ਼ਲਤੀ ਕੀਤੀ ਸੀ। ਹਰੀ ਨੂੰ ਪਤਾ ਸੀ ਉਹ ਜੱਗੂ ਦਾ ਸ਼ੁਕਰੀਆ ਕਰਨਾ ਚਾਹੁੰਦਾ ਸੀ, ਪਰ ਉਹ ਇੰਜ ਕਰ ਨਾ ਸਕਿਆ।

ਉਹ ਡਿਸਪੈਂਸਰੀ ਅੱਪੜੇ। ਡਿਸਪੈਂਸਰੀ ਟੀਨ ਦੀ ਛੱਤ ਵਾਲੀ, ਇੱਕ ਟੁੱਟੀ-ਫੁੱਟੀ ਜਿਹੀ ਇਮਾਰਤ ਸੀ। ਛੱਤ 'ਤੇ ਵਰਖਾ ਥੱਪ-ਥੱਪ, ਠੱਪ-ਠੱਪ ਵੱਜ ਰਹੀ ਸੀ ਅਤੇ ਉਥੇ ਮਰਦਾਂ, ਔਰਤਾਂ ਅਤੇ ਬੱਚਿਆਂ ਦੀ ਇੱਕ ਲੰਮੀ ਪਾਲ ਲੱਗੀ ਹੋਈ ਸੀ, ਜੋ ਵਰਾਂਡੇ ਵਿੱਚ ਅਤੇ ਬਾਹਰ ਵਰਖਾ ਵਿੱਚ ਖਲੋਤੇ, ਡਾਕਟਰ ਨੂੰ ਵਿਖਾਉਣ ਲਈ, ਆਪਣੀ-ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਉਸ ਪਾਲ ਨੂੰ ਵੇਖ ਕੇ ਜੱਗੂ ਨਿਰਾਸ਼ਾ ਨਾਲ ਆਖਣ ਲੱਗਾ, "ਬਹੁਤ ਚਿਰ ਲੱਗੇਗਾ, ਏਥੇ ਤਾਂ........!"

"ਮੈਂ ਉਡੀਕ ਕਰ ਲਵਾਂਗਾ। ਤੁਸੀਂ ਦੁਕਾਨ 'ਤੇ ਜਾਓ।" ਹਰੀ ਨੇ ਆਖਿਆ, "ਮੈਂ ਇਕੱਲਾ ਉਡੀਕ ਕਰ ਸਕਦਾ ਹਾਂ।"

ਜੱਗੂ ਪੈਰ ਘਸੀਟਦਾ ਤੁਰ ਗਿਆ। ਉਹ ਬਹੁਤ ਸ਼ਰਮਿੰਦਾ-ਸ਼ਰਮਿੰਦਾ ਵਿਖਾਈ ਦੇ ਰਿਹਾ ਸੀ, ਉਸ ਗੜਬੜ ਲਈ ਜੋ ਉਹਨੇ ਹਰ ਚੀਜ਼ 'ਚ ਪੈਦਾ ਕਰ ਦਿੱਤੀ ਸੀ।

ਜਦੋਂ ਹਰੀ ਖੜਾ-ਖੜਾ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਸੀ ਤਾਂ ਉਹਨੇ ਜੱਗੂ ਦੀ ਬੀਵੀ ਨੂੰ ਆਉਂਦਿਆਂ ਵੇਖਿਆ। ਉਹਨੇ ਬੱਚੀ ਨੂੰ ਬਾਹਵਾਂ ਵਿੱਚ ਚੁੱਕਿਆ ਹੋਇਆ ਸੀ। ਉਸ ਦੇ ਇੱਕ ਹੱਥ ਵਿੱਚ, ਦਵਾਈ ਵਾਲੀ ਖ਼ਾਲੀ ਸ਼ੀਸ਼ੀ ਸੀ। ਉਹ ਆ ਕੇ 'ਕਿਊ' ਦੇ ਅਖੀਰ

'ਤੇ ਵਰਖਾ ਵਿੱਚ ਖੜੀ ਹੋ ਗਈ। ਹਰੀ ਉਸ ਦੇ ਕੋਲ ਗਿਆ ਅਤੇ ਆਖਣ ਲੱਗਾ। "ਮੈਂ ਤੁਹਾਡੇ ਲਈ ਦਵਾਈ ਲੈ ਆਵਾਂਗਾ। ਬੱਚੀ ਮੇਰੇ ਕੋਲ ਫੜਾ ਦਿਓ। ਉਹਨੇ ਹੈਰਾਨੀ ਨਾਲ ਉਸ ਵਲ ਤੱਕਿਆ ਅਤੇ ਫਿਰ ਇਹ ਆਖਦਿਆਂ ਆਪਣਾ ਸਿਰ ਹਿਲਾਇਆ, "ਨਹੀਂ, ਨਹੀਂ ਮੈਂ ਇਹ ਆਪ ਹੀ ਕਰ ਲਵਾਂਗੀ।" ਅਤੇ ਹਰੀ ਇਹ ਜਾਣਦਾ ਹੋਇਆ ਉਥੋਂ, ਮੁੜ ਕੇ ਆਪਣੀ ਥਾਂ 'ਤੇ ਚਲਾ ਗਿਆ ਕਿ ਉਹ ਉਸਦੀ ਕੋਈ ਮਦਦ ਨਹੀਂ ਕਰ ਸਕਦਾ।

ਸਾਰੀ ਬਰਸਾਤ ਹਰੀ ਭੋਜਨ-ਸ਼ਾਲਾ ਵਿੱਚ ਹੀ ਰਿਹਾ ਕਿਉਂਕਿ ਸ਼ਹਿਰ ਵਿੱਚ ਹੋਰ ਕੋਈ ਵੀ ਅਜਿਹੀ ਥਾਂ ਨਹੀਂ ਸੀ, ਜਿਥੇ ਕਿ ਉਹ ਜਾ ਸਕਦਾ ਮਿਸਟਰ ਪਾਨਵਾਲਾ ਦੀ, ਨਾਲ ਲੱਗਦੀ ਦੁਕਾਨ ਬੰਦ ਹੀ ਪਈ ਸੀ। ਏਥੇ ਹਰੀ ਦਾ ਉਹੀ ਇੱਕੋ-ਇੱਕ ਦੋਸਤ ਸੀ ! ਇਕ ਵਾਰ ਉਚੀ-ਸਾਰੀ ਬਿਲਡਿੰਗ ਦਾ ਚੌਕੀਦਾਰ ਜੋ ਉਸਨੂੰ ਸਿਰੀ ਕ੍ਰਿਸ਼ਨ ਭੋਜਨ-ਸ਼ਾਲਾ ਵਿੱਚ ਲੈ ਕੇ ਆਇਆ ਸੀ, ਜਾਂਦਾ-ਜਾਂਦਾ, ਇੱਕ ਵੱਡੇ ਕਾਲੇ ਛਾਤੇ ਹੇਠ ਰੁਕਿਆ ਸੀ ਅਤੇ ਉਸ ਨੂੰ ਆਵਾਜ਼ ਦਿੱਤੀ ਸੀ ਅਤੇ ਪੁੱਛਿਆ ਸੀ, "ਕੀ ਹਾਲ ਐ ਮੁੰਡਿਆ?" ਵਰਖਾ ਦੀਆਂ ਮੋਟੀਆਂ-ਮੋਟੀਆਂ ਛਿੱਟਾਂ ਦੀ ਛਰਬਲ-ਛਰਬਲ 'ਚ ਉਹ ਆਪਣੀ ਆਵਾਜ਼ ਸੁਣਾਉਣ ਲਈ ਬਹੁਤ ਉਚੀ ਬੋਲਿਆ ਸੀ। "ਹਾਲੇ ਏਥੇ ਹੀ ਏਂ? ਕੰਮ ਕਰ ਰਿਹੈਂ? ਕੰਮ ਪਸੰਦ ਹੈ ਨਾ? ਸਭ ਠੀਕ ਠਾਕ ਹੈ ਨਾ?" ਇਕੋ ਸਮੇਂ ਉਹਨੇ ਕਈ ਗੱਲਾਂ ਪੁੱਛੀਆਂ।

ਹਰੀ ਨੇ ਸਿਰ ਹਿਲਾਇਆ ਅਤੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ। ਇਹ ਉਸੇ ਦਾ ਹੀ ਸਦਕਾ ਸੀ ਕਿ ਉਸ ਨੂੰ ਠਾਹਰ ਮਿਲੀ ਸੀ, ਕੰਮ, ਖਾਣਾ ਅਤੇ ਮਿੱਤਰ ਮਿਲੇ ਸਨ ਅਤੇ ਉਹ ਜਾਣਦਾ ਸੀ ਕਿ ਉਹਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ, ਭਾਵੇਂ ਇਹ ਸੋਚਣਾ ਔਖਾ ਸੀ ਕਿ ਕੰਮ, ਖਾਣਾ ਅਤੇ ਠਾਹਰ ਕਿਹੋ ਜਿਹੀ ਸੀ। "ਹਾਂ, ਹਾਂ, ਸਭ ਠੀਕ ਹੈ।" ਉਹਨੇ ਆਖਿਆ, ਕਿਉਂਕਿ ਉਹਨੂੰ ਪਤਾ ਸੀ ਕਿ ਇਹ ਉਸ ਨਾਲੋਂ ਬਿਹਤਰ ਸੀ, ਜੋ ਬੰਬਈ 'ਚ ਜ਼ਿਆਦਾਤਰ ਲੋਕਾਂ ਕੋਲ ਸੀ।

"ਮੁੰਡਿਆ, ਕੀ ਤੈਨੂੰ ਪਤੈ ? ਕੀ ਭਲਾ? ਉਹ ਲੋਕ ਜਿਹਨਾਂ ਨੂੰ ਮਿਲਣ ਤੂੰ ਉਸ ਰਾਤ 'ਸੀਅ-ਬੱਰਡ' ਆਇਆ ਸੈਂ-ਉਹ ਵਾਪਸ ਆ ਗਏ ਹਨ। ਉਹ ਬਦੇਸ਼ ਤੋਂ ਪਿਛਲੇ ਹਫ਼ਤੇ ਹੀ ਵਾਪਸ ਆਏ ਹਨ। ਤੂੰ ਕਿਉਂ ਨਹੀਂ ਆਉਂਦਾ ਅਤੇ ਉਹਨਾਂ ਨੂੰ ਮਿਲਦਾ ? ਹੋ ਸਕਦੈ ਕਿ ਉਹਨਾਂ ਪਾਸ ਆਪਣੇ ਫ਼ਲੈਟ 'ਚ, ਤੇਰੇ ਵਾਸਤੇ ਕੋਈ ਕੰਮ ਹੋਵੇ।"

ਹਰੀ ਨੂੰ ਬੇਹੱਦ ਹੈਰਾਨੀ ਹੋਈ। ਉਹਨੇ ਉਹਨਾਂ ਬਾਰੇ ਸੋਚਣਾ ਬਹੁਤ ਪਹਿਲਾਂ ਛੱਡ ਦਿੱਤਾ ਸੀ। ਉਸ ਦਾ ਸਾਰਾ ਸਮਾਂ ਤੇ ਮਨ ਰਸੋਈ ਵਿੱਚ ਉਸ ਦੇ ਕੰਮ ਨੇ ਅਤੇ ਘੜੀਆਂ ਦੀ ਮੁਰੰਮਤ ਦੇ ਕੰਮ ਨੇ ਜੋ ਉਹ ਮਿਸਟਰ ਪਾਨਵਾਲਾ ਪਾਸੋਂ ਸਿੱਖ ਰਿਹਾ ਸੀ ਅਤੇ ਘਰ ਲਿਜਾਣ ਵਾਸਤੇ ਪੈਸੇ ਬਣਾਉਣ ਨੇ ਪੂਰੀ ਤਰ੍ਹਾਂ ਮੱਲਿਆ ਹੋਇਆ ਸੀ। ਉਸ ਕੋਲ ਕੋਈ ਸਮਾਂ ਹੀ ਨਹੀਂ ਸੀ, ਜਿਸ ਵਿਚ ਅਗਲੇ ਦਿਨ ਅਤੇ ਉਸ ਤੋਂ ਅਗਲੇ ਦਿਨ ਤੋਂ ਪਰ੍ਹੇ, ਭਵਿੱਖ ਸੰਬੰਧੀ ਸੋਚਿਆ ਜਾ ਸਕੇ! ਹੁਣ ਉਸ ਦਾ ਦਿਮਾਗ਼, ਬੰਬਈ ਵਿੱਚ ਉਸ ਪਹਿਲੀ ਰਾਤ ਦੇ ਖ਼ਿਆਲਾਂ ਨਾਲ ਭਰਿਆ ਹੋਇਆ ਸੀ। ਉਹ ਰੌਸ਼ਨੀਆਂ, ਵੱਡੀਆਂ-ਵੱਡੀਆਂ ਬਿਲਡਿੰਗਾਂ ਅਤੇ ਭੀੜਾਂ ਨੂੰ ਵੇਖ ਕੇ ਕਿੰਨਾ ਹੈਰਾਨ ਹੋਇਆ ਸੀ। ਉਸ ਨੂੰ ਫ਼ਲੈਟਾਂ ਦੇ ਬਲਾਕ ਦਾ, ਉਸ ਲਿਫ਼ਟ ਦਾ, ਜੋ ਉਸ ਨੂੰ ਉਪਰ ਲੈ ਕੇ ਗਈ ਸੀ, ਜਿਵੇਂ ਜਾਦੂ-ਮੰਤਰ ਨਾਲ, ਰੋਗ਼ਨ ਕੀਤੇ ਉਸ ਦਰਵਾਜ਼ੇ ਦਾ ਜੋ ਝਮ-ਝਮ ਕਰਦੇ ਉਸ ਕਮਰੇ ਵਿੱਚ ਖੁੱਲ੍ਹਿਆ ਸੀ, ਅਤੇ ਉਸ ਆਕੜ ਖ਼ਾਂ ਨੌਕਰ ਦਾ ਜਿਸ ਨੇ ਸਫ਼ੈਦ

ਕੱਪੜੇ ਪਾਏ ਹੋਏ ਸਨ ਖ਼ਿਆਲ ਆਇਆ। ਉਹ ਉਹਨਾਂ ਬਾਰੇ ਸੋਚਦਾ ਰਿਹਾ, ਜਿਉਂ ਹੀ ਉਹ ਆਟਾ ਗੁੰਨ੍ਹਣ ਲਈ, ਕੜਾਹੀਆਂ-ਪਰਾਤਾਂ ਮਾਂਜਣ ਲਈ, ਚਪਾਤੀਆਂ ਬਣਾਉਣ ਲਈ ਅਤੇ ਗਾਹਕਾਂ ਨੂੰ ਮਸਰਾਂ ਦੀ ਦਾਲ ਜਾਂ ਚਾਹ ਦੇਣ ਲਈ, ਅੰਦਰ ਵਾਪਸ ਗਿਆ। ਕੀ ਉਹ ਇਸ ਸੱਭ ਕੁੱਝ ਨੂੰ ਪਿੱਛੇ ਛੱਡ ਕੇ, ਜਾ ਸਕਦਾ ਹੈ? ਕੀ ਉਹ ਆਪਣੇ-ਆਪ ਲਈ, ਉਹਨਾਂ ਉਚੀ ਉਠਾਨ ਵਾਲੇ ਅਪਾਰਟਮੈਂਟਾਂ ਦੀ ਅਮੀਰ ਤੇ ਲਿਸ਼ ਲਿਸ਼ ਕਰਦੀ ਦੁਨੀਆ ਵਿੱਚ ਕੋਈ ਥਾਂ ਲੱਭ ਸਕੇਗਾ, ਨੌਕਰਾਂ, ਕਾਰਾਂ-ਬੰਗਲਿਆਂ, ਛੁੱਟੀਆਂ-ਤਫ਼ਰੀਹਾਂ, ਰੁਪਏ-ਪੈਸੇ ਅਤੇ ਖੁੱਲ੍ਹ, ਆਜ਼ਾਦੀ ਦੇ ਉਸ ਪਰੀ-ਕਹਾਣੀ ਸੰਸਾਰ ਵਿੱਚ ਸ਼ਾਮਲ ਹੋ ਸਕੇਗਾ ?

ਇਸ ਸਭ ਕੁਝ ਬਾਰੇ ਸੋਚ ਕੇ, ਉਹ ਵਿਆਕੁਲ-ਬੇਚੈਨ ਹੋ ਉਠਿਆ। ਉਸ ਰਾਤ ਉਸ ਨੂੰ ਨੀਂਦਰ ਨਾ ਆਈ। ਉਹ ਸੋਚ ਰਿਹਾ ਸੀ ਕਿ ਉਹ ਚੌਕੀਦਾਰ ਦੀ ਸਲਾਹ 'ਤੇ ਅਮਲ ਕਰੇ ਅਤੇ ਅਗਲੀ ਵਾਰ, ਜਦ ਵੀ ਉਸ ਕੋਲ ਤੀਜਾ ਪਹਿਰ ਵਿਹਲਾ ਹੋਵੇ, ਤਾਂ ਉਥੇ ਆਪਣੀ ਕਿਸਮਤ ਅਜ਼ਮਾ ਕੇ ਵੇਖੇ।

ਉਸ ਰਾਤ ਹਿੰਦ ਮਹਾਂਸਾਗਰ ਵਿੱਚ ਕਹਿਰਾਂ ਦਾ ਤੂਫ਼ਾਨ ਆਇਆ ਅਤੇ ਉਹਨੇ ਸ਼ਹਿਰ ਨੂੰ ਝੰਬ-ਝੰਜੋੜ ਕੇ ਰੱਖ ਦਿੱਤਾ। ਸ਼ੁਰੂਆਤ ਹੋਈ ਆਕਾਸ਼ ਵਿੱਚ ਇਕੱਠੇ ਹੋਏ ਘਿਰ-ਘਿਰ ਆਉਂਦੇ ਕਾਲੇ-ਸ਼ਾਹ ਬੱਦਲਾਂ ਨੂੰ ਚੀਰਦੀ ਹੋਈ ਬਿਜਲੀ ਦੀ ਕੜਕ ਨਾਲ, ਜਿਵੇਂ ਉਹ ਇੱਕ ਇਮਾਰਤ ਤੋਂ ਦੂਸਰੀ ਇਮਾਰਤ ਤੱਕ ਗੂੰਜ ਰਹੀ ਸੀ। ਦਿਨ ਤੇ ਚੜ੍ਹਾਅ ਤੋਂ ਪਹਿਲਾਂ, ਸੁਬ੍ਹਾ-ਸਵੇਰੇ ਕਹਿਰਾਂ ਦੀ ਵਰਖਾ ਆ ਲੱਥੀ। ਇਕ ਵਾਰ ਫਿਰ ਗਲੀਆਂ-ਬਾਜ਼ਾਰਾਂ ਵਿੱਚ ਹੜ੍ਹ ਆ ਗਿਆ। ਸਮੁੰਦਰ ਵਲੋਂ ਜ਼ੋਰ ਦੀ ਹਵਾ ਚੱਲੀ ਅਤੇ ਸ਼ਹਿਰ ਦੀਆਂ ਦੀਵਾਰਾਂ ਅਤੇ ਖਿੜਕੀਆਂ 'ਤੇ ਵਰਖਾ ਦੀ ਜ਼ੋਰਦਾਰ ਵਾਛੜ ਵਰ੍ਹਨ ਲੱਗੀ। ਪਾਰਕ ਵਿਚਲੇ ਵੱਡੇ ਸਾਰੇ ਰੁੱਖਾਂ ਵਿਚੋਂ ਇੱਕ ਜ਼ੋਰ ਨਾਲ ਕਾੜ-ਕਾੜ ਕਰਦਾ ਡਿੱਗਾ ਅਤੇ ਇਕ ਗਲੀ ਦੇ ਆਰ-ਪਾਰ ਢਹਿ ਪਿਆ, ਜਿਸ ਨਾਲ ਆਵਾਜਾਈ ਰੁਕ ਗਈ ਅਤੇ ਅੱਗੇ-ਪਿੱਛੇ ਭੀੜ ਜੁੜਨ ਲੱਗੀ। ਭੋਂਪੂ ਤੇ ਹੂਟਰ ਪਾਗਲਾਂਹਾਰ ਵੱਜਣ ਲੱਗੇ। ਗਲੀਆਂ-ਬਾਜ਼ਾਰਾਂ ਵਿੱਚ ਅਫੜਾ-ਦਫੜੀ ਮਚ ਉਠੀ। ਬੱਸਾਂ ਤੇ ਕਾਰਾਂ ਚੱਲਣੋਂ ਬੰਦ ਹੋ ਗਈਆਂ। ਥਾਂ-ਥਾਂ ਪਾਣੀ ਵਿੱਚ ਰੁਕੀਆਂ-ਫਸੀਆਂ ਗੱਡੀਆਂ-ਮੋਟਰਾਂ ਵਿਖਾਈ ਦੇਣ ਲੱਗੀਆਂ। ਹਰੀ ਭੋਜਨ-ਸ਼ਾਲਾ ਦੇ ਦਰਵਾਜ਼ੇ 'ਚੋਂ ਇਹ ਦ੍ਰਿਸ਼ ਵੇਖਦਾ ਰਿਹਾ। ਉਹ ਆਪਣੇ ਗਿੱਲੇ ਕੱਪੜਿਆਂ ਵਿੱਚ ਕੰਬ ਰਿਹਾ ਸੀ।

ਉਸ ਦਿਨ ਉਹਨਾਂ ਦੀ ਭੋਜਨ-ਸ਼ਾਲਾ ਵਿੱਚ ਬਹੁਤ ਘੱਟ ਗਾਹਕ ਆਏ। ਹੋਰ ਤਾਂ ਹੋਰ ਪੈਦਲ ਚਲਣ ਵਾਲੇ ਵੀ ਗਲੀਆਂ-ਬਾਜ਼ਾਰਾਂ ਵਿੱਚ ਨਹੀਂ ਸਨ ਨਿੱਕਲੇ। ਇੱਕ ਲਾਰੀ ਡਰਾਈਵਰ ਜੋ ਚਾਹ ਲਈ ਅੰਦਰ ਆਇਆ ਸੀ, ਉਸ ਨੂੰ ਸਾਰਾ ਦਿਨ ਹੀ ਰੁਕਣਾ ਪਿਆ। ਉਸ ਦੀ ਲਾਰੀ ਪੱਹੀਆਂ ਦੀਆਂ ਹੱਬਾਂ ਤੱਕ ਡੂੰਘੇ ਪਾਣੀ ਵਿੱਚ ਫੱਸ ਗਈ ਸੀ। ਉਸ ਪਾਸ ਇਕ ਟ੍ਰਾਂਜ਼ਿਸਟਰ ਰੇਡੀਉ ਸੀ ਜੋ ਉਹਨੇ ਮੇਜ਼ 'ਤੇ ਆਪਣੇ ਚਾਹ ਦੇ ਗਿਲਾਸ ਕੋਲ ਰੱਖਿਆ ਹੋਇਆ ਸੀ। ਚਾਹ ਪੀਂਦਿਆਂ ਅਤੇ ਨਾਲ ਕੁਝ ਖਾਂਦਿਆਂ, ਉਹ ਰੇਡੀਉ ਸੁਣ ਰਿਹਾ ਸੀ। ਮੁੰਡੇ ਵੀ ਆਲੇ-ਦੁਆਲੇ ਖੜੇ ਸੁਣ ਰਹੇ ਸਨ। ਉਹ ਬੰਬਈ ਦੇ ਸਿਨਮੇ ਦੇ ਗਾਣੇ ਸੁਣ ਰਹੇ ਸਨ, ਟੁੱਥ-ਪੇਸਟ, ਸਫ਼ਾਈ ਕਰਨ ਵਾਲੇ ਪਾਊਡਰ, ਖਾਣਾ ਪਕਾਉਣ ਵਾਲੇ ਤੇਲ ਅਤੇ ਚਿਹਰੇ 'ਤੇ ਲਾਉਣ ਵਾਲੀ ਕਰੀਮ ਆਦਿ ਬਾਰੇ ਰੇਡੀਉ-ਇਸ਼ਤਿਹਾਰ ਅਤੇ ਸੰਗੀਤਕ 'ਟੁਣਕ-ਟੁਣਕਾਰ' ਸੁਣ ਰਹੇ ਸਨ। ਉਹਨਾਂ ਰਾਜਿਆਂ-ਮਹਾਰਾਜਿਆਂ, ਰਾਣੀਆਂ-ਮਹਾਰਾਣੀਆਂ ਅਤੇ ਜਿੱਤੀਆਂ-

ਹਾਰੀਆਂ ਲੜਾਈਆਂ ਬਾਰੇ ਇਕ ਨਾਟਕ ਵੀ ਸੁਣਿਆ। ਫਿਰ ਨਾਟਕ ਦੇ ਅਖ਼ੀਰ 'ਤੇ ਜਦੋਂ ਬਾਦਸ਼ਾਹ ਮਰ ਜਾਂਦਾ ਹੈ ਅਤੇ ਮਲਿਕਾ ਆਪਣਾ ਅੰਤਿਮ ਗੀਤ ਗਾ ਚੁੱਕਦੀ ਹੈ, ਤਾਂ ਅਨਾਊਂਸਰ ਦੀ ਆਵਾਜ਼ ਖ਼ਬਰਾਂ ਦਾ ਐਲਾਨ ਕਰਦੀ ਹੈ।

ਖ਼ਬਰਾਂ ਬਹੁਤਾ ਕਰਕੇ ਸਮੁੰਦਰੀ ਤੂਫ਼ਾਨ ਬਾਰੇ ਹੀ ਸਨ ਕਿ ਕਿਵੇਂ ਪਿਛਲੇ ਬਾਰ੍ਹਾਂ ਘੰਟਿਆਂ ਵਿੱਚ, ਦਸ ਇੰਚ ਵਰਖਾ ਹੋਈ ਹੈ, ਕਿਵੇਂ ਸਾਰੇ ਸ਼ਹਿਰ ਵਿੱਚ ਕੰਮ-ਕਾਰ 'ਠੱਪ' ਹੋ ਗਿਆ। ਫਿਰ ਖ਼ਬਰਾਂ ਪੜ੍ਹਨ ਵਾਲੇ ਨੇ ਆਖਿਆ, "ਮੱਛੀਆਂ ਫੜਨ ਵਾਲੀਆਂ ਦਸ ਕਿਸ਼ਤੀਆਂ ਦੇ ਸਮੁੰਦਰ ਵਿੱਚ ਗੁੰਮ-ਗੁਆਚ ਜਾਣ ਦੀ ਰਿਪੋਰਟ ਮਿਲੀ ਹੈ। ਤੌਖ਼ਲਾ ਹੈ ਕਿ ਕਈ ਮਾਛੀ ਮਰ ਗਏ ਹਨ।"

ਹਰੀ ਨੇ ਇੱਕ ਲੇਰ ਮਾਰੀ ਅਤੇ ਆਪਣਾ ਕੰਨ ਰੇਡੀਓ ਨਾਲ ਲਾ ਲਿਆ, "ਕਿਥੇ?" ਉਹ ਕੂਕਿਆ ਜਿਵੇਂ ਉਹ ਖ਼ਬਰਾਂ ਪੜ੍ਹਨ ਵਾਲੇ ਤੋਂ ਉਤਰ ਦੀ ਮੰਗ ਕਰ ਰਿਹਾ ਹੋਵੇ। 'ਕਿੱਥੇ?'

ਮੁੰਡੇ ਉਸ 'ਤੇ ਹੱਸਣ ਲੱਗ ਪਏ ਅਤੇ ਲਾਰੀ-ਡਰਾਈਵਰ ਨੇ ਦੰਦ ਕੱਢੇ ਪਰ ਹਰੀ ਨੂੰ ਆਪਣਾ ਉਤਰ ਮਿਲ ਗਿਆ।

"ਜਿਉਂ ਹੀ ਤੂਫ਼ਾਨ ਥੰਮ੍ਹੇਗਾ, ਅਲੀਬਾਗ਼ ਤੋਂ ਖੋਜ-ਟੋਲੀਆਂ ਘੱਲੀਆਂ ਜਾਣਗੀਆਂ।" 'ਉਹ ਤਾਂ ਮੇਰਾ ਘਰ ਐ! ਉਹ ਤਾਂ ਮੇਰਾ ਦੇਸ ਐ?"

"ਠੀਕ ਐ, ਠੀਕ ਐ, ਮੁੰਡਿਆ" ਲਾਰੀ-ਡਰਾਈਵਰ ਨੇ ਆਖਿਆ। ਉਹ ਵੱਡੀਆਂ-ਵੱਡੀਆਂ ਮੁੱਛਾਂ ਵਾਲਾ ਅਤੇ ਲਾਲ ਪੱਗ ਵਾਲਾ ਸਿੱਖ ਸੀ। "ਤੂੰ ਤਾਂ ਮਾਛੀ ਨਹੀਂ ਨਾ? ਠੀਕ ਹੈ ਨਾ? ਤੂੰ ਤਾਂ ਕਿਸ਼ਤੀ 'ਤੇ ਨਹੀਂ ਨਾ। ਤੂੰ ਇਕ ਰੈਸਤੋਰਾਂ ਵਿੱਚ ਸਹੀ ਸਲਾਮਤ ਏਂ? ਖਾਣ ਲਈ ਚੰਗਾ ਖਾਣਾ ਅਤੇ ਗਰਮ-ਗਰਮ ਚਾਹ ਏ? ਏਨਾ ਪਰੇਸ਼ਾਨ ਨਾ ਹੋ।"

ਜੱਗੂ ਵਧੇਰੇ ਸਮਝਦਾਰ ਸੀ। ਹਰੀ ਦੀ ਉਹਨਾਂ ਦੇ ਘਰ, ਨਿਰਾਸ਼ਾਜਨਕ ਫੇਰੀ ਤੋਂ ਬਾਅਦ, ਉਹਨੇ ਉਹਦੇ ਨਾਲ ਸ਼ਾਇਦ ਹੀ ਕਦੇ ਗੱਲ ਕੀਤੀ ਹੋਵੇ, ਪਰ ਹੁਣ ਉਹ ਬੁੜਬੁੜਾ ਉਠਿਆ, "ਕੀ ਗੱਲ ਐ? ਕੀ ਤੇਰਾ ਪਿਉ ਮਾਛੀ ਹੈ? ਕੀ ਉਹ ਉਹਨਾਂ ਕਿਸ਼ਤੀਆਂ 'ਚੋਂ ਇੱਕ ਦਾ ਮਾਲਕ ਐ?"

"ਨਹੀਂ, ਨਹੀਂ !" ਹਰੀ ਨੇ ਆਪਣਾ ਸਿਰ ਹਿਲਾਉਂਦਿਆਂ ਆਖਿਆ ਅਤੇ ਕਿਚਨ ਦੇ ਅੰਦਰ ਚਲਾ ਗਿਆ, ਇਕੱਲਿਆਂ, ਆਪਣੇ-ਆਪ 'ਚ ਪਰੇਸ਼ਾਨ ਹੋਣ ਲਈ। ਇਹ ਠੀਕ ਹੈ ਕਿ ਉਸਦਾ ਪਿਉ, ਉਹਨਾਂ ਬੇੜੀਆਂ 'ਚੋਂ ਕਿਸੇ ਇਕ ਵਿੱਚ ਨਹੀਂ ਸੀ ਅਤੇ ਇਹ ਕਿ ਉਸਦੇ ਪਰਿਵਾਰ ਪਾਸ ਕੋਈ ਬੇੜੀ ਨਹੀਂ ਸੀ। ਪਰ ਇਹ ਉਸ ਦੇ ਪਿੰਡ ਦੇ ਆਦਮੀ ਸਨ, ਜੋ ਮੱਛੀਆਂ ਫੜਨ ਗਏ ਸਨ ਅਤੇ ਹੋ ਸਕਦਾ ਹੈ ਕਿ ਉਹ ਆਦਮੀ ਹੋਣ, ਜਿਹਨਾਂ ਨੂੰ ਉਹ ਜਾਣਦਾ ਸੀ, ਦੋਸਤ ਜਾਂ ਗੁਆਂਢੀ, ਜੋ ਗੁੰਮ-ਗੁਆਚ ਗਏ ਸਨ। ਉਸਨੂੰ ਅਚਨਚੇਤ ਹੀ ਬੀਜੂ ਦੀ ਬੇੜੀ ਦਾ ਚੇਤਾ ਆ ਗਿਆ ਸੀ ਅਤੇ ਉਹਨੇ ਸੋਚਿਆ ਸੀ ਹੁਣ ਤੱਕ ਤਾਂ ਉਸਨੂੰ ਸਾਗਰ ਵਿੱਚ ਠੇਲ੍ਹ ਦਿੱਤਾ ਗਿਆ ਹੋਵੇਗਾ ਅਤੇ ਉਹ ਡੂੰਘੇ-ਪਾਣੀਆਂ ਵਿੱਚ ਹੋਵੇਗੀ।

ਉਸਨੂੰ ਉਹਨਾਂ ਬਾਦਬਾਨਾਂ ਦਾ ਖ਼ਿਆਲ ਆਇਆ, ਜੋ ਦੂਰ ਦਿਸਹੱਦੇ 'ਤੇ ਵਿਖਾਈ ਦਿੰਦੇ ਸਨ ਅਤੇ ਰਾਤ ਦੇ ਸਮੇਂ ਬੇੜੀਆਂ ਦੀਆਂ ਉਹਨਾਂ ਰੌਸ਼ਨੀਆਂ ਦਾ ਖ਼ਿਆਲ ਆਇਆ, ਜੋ ਬੀਚ ਤੋਂ ਦਿਸਦੀਆਂ ਸਨ। ਉਸ ਨੂੰ ਸੰਧਿਆ ਸਮੇਂ ਬੇੜੀਆਂ ਭਰ-ਭਰ ਆਉਂਦੀ ਮੱਛੀ ਦਾ ਅਤੇ ਰੇਤ ਉਪਰ ਲਿਸ਼-ਲਿਸ਼ ਕਰਦੀਆਂ ਚਮਕਦੀਆਂ ਮੱਛੀਆਂ ਦੀਆਂ ਟੋਕਰੀਆਂ 'ਤੇ

ਲੜਦੀਆਂ-ਝਗੜਦੀਆਂ ਔਰਤਾਂ ਦਾ ਖ਼ਿਆਲ ਆਇਆ। ਖ਼ਿਆਲ ਆਇਆ ਆਪਣੇ ਜਾਲ ਦਾ ਅਤੇ ਇਹ ਵੀ ਕਿ ਉਹ ਕਿਵੇਂ ਆਪਣੇ ਜਾਲ ਨਾਲ ਪੇਤਲੇ-ਪੇਤਲੇ ਪਾਣੀ 'ਚ ਤੁਰਿਆ ਕਰਦਾ ਸੀ। ਉਸ ਨੂੰ ਉਹਨਾਂ ਕਾਵਾਂ ਦਾ ਧਿਆਨ ਆਇਆ, ਜੋ ਉਸ ਦੇ ਫੜੇ ਕੇਕੜਿਆਂ 'ਤੇ ਝਪੱਟੇ ਮਾਰਦੇ ਸਨ ਅਤੇ ਮੱਛੀਆਂ ਦੀ ਢੂੰਡ ਵਿਚ ਸਾਗਰ ਦੀਆਂ ਲਹਿਰਾਂ 'ਤੇ ਨੀਵੀਆਂ ਹੋ ਕੇ ਚੁੰਜ ਮਾਰਦੀਆਂ ਮੁਰਗ਼ਾਈਆਂ ਦਾ ਖ਼ਿਆਲ ਆਇਆ। ਉਸ ਨੂੰ ਆਪਣੀ ਝੌਂਪੜੀ ਦੇ ਨੇੜੇ ਦੇ ਛੱਪੜ ਕੋਲ ਇੱਕ ਪੱਥਰ 'ਤੇ ਅਹਿਲ-ਅਡੋਲ ਖਲੋਤੇ ਬਗਲੇ ਦਾ ਅਤੇ ਰੁੱਖਾਂ ਤੋਂ ਇੱਕਦਮ ਉਡ ਕੇ ਤੇਜ਼ੀ ਨਾਲ ਆਉਣ ਵਾਲੇ ਕਿਲਕਿਲੇ (ਮੱਛੀਮਾਰ ਪੰਛੀ) ਦੀ ਨੀਲੀ ਜਿਹੀ ਝਲਕ ਦਾ ਖ਼ਿਆਲ ਆਇਆ। ਉਸ ਨੂੰ ਸਮੁੰਦਰ ਵਿਚਲੀ ਪਵਿੱਤਰ ਚੱਟਾਨ 'ਤੇ ਖਿਲਾਰਨ ਲਈ, ਟੋਕਰੀ 'ਚ ਫੁੱਲ ਲਈ, ਰਾਹੇ-ਰਾਹ ਤੁਰੀ ਆਉਂਦੀ ਲੀਲਾ ਦਾ ਚੇਤਾ ਆਇਆ, ਅਤੇ ਪੱਥਰਾਂ ਉਤੇ ਬੈਠੀਆਂ ਤੇ ਘੋਗਿਆਂ ਨੂੰ ਠੋਰ-ਠੋਰ ਵੇਖਦੀਆਂ ਬੇਲਾ ਤੇ ਕਮਲ ਦਾ ਖ਼ਿਆਲ ਆਇਆਂ। ਉਹਨੂੰ ਖ਼ਿਆਲ ਆਇਆ ਕਿ ਉਹਨੇ ਪਿੰਟੋ ਨੂੰ ਭੌਂਕਦਿਆਂ ਸੁਣਿਆ ਹੈ। ਉਹ ਉਹਨਾਂ ਸਾਰਿਆਂ ਲਈ ਕਿੰਨਾ ਸਹਿਕ ਗਿਆ ਸੀ, ਸੱਧਰਾਅ ਗਿਆ ਸੀ। ਅੱਗ ਦੇ ਨੇੜੇ ਪੈਰਾਂ ਭਾਰ ਬੈਠਦਿਆਂ, ਉਸ ਨੇ ਆਪਣਾ ਸਿਰ ਆਪਣੇ ਗੋਡਿਆਂ 'ਤੇ ਟਿਕਾ ਲਿਆ। ਆਪਣੀਆਂ ਅੱਖਾਂ ਬੰਦ ਕਰ ਲਈਆਂ ਅਤੇ ਉਹਨਾਂ ਨੂੰ ਜੋ ਸੁੰਦਰ, ਸੋਹਣੇ ਤੇ ਖ਼ੂਬਸੂਰਤ ਸਨ, ਜੋ ਉਸ ਦੇ ਆਪਣੇ ਸਨ ਮੁੜ ਵੇਖਣ ਲਈ ਜ਼ੋਰ ਲਾਇਆ।

ਜਦੋਂ ਮੌਨਸੂਨ ਆਈ ਤਾਂ ਕੁੜੀਆਂ ਨੇ ਝੌਂਪੜੀ ਦੀ ਪੁਰਾਣੀ ਹੋ ਚੁੱਕੀ, ਖੁੱਸੀ-ਛਿੱਜੀ ਛੱਤ ਨੂੰ ਢੱਕਣ ਲਈ ਨਾਰੀਅਲ ਦੇ ਪੱਤਿਆਂ ਨੂੰ ਆਪੋ ਵਿੱਚ ਜੋੜ ਕੇ ਸੀਤਾ ਅਤੇ ਕੁੱਝ ਹੋਰ ਪੱਤੇ ਵੱਡੇ ਮਾਰੇ ਮਕਾਨ ਦੇ ਬੂਹਿਆਂ-ਬਾਰੀਆਂ ਨੂੰ ਢੱਕਣ ਅਤੇ ਵਰਖਾ ਤੋਂ ਵਾਧੂ ਬਚਾਅ ਲਈ ਸੀਤੇ, ਵਰਖਾ ਜੋ ਸਮੁੰਦਰ 'ਚੋਂ ਆਉਂਦੀ ਸੀ ਅਤੇ ਸਿੱਧੀ ਬੀਚ 'ਤੇ ਅਤੇ ਝੌਂਪੜੀਆਂ 'ਤੇ ਦਿਨ-ਰਾਤ, ਬਿਨਾਂ ਰੁਕੇ ਜਾਂ ਬਿਨਾਂ ਹਲਕੀ ਹੋਏ, ਆਪਣੇ ਜ਼ੋਰਦਾਰ ਛਾਂਟੇ ਮਾਰਦੀ ਸੀ। ਮੌਨਸੂਨ ਦੇ ਵੱਡੇ-ਵੱਡੇ, ਕਾਲੇ-ਸ਼ਾਹ ਬੱਦਲ, ਜਾਪਦਾ ਸੀ ਕਿ ਸਿੱਧੇ ਸਮੁੰਦਰ 'ਚੋਂ ਉਠ ਕੇ ਆਕਾਸ਼ ਵਿਚ ਜਾਂਦੇ ਹਨ ਅਤੇ ਵੱਡੀਆਂ-ਵੱਡੀਆਂ ਵਿਕਰਾਲ ਲਹਿਰਾਂ ਤੇਜ਼ੀ ਨਾਲ ਉਪਰ ਨੂੰ ਉਠਦੀਆਂ-ਉਛਲਦੀਆਂ ਹਨ, ਉਹਨਾਂ ਨੂੰ ਮਿਲਣ, ਉਹਨਾਂ ਨੂੰ ਧਾਅ ਗਲਵੱਕੜੀ ਪਾਉਣ ਲਈ, ਅਤੇ ਧਰਤੀ ਅਤੇ ਅਸਮਾਨ ਵਿੱਚ, ਇੱਕ ਬਹੁਤ ਹੀ ਵੱਡੀ ਵਸੀਹ-ਵਿਸ਼ਾਲ ਚਾਦਰ ਹਰ ਥਾਂ ਲਟਕਦੀ ਪ੍ਰਤੀਤ ਹੁੰਦੀ।

ਮੱਛੀਆਂ ਫੜਨ ਵਾਲੀਆਂ ਬੇੜੀਆਂ, ਘਰਾਂ ਦੇ ਨੇੜੇ ਦੇ ਪਾਣੀ ਦੇ ਪਾੜ ਵਿੱਚ ਵਾਪਸ ਆ ਕੇ ਠਹਿਰ ਗਈਆਂ ਹੋਈਆਂ ਸਨ। ਪਾਣੀ ਦਾ ਉਹ ਪਾੜ ਵੀ ਮੌਨਸੂਨ ਦੀਆਂ ਉਚੀਆਂ ਸਮੁੰਦਰੀ ਛੱਲਾਂ ਨਾਲ, ਚੜ੍ਹਾਅ ਵਿੱਚ ਸੀ, ਜਿਸ ਕਰਕੇ ਬੇੜੀਆਂ ਆਪੋ ਵਿੱਚ ਠਹਿਕਦੀਆਂ-ਟਕਰਾਉਂਦੀਆਂ ਸਨ। ਉਹਨਾਂ ਦੇ ਬਾਦਬਾਨ ਅਤੇ ਝੰਡੇ-ਝੰਡੀਆਂ ਸਭ ਉਤਾਰ ਲਏ ਗਏ ਸਨ ਅਤੇ ਲਾਂਭੇ ਰੱਖ ਦਿੱਤੇ ਗਏ ਸਨ, ਜਿਸ ਕਾਰਨ ਆਕਾਸ਼ ਦੇ ਪਿਛੋਕੜ 'ਚ ਮਸਤੂਲ (ਬਾਦਬਾਨ ਦਾ ਖੰਭਾ) ਨੰਗੇ ਵਿਖਾਈ ਦੇ ਰਹੇ ਸਨ। ਪਿੰਡ ਵਾਸੀ, ਜਿਥੋਂ ਤੱਕ ਸੰਭਵ ਹੋ ਸਕਦਾ ਆਪਣੇ ਘਰਾਂ-ਝੌਂਪੜੀਆਂ ਵਿੱਚ ਹੀ ਰੁਕੇ ਰਹਿੰਦੇ ਅਤੇ ਸਿਰਫ਼ ਉਦੋਂ ਹੀ ਬਾਹਰ ਨਿਕਲਣ ਦਾ ਹੀਆ ਕਰਦੇ, ਜਦੋਂ ਬਹੁਤ ਹੀ ਜ਼ਰੂਰੀ ਹੁੰਦਾ ਅਤੇ ਉਹ ਵੀ ਵੱਡੀਆਂ-ਵੱਡੀਆਂ ਕਾਲੀਆਂ ਛਤਰੀਆ ਲੈ ਕੇ। ਛੱਪੜ, ਡੁੰਮ੍ਹ, ਪਾੜ ਪਾਣੀ ਨਾਲ ਭਰ ਗਏ। ਖੇਤਾਂ ਵਿੱਚ ਵੀ ਜਿਵੇਂ ਹੜ੍ਹ ਆ ਗਿਆ।

ਉਹ ਚਿੱਕੜਾਲੇ ਦਲਦਲੀ ਜਿਹੇ ਬਣ ਗਏ। ਕਾਨੇ-ਸਰਕੜੇ ਥਾਂ-ਥਾਂ 'ਤੇ ਖ਼ੂਬ ਫੈਲ ਗਏ ਅਤੇ ਰਾਤਾਂ ਨੂੰ ਡੱਡੂ ਜ਼ੋਰ-ਜ਼ੋਰ ਦੀ ਟਰੈਂ-ਟਰੈਂ, ਗੁੜੈਂ-ਗੁੜੈਂ ਕਰਦੇ, ਜਿਵੇਂ ਪਾਗਲ ਹੋ ਗਏ ਹੋਣ। ਚੁੱਲ੍ਹਿਆਂ ਵਿੱਚ ਅੱਗ ਠੀਕ ਨਾ ਬਲਦੀ, ਧੂੰਆਂ ਛੱਡਦੀ। ਝੁੱਗੀਆਂ ਸਿੱਲੀਆਂ ਤੇ ਉਦਾਸ ਉਪਰਾਮ। ਛੱਤਾਂ 'ਤੇ ਵਰਖਾ 'ਧੱਪ-ਧੱਪ, ਥੱਪ-ਥੱਪ' ਵਰ੍ਹਦੀ-ਵੱਸਦੀ। ਛੱਤਾਂ ਚੋਂਦੀਆਂ ਅਤੇ ਉਹਨਾਂ ਦੇ ਚੋਣ ਨਾਲ ਮਿੱਟੀ ਦੇ ਕੱਚੇ ਫ਼ਰਸ਼ ਕਿਚ-ਕਿਚ ਕਰਦੇ। ਹਰੇਕ ਚੀਜ਼ ਗਿੱਲੀ, ਸਿੱਲੀ ਤੇ ਚਿਪਚਿਪੀ! ਜਾਪਦਾ ਸੀ ਕਿ ਕਿਸੇ ਵੀ ਸ਼ੈਅ ਦਾ ਕਦੇ, ਮੁੜ ਸੁੱਕਣਾ ਸੰਭਵ ਨਹੀਂ ਹੋ ਸਕੇਗਾ।

ਮਾਛੀ ਵਿਹਲੇ ਬੈਠੇ ਸਨ, ਕਿਉਂਕਿ ਉਹ ਅਜਿਹੇ ਝੱਖੜਾਂ-ਤੂਫ਼ਾਨਾਂ 'ਚ ਸਮੁੰਦਰ 'ਤੇ ਨਹੀਂ ਸਨ ਜਾ ਸਕਦੇ। ਇਸ ਲਈ ਕਿਧਰੇ ਵੀ ਮੱਛੀ ਨਹੀਂ ਸੀ ਮਿਲ ਰਹੀ। ਹੋਰ ਤਾਂ ਹੋਰ ਮਰਦ ਵੀ ਬੈਠੇ ਰੱਸੇ-ਰੱਸੀਆਂ ਵੱਟਣ ਅਤੇ ਨਾਰੀਅਲ ਦੇ ਪੱਤਿਆਂ ਨੂੰ ਸੀਅ ਕੇ ਛੱਤਾਂ ਤਿਆਰ ਕਰਨ ਵਿਚ ਰੁੱਝ ਗਏ ਸਨ, ਜਦਕਿ ਆਮ ਤੌਰ 'ਤੇ ਇਹ ਔਰਤਾਂ 'ਤੇ ਛੱਡ ਦਿੱਤੇ ਜਾਂਦੇ ਸਨ। ਸੰਭਵ ਤੌਰ 'ਤੇ ਉਹ ਸਾਲ ਦੇ ਕਿਸੇ ਵੀ ਹੋਰ ਸਮੇਂ ਨਾਲੋਂ ਵੱਧ ਤਾੜੀ ਪੀਂਦੇ ਸਨ, ਪਰ ਲੀਲਾ ਦੇ ਪਿਤਾ ਨੇ ਤਾੜੀ ਪੀਣੀ ਛੱਡ ਦਿੱਤੀ ਸੀ।

ਉਹ ਹਸਪਤਾਲ ਦੇ ਬਾਹਰ ਬੈਠਾ ਰਹਿੰਦਾ। ਆਉਂਦੀਆਂ ਜਾਂਦੀਆਂ ਨਰਸਾਂ ਅਤੇ ਡਾਕਟਰਾਂ ਨੂੰ ਵੇਖਦਾ ਰਹਿੰਦਾ ਅਤੇ ਇਹ ਪੱਕਾ ਧਿਆਨ ਰੱਖਦਾ ਕਿ ਉਸ ਦੀ ਬੀਵੀ ਨੂੰ ਉਸ ਦੀ ਲੋੜ ਦੀਆਂ ਸਾਰੀਆਂ ਚੀਜ਼ਾਂ ਮਿਲਣ। ਉਹ ਹੱਥ ਵਿੱਚ ਫੜਨ ਵਾਲੀ, ਮਿੱਟੀ ਦੀ ਇੱਕ ਨਿੱਕੀ ਜਿਹੀ ਹੁੱਕੀ ਪੀਂਦਾ ਅਤੇ ਵਰਾਂਡੇ 'ਚ ਕੁੱਬਾ-ਕੋਡਾ ਹੋ ਕੇ ਬੈਠਾ ਰਹਿੰਦਾ, ਅਤੇ ਵਰ੍ਹ ਰਹੇ ਮੀਂਹ ਨੂੰ ਵੇਖਦਾ ਰਹਿੰਦਾ। ਲੀਲਾ ਹਾਲੇ ਵੀ ਹਫ਼ਤੇ 'ਚ ਇੱਕ ਵਾਰੀ ਸਿਦਕ ਨਾਲ ਆਉਂਦੀ, ਉਸ ਲਈ 'ਮੌਨ-ਰੀਪੋਜ਼' ਵਿਖੇ ਕੰਮ ਕਰ ਕੇ ਕਮਾਏ ਪੈਸਿਆਂ ਵਿਚੋਂ, ਕੁੱਝ ਪੈਸੇ ਲੈ ਕੇ ਆਉਂਦੀ। ਇਸ ਲਈ ਉਹ ਤਮਾਕੂ ਤੇ ਚਾਹ ਅਤੇ ਉਸ ਦੇ ਨਾਲ ਖਾਣ ਲਈ ਕੁਝ ਨਾ ਕੁਝ ਖ਼ਰੀਦ ਸਕਦਾ ਸੀ। ਉਸ ਨੂੰ ਏਨਾ ਸੰਜਮੀ-ਸੰਜੀਦਾ ਤੇ ਚੁੱਪ-ਖ਼ਾਮੋਸ਼ ਅਤੇ ਆਪਣੀ ਮਾਂ ਨੂੰ, ਪਿਛਲੇ ਹਫ਼ਤੇ ਨਾਲੋਂ ਕਿਤੇ ਬਿਹਤਰ ਅਤੇ ਟਹਿਕਦੀ ਚਹਿਕਦੀ ਵੇਖਣ ਵਾਸਤੇ ਹਿੰਮਤ ਕਰ ਕੇ ਵਰਖਾ ਵਿੱਚ ਅਤੇ ਗਿੱਲੀ-ਚਿੱਕੜਾਲੀ ਬੱਸ ਵਿਚ ਆਉਣਾ ਸਾਰਥਿਕ ਜਾਪਦਾ ਸੀ। ਇਹ ਫੇਰੀਆਂ, ਇਹ ਮਿਲਣੀਆਂ ਹਮੇਸ਼ਾ ਹੀ ਬਹੁਤ ਖ਼ੁਸ਼ੀਦਾਇਕ ਹੁੰਦੀਆਂ, ਭਾਵੇਂ ਕਿ ਵਿੱਛੜਨ ਵੇਲੇ ਉਹ ਸਾਰੇ ਹੀ ਰੋ ਪੈਂਦੇ।

ਕਈ ਵਾਰੀ ਕੁੜੀਆਂ ਰਸਦ-ਪਾਣੀ ਖ਼ਰੀਦਣ ਲਈ ਇਕੱਠੀਆਂ ਪਿੰਡ ਵਿਚ ਜਾਂਦੀਆਂ। ਉਹਨਾਂ ਨੂੰ ਵਰਖਾ ਦੇ ਮੱਠੀ ਹੋ ਜਾਣ ਤੱਕ ਇੰਤਜ਼ਾਰ ਕਰਨੀ ਪੈਂਦੀ। ਸਾਰਾ ਪਿੰਡ ਬੰਦ-ਬੰਦ ਅਤੇ ਖ਼ਾਲੀ-ਖ਼ਾਲੀ ਵਿਖਾਈ ਦਿੰਦਾ। ਹਰ ਕੋਈ ਘਰ ਅੰਦਰ ਹੀ ਰੁਕਿਆ ਰਹਿੰਦਾ।

ਪਰ ਮਾਛੀ ਮੌਨਸੂਨ ਦੇ ਤਿੰਨ ਮਹੀਨੇ ਅੰਦਰ ਵੜ ਕੇ ਬੈਠੇ ਨਹੀਂ ਸਨ ਰਹਿ ਸਕਦੇ। ਜਿਉਂ-ਜਿਉਂ ਉਹਨਾਂ ਦੇ ਅਨਾਜ ਦੇ ਭੰਡਾਰ ਘਟਣ ਲੱਗਦੇ, ਅਤੇ ਉਹਨਾਂ ਦਾ ਖਾਣ-ਖਾਣ ਪਹਿਲਾਂ ਨਾਲੋਂ ਘੱਟ ਤੇ ਵਿਰਲਾ-ਟਾਵਾਂ ਹੋਣ ਲੱਗ ਪੈਂਦਾ, ਤਾਂ ਉਹਨਾਂ ਦੇ ਟੱਬਰ ਹਿਸੇ-ਹਿਸੇ, ਬੁਝੇ-ਬੁਝੇ ਤੇ ਪਿਚਕੀਆਂ ਗੱਲ੍ਹਾਂ ਵਾਲੇ ਵਿਖਾਈ ਦਿੰਦੇ। ਜਦੋਂ ਵਰਖਾ ਹਲਕੀ ਹੱਲ੍ਹੀ ਹੁੰਦੀ, ਉਹ ਬੀਚ 'ਤੇ ਚਲੇ ਜਾਂਦੇ, ਆਪਣੀਆਂ ਬੇੜੀਆਂ ਵਿੱਚ ਚੜ੍ਹ ਜਾਂਦੇ, ਆਕਾਸ਼ ਨੂੰ ਵੇਖਦੇ ਅਤੇ ਇੱਕ-ਦੂਸਰੇ ਨਾਲ ਮੌਸਮ ਬਾਰੇ ਮਿਣ-ਮਿਣ ਕਰਦੇ।

ਇੱਕ ਦਿਨ ਜਦੋਂ ਵਰਖਾ ਰੁਕੀ ਹੋਈ ਸੀ, ਭਾਰੇ-ਭਾਰੇ ਸਲੇਟੀ ਕਾਲੇ ਬੱਦਲ ਦੂਰ ਦੋਮੇਲ

'ਤੇ ਅਹਿੱਲ-ਅਡੋਲ ਸਨ ਅਤੇ ਵਧੇਰੇ ਨੇੜੇ ਪ੍ਰਤੀਤ ਨਹੀਂ ਸੀ ਹੁੰਦੇ, ਮਾਛੀਆਂ ਦੀ ਇੱਕ ਟੋਲੀ ਆਪਣੀਆਂ ਬੇੜੀਆਂ ਵਿੱਚ ਸਮੁੰਦਰ ਵਿੱਚ ਠਿੱਲ੍ਹ ਪਈ। ਲੀਲਾ ਦਾਣਿਆਂ ਦਾ ਇਕ ਥੈਲਾ ਲਈ ਪਿੰਡ ਦੀ ਦੁਕਾਨ ਤੋਂ ਵਾਪਸ ਪਰਤ ਰਹੀ ਸੀ ਅਤੇ ਉਹਨੇ ਉਹਨਾਂ ਬੇੜੀਆਂ ਨੂੰ, ਸਾਗਰ ਦੀਆਂ ਲਹਿਰਾਂ 'ਤੇ ਜ਼ੋਰ-ਜ਼ੋਰ ਦੀ ਏਧਰ-ਉਧਰ ਉਛਲਦੀਆਂ-ਉਲਰਦੀਆਂ, ਡਾਵਾਂਡੋਲ ਹੁੰਦੀਆਂ, ਹਿਚਕੋਲੇ ਖਾਂਦੀਆਂ ਤੱਕਿਆ। ਉਹਨਾਂ ਦੇ ਬਾਦਬਾਨ ਬੁਰੀ ਤਰ੍ਹਾਂ ਫੜ-ਫੜ ਕਰ ਰਹੇ ਸਨ ਅਤੇ ਉਚੀ-ਉਚੀ ਚਿਰ-ਚਿਰ, ਚੀਂ-ਚੀਂ ਕਰ ਰਹੇ ਸਨ ਅਤੇ ਬੇੜੀਆਂ ਵਿੱਚ ਸਵਾਰ ਬੰਦੇ, ਉਹਨਾਂ ਨੂੰ ਸਥਿਰ ਤੇ ਟਿਕਵੀਆਂ ਰੱਖਣ ਲਈ ਆਪਣੇ-ਆਪ ਨੂੰ ਇਕ ਪਾਸੇ ਤੋਂ ਦੂਸਰੇ ਪਾਸੇ ਨੂੰ ਸੁੱਟ ਰਹੇ ਸਨ। ਬੁੱਢਾ ਬੀਜੂ, ਜਿਸ ਨੇ ਇਸ ਮੌਸਮ ਵਿੱਚ ਆਪਣੀ ਵਧੀਆ ਨਵੀਂ ਬੇੜੀ ਨੂੰ ਖ਼ਤਰੇ ਵਿੱਚ ਪਾਉਣਾ ਮੁਨਾਸਿਬ ਨਹੀਂ ਸੀ ਸਮਝਿਆ, ਖਾੜੀ ਦੇ ਦਹਾਨੇ 'ਤੇ ਖੜਾ ਉਹਨਾਂ ਉਤੇ ਉਚੀ-ਉਚੀ ਚਿੱਲਾ ਰਿਹਾ ਸੀ, "ਮੂਰਖੋ, ਮੁੜ ਆਓ। ਤੁਹਾਡੀਆਂ ਬੇੜੀਆਂ ਇਸ ਮੌਸਮ ਲਈ ਨਹੀਂ ਬਣੀਆਂ।"

"ਮੌਸਮ ਤਾਂ ਵਧੀਆ ਹੈ, ਕੀ ਤੈਨੂੰ ਦਿਖਾਈ ਨਹੀਂ ਦਿੰਦਾ?" ਉਹਨਾਂ ਬੰਦਿਆਂ 'ਚੋਂ ਇੱਕ ਨੇ ਅੱਗੋਂ ਚਿੱਲਾ ਕੇ ਆਖਿਆ। ਅਸੀਂ ਬੁੱਢੀਆਂ ਔਰਤਾਂ ਵਾਂਗ ਕਾਫ਼ੀ ਚਿਰ ਘਰ ਬੈਠ ਲਿਆ ਹੈ।"

"ਤੁਸੀਂ ਡੁੱਬ ਜਾਓਗੇ।" ਬੀਜੂ ਉਹਨਾਂ ਬੰਦਿਆਂ ਦੇ ਪਿੱਛੇ ਗੱਜਿਆ-ਗੜ੍ਹਕਿਆ "ਅਤੇ ਤੁਹਾਡੀਆਂ ਬੇੜੀਆਂ ਤਬਾਹ ਹੋ ਜਾਣਗੀਆਂ।" ਪਰ ਅੱਗੋਂ ਉਹ ਸਿਰਫ਼ ਹੱਸ ਪਏ। ਉਹਨਾਂ ਦੇ ਅੰਦਰ ਮੁੜ ਸਮੁੰਦਰ ਵਿੱਚ ਨਿਕਲਣ ਦੀ ਇੱਛਾ ਸੀ, ਝਰਨਾਟ ਸੀ।

ਲੀਲਾ ਬੇੜੀਆਂ ਨੂੰ ਵੇਖਣ ਲਈ ਨਾ ਰੁਕੀ। ਨਿੱਕੀਆਂ-ਨਿੱਕੀਆਂ ਬੇੜੀਆਂ ਦੇ, ਲਹਿਰਾਂ ਉਤੇ ਉਛਲਣ-ਉਲਰਨ, ਡੋਲਣ-ਡਗਮਗਾਉਣ ਨੇ ਉਸ ਨੂੰ ਡਰਾ ਦਿੱਤਾ ਸੀ ਅਤੇ ਉਹ ਵਿਆਕੁਲ ਹੋ ਉਠੀ ਸੀ। ਉਸਨੂੰ ਘਰ ਪਹੁੰਚਿਆਂ ਅਜੇ ਬਹੁਤ ਸਮਾਂ ਨਹੀਂ ਸੀ ਹੋਇਆ ਕਿ ਉਹਨੂੰ ਇੱਕ ਨਹਿਸ਼ ਜਿਹੀ ਗੜ-ਗੜ ਸੁਣਾਈ ਦਿੱਤੀ। ਸਾਰੀ ਰਾਤ ਬਿਜਲੀ ਕੜਕਦੀ ਰਹੀ ਅਤੇ ਬੱਦਲ ਗੱਜਦੇ ਰਹੇ, ਜਦ ਕਿ ਨਾਰੀਅਲ ਦੇ ਰੁੱਖ ਉਹਨਾਂ ਦੀ ਝੁੱਗੀ 'ਤੇ ਚਿਰਕਦੇ-ਚੀਕਦੇ ਰਹੇ ਅਤੇ ਖ਼ਤਰਨਾਕ ਢੰਗ ਨਾਲ ਝੂਲਦੇ-ਝੂਮਦੇ ਰਹੇ। ਹਵਾ ਅਤੇ ਸਮੁੰਦਰ ਦੀਆਂ ਆਵਾਜ਼ਾਂ ਏਨੀਆਂ ਉਚੀਆਂ ਸਨ ਕਿ ਕੁੜੀਆਂ ਨੇ ਇਹ ਆਖ ਕੇ ਆਪਣੇ-ਆਪ ਨੂੰ ਸੂਤੀ ਕੰਬਲਾਂ ਹੇਠ ਲੁਕੋ ਲਿਆ ਕਿ ਉਹਨਾਂ ਦੇ ਕੰਨ ਦੁਖਣ ਲੱਗ ਪਏ ਹਨ। ਉਹ ਇਹ ਪਰਵਾਨ ਨਹੀਂ ਸਨ ਕਰ ਰਹੀਆਂ ਕਿ ਅਜਿਹਾ ਉਹ ਡਰ ਦੀਆਂ ਮਾਰੀਆਂ ਕਰ ਰਹੀਆਂ ਹਨ।

ਉਸ ਦਿਨ ਵੱਡੇ ਸਵੇਰੇ ਉਸ ਮੌਨਸੂਨ ਦਾ ਸੱਭ ਤੋਂ ਵੱਡਾ ਝੱਖੜ-ਝੁੱਲਿਆ। ਕਦੇ-ਕਦੇ ਤਾਂ ਅਜਿਹਾ ਜਾਪਦਾ ਸੀ ਕਿ ਉਹਨਾਂ ਦੀ ਝੁੱਗੀ ਫੂਸੜੇ-ਫੂਸੜੇ ਹੋ ਜਾਵੇਗੀ। ਲੀਲਾ ਨੂੰ ਖ਼ਦਸ਼ਾ ਸੀ ਕਿ ਨਾਰੀਅਲ ਦੇ ਰੁੱਖਾਂ ਵਿਚੋਂ ਇਕ ਰੁੱਖ ਉਹਨਾਂ ਦੀ ਛੱਤ 'ਤੇ ਡਿੱਗ ਪਏਗਾ। ਪਾੜ ਵਿੱਚ ਪਾਣੀ ਪਲ-ਪਲ ਚੜ੍ਹ ਰਿਹਾ ਸੀ, ਜਿਸ ਨਾਲ ਦਲਦਲ ਇੱਕ ਝੀਲ ਵਿੱਚ ਬਦਲ ਰਹੀ ਸੀ। ਬੇਲਾ ਅਤੇ ਕਮਲ ਉਤਸੁਕਤਾ ਨਾਲ ਆਪੇ ਤੋਂ ਬਾਹਰ ਹੋ ਰਹੀਆਂ ਸਨ, ਪਰ ਲੀਲਾ ਚੁੱਪ, ਹੋਰ ਚੁੱਪ ਹੁੰਦੀ ਜਾ ਰਹੀ ਸੀ- ਉਹਨੇ ਬੇੜੀਆਂ ਨੂੰ ਬਾਹਰ ਸਮੁੰਦਰ 'ਤੇ ਨਿੱਕਲੀਆਂ ਤੱਕਿਆ ਸੀ, ਪਰ ਉਹਨੇ ਉਹਨਾਂ ਨੂੰ ਉਸ ਬਾਰੇ ਨਹੀਂ ਸੀ ਦੱਸਿਆ।

ਤਿੰਨ ਦਿਨ ਬਾਅਦ ਤੂਫ਼ਾਨ ਮੱਠਾ ਹੋਇਆ ਅਤੇ ਹੋਰ ਦੋ ਦਿਨ ਮਗਰੋਂ ਬੱਦਲ ਪਾਟੇ

ਅਤੇ ਉਹਨਾਂ ਦੇ ਵਿਚੋਂ ਦੀ ਨਿੱਕੀ ਪੀਲੀ ਜਿਹੀ ਧੁੱਪ ਛਣ-ਛਣ ਕੇ ਆਈ। ਤਿੰਨੋਂ ਕੁੜੀਆਂ-ਦੌੜੀਆਂ-ਦੌੜੀਆਂ ਬੀਚ 'ਤੇ ਗਈਆਂ, ਇਹ ਵੇਖਣ ਲਈ ਕਿ ਕੀ ਉਹ ਸਮੁੰਦਰ ਵਿਚਲੀਆਂ ਚੱਟਾਨਾਂ ਤੇ ਫੁੱਲ ਅਤੇ ਸੰਧੂਰ ਭੇਟ ਚੜ੍ਹਾਉਣ ਲਈ ਪੁੱਜ ਸਕਣਗੀਆਂ ਜਾਂ ਨਹੀਂ। ਉਹ ਲਹਿਰਾਂ ਵਿੱਚ ਖੜੀਆਂ ਸਨ ਅਤੇ ਜਿਉਂ-ਜਿਉਂ ਉਹ ਗਿੱਲੀਆਂ, ਹੋਰ-ਹੋਰ ਗਿੱਲੀਆਂ ਹੋ ਰਹੀਆਂ ਸਨ, ਉਹ ਕੂਕ ਰਹੀਆਂ ਸਨ, ਜਦੋਂ ਉਹਨਾਂ ਦੀ ਝੁੱਗੀ ਦੀ ਪਿਛਲੀ ਝੁੱਗੀ ਵਾਲੀ ਬੁੱਢੀ ਹੀਰਾ-ਬਾਈ ਪਿੰਡ ਤੋਂ ਵਾਪਸ ਆਉਂਦੀ ਹੋਈ, ਉਹਨਾਂ ਕੋਲ ਆ ਧਮਕੀ ਅਤੇ ਉਹਨਾਂ ਨੂੰ ਮੱਛੀਆਂ ਫੜਨ ਵਾਲੀਆਂ ਬੇੜੀਆਂ ਦੇ ਮਹਾਨ ਨਾਟਕ ਬਾਰੇ ਦੱਸਣ ਲਈ ਰੁਕ ਗਈ। ਨਿੱਕੀਆਂ ਕੁੜੀਆਂ ਤਾਂ ਭੈਅ-ਭੀਤ ਹੋ ਗਈਆਂ ਪਰ ਲੀਲਾ ਤਫ਼ਸੀਲ ਸੁਣਨ ਲਈ ਉਤਸੁਕ ਸੀ।

ਬੇੜੀਆਂ ਨੂੰ ਲਾ-ਪਤਾ ਹੋਇਆਂ ਚਾਰ ਪੰਜ ਦਿਨ ਹੋ ਚੁੱਕੇ ਸਨ। ਜਦੋਂ ਤੂਫ਼ਾਨ ਹਲਕਾ ਹੋਣ ਲੱਗਾ ਤਾਂ ਅਲੀਬਾਗ਼ ਵਿਖੇ ਨੇਵੀ ਅਤੇ ਕੋਸਟ-ਗਾਰਡ ਵਲੋਂ ਸੰਗਠਿਤ ਇੱਕ ਖੋਜ ਟੋਲੀ, ਪਤਾ ਲਾਉਣ ਲਈ ਰਵਾਨਾ ਹੋਈ। ਬੀਜੂ ਨੇ ਉਹਨਾਂ ਦੇ ਨਾਲ ਜਾਣ 'ਤੇ ਜ਼ੋਰ ਦਿੱਤਾ ਅਤੇ ਛੇਤੀ ਹੀ ਉਹ ਉਹਨਾਂ ਦਾ ਸੰਚਾਲਨ ਕਰਨ ਲੱਗਾ। ਇਹ ਬੀਜੂ ਹੀ ਸੀ, ਜਿਸ ਨੇ ਮੱਛੀਆਂ ਫੜਨ ਵਾਲੇ ਬੇੜੇ ਦਾ ਜੋ ਕੁਝ ਬਚਿਆ ਸੀ, ਉਸਦਾ ਪਤਾ ਲਾਇਆ ਸੀ। ਤਿੰਨ ਬੇੜੀਆਂ ਡੁੱਬ ਗਈਆਂ ਸਨ, ਬਾਕੀ ਦੀਆਂ ਟੁੱਟ ਭੱਜ ਗਈਆਂ ਸਨ ਅਤੇ ਚਕਨਾਚੂਰ ਹੋ ਗਈਆਂ ਸਨ। ਤਿੰਨ ਮਾਛੀ ਡੁੱਬ ਗਏ ਸਨ। ਬਾਕੀਆਂ ਨੂੰ ਬਚਾ ਕੇ ਵਾਪਸ ਲੈ ਆਂਦਾ ਗਿਆ ਸੀ। ਉਹ ਭੁੱਖੇ-ਤਿਹਾਏ, ਪਰੇਸ਼ਾਨ ਤੇ ਬਿਮਾਰ ਜਿਹੇ ਸਨ।

ਜਲ-ਸੈਨਾ ਅਤੇ ਸਾਹਿਲੀ-ਗਾਰਦ ਨੇ ਬੀਜੂ ਦੀ ਤਾਰੀਫ਼ ਕੀਤੀ ਸੀ। ਅਤੇ ਉਸ ਦਾ ਸ਼ੁਕਰੀਆ ਅਦਾ ਕੀਤਾ ਸੀ ਪਰ ਮਾਛੀ ਵਿਚਾਰੇ ਏਨੇ ਥੱਕੇ ਹਾਰੇ ਸਨ ਕਿ ਉਹਨਾਂ ਦੇ ਮੂੰਹੋਂ ਇੱਕ ਲਫ਼ਜ਼ ਤੱਕ ਨਹੀਂ ਸੀ ਨਿੱਕਲ ਸਕਿਆ ਅਤੇ ਉਹ ਲੰਙ ਮਾਰਦੇ ਹੋਏ ਆਪਣੇ ਘਰੀਂ ਚਲੇ ਗਏ ਸਨ।

"ਮੈਂ ਉਹਨਾਂ ਨੂੰ ਆਖਿਆ ਸੀ- ਮੈਂ ਉਹਨਾਂ ਨੂੰ ਕਿਹਾ ਸੀ ਕਿ ਨਾ ਜਾਓ-ਨਾ ਜਾਓ। ਡੱਬੀ ਦੀਆਂ ਤੀਲ੍ਹੀਆਂ ਦੀਆਂ ਬਣੀਆਂ ਉਹਨਾਂ ਬੇੜੀਆਂ ਲਈ ਮੌਸਮ ਵਿਸਾਹ ਯੋਗ ਨਹੀਂ ਸੀ।" ਬੀਜੂ ਚੰਘਾੜਿਆ। ਉਹ ਖਾੜੀ ਦੇ ਕੋਲ ਖੜਾ ਸੀ ਅਤੇ ਮਾਛੀਆਂ ਨੂੰ ਲੰਗਰ ਸੁੱਟਦੇ ਅਤੇ ਆਪਣੀਆਂ ਬੇੜੀਆਂ ਨੂੰ ਬੰਨ੍ਹਦੇ ਧਿਆਨ ਨਾਲ ਵੇਖ ਰਿਹਾ ਸੀ। ਇਹ ਉਸ ਲਈ ਇਕ ਮਹਾਨ ਦਿਵਸ ਸੀ, ਇੱਕ ਅਜਿਹਾ ਦਿਵਸ, ਜਿਸ ਦਿਨ ਕਿ ਉਸਦੀ ਆਪਣੀ ਵਧੀਆ ਬੇੜੀ ਦੀ ਕੁਸ਼ਲਤਾ ਸਾਰੇ ਵੇਖਣ ਵਾਲਿਆਂ ਨੂੰ ਸਾਬਤ ਹੋ ਗਈ ਸੀ। ਉਸ ਨੂੰ ਅਫ਼ਸੋਸ ਸਿਰਫ਼ ਇਸ ਗੱਲ ਦਾ ਸੀ ਕਿ ਮੋਟੇ-ਦਿਮਾਗ਼ ਦੇ ਉਹਨਾਂ ਮਾਛੀਆਂ ਨੇ, ਉਸਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। "ਮੰਨ ਜਾਓ, ਇਸ ਨੂੰ ਤੁਹਾਨੂੰ ਮੰਨਣਾ ਹੀ ਪਵੇਗਾ।"

ਉਹ ਗੱਜਿਆ। "ਅਜਿਹੇ ਮੌਸਮ ਲਈ ਤੁਹਾਨੂੰ ਡੀਜ਼ਲ ਇੰਜਣ ਵਾਲੀਆਂ ਬੇੜੀਆਂ ਦਾ ਪ੍ਰਬੰਧ ਕਰਨਾ ਹੋਵੇਗਾ-ਤੁਹਾਡੇ ਬਾਦਬਾਨ ਤਾਂ ਬਸ ਤੁਹਾਨੂੰ ਡੋਬਣ 'ਚ ਹੀ ਮਦਦ ਕਰ ਸਕਦੇ ਹਨ।"

ਮਾਛੀਆਂ ਦੀਆਂ ਬੀਵੀਆਂ 'ਚੋਂ ਕੁਝ ਹਾਲੇ ਵੀ ਰੇਤ ਤੇ ਖੜੀਆਂ ਇਹ ਸਭ ਵੇਖ-ਸੁਣ ਰਹੀਆਂ ਸਨ। ਉਹਨਾਂ ਵਿੱਚੋਂ ਇਕ ਮਿਣ ਮਿਣਾਈ, "ਹਾਂ, ਹਾਂ, ਬੀਜੂ, ਠੀਕ ਐ, ਪਰ ਤੇਰੀ ਬੇੜੀ ਵਰਗੀਆਂ ਬੇੜੀਆਂ ਕੌਣ ਲੈ ਸਕਦੈ?"

ਸਾਡੀਆਂ ਬੇੜੀਆਂ ਮਾੜੀਆਂ ਤੇ ਬੇਕਾਰ ਹੋ ਸਕਦੀਆਂ ਹਨ, ਪਰ ਫਿਰ ਵੀ, ਅਸੀਂ ਰੋਟੀ ਤਾਂ ਖਾਣੀ ਹੋਈ ਜਿਸ ਲਈ ਸਾਡੇ ਮਰਦਾਂ ਦਾ ਮੱਛੀਆਂ ਫੜਨਾ ਜ਼ਰੂਰੀ ਹੈ।"

ਬੀਜੂ ਘੂਰ-ਘੂਰ ਕੇ ਵੇਖਣ ਲੱਗਾ। ਉਸ ਦੀ ਗੱਪ-ਬਾਜ਼ੀ ਤੇ ਸ਼ੇਖ਼ੀ ਵਿੱਚੇ ਹੀ ਬੰਦ ਹੋ ਗਈ। "ਇਕ ਦਿਨ ਹਰੇਕ ਨੂੰ ਮੇਰੀ ਬੇੜੀ ਵਰਗੀਆਂ ਬੇੜੀਆਂ ਬਣਾਉਣੀਆਂ ਪੈਣਗੀਆਂ।" ਉਹਨੇ ਘੁਰ-ਘੁਰ ਕੀਤੀ। "ਚੀਜ਼ਾਂ ਨੂੰ ਬਦਲਨਾ ਪਏਗਾ। ਤਾਂ ਹੀ ਉਹਨਾਂ ਵਿੱਚ ਸੁਧਾਰ ਹੋਵੇਗਾ, ਹਾਂ।" ਜਿਉਂ ਹੀ ਉਹ ਵਾਪਸ ਜਾ ਰਹੇ ਸਨ, ਉਹ ਉਚੀ ਸਾਰੀ ਚਿੱਲਾਇਆ।

"ਸੁਧਾਰ ਕਰੋ! ਬਦਲੋ।" ਅਤੇ ਖਾੜੀ ਦੇ ਚਿੱਕੜਾਲੇ ਕੰਢੇ ਵਲ ਨੂੰ, ਆਕੜ ਕੇ ਤੁਰਦਿਆਂ ਉਹ ਆਪਣੀ ਬੇੜੀ ਨੂੰ ਹਵਾ ਤੇ ਵਰਖਾ 'ਤੇ ਛੱਡ ਕੇ ਜਾਣ ਤੋਂ ਪਹਿਲਾਂ ਜੋ ਫਿਰ ਸ਼ੁਰੂ ਹੋ ਗਈ ਸੀ ਅਤੇ ਲੱਕੜੀ ਦੀ ਛੱਤ 'ਤੇ ਥੱਪ-ਥੱਪ ਪੈਣ ਅਤੇ ਗਿੱਲੀ ਰੇਤ ਵਿੱਚ ਘਰਾਲਾਂ ਤੇ ਨਿੱਕੀਆਂ-ਨਿੱਕੀਆਂ ਕੂਲ੍ਹਾਂ ਬਣ ਕੇ ਵਗਣ ਲੱਗ ਪਈ ਸੀ, ਉਹ ਉਸਨੂੰ ਵੇਖਣ ਗਿਆ।

ਅਚਨਚੇਤੀ ਉਹਨੇ ਹਾਲੇ ਵੀ ਕੰਢੇ ਤੇ ਖਲੋਤੇ ਲੋਕਾਂ ਦੇ ਇਕੱਠ ਵਿੱਚੋਂ ਇਕ ਆਕਾਰ ਨੂੰ ਪਛਾਣਿਆ, ਉਚੀ ਜਿਹੀ ਚਿੱਲਾ ਕੇ ਆਖਿਆ। "ਤੂੰ, ਤੂੰ ਏਥੇ ! ਕੀ ਹੁਣ ਤੂੰ ਵੇਖ ਰਿਹੈਂ ਕਿ ਨਹੀਂ ਮੇਰੇ ਪਾਸ ਕਿੰਨੀ ਵਧੀਆ ਬੇੜੀ ਹੈ।" ਅਤੇ ਉਹ ਖ਼ੂਬ ਖਿੜ ਖਿੜ ਕੇ ਹੱਸਿਆ ਕਿਉਂਕਿ ਜੋ ਆਦਮੀ ਉਥੋਂ ਬਿਨਾਂ ਉਤਰ ਦਿੱਤਿਆਂ ਛੇਤੀ-ਛੇਤੀ ਖਿਸਕਣ ਦੀ ਕੋਸ਼ਿਸ਼ ਕਰ ਰਿਹਾ ਸੀ, ਉਹ ਫ਼ੈਕਟਰੀ ਦੇ ਸਥਾਨ ਦਾ ਚੌਕੀਦਾਰ ਸੀ, ਜਿਸ ਨੇ ਉਸ ਦੀ ਬੇੜੀ ਦਾ ਮਖ਼ੌਲ ਉਡਾਇਆ ਸੀ, ਜਦ ਉਹ ਬਣ ਰਹੀ ਸੀ। ਹੁਣ ਉਹਨੇ ਬਿਹਤਰ ਸਿੱਖਿਆ ਪ੍ਰਾਪਤ ਕਰ ਲਈ ਸੀ।

ਪਿੰਡ ਵਾਸੀ, ਉਹਨਾਂ ਦੀਆਂ ਬੇੜੀਆਂ, ਉਹਨਾਂ ਦੀ ਦਸਤਕਾਰੀ ਏਨੀ ਨਿਕੰਮੀ ਨਹੀਂ ਸੀ, ਜਿੰਨੀ ਕਿ ਉਹਨੇ ਆਖੀ ਸੀ। ਅਲਬੱਤਾ ਉਹ ਇਸ ਨੂੰ ਪਰਵਾਨ ਕਰਨੋਂ ਕਾਣ ਕਰ ਰਿਹਾ ਸੀ। ਅਤੇ ਆਪਣੀ ਕੋਠੜੀ ਦੀ ਪਨਾਹਗਾਹ ਵਲ ਕਾਹਲੀ-ਕਾਹਲੀ ਵਾਪਸ ਪਰਤ ਰਿਹਾ ਸੀ।

"ਹਾਂ!" ਹੀਰਾ ਬਾਈ ਕੁੜੀਆਂ ਨੂੰ ਇਹ ਸਭ ਕੁੱਝ ਦੱਸਦੀ-ਦੱਸਦੀ ਗੁੜ੍ਹਕਦੀ ਰਹੀ। ਉਹ ਦਿਨ ਠੀਕ ਹੀ ਬੀਜੂ ਦਾ ਸਭ ਤੋਂ ਵੱਧ ਗੌਰਵ ਵਾਲਾ ਦਿਨ ਸੀ।"

"ਹਾਂ!" ਲੀਲਾ ਨੇ ਆਖਿਆ। ਪਰ ਬਾਕੀ ਦੇ ਬੰਦਿਆਂ ਅਤੇ ਉਹਨਾਂ ਦੀਆਂ ਬੀਵੀਆਂ ਨੇ, ਕਿਵੇਂ ਅਨੁਭਵ ਕੀਤਾ ਹੋਵੇਗਾ?"

ਹੀਰਾ ਬਾਈ ਨੇ ਆਪਣਾ ਹੱਥ, ਉਪਰ ਅਸਮਾਨ ਵਲ ਨੂੰ ਚੁੱਕਿਆ, "ਇੰਨ ਬਿੰਨ ਜਿਵੇਂ ਉਹ ਹਮੇਸ਼ਾ ਅਨੁਭਵ ਕਰਦੇ ਸਨ, ਮੇਰੀ ਪਿਆਰੀ ਕੁੜੀਓ।" ਉਹਨੇ ਇੱਕ ਹਾਉਕਾ ਲਿਆ। "ਇਹ ਦੇਵਤਿਆਂ 'ਤੇ ਛੱਡ ਦਿਉ-ਅਸੀਂ ਇਹੋ ਕੁੱਝ ਕਰ ਸਕਦੇ ਹਾਂ- ਇਹ ਸਭ ਕੁਝ ਦੇਵਤਿਆਂ ਤੇ ਛੱਡ ਦਿਉ। ਉਹ ਮੁੜੀ ਅਤੇ ਹੌਲੀ-ਹੌਲੀ ਬੀਚ ਤੋਂ ਹੁੰਦੀ ਹੋਈ, ਨਾਰੀਅਲ ਦੇ ਰੁੱਖਾਂ ਦੀ ਪਾਲ ਤੱਕ ਪਹੁੰਚ ਗਈ।

ਉਸ ਰਾਤ ਲੀਲਾ, ਬੇਲਾ ਅਤੇ ਕਮਲ ਆਪਣੀ ਝੁੱਗੀ 'ਚ ਗਿੱਲੀ, ਧੂੰਆਂ ਛੱਡਦੀ ਅੱਗ ਦੇ ਆਲੇ-ਦੁਆਲੇ ਕੁੰਗੜ ਕੇ ਬੈਠੀਆਂ ਸਨ। ਉਹ ਸ਼ੁਕਰਗੁਜ਼ਾਰ ਸਨ ਕਿ ਉਹ ਉਸ ਪੈਸੇ ਦਾ ਸਦਕਾ ਖਾ ਪੀ ਰਹੀਆਂ ਸਨ, ਜੋ 'ਮੌਨ-ਰੀਪੋਜ਼' ਵਿਚ ਰਹਿ ਰਹੇ ਬੰਦੇ ਨੇ, ਉਹਨਾਂ ਨੂੰ ਦਿੱਤਾ ਸੀ, ਜਿਸ ਨੂੰ ਮੌਨਸੂਨ ਵੀ, ਉਥੋਂ ਭਜਾ ਨਹੀਂ ਸੀ ਸਕੀ ਅਤੇ ਜੋ ਹਾਲੇ ਵੀ ਉਥੇ ਠਹਿਰਿਆ

ਹੋਇਆ ਸੀ ਅਤੇ ਜੋ ਵਰਖਾ ਵਿੱਚ ਇੰਜ ਏਧਰ-ਉਧਰ ਘੁੰਮਦਾ-ਫਿਰਦਾ ਸੀ, ਜਿਵੇਂ ਉਸਨੂੰ ਕੋਈ ਪਰਵਾਹ ਹੀ ਨਾ ਹੋਵੇ। ਉਹ ਆਪਣੇ ਪਿਉ ਅਤੇ ਭਰਾ ਦੀ ਗ਼ੈਰ ਮੌਜੂਦਗੀ ਵਿੱਚ, ਉਸ ਦੇ ਮਹਿਜ਼ ਉਥੇ ਮੌਜੂਦ ਹੋਣ ਲਈ ਵੀ ਅਹਿਸਾਨਮੰਦ ਸਨ। ਬਾਹਰ ਤੂਫ਼ਾਨਾਂ ਬਾਰੇ ਸੁਣ ਕੇ ਉਹ ਹਰੀ ਬਾਰੇ ਸੋਚਦੀਆਂ। ਹਰੀ ਕਿਉਂ ਨਹੀਂ ਆਇਆ? ਉਹਨੇ ਉਹਨਾਂ ਨੂੰ ਇੱਕ ਪੋਸਟ ਕਾਰਡ ਭੇਜਿਆ ਸੀ, ਜਿਸ ਵਿਚ ਇਹ ਆਖਿਆ ਸੀ ਕਿ ਉਹ ਬੰਬਈ ਵਿੱਚ ਹੈ, ਠੀਕ-ਠਾਕ, ਪਰ ਉਹ ਮੁੜਿਆ ਕਿਉਂ ਨਹੀਂ? ਉਹ ਚੁੱਪਚਾਪ ਬੈਠੀਆਂ ਸਨ, ਹਨੇਰੇ, ਵਿੱਚ ਡੱਡੂਆਂ ਦੀ ਹਾਲ-ਦੁਹਾਈ ਨੂੰ ਅਤੇ ਨਾਰੀਅਲ ਦੇ ਰੁੱਖਾਂ ਤੋਂ ਵਰਖਾ ਨੂੰ ਤਿਲਕ ਕੇ ਆਪਣੀ ਛੱਤ 'ਤੇ ਪੈਂਦਿਆਂ ਅਤੇ ਫਿਰ ਤ੍ਰਿਪ-ਤ੍ਰਿਪ ਹੇਠਾਂ ਚੋਂਦਿਆਂ ਸੁਣਦੀਆਂ।

ਅਖ਼ੀਰ ਬੇਲਾ ਨੇ ਇੱਕ ਹਾਉਕਾ ਲੈਂਦਿਆਂ ਆਖਿਆ, "ਤੁਹਾਡਾ ਕੀ ਖ਼ਿਆਲ ਹੈ, ਹਰੀ ਕਦ ਆਵੇਗਾ?" ਉਹ ਆਪਣੀ ਉਂਗਲੀ ਨਾਲ ਮਿੱਟੀ ਦੇ ਕੱਚੇ ਫ਼ਰਸ਼ ਤੇ ਲੀਕਾਂ ਵਾਹ ਰਹੀ ਸੀ।

"ਉਹ ਹੁਣ ਨਹੀਂ ਆ ਸਕਦਾ। ਕਿਸ਼ਤੀ ਮੌਨਸੂਨ ਕਰ.. ਬੰਦ ਹੋ ਗਈ ਹੋਵੇਗੀ। ਲੀਲਾ ਨੇ ਸੂਝਵਾਨ ਤੇ ਤੇਜ਼ ਤਿੱਖੀ ਬਣਨ ਦੀ ਕੋਸ਼ਿਸ਼ ਕਰਦਿਆਂ ਆਖਿਆ। "ਸ਼ਾਇਦ ਉਹ ਜਦੋਂ ਮੌਨਸੂਨ ਖ਼ਤਮ ਹੋਵੇਗੀ ਤਾਂ ਆਵੇਗਾ। ਸ਼ਾਇਦ ਉਹ ਦੀਵਾਲੀ 'ਤੇ ਆਵੇਗਾ।

# ਕਾਂਡ ਗਿਆਰਾਂ

"ਤੂੰ ਇਕ ਦਿਨ ਵਾਪਸ ਚਲਿਆ ਜਾਏਂਗਾ, ਮੁੰਡਿਆ, ਫ਼ਿਕਰ ਨਾ ਕਰ।" ਮਿਸਟਰ ਪਾਨਵਾਲਾ ਨੇ ਦਇਆ-ਭਾਵ ਨਾਲ ਆਖਿਆ। "ਤੂੰ ਕੋਈ ਬਹੁਤੀ ਦੂਰ ਨਹੀਂ ਆਇਆ, ਤੂੰ ਵਾਪਸ ਜਾ ਸਕਦਾ ਏਂ।"

"ਕਦੋਂ ?" ਹਰੀ ਨੇ ਬੇਹੱਦ ਉਤਸੁਕ ਹੋ ਕੇ ਪੁੱਛਿਆ। "ਮੈਂ ਹੁਣੇ ਜਾਣਾ ਚਾਹੁੰਦਾ ਹਾਂ।"

"ਮੀਂਹਾਂ ਦੇ ਖ਼ਤਮ ਹੋ ਜਾਣ ਤੱਕ ਉਡੀਕ ਕਰ ਮੁੰਡਿਆ ! ਬਰਸਾਤ ਦੇ ਮੌਸਮ ਵਿੱਚ ਬੇੜੀ ਰੇਵਾਸ ਨਹੀਂ ਜਾਂਦੀ। ਜਦੋਂ ਬਾਰਸ਼ਾਂ ਖ਼ਤਮ ਹੋ ਜਾਣਗੀਆਂ, ਤਾਂ ਤੈਨੂੰ ਕਿਸ਼ਤੀ ਮਿਲ ਜਾਵੇਗੀ ਅਤੇ ਤੂੰ ਵਾਪਸ ਜਾ ਸਕੇਂਗਾ। ਉਦੋਂ ਤੱਕ ਤੇਰੇ ਪਾਸ ਹੋਰ ਵਧੇਰੇ ਪੈਸੇ ਜਮ੍ਹਾ ਹੋ ਜਾਣਗੇ। ਕਿਉਂ, ਠੀਕ ਹੈ ਨਾ? ਅਤੇ ਮੈਂ ਤਕੜਾ ਹੋ ਰਿਹਾ ਹਾਂ। ਅਤੇ ਛੇਤੀ ਹੀ ਦੁਕਾਨ 'ਤੇ ਆਉਣ ਲੱਗ ਜਾਵਾਂਗਾ ਅਤੇ ਘੜੀਆਂ ਦੀ ਮੁਰੰਮਤ ਬਾਰੇ ਮੈਂ ਤੈਨੂੰ ਹੋਰ ਵਧੇਰੇ ਸਿਖਾਵਾਂਗਾ। ਇੱਕ ਵਾਰ ਤੂੰ ਆਪਣੇ-ਆਪ ਘੜੀਆਂ ਠੀਕ ਕਰਨ ਲੱਗ ਪਿਆ ਤਾਂ ਤੂੰ ਗਾਹਕਾਂ ਕੋਲੋਂ ਪੈਸੇ ਉਗਰਾਹ ਸਕੇਂਗਾ। ਉਹ ਪੈਸੇ ਤੇਰੇ ਹੋਣਗੇ, ਮੇਰੇ ਨਹੀਂ। ਕੀ ਇਹ ਗੱਲ ਤੈਨੂੰ ਚੰਗੀ ਲੱਗੀ ਹੈ ਓਏ ਮੁੰਡਿਆ? ਤਦ ਤੂੰ ਵਾਪਸ ਜਾ ਸਕਦਾ ਏਂ ਅਤੇ ਪਿੰਡ ਦੀਆਂ ਘੜੀਆਂ ਮੁਰੰਮਤ ਕਰਨ ਵਾਲੇ ਵਜੋਂ ਆਪਣਾ ਕੰਮ ਸ਼ੁਰੂ ਕਰ ਸਕਦਾ ਏਂ।"

ਹਰੀ ਬਿਰਧ ਘੜੀਸਾਜ਼ ਦੀ ਅਗਿਆਨਤਾ 'ਤੇ ਹੱਸਿਆ। ਭਲਾ ਉਸ ਦੇ ਪਿੰਡ ਵਿੱਚ ਕਿਹੜੀਆਂ ਘੜੀਆਂ ਅਤੇ ਕਿਹੜੇ ਕਲਾਕ ਸਨ? ਉਥੇ ਤਾਂ ਹਰ ਕੋਈ ਧੁੱਪ ਤੋਂ ਹੀ ਵਕਤ ਦੱਸਦਾ ਸੀ। ਹੋ ਸਕਦਾ ਹੈ ਕਿ ਬੁੱਢੇ ਬੀਜੂ ਪਾਸ ਕਲਾਕ ਹੋਵੇ, ਪਰ ਉਹ ਲੂਣੀ ਪੌਣ ਨਾਲ ਜ਼ੰਗਾਲਿਆ ਗਿਆ ਹੋਵੇਗਾ, ਉਹਨੂੰ ਪਤਾ ਸੀ, ਅਤੇ ਉਸ ਦੇ ਟੈਲੀਵੀਜ਼ਨ ਸੈਟ ਵਾਂਗ ਹੀ ਬੇਕਾਰ ਹੋ ਕੇ ਰਹਿ ਗਿਆ ਹੋਵੇਗਾ। ਫਿਰ ਵੀ ਉਸਨੂੰ ਇਸ ਖ਼ਿਆਲ 'ਤੇ ਖ਼ੁਸ਼ੀ ਮਹਿਸੂਸ ਹੋਈ ਅਤੇ ਉਹ ਮਿਸਟਰ ਪਾਨਵਾਲਾ ਦਾ, ਇਹ ਵਿਚਾਰ ਦੇਣ ਵਾਸਤੇ ਮਸ਼ਕੂਰ ਸੀ।

ਇਹ ਮਿਸਟਰ ਪਾਨਵਾਲਾ ਹੀ ਸੀ, ਜਿਸ ਪਾਸ ਉਹ ਉਦੋਂ ਨੱਸਦਾ-ਨੱਸਦਾ ਆਇਆ ਸੀ, ਜਦੋਂ ਉਹ ਘਰ ਜਾਣ ਦੀ ਰੀਝ ਨੂੰ ਹੋਰ ਚਿਰ ਲਈ ਰੋਕ ਨਹੀਂ ਸੀ ਸਕਿਆ। ਉਹਨੇ ਮਿਸਟਰ ਪਾਨਵਾਲਾ ਨੂੰ ਢੂੰਡ ਲਿਆ ਸੀ ਅਤੇ ਉਸਨੂੰ ਲਾਪਤਾ ਹੋਏ, ਮੱਛੀਆਂ ਫੜਨ ਵਾਲੇ ਬੇੜੇ ਬਾਰੇ ਦੱਸਿਆ ਸੀ। ਬਿਰਧ ਘੜੀਸਾਜ਼, ਜਦੋਂ ਦਾ ਬਿਮਾਰ ਹੋਇਆ ਸੀ, ਦੁਕਾਨ 'ਤੇ ਨਹੀਂ ਸੀ ਆਇਆ। ਉਦੋਂ ਤੋਂ ਹੀ ਸ਼ਟਰ ਬੰਦ ਪਿਆ ਸੀ। ਪਰ ਇੱਕ ਦਿਨ, ਇਕ ਗਾਹਕ ਆਪਣੀ ਘੜੀ ਦਾ ਪਤਾ ਕਰਨ ਦੇ ਸਿਲਸਿਲੇ 'ਚ ਆਇਆ ਅਤੇ ਉਹਨੇ ਜੱਗੂ ਪਾਸੋਂ ਪੁੱਛਿਆ ਕਿ ਕੀ ਉਸਨੂੰ ਪਤਾ ਸੀ ਕਿ ਬਿਰਧ ਘੜੀਸਾਜ਼ ਨੂੰ ਅਤੇ ਉਹਨਾਂ ਘੜੀਆਂ ਦਾ ਕੀ ਹੋਇਆ ਸੀ, ਕੀ ਬਣਿਆ ਸੀ, ਜਿਹਨਾਂ ਨੂੰ ਉਹਨੇ ਠੀਕ ਕਰਨਾ ਸੀ। ਹਰੀ ਨੇ ਜੱਗੂ ਨੂੰ, ਉਸ ਬੰਦੇ ਨੂੰ

ਪਾਨਵਾਲਾ ਦਾ ਪਤਾ ਦਿੰਦਿਆਂ ਸੁਣ ਲਿਆ ਸੀ।

"ਕੀ ?" ਉਹਨੇ ਫ਼ਰਸ਼ 'ਤੇ ਇੱਕ ਪੋਚਾ ਸੁੱਟਦਿਆਂ, ਚਿੱਲਾ ਕੇ ਆਖਿਆ। "ਉਹ ਕਿਥੇ ਰਹਿੰਦਾ ਹੈ?" ਉਸਨੂੰ ਇਹ ਖ਼ਿਆਲ ਹੀ ਨਹੀਂ ਸੀ ਆਇਆ ਕਿ ਜੱਗੂ ਨੂੰ ਪਤਾ ਹੋਵੇਗਾ।

ਜੱਗੂ ਨੇ ਪਤਾ ਦੋਹਰਾਇਆ ਅਤੇ ਹਰੀ ਨੇ ਫ਼ੌਰਨ ਹੀ ਘੰਟੇ ਕੁ ਦੀ ਛੁੱਟੀ ਮੰਗੀ, ਤਾਂ ਜੋ ਉਹ ਜਾ ਕੇ ਬਿਰਧ ਘੜੀਸਾਜ਼ ਨੂੰ ਵੇਖ ਸਕੇ। ਉਹਦਾ ਘਰ ਦੁਕਾਨ ਤੋਂ ਬਹੁਤਾ ਦੂਰ ਨਹੀਂ ਸੀ। ਉਹ ਐਨ ਗਰਾਂਟ ਰੋਡ ਸਟੇਸ਼ਨ ਦੇ ਨਾਲ ਲੱਕੜੀ ਦੀਆਂ ਟੁੱਟਣ-ਟੁੱਟਣ ਕਰਦੀਆਂ ਪੌੜੀਆਂ ਚੜ੍ਹ ਗਿਆ। ਗਲੀ ਦੀ ਪੱਧਰ 'ਤੇ ਮਿਠਿਆਈ ਦੀ ਦੁਕਾਨ ਲੰਘ ਕੇ ਪਹਿਲੀ ਮੰਜ਼ਿਲ 'ਤੇ ਪੰਛੀਆਂ ਅਤੇ ਪਸ਼ੂਆਂ ਲਈ ਛੋਟਾ ਜਿਹਾ ਕਲਿਨਿਕ ਲੰਘ ਕੇ, ਫਿਰ ਉਹਨਾਂ ਦਰਵਾਜ਼ਿਆਂ ਨੂੰ ਲੰਘ ਕੇ, ਜਿਹਨਾਂ ਉੱਤੇ ਗੇਂਦੇ ਦੇ ਫੁੱਲਾਂ ਦੇ ਮੁਰਝਾਏ ਹੋਏ ਹਾਰ ਲਟਕ ਰਹੇ ਸਨ ਅਤੇ ਜਿਹਨਾਂ ਦੀਆਂ ਦਹਿਲੀਜ਼ਾਂ 'ਤੇ ਚੌਲਾਂ ਦੇ ਆਟੇ ਨਾਲ ਵੱਖ-ਵੱਖ ਤਰ੍ਹਾਂ ਦੇ ਡਿਜ਼ਾਇਨ ਬਣਾਏ ਹੋਏ ਸਨ, ਉਹ ਸਭ ਤੋਂ ਉਪਰਲੀ ਮੰਜ਼ਿਲ 'ਤੇ ਅੱਪੜ ਗਿਆ, ਜਿਥੇ ਮਿਸਟਰ ਪਾਨਵਾਲਾ ਦਾ ਇੱਕ ਨਿੱਕਾ ਜਿਹਾ ਕਮਰਾ ਅਤੇ ਬਾਲਕੋਨੀ ਸੀ, ਜੋ ਕਿ ਪੁਰਾਣੇ ਪੀਪਿਆਂ ਤੇ ਪੇਟੀਆਂ ਵਿੱਚ ਲੱਗੇ ਪੌਦਿਆਂ ਨਾਲ ਭਰੀ ਹੋਈ ਸੀ।

ਏਥੇ ਉਹ ਬੈਂਤ ਦੀ ਇੱਕ ਟੁੱਟੀ-ਜਿਹੀ ਕੁਰਸੀ 'ਤੇ ਬੈਠਾ ਸੀ ਅਤੇ ਬਹੁਤ ਹੀ ਕਮਜ਼ੋਰ ਤੇ ਬੱਗਾ-ਪੂਣੀ ਜਾਪ ਰਿਹਾ ਸੀ। ਪਰ ਹੁਣ ਉਹ ਠੀਕ ਸੀ ਅਤੇ ਉਸ ਦੀ ਹਾਲਤ ਵਿਚ ਸੁਧਾਰ ਹੋ ਰਿਹਾ ਸੀ। ਸ਼ੁਰੂ-ਸ਼ੁਰੂ ਵਿੱਚ ਉਸ ਨੂੰ ਫ਼ਲੂ ਹੋਇਆ ਸੀ, ਜੋ ਮਗਰੋਂ ਵਿਗੜ ਗਿਆ ਸੀ ਅਤੇ ਸਾਹ-ਨਾਲੀ ਦੀ ਸੋਜ ਵਿੱਚ ਬਦਲ ਗਿਆ ਸੀ। ਉਸ ਦੇ ਗੁਆਂਢੀਆਂ ਨੂੰ ਡਰ ਸੀ ਕਿ ਉਸ ਨੂੰ ਹਸਪਤਾਲ ਲਿਜਾਣਾ ਪਏਗਾ ਪਰ ਉਹ ਏਨਾ ਲਿੱਸਾ ਜਾਪ ਰਿਹਾ ਸੀ ਕਿ ਉਹਨਾਂ ਉਸ ਨੂੰ, ਆਪਣੇ ਬਿਸਤਰ ਵਿੱਚ ਹੀ ਪਏ ਰਹਿਣ ਦੇਣ ਦਾ ਫ਼ੈਸਲਾ ਕੀਤਾ ਅਤੇ ਉਸ ਲਈ ਖਾਣਾ ਅਤੇ ਗਰਮ ਚਾਹ ਕਾੱਫ਼ੀ ਆਦਿ ਲਿਆਉਣ ਦੀਆਂ ਵਾਰੀਆਂ ਮਿਥ ਲਈਆਂ। ਜਿਹੜਾ ਡਾਕਟਰ ਉਹਦੇ ਫ਼ਲੈਟ ਦੇ ਹੇਠਾਂ ਵਾਲੇ ਫ਼ਲੈਟ 'ਚ ਰਹਿੰਦਾ ਸੀ, ਉਸ ਦਾ ਮੁਫ਼ਤ ਇਲਾਜ ਕਰ ਰਿਹਾ ਸੀ। ਉਹ ਪਿਛਲੇ ਪੰਜਾਹ ਸਾਲ ਤੋਂ ਵੱਧ ਸਮੇਂ ਤੋਂ ਗੁਆਂਢੀ ਸਨ। ਮਿਸਟਰ ਪਾਨਵਾਲਾ ਆਪਣੇ ਬਲਾਕ ਵਿੱਚ ਬਹੁਤ ਹਰਮਨਪਿਆਰਾ ਸੀ ਅਤੇ ਲੋਕੀਂ ਉਸ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਜਿਵੇਂ ਕਿ ਹੁਣ ਸਪੱਸ਼ਟ ਹੋਇਆ ਸੀ, ਉਸ ਦੀ ਬਹੁਤ ਕਦਰ ਵੀ ਕਰਦੇ ਸਨ। ਜਦੋਂ ਉਹ ਠੀਕ ਹੋ ਗਿਆ ਤਾਂ ਉਹਨਾਂ ਸਾਰਿਆਂ ਨੂੰ ਭਾਰ-ਮੁਕਤ ਕਰ ਦਿੱਤਾ ਗਿਆ, ਪਰ ਉਹਨਾਂ ਸਭਨਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਹ ਵਰਖਾ ਦੇ ਮੌਸਮ ਦੇ ਖ਼ਤਮ ਹੋਣ ਤੱਕ ਘਰ ਹੀ ਰਹੇਗਾ ਅਤੇ ਆਰਾਮ ਕਰੇਗਾ ਤਾਂ ਜੋ ਉਹ ਕੰਮ 'ਤੇ ਜਾਂਦਿਆਂ ਕਿਧਰੇ ਭਿੱਜ ਨਾ ਜਾਏ ਅਤੇ ਮੁੜ ਬਿਮਾਰ ਨਾ ਪੈ ਜਾਏ। ਜਦੋਂ ਉਹਨੇ ਹਰੀ ਨੂੰ ਅਚਾਨਕ ਉਥੇ ਆਇਆ ਤੱਕਿਆ ਸੀ ਤਾਂ ਉਸਨੂੰ ਬਹੁਤ ਪ੍ਰਸੰਨਤਾ ਹੋਈ ਸੀ। ਉਹ ਚੁੱਪਚਾਪ ਬੈਠਾ ਰਹਿੰਦਾ ਅਤੇ ਲੋਹੇ ਦੀਆਂ ਉਹਨਾਂ ਨਾਲੀਦਾਰ ਚਾਦਰਾਂ ਨੂੰ ਵੇਖਦਾ ਰਹਿੰਦਾ ਸੀ, ਜੋ ਰੇਲਵੇ ਸਟੇਸ਼ਨ ਦੀਆਂ ਛੱਤਾਂ 'ਤੇ ਪਈਆਂ ਹੋਈਆਂ ਸਨ ਅਤੇ ਹਰ ਵਾਰੀ ਗੜ-ਗੜ ਕਰਦੀ ਗੱਡੀ ਦੇ ਆਉਣ ਜਾਂ ਚੀਕਾਂ ਮਾਰਦੀ ਹੋਈ ਗੱਡੀ ਦੇ ਜਾਣ 'ਤੇ, ਸਟੇਸ਼ਨ ਦੀਆਂ ਛੱਤਾਂ 'ਤੇ ਬੈਠਣ ਵਾਲੇ ਅਤੇ ਕਾਲੇ ਸ਼ਾਹ ਧੂੰਏਂ ਦੇ ਘੇਰਿਆਂ ਵਿੱਚ ਝੁੰਡਾਂ ਦੇ ਝੁੰਡ ਬਣ ਕੇ ਉਡ ਜਾਣ ਵਾਲੇ ਕਬੂਤਰਾਂ ਨੂੰ ਨਿਹਾਰਦਾ ਰਹਿੰਦਾ ਸੀ।

ਹਰੀ ਨੇ ਆਪਣੇ-ਆਪ ਨੂੰ ਉਹਦੇ ਪੈਰਾਂ 'ਚ ਇੱਕ ਸਟੂਲ ਉਤੇ ਬੈਠੇ ਪਾਇਆ। ਉਹ ਇਕ ਗਲਾਸ 'ਚੋਂ ਬਹੁਤ ਮਿੱਠੀ ਚਾਹ ਪੀ ਰਿਹਾ ਸੀ, ਜੋ ਟੀਅ-ਸਟਾਲ ਤੋਂ ਇੱਕ ਮੁੰਡਾ ਲਿਆਇਆ ਸੀ, ਜਿਸ ਨੇ ਕਿ ਮਿਸਟਰ ਪਾਨਵਾਲਾ ਦੀ ਬਿਮਾਰੀ ਦੇ ਦੌਰਾਨ ਉਸਨੂੰ ਖਾਣ-ਖੁਆਉਣ ਅਤੇ ਉਸ ਦੀ ਦੇਖਭਾਲ ਕਰਨ ਵਿੱਚ ਮਦਦ ਕੀਤੀ ਸੀ। ਇੱਕ ਤੋਂ ਵੱਧ ਮੁੰਡੇ ਸਨ, ਜੋ ਪਾਨਵਾਲਾ ਵਲੋਂ ਕਿਸੇ ਨਾ ਕਿਸੇ ਸਮੇਂ ਕੀਤੀ ਸਹਾਇਤਾ ਲਈ, ਉਸ ਦੇ ਅਹਿਸਾਨਮੰਦ ਸਨ। ਹਰੀ ਬੈਠਾ ਚਾਹ ਪੀਂਦਾ ਰਿਹਾ ਅਤੇ ਉਸ ਨੂੰ ਥਲ ਬਾਰੇ ਸਭ ਕੁਝ ਦੱਸਦਾ ਰਿਹਾ। ਮਿਸਟਰ



ਪਾਨਵਾਲਾ ਆਪਣਾ ਸਿਰ, ਇੱਕ ਬੁੱਢ ਸਿਆਣੇ ਪੰਛੀ ਵਾਂਗ, ਇੱਕ ਪਾਸੇ ਸੁੱਟੀ, ਧਿਆਨ ਨਾਲ ਸਭ ਕੁਝ ਸੁਣਦਾ ਗਿਆ ਅਤੇ ਇਹ ਸਾਰਾ ਸਮਾਂ, ਉਹ ਨਾਲ-ਨਾਲ ਆਪਣੀ ਸਲੇਟੀ ਰੰਗ ਦੀ ਬਿੱਲੀ ਨੂੰ ਜੋ ਉਸ ਦੀ ਗੋਦ ਵਿੱਚ ਗੁੱਛਾ-ਮੁੱਛਾ ਹੋ ਕੇ ਸੁੱਤੀ ਪਈ ਸੀ, ਥਾਪੜਦਾ ਰਿਹਾ ਅਤੇ ਪਿਆਰਦਾ ਰਿਹਾ।

"ਹਾਂ।" ਉਹਨੇ ਆਪਣਾ ਸਿਰ ਹਿਲਾਇਆ। "ਛੇਤੀ ਹੀ ਨਾਰੀਅਲ ਦਿਵਸ ਆਵੇਗਾ, ਮੌਨਸੂਨ ਦੇ ਮੁੱਕਣ ਦਾ ਤਿਉਹਾਰ, ਜਦੋਂ ਕਿ ਹਰ ਕੋਈ ਸਾਗਰ ਨੂੰ ਨਾਰੀਅਲ ਦੀ ਭੇਂਟ ਚੜ੍ਹਾਉਂਦਾ ਹੈ ਅਤੇ ਕਿਸ਼ਤੀਆਂ ਮੁੜ ਸੁਰੱਖਿਅਤਾ ਨਾਲ ਸਾਗਰ ਵਿੱਚ ਠਿੱਲ੍ਹ ਪੈਂਦੀਆਂ ਹਨ। ਫਿਰ ਤੂੰ ਬੇੜੀ ਫੜ ਕੇ, ਆਪਣੇ ਘਰ ਜਾ ਸਕਦਾ ਏਂ। ਮੁੰਡਿਆ, ਤੈਨੂੰ ਘਰੋਂ ਆਉਣਾ ਹੀ ਨਹੀਂ ਸੀ ਚਾਹੀਦਾ। ਤੈਨੂੰ ਆਪਣੀ ਮਾਂ ਅਤੇ ਭੈਣਾਂ ਨੂੰ ਛੱਡ ਕੇ ਏਥੇ ਨਹੀਂ ਸੀ ਆਉਣਾ ਚਾਹੀਦਾ। ਵੇਖ ਨਾ ਤੂੰ ਏਥੇ ਕਿੰਨਾ ਪਤਲਾ ਤੇ ਲਿੱਸਾ ਹੋ ਗਿਐਂ।"

"ਮੇਰੇ ਲਈ ਉਥੇ ਕਰਨ ਲਈ ਕੁੱਝ ਵੀ ਨਹੀਂ ਸੀ ਰਿਹਾ। ਹਰੀ ਨੇ ਦੱਸਿਆ। "ਮੇਰੇ ਪਿਤਾ ਨੇ, ਸਾਡੀ ਮੱਛੀਆਂ ਫੜਨ ਵਾਲੀ ਬੇੜੀ ਬਹੁਤ ਚਿਰ ਪਹਿਲਾਂ ਵੇਚ ਦਿੱਤੀ ਸੀ। ਉਹਨੇ ਸਾਡੀ ਗਾਂ ਵੀ ਵੇਚ ਦਿੱਤੀ ਸੀ। ਮੇਰੇ ਕੋਲ ਕੋਈ ਕਮ ਨਹੀਂ ਸੀ। ਬਸ ਸਬਜ਼ੀਆਂ ਉਗਾਉਣ ਲਈ, ਜ਼ਮੀਨ ਦਾ ਇੱਕ ਛੋਟਾ ਜਿਹਾ ਟੁੱਕੜਾ ਸੀ, ਬਹੁਤ ਹੀ ਨਿੱਕਾ ਜਿਹਾ। ਅਤੇ ਹੁਣ ਥਲ ਵਿੱਚ, ਇੱਕ ਬਹੁਤ ਵੱਡੀ ਫ਼ੈਕਟਰੀ ਬਣ ਰਹੀ ਹੈ ਅਤੇ ਉਹ ਸਾਡੀ ਸਾਰੀ ਜ਼ਮੀਨ ਲੈ ਲੈਣਗੇ ਅਤੇ ਆਖਿਆ ਜਾਂਦਾ ਹੈ ਕਿ ਨਾ ਹੀ ਮੱਛੀਆਂ ਫੜਨ ਅਤੇ ਨਾ ਹੀ ਖੇਤੀ ਕਰਨ ਦਾ ਕੋਈ ਕੰਮ-ਧੰਦਾ ਰਹਿ ਜਾਵੇਗਾ। ਮੈਨੂੰ ਕੰਮ ਲੱਭਣ ਲਈ, ਬੰਬਈ ਆਉਣਾ ਪਿਆ।

"ਕੰਮ ਤਾਂ ਤੈਨੂੰ ਕਿਧਰੇ ਵੀ ਮਿਲ ਸਕਦੈ।" ਮਿਸਟਰ ਪਾਨਵਾਲਾ ਨੇ ਸਿੱਧਾ ਹੋ ਕੇ ਬੈਠਦਿਆਂ ਅਤੇ ਆਪਣੀਆਂ ਪੰਛੀ ਵਰਗੀਆਂ ਅੱਖਾਂ ਹਰੀ 'ਤੇ ਟਿਕਾਉਂਦਿਆਂ, ਆਪਣੀ ਬਰੀਕ ਜਿਹੀ ਆਵਾਜ਼ ਵਿੱਚ ਆਖਿਆ। "ਜਿੰਨਾ ਚਿਰ ਤੱਕ ਤੁਸੀਂ ਆਪਣੇ ਹੱਥਾਂ ਦੀ ਵਰਤੋਂ ਕਰ ਸਕਦੇ ਹੋ, ਤੁਹਾਨੂੰ ਉਹਨਾਂ ਵਾਸਤੇ ਕੰਮ ਲੱਭ ਸਕਦਾ ਹੈ।" ਉਹਨੇ ਆਪਣੀਆਂ, ਦਸਾਂ ਦੀਆਂ ਦਸ ਪਤਲੀਆਂ ਜਿਹੀਆਂ ਉਂਗਲੀਆਂ ਉਪਰ ਨੂੰ ਚੁੱਕਦਿਆਂ ਅਤੇ ਉਹਨਾਂ ਨੂੰ ਘੁਮਾਉਂਦਿਆਂ ਆਖਿਆ, "ਅਤੇ ਤੁਹਾਨੂੰ ਸਿੱਖਣ ਲਈ ਅਤੇ ਬਦਲਣ ਲਈ ਅਤੇ ਵਿਕਾਸ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ। ਜੇ ਉਹ ਤੁਹਾਡੀ ਜ਼ਮੀਨ ਖੋਹ ਲੈਂਦੇ ਹਨ, ਤਾਂ ਤੁਹਾਨੂੰ ਉਸ ਦੀ ਥਾਂ 'ਤੇ ਉਹਨਾਂ ਦੀ ਫ਼ੈਕਟਰੀ ਵਿੱਚ ਕੰਮ ਕਰਨਾ ਸਿੱਖਣਾ ਪਏਗਾ। ਜੇ ਤੁਸੀਂ ਉਸਨੂੰ ਰੋਕ ਨਹੀਂ ਸਕਦੇ, ਤਾਂ ਤੁਹਾਨੂੰ ਉਸ ਤੋਂ ਲਾਭ ਉਠਾਉਣਾ ਸਿੱਖਣਾ ਚਾਹੀਦਾ ਹੈ-ਡਰੋ ਨਹੀਂ।"

ਸਾਡੇ ਬਜ਼ੁਰਗ ਆਖਦੇ ਹਨ ਕਿ ਸਿਰਫ਼ ਕਾਲਜਾਂ ਤੋਂ ਡਿਗਰੀਆਂ ਪ੍ਰਾਪਤ ਇੰਜੀਨੀਅਰਾਂ ਨੂੰ ਹੀ ਉਥੇ ਕੰਮ ਮਿਲੇਗਾ। ਉਹਨਾਂ ਨੂੰ ਮਾਛੀਆਂ ਜਾਂ ਕਿਸਾਨਾਂ ਦੀ ਲੋੜ ਨਹੀਂ ਹੋਵੇਗੀ। ਸਾਨੂੰ ਕੰਮ ਨਹੀਂ ਮਿਲੇਗਾ।"

"ਹੂੰ....ਉਂ......ਹਾਂ, ਸ਼ਾਇਦ ! ਪਰ ਫ਼ੈਕਟਰੀ ਤੋਂ ਛੁੱਟ ਹੋਰ ਕੰਮ ਹੋਵੇਗਾ। ਮਿਸਟਰ ਪਾਨਵਾਲਾ ਨੇ ਕੁੱਝ ਚਿਰ ਲਈ, ਆਪਣਾ ਬੁੱਲ੍ਹ ਟੁੱਕਦਿਆਂ ਆਖਿਆ।

"ਤੁਹਾਨੂੰ ਇੱਕ ਉਸਾਰੀਕਾਰ ਵਜੋਂ ਜਾਂ ਸੜਕ ਬਣਾਉਣ ਵਾਲੇ ਵਜੋਂ ਕੰਮ ਮਿਲ ਸਕਦਾ ਹੈ, ਜਦੋਂ ਕਿ ਉਹ ਉਸਾਰੀ ਦੇ ਪੜਾਅ 'ਤੇ ਹੋਣ। ਮਗਰੋਂ ਨਵੀਆਂ ਹਾਊਸਿੰਗ ਕਾਲੋਨੀਆਂ ਵਿੱਚ ਰਹਿਣ ਲਈ ਇੰਜੀਨੀਅਰ ਅਤੇ ਮਕੈਨਿਕ ਆ ਜਾਣਗੇ ਅਤੇ ਉਹਨਾਂ ਨੂੰ, ਆਪਣਾ

ਕੰਮ ਕਰਾਉਣ ਲਈ ਲੋਕਾਂ ਦੀ ਲੋੜ ਹੋਵੇਗੀ। ਉਹਨਾਂ ਨੂੰ ਅੰਨ ਦੀ ਵੀ ਲੋੜ ਹੋਵੇਗੀ। ਸਬਜ਼ੀਆਂ, ਫਲਾਂ ਤੇ ਦੁੱਧ ਤੇ ਆਂਡਿਆਂ ਦੀ ਜ਼ਰੂਰਤ ਹੋਵੇਗੀ। ਤੁਹਾਨੂੰ ਪਤਾ ਲੱਗੇਗਾ ਕਿ ਜੋ ਸਬਜ਼ੀਆਂ ਤੁਸੀਂ ਪੈਦਾ ਕਰਦੇ ਹੋ, ਤੁਸੀਂ ਉਹ ਵੇਚ ਸਕਦੇ ਹੋ, ਅਤੇ ਨਾਰੀਅਲ ਵੀ। ਸ਼ਾਇਦ ਤੁਸੀਂ ਇੱਕ ਗਾਂ ਜਾਂ ਚੂਚੇ ਖ਼ਰੀਦਣ ਅਤੇ ਉਹਨਾਂ ਤੋਂ ਰੋਜ਼ੀ ਰੋਟੀ ਕਮਾਉਣ ਦੇ ਯੋਗ ਹੋਵੋ। ਹਾਂ, ਹਾਂ, ਹਾਂ.....ਇਸ ਸੰਬੰਧੀ ਸੋਚੋ। ਹਰੀ, ਕਾਫ਼ੀ ਕੰਮ ਨਿਕਲ ਆਵੇਗਾ। ਉਹ ਆਪਣੇ ਨਾਲ ਘੜੀਆਂ ਅਤੇ ਕਲਾਕ ਵੀ ਤਾਂ ਲੈ ਕੇ ਆਉਣਗੇ, ਤੇਰੇ ਮੁਰੰਮਤ ਕਰਨ ਵਾਸਤੇ..... ।" ਉਹ ਆਪਣੇ ਗੁਲਾਬੀ ਤੇ ਦੰਦ-ਹੀਣ ਮਸੂੜ੍ਹੇ ਵਿਖਾਉਂਦਿਆਂ ਹੱਸਿਆ। "ਇਸ ਲਈ ਅਖ਼ੀਰ ਤੇਰੀ ਘੜੀਆਂ ਮੁਰੰਮਤ ਕਰਨ ਦੀ ਕਾਰੀਗਰੀ ਵਿਅਰਥ ਨਹੀਂ ਜਾਵੇਗੀ। ਸ਼ਾਇਦ ਇੱਕ ਦਿਨ ਤੂੰ ਥਲ ਵਿਚ ਘੜੀਆਂ ਮੁਰੰਮਤ ਕਰਨ ਦੀ ਪਹਿਲੀ ਦੁਕਾਨ ਦਾ ਮਾਲਿਕ ਬਣ ਜਾਵੇਂ.....ਤੇਰਾ ਇਸ ਬਾਰੇ ਕੀ ਕਹਿਣਾ ਹੈ?"

"ਉ.......ਹ......ਹ......ਸ੍ਰੀ ਪਾਨਵਾਲਾ ਜੀ ਤੁਸੀਂ ਦੁਕਾਨ 'ਤੇ ਵਾਪਸ ਕਦੋਂ ਆਵੇਗੇ ਅਤੇ ਮੈਨੂੰ ਹੋਰ ਕਦੋਂ ਸਿਖਾਵੋਗੇ?" ਉਹ ਉਚੀ ਆਵਾਜ਼ ਵਿੱਚ ਚਿੱਲਾਇਆ।

"ਹਾਂ, ਹਾਂ, ਹਾਂ.......!" ਮਿਸਟਰ ਪਾਨਵਾਲਾ ਹੱਸਿਆ। ਉਹ ਆਪਣੀ ਬੁੱਢੀ ਸਲੇਟੀ ਬਿੱਲੀ ਨੂੰ, ਛੇਤੀ-ਛੇਤੀ, ਹਲਕੀਆਂ-ਹਲਕੀਆਂ ਥਪਕੀਆਂ ਨਾਲ ਲਾਡ ਲਿਡਾ ਰਿਹਾ ਸੀ। "ਮੈਂ ਆਵਾਂਗਾ ਅਤੇ ਤੈਨੂੰ ਜ਼ਰੂਰ ਸਿਖਾਵਾਂਗਾ। ਮੇਰੀ ਉਡੀਕ ਕਰੀਂ, ਐਵੇਂ ਏਨੀ ਛੇਤੀ ਨਾ ਭੱਜ ਜਾਈਂ ਮੁੰਡਿਆ।"

"ਮੈਂ ਨਹੀਂ ਜਾਵਾਂਗਾ।" ਹਰੀ ਨੇ ਵਾਅਦਾ ਕੀਤਾ। "ਮੈਂ ਹੋਰ ਸਿੱਖਣਾ ਚਾਹੁੰਦਾ ਹਾਂ।" "ਚੰਗੀ ਗੱਲ ਹੈ!" ਮਿਸਟਰ ਪਾਨਵਾਲਾ ਨੇ ਉਚੀ ਸਾਰੀ ਆਖਿਆ। "ਮੈਂ ਤੇਰੇ ਪਾਸੋਂ ਇਹੀ ਸੁਣਨਾ ਚਾਹੁੰਦਾ ਸਾਂ। ਸਿੱਖੋ, ਸਿੱਖੋ-ਤਾਂ ਜੋ ਤੁਸੀਂ ਤਰੱਕੀ ਕਰ ਸਕੋ ਅਤੇ ਬਦਲ ਸਕੋ। ਚੀਜ਼ਾਂ ਹਰ ਸਮੇਂ ਬਦਲਦੀਆਂ ਰਹਿੰਦੀਆਂ ਹਨ, ਮੁੰਡਿਆ। ਕੁੱਝ ਵੀ ਉਹੋ ਜਿਹਾ ਨਹੀਂ ਰਹਿੰਦਾ। ਜਦੋਂ ਸਾਡੀ ਇਹ ਧਰਤੀ ਪਾਣੀ ਨਾਲ ਢੱਕੀ ਹੋਈ ਸੀ, ਤਾਂ ਸਾਰੇ ਜੀਵ ਪਾਣੀ ਵਿੱਚ ਰਹਿੰਦੇ ਸਨ ਅਤੇ ਤਰਦੇ ਸਨ। ਜਦੋਂ ਪਾਣੀ ਉਤਰ ਗਿਆ ਅਤੇ ਜ਼ਮੀਨ ਵਿਖਾਈ ਦੇਣ ਲੱਗੀ, ਤਾਂ ਸਮੁੰਦਰੀ ਜੀਵ ਰੀਂਗ੍ਹ ਕੇ ਬਾਹਰ ਆ ਗਏ ਅਤੇ ਉਹਨਾਂ ਧਰਤੀ 'ਤੇ ਸਾਹ ਲੈਣਾ ਅਤੇ ਤੁਰਨਾ ਸਿੱਖ ਲਿਆ। ਜਦੋਂ ਖਾਣ ਲਈ ਕਾਫ਼ੀ ਪੇੜ-ਪੌਦੇ ਨਾ ਬਚੇ, ਤਾਂ ਉਹਨਾਂ ਖਾਣ ਲਈ ਸ਼ਿਕਾਰ ਕਰਨਾ ਅਤੇ ਸ਼ਿਕਾਰ ਮਾਰਨਾ ਸਿੱਖ ਲਿਆ। ਇਹ ਨਾ ਸੋਚ ਕਿ ਚੀਜ਼ਾਂ ਉਵੇਂ ਹੀ ਰਹੀਆਂ ਹਨ ! ਨਹੀਂ, ਮੁੰਡਿਆ ਨਹੀਂ ! ਉਹ ਹਾਲੇ ਵੀ ਬਦਲ ਰਹੀਆਂ ਹਨ। ਉਹ ਬਦਲਦੀਆਂ ਰਹਿਣਗੀਆਂ ਅਤੇ ਜੇ ਤੁਸੀਂ ਜੀਵਿਤ ਰਹਿਣਾ ਚਾਹੁੰਦੇ ਹੋ, ਤਾਂ ਤੁਹਾਨੂੰ ਵੀ ਬਦਲਨਾ ਪਏਗਾ। ਪਹੀਆ ਘੁੰਮਦਾ ਰਹਿੰਦਾ ਹੈ, ਘੁੰਮਦਾ ਰਹਿੰਦਾ ਹੈ, ਘੁੰਮਦਾ ਹੀ ਰਹਿੰਦਾ ਹੈ! ਇਹ ਕਦੇ ਰੁਕਦਾ ਨਹੀਂ ਅਤੇ ਅਹਿੱਲ ਖੜਾ ਨਹੀਂ ਹੁੰਦਾ। ਵੇਖੋ, ਬੰਬਈ ਵੀ ਹਮੇਸ਼ਾ ਉਹੋ ਜਿਹਾ ਹੀ ਨਹੀਂ ਰਹਿੰਦਾ। ਪੰਜਾਹ ਸਾਲ ਪਹਿਲਾਂ, ਏਥੇ ਪਹਾੜੀਆਂ ਸਨ, ਬਾਗ਼-ਬਗ਼ੀਚੇ, ਖ਼ੂਬਸੂਰਤ ਮਹਿਲ ਅਤੇ ਬੰਗਲੇ ਸਨ, ਜਿਥੇ ਹੁਣ ਤੁਸੀਂ ਗੰਦੀਆਂ ਬਸਤੀਆਂ, ਦੁਕਾਨਾਂ, ਗੱਡੀਆਂ ਮੋਟਰਾਂ ਦੀ ਆਵਾਜਾਈ ਅਤੇ ਭੀੜਾਂ ਵੇਖਦੇ ਹੋ। ਕਦੇ ਮੈਂ ਇੱਕ ਬੰਗਲੇ ਵਿੱਚ ਰਹਿੰਦਾ ਸਾਂ, ਜਿਸ ਵਿੱਚ ਇਕ ਬਾਗ਼-ਬਗ਼ੀਚਾ ਸੀ, ਗੁਲਾਬ ਸਨ, ਫ਼ੁਹਾਰੇ ਸਨ, ਹੁਣ ਮੈਂ ਇੱਕ ਰੇਲਵੇ ਸਟੇਸ਼ਨ ਦੇ ਬਾਹਰਵਾਰ ਇਸ ਕਬੂਤਰ ਖ਼ਾਨੇ ਵਿੱਚ ਰਹਿੰਦਾ ਹਾਂ।" ਇਹ ਆਖ ਕੇ ਉਹ ਖਿੜ-ਖਿੜਾ ਕੇ ਹੱਸ ਪਿਆ, ਜਿਵੇਂ ਇਹ ਸਭ ਇਕ ਵੱਡਾ ਮਖ਼ੌਲ ਹੋਵੇ। "ਇਸ ਲਈ ਮਾਛੀ ਹਰੀ ਨੂੰ, ਕਿਸਾਨ ਹਰੀ ਨੂੰ, ਹਰੀ ਮੁਰਗ਼ੀ ਪਾਲ ਜਾਂ ਹਰੀ

ਘੜੀਸਾਜ਼ ਬਣਨਾ ਪਵੇਗਾ।"

ਹਰੀ ਮਿਸਟਰ ਪਾਨਵਾਲਾ ਨੂੰ ਏਨਾ ਚਾਅ-ਮੱਤਾ ਅਤੇ ਚੁਸਤ- ਚੁਲਬੁਲਾ ਵੇਖ ਕੇ ਖ਼ੁਸ਼ੀ ਨਾਲ ਖਿੜ ਉਠਿਆ। ਜੇ ਉਹ ਏਨਾ ਠੀਕ ਸੀ ਤਾਂ ਉਹ ਨਿਸ਼ਚੇ ਹੀ, ਛੇਤੀ ਹੀ ਦੁਕਾਨ 'ਤੇ ਵਾਪਸ ਆਵੇਗਾ ਅਤੇ ਹਰੀ ਨੂੰ ਮੁੜ ਸਿਖਾਉਣ ਲੱਗ ਪਏਗਾ। ਹਰੀ ਨੂੰ ਪਤਾ ਸੀ, ਹਾਲੇ ਉਹਦੇ ਸਿੱਖਣ ਵਾਲਾ ਬਹੁਤ ਕੁੱਝ ਸੀ।

"ਤੂੰ ਖ਼ੁਸ਼ ਕਿਸਮਤ ਏਂ।" ਮਿਸਟਰ ਪਾਨਵਾਲਾ ਨੇ, ਮੁੜ ਆਪਣੀ ਕੁਰਸੀ ਵਿੱਚ ਧੱਸਦਿਆਂ, ਹਰੀ ਨਾਲ ਅੱਖ-ਮਟੱਕਾ ਕੀਤਾ, "ਤੂੰ ਅਜੇ ਗਭਰੇਟ ਏਂ। ਤੂੰ ਬਦਲ ਸਕਦਾ ਏਂ ਅਤੇ ਸਿੱਖ ਸਕਦਾ ਏਂ ਅਤੇ ਵਿਕਾਸ ਕਰ ਸਕਦਾ ਏਂ। ਬੁੱਢੇ ਬੰਦੇ ਨਹੀਂ ਕਰ ਸਕਦੇ ਪਰ ਤੂੰ ਕਰ ਸਕਦਾ ਏਂ। ਮੈਨੂੰ ਪਤਾ ਹੈ, ਤੂੰ ਕਰੇਂਗਾ ਵੀ।"

ਅਤੇ ਇਸ ਤਰ੍ਹਾਂ ਪਹੀਆ ਇੱਕ ਵਾਰ ਮੁੜ ਘੁੰਮਿਆ, ਬਸ ਜਿਵੇਂ ਮਿਸਟਰ ਪਾਨਵਾਲਾ ਨੇ ਆਖਿਆ ਸੀ ਕਿ ਇਵੇਂ ਹੋਵੇਗਾ, ਅਤੇ ਚੀਜ਼ਾਂ ਉਵੇਂ ਹੀ ਬਿਹਤਰ ਹੋ ਗਈਆਂ, ਜਿਵੇਂ ਪਹਿਲਾਂ ਉਹ ਖ਼ਰਾਬ ਹੋਈਆਂ ਸਨ। ਵਰਖਾ ਮੱਠੀ ਹੋ ਕੇ ਕਿਣ-ਮਿਣ, ਕਿਣ-ਮਿਣ ਵਿੱਚ ਬਦਲ ਗਈ। ਮਿਸਟਰ ਪਾਨਵਾਲਾ ਆਪਣੀ ਦੁਕਾਨ ਖੋਲ੍ਹਣ ਲਈ ਆ ਗਿਆ। ਉਹ ਪੀਲਾ-ਭੂਕ ਅਤੇ ਲਿੱਸਾ ਜਾਪ ਰਿਹਾ ਸੀ ਪਰ ਉਹ ਮੁੜ ਕੰਮ ਸ਼ੁਰੂ ਕਰਨ ਦੇ ਚਾਅ ਨਾਲ ਭਰਪੂਰ ਸੀ। ਉਸ ਪਾਸ ਏਨਾ ਜ਼ਿਆਦਾ ਕੰਮ ਜਮ੍ਹਾ ਹੋ ਗਿਆ ਸੀ ਕਿ ਹਰੀ ਨੂੰ ਉਸ ਦੀ ਮਦਦ ਵਿੱਚ ਵਧੇਰੇ ਅਤੇ ਭੋਜਨ-ਸ਼ਾਲਾ ਵਿੱਚ ਘੱਟ ਅਤੇ ਹੋਰ-ਹੋਰ ਘੱਟ ਸਮਾਂ ਲਾਉਣਾ ਪਿਆ।

ਜਾਪਦਾ ਸੀ ਕਿ ਜੱਗੂ ਨੂੰ ਇਹ ਗੱਲ ਮਾੜੀ ਨਹੀਂ ਸੀ ਲੱਗੀ, ਹਰੀ ਦੀ ਉਸਦੇ ਘਰ, ਉਸ ਫੇਰੀ ਤੋਂ ਬਾਅਦ ਜੋ ਬਹੁਤ ਮੰਦਭਾਗੀ ਸਿੱਧ ਹੋਈ ਸੀ, ਜਾਪਦਾ ਸੀ ਕਿ ਉਹ ਹਰੀ ਨਾਲ ਬਹੁਤੀ ਗੱਲ ਨਹੀਂ ਸੀ ਕਰਨਾ ਚਾਹੁੰਦਾ ਜਾਂ ਉਸ ਨੂੰ ਬਹੁਤਾ ਵੇਖਣਾ ਨਹੀਂ ਸੀ ਚਾਹੁੰਦਾ। ਸ਼ਾਇਦ ਉਸਨੂੰ ਇਸ ਗੱਲ ਦਾ ਪਛਤਾਵਾ ਸੀ ਕਿ ਹਰੀ ਉਸ ਦੀ ਬੀਵੀ ਅਤੇ ਬੱਚਿਆਂ ਨੂੰ ਮਿਲਿਆ ਸੀ ਅਤੇ ਉਹਨੇ ਇਹ ਵੇਖ ਲਿਆ ਸੀ ਕਿ ਉਹ ਕਿਵੇਂ ਰਹਿੰਦੇ ਹਨ। ਇਸ ਕਾਰਨ ਉਹ ਹਰੀ ਤੋਂ ਨਜ਼ਰ ਚੁਰਾਉਂਦਾ ਸੀ। ਇਸ ਲਈ ਜਦੋਂ ਹਰੀ ਨੇ ਮਿਸਟਰ ਪਾਨਵਾਲਾ ਦੀ ਦੁਕਾਨ 'ਤੇ ਕੁਝ ਘੰਟੇ ਬਿਤਾਉਣ ਦੀ ਇਜਾਜ਼ਤ ਮੰਗੀ ਸੀ ਤਾਂ ਉਹਨੇ ਮਹਿਜ਼ ਸਿਰ ਹਿਲਾ ਦਿੱਤਾ ਸੀ ਜਾਂ ਹੌਲੀ-ਹੌਲੀ ਘੁਰ-ਘੁਰ ਕੀਤੀ ਸੀ।

ਹਰੀ ਪਹਾੜੀ ਉਪਰਲੇ ਫ਼ਲੈਟਾਂ ਦੇ ਉਸ ਉਚੇ ਬਲਾਕ 'ਚ ਉਕਾ ਹੀ ਨਾ ਗਿਆ ਜਿਥੇ ਡੀ ਸਿਲਵਾ ਪਰਿਵਾਰ ਰਹਿੰਦਾ ਸੀ। ਉਹਨੇ ਮਹਿਸੂਸ ਕੀਤਾ ਕਿ ਉਹ ਉਸ ਘਰ ਵਿੱਚ ਪਹੁੰਚਣ ਅਤੇ ਕੰਮ ਮੰਗਣ ਦੀ ਸ਼ਰਮਿੰਦਗੀ ਤੇ ਖ਼ੁਆਰੀ ਬਰਦਾਸ਼ਤ ਨਹੀਂ ਕਰ ਸਕੇਗਾ। ਹੁਣ ਉਹ ਭੈਅ-ਭੀਤ ਅਤੇ ਭੌਂਦਲਿਆ-ਭੁਚਲਾਇਆ ਮੁੰਡਾ ਨਹੀਂ ਸੀ ਰਿਹਾ ਜੋ ਕਿਸੇ ਵੀ ਅਜਿਹੀ ਮੋਰੀ ਵਿੱਚ ਜਾ ਵੜਦਾ, ਜੋ ਉਸ ਨੂੰ ਪਨਾਹ ਅਤੇ ਸੁਰੱਖਿਆ ਲਈ ਮਿਲਦੀ। ਉਹਨੂੰ ਪਤਾ ਸੀ ਕਿ ਹੁਣ ਉਹ ਚੋਣ ਤੇ ਫ਼ੈਸਲੇ ਕਰ ਸਕਦਾ ਹੈ। ਉਹ ਅਸਲ ਵਿੱਚ ਇੱਕ ਅਮੀਰ ਆਦਮੀ ਦੇ ਘਰ ਵਿੱਚ ਇੱਕ ਨੌਕਰ ਵਜੋਂ ਨਹੀਂ ਸੀ ਰਹਿਣਾ ਚਾਹੁੰਦਾ। ਉਹ ਮਹਿਸੂਸ ਕਰਦਾ ਸੀ ਕਿ ਜੇ ਉਹ ਲਿਫ਼ਟਾਂ, ਬੂਹਾ-ਘੰਟੀਆਂ, ਟੈਲੀਫ਼ੋਨਾਂ ਅਤੇ ਕਾਰਾਂ ਵਰਗੀਆਂ ਚੀਜ਼ਾਂ 'ਤੇ ਆਪਣੀ ਅਗਿਆਨਤਾ ਦਰਸਾਏਗਾ ਤਾਂ ਉਹ ਆਪਣੇ-ਆਪ ਨੂੰ ਬੁੱਧੂ ਹੀ ਬਣਾਏਗਾ ਅਤੇ ਇਹ ਤਾਂ ਉਹੀ ਗੱਲ ਹੋਵੇਗੀ ਕਿ ਸ਼ੀਸ਼ੇ ਤੇ ਚੀਨੀ ਦੇ ਭਾਂਡੇ ਟੁੱਟਣ ਅਤੇ ਤੁਹਾਡੀ ਉਂਗਲੀ ਵੀ ਮੈਲੀ

ਨਾ ਹੋਵੇ ਅਤੇ ਲਿਸ਼-ਲਿਸ਼ ਕਰਦੇ ਫ਼ਰਸ਼ 'ਤੇ ਤੁਹਾਡੇ ਪੈਰਾਂ ਦੇ ਨਿਸ਼ਾਨ ਵੀ ਨਾ ਪੈਣ। ਉਹ ਸ਼ਹਿਰੀਆ ਮੁੰਡਾ 'ਤੇ ਸੀ ਨਹੀਂ ਅਤੇ ਉਹ ਸ਼ਹਿਰੀਆ ਬਣਨਾ ਚਾਹੁੰਦਾ ਵੀ ਨਹੀਂ ਸੀ। ਜਦੋਂ ਤੋਂ ਉਹਨੇ, ਰੇਡੀਉ ਤੋਂ ਮੱਛੀਆਂ ਫੜਨ ਵਾਲੀਆਂ ਬੇੜੀਆਂ ਦੇ ਸਮੁੰਦਰ ਵਿਚ ਲਾਪਤਾ ਹੋ ਜਾਣ ਦੀ ਖ਼ਬਰ ਸੁਣੀ ਸੀ, ਉਹ ਬੇਚੈਨ ਹੋ ਉਠਿਆ ਸੀ, ਜਿਵੇਂ ਕਿ ਉਸ ਦੀਆਂ ਆਪਣੀਆਂ ਬੇੜੀਆਂ ਲਾਪਤਾ ਹੋ ਗਈਆਂ ਸਨ, ਜਾਂ ਉਸ ਦਾ ਆਪਣਾ ਪਿਤਾ ਅਤੇ ਉਸ ਦੇ ਆਪਣੇ ਭਰਾ ਲਾਪਤਾ ਹੋ ਗਏ ਸਨ, ਉਦੋਂ ਤੋਂ ਉਸ ਨੂੰ ਪਤਾ ਲੱਗ ਗਿਆ ਸੀ ਕਿ ਉਹ ਥਲ ਦਾ ਸੀ ਅਤੇ ਉਹ ਥਲ ਵਾਪਸ ਚਲਿਆ ਜਾਵੇਗਾ। ਤੁਸੀਂ ਜ਼ਿੰਦਗੀ ਵਿਚ ਕੀ ਕਰਨਾ ਚਾਹੁੰਦੇ ਹੋ, ਇਸ ਗੱਲ ਦੀ ਚੋਣ ਕਰਨ ਦੇ ਸਮਰਥ ਹੋਣਾ ਕਿੰਨੀ ਸ਼ਾਨਦਾਰ ਗੱਲ ਸੀ ਅਤੇ ਉਹ ਜ਼ਰੂਰ ਇਹ ਚੋਣ ਕਰੇਗਾ।

"ਮੈਂ ਬਾਰਸ਼ਾਂ ਖ਼ਤਮ ਹੋਣ ਤੋਂ ਬਾਅਦ ਵਾਪਸ ਚਲਿਆ ਜਾਵਾਂਗਾ।" ਉਹਨੇ ਜੱਗੂ ਨੂੰ ਦੱਸਿਆ। "ਮੈਂ ਸੋਚਿਆ ਤੁਹਾਨੂੰ ਪਹਿਲਾਂ ਦੱਸ ਦਿਆਂ ਤਾਂ ਬਿਹਤਰ ਹੈ। ਸ਼ਾਇਦ ਤੁਸੀਂ ਮੇਰੀ ਥਾਂ 'ਤੇ ਕੋਈ ਹੋਰ ਮੁੰਡਾ ਰੱਖਣਾ ਚਾਹੋ।"

ਜੱਗੂ ਨੇ ਸਿਰਫ਼ ਸਿਰ ਹਿਲਾਇਆ ਅਤੇ ਦੂਰ ਪਰ੍ਹੇ ਵੇਖਣ ਲੱਗਾ। "ਕਦੋਂ?" ਉਹਨੇ ਮਿਣ-ਮਿਣ ਕੀਤੀ।

"ਨਾਰੀਅਲ ਦਿਵਸ ਤੋਂ ਮਗਰੋਂ।" ਹਰੀ ਨੇ ਆਖਿਆ। "ਨਾਰੀਅਲ ਦਿਵਸ ਤੋਂ ਬਾਅਦ, ਕਿਸੇ ਵਕਤ ਵੀ।"

"ਦੀਵਾਲੀ ਤੱਕ ਰੁਕ ਜਾ।" ਜੱਗੂ ਨੇ ਮੇਜ਼ ਦੇ ਉਪਰਲੇ ਗੰਦੇ ਸਿਰੇ ਨੂੰ ਦੇਖਦਿਆਂ ਅਤੇ ਘਬਰਾ ਕੇ ਉਸਨੂੰ ਢੋਲ ਵਾਂਗ ਵਜਾਉਂਦਿਆਂ ਬੁੜ-ਬੁੜ ਕੀਤੀ। ਤਦ ਮੇਰਾ ਭਰਾ ਪਿੰਡੋਂ ਮੇਰੀ ਮਦਦ ਲਈ ਆ ਜਾਵੇਗਾ। ਉਦੋਂ ਤੱਕ ਰੁਕ ਜਾ।"

ਹਰੀ ਇਨਕਾਰ ਕਰਨਾ ਚਾਹੁੰਦਾ ਸੀ। ਉਹਨੇ ਏਨਾ ਚਿਰ ਠਹਿਰਨ ਦੀ ਵਿਉਂਤ ਨਹੀਂ ਸੀ ਬਣਾਈ ਪਰ ਉਹ ਨਾਹ ਨਾ ਕਰ ਸਕਿਆ। ਜੱਗੂ ਉਸ 'ਤੇ ਏਨਾ ਮਿਹਰਬਾਨ ਸੀ। ਉਹਨੇ ਉਸ ਨੂੰ ਖਾਣਾ ਅਤੇ ਠਾਹਰ ਦਿੱਤੀ ਸੀ ਅਤੇ ਉਸ ਦੀ ਜ਼ਿੰਦਗੀ ਬਚਾਈ ਸੀ। ਹੋਰ ਤਾਂ ਹੋਰ ਉਹਨੇ ਉਸਨੂੰ ਆਪਣੇ ਪਰਿਵਾਰ ਦਾ ਇੱਕ ਜੀਅ ਬਣਾਉਣਾ ਚਾਹਿਆ ਸੀ, ਭਾਵੇਂ ਕਿ ਉਸ ਨੂੰ ਬਹੁਤੀ ਸਫਲਤਾ ਨਹੀਂ ਸੀ ਮਿਲੀ। ਉਹ ਇਨਕਾਰ ਨਾ ਕਰ ਸਕਿਆ। ਉਹਨੇ ਚੁੱਪਚਾਪ ਮੇਜ਼ ਉਤੋਂ ਜੂਠੀਆਂ ਪਲੇਟਾਂ ਚੁੱਕੀਆਂ ਅਤੇ ਉਹਨਾਂ ਨੂੰ ਧੋਣ ਲਈ ਲੈ ਗਿਆ।

"ਜੱਗੂ ਮੈਨੂੰ ਦੀਵਾਲੀ ਤੱਕ ਨਹੀਂ ਜਾਣ ਦੇਵੇਗਾ।" ਹਰੀ ਨੇ ਨਿਰਾਸ਼ ਹੋ ਕੇ ਮਿਸਟਰ ਪਾਨਵਾਲਾ ਨੂੰ ਦੱਸਿਆ।

"ਨਹੀਂ, ਏਨਾ ਉਦਾਸ ਨਾ ਹੋ, ਮੁੰਡਿਆ।" ਮਿਸਟਰ ਪਾਨਵਾਲਾ ਨੇ ਉਚੀ ਆਵਾਜ਼ ਵਿੱਚ ਆਖਿਆ। "ਤੈਨੂੰ ਪਤਾ ਵੀ ਨਹੀਂ ਲੱਗੇਗਾ ਕਿ ਦੀਵਾਲੀ ਆ ਜਾਵੇਗੀ। ਤੱਕ ਜ਼ਰਾ, ਅਸਮਾਨ ਵਲ-ਬੱਦਲ ਆਪਣੀਆਂ ਸਫ਼ਾਂ ਲਪੇਟ ਰਹੇ ਹਨ। ਏਨੇ ਸਾਰੇ ਤਿਉਹਾਰ, ਇੱਕ ਤੋਂ ਬਾਅਦ ਇੱਕ! ਮੇਰਾ ਖ਼ਿਆਲ ਹੈ ਕਿ ਇਹ ਚੰਗਾ ਵਿਚਾਰ ਹੈ-ਦੀਵਾਲੀ 'ਤੇ ਘਰ ਜਾਣਾ, ਸਾਲ ਦਾ ਸਭ ਤੋਂ ਚੰਗਾ ਦਿਨ ! ਉਦੋਂ ਤੱਕ ਤੂੰ ਏਥੇ ਰੁਕ ਸਕਦਾ ਏਂ ਅਤੇ ਸਿੱਖ ਸਕਦਾ ਏਂ-ਹਾਲੇ, ਮੇਰੇ ਪਾਸ ਤੈਨੂੰ ਸਿਖਾਉਣ ਲਈ ਬੜਾ ਕੁੱਝ ਹੈ! ਕੱਲ੍ਹ ਮੈਂ ਤੈਨੂੰ ਜੋ ਘੜੀ ਦਿੱਤੀ ਸੀ, ਤੂੰ ਉਸ ਦੀ ਬਹੁਤ ਹੀ ਵਧੀਆ ਮੁਰੰਮਤ ਕੀਤੀ ਹੈ। ਜਦੋਂ ਉਸਦਾ ਮਾਲਕ ਘੜੀ ਲੈਣ ਆਵੇਗਾ, ਮੈ

ਉਸ ਪਾਸੋਂ ਪੈਸੇ ਤੈਨੂੰ ਦੁਆਵਾਂਗਾ। ਪਰ ਸਿੱਖਣ ਵਾਲਾ ਬਹੁਤ ਕੁਝ ਹੈ। ਇਸ ਘੜੀ ਨੂੰ ਵੇਖ, ਜੋ ਜਾਪਾਨ ਤੋਂ ਆਈ ਹੈ, ਇਲੈਕਟਰਾਨਿਕ। ਵੇਖ, ਮੈਨੂੰ ਆਪਣੀ ਬੁੱਢੀ ਵਰੇਸ ਵਿੱਚ, ਇਕ ਨਵੀਂ ਤਰ੍ਹਾਂ ਦੀ ਘੜੀ ਬਾਰੇ ਸਿੱਖਣਾ ਪੈ ਰਿਹਾ ਹੈ। ਤੂੰ ਵੀ ਸਿੱਖ ਸਕਦਾ ਏਂ। ਬੈਠ ਜਾ। ਆਪਣੇ ਹੱਥ ਪੂੰਝ ਲੈ। ਮੈਂ ਹੁਣ ਇਸ ਨੂੰ ਖੋਲ੍ਹ ਰਿਹਾ ਹਾਂ-ਵੇਖ-" ਅਤੇ ਫਿਰ ਉਹਨਾਂ ਦੋਵਾਂ ਨੇ, ਘੜੀ ਦੇ ਅੰਦਰਲੇ ਰਹੱਸਮਈ ਪਾਸਿਆਂ ਨੂੰ ਗਹੁ ਨਾਲ ਵੇਖਿਆ, ਉਸ ਦੇ ਨਿੱਕੇ-ਨਿੱਕੇ, ਸੂਖਮ ਹਿੱਸਿਆਂ-ਪੁਰਜ਼ਿਆਂ ਨੂੰ ਜਾਂਚਿਆ ਪਰਖਿਆ ਜੋ ਏਨੀ ਨਿਪੁੰਨਤਾ ਨਾਲ ਚਲ ਰਹੇ ਸਨ।

ਜਦੋਂ ਉਹ ਕੰਮ ਕਰ ਰਹੇ ਸਨ, ਹਰੀ ਨੇ ਆਖਿਆ, "ਮਿਸਟਰ ਪਾਨਵਾਲਾ ਤੁਸੀਂ ਨਾਰੀਅਲ-ਦਿਵਸ ਅਤੇ ਦੀਵਾਲੀ ਮਨਾਉਂਦੇ ਹੋ ਅਤੇ ਫਿਰ ਵੀ ਤੁਸੀਂ ਹਿੰਦੂ ਨਹੀਂ ਹੋ। ਕੀ ਤੁਸੀਂ ਹਿੰਦੂ ਹੋ? ਮੇਰਾ ਖ਼ਿਆਲ ਸੀ ਕਿ ਤੁਸੀਂ ਪਾਰਸੀ ਹੋ ਅਤੇ ਸਿਰਫ਼ ਪਾਰਸੀ ਤਿਉਹਾਰ ਹੀ ਮਨਾਉਂਦੇ ਹੋ।"

"ਨਹੀਂ......ਨ.....ਹੀਂ......ਨਹੀਂ....ਮੁੰਡਿਆ।" ਮਿਸਟਰ ਪਾਨਵਾਲਾ ਨੇ ਹਾਸੇ ਮਖ਼ੌਲ ਵਿੱਚ ਉਚੀ ਸਾਰੀ ਆਖਿਆ। "ਉਸਦਾ ਕੀ ਮਜ਼ਾ ਆਵੇਗਾ? ਅਤੇ ਫਿਰ ਮੈਂ ਸਾਰੇ ਹਿੰਦੂ ਅਤੇ ਮੁਸਲਿਮ ਤਿਉਹਾਰਾਂ ਦੇ ਮਜ਼ੇ ਤੋਂ ਵੰਚਿਤ ਕਿਉਂ ਰਹਾਂ? ਨਹੀਂ, ਨਹੀਂ......ਮੈਂ ਹਰੇਕ ਚੀਜ਼ ਨੂੰ ਵੰਡਣ, ਹਰੇਕ ਚੀਜ਼ ਦਾ ਆਨੰਦ ਮਾਨਣ ਵਿੱਚ ਵਿਸ਼ਵਾਸ ਰੱਖਦਾ ਹਾਂ। ਇਹੀ ਕਾਰਨ ਹੈ ਕਿ ਮੇਰੀ ਜ਼ਿੰਦਗੀ 'ਚ ਏਨਾ ਹਾਸਾ, ਏਨਾ ਮਜ਼ਾ ਹੈ ! ਮੇਰੇ ਲਈ ਕਿਧਰੇ ਕੋਈ ਨਿਰਾਸ਼ਾ, ਕੋਈ ਮਾਯੂਸੀ ਨਹੀਂ...... ।"

ਉਹ ਹਾਲੇ ਜਾਪਾਨੀ ਘੜੀ 'ਤੇ ਚਾਈਂ-ਚਾਈਂ ਕੰਮ ਕਰ ਹੀ ਰਹੇ ਸਨ, ਜਦੋਂ ਉਸ ਰੌਲੈਕਸ ਘੜੀ ਦਾ ਮਾਲਿਕ, ਉਸਨੂੰ ਲੈਣ ਆ ਗਿਆ, ਜੋ ਹਰੀ ਨੇ ਠੀਕ ਕੀਤੀ ਸੀ ਅਤੇ ਮਿਸਟਰ ਪਾਨਵਾਲਾ ਨੇ ਉਸ ਦੇ ਪੈਸੇ, ਉਹ ਨੂੰ ਨਹੀਂ, ਸਗੋਂ ਹਰੀ ਨੂੰ ਦੇ ਦੇਣ ਲਈ ਆਖਿਆ। ਉਹ ਬੰਦਾ ਕੁਝ ਉਲਝਣ ਜਿਹੀ ਵਿੱਚ ਜਾਪਿਆ, ਪਰ ਉਹਨੇ ਦਸ ਰੁਪਏ ਦਾ ਨੋਟ, ਅਚਾਨਕ, ਮਿਸਟਰ ਪਾਨਵਾਲਾ ਦੇ ਬੇਨਤੀ ਕਰਨ 'ਤੇ ਹਰੀ ਨੂੰ ਦੇ ਦਿੱਤਾ। ਹਰੀ ਖੜਾ-ਖੜਾ ਨੋਟ ਨੂੰ ਵੇਖਦਾ ਰਿਹਾ। ਅਚਾਨਕ ਉਹਨੇ ਅਨੁਭਵ ਕੀਤਾ ਕਿ ਹੁਣ ਉਹ ਬੱਚਾ ਨਹੀਂ ਸੀ ਰਿਹਾ, ਆਦਮੀ ਬਣ ਗਿਆ ਸੀ। ਇਸ ਲਈ ਜਦੋਂ ਮਿਸਟਰ ਪਾਨਵਾਲਾ ਨੇ ਉਚੀ ਸਾਰੀ ਆਖਿਆ, "ਹਲਾ, ਕੀ ਤੂੰ ਖ਼ੁਸ਼ ਨਹੀਂ ਏਂ? ਕੀ ਤੂੰ ਮੁਸਕਰਾਏਂਗਾ ਨਹੀ?" ਪਰ ਉਹ ਮੁਸਕਰਾ ਨਾ ਸਕਿਆ। ਉਹਨੇ ਸਿਰ ਹਿਲਾਇਆ ਅਤੇ ਪੈਸੇ ਬੜੀ ਸਾਵਧਾਨੀ ਨਾਲ ਆਪਣੀ ਜੇਬ ਵਿੱਚ ਰੱਖ ਲਏ।

"ਘਰ ਜਾਣ ਤੋਂ ਪਹਿਲਾਂ, ਮੈਂ ਆਪਣੀਆਂ ਭੈਣਾਂ ਲਈ ਕੁੱਝ ਸੁਗ਼ਾਤਾਂ ਖ਼ਰੀਦਾਂਗਾ।" ਉਹਨੇ ਆਖਿਆ।"ਘੜੀਆਂ ਠੀਕ ਕਰਨ ਦੇ ਸਾਰੇ ਪੈਸੇ ਮੈਂ ਇਸ ਕੰਮ ਲਈ ਬਚਾ ਕੇ ਰੱਖਾਂਗਾ।"

ਆਖ਼ਿਰ 'ਨਾਰੀਅਲ-ਦਿਵਸ' ਆ ਹੀ ਗਿਆ, ਬਾਰਸ਼ਾਂ ਦੇ ਠੀਕ ਤਰ੍ਹਾਂ ਖ਼ਤਮ ਹੋਣ ਤੋਂ ਪਹਿਲਾਂ ਹੀ। ਹੁਣ ਦਿਨ-ਰਾਤ ਮੋਹਲੇਧਾਰ ਮੀਂਹ ਨਹੀਂ ਸੀ ਪੈਂਦਾ, ਜਿਵੇਂ ਕਿ ਮੌਨਸੂਨ ਦੇ ਦੌਰਾਨ ਪੈਂਦਾ ਸੀ। ਕੇਵਲ ਕਦੇ-ਕਦੇ ਕੋਈ ਲੰਘਦਾ ਜਾਂਦਾ ਬੱਦਲ ਕਿਣ-ਮਿਣ, ਕਿਣ-ਮਿਣ ਕਰ ਜਾਂਦਾ ਸੀ। ਹੁਣ ਬੱਦਲ ਵੀ ਸਲੇਟੀ ਰੰਗ ਦੀ ਉੱਨ ਦੇ ਪੁੰਜ-ਸਮੂਹ, ਉੱਨ ਦੇ ਗੋਹੜੇ ਜਿਹੇ ਨਹੀਂ ਸੀ ਰਹੇ, ਜੋ ਸ਼ਹਿਰ ਨੂੰ ਢੱਕੀ ਰੱਖਦੇ ਸਨ, ਸਗੋਂ ਮਲਾਈ ਦੇ ਲੱਛਿਆਂ ਵਾਂਗ ਵੱਖਰੇ-ਵੱਖਰੇ ਹੋ ਗਏ ਸਨ, ਜੋ ਧੁੱਪ ਵਿੱਚ ਅਤੇ ਹਲਕੀ-ਹਲਕੀ ਹਵਾ ਵਿੱਚ ਏਧਰ-ਉਧਰ ਤਰਦੇ ਰਹਿੰਦੇ। ਸਮੁੰਦਰ ਹੁਣ ਬਹੁਤ ਖ਼ਾਮੋਸ਼ ਹੋ ਗਿਆ ਸੀ, ਲਹਿਰਾਂ ਹੁਣ ਛਾਂਉਲੇ ਰਸਤਿਆਂ ਤੱਕ ਉਚੀਆਂ ਨਹੀਂ ਸਨ ਉਠਦੀਆਂ ਅਤੇ ਗਲੀਆਂ-ਬਾਜ਼ਾਰਾਂ ਦੇ ਆਰ-ਪਾਰ ਨਹੀਂ ਸਨ

ਟਕਰਾਉਂਦੀਆਂ, ਬਸ ਸਾਰੇ ਝੱਖੜਾਂ-ਤੂਫ਼ਾਨਾਂ ਤੋਂ ਬਾਅਦ, ਨਿੱਕੇ-ਨਿੱਕੇ ਸਾਹ ਲੈਂਦੀਆਂ ਸਨ, ਚਿੱਕੜਾਲੀਆਂ ਅਤੇ ਥੱਕੀਆਂ-ਹਾਰੀਆਂ ਸਨ। ਸ਼ਹਿਰ ਦੀਆਂ ਇਮਾਰਤਾਂ ਹਾਲੇ ਵੀ ਸਿੱਲੀਆਂ ਤੇ ਕਾਈ-ਲੱਗੀਆਂ ਸਨ, ਪਰ ਹੁਣ ਉਹ ਕਈ-ਕਈ ਫ਼ੁੱਟ ਪਾਣੀ ਵਿੱਚ ਨਹੀਂ ਸਨ ਖਲੋਤੀਆਂ ਅਤੇ ਖ਼ੁਸ਼ਕ ਹੋਣ ਲੱਗ ਪਈਆਂ ਸਨ, ਸੁੱਕਣੀਆਂ ਸ਼ੁਰੂ ਹੋ ਗਈਆਂ ਸਨ।

ਨਾਰੀਅਲ ਦਿਵਸ 'ਤੇ ਸਵੇਰੇ ਕਿਣ-ਮਿਣ, ਕਿਣ-ਮਿਣ ਹੋਈ ਸੀ ਪਰ ਇਹ ਉਹ ਸਮਾਂ ਸੀ, ਜਦੋਂ ਲੋਕ ਹਾਲੇ ਘਰਾਂ ਦੇ ਅੰਦਰ ਹੀ ਸਨ ਅਤੇ ਅਗਰਬੱਤੀਆਂ ਨਾਲ, ਗੇਂਦੇ ਦੇ ਫੁੱਲਾਂ ਨਾਲ ਅਤੇ ਮਿਠਿਆਈਆਂ ਦੇ ਥਾਲਾਂ ਨਾਲ, ਜੋ ਗਣੇਸ਼ ਜੀ ਮਹਾਰਾਜ, ਹਾਥੀ ਦੇ ਸਿਰ ਵਾਲੇ ਦੇਵਤੇ ਦੇ ਅੱਗੇ ਰੱਖੇ ਹੋਏ ਸਨ, ਪੂਜਾ ਕਰ ਰਹੇ ਸਨ, ਗਣੇਸ਼ ਦੇਵਤਾ, ਜੋ ਬੰਬਈ ਦਾ ਵਲੀ ਦੇਵਤਾ, ਸਰਪ੍ਰਸਤ ਦੇਵਤਾ ਸੀ। ਜਦੋਂ ਲੌਢੇ ਵੇਲੇ ਲੋਕ ਵਹੀਰਾਂ ਦੀਆਂ ਵਹੀਰਾਂ ਗਲੀਆਂ-ਬਾਜ਼ਾਰਾਂ ਵਿੱਚ, ਸਮੁੰਦਰ ਵਿੱਚ ਸੁੱਟਣ ਲਈ ਨਾਰੀਅਲ ਲੈ ਕੇ ਨਿਕਲ ਤੁਰੇ, ਤਾਂ ਸੂਰਜ ਚਮਕਣ ਲੱਗ ਪਿਆ ਸੀ ਅਤੇ ਉਹਨੇ ਹੁਲੀਆ-ਵਿਗੜੇ, ਅਣਸੰਵਰੇ ਅਸਤ-ਵਿਅਸਤ ਸ਼ਹਿਰ ਉਤੇ ਇੱਕ ਸੋਨ-ਸੁਨਹਿਰੀ ਚਮਕ ਦੀ ਝਾਲ ਫੇਰ ਦਿੱਤੀ ਸੀ।

ਹਰੀ ਅਤੇ ਮਿਸਟਰ ਪਾਨਵਾਲਾ ਉਹਨਾਂ ਲੱਖਾਂ-ਹਜ਼ਾਰਾਂ ਲੋਕਾਂ ਵਿੱਚੋਂ ਸਨ, ਜੋ ਲਹਿਰਾਂ ਦੀਆਂ ਲਹਿਰਾਂ ਬਣੇ ਚੌਪਾਟੀ 'ਤੇ ਇਕੱਠੇ ਹੋਏ ਹੋਏ ਸਨ, ਉਹ ਬੀਚ, ਜਿਸਨੂੰ ਹਰੀ ਨੇ ਮੇਲੇ ਦਾ ਮੈਦਾਨ ਸਮਝਿਆ ਸੀ, ਜਦੋਂ ਉਹਨੇ ਬੰਬਈ ਵਿੱਚ ਆਪਣੇ ਪਹਿਲੇ ਦਿਨ ਇਸ ਨੂੰ ਵੇਖਿਆ ਸੀ। ਅੱਜ ਉਹ ਸਚਮੁੱਚ ਹੀ ਮੇਲੇ ਦਾ ਮੈਦਾਨ ਸੀ। ਪੁਲਿਸ ਆਵਾਜਾਈ ਨੂੰ ਨਿਯੰਤਰਿਤ ਕਰ ਰਹੀ ਸੀ, ਜਲੂਸ ਲਈ ਰਾਹ ਬਣਾ ਰਹੀ ਸੀ ਤਾਂ ਜੋ ਉਹ ਮੈਰੀਨ ਡਰਾਈਵ ਨੂੰ ਪਾਰ ਕਰ ਕੇ ਬੀਚ 'ਤੇ ਪੁੱਜ ਜਾਏ-ਇਹ ਗੱਲ ਹਰੀ ਨੂੰ, ਬੰਬਈ ਵਿੱਚ, ਉਸ ਦੇ ਪਹਿਲੇ ਦਿਨ ਦਾ ਮੁੜ ਚੇਤਾ ਕਰਾ ਰਹੀ ਸੀ। ਰੇਤ ਦਾ ਇੱਕੋ-ਇੱਕ ਇੰਚ ਢੱਕਿਆ ਗਿਆ ਸੀ। ਉਥੇ ਹਮੇਸ਼ਾ ਨਾਲੋਂ ਕਿਤੇ ਜ਼ਿਆਦਾ ਛਾਬੜੀਆਂ ਵਾਲੇ ਅਤੇ ਸਟਾਲਾਂ ਵਾਲੇ ਸਨ, ਚਾਵਾਂ-ਮੱਤੇ ਬੱਚਿਆਂ ਨੂੰ ਖਾਣ ਦੀਆਂ ਗਰਮ ਗਰਮ ਨਮਕੀਨ ਚੀਜ਼ਾਂ, ਆਈਸ ਕਰੀਮਾਂ, ਰੰਗਦਾਰ ਪੀਣ-ਪਦਾਰਥ, ਗ਼ੁਬਾਰੇ, ਟੀਨ ਦੀਆਂ ਸੀਟੀਆਂ ਅਤੇ ਕਾਗ਼ਜ਼ ਦੇ ਧੂਤੂ ਆਦਿ ਵੇਚਦੇ ਹੋਏ ਅਤੇ ਹਰੇ ਨਾਰੀਅਲ ਵੀ। ਹਰੇਕ ਜਣੇ ਨੇ, ਇੱਕ-ਇੱਕ ਨਾਰੀਅਲ ਖ਼ਰੀਦਿਆ, ਸਮੁੰਦਰ ਵਿੱਚ ਭੇਂਟ ਵਜੋਂ ਲਿਜਾਣ ਵਾਸਤੇ, ਝੱਖੜਾਂ-ਤੂਫ਼ਾਨਾਂ ਦੇ ਮੌਸਮ ਦੇ ਖ਼ਤਮ ਹੋ ਜਾਣ 'ਤੇ, ਸ਼ੁਕਰਾਨੇ 'ਚ ਦੇਣ ਲਈ, ਉਸ ਮੌਸਮ ਦੇ ਸਹੀ ਸਲਾਮਤ ਮੁੱਕ ਜਾਣ 'ਤੇ।

ਮਿਸਟਰ ਪਾਨਵਾਲਾ ਆਪਣੀ ਲੰਮੀ ਬਿਮਾਰੀ ਦੇ ਕਾਰਨ, ਭਾਵੇਂ ਹਾਲੇ ਵੀ ਪੀਲਾ-ਭੂਕ ਸੀ, ਭਾਵੇਂ ਉਸ ਦਾ ਲੱਕ ਝੁਕ ਗਿਆ ਸੀ ਪਰ ਉਹ ਫਿਰ ਵੀ ਬਹੁਤ ਖ਼ੁਸ਼-ਖ਼ੁਸ਼ ਸੀ ਅਤੇ ਲੱਗਭਗ ਤਕੜਾ ਤੰਦਰੁਸਤ ਹੋ ਗਿਆ ਸੀ। ਉਹਨੇ ਹਰੀ ਨੂੰ ਵੀ ਇੱਕ ਨਾਰੀਅਲ ਖ਼ਰੀਦ ਕੇ ਦਿੱਤਾ। "ਤੂੰ ਆਪਣੇ ਪੈਸੇ ਪਰਿਵਾਰ ਲਈ ਤੋਹਫ਼ਿਆ ਵਾਸਤੇ ਰੱਖ।"

ਉਹਨੇ ਆਖਿਆ, ਜਦੋਂ ਹਰੀ ਨੇ ਨਾਰੀਅਲ ਦੇ ਪੈਸੇ ਦੇਣ ਦੀ ਕੋਸ਼ਿਸ਼ ਕੀਤੀ ਅਤੇ ਉਹ ਭੀੜ ਵਿੱਚ ਧੱਕੇ-ਧੋੜੇ ਮਾਰ ਕੇ, ਆਪਣਾ ਰਾਹ ਬਣਾਉਂਦੇ ਹੋਏ ਸਾਗਰ ਦੇ ਕੰਢੇ ਤੱਕ ਪਹੁੰਚ ਗਏ। ਕੁੱਝ ਆਦਮੀ ਸਨ ਜੋ ਜ਼ੋਰ-ਜ਼ੋਰ ਨਾਲ ਢੋਲ ਵਜਾ ਰਹੇ ਸਨ। ਇਹ ਢੋਲ ਉਹਨਾਂ ਦੇ ਗਲਾਂ ਵਿੱਚ ਪਏ ਪਟਿਆਂ ਨਾਲ ਲਟਕ ਰਹੇ ਸਨ ਅਤੇ ਹੋਰ ਬਹੁਤ ਸਾਰੇ ਲੋਕ ਸਨ, ਜੋ ਉਹਨਾਂ ਦੇ ਪਿੱਛੇ-ਪਿੱਛੇ ਅਤੇ ਉਹਨਾਂ ਦੇ ਅੱਗੇ-ਅੱਗੇ ਨੱਚ ਰਹੇ ਸਨ, ਆਪਣੀਆਂ ਕੂਹਣੀਆਂ

ਬਾਹਰ ਕੱਢ ਕੇ, ਆਪਣੇ ਗੋਡੇ ਝੁਕਾ ਕੇ, ਟੇਕ ਕੇ ਅਤੇ ਹੱਸਦੇ-ਖੇਡਦੇ, ਨੱਚਦੇ-ਟੱਪਦੇ ਅੱਗੇ ਵੱਧਦੇ ਹੋਏ, ਉਹ ਉਚੀ-ਉਚੀ ਚਿੱਲਾ ਰਹੇ ਸਨ, ਕਿਲਕਾਰੀਆਂ ਮਾਰ ਰਹੇ ਸਨ। ਇਸਤਰੀਆਂ ਆਪਣੀਆਂ ਸਭ ਤੋਂ ਲਿਸ਼ਕਦੀਆਂ, ਝੰਮ-ਝੰਮ ਕਰਦੀਆਂ, ਨਵੀਆਂ-ਨਕੋਰ ਸਾੜ੍ਹੀਆਂ ਗੁਲਾਬੀ-ਪੀਲੀਆਂ, ਵੈਂਗਣੀ-ਸੰਤਰੀ ਆਦਿ ਵਿੱਚ ਸਨ- ਅਤੇ ਉਹਨਾਂ ਸਭਨਾ ਨੇ, ਆਪਣੇ ਵਾਲਾਂ ਵਿੱਚ ਫੁੱਲ ਟੁੰਗੇ ਹੋਏ ਸਨ। ਉਹਨਾਂ ਵਿੱਚੋਂ ਕੁੱਝ ਲਾਲ-ਗੁਲਾਲ ਹਵਾ ਵਿੱਚ ਸੁੱਟ ਰਹੀਆਂ ਸਨ ਅਤੇ ਉਹ ਉਹਨਾਂ ਦੇ ਸਿਰਾਂ 'ਤੇ ਅਤੇ ਮੋਢਿਆਂ 'ਤੇ ਪੈ ਰਿਹਾ ਸੀ ਅਤੇ ਤੀਜੇ ਪਹਿਰ ਦੀ ਧੁੱਪ ਵਿੱਚ ਲਿਸ਼ਕਾਂ ਮਾਰ ਰਿਹਾ ਸੀ।

ਫਿਰ ਉਹ ਗਿੱਲੀ, ਪੱਧਰੀ ਇਕਸਾਰ ਰੇਤ ਉਤੇ ਚਲੇ ਗਏ, ਕਿਉਂਕਿ ਸਾਗਰ ਦੀ ਛੱਲ ਦੂਰ ਪਰ੍ਹੇ, ਬਹੁਤ ਦੂਰ ਸੀ। ਗਿੱਲੀ ਰੇਤ ਲਿਸ਼-ਲਿਸ਼ ਕਰ ਰਹੀ ਸੀ ਅਤੇ ਵੱਡੇ-ਵੱਡੇ ਗੁਲਾਬੀ ਬੱਦਲਾਂ ਨੂੰ ਪ੍ਰਤਿਬਿੰਬਤ ਕਰ ਰਹੀ ਸੀ, ਜਿਹੜੇ ਕਿ ਸੋਨ-ਸੁਨਹਿਰੀ ਆਕਾਸ਼ ਵਿੱਚ ਏਧਰ-ਉਧਰ ਤਰ ਰਹੇ ਸਨ। ਬੱਚੇ ਨੰਗੇ ਪੈਰੀਂ ਰੇਤ ਉਤੇ ਦੌੜਦੇ-ਦੌੜਦੇ ਦੂਰ ਸਮੁੰਦਰ ਤੱਕ ਜਾ ਰਹੇ ਸਨ, ਜਿੱਥੇ ਮਾਛੀ ਬੇੜੀਆਂ ਵਿੱਚ ਬੈਠੇ, ਉਹਨਾਂ ਲੋਕਾਂ ਦੀ ਉਡੀਕ ਕਰ ਰਹੇ ਸਨ, ਜੋ ਸਮੁੰਦਰ ਦੇ ਅੰਦਰ ਜਾਣਾ ਚਾਹੁੰਦੇ ਸਨ ਅਤੇ ਆਪਣੇ ਨਾਰੀਅਲ ਡੂੰਘੇ ਸਾਗਰ ਵਿੱਚ ਜਲ-ਪ੍ਰਵਾਹ ਕਰਨਾ ਲੋਚਦੇ ਸਨ। ਦੂਸਰੇ ਲੋਕ ਆਪਣੇ ਨਾਰੀਅਲ ਉਂਜ ਹੀ ਪਾਣੀ ਵਿੱਚ ਸੁੱਟ ਰਹੇ ਸਨ ਜਾਂ ਫਿਰ ਸੰਭਲ-ਸੰਭਲ ਕੇ ਪੈਰ ਧਰਦੇ, ਉਹਨਾਂ ਨੂੰ ਪਾਣੀ ਵਿੱਚ ਠੇਲ੍ਹਣ-ਤਰਾਉਣ ਲਈ, ਪਾਣੀ ਦੀ ਛੱਲ ਤੱਕ ਪਹੁੰਚ ਰਹੇ ਸਨ। ਹਜ਼ਾਰਾਂ ਹੀ ਨਾਰੀਅਲ ਪਾਣੀ ਵਿੱਚ ਤਰ ਰਹੇ ਸਨ। ਡੁਬਕੂੰ-ਡੁਬਕੂੰ ਕਰ ਰਹੇ ਸਨ ਅਤੇ ਡੁੱਬ ਰਹੇ ਸਨ। ਸੈਂਆਂ ਛੋਕਰੇ ਛਲਾਂ ਵਿੱਚੋਂ ਦੀ ਛਪਲ-ਛਪਲ ਕਰਦੇ, ਉਹਨਾਂ ਨੂੰ ਫੜਨ ਲਈ, ਚੁੱਭੀਆਂ ਮਾਰ ਰਹੇ ਸਨ।

ਅਚਾਨਕ ਹਰੀ ਨੇ ਆਪਣੇ ਦੋਵਾਂ ਪਾਸਿਆਂ 'ਤੇ ਖਲੋਤੇ ਦੋਵਾਂ ਮੁੰਡਿਆਂ ਨੂੰ ਧੱਕ ਕੇ, ਲਾਂਭੇ ਹਟਾਇਆ ਆਪਣੇ ਅੱਗੇ ਖਲੋਤੇ ਆਦਮੀ ਦੇ ਕੋਲੋਂ ਦੀ ਤੇਜ਼ੀ ਨਾਲ ਅੱਗੇ ਲੰਘ ਗਿਆ ਅਤੇ ਮਿਸਟਰ ਪਾਨਵਾਲਾ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਉਹ ਉਚੀ-ਉਚੀ ਚਿੱਲਾਉਣ ਲੱਗਾ, "ਇਹ ਮੇਰਾ ਹੈ। ਇਹ ਮੇਰਾ ਹੈ।" ਅਤੇ ਕਿਸੇ ਹੋਰ ਬੰਦੇ ਵਲੋਂ ਵਗਾਹ ਕੇ ਸੁੱਟੇ ਹੋਏ ਨਾਰੀਅਲ ਨੂੰ ਖੋਹਣ ਲਈ ਉਹਨੇ ਪਾਣੀ ਦੀ ਛੱਲ ਵਿੱਚ ਗ਼ੋਤਾ ਮਾਰਿਆ ਜਿਸ ਉਤੇ ਝਪਟਣ ਲਈ ਤਿੰਨ-ਚਾਰ ਹੋਰ ਮੁੰਡੇ ਆਪੋ ਵਿੱਚ ਬੁਰੀ ਤਰ੍ਹਾਂ ਲੜ-ਝਗੜ ਤੇ ਉਲਝ-ਪਿਲਚ ਰਹੇ ਸਨ। ਹਰੀ ਲੱਕ-ਲੱਕ ਤੱਕ ਪਾਣੀ ਵਿੱਚ ਡੁੱਬਾ ਹੋਇਆ ਸੀ ਅਤੇ ਉਸ ਦੇ ਹਰ ਪਾਸੇ, ਆਲੇ-ਦੁਆਲੇ ਪਾਣੀ ਰਿੜਕਿਆ-ਮੰਥਿਆ ਜਾ ਰਿਹਾ ਸੀ ਅਤੇ ਅਹੁ ਖਲੋਤਾ ਸੀ ਹਰੀ, ਨਾਰੀਅਲ ਨੂੰ ਆਪਣੇ-ਆਪ ਨਾਲ ਘੁੱਟੀ ਅਤੇ ਜਿੱਤ ਦੇ ਇਹਸਾਸ ਨਾਲ ਸਰਸ਼ਾਰ, ਖਿੜਿਆ ਟਹਿਕਦਾ ਮਿਸਟਰ ਪਾਨਵਾਲਾ ਨੂੰ ਨਿਹਾਰ ਰਿਹਾ ਸੀ।

ਮਿਸਟਰ ਪਾਨਵਾਲਾ ਹੈਰਾਨੀ ਨਾਲ ਹੱਸਿਆ। ਜਿਉਂ ਹੀ ਹਰੀ ਪਾਣੀ 'ਚ ਤਰ-ਬ-ਤਰ ਨਿਚੁੱੜਦਾ ਹੋਇਆ, ਆਪਣੀ ਅਮੁੱਲ ਵਸਤੂ ਨਾਲ ਬਾਹਰ ਨਿੱਕਲਿਆ, ਤਾਂ ਮਿਸਟਰ ਪਾਨਵਾਲਾ ਖ਼ੁਸ਼ੀ ਨਾਲ ਗੁੜ੍ਹਕਿਆ, "ਤਾਂ ਤੂੰ ਅਖ਼ੀਰ ਸ਼ਹਿਰ ਦਾ ਅਸਲੀ ਮੁੰਡਾ ਬਣ ਹੀ ਗਿਐਂ? ਤੂੰ ਸ਼ਹਿਰ ਦੇ ਮੁੰਡਿਆਂ ਨਾਲ ਲੜਨਾ, ਉਹਨਾਂ ਨੂੰ ਧੱਕ-ਧਕੇਲ ਕੇ, ਆਪਣਾ ਰਾਹ ਬਣਾਉਣਾ ਸਿੱਖ ਲਿਆ ਹੈ। ਹੈ ਨਾ? ਹਰੀ, ਹਰੀ-ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਤੈਨੂੰ ਇਸ ਤਰ੍ਹਾਂ ਕਰਦਿਆਂ ਵੇਖਾਂਗਾ।"

ਹਰੀ ਆਪਣੇ-ਆਪ ਨੂੰ ਸ਼ਰਮਿੰਦਾ ਮਹਿਸੂਸ ਕਰਨ ਲੱਗਾ ਅਤੇ ਆਲੇ-ਦੁਆਲੇ ਕਿਸੇ ਮੰਗਤੇ ਦੀ ਢੂੰਡ-ਭਾਲ ਕਰਨ ਲੱਗਾ, ਜਿਸ ਨੂੰ ਕਿ ਉਹ ਨਾਰੀਅਲ ਦੇ ਸਕੇ, ਪਰ ਮਿਸਟਰ ਪਾਨਵਾਲਾ ਨੂੰ ਕੋਈ ਹੈਰਾਨੀ ਨਹੀਂ ਸੀ ਹੋਈ। ਉਹ ਹੱਸ ਰਿਹਾ ਸੀ।

"ਹਾਂ, ਹੁਣ ਤੂੰ ਸਭ ਚਲਾ ਸਕਦਾ ਏਂ।" ਉਹਨੇ ਖ਼ੁਸ਼ੀ ਦੇ ਅੰਦਾਜ਼ ਵਿੱਚ ਆਖਿਆ। "ਤੂੰ ਸਭ ਠੀਕ-ਠਾਕ ਚਲਾ ਸਕੇਂਗਾ। ਮੈਂ ਵੇਖ ਸਕਦਾ ਹਾਂ। ਹੁਣ ਮੈਨੂੰ ਤੇਰੇ ਬਾਰੇ ਹੋਰ ਚਿੰਤਾ ਕਰਨ ਦੀ ਲੋੜ ਨਹੀਂ।"

# ਕਾਂਡ ਬਾਰਾਂ

ਹਰੀ ਅਖ਼ੀਰ ਥਲ ਵਾਪਸ ਆ ਗਿਆ, ਬੇੜੀ ਦੁਆਰਾ ਨਹੀਂ, ਬੱਸ ਦੁਆਰਾ। ਜੱਗੂ ਅਤੇ ਮਿਸਟਰ ਪਾਨਵਾਲਾ ਨੇ ਮਿਲ ਕੇ, ਉਸਨੂੰ ਬੱਸ ਦੀ ਟਿਕਟ ਖ਼ਰੀਦ ਦਿੱਤੀ ਸੀ। ਮਿਸਟਰ ਪਾਨਵਾਲਾ ਨੇ ਉਸ ਨੂੰ ਦੁਕਾਨ ਦੇ ਦਰਵਾਜ਼ੇ 'ਤੇ ਅਲਵਿਦਾਅ ਆਖ ਦਿੱਤੀ ਸੀ ਅਤੇ ਦਸ ਰੁਪਏ ਦਾ ਇੱਕ ਹੋਰ ਨੋਟ, ਚੁੱਪਚਾਪ ਅਲਵਿਦਾਈ ਤੋਹਫ਼ੇ ਵਜੋਂ, ਉਸ ਵਲ ਖਿਸਕਾ-ਵਧਾ ਦਿੱਤਾ ਸੀ ਅਤੇ ਆਪਣੇ ਅੱਥਰੂ ਅੱਖਾਂ ਵਿੱਚ ਡੱਕਣ ਵਾਸਤੇ, ਉਹ ਛਿੱਕਣ ਲੱਗ ਪਿਆ ਸੀ, ਜਦ ਕਿ ਜੱਗੂ ਨੇ ਉਸ ਦੇ ਨਾਲ ਬੱਸਾਂ ਦੇ ਅੱਡੇ ਤੱਕ ਆਉਣ ਲਈ ਅਤੇ ਉਸ ਨੂੰ ਸਹੀ ਬੱਸ ਵਿੱਚ ਬਿਠਾਉਣ ਲਈ ਉਸ ਦਿਨ ਸਵੇਰੇ ਕੰਮ ਤੋਂ ਛੁੱਟੀ ਕਰ ਲਈ ਸੀ। "ਹਰੀ, ਕੀ ਤੂੰ ਆਪਣੇ ਪੈਸੇ ਸੰਭਾਲ ਕੇ ਰੱਖ ਲਏ ਹਨ? ਉਹ ਚਿੰਤਾ ਨਾਲ ਪੁੱਛਦਾ ਰਿਹਾ। "ਜੇਬ-ਕਤਰਿਆਂ ਤੋਂ ਖ਼ਬਰਦਾਰ ਰਹਿਣਾ, ਆਪਣੀ ਜੇਬ ਨੂੰ ਵਾਰ-ਵਾਰ ਨਹੀਂ ਟੋਹਣਾ, ਹੱਥ ਨਹੀਂ ਲਾਉਣਾ। ਕਿਸੇ ਨੂੰ ਇਹ ਦੇਖਣ ਨਹੀਂ ਦੇਣਾ ਕਿ ਤੇਰੇ ਪਾਸ ਏਨੇ ਪੈਸੇ ਹਨ.....।" ਕਿਉਂਕਿ ਉਸ ਨੂੰ ਉਨੀ ਹੀ ਚਿੰਤਾ ਸੀ, ਜਿੰਨੀ ਕਿ ਹਰੀ ਨੂੰ ਆਪ ਕਿ ਉਸ ਦੀ ਕਮਾਈ ਥਲ ਵਿੱਚ, ਉਸ ਦੇ ਪਰਿਵਾਰ ਤੱਕ ਸਹੀ ਸਲਾਮਤ ਪਹੁੰਚ ਜਾਏ। ਹਰੀ ਨੂੰ ਵਾਰ-ਵਾਰ ਸਾਵਧਾਨ ਹੋਣ, ਅਤੇ ਥਲ ਪਹੁੰਚਦਿਆਂ ਹੀ ਪੋਸਟ ਕਾਰਡ ਲਿਖਣ ਦਾ, ਜੱਗੂ ਨਾਲ ਸੰਪਰਕ ਬਣਾਈ ਰੱਖਣ ਦਾ ਵਾਅਦਾ ਕਰਨਾ ਪੈਂਦਾ ਰਿਹਾ। ਅਖ਼ੀਰ ਬੱਸ ਤੁਰੀ ਅਤੇ ਇੱਕ ਦਸੂਰੇ ਨੂੰ ਚੁੱਪਚਾਪ, ਖ਼ਾਮੋਸ਼ ਹੱਥ ਹਿਲਾ ਕੇ ਵਿਦਾ ਕਰਨ ਤੋਂ ਸਿਵਾਏ, ਹੋਰ ਕੁੱਝ ਵੀ ਕਰਨ ਗੋਚਰਾ ਨਹੀਂ ਸੀ।

ਜਿਉਂ ਹੀ ਹਰੀ ਨੇ ਸ਼ਹਿਰ ਨੂੰ, ਗੰਦੀਆਂ ਬਸਤੀਆਂ ਨੂੰ, ਰੰਗ-ਉਤਰੇ ਸਲੇਟੀ ਘਰਾਂ, ਖੁੱਲ੍ਹੀਆਂ ਬੋਅ-ਮਾਰਦੀਆਂ ਗੰਦੀਆਂ ਨਾਲੀਆਂ, ਲਾਂਭ-ਚਾਂਭ ਦੇ ਗਲੀਆਂ-ਬਾਜ਼ਾਰਾਂ, ਬੱਸ ਅੱਡਿਆਂ ਅਤੇ ਆਵਾਜਾਈ ਨੂੰ ਪਿੱਛੇ ਛੱਡਿਆ, ਉਹਨੇ ਆਪਣਾ ਚਿਹਰਾ ਬੱਸ ਦੀ ਬਾਰੀ ਨਾਲ ਲਾ ਲਿਆ ਅਤੇ ਖੁੱਲ੍ਹੇ ਵਿਸ਼ਾਲ ਦਿਹਾਤੀ ਇਲਾਕੇ ਦੀਆਂ ਨਿਸ਼ਾਨੀਆਂ ਅਲਾਮਤਾਂ ਦੀ ਢੂੰਡ-ਭਾਲ ਕਰਨ ਲੱਗ ਪਿਆ। ਉਹਨਾਂ ਇੱਕ ਲੰਮਾ-ਚੌੜਾ ਪੁਲ ਪਾਰ ਕੀਤਾ। ਉਸ ਦੇ ਹੇਠਾਂ ਸਮੁੰਦਰ ਸੀ-ਉਹ ਸਮੁੰਦਰ ਨਹੀਂ, ਜਿਸ ਨੂੰ ਉਹ ਥਲ ਵਿਖੇ ਜਾਣਦਾ ਸੀ, ਸਗੋਂ ਉਹ ਸਮੁੰਦਰ, ਜੋ ਬੰਬਈ ਨੂੰ ਬਾਕੀ ਦੇਸ਼ ਦੀ ਮੁੱਖ ਧਰਤੀ ਨਾਲੋਂ ਵੱਖ ਕਰਦਾ ਸੀ। ਦਲਦਲੀ ਸਮੁੰਦਰ ਜੋ ਲਹਿਰਾਂ ਦੇ ਲਹਾਅ-ਚੜ੍ਹਾਅ ਨਾਲ ਥੱਲੇ ਲਹਿੰਦਾ ਤੇ ਉਛਲਦਾ-ਉਭਰਦਾ ਸੀ। ਫਿਰ ਵੀ ਉਸ ਵਿੱਚੋਂ ਲੂਣ ਦੀ ਅਤੇ ਨਾਲ ਹੀ ਚਿੱਕੜ ਦੀ ਗੰਧ ਆਉਂਦੀ ਸੀ ਅਤੇ ਉਸਦੇ ਸਿਰਿਆਂ 'ਤੇ ਨਾ ਸਿਰਫ਼ ਕਾਨਿਆਂ-ਸਰਕੜਿਆਂ ਦੇ ਝਾੜ-ਝੰਗਾੜ ਹੀ ਸਨ, ਸਗੋਂ ਮੱਛੀਆਂ ਫੜਨ ਵਾਲੀਆਂ ਬੇੜੀਆਂ ਸਨ, ਜਾਲ ਸਨ ਅਤੇ 'ਬਾਰੀ-ਸ਼ੀਸ਼ਾ' ਸਿੱਪ-ਸਿੱਪੀਆਂ ਦੇ ਚਮਕਦੇ ਹੋਏ ਢੇਰ ਵੀ ਸਨ। ਹਰੀ ਉਤਸੁਕਤਾ ਨਾਲ ਲਰਜ਼ ਉਠਿਆ, ਪਰ ਉਸ ਤੋਂ ਬਾਅਦ ਇੱਕ ਹੋਰ ਲੰਮਾ ਉਜਾੜ ਵੀਰਾਨ,

ਉਦਾਸ-ਉਪਰਾਮ ਪਸਾਰ ਸੀ-ਥਾਨਾ ਦੀ ਫ਼ੈਕਟਰੀ-ਪੱਟੀ, ਬੇਰੰਗ ਆਕਾਸ਼ ਵਿੱਚ ਭੈੜੀ ਮਹਿਕ ਵਾਲਾ ਧੂੰਆਂ ਅਤੇ ਰਸਾਇਣਾਂ ਛੱਡਦੀਆਂ ਫ਼ੈਕਟਰੀਆਂ, ਆਲੇ-ਦੁਆਲੇ ਦੀ ਸਾਰੀ ਜ਼ਮੀਨ ਜਲੀ-ਸੜੀ ਅਤੇ ਨੰਗਮ-ਨੰਗੀ, ਘਾਹ ਦਾ ਇੱਕ ਵੀ ਪੱਤਰ, ਇੱਕ ਵੀ ਤਿੜ੍ਹ ਵੇਖਣ ਨੂੰ ਨਹੀਂ ਸੀ ਅਤੇ ਬਚੇ-ਖੁਚੇ ਕੁੱਝ ਰੁੱਖਾਂ 'ਤੇ ਸਾਹ-ਘੋਟਵੀਂ ਧੂੜ ਦੀ ਤਹਿ ਚੜ੍ਹੀ ਹੋਈ ਸੀ। ਹਰੀ ਸੋਚ ਰਿਹਾ ਸੀ ਕਿ ਇੱਕ ਦਿਨ ਰੇਵਾਸ ਤੋਂ ਅਲੀਬਾਗ਼ ਤੱਕ ਦੀ ਹਰੀ-ਭਰੀ ਸਾਹਿਲ-ਰੇਖਾ ਵੀ ਸੰਭਵ ਤੌਰ 'ਤੇ ਇਸੇ ਤਰ੍ਹਾਂ ਦੀ ਹੀ ਦਿਸਣ ਲੱਗ ਪਏਗੀ।

ਅਜਿਹੀ ਤਬਦੀਲੀ ਦੀ ਸ਼ੁਰੂਆਤ ਦੇ ਕੁਝ ਸੰਕੇਤ ਸਾਹਮਣੇ ਵੀ ਆਉਣ ਲੱਗ ਪਏ ਸਨ : ਸ਼ਾਹਰਾਹ ਚੌੜੀ ਕੀਤੀ ਜਾ ਰਹੀ ਸੀ, ਰੇਲ ਦਾ ਇੱਕ ਪੁਲ ਉਸਾਰੀ ਅਧੀਨ ਸੀ, ਪੁਰਾਣੇ ਵੱਡੇ-ਵੱਡੇ ਰੁੱਖ ਵੱਢੇ ਜਾ ਰਹੇ ਸਨ ਅਤੇ ਬੁੱਲ-ਡੋਜ਼ਰ ਤੇ ਸਟੀਮ-ਰੋਲਰ ਕੰਮ ਵਿੱਚ ਲੱਗੇ ਹੋਏ ਸਨ। ਪਰ ਧਾਨ ਅਜੇ ਵੀ ਖੇਤਾਂ ਵਿੱਚ ਸੋਨ-ਸੁਨਹਿਰੀ ਤੇ ਪੱਕਿਆ ਖੜਾ ਸੀ। ਉਹਨਾਂ ਖੇਤਾਂ ਤੋਂ ਪਰ੍ਹੇ ਦੀਆਂ ਨੀਵੀਆਂ ਝਿੱਕੀਆਂ ਪਹਾੜੀਆਂ ਊਦੀਆਂ-ਬੈਂਗਣੀ ਅਤੇ ਤਾਂਬੇ-ਰੰਗੀਆਂ ਸਨ। ਅੰਬਰ ਨਿਰਮਲ, ਸਾਫ਼ ਤੇ ਨੀਲਾ ਸੀ। ਉਹਨਾਂ ਇੱਕ ਸਪਾਟ ਤੇ ਸੁਸਤ ਜਿਹਾ ਦਰਿਆ ਪਾਰ ਕੀਤਾ, ਜੋ ਧਾਨ ਦੀਆਂ ਪੈਲੀਆਂ ਵਿੱਚੋਂ ਦੀ ਵਲ-ਵਲੇਵੇਂ ਖਾਂਦਾ ਜਾ ਰਿਹਾ ਸੀ ਅਤੇ ਫਿਰ ਵੱਡੇ-ਵੱਡੇ ਪਤਰਾਂ ਵਾਲੇ ਸਾਲ੍ਹ ਦੇ ਰੁੱਖਾਂ ਦੇ ਇੱਕ ਜੰਗਲ ਵਿੱਚੋਂ ਦੀ ਲੰਘੇ ਅਤੇ ਅਖ਼ੀਰ ਸਾਹਿਲ- ਰੇਖਾ ਤੇ ਬਾਹਰ ਜਾ ਨਿੱਕਲੇ ਅਤੇ ਹਰੀ ਇੱਕ ਵਾਰ ਮੁੜ ਨਾਰੀਅਲ ਦੇ ਦਰਖ਼ਤ ਅਤੇ ਦੂਰ ਪਰ੍ਹੇ ਇੱਕ ਨੀਲੀ ਧੁੰਦਲਾਹਟ ਜਿਹੀ ਵੇਖ ਸਕਦਾ ਸੀ, ਜੋ ਕਿ ਸਮੁੰਦਰ ਸੀ।

ਬੱਸ ਉਸ ਨੂੰ ਸ਼ਾਹ-ਰਾਹ 'ਤੇ ਲੈ ਆਈ, ਪਹਾੜੀ ਦੇ ਕੋਲਵਾਰ, ਜਿਸ ਦੀ ਚੋਟੀ ਤੇ ਮੰਦਰ ਸੀ। ਭਾਵੇਂ ਪੁਰਾਣੀ ਧੂੜ-ਭਰੀ ਸੜਕ ਚੌੜੀ ਕੀਤੀ ਜਾ ਰਹੀ ਸੀ ਅਤੇ ਉਸ ਉਤੇ ਲੁੱਕ ਪਾਈ ਜਾ ਰਹੀ ਸੀ ਅਤੇ ਉਸ ਦੇ ਨਾਲ ਨਾਲ ਸਾਲ੍ਹ ਅਤੇ ਬੋਹੜ ਦੇ ਬਹੁਤ ਸਾਰੇ ਦਰਖ਼ਤ, ਰਸਤਾ ਸਾਫ਼ ਕਰਨ ਲਈ ਕੱਟ ਦਿੱਤੇ ਗਏ ਸਨ। ਆਪ ਥਲ ਅਣਬਦਲਿਆ ਜਿਹਾ ਹੀ ਜਾਪ ਰਿਹਾ ਸੀ। ਪਹਾੜੀ ਧੁੱਪ ਵਿੱਚ ਚਮਕਦੀ ਤੇ ਪੀਲੀ-ਪਈ ਖਲੋਤੀ ਸੀ ਅਤੇ ਉਸ ਦੇ ਸਿਖਰ 'ਤੇ ਹਾਲੇ ਵੀ ਘਣ ਆਕਾਰ ਦਾ ਛੋਟਾ ਜਿਹਾ ਸਫ਼ੈਦ ਮੰਦਰ ਸੀ। ਹਰੀ ਸ਼ਾਹਰਾਹ ਤੋਂ ਨਾਰੀਅਲ ਅਤੇ ਸੁਪਾਰੀ ਦੇ ਰੁੱਖਾਂ ਦੇ ਵਿਚਾਲਿਉਂ ਦੀ ਜਾਂਦੇ ਧੂੜ ਭਰੇ ਅਤੇ ਡੂੰਘੀ ਲੀਹ ਵਾਲੇ ਰਾਹ ਉਤੇ ਮੁੜ ਗਿਆ, ਜਿਹੜਾ ਕਿ ਚੁੱਪਚਾਪ ਅਤੇ ਸੁੱਤੇ ਉਂਘਲਾਂਦੇ ਪਿੰਡ ਵਿੱਚੋਂ ਦੀ ਵਲ-ਵਲੇਵੇਂ ਖਾਂਦਾ ਜਾ ਰਿਹਾ ਸੀ।

ਹਰੀ ਨਾਰੀਅਲ ਦੇ ਰੁੱਖਾਂ ਦੇ ਝੁੰਡ ਵਿੱਚੋਂ ਦੀ ਜਾਂਦੇ ਰਾਹ ਤੋਂ ਹੁੰਦਾ ਹੋਇਆ, ਬੀਚ 'ਤੇ ਸਰੂ ਦੇ ਪੁਰਾਣੇ ਰੀਵਲ ਰੁੱਖਾਂ ਦੀ ਝੰਗੀ ਤੇ ਪੁੱਜ ਗਿਆ। ਏਥੇ ਸਮੀਰ ਲੂਣਕੀ ਤੇ ਸੱਜਰੀ ਸੀ ਅਤੇ ਕੋਲ ਹੀ ਸਾਗਰ ਸੀ, ਅਸਲੀ ਸਾਗਰ, ਖੁੱਲ੍ਹਾ ਵਿਸ਼ਾਲ ਸਮੁੰਦਰ, ਉਹ ਸਾਗਰ ਨਹੀਂ ਜਿਸ ਨੇ ਬੰਬਈ ਦੇ ਜਜ਼ੀਰੇ ਨੂੰ ਵਿਹੜਿਆਂ-ਘੇਰਿਆ ਹੋਇਆ ਸੀ। ਹਰੀ ਸਰੂ ਦੇ ਰੁੱਖ ਦੀਆਂ ਜੜ੍ਹਾਂ ਵਿੱਚ ਵੜ ਕੇ ਬੈਠ ਗਿਆ। ਉਹਨੇ ਆਪਣੀ ਠੋਡੀ, ਹੱਥ ਦਾ ਪਿਆਲਾ ਜਿਹਾ ਬਣਾ ਕੇ, ਉਸ ਵਿੱਚ ਟਿਕਾ ਲਈ ਅਤੇ ਉਸ ਰੁੱਖ ਨੂੰ ਤੱਕਣ ਲੱਗਾ, ਤੱਕਦਾ ਗਿਆ ਅਤੇ ਤੱਕਦਾ ਗਿਆ। ਉਹ ਇਹ ਪੱਕ ਕਰਨਾ ਚਾਹੁੰਦਾ ਸੀ ਕਿ ਕੀ ਉਹ ਠੀਕ ਇੰਨ-ਬਿੰਨ ਉਹੋ ਜਿਹਾ ਹੀ ਸੀ, ਜਿਵੇਂ ਕਿ ਉਸਨੂੰ ਇਸ ਦਾ ਚੇਤਾ ਸੀ ਅਤੇ ਠੀਕ ਉਹ ਉਹੋ ਜਿਹਾ ਹੀ ਸੀ। ਛਲ ਆ ਰਹੀ ਸੀ। ਉਹ ਗਰਜ ਰਹੀ ਸੀ, ਗੜ੍ਹਕ ਰਹੀ ਸੀ, ਚਾਂਦੀ-ਵੰਨੀ ਰੇਤ 'ਤੇ ਤਿੰਨੋਂ ਕਾਲੀਆਂ

ਚੱਟਾਨਾਂ ਡੁੱਬ ਰਹੀਆਂ ਸਨ, ਸਿਰਫ਼ ਲਹਿਰਾਂ ਦੀ ਮਲਾਈ ਰੰਗੀ ਝੱਗ ਦੇ ਉਪਰੋਂ ਉਹਨਾਂ ਦੀਆਂ ਸਿਖਰਾਂ ਹੀ ਦਿਸ ਰਹੀਆਂ ਸਨ। ਦੂਰ ਪਰ੍ਹੇ ਦੋਮੇਲ ਉਤੇ ਮੱਛੀਆਂ ਫੜਨ ਵਾਲੇ ਬੇੜੇ ਦੇ ਬਾਦਬਾਨ, ਮੁਰਗ਼ਾਈਆਂ ਦੇ ਪਰਾਂ ਵਾਂਗ ਜਾਂ ਤਿਤਲੀਆਂ ਵਾਂਗ ਵਿਖਾਈ ਦੇ ਰਹੇ ਸਨ, ਅੰਬਰ ਰੇਖਾ ਦੇ ਪਿਛੋਕੜ 'ਚ, ਚਿੱਟੇ ਤੇ ਚਮਕਦਾਰ ਅਤੇ ਬਲੀ-ਵਰਿਆਮ। ਸਾਹਿਲ ਦੇ ਹੋਰ ਵਧੇਰੇ ਨੇੜੇ ਸਨ, ਉਨਧੇਰੀ ਅਤੇ ਕੁੰਧੇਰੀ, ਦੋ ਛੋਟੇ-ਛੋਟੇ ਜਜ਼ੀਰੇ, ਚੱਟਾਨੀ ਅਤੇ ਹਰੇ-ਭਰੇ। ਮੱਛੀਆਂ ਵਾਲੀਆਂ ਨਿੱਕੀਆਂ-ਨਿੱਕੀਆਂ ਬੇੜੀਆਂ ਉਹਨਾਂ ਦੇ ਆਲੇ-ਦੁਆਲੇ ਡੁਬਕੂੰ-ਡੁਬਕੂੰ ਕਰਦੀਆਂ, ਪਿੰਡ ਜਾਣ ਲਈ, ਧਰਤੀ 'ਤੇ ਕੰਢੇ ਲੱਗਣ ਦੀ ਕੋਸ਼ਿਸ਼ ਕਰਦੀਆਂ।

ਸੁੱਖ ਦਾ ਸਾਹ ਲੈਂਦਿਆਂ ਹਰੀ ਉਠ ਖੜਾ ਹੋਇਆ ਅਤੇ ਰੇਤ ਦੇ ਟਿੱਬਿਆਂ ਉਪਰੋਂ ਦੀ ਜਾਣ ਵਾਲੇ ਰਾਹ 'ਤੇ ਪੈ ਗਿਆ, ਜਿਹਨਾਂ 'ਤੇ ਸਮੁੰਦਰ ਕੰਢੇ ਉਗੇ 'ਸਵੇਰ ਦੀ ਟਹਿਕ' ਦੇ ਫੁੱਲਾਂ ਦੀ ਭਰਮਾਰ ਸੀ, ਜੋ ਖਿੜ ਕੇ, ਨੀਲੀਆਂ-ਬੈਂਗਣੀ ਤਸ਼ਤਰੀਆਂ ਜਿਹੇ ਜਾਪ ਰਹੇ ਸਨ। ਉਹ ਆਪਣੇ ਇੱਕੋ-ਇੱਕ ਛੋਟੇ ਜਿਹੇ ਖੇਤ ਕੋਲੋਂ ਦੀ ਅੱਗੇ ਲੰਘ ਗਿਆ, ਜਿਸ ਵਿੱਚ ਕੁੜੀਆਂ ਨੇ, ਆਮ ਬੀਜੀ ਜਾਣ ਵਾਲੀ ਟਿੰਡਲੀ ਦੀ ਫ਼ਸਲ ਬੀਜੀ ਹੋਈ ਸੀ। ਅੰਗੂਰ ਵਰਗੀਆਂ ਵੇਲਾਂ ਉਤੇ, ਜੋ ਬਾਂਸ ਦੀ ਜਾਲੀ 'ਤੇ ਚੜ੍ਹਾਈਆਂ ਹੋਈਆਂ ਸਨ, ਨਿੱਕੇ-ਨਿੱਕੇ ਪੇਠੇ ਲਟਕ ਰਹੇ ਸਨ। ਉਹ ਸਫ਼ੈਦ ਬੰਗਲਾ, 'ਮੋਨ-ਰੀਪੋਜ਼' ਵੀ ਲੰਘ ਗਿਆ ਅਤੇ ਉਹਨੇ ਵੇਖਿਆ ਕਿ ਉਸ ਉਤੇ ਮੌਨਸੂਨ ਦੇ ਮੌਸਮ 'ਚ ਨਾਰੀਅਲ ਦੇ ਪੱਤਿਆਂ ਦੀਆਂ ਬਣੀਆਂ ਜੋ ਸਿਰਕੀਆਂ ਲਪੇਟ ਦਿੱਤੀਆਂ ਜਾਂਦੀਆਂ ਸਨ, ਉਹ ਹਟਾ ਦਿੱਤੀਆਂ ਗਈਆਂ ਸਨ ਅਤੇ ਉਹ ਹਰਿਆਵਲ ਦੇ ਵਿਚਕਾਰ ਸਫ਼ੈਦ ਲਿਸ਼ਕ ਮਾਰ ਰਿਹਾ ਸੀ। ਫਿਰ ਉਹ ਪਾਣੀ ਦੇ ਪਾੜ ਪਾਸ ਆਇਆ, ਜਿਥੇ ਬਗਲਾ ਹਾਲੇ ਵੀ ਆਪਣੇ ਉਸੇ ਪੱਥਰ 'ਤੇ ਖੜਾ, ਮੱਛੀਆਂ ਫੜਨ ਦੀ ਟੋਹ ਵਿੱਚ ਸੀ, ਕਿਲਕਿਲੇ ਨੇ ਨੀਲੀ ਭਾਹ ਦੀ ਲਿਸ਼ਕ ਮਾਰਦਿਆਂ ਪਾਣੀ ਵਿੱਚ ਟੁੱਭੀ ਮਾਰੀ ਅਤੇ ਅਚਾਨਕ ਇੱਕ ਬਗਲਾ ਕਾਲਿਆਂ ਸਰਕੜਿਆਂ ਦੇ ਵਿਚਾਲਿਉਂ ਉਠਿਆ, ਬਰਫ਼ ਵਰਗਾ ਚਿੱਟਾ ਸਫ਼ੈਦ । ਫਿਰ ਉਹਨੇ ਉਹ ਗੇਲੀ ਵੀ ਪਾਰ ਕਰ ਲਈ, ਜੋ ਪਾਣੀ ਦੇ ਪਾੜ ਦੇ ਆਰ-ਪਾਰ ਰੱਖੀ ਹੋਈ ਸੀ। ਉਹਨੇ ਵੇਖਿਆ ਕਿ ਚਮੇਲੀ ਦੇ ਰੁੱਖ 'ਤੇ ਫੁੱਲ ਖਿੜੇ ਹੋਏ ਸਨ। ਉਸ ਦੀ ਛਾਂ ਵਿੱਚ ਪੁਰਾਣੀ ਟੁੱਟੀ ਭੱਜੀ ਝੁੱਗੀ ਹਮੇਸ਼ਾ ਵਾਂਗ ਹੀ ਹਨੇਰੀ ਤੇ ਉਦਾਸ-ਉਪਰਾਮ ਜਾਪ ਰਹੀ ਸੀ। ਉਸ ਦੀਆਂ ਮਿੱਟੀ-ਗਾਰੇ ਦੀਆਂ ਕੰਧਾਂ ਭੁਰ-ਭੁਰ ਜਾ ਰਹੀਆਂ ਸਨ। ਉਸ ਦੀ ਨਾਰੀਅਲ ਦੇ ਪੱਤਿਆਂ ਦੀ ਛੱਤ, ਵਿੰਗ-ਤੜਿੰਗੀ ਤੇ ਫੂਸੜੇ-ਫੂਸੜੇ ਹੋ ਕੇ, ਬਨੇਰਿਆਂ ਉਤੋਂ ਦੀ ਹੇਠਾਂ ਲਟਕ ਰਹੀ ਸੀ।

ਉਹ ਉਸ ਨੂੰ ਸਾਰੀ ਹੀ ਬਦਲ ਦੇਵੇਗਾ! ਉਹ ਝੁੱਗੀ ਨੂੰ ਹੀ ਮੁੜ ਕੇ ਬਣਾਵੇਗਾ। ਹੁਣ ਜਦ ਕਿ ਉਹ ਘਰ ਆ ਗਿਆ ਸੀ, ਉਹ ਉਸ ਉਤੇ ਕੰਮ ਕਰੇਗਾ ਅਤੇ ਉਸ ਨੂੰ ਲਿਸ਼ਕੀ-ਪੁਸ਼ਕੀ, ਪ੍ਰਸੰਨ-ਪ੍ਰਸੰਨ ਅਤੇ ਖ਼ੁਸ਼-ਖ਼ੁਸ਼ ਬਣਾ ਦੇਵੇਗਾ।

"ਲੀਲਾ, ਬੇਲਾ, ਕਮਲ !" ਉਹਨੇ ਆਵਾਜ਼ ਦਿੱਤੀ।

ਅੱਖ ਦੇ ਫੋਰ ਵਿੱਚ ਲੀਲਾ ਬੂਹੇ 'ਤੇ ਖੜੀ ਸੀ। ਉਹਨੇ ਆਪਣੀ ਪੁਰਾਣੀ ਜਾਮਣੀ ਸਾੜ੍ਹੀ ਆਪਣੇ ਦੁਆਲੇ ਇਕੱਠੀ ਕੀਤੀ ਹੋਈ ਸੀ, ਉਸ ਦਾ ਮੂੰਹ ਬਾਹਰ ਵਲ ਨੂੰ ਝਾਕ ਰਿਹਾ ਸੀ, ਬਦਾਮੀ ਅਤੇ ਉਤਸੁਕ। ਜਦੋਂ ਉਹਨੇ ਉਸ ਨੂੰ ਵੇਖਿਆ, ਤਾਂ ਉਹਨੇ ਇੱਕ ਲੰਮਾ ਹਟਕੋਰਾ ਲਿਆ। ਉਹ ਇਕ ਦੂਸਰੇ ਨੂੰ ਤੱਕਣ ਲੱਗੇ। ਫਿਰ ਲੀਲਾ ਉਚੀ-ਉਚੀ ਇਹ ਆਖਦੀ ਹੋਈ ਦੌੜ ਕੇ ਅੱਗੇ ਵਧੀ। ਹਰੀ ! ਹਰੀ ! ਮੈਨੂੰ ਪਤਾ ਸੀ, ਤੂੰ ਆਵੇਂਗਾ। ਕੱਲ੍ਹ ਦੀਵਾਲੀ ਐ ਅਤੇ

ਮੈਨੂੰ ਪਤਾ ਸੀ ਕਿ ਤੂੰ ਆਵੇਂਗਾ।"

"ਤੈਨੂੰ ਕਿਵੇਂ ਪਤਾ ਸੀ? ਮੈਂ ਤਾਂ ਲਿਖਿਆ ਨਹੀਂ।"

"ਹਾਂ, ਮੈਨੂੰ ਪਤਾ ਸੀ, ਮੈਨੂੰ ਪਤਾ ਸੀ, ਤੂੰ ਆਵੇਂਗਾ।" ਲੀਲਾ ਮੁਸਕਰਾਈ ਅਤੇ ਅਸੀਂ ਤੇਰੇ ਲਈ ਮਿਠਿਆਈ ਬਣਾਈ ਐ, ਹਰੀ ਆ, ਖਾ ਲੈ।"

ਹਰੀ ਸੈਂਕੜੇ ਸਵਾਲ ਪੁੱਛਣਾ ਚਾਹੁੰਦਾ ਸੀ, ਸਾਰੇ ਇੱਕੋ ਵਾਰੀ ਹੀ। ਮਾਂ ਬਾਰੇ, ਪਿਉ ਬਾਰੇ, ਬੇਲਾ ਤੇ ਕਮਲ ਬਾਰੇ, ਪਿੰਡ ਬਾਰੇ ਅਤੇ ਬੀਜੂ ਦੀ ਬੇੜੀ ਬਾਰੇ ਅਤੇ ਹਰੇਕ ਚੀਜ਼ ਬਾਰੇ! ਪਰ ਸਵਾਲ ਪੁੱਛਣ ਦੀ ਬਜਾਏ, ਉਹ ਲੀਲਾ ਦੇ ਪਿੱਛੇ-ਪਿੱਛੇ ਘਰ ਦੇ ਅੰਦਰ ਚਲਿਆ ਗਿਆ। ਭਾਵੇਂ ਉਹ ਘਰ ਪੁਰਾਣਾ ਅਤੇ ਟੁੱਟਾ ਖੁੱਥਾ ਸੀ, ਪਰ ਸੀ ਕਿੰਨਾ ਛਾਂਦਾਰ, ਸ਼ਾਂਤ ਅਤੇ ਠੰਡਾ। ਉਹ ਜਿਹੋ-ਜਿਹਾ ਵੀ ਸੀ, ਉਹਨੇ ਉਸ ਲਈ ਸ਼ੁਕਰਾਨਾ ਮਹਿਸੂਸ ਕੀਤਾ ਅਤੇ ਚੁੱਪਚਾਪ ਉਸਦੀ ਹਵਾ ਵਿੱਚ ਖੜਾ ਸਾਹ ਲੈਣ ਲੱਗਾ। ਸਿਰਫ਼ ਅਦਿੱਸ ਕਬੂਤਰਾਂ ਦੀ ਆਵਾਜ਼ ਹੀ ਸੁਣਾਈ ਦੇ ਰਹੀ ਸੀ, ਗ਼ੁਟਰ.......ਗ਼ੂੰ......ਗ਼ੁਟ.....ਰ..... ....ਗ਼ੂੰ....ਉਹਨਾਂ ਦੀਆਂ ਸੰਗੀਤਮਈ ਆਵਾਜ਼ਾਂ ਝਰ ਰਹੀਆਂ ਸਨ, ਜਿਵੇਂ ਨਰਮ-ਨਰਮ, ਕੂਲੇ-ਕੂਲੇ, ਹਲਕੇ ਸੁਬਕ ਬੁਲਬੁਲੇ ਹਵਾ ਵਿੱਚੋਂ, ਹੇਠਾਂ ਤ੍ਰਿਪ-ਤ੍ਰਿਪ ਕਿਰ ਰਹੇ ਹੋਣ, ਝਰ ਰਹੇ ਹੋਣ।

ਫੇਰ ਲੀਲਾ ਆਪਣੇ ਹੱਥ ਦੀ ਹਥਿਆਲੀ 'ਤੇ, ਪਿੱਤਲ ਦੀ ਇੱਕ ਥਾਲੀ ਟਿਕਾਈ, ਉਸ ਵਲ ਆਈ। ਉਸ ਵਿੱਚ ਮਿਠਿਆਈ ਦਾ ਵੱਡਾ ਸਾਰਾ ਢੇਰ ਲੱਗਾ ਹੋਇਆ ਸੀ, ਜੋ ਉਹਨੇ ਚੌਲਾਂ ਦੇ ਆਟੇ ਅਤੇ ਮਲਾਈ, ਚੀਨੀ ਅਤੇ ਆਟੇ ਅਤੇ ਸੂਜੀ ਤੇ ਨਾਰੀਅਲ ਦੀ ਬਣਾਈ ਸੀ।

"ਪਰ ਮੈਂ ਪਹਿਲਾਂ ਹੱਥ-ਮੂੰਹ ਤਾਂ ਧੋ ਲਵਾਂ, ਬਹੁਤ ਧੂੜ-ਮਿੱਟੀ ਪਈ ਹੋਈ ਹੈ।" ਹਰੀ ਨੇ ਆਖਿਆ। ਉਹ ਪਿਛਲੇ ਬੂਹੇ ਵਿੱਚੋਂ ਦੀ ਬਾਹਰ ਚਲਿਆ ਗਿਆ, ਜਿਥੇ ਮਿੱਟੀ ਦਾ ਇੱਕ ਬਹੁਤ ਵੱਡਾ ਮੱਟ, ਖੂਹ ਦੇ ਪਾਣੀ ਨਾਲ ਭਰਿਆ ਪਿਆ ਸੀ। ਉਸਨੂੰ ਟੇਢਾ ਕਰਕੇ, ਹਰੀ ਨੇ ਮੂੰਹ ਹੱਥ ਧੋਤਾ। ਥੋੜ੍ਹਾ ਕੁ ਠੰਡਾ ਪਾਣੀ ਉਹਨੇ ਆਪਣੇ ਵਾਲਾਂ 'ਤੇ ਵੀ ਛਿੜਕਾਇਆ, ਤਰੌਂਕਿਆ। ਉਹਨੇ ਅਨੁਭਵ ਕੀਤਾ ਕਿ ਉਹਨਾਂ ਨੌਂ ਮਹੀਨਿਆਂ ਦੇ ਦੌਰਾਨ, ਜੋ ਉਹਨੇ ਬੰਬਈ ਵਿੱਚ ਬਿਤਾਏ ਸਨ, ਉਹਨੂੰ ਮੂੰਹ ਹੱਥ ਧੋ ਕੇ ਏਨੀ ਠੰਡ ਤੇ ਤਾਜ਼ਗੀ ਕਦੇ ਨਹੀਂ ਸੀ ਮਿਲੀ, ਜਿੰਨੀ ਹੁਣ ਮਿਲੀ ਸੀ।

ਜਦ ਉਹ ਮੁੜਿਆ, ਤਾਂ ਲੀਲਾ ਇੱਕ ਤੌਲੀਆ ਲਈ ਦਰਵਾਜ਼ੇ ਵਿੱਚ ਖੜੀ ਸੀ। ਉਹਨੇ ਤੌਲੀਆ ਉਸ ਪਾਸੋਂ ਲੈ ਲਿਆ ਅਤੇ ਆਪਣਾ ਹੱਥ ਮੂੰਹ ਸਾਫ਼ ਕੀਤਾ, ਪੂੰਝਿਆ। "ਏਥੇ ਪਾਣੀ ਕਿੰਨਾ ਚੰਗਾ ਲੱਗਦੈ !" ਉਹਨੇ ਆਖਿਆ।

"ਤੈਨੂੰ ਪਤੈ ਐ, ਸਾਡੇ ਖੂਹ ਦਾ ਪਾਣੀ ਮਿੱਠਾ ਹੈ।" ਲੀਲਾ ਨੇ ਮੁਸਕਰਾਉਂਦਿਆਂ ਆਖਿਆ।

"ਪਰ ਏਨਾ ਮਿੱਠਾ-!" ਮੈਂ ਭੁੱਲ ਹੀ ਗਿਆ ਸਾਂ।" ਉਹਨੇ ਆਪਣਾ ਸਿਰ ਹਿਲਾਇਆ, ਅਤੇ ਪਾਣੀ ਦੇ ਛਿੱਟੇ ਹਵਾ ਵਿੱਚ ਉਡਾਏ। "ਲੀਲਾ, ਮੈਂ ਬਹੁਤ ਕੁੱਝ ਭੁੱਲ ਗਿਆ ਸਾਂ, ਮਾਂ ਕਿੱਥੇ ਹੈ? ਉਹ ਉਸ ਦੇ ਚਿਹਰੇ ਵਲ ਵੇਖਣ ਦਾ ਹੀਆ ਨਹੀਂ ਸੀ ਕਰ ਰਿਹਾ। ਉਸਨੂੰ ਡਰ ਸੀ, ਕਿਧਰੇ ਉਸ ਉਤੇ ਕਿਸੇ ਮਾੜੀ ਖ਼ਬਰ ਦੇ ਚਿੰਨ੍ਹ ਨਾ ਹੋਣ, ਪਰ ਲੀਲਾ ਨੇ ਉਸ ਵਲ ਟਿਕਵੀਂ ਨਜ਼ਰ ਨਾਲ ਤੱਕਿਆ।

"ਮਾਂ ਹਸਪਤਾਲ ਵਿੱਚ ਹੈ, ਅਲੀਬਾਗ਼ ਦੇ ਹਸਪਤਾਲ 'ਚ। ਡੀ ਸਿਲਵਾ ਪਰਿਵਾਰ

ਵਾਲੇ ਉਹਨੂੰ ਕਾਰ ਵਿੱਚ ਉਥੇ ਲੈ ਗਏ ਸਨ। ਮੈਂ ਕਦੇ-ਕਦੇ ਉਸਨੂੰ ਮਿਲਣ ਉਥੇ ਜਾਂਦੀ ਹਾਂ, ਜਦੋਂ ਮੇਰੇ ਪਾਸ ਬੱਸ ਦਾ ਕਿਰਾਇਆ ਹੁੰਦਾ ਹੈ। ਹੁਣ ਉਹ ਬਹੁਤ ਠੀਕ ਹੈ।"

"ਕਿਵੇਂ.......?"

"ਚੰਗੀ ਖ਼ੁਰਾਕ ਅਤੇ ਠੀਕ ਦਵਾਈ ਨਾਲ, ਮੇਰਾ ਖ਼ਿਆਲ ਹੈ। ਡਾਕਟਰ ਆਖਦਾ ਸੀ, ਖ਼ੂਨ ਦੀ ਕਮੀ ਹੈ, ਜੋ ਖਾਣ ਨੂੰ ਚੰਗਾ ਨਾ ਮਿਲਣ ਕਰਕੇ ਹੋ ਗਈ ਹੈ।"

ਹਰੀ ਨੇ ਇਹ ਗੱਲ ਆਪਣੇ ਗਲੇ ਹੇਠ ਉਤਾਰਨ ਦੀ ਬਹੁਤ ਕੋਸ਼ਿਸ਼ ਕੀਤੀ। ਉਹਨੂੰ ਪਤਾ ਸੀ ਕਿ ਜੋ ਖਾਣਾ ਉਹ ਖਾਂਦੇ ਸਨ, ਉਹ ਅਪੂਰਣ ਸੀ, ਪਰ ਉਸ ਨੂੰ ਇਹ ਪਤਾ ਨਹੀਂ ਸੀ ਕਿ ਉਸ ਕਰਕੇ, ਬੰਦਾ ਬਿਮਾਰ ਵੀ ਪੈ ਸਕਦਾ ਹੈ। ਹੁਣ ਉਸ ਨੂੰ ਇਸ ਗੱਲ ਦਾ ਧਿਆਨ ਰੱਖਣਾ ਪਵੇਗਾ ਕਿ ਉਹ ਬਿਹਤਰ ਖਾਣਾ ਖਾਣ।

"ਮੇਰੇ ਪਾਸ ਸੱਭ ਤਰ੍ਹਾਂ ਦੀਆਂ ਵਿਉਂਤਾਂ ਹਨ ਲੀਲਾ" ਉਹ ਚਾਅ ਨਾਲ ਫਿੱਸ ਪਿਆ।"ਮੈਂ ਤੈਨੂੰ ਦੱਸਾਂਗਾ-"

"ਆ, ਪਹਿਲਾਂ ਆਪਣੀ ਮਿਠਿਆਈ ਖਾ ਲੈ। ਅਸੀਂ ਇਹ ਦੀਵਾਲੀ ਲਈ ਬਣਾਈ ਸੀ, ਪਰ ਅਸੀਂ ਅੱਜ ਤੋਂ ਹੀ ਦੀਵਾਲੀ ਮਨਾਉਣੀ ਸ਼ੁਰੂ ਕਰ ਦਿਆਂਗੇ।" ਉਹ ਹੱਸ ਪਈ ਅਤੇ ਮਿਠਿਆਈ ਵਾਲਾ ਥਾਲ ਲੈਣ ਚਲੀ ਗਈ। ਹਰੀ ਆਪਣੀ ਪਸੰਦ ਦੀਆਂ ਚੀਜ਼ਾਂ ਚੁੱਕ-ਚੁੱਕ ਖਾਣ ਲੱਗਾ, ਮਿੱਠੀ ਸੂਜੀ ਅਤੇ ਕੱਦੂ-ਕਸ਼ ਕੀਤੇ ਨਾਰੀਅਲ ਨਾਲ ਭਰ ਕੇ ਤਲਿਆ ਮਾਲ੍ਹ ਪੂੜਾ। ਉਹ ਬੜੀ ਤਮ੍ਹਾ ਨਾਲ ਉਸ ਦੇ ਮੁੱਚ ਭਰਦਾ ਰਿਹਾ। ਉਹ ਖ਼ਸਤਾ ਤੇ ਨਰਮ ਸੀ। ਲੀਲਾ ਹਮੇਸ਼ਾ ਏਸੇ ਤਰ੍ਹਾਂ ਦੇ ਹੀ ਬਣਾਇਆ ਕਰਦੀ ਸੀ। ਉਹਦਾ ਮੂੰਹ ਹਾਲੇ ਵੀ ਭਰਿਆ ਹੋਇਆ ਸੀ, ਜਦੋਂ ਬੇਲਾ ਅਤੇ ਕਮਲ ਵੀ ਪੁੱਜ ਗਈਆਂ।

ਉਹਨਾਂ ਨੂੰ ਨਹੀਂ ਸੀ ਪਤਾ ਕਿ ਅੱਗੋਂ ਕੀ ਕਰਨ-! ਇੱਕ-ਦੂਸਰੇ ਨੂੰ ਗਲੇ ਲਾਉਣ, ਗੱਲਾਂ ਕਰਨ ਜਾਂ ਮਿਠਿਆਈ ਖਾਣ ! ਉਹ ਇੱਕੋ ਸਮੇਂ ਇਹ ਸਭ ਕੁੱਝ ਕਰਦੇ ਰਹੇ ਅਤੇ ਖ਼ੂਬ ਰੌਲਾ ਰੱਪਾ ਪੈਂਦਾ ਰਿਹਾ। ਫਿਰ ਹਰੀ ਉਹਨਾਂ ਲਈ ਲਿਆਂਦੀਆਂ ਸੁਗ਼ਾਤਾਂ ਕੱਢ ਲਿਆਇਆ। ਉਹ ਸੁਗ਼ਾਤਾਂ ਜਿਹਨਾਂ ਨੂੰ ਬੰਬਈ ਵਿੱਚ ਘੜੀਆਂ ਮੁਰੰਮਤ ਕਰਨ ਦੇ ਉਹਦੇ ਪੈਸਿਆਂ ਨਾਲ, ਮਿਸਟਰ ਪਾਨਵਾਲਾ ਨੇ ਖ਼ਰੀਦਣ ਵਿੱਚ, ਉਸ ਦੀ ਸਹਾਇਤਾ ਕੀਤੀ ਸੀ- ਛੋਟੀਆਂ ਕੁੜੀਆਂ ਲਈ ਧਾਤ ਦੀਆਂ ਚੂੜੀਆਂ, ਜਿਹਨਾਂ ਉਤੇ ਰੁਪਹਿਲੀ ਤੇ ਸੁਨਹਿਰੀ ਝਾਲ ਚੜ੍ਹੀ ਹੋਈ ਸੀ ਜਿਸ ਨਾਲ ਉਹ ਲਿਸ਼-ਲਿਸ਼ ਕਰ ਰਹੀਆਂ ਸਨ। ਲੀਲਾ ਲਈ ਇੱਕ ਸਾੜ੍ਹੀ, ਘਰ ਦੇ ਕੱਤੇ ਮੋਟੇ ਠੁੱਲ੍ਹੇ ਸੂਤ ਦੀ ਨਹੀਂ, ਜੋ ਕੋਈ ਵੀ ਪਿੰਡ ਵਿੱਚ ਹੀ ਖ਼ਰੀਦ ਸਕਦਾ ਸੀ, ਸਗੋਂ ਮਿੱਲ ਦੀ ਬਣੀ ਜਾਲੀਦਾਰ ਰੇਸ਼ਮੀ ਕੱਪੜੇ ਦੀ, ਗੁਲਾਬੀ ਤੇ ਚਿੱਟੀ ਧਾਰੀ ਵਾਲੀ, ਜਿਵੇਂ ਸਵੇਰ ਸਮੇਂ ਦਾ ਕੋਈ ਸੱਜਰਾ ਖਿੜਿਆ ਫੁੱਲ ਹੋਵੇ। ਤਿੰਨੋਂ ਹੀ ਕੁੜੀਆਂ ਹੈਰਾਨ ਭੌਂਚਕੀਆ ਰਹਿ ਗਈਆਂ, ਜਦੋਂ ਉਹਨੇ, ਉਹਨਾਂ ਦੇ ਵੇਖਣ ਲਈ, ਸਾੜ੍ਹੀ ਦੀਆਂ ਤੈਹਿਵਾਂ ਖੋਲ੍ਹੀਆਂ-ਏਨੀ ਸੁੰਦਰ ਏਨੀ ਕੀਮਤੀ ਜਾਂ ਏਨੀ ਫ਼ੈਸ਼ਨਦਾਰ ਚੀਜ਼, ਉਹਨਾਂ ਦੇ ਘਰ ਵਿਚ, ਇਸ ਤੋਂ ਪਹਿਲਾਂ ਕਦੇ ਨਹੀਂ ਸੀ ਆਈ। ਲੀਲਾ ਨੇ ਇਕ ਹਟਕੋਰਾ ਲਿਆ ਅਤੇ ਛੋਟੀਆਂ ਕੁੜੀਆਂ ਖ਼ੁਸ਼ੀ ਵਿੱਚ ਕਿਲਕਾਰੀਆਂ ਮਾਰਨ ਲੱਗੀਆਂ ਅਤੇ ਉਹਨਾਂ ਆਪਣੇ ਹੱਥ ਮੂੰਹ 'ਤੇ ਘੁੱਟ ਲਏ।

"ਹਰੀ-ਵੀਰ, ਤੂੰ ਏਨਾ ਪੈਸਾ ਲਿਆ ਕਿਥੋਂ?" ਤੂੰ ਏਨਾ ਖ਼ਰਚ ਕਿਵੇਂ ਕੀਤਾ?" "ਮੈਂ ਪੈਸੇ ਬਚਾ ਕੇ ਵੀ ਲਿਆਇਆ ਹਾਂ।" ਉਹਨੇ ਉਹਨਾਂ ਨੂੰ ਵਿਸ਼ਵਾਸ ਦੁਆਇਆ। "ਮੈਂ ਬੰਬਈ ਵਿੱਚ,

ਜੋ ਕੁਝ ਵੀ ਕਮਾਇਆ, ਉਸ ਨੂੰ ਬਚਾ ਕੇ ਰੱਖਿਆ। ਮੈਂ ਉਥੇ ਕਦੇ ਵੀ ਕੁੱਝ ਵੀ ਖ਼ਰਚ ਨਹੀਂ ਕੀਤਾ-ਮੈਂ ਕਦੇ ਸਿਨਮਾ ਨਹੀਂ ਸੀ ਗਿਆ ਜਾਂ ਕਦੇ ਸਿਗਰਟ ਤੱਕ ਨਹੀਂ ਸੀ ਖ਼ਰੀਦੀ। ਮੇਰੇ ਕੋਲ ਦੋ ਕੰਮ ਸਨ।" ਉਹਨੇ ਹੈਂਕੜ ਨਾਲ ਆਖਿਆ-ਉਹ ਰਹਿ ਨਹੀਂ ਸੀ ਸਕਿਆ ! ਉਹਨੂੰ ਪਤਾ ਸੀ ਕਿ ਕੁੜੀਆਂ ਨੂੰ ਵੀ ਉਨਾ ਹੀ ਆਨੰਦ ਆ ਰਿਹਾ ਸੀ, ਜਿੰਨਾ ਉਸ ਨੂੰ ਆਪ। "ਮੈਂ ਇੱਕ ਭੋਜਨ-ਸ਼ਾਲਾ ਵਿੱਚ ਕੰਮ ਕਰਦਾ ਸਾਂ, ਜਿਥੇ ਮਾਲਿਕ ਨੇ ਮੈਨੂੰ ਖ਼ੁਰਾਕ ਤੇ ਰਿਹਾਇਸ਼ ਮੁਫ਼ਤ ਦਿੱਤੀ ਹੋਈ ਸੀ, ਨਾਲੇ ਤਨਖ਼ਾਹ ਵੀ ਦਿੰਦਾ ਸੀ। ਅਤੇ ਮੈ ਨਾਲ ਲੱਗਦੀ ਘੜੀਆਂ ਮੁਰੰਮਤ ਕਰਨ ਦੀ ਦੁਕਾਨ 'ਤੇ ਵੀ ਕੰਮ ਕਰਦਾ ਸਾਂ। ਜੋ ਘੜੀਆਂ ਮੈਂ ਠੀਕ ਕਰਦਾ ਸਾਂ, ਉਹਨਾਂ ਦੇ ਪੈਸੇ ਮੈਨੂੰ ਮਿਲਦੇ ਸਨ- ਤੁਹਾਨੂੰ ਪਤੈ ਕਿ ਮੈਂ ਘੜੀਆਂ ਮੁਰੰਮਤ ਕਰਨੀਆਂ ਸਿਖ ਲਈਆਂ ਹਨ।"

"ਘੜੀਆਂ ਮੁਰੰਮਤ ਕਰਨੀਆਂ?" ਬੇਲਾ ਤੇ ਕਮਲ ਹੈਰਾਨੀ ਵਿਚ ਚਿੱਲਾ ਉਠੀਆਂ।

"ਘੜੀਆਂ ਮੁਰੰਮਤ ਕਰਨੀਆਂ !" ਲੀਲਾ ਨੇ ਪੋਲੀ ਜਿਹੀ ਆਵਾਜ਼ ਵਿੱਚ ਆਖਿਆ। ਉਸਦਾ ਚਿਹਰਾ ਉਤਰ ਗਿਆ ਸੀ। ਇਹ ਸਭ ਤੋਂ ਬੇਕਾਰ ਕੰਮ ਜਾਪਦਾ ਸੀ, ਜੋ ਥਲ ਦੇ, ਮੱਛੀਆਂ ਫੜਨ ਵਾਲੇ ਪਿੰਡ ਵਿੱਚ, ਕੋਈ ਬੰਦਾ ਲਿਆ ਸਕਦਾ ਸੀ, ਜਿਥੇ ਕਦੇ ਵੀ ਕਿਸੇ ਆਦਮੀ ਨੂੰ, ਇਹ ਜਾਨਣ ਲਈ ਘੜੀ ਵੇਖਣ ਦੀ ਲੋੜ ਨਹੀਂ ਸੀ ਪਈ ਕਿ ਉਹਨੇ ਆਪਣੀ ਕਿਸ਼ਤੀ ਕਦੋਂ ਬਾਹਰ ਲਿਜਾਣੀ ਹੈ ਜਾਂ ਮੱਛੀ ਲੈ ਕੇ ਕਦੋਂ ਮੁੜਨਾ ਹੈ। ਜਵਾਰ-ਭਾਟੇ ਤੋਂ ਅਤੇ ਸੂਰਜ ਤੋਂ, ਵਕਤ ਦਾ ਪਤਾ ਲੱਗ ਜਾਂਦਾ ਸੀ।

ਹਰੀ ਦੱਸ ਸਕਦਾ ਸੀ ਕਿ ਲੀਲਾ ਨੂੰ ਨਿਰਾਸ਼ਾ ਹੋਈ ਹੈ। "ਮੈਨੂੰ ਪਤੈ ਕਿ ਇਸ ਵੇਲੇ ਏਥੇ ਕੋਈ ਘੜੀਆਂ ਨਹੀਂ, ਲੀਲਾ-ਪਰ ਫ਼ੈਕਟਰੀ ਖੜੀ ਹੋਣ ਤੱਕ ਅਤੇ ਹਾਊਸਿੰਗ ਕਾਲੋਨੀ ਬਣਨ ਤੱਕ ਉਡੀਕ ਕਰਨਾ। ਫਿਰ ਏਥੇ, ਆਲੇ-ਦੁਆਲੇ ਬਥੇਰੇ ਲੋਕ ਹੋ ਜਾਣਗੇ ਘੜੀਆਂ ਵਾਲੇ ਅਤੇ ਮੈਂ ਥਲ ਵਿਚ ਕੱਲਮ-ਕੱਲ੍ਹਾ ਬੰਦਾ ਹੋਵਾਂਗਾ, ਜਿਸ ਨੂੰ ਘੜੀਆਂ ਦੀ ਮੁਰੰਮਤ ਕਰਨੀ ਤੇ ਉਹਨਾਂ ਨੂੰ ਤੇਲ ਦੇਣਾ ਆਦਿ ਆਉਂਦਾ ਹੈ। ਉਹਨਾਂ ਨੂੰ ਆਪਣੀਆਂ ਘੜੀਆਂ ਠੀਕ ਕਰਾਉਣ ਲਈ ਏਨੀ ਦੂਰ ਬੰਬਈ ਨਹੀਂ ਜਾਣਾ ਪਏਗਾ। ਏਥੇ ਹਾਲਾਤ ਬਦਲ ਜਾਣਗੇ, ਲੀਲਾ।"

"ਕੀ ਉਹ ਬਦਲ ਜਾਣਗੇ?" ਉਹਨੇ ਸੰਦੇਹ ਨਾਲ ਪੁੱਛਿਆ।" ਕਦੋਂ? ਇਸ ਨੂੰ ਕਿੰਨਾ ਚਿਰ ਲੱਗੇਗਾ। ਅਤੇ ਤਦ ਤੱਕ ਅਸੀਂ ਕੀ ਕਰਾਂਗੇ ?"

"ਪਰ ਮੈਂ ਆਪਣੇ ਨਾਲ ਪੈਸੇ ਵੀ ਤਾਂ ਲਿਆਇਆ ਹਾਂ। ਮੈਂ ਉਸ ਬਾਰੇ ਤੁਹਾਡੇ ਨਾਲ ਵਿਚਾਰ ਕਰਨਾ ਚਾਹੁੰਦਾ ਹਾਂ-ਮੈਂ ਮਾਂ ਨਾਲ ਵਿਚਾਰ ਕਰਨਾ ਚਾਹੁੰਦਾ ਹਾਂ, ਜਦੋਂ ਉਸ ਨੂੰ ਵੇਖਣ ਜਾਵਾਂਗਾ।" ਉਹਨੇ ਪਿਉ ਦਾ ਜ਼ਿਕਰ ਨਾ ਕੀਤਾ-ਉਹਨੂੰ ਪਤਾ ਸੀ, ਅਜਿਹਾ ਕਰਨਾ ਵਿਅਰਥ ਹੀ ਹੋਵੇਗਾ। "ਅਸੀਂ ਉਸ ਪੈਸੇ ਨੂੰ ਕਿਸੇ ਵਰਤੋਂ ਵਿੱਚ ਲਿਆ ਸਕਦੇ ਹਾਂ। ਮੈਂ ਸੋਚਿਆ ਸੀ, ਅਸੀਂ ਚੂਜ਼ੇ ਖ਼ਰੀਦ ਲਵਾਂਗੇ ਅਤੇ ਆਪਣੇ ਖੇਤ ਵਿੱਚ ਮੁਰਗ਼ੀਖ਼ਾਨਾ ਸ਼ੁਰੂ ਕਰ ਦਿਆਂਗੇ। ਇਹ ਮੰਡੀ ਵਾਸਤੇ ਬਾਗ਼-ਬਗ਼ੀਚਾ ਲਾਉਣ ਲਈ ਬਹੁਤ ਛੋਟਾ ਹੈ। ਪਰ ਮੁਰਗ਼ੀਖ਼ਾਨੇ ਲਈ ਇਹ ਕਾਫ਼ੀ ਹੈ। ਅਸੀਂ ਸ਼ੁਰੂਆਤ ਪਿੰਡ ਵਿਚ ਆਂਡੇ ਵੇਚਣ ਤੋਂ ਕਰ ਸਕਦੇ ਹਾਂ। ਜਦੋਂ ਤੱਕ ਫ਼ੈਕਟਰੀ ਖੜੀ ਹੋਵੇਗੀ ਅਤੇ ਉਹ ਸਾਰੇ ਕਾਮੇ ਏਥੇ ਰਹਿਣ ਵਾਸਤੇ ਆਉਣਗੇ, ਸਾਡੇ ਪਾਸ ਵੇਚਣ ਲਈ ਮੁਰਗ਼ੇ ਵੀ ਹੋ ਜਾਣਗੇ। ਅਸੀਂ ਮੁਰਗ਼ੀਖ਼ਾਨੇ ਤੋਂ ਰੋਜ਼ੀ-ਰੋਟੀ ਬਣਾ ਸਕਦੇ ਹਾਂ।"

ਬੇਲਾ ਅਤੇ ਕਮਲ ਖ਼ੁਸ਼ੀ ਨਾਲ ਚੀਖ਼ ਉਠੀਆਂ। ਉਹਨਾਂ ਨੂੰ ਇਹ ਵਿਚਾਰ ਬਹੁਤ ਹੀ

ਵਧੀਆ ਲੱਗਾ। ਉਹਨਾਂ ਮਿਠਿਆਈ ਵਾਲਾ ਥਾਲ ਇੱਕ ਵਾਰ ਫੇਰ ਅੱਗੇ-ਅੱਗੇ ਕੀਤਾ।

"ਜਦੋਂ ਮੈਂ ਘੜੀਆਂ ਦੀ ਦੁਕਾਨ ਖੋਲ੍ਹ ਲਵਾਂਗਾ, ਉਦੋਂ ਤੁਸੀਂ ਦੋਵੇਂ ਚੂਜ਼ਿਆਂ ਦੀ ਦੇਖ-ਭਾਲ ਕਰ ਸਕਦੀਆਂ ਹੋ।" ਹਰੀ ਨੇ ਉਹਨਾਂ ਨੂੰ ਦੱਸਿਆ। ਮੈਂ ਮੁਰਗ਼ੀਖ਼ਾਨਾ ਸ਼ੁਰੂ ਕਰ ਦੇਵਾਂਗਾ ਅਤੇ ਫਿਰ ਉਸਨੂੰ ਚਲਾਉਣ ਦਾ ਕੰਮ ਤੁਹਾਨੂੰ ਸੌਂਪ ਦਿਆਗਾਂ।" ਉਹਨੇ ਖ਼ੁਸ਼ੀ ਨਾਲ ਖਿੜ ਕੇ, ਉਹਨਾਂ ਵਲ ਤੱਕਿਆ ਕਿਉਂਕਿ ਉਹ ਇਹ ਭਾਂਪ ਸਕਦਾ ਸੀ ਕਿ ਉਹਨਾਂ ਨੂੰ ਇਹ ਵਿਚਾਰ ਪਸੰਦ ਸੀ।

ਇਹ ਥਲ ਵਿੱਚ ਪਹਿਲਾ ਮੁਰਗ਼ੀਖ਼ਾਨਾ ਹੋਵੇਗਾ।" ਕਮਲ ਨੇ ਉਚੀ ਸਾਰੀ ਆਖਿਆ। "ਕੀਹਿਮ 'ਚ ਇਕ ਮੁਰਗ਼ੀਖ਼ਾਨਾ ਹੈ ਅਤੇ ਕੁੱਝ ਅਲੀਬਾਗ਼ 'ਚ ਹਨ, ਪਰ ਥਲ ਵਿੱਚ ਇਹ ਪਹਿਲਾ ਮੁਰਗ਼ੀਖ਼ਾਨਾ ਹੋਵੇਗਾ। ਅਤੇ ਉਹ ਸਾਡਾ ਹੋਵੇਗਾ।"

"ਪਹਿਲਾਂ ਏਥੇ ਇੱਕ ਹੋਇਆ ਕਰਦਾ ਸੀ।" ਲੀਲਾ ਨੇ ਉਹਨਾਂ ਨੂੰ ਚੇਤੇ ਕਰਾਇਆ। ਬੁੱਢੇ ਸ੍ਰਾਬੂ ਦਾ ਇੱਕ ਮੁਰਗ਼ੀਖ਼ਾਨਾ ਹੋਇਆ ਕਰਦਾ ਸੀ-ਤੁਸੀਂ ਹਾਲੇ ਵੀ ਉਹਦੇ ਬਾਗ਼ ਵਿੱਚ, ਉਹ ਸੱਭ ਟੁੱਟੇ-ਭੱਜੇ ਵਾੜੇ, ਦੜਬੇ ਅਤੇ ਤਾਰ ਦੀਆਂ ਜਾਲੀਆਂ ਵੇਖ ਸਕਦੀਆਂ ਹੋ। ਉਹ ਫ਼ੇਲ੍ਹ ਹੋ ਗਿਆ।"

"ਇਸ ਦਾ ਕਾਰਨ ਇਹ ਸੀ ਕਿ ਥਲ ਵਿੱਚ ਆਂਡੇ ਅਤੇ ਮੁਰਗ਼ੇ ਖ਼ਰੀਦਣ ਵਾਲਾ ਕੋਈ ਨਹੀਂ ਸੀ, ਲੀਲਾ !" ਹਰੀ ਨੇ ਦੱਸਿਆ ਅਤੇ ਉਸ ਪਾਸ ਕੋਈ ਵੈਨ ਨਹੀਂ ਸੀ, ਜਿਸ ਵਿੱਚ ਕਿ ਉਹ ਉਹਨਾਂ ਨੂੰ ਵੇਚਣ ਵਾਸਤੇ ਬੰਬਈ ਲਿਜਾ ਸਕਦਾ। ਪਰ ਹੁਣ ਸਗੋਂ ਲੋਕ ਥਲ ਵਿਚ ਆ ਜਾਣਗੇ-ਹਜ਼ਾਰਾਂ ਹੀ-ਸਾਡੇ ਪਾਸ ਸਪਲਾਈ ਨਾਲੋਂ ਵਧੇਰੇ ਖ਼ਰੀਦਕਾਰ ਹੋਣਗੇ। ਲੀਲਾ, ਤੁਸੀਂ ਵੇਖੋਗੀਆਂ ਇਹ ਬਹੁਤ ਤਰੱਕੀ ਕਰੇਗਾ-ਖ਼ੂਬ ਵਧੇ ਵਿਗਸੇਗਾ। ਇਹ ਫ਼ੇਲ੍ਹ ਨਹੀਂ ਹੋ ਸਕਦਾ। ਅਤੇ ਮਾਂ ਦੇ ਖਾਣ ਲਈ ਵੀ ਆਂਡੇ ਤੇ ਮੁਰਗ਼ੇ ਹੋਣਗੇ।" ਉਹਨੇ ਆਖਿਆ, ਉਸਨੂੰ ਦਮ-ਦਿਲਾਸਾ ਦੇਣ, ਖ਼ੁਸ਼ ਕਰਨ ਦੀ ਕੋਸ਼ਿਸ਼ ਕਰਦਿਆਂ।

ਉਹ ਇਸ ਵਿਚਾਰ 'ਤੇ ਇਕਦਮ ਮੁਸਕਰਾ ਉਠੀ। ਇਹ ਮਾਂ ਲਈ ਚੰਗਾ ਹੋਵੇਗਾ।" ਉਹਨੇ ਸਹਿਮਤੀ ਜ਼ਾਹਿਰ ਕੀਤੀ। "ਸਗੋਂ ਉਹ ਮਦਦ ਵੀ ਕਰੇਗੀ ਜਦੋਂ ਉਹ ਤਕੜੀ ਹੋ ਜਾਵੇਗੀ।"

"ਤੂੰ ਮੈਨੂੰ ਬੰਬਈ ਦੀ ਹਰ ਗੱਲ ਦੱਸ। ਮੈਨੂੰ ਸਾਰੀ ਖ਼ਬਰ ਦੇ। ਤੂੰ ਕਦੇ ਵੀ ਕੁੱਝ ਨਹੀਂ ਲਿਖਿਆ।"

"ਸਾਨੂੰ ਪਤਾ ਨਹੀਂ ਸੀ, ਤੂੰ ਕਿਥੇ ਹੈਂ। ਜਦ ਵੀ ਕਦੇ ਕੋਈ ਬੰਬਈ ਜਾਂਦਾ ਸੀ, ਅਸੀਂ ਸੁਨੇਹੇ ਭੇਜਦੇ ਸਾਂ, ਪਰ ਕੋਈ ਵੀ ਤੈਨੂੰ ਲੱਭ ਨਾ ਸਕਿਆ।"

ਉਹਨੇ ਸਿਰ ਹਿਲਾਇਆ। "ਮੈਂ ਕੁੱਝ ਚਿਰ ਲਈ ਆਪਣੇ-ਆਪ 'ਚ ਆਪਣੇ ਪੈਰਾਂ 'ਤੇ ਹੋਣਾ ਚਾਹੁੰਦਾ ਸਾਂ। ਪਿਤਾ......" ਅਤੇ ਅਖ਼ੀਰ ਉਹਨੇ ਉਹ ਲਫਜ਼ ਆਖਿਆ, ਜੋ ਉਹ ਆਖਣਾ ਨਹੀਂ ਸੀ ਚਾਹੁੰਦਾ- "ਪਿਤਾ—ਉਹ ਕਿਥੇ ਹੈ?"

ਉਸ ਦੀਆਂ ਭੈਣਾਂ ਦੀ ਉਚੀ ਆਵਾਜ਼ ਅਤੇ ਖ਼ੁਸ਼ੀ ਤੋਂ ਇਹ ਗੱਲ ਸਪੱਸ਼ਟ ਸੀ ਕਿ ਉਹਨਾਂ ਦਾ ਪਿਤਾ ਅੰਦਰ ਨਹੀਂ ਸੀ, ਆਮ ਵਾਂਗ ਦਿਨ-ਵੇਲੇ ਵੀ ਪੀ ਕੇ ਸੁੱਤਾ ਹੋਇਆ।

"ਉਹ ਅਲੀਬਾਗ਼ 'ਚ ਹੈ।" ਲੀਲਾ ਨੇ ਉਸ ਨੂੰ ਸਹਿਜਤਾ ਨਾਲ ਦੱਸਿਆ। "ਉਹ ਮਾਂ ਦੇ ਪਿੱਛੇ ਜਾਣਾ ਚਾਹੁੰਦਾ ਸੀ। ਜਦੋਂ ਡੀ ਸਿਲਵਾ ਪਰਿਵਾਰ ਵਾਲੇ ਮਾਂ ਨੂੰ ਲੈ ਕੇ ਹਸਪਤਾਲ

ਗਏ, ਤਾਂ ਉਹ ਬਹੁਤ ਰੋਹ ਵਿੱਚ ਆਇਆ। ਬਹੁਤ ਗ਼ੁੱਸੇ ਹੋਇਆ। ਉਹ ਚੀਖ਼ਿਆ-ਚਿੱਲਾਇਆ, ਕੂਕਿਆ-ਕੁਰਲਾਇਆ। ਉਹਨੇ ਸਾਡੇ ਪਾਣੀ ਵਾਲੇ ਸਾਰੇ ਭਾਂਡੇ ਭੰਨ ਤੋੜ ਦਿੱਤੇ। ਤੈਨੂੰ ਪਤੈ ਉਹ ਤਾੜੀ ਪੀਂਦਾ ਸੀ, ਪਰ ਉਹਨੇ ਤਾੜੀ ਪੀਣੀ ਛੱਡ ਦਿੱਤੀ ਅਤੇ ਮਾਂ ਦੇ ਮਗਰ ਅਲੀਬਾਗ਼ ਚਲਿਆ ਗਿਆ, ਇਹ ਵੇਖਣ ਲਈ ਕਿ ਉਸ ਦੀ ਠੀਕ ਤਰ੍ਹਾਂ ਦੇਖਭਾਲ ਹੋਵੇ। ਉਹ ਉਦੋਂ ਤੋਂ ਉਥੇ ਹੀ ਹੈ, ਕਦੇ ਵਾਪਸ ਨਹੀਂ ਆਇਆ। ਜਦ ਕਦੋਂ ਵੀ ਮੈਂ ਮਾਂ ਨੂੰ ਵੇਖਣ ਜਾਂਦੀ ਹਾਂ, ਮੈਂ ਹਮੇਸ਼ਾ, ਉਸਨੂੰ ਮਾਂ ਦੇ ਕਮਰੇ ਦੇ ਬਾਹਰ ਵਰਾਂਡੇ ਵਿੱਚ ਬੈਠਾ, ਜਾਂ ਫਿਰ ਕਈ ਵਾਰੀ ਹਸਪਤਾਲ ਦੇ ਇਹਾਤੇ 'ਚ ਬੈਠਾ ਵੇਖਦੀ ਹਾਂ। ਉਹ ਆਖਦਾ ਹੈ, ਮਾਂ ਨੂੰ ਉਸ ਦੀ ਲੋੜ ਪੈ ਸਕਦੀ ਹੈ, ਇਸ ਲਈ ਉਹ ਉਸ ਥਾਂ 'ਤੇ ਬੈਠਦਾ ਹੈ, ਜਿੱਥੋਂ ਉਹ ਉਸ ਨੂੰ ਆਵਾਜ਼ ਦੇ ਕੇ ਬੁਲਾ ਸਕੇ।"

"ਕੀ ਉਹ ਉਥੇ ਵੀ ਪੀਂਦਾ ਹੈ?"

ਉਹਨੇ ਆਪਣਾ ਸਿਰ ਹਿਲਾਇਆ। "ਮੇਰਾ ਨਹੀਂ ਖ਼ਿਆਲ, ਉਹ ਪੀਂਦਾ ਹੈ। ਉਸ ਨੇ ਪੀਣੀ ਛੱਡ ਦਿੱਤੀ ਲੱਗਦੀ ਹੈ। ਤੈਨੂੰ ਪਤੈ, ਉਸ ਪਾਸ ਇਸ ਲਈ ਪੈਸੇ ਵੀ ਨਹੀਂ। ਡੀ ਸਿਲਵਾ ਪਰਿਵਾਰ ਵਾਲਿਆਂ ਉਹਨੂੰ ਕੁੱਝ ਪੈਸੇ ਦਿੱਤੇ ਸਨ ਅਤੇ ਕੁੱਝ ਪੈਸੇ ਮੈਂ ਉਸ ਲਈ ਲੈ ਜਾਂਦੀ ਹਾਂ-ਖਾਣੇ ਜੋਗੇ ਹੀ, ਤਾੜੀ ਲਈ ਨਹੀਂ, ਉਹਨੇ ਕਦੇ ਹੋਰ ਮੰਗੇ ਵੀ ਨਹੀਂ। ਮੇਰਾ ਨਹੀਂ ਖ਼ਿਆਲ ਕਿ ਉਹ ਹੁਣ ਵੀ ਪੀਣਾ ਚਾਹੁੰਦਾ ਹੈ!"

"ਅਤੇ ਉਹ ਥਾਨੇਕਰ-ਕੀ ਉਹ ਫਿਰ ਵੀ ਕਦੇ ਆਏ?"

"ਨਹੀਂ ! ਉਹਨਾਂ ਸਾਡਾ ਖਹਿੜਾ ਛੱਡ ਦਿੱਤਾ ਹੈ।" ਲੀਲਾ ਨੇ ਜਿਵੇਂ ਸੁੱਖ ਦਾ, ਸ਼ੁਕਰ ਦਾ ਸਾਹ ਲਿਆ। "ਮੇਰਾ ਖ਼ਿਆਲ ਹੈ ਕਿ ਆਖ਼ਿਰ ਤਾਂ ਉਹਨਾਂ ਨੂੰ ਪਿੰਟੋ ਬਾਰੇ ਬੁਰਾ ਲੱਗਾ ਹੀ ਹੋਵੇਗਾ।"

ਉਹ ਸਾਰੇ ਖ਼ਾਮੋਸ਼ ਬੈਠੇ ਰਹੇ, ਪਿੰਟੋ ਬਾਰੇ ਸੋਚਦੇ, ਆਪਣੇ ਪਿਤਾ ਬਾਰੇ ਸੋਚਦੇ, ਆਪਣੇ ਜੀਵਨ ਵਿੱਚ ਅਚਨਚੇਤੀ ਆਏ ਇਸ ਅਜੀਬ ਤੇ ਨਵੇਂ ਮੋੜ ਬਾਰੇ ਸੋਚਦੇ। ਫਿਰ ਲੀਲਾ ਇਹ ਆਖਦੀ ਹੋਈ ਉਠ ਖੜੀ ਹੋਈ, "ਹਰੀ ਆ, ਬੀਚ 'ਤੇ ਚਲੀਏ ਅਤੇ ਤੇਰੀ 'ਘਰ-ਵਾਪਸੀ' ਦੀ ਖ਼ੁਸ਼ੀ 'ਚ, ਰਾਤ ਦੇ ਖਾਣੇ ਲਈ ਕੁੱਝ ਮੱਛੀ ਖ਼ਰੀਦ ਲਿਆਈਏ। ਆਓ, ਸਾਰੇ ਚਲੀਏ। ਫਿਰ ਤੂੰ ਜਾਂਦਿਆਂ-ਜਾਂਦਿਆਂ ਸਾਨੂੰ ਸਾਰੀਆਂ ਗੱਲਾਂ ਦੱਸ ਸਕਦਾ ਏਂ।"

ਪਰ ਜਦੋਂ ਉਹ ਬੀਚ 'ਤੇ ਪੁੱਜੇ ਤਾਂ ਉਹਨਾਂ ਸਾਰੇ ਆਕਾਸ਼ ਨੂੰ ਡੁੱਬਦੇ ਸੂਰਜ ਦੀ ਲੋਅ ਨਾਲ ਨਿੱਖਰਿਆ-ਨਿੱਖਰਿਆ ਤੱਕਿਆ ਅਤੇ ਬੀਚ ਦੇ ਕੰਢੇ ਗਿੱਲੀ-ਗਿੱਲੀ ਰੇਤ, ਆਪਣੇ ਲਾਲ-ਗੁਲਾਬੀ ਤੇ ਊਦੇ-ਬੈਂਗਣੀ ਰੰਗ ਪ੍ਰਤਿਬਿੰਬਤ ਕਰ ਰਹੀ ਸੀ। ਹਰੀ ਖ਼ੁਸ਼ੀ ਦੇ ਕਾਰਨ, ਬੋਲ ਹੀ ਨਹੀਂ ਸੀ ਪਾ ਰਿਹਾ। ਉਹ ਭੱਜ ਕੇ ਗਿੱਲੀ ਰੇਤ ਵਿੱਚ ਚਲਿਆ ਗਿਆ। ਉਸ ਨੂੰ ਆਪਣੇ ਨੰਗੇ ਪੈਰਾਂ ਹੇਠ ਮਹਿਸੂਸ ਕਰ ਕੇ, ਉਸਦੀ ਛੋਹ ਪਾ ਕੇ, ਉਸ ਨੂੰ ਵਿਸਮਾਦ ਜਿਹੇ ਦਾ ਅਨੁਭਵ ਹੋ ਰਿਹਾ ਸੀ। ਬੇਲਾ ਤੇ ਕਮਲ ਉਸ ਦੇ ਪਿੱਛੇ ਗਈਆਂ। ਉਹ ਉਹਨਾਂ ਨੂੰ ਝਕਾਣੀ ਦੇ ਕੇ, ਇਕ ਪਾਸੇ ਹੋ ਗਿਆ। ਲੀਲਾ ਹੱਸ ਪਈ। ਹਰੀ ਨੇ ਆਪਣਾ ਸਿਰ ਪਿੱਛੇ ਨੂੰ ਸੁੱਟ ਦਿੱਤਾ ਅਤੇ ਜ਼ੋਰ ਦੀ ਖੰਘਿਆ, ਜਿਸ ਨਾਲ ਸਮੁੰਦਰ-ਕੰਢੇ ਤੋਂ ਮੁਰਗਾਈਆਂ ਉਡ ਗਈਆਂ ਅਤੇ ਅਸਮਾਨ ਵਿੱਚ ਏਧਰ-ਉਧਰ ਚੱਕਰ ਲਾਉਣ ਲੱਗੀਆਂ, ਚੀਖ਼ਦੀਆਂ ਹੋਈਆਂ ਕੁਆਂਕਦੀਆਂ ਹੋਈਆਂ। ਹਰੀ ਨੇ ਮਹਿਸੂਸ ਕੀਤਾ, ਜਿਵੇਂ ਉਹ ਕੋਈ ਨਵਾਂ ਆਦਮੀ ਹੋਵੇ, ਕਿਸੇ ਉਸ ਵਰਗਾ ਜੋ ਕਿਸੇ ਕੱਸ ਕੇ ਬੰਦ ਕੀਤੇ ਬਕਸੇ ਵਿੱਚੋਂ ਨਿਕਲਿਆ ਹੋਵੇ ਅਤੇ ਜਿਸ ਨੇ ਹੁਣ ਪਹਿਲੀ ਵਾਰ ਲੋਅ



ਵੇਖੀ ਹੋਵੇ ਅਤੇ ਜਿਸ ਨੂੰ ਪਹਿਲੀ ਵਾਰ ਹੀ ਸਮੀਰ ਦਾ ਇਹਸਾਸ ਹੋਇਆ ਹੋਵੇ। ਉਸ ਨੇ ਜਿਵੇਂ ਕੋਈ ਨਵਾਂ ਜਨਮ ਲਿਆ ਹੋਵੇ, ਜਿਵੇਂ ਕੋਈ ਤਿਤਲੀ ਆਪਣੇ ਕੋਏ ਵਿਚੋਂ ਬਾਹਰ ਨਿਕਲੀ ਹੋਵੇ। ਬੇਲਾ ਨੇ ਉਸ ਦੀ ਇੱਕ ਬਾਂਹ ਫੜ ਲਈ ਅਤੇ ਕਮਲ ਨੇ ਦੂਸਰੀ ਬਾਂਹ।

ਹੱਸਦੇ-ਹੱਸਦੇ ਉਹ ਬੀਚ ਤੋਂ ਪਿੱਛੇ ਵਲ ਨੂੰ ਮੁੜੇ, ਮੁਰਗ਼ਾਈਆਂ ਨੂੰ ਹੇਠਾਂ ਵਲ ਝਪੱਟੇ ਮਾਰਦੀਆਂ ਵੇਖਦੇ ਹੋਏ, ਜੋ ਲੰਮੀਆਂ-ਲੰਮੀਆਂ ਸੱਪ-ਮੱਛੀਆਂ ਉੱਤੇ ਠੂੰਗੇ ਮਾਰ ਰਹੀਆਂ ਸਨ, ਜੋ ਪਿੰਡ ਦੀਆਂ ਔਰਤਾਂ ਨੇ ਪੱਧਰੀਆਂ-ਚੁਫ਼ਾਲ ਸਾਫ਼ ਥਾਵਾਂ 'ਤੇ ਸੁੱਕਣੇ ਪਾਈਆਂ ਹੋਈਆਂ ਸਨ ਅੰਤੇ ਬਾਂਸ ਦੀਆਂ ਜਾਲੀਆਂ 'ਤੇ ਧੁੱਪ ਵਿੱਚ ਟੰਗੀਆਂ ਹੋਈਆਂ ਸਨ। ਇਕ ਮੁਰਗ਼ਾਈ ਉਹਨਾਂ ਵਿੱਚੋਂ ਇੱਕ 'ਬੰਬਈ ਬੱਤਖ' ਜਿਵੇਂ ਕਿ ਉਹਨਾਂ ਨੂੰ ਆਖਿਆ ਜਾਂਦਾ ਸੀ, ਨੂੰ ਆਪਣੀ ਚੁੰਜ ਵਿੱਚ ਚੁੱਕ ਕੇ ਉਪਰ ਵਲ ਨੂੰ ਉਡ ਗਈ। ਬਾਕੀਆਂ ਨੇ ਉਸਨੂੰ ਖੋਹਣ ਲਈ ਟੁੱਭੀਆਂ-ਝੁੱਟੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਬੀਚ 'ਤੇ ਡਿੱਗ ਪਈ ਅਤੇ ਸਾਰੀਆਂ ਮੁਰਗ਼ਾਈਆਂ

ਉਸਨੂੰ ਚੁੱਕਣ ਲਈ ਹੇਠਾਂ ਨੂੰ ਝਪਟੀਆਂ ਅਤੇ ਫਿਰ ਜਵਾਰ-ਭਾਟੇ ਦੀ ਰੇਖਾ ਦੇ ਨਾਲ-ਨਾਲ ਬੈਠਣ-ਟਿਕਣ ਲਈ ਅੱਗੇ ਨੂੰ ਉਡ ਗਈਆਂ, ਲੜਦੀਆਂ-ਝਗੜਦੀਆਂ ਕੁਆਂਕਦੀਆਂ-ਕੁੜਕੁੜਾਂਦੀਆਂ, ਇੰਨ-ਬਿੰਨ ਮੁਰਗ਼ੀਖ਼ਾਨੇ ਦੇ ਮੁਰਗ਼ੇ-ਮੁਰਗ਼ੀਆਂ ਵਾਂਗ ਹੀ, ਫ਼ਰਕ ਸਿਰਫ਼ ਉਹਨਾਂ ਦੇ ਲਿਸ਼-ਲਿਸ਼ ਕਰਦੇ ਸਾਫ਼-ਸੁਥਰੇ ਰੰਗਾਂ ਦਾ ਸੀ-ਬਰਫ਼ ਚਿੱਟਾ, ਮੋਤੀ-ਬੱਗਾ, ਸਲੇਟੀ ਅਤੇ ਕਾਲਾ-ਸਿਆਹ।

"ਕੀ ਇਹ ਮੱਛੀ ਲਈ ਚੰਗਾ ਸਾਲ ਹੈ?" ਹਰੀ ਨੇ ਪੁੱਛਿਆ।

"ਮੌਸਮ ਤਾਂ ਹੁਣੇ ਹੀ ਸ਼ੁਰੂ ਹੋਇਐ-ਸਾਨੂੰ ਆਸ ਹੈ ਕਿ ਇਹ ਚੰਗਾ ਹੀ ਹੋਵੇਗਾ।" ਲੀਲਾ ਨੇ ਆਖਿਆ।

ਫਿਰ ਨੀਵੀਂ ਜਿਹੀ ਆਵਾਜ਼ ਵਿੱਚ, ਅਜਿਹਾ ਪ੍ਰਸ਼ਨ ਪੁੱਛਣਾ ਨਾ ਚਾਹੁੰਦਿਆਂ ਵੀ, ਜਿਸ ਦੇ ਉਤਰ ਤੋਂ ਉਸਨੂੰ ਭੈਅ ਆ ਰਿਹਾ ਸੀ, ਹਰੀ ਨੇ ਪੁੱਛ ਹੀ ਲਿਆ, "ਕੀ ਮੱਛੀਆਂ ਫੜਨ ਵਾਲੀਆਂ ਉਹ ਕਿਸ਼ਤੀਆਂ ਮਿਲੀਆਂ, ਜੋ ਤੂਫ਼ਾਨ ਵਿੱਚ ਲਾਪਤਾ ਹੋ ਗਈਆਂ ਸਨ?"

"ਕੀ ਤੂੰ ਉਸ ਬਾਰੇ ਸੁਣਿਆ ਸੀ?" ਉਹਨਾਂ ਹੈਰਾਨ ਹੋ ਕੇ ਪੁੱਛਿਆ, ਫਿਰ ਉਹਨਾਂ, ਉਸਨੂੰ ਖੋਜ-ਟੋਲੀ ਬਾਰੇ ਦੱਸਿਆ ਜੋ ਢੂੰਡ-ਭਾਲ ਲਈ ਗਈ ਸੀ ਅਤੇ ਜਿਸ ਦੀ ਅਗਵਾਈ ਬੀਜੂ ਦੀ ਨਵੀਂ ਕਿਸ਼ਤੀ ਨੇ ਕੀਤੀ ਸੀ, ਜੋ ਉਹਨਾਂ ਨੂੰ ਘਰ ਵਾਪਸ ਲਿਆਈ ਸੀ, ਟੁੱਟੀ ਭੱਜੀ ਹਾਲਤ ਵਿੱਚ, ਪਰ ਜੀਵਿਤ-ਸਿਵਾਏ ਅਲੀਬਾਗ਼ ਦੇ ਤਿੰਨ ਬੰਦਿਆਂ ਦੇ, ਜੋ ਡੁੱਬ ਗਏ ਸਨ।

"ਹੱਛਾ। ਤਾਂ ਬੀਜੂ ਦੀ ਬੇੜੀ ਆਖ਼ਿਰ ਤਾਂ ਥੋੜ੍ਹਾ-ਬਹੁਤ ਕੰਮ ਆਈ।" ਹਰੀ ਨੇ ਸੁੱਖ ਦੇ ਭਾਵ ਨਾਲ ਆਖਿਆ, ਜਿਵੇਂ, ਉਹ ਕਿਸੇ ਬਹੁਤ ਵੱਡੇ ਭਾਰ ਤੋਂ ਮੁਕਤ ਹੋ ਗਿਆ ਹੋਵੇ। ਉਹਨੇ ਮਹਿਸੂਸ ਕੀਤਾ, ਜਿਵੇਂ ਉਸ ਨੂੰ ਤੂਫ਼ਾਨੀ-ਝੱਖੜਾਲੇ ਸਮੁੰਦਰ ਵਿੱਚੋਂ ਖ਼ੁਦ ਨੂੰ ਖਿੱਚ ਕੇ, ਸ਼ਾਂਤ-ਸੁਖਾਵੇਂ ਸਾਹਿਲ 'ਤੇ ਲਿਆਂਦਾ ਗਿਆ ਹੋਵੇ।

"ਇਹ ਬੜੀ ਅਦਭੁਤ ਬੇੜੀ ਹੈ।" ਬੇਲਾ ਅਤੇ ਕਮਲ ਇਕੱਠੀਆਂ ਹੀ ਬੋਲ ਉਠੀਆਂ। "ਪਰ ਫਿਰ ਵੀ ਉਹਨੂੰ ਹਰ ਵੇਲੇ ਉਸ ਬਾਰੇ ਫੜ੍ਹਾਂ ਨਹੀਂ ਮਾਰਦੇ ਰਹਿਣਾ ਚਾਹੀਦੈ।" ਲੀਲਾ ਨੇ ਆਖਿਆ।

"ਨਹੀਂ, ਪਰ ਜੇ ਉਹਨੇ ਮਾਛੀਆਂ ਨੂੰ ਬਚਾਇਆ ਹੈ ਤਾਂ ਸਾਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦੈ।" ਹਰੀ ਨੇ ਉਸ ਨੂੰ ਚੇਤੇ ਕਰਾਇਆ। ਉਹ ਖ਼ੁਦ ਵੀ ਬਹੁਤ ਅਹਿਸਾਨਮੰਦ ਮਹਿਸੂਸ ਕਰ ਰਿਹਾ ਸੀ ਅਤੇ ਉਹਨੇ ਕੁੜੀਆਂ ਨੂੰ ਦੱਸਿਆ ਕਿ ਕਿਵੇਂ ਉਹਨੇ ਤੂਫ਼ਾਨ ਦੇ ਦੌਰਾਨ, ਰੇਡੀਉ ਤੋਂ ਖ਼ਬਰ ਸੁਣੀ ਸੀ ਅਤੇ ਕਿਵੇਂ ਉਸਦਾ ਦਿਲ ਥਲ, ਆਪਣੇ ਘਰ ਆਉਣ ਅਤੇ ਆਪਣੇ ਲੋਕਾਂ ਵਿਚਾਲੇ ਹੋਣ ਨੂੰ ਸਹਿਕ-ਸੱਧਰਾਅ ਉਠਿਆ ਸੀ। ਇਸ ਗੱਲ ਨੇ ਉਸਨੂੰ ਇਹ ਇਹਸਾਸ ਕਰਵਾ ਦਿੱਤਾ ਸੀ ਕਿ ਉਹ ਥਲ ਦਾ ਮੁੰਡਾ ਸੀ ਅਤੇ ਹਮੇਸ਼ਾ ਥਲ ਦਾ ਹੀ ਰਹੇਗਾ। ਉਹਨੇ ਉਹਨਾਂ ਨੂੰ ਦੱਸਿਆ, ਜਿਸ 'ਤੇ ਉਹ ਖ਼ੁਸ਼ੀ ਨਾਲ ਖਿੜ ਉਠੀਆਂ।

ਮੱਛੀਆਂ ਫੜਨ ਵਾਲਾ ਬੇੜਾ ਅੰਦਰ ਆਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਬਾਦਬਾਨ ਆਕਾਸ਼ ਦੇ ਪਿਛੋਕੜ ਵਿੱਚ, ਗਲਫੜਿਆਂ ਵਰਗੀ ਰੂਪ, ਰੇਖਾ ਪੇਸ਼ ਕਰ ਰਹੇ ਸਨ। ਜਿਉਂ ਹੀ ਲਹਿਰ ਬਾਹਰ ਵਲ ਨੂੰ ਜਾ ਰਹੀ ਸੀ, ਬੇੜੀਆਂ ਨੇ ਸਮੁੰਦਰ ਵਿੱਚ ਲੰਗਰ ਸੁੱਟਣੇ ਸਨ ਅਤੇ ਮਾਛਣਾਂ ਨੇ ਆਪਣੀਆਂ ਸਾੜ੍ਹੀਆਂ ਉਪਰ ਛੁੰਗ ਕੇ, ਛਲ-ਛਲ ਕਰਦਿਆਂ ਉਹਨਾਂ ਪਾਸ ਪੁੱਜਣਾ ਸੀ, ਮਛੇਰਿਆਂ ਪਾਸੋਂ ਭਰੇ ਹੋਏ ਟੋਕਰੇ ਪ੍ਰਾਪਤ ਕਰਨ ਅਤੇ ਉਹਨਾਂ ਨੂੰ ਸਾਹਿਲ 'ਤੇ

ਲੈ ਜਾਣ ਲਈ। ਜਿਉਂ ਹੀ ਟੋਕਰੇ ਲਿਆਂਦੇ ਜਾ ਰਹੇ ਸਨ ਅਤੇ ਉਹਨਾਂ ਦੇ ਢੱਕਣ ਲਾਹੇ ਜਾ ਰਹੇ ਸਨ, ਤਾਂ ਬਹੁਤ ਚੀਕ-ਚਿਹਾੜਾ ਪੈ ਰਿਹਾ ਸੀ ਅਤੇ ਝਗੜਾ-ਝੇੜਾ ਹੋ ਰਿਹਾ ਸੀ।

"ਉਹ ਮੁਰਗ਼ਾਈਆਂ ਨਾਲੋਂ ਵੀ ਜ਼ਿਆਦਾ ਰੌਲਾ ਪਾਉਂਦੀਆਂ ਹਨ।" ਲੀਲਾ ਨੇ ਆਖਿਆ।

"ਕੀ ਕੁੱਝ ਮੱਛੀ ਖ਼ਰੀਦ ਲਈਏ? ਮੇਰੇ ਪਾਸ ਪੈਸੇ ਹਨ?" ਹਰੀ ਨੇ ਮਾਣ ਨਾਲ ਆਖਿਆ।

"ਹਲਾ, ਤੂੰ ਸ਼ਹਿਰ ਤੋਂ ਅਮੀਰ ਬਣ ਕੇ ਪਰਤਿਆ ਏਂ? ਠੀਕ ਹੈ ਨਾ?" ਕੁੜੀਆਂ ਉਸ ਨੂੰ ਤੰਗ ਕਰ ਰਹੀਆਂ ਸਨ, ਛੇੜ ਰਹੀਆਂ ਸਨ, ਹੱਸ ਰਹੀਆਂ ਸਨ, ਅਤੇ ਖ਼ੁਸ਼ ਹੋ ਰਹੀਆਂ ਸਨ।

"ਅਮੀਰ, ਘੱਟੋ-ਘੱਟ ਕੁਝ ਦਿਨਾਂ ਲਈ ਤਾਂ ਜ਼ਰੂਰ।" ਹਰੀ ਨੇ ਆਖਿਆ। "ਆ, ਲੀਲਾ, ਚੁਣ ਲੈ। ਪੌਂਫ਼ਰੈਟ ਖ਼ਰੀਦ ਲੈ, ਜਾਂ ਫਿਰ ਸੁਰਮਈ ਜਾਂ ਫਿਰ ਕੁੱਝ ਕੇਕੜੇ ਹੀ।"

ਪਰ ਲੀਲਾ ਅਮੀਰ ਹੋਣ ਦੀ, ਹੋਰ ਤਾਂ ਹੋਰ ਇੱਕ ਦਿਨ ਲਈ ਵੀ, ਅਮੀਰ ਹੋਣ ਦੀ ਆਦੀ ਨਹੀਂ ਸੀ। ਉਹ ਖੜੀ ਖੜੀ ਦੂਸਰਿਆਂ ਨੂੰ ਸੌਦਾ ਕਰਦੇ ਅਤੇ ਮੁੱਲ ਉਤੇ ਰੇੜਕਾ ਪਾਉਂਦੇ ਵੇਖਦੀ ਰਹੀ ਅਤੇ ਅਖ਼ੀਰ ਪ੍ਰੌਨ ਤੇ ਪੌਂਫ਼ਰੈਟ ਦੀਆਂ ਸਾਰੀਆਂ ਟੋਕਰੀਆਂ ਵਿਕ ਗਈਆਂ। ਉਹਨੇ ਕੁੱਝ 'ਜਾਉਲਾ' ਮੱਛੀਆਂ ਖ਼ਰੀਦੀਆਂ, ਪਤਲੀਆਂ-ਪਤਲੀਆਂ, ਬਰੀਕ ਜਿਹੀਆਂ ਗਲ-ਮੁੱਛਲ ਝੀਂਗਾ ਮੱਛੀਆਂ ਜੋ ਇੱਕ ਥੈਲੇ ਦੇ ਥੱਲੇ, ਗੁਲਾਬੀ-ਗੁਲਾਬੀ ਪਿਲਪਿਲਾ ਪੁੰਜ ਜਿਹਾ, ਪਦਾਰਥ ਜਿਹਾ ਬਣੀਆਂ ਪਈਆਂ ਸਨ ਅਤੇ ਜੋ ਸਭ ਤੋਂ ਸਸਤੀਆਂ ਸਨ। ਬੇਲਾ ਤੇ ਕਮਲ ਨਿਰਾਸ਼-ਜਿਹੀਆਂ ਹੋਈਆਂ, ਪਰ ਹਰੀ ਆਖਣ ਲੱਗਾ, "ਮੈਂ ਬੜੇ ਚਿਰ ਤੋਂ 'ਜਾਉਲਾ' ਨਹੀਂ ਸੀ ਖਾਧੀ।" ਅਤੇ ਲੀਲਾ ਨੇ ਉਸ ਦੀ ਖ਼ਰੀਦੀ ਮੱਛੀ, ਘਰ ਲਿਜਾਣ ਵਾਸਤੇ ਇੱਕ ਨਿੱਕੀ ਗੰਢ ਜਿਹੀ ਵਿੱਚ ਬੰਨ੍ਹ ਲਈ।

ਘਰ ਵਲ ਮੁੜਨ ਤੋਂ ਪਹਿਲਾਂ, ਉਹ ਤੁਰਦੇ-ਤੁਰਦੇ ਉਸ ਪਾੜ ਤੱਕ ਪੁੱਜ ਗਏ, ਜੋ ਥਲ ਨੂੰ ਅਲੀਬਾਗ਼ ਨਾਲੋਂ ਅੱਡ ਕਰਦਾ ਸੀ। ਛੋਟੀਆਂ ਤੇ ਮੁਕਾਬਲਤਨ ਹਲਕੀਆਂ ਬੇੜੀਆਂ ਪਾੜ ਤੱਕ ਲੈ ਆਂਦੀਆਂ ਗਈਆਂ ਸਨ। ਉਹਨਾਂ ਦੇ ਬਾਦਬਾਨ ਨੀਵੇਂ ਕਰ ਦਿੱਤੇ ਗਏ ਸਨ, ਪਰ ਉਹਨਾਂ ਦੇ ਝੰਡੇ-ਝੰਡੀਆਂ, ਜੋ ਮਾਛਣਾਂ ਦੀਆਂ ਸਾੜ੍ਹੀਆਂ ਦੇ ਲੰਮੇ-ਲੰਮੇ ਟੁਕੜਿਆਂ ਅਤੇ ਪੱਟੀਆਂ ਤੋਂ ਬਣਾਏ ਗਏ ਸਨ, ਹਵਾ ਵਿੱਚ ਫੜ-ਫੜਾ ਅਤੇ ਲਹਿਰਾ ਰਹੇ ਸਨ। ਉਹਨਾਂ ਤੋਂ ਪਰ੍ਹੇ ਭੂਸਲੀਆਂ-ਬਦਾਮੀ ਪਹਾੜੀਆਂ, ਸੁਨਹਿਰੀ ਆਕਾਸ਼ ਦੇ ਪਿਛੋਕੜ 'ਚ ਤਾਂਬੇ ਰੰਗੀਆਂ ਅਤੇ ਜਾਮਣੀ ਹੋ ਰਹੀਆਂ ਸਨ।

ਹਰੀ ਅਤੇ ਉਸ ਦੀਆਂ ਭੈਣਾਂ, ਤੁਰਦੇ-ਤੁਰਦੇ ਪਾੜ ਦੇ ਮੁੱਖ ਤੱਕ ਪੁੱਜ ਗਏ, ਜਿਥੇ ਕਿ ਸਾਗਰ ਨੇ ਹਰੇਕ ਉਸ ਛੱਲ ਦੇ ਨਾਲ, ਜੋ ਰੇਤ ਦੀ ਸੀਮਾ ਤੱਕ ਪਹੁੰਚਦੀ ਸੀ, ਢੇਰਾਂ ਦੇ ਢੇਰ ਘੋਗੇ ਲਿਆ ਸੁੱਟੇ ਸਨ। ਉਹਨਾਂ ਵਿੱਚੋਂ ਬਹੁਤ ਸਾਰੇ ਤਾਂ ਪਿੱਸ ਕੇ ਦਾਣੇਦਾਰ, ਚਮਕਦਾ ਹੋਇਆ ਧੂੜਾ ਜਿਹਾ ਬਣ ਗਏ ਸਨ, ਪਰ ਕਿਧਰੇ-ਕਿਧਰੇ ਵੱਡੇ-ਵੱਡੇ ਪੂਰੇ-ਸਬੂਤੇ ਘੋਗੇ ਵੀ ਸਨ, ਜਿਹਨਾਂ ਦੇ ਅੰਦਰਲੇ ਪਾਸੇ ਸਿੱਪੀ-ਮੋਤੀ ਲਿਸ਼-ਲਿਸ਼ ਕਰ ਰਹੇ ਸਨ। ਹਰੀ ਉਹਨਾਂ ਨੂੰ ਚੁੱਕਣ ਲਈ ਅਤੇ ਸਮੁੰਦਰ ਵਿੱਚ ਵਗਾਹ ਮਾਰਨ ਲਈ, ਹੇਠਾਂ ਵਲ ਨੂੰ ਝੁਕਿਆ। ਪਾੜ ਦੇ ਪਾਰ, ਅਲੀਬਾਗ਼ ਬੀਚ ਦਾ, ਸਰੂਆਂ ਦੇ ਰੁੱਖਾਂ ਦਾ ਝੁੰਡ ਸੀ ਅਤੇ ਉਸ ਤੋਂ ਪਰ੍ਹੇ ਕਸਬਾ ਅਤੇ ਕਿਲ੍ਹਾ, ਜੋ ਬਹੁਤ ਚਿਰ ਪਹਿਲਾਂ ਅੰਗਰੇਜ਼ਾਂ ਨੇ, ਮੁਗ਼ਲਾਂ ਦੇ ਜ਼ਮਾਨੇ ਦੇ ਮਹਾਨ ਸਮੁੰਦਰੀ ਜੰਗ-ਜੂਆਂ ਨੇ ਉਸਾਰਿਆ ਸੀ।

ਦੂਰ ਪਰ੍ਹੇ ਅਲੀਬਾਗ਼ ਵਲ ਵੇਖਦਿਆਂ, ਲੀਲਾ ਨੇ ਆਖਿਆ, "ਕੱਲ੍ਹ ਦੀਵਾਲੀ ਹੈ। ਕੱਲ੍ਹ ਅਸੀਂ ਜਾਣਾ ਹੈ ਅਤੇ ਜਾ ਕੇ ਮਾਂ ਨੂੰ ਘਰ ਲਿਆਉਣਾ ਹੈ।"

"ਕੀ ਉਹ ਹੁਣ ਘਰ ਰਹਿਣ ਲਈ, ਵਾਪਸ ਆ ਸਕਦੀ ਹੈ? ਕੀ ਉਹ ਬਿਲਕੁਲ ਠੀਕ ਹੈ?"

"ਬਹੁਤ ਠੀਕ ਹੈ ! ਡਾਕਟਰ ਨੇ ਆਖਿਆ ਸੀ ਕਿ ਉਹ ਉਸ ਨੂੰ ਦੀਵਾਲੀ 'ਤੇ ਘਰ ਜਾਣ ਦੀ ਆਗਿਆ ਦੇ ਦੇਵੇਗਾ।"

"ਤਾਂ ਫਿਰ ਮੈਂ ਜਾਵਾਂਗਾ ਅਤੇ ਉਸ ਨੂੰ ਘਰ ਲੈ ਆਵਾਂਗਾ।"

"ਹਾਂ, ਹਾਂ, ਤੂੰ ਸਵੇਰੇ ਜਾ ਸਕਦਾ ਏਂ, ਜਦ ਕਿ ਮੈਂ ਤੇ ਕੁੜੀਆਂ ਦੀਵਾਲੀ ਲਈ ਸੱਭ ਕੁੱਝ ਤਿਆਰ ਕਰ ਕੇ ਰੱਖਾਂਗੀਆਂ।"

"ਆਓ, ਘਰ ਚਲੀਏ ਤੇ ਕੁੱਝ ਖਾਈਏ।" ਬੇਲਾ ਨੇ ਉਚੀ ਸੁਰ ਵਿੱਚ ਆਖਿਆ। ਉਸ ਨੂੰ ਅਚਾਨਕ ਬਹੁਤ ਭੁੱਖ ਲੱਗ ਗਈ ਸੀ।

"ਦੌੜੋ-ਮੈਂ ਤੁਹਾਡੀ ਦੌੜ ਲੁਆਂਦਾ ਹਾਂ।" ਹਰੀ ਉਚੀ ਸਾਰੀ ਚਿੱਲਾਇਆ ਅਤੇ ਉਹ ਸਾਰੇ ਰੌਲਾ ਪਾਉਂਦੇ ਘਰ ਵਲ ਨੂੰ ਰਵਾਨਾ ਹੋ ਗਏ।

ਦੋਮੇਲ ਸੂਰਜ ਦੀ ਰੌਸ਼ਨੀ ਨਾਲ ਲਿਸ਼ਕ ਰਿਹਾ ਸੀ। ਸੂਰਜ ਪਿਘਲੇ ਹੋਏ ਸ਼ੀਸ਼ੇ ਦੇ ਇੱਕ ਵੱਡੇ ਸਾਰੇ ਗੋਲੇ ਵਾਂਗ, ਸਮੁੰਦਰ ਵਿੱਚ ਪੰਘਰਦਾ ਹੋਇਆ ਪ੍ਰਤੀਤ ਹੋ ਰਿਹਾ ਸੀ। ਆਕਾਸ਼ ਹੌਲੀ-ਹੌਲੀ ਲਾਲ-ਕਿਰਮਚੀ ਤੋਂ ਨਿੰਬੂ ਵਰਗਾ ਪੀਲਾ ਜ਼ਰਦ ਹੋ ਗਿਆ ਸੀ ਅਤੇ ਪੂਰਬ ਵਿੱਚ ਅੰਬਰ ਪਹਿਲਾਂ ਹੀ ਊਦਾ ਬੈਂਗਣੀ ਹੋ ਚੁੱਕਾ ਸੀ। ਇਕ ਤਾਰਾ ਚੜ੍ਹਿਆ, ਲਿਸ਼-ਲਿਸ਼, ਟਿਮ-ਟਿਮ ਕਰਦਾ ਹੋਇਆ. ਸੰਧਿਆ ਦਾ ਤਾਰਾ ਜੋ ਹਮੇਸ਼ਾ ਹੀ ਸਭ ਤੋਂ ਪਹਿਲਾਂ ਚਮਕਣ ਲੱਗਦਾ ਸੀ।

ਆਖ਼ਿਰ ਹਰੀ ਪਿੱਛੇ ਹੋ ਗਿਆ, ਲੀਲਾ ਦੇ ਨਾਲ-ਨਾਲ ਤੁਰਨ ਲਈ। ਉਸ ਨੂੰ ਸਾਹ ਚੜ੍ਹਿਆ ਹੋਇਆ ਸੀ।

"ਜਦੋਂ ਅਸੀਂ ਘਰ ਅੱਪੜਾਂਗੇ, ਤਾਂ ਤੈਨੂੰ ਬੰਬਈ ਬਾਰੇ ਸਭ ਕੁੱਝ ਦੱਸਣਾ ਪਏਗਾ।" ਲੀਲਾ ਨੇ ਆਖਿਆ।

"ਪਰ ਪਹਿਲਾਂ ਤੁਸੀਂ ਮੈਨੂੰ ਘਰ ਦੀਆਂ ਸਾਰੀਆਂ ਖ਼ਬਰਾਂ ਦੱਸੋਗੀਆਂ।" ਹਰੀ ਨੇ ਆਖਿਆ। ਇਸ ਲਈ ਜਦੋਂ ਉਹ ਖਾਣਾ ਖਾ ਚੁੱਕੇ ਤਾਂ ਉਹਨਾਂ, ਝੁੱਗੀ ਵਿੱਚ ਲਾਲਟੈਨ ਬਲਦੀ ਰਹਿਣ ਦਿੱਤੀ ਅਤੇ ਆਪ ਬਾਹਰ ਤਾਰਿਆਂ ਭਰੇ ਆਕਾਸ਼ ਹੇਠ ਬੈਠ ਗਏ, ਜਿਥੇ ਨਾਰੀਅਲ ਦੇ ਰੁੱਖਾਂ ਦੇ ਝੁੰਡ ਅਤੇ ਦਲਦਲ ਦੇ ਸ੍ਰਿੱਲੇ ਹਨੇਰੇ ਵਿੱਚੋਂ ਦੀ ਜੁਗਨੂੰ, ਜਗਮਗ ਕਰਦੀਆਂ ਚਮਕਦਾਰ ਮੱਛੀਆਂ ਵਾਂਗ ਤਰ ਰਹੇ ਸਨ।'ਫਿਰ ਉਹ ਗੱਲਾਂ ਕਰਨ ਲੱਗ ਪਏ ਅਤੇ ਉਹਨਾਂ ਖ਼ੂਬ ਗੱਲਾਂ ਕੀਤੀਆਂ, ਉਸ ਸਭ ਕੁੱਝ ਬਾਰੇ, ਜੋ ਉਹਨਾਂ ਮਹੀਨਿਆਂ ਵਿੱਚ ਹੋਇਆ- ਵਾਪਰਿਆ ਸੀ, ਜਿਹੜੇ ਮਹੀਨੇ ਉਹ ਇਕ-ਦੂਸਰੇ ਤੋਂ ਵੱਖ ਰਹੇ ਸਨ।

ਜਦੋਂ ਹਰੀ ਉਹਨਾਂ ਨੂੰ ਸਿਰੀ ਕ੍ਰਿਸ਼ਨ ਭੋਜਨ-ਸ਼ਾਲਾ ਅਤੇ 'ਡਿੰਗਡੌਂਗ ਵਾਚ ਵਰਕਸ' ਬਾਰੇ ਅਤੇ ਮਿਸਟਰ ਪਾਨਵਾਲਾ ਅਤੇ ਜੱਗੂ ਬਾਰੇ ਅਤੇ ਪਾਰਕ 'ਤੇ 'ਨਾਰੀਅਲ-ਦਿਵਸ' ਬਾਰੇ ਸਭ ਕੁਝ ਦੱਸ ਚੁੱਕਾ ਤਾਂ ਫਿਰ ਲੀਲਾ ਦੀ ਵਾਰੀ ਸੀ, ਉਸਨੂੰ ਦੱਸਣ ਦੀ ਕਿ ਉਹਦੀ ਗ਼ੈਰ ਮੌਜੂਦਗੀ ਵਿੱਚ ਕੀ ਕੁੱਝ ਹੋਇਆ-ਵਾਪਰਿਆ ਸੀ।

"ਇਹ ਸਾਰਾ ਸਮਾਂ ਅਸੀਂ ਤੇਰੀ ਉਡੀਕ ਕਰਦੇ ਰਹੇ ਹਾਂ। ਮੇਰਾ ਖ਼ਿਆਲ ਸੀ ਕਿ ਤੂੰ ਦੀਵਾਲੀ 'ਤੇ ਘਰ ਆਵੇਂਗਾ।" ਲੀਲਾ ਨੇ ਇਹ ਆਖ ਕੇ ਆਪਣੀ ਗੱਲ ਮੁਕਾਈ।

"ਅਤੇ ਤੂੰ ਆ ਗਿਆ।" ਕਮਲ ਨੇ ਹਰੀ ਦੀ ਬਾਂਹ ਘੁੱਟਦਿਆਂ ਉਚੀ ਸਾਰੀ ਆਖਿਆ, ਅਜਿਹਾ ਕਰਨ ਨਾਲ ਉਹਦੀਆਂ ਕਲਾਈਆਂ 'ਤੇ ਪਾਈਆਂ ਹੋਈਆਂ ਨਵੀਆਂ ਚੂੜੀਆਂ ਛਣਕ ਉਠੀਆਂ ਅਤੇ ਚਮਕ ਵੀ ਉਠੀਆਂ।

"ਹਾਂ......ਤੇ......" ਹਰੀ ਨੇ ਉਸਦੇ ਹੱਥ ਨੂੰ ਥਾਪੜਦਿਆਂ ਆਖਿਆ। "ਅਤੇ ਕੱਲ੍ਹ ਦੀਵਾਲੀ ਹੈ ਅਤੇ ਮੈਂ ਮਾਂ ਨੂੰ ਮਿਲਣ ਅਲੀਬਾਗ਼ ਜਾ ਰਿਹਾ ਹਾਂ।"

"ਅਤੇ ਉਹਨੂੰ ਘਰ ਲੈ ਆਈਂ ਵੀਰਾ।" ਥੇਲਾ ਨੇ ਤਰਲਾ ਕੀਤਾ।

"ਹਾਂ, ਹਾਂ, ਜ਼ਰੂਰ !" ਹਰੀ ਨੇ ਵਾਅਦਾ ਕੀਤਾ। ਅਤੇ ਉਹ ਉਸ 'ਤੇ ਅਤੇ ਉਹਨਾਂ ਸਾਰੀਆਂ ਉਤੇ ਮੁਸਕਰਾ ਪਿਆ। "ਤੁਸੀਂ ਸਾਰੀਆਂ ਹੀ ਵਧੀਆ ਤੇ ਵਿਚਿੱਤਰ ਹੋ !" ਉਹਨੇ ਆਖਿਆ, "ਵਿਚਿੱਤਰ ਗੱਲ ਤਾਂ ਇਹ ਵੀ ਹੈ ਕਿ ਤੁਸੀਂ ਇਹ ਸਾਰੇ ਮਹੀਨੇ, ਇਹ ਸਾਰਾ ਸਮਾਂ ਆਪਣਾ ਕੰਮ ਕਿਵੇਂ ਚਲਾਉਂਦੀਆਂ ਰਹੀਆਂ, ਏਨੀ ਚੰਗੀ ਤਰ੍ਹਾਂ।"

ਤਦ ਲੀਲਾ ਆਪਣੀ ਮੁਸਕਾਨ ਨਾ ਰੋਕ ਸਕੀ, ਥੋੜ੍ਹੀ ਕੁ ਅਭਿਮਾਨੀ, ਮਾਣ-ਮੱਤੀ ਮੁਸਕਾਨ। "ਬਸ ਚਲਾ ਹੀ ਲਿਆ ਅਸੀਂ।" ਉਹਨੇ ਆਖਿਆ। ਫਿਰ ਉਹ ਲੱਜਾ ਦੀ ਮਾਰੀ ਹੇਠਾਂ ਆਪਣੇ ਪੈਰਾਂ ਵਲ ਤੱਕਣ ਲੱਗ ਪਈ। "ਨਹੀਂ, ਅਸੀਂ ਇਕੱਲੀਆਂ ਕੰਮ ਨਹੀਂ ਸਾਂ ਚਲਾ ਸਕਦੀਆਂ। ਡੀ ਸਿਲਵਾ ਪਰਿਵਾਰ ਨੇ ਮਾਂ ਦੀ ਮਦਦ ਕੀਤੀ ਅਤੇ ਬੰਗਲੇ ਵਿਚ ਰਹਿਣ ਵਾਲੇ ਸੱਈਦ ਅਲੀ ਸਾਹਿਬ ਨੇ ਉਦੋਂ ਸਾਡੀ ਸਹਾਇਤਾ ਕੀਤੀ, ਜਦੋਂ ਹੋਰ ਸਾਰੇ ਚਲੇ ਗਏ ਸਨ। ਅਸੀਂ ਇਕੱਲੀਆਂ ਕੰਮ ਨਹੀਂ ਸਾਂ ਚਲਾ ਸਕਦੀਆਂ।"

"ਸਈਦ ਅਲੀ ਸਾਹਿਬ?" ਹਰੀ ਨੇ ਮੱਥੇ 'ਤੇ ਵੱਟ ਪਾਏ, ਮੂੰਹ ਸਕੋੜਿਆ। ਨਾਂ ਤਾਂ ਜਾਣਿਆ-ਪਛਾਣਿਆ ਲੱਗਦਾ ਸੀ ਪਰ ਉਸਨੂੰ ਚੇਤੇ ਨਹੀਂ ਸੀ ਆ ਰਿਹਾ ਕਿ ਉਹਨੇ ਇਹ ਨਾਂ ਪਹਿਲਾਂ ਕਿਥੇ ਸੁਣਿਆ ਹੋਇਆ ਸੀ, ਬੰਬਈ ਵਿੱਚ, ਜਾਂ ਸ਼ਾਇਦ ਕੁੜੀਆਂ ਨੇ ਹੀ ਪਹਿਲਾਂ ਉਸ ਦਾ ਜ਼ਿਕਰ ਕੀਤਾ ਸੀ? ਬੰਗਲੇ ਵਿੱਚ ਉਸ ਅਜਨਬੀ ਬਾਰੇ ਅਜੀਬ ਜਿਹੀ ਉਤਸੁਕਤਾ ਮਹਿਸੂਸ ਕਰਦਿਆਂ, ਹਰੀ ਨੇ ਆਖਿਆ, "ਅਲੀਬਾਗ਼ ਤੋਂ ਪਰਤ ਕੇ ਆਉਣ ਤੋਂ ਮਗਰੋਂ ਮੈਂ ਜਾਵਾਂਗਾ ਅਤੇ ਤੁਸਾਂ ਸਾਰਿਆਂ ਦੀ ਦੇਖਭਾਲ ਕਰਨ ਲਈ, ਉਸਦਾ ਸ਼ੁਕਰੀਆ ਅਦਾ ਕਰਾਂਗਾ।"

"ਨਹੀਂ !" ਬੇਲਾ ਨੇ ਉਚੀ ਆਵਾਜ਼ ਵਿੱਚ ਆਖਿਆ। "ਅਸੀਂ ਆਪਣੀ ਦੇਖਭਾਲ ਆਪ ਕੀਤੀ ਹੈ। ਅਤੇ ਉਸ ਦੀ ਵੀ।"

"ਹਾਂ, ਹਾਂ, ਠੀਕ ਹੈ, ਤੁਸੀਂ ਕੀਤੀ ਹੈ!" ਹਰੀ ਨੇ ਮੁਸਕਰਾਂਦਿਆਂ ਸਹਿਮਤੀ ਪ੍ਰਗਟ ਕੀਤੀ। "ਤੁਸੀਂ ਅਦਭੁਤ ਹੋ, ਵਿਚਿੱਤਰ ਹੋ, ਤੁਸੀਂ ਸਾਰੀਆਂ ਹੀ।"

# ਕਾਂਡ–ਤੇਰ੍ਹਾਂ

ਦੀਵਾਲੀ ਵਾਲੀ ਸਵੇਰ, ਹਰੀ ਆਪਣੀਆਂ ਭੈਣਾਂ ਨੂੰ, ਤਿਆਰੀਆਂ ਵਿੱਚ ਲੱਗੀਆਂ ਛੱਡ ਕੇ ਅਲੀਬਾਗ਼ ਦੀ ਬੱਸ ਫੜਨ ਲਈ, ਪਿੰਡ ਦੀ ਸੜਕ 'ਤੇ ਤੁਰ ਪਿਆ। ਉਹਨੇ ਲੀਲਾ ਨੂੰ ਪੁੱਛਿਆ ਸੀ ਕਿ ਉਹ ਉਸ ਲਈ ਕੀ ਖ਼ਰੀਦ ਕੇ ਲਿਆਵੇ, ਪਰ ਉਹਨੇ ਸਿਰਫ਼ ਆਪਣਾ ਸਿਰ ਹਿਲਾ ਦਿੱਤਾ ਸੀ ਅਤੇ ਆਖਿਆ ਸੀ, "ਹਰੀ ਸਾਡੇ ਪਾਸ ਪਹਿਲਾਂ ਹੀ ਉਹ ਸਭ ਕੁੱਝ ਹੈ, ਜਿਸ ਦੀ ਕਿ ਸਾਨੂੰ ਲੋੜ ਹੈ।" ਪਰ ਜਦੋਂ ਉਹ ਨਾਰੀਅਲ ਦੇ ਰੁੱਖਾਂ ਵਿੱਚੋਂ ਦੀ ਹੁੰਦਾ ਹੋਇਆ, ਰੇਤਲੀ ਪਗਡੰਡੀ ਤੇ ਪਿਆ ਤਾਂ ਬੇਲਾ ਉਸ ਦੇ ਪਿੱਛੇ ਦੌੜੀ-ਦੌੜੀ ਆਈ ਅਤੇ ਉਸ ਦੀ ਕੂਹਣੀ ਫੜ ਕੇ ਬੋਲੀ, "ਹਰੀ, ਕੀ ਤੂੰ ਸਾਨੂੰ ਕੁੱਝ ਚੀਨੀ ਦੇ ਖਿਡਾਉਣੇ ਲਿਆ ਦੇਵੇਂਗਾ ਜੋ ਦੀਵਾਲੀ 'ਤੇ ਅਲੀਬਾਗ਼ ਵਿੱਚ ਵਿਕਦੇ ਹਨ? ਤੂੰ ਜਾਣਦਾ ਏਂ, ਮੇਰਾ ਕੀ ਮਤਲਬ ਹੈ- ਚੀਨੀ ਦੇ ਚਿੱਟੇ-ਚਿੱਟੇ ਘੋੜੇ ਅਤੇ ਹਾਥੀ? ਮੇਰੇ ਪਾਸ ਕੁੱਝ ਪੈਸੇ ਹਨ ਜੋ ਸੱਈਦ ਸਾਹਿਬ ਨੇ ਮੈਨੂੰ ਉਦੋਂ ਦਿੱਤੇ ਸਨ, ਜਦੋਂ ਮੈਂ ਉਹਨੂੰ ਪਾਣੀ ਵਿੱਚੋਂ ਬਾਹਰ ਕੱਢਿਆ ਸੀ.....।"

"ਜੇ ਤੂੰ ਉਹ ਕੰਮ ਕੁੱਝ ਪੈਸੇ ਕਮਾਉਣ ਲਈ ਕੀਤਾ ਸੀ, ਤਾਂ ਤੂੰ ਉਹ ਪੈਸੇ ਆਪਣੇ ਪਾਸ ਹੀ ਰੱਖ।" ਹਰੀ ਹੱਸਿਆ। "ਮੈਂ ਤੈਨੂੰ ਚੀਨੀ ਦੇ ਖਿਡਾਉਣੇ ਆਪਣੇ ਪੈਸਿਆਂ ਨਾਲ ਖ਼ਰੀਦ ਦੇਵਾਂਗਾ।" ਉਹਨੇ ਬੜੇ ਫ਼ਖ਼ਰ ਨਾਲ ਆਖਿਆ ਅਤੇ ਲੰਮੀਆਂ-ਲੰਮੀਆਂ ਲਾਂਘਾਂ, ਵੱਡੇ-ਵੱਡੇ ਡਗ ਭਰਦਾ ਹੋਇਆ, ਅੱਗੇ ਚਲਿਆ ਗਿਆ,

ਇਹ ਇੱਕ ਸੁਨਹਿਰੀ ਜਿਹੀ ਸਵੇਰ ਸੀ, ਇੱਕ ਇਹੋ ਜਿਹੀ ਸਵੇਰ ਜੋ ਮੌਨਸੂਨ ਦਾ ਮੌਸਮ ਖ਼ਤਮ ਹੋਣ 'ਤੇ ਹੀ ਵੇਖਣ ਨੂੰ ਮਿਲਦੀ ਹੈ। ਸਿੱਲ ਸੁੱਕਣ ਲੱਗ ਪੈਂਦੀ ਹੈ ਅਤੇ ਨਮੀਦਾਰ ਧੁੰਦਲਾਹਟ ਉਡਣ ਲੱਗ ਜਾਂਦੀ ਹੈ ਅਤੇ ਆਉਣ ਵਾਲੀ ਸੀਤ ਰੁੱਤ ਘਾਹ-ਪੱਤਰਾਂ 'ਤੇ ਤ੍ਰੇਲ ਪਾਉਣ ਲੱਗ ਪੈਂਦੀ ਹੈ ਅਤੇ ਹਵਾ ਵਿੱਚ ਤਾਜ਼ਗੀ ਲੈ ਆਉਂਦੀ ਹੈ। ਹਰੀ ਨੇ ਆਪਣੇ ਖੇਤ ਦੇ ਬੰਨੇ-ਬੰਨੇ ਚਲ ਕੇ, ਇੱਕ ਚੱਕਰ ਲਾਇਆ ਅਤੇ ਇੱਕ ਖੂੰਜੇ 'ਤੇ ਖੜਾ ਹੋ ਕੇ, ਉਸਨੂੰ ਗਹੁ ਨਾਲ ਤੱਕਿਆ ਅਤੇ ਸੋਚਣ ਲੱਗਾ ਕਿ ਉਹ ਇਸ ਉਤੇ ਮੁਰਗ਼ੀਖ਼ਾਨਾ ਕਿਵੇਂ ਖੋਲ੍ਹੇਗਾ। ਉਸ ਨੂੰ ਚੂਜ਼ਿਆਂ ਬਾਰੇ ਕੁਝ ਪਤਾ ਨਹੀਂ ਸੀ ਪਰ ਸ਼ਾਇਦ ਉਹ ਸਿੱਖ ਸਕਦਾ ਸੀ। ਇਹ ਕੋਈ ਬਹੁਤਾ ਔਖਾ ਕੰਮ ਨਹੀਂ ਸੀ। ਸ਼ੁਰੂਆਤ ਕਰਨ ਲਈ ਉਹ ਕੁੱਝ ਚੂਜ਼ੇ ਖ਼ਰੀਦ ਲਵੇਗਾ ਅਤੇ ਫਿਰ ਮੁਰਗ਼ੀਖ਼ਾਨੇ ਦੇ ਆਕਾਰ ਵਿੱਚ ਵਾਧਾ ਕਰ ਲਵੇਗਾ। ਜਿਉਂ-ਜਿਉਂ ਉਹ ਉਹਨਾਂ ਬਾਰੇ ਵਧੇਰੇ ਹੀ ਵਧੇਰੇ ਸਿੱਖਦਾ ਜਾਵੇਗਾ, ਉਸ ਵਿੱਚ ਵਧੇਰੇ ਹੀ ਵਧੇਰੇ ਵਿਸ਼ਵਾਸ ਪੈਦਾ ਹੁੰਦਾ ਜਾਵੇਗਾ। ਇਸ ਨਾਲ ਫ਼ੈਕਟਰੀ ਅਤੇ ਹਾਊਸਿੰਗ ਕਾਲੋਨੀ ਦੇ ਬਣਨ ਤੱਕ, ਉਹਨਾਂ ਦਾ ਕੰਮ ਚੱਲਦਾ ਜਾਵੇਗਾ। ਤਦ ਉਹ ਪਿੰਡ ਦੇ ਘੜੀ-ਸਾਜ਼ ਦੇ ਤੌਰ 'ਤੇ ਕੰਮ ਸ਼ੁਰੂ ਕਰ ਸਕੇਗਾ।

ਇਸ ਖ਼ਿਆਲ ਨੇ ਉਸ ਦੇ ਅੰਦਰ ਖ਼ੁਸ਼ੀ ਅਤੇ ਆਸ਼ਾਵਾਦ ਦਾ ਇੱਕ ਅਦਭੁਤ ਇਹਸਾਸ

ਪੈਦਾ ਕਰ ਦਿੱਤਾ ਅਤੇ ਉਹ ਪਿੰਡ ਦੀ ਸੜਕ 'ਤੇ ਜਾ ਪਿਆ ਅਤੇ ਨਾਰੀਅਲ ਦੇ ਰੁੱਖਾਂ ਅਤੇ ਸੁਪਾਰੀ ਦੇ ਰੁੱਖਾਂ ਦੇ ਵਿੱਚ ਵਿਚਾਲੇ ਦੇ ਚਿੱਕੜਾਲੇ ਰਾਹ 'ਤੇ ਅੱਗੇ ਵਧਣ ਲੱਗਾ। ਉਹ ਇਹ ਦੇਖ ਕੇ ਖ਼ੁਸ਼ ਸੀ ਕਿ ਪੁਰਾਣੇ ਘਰ ਹਾਲੇ ਵੀ ਇੰਨ-ਬਿੰਨ ਉਸੇ ਤਰ੍ਹਾਂ ਦੇ ਹੀ ਸਨ। ਬਿਰਧ ਆਪਣੇ ਵਰਾਂਡਿਆਂ ਵਿੱਚ ਉਵੇਂ ਹੀ ਝੂਲਿਆਂ 'ਤੇ ਬੈਠੇ ਸਨ ਅਤੇ ਔਰਤਾਂ ਦੀਵਾਲੀ ਲਈ ਉਵੇਂ ਹੀ ਟਾਈਲਾਂ 'ਤੇ 'ਰੰਗੋਲੀ' ਦੇ ਨਮੂਨੇ ਬਣਾ ਰਹੀਆਂ ਸਨ ਅਤੇ ਦਰਵਾਜ਼ਿਆਂ ਅੱਗੇ ਉਵੇਂ ਹੀ ਕਾਗ਼ਜ਼ ਦੇ ਬਣੇ ਝਾੜ-ਫ਼ਾਨੂਸ ਲਟਕਾ ਰਹੀਆਂ ਸਨ ਅਤੇ ਛਾਂਦਾਰ ਵਿਹੜਿਆਂ ਵਿੱਚ ਮੁਰਗ਼ੀਆਂ-ਮੁਰਗ਼ੇ ਉਵੇਂ ਹੀ ਪੰਜਿਆਂ ਨਾਲ ਧਰਤੀ ਪੁੱਟ ਘਸੂਠ ਰਹੇ ਸਨ ਅਤੇ ਬਿੱਲੀਆਂ ਉਵੇਂ ਹੀ ਊਂਘ ਰਹੀਆਂ ਸਨ। ਸੜਕ ਦੇ ਸਿਰੇ 'ਤੇ ਛੱਪੜ, ਖਿੜੇ ਹੋਏ ਚਿੱਟੇ ਤੇ ਗੁਲਾਬੀ ਕੰਵਲਾਂ ਨਾਲ ਭਰਿਆ ਹੋਇਆ ਹਾਲੇ ਵੀ ਖ਼ੂਬਸੂਰਤ ਸੀ ਅਤੇ ਇਸਤਰੀਆਂ ਕੰਢੇ 'ਤੇ ਖਲੋਤੀਆਂ, ਪੱਧਰੇ-ਸਪਾਟ ਪੱਥਰਾਂ 'ਤੇ ਮਾਰ-ਮਾਰ ਕੇ, ਕੱਪੜੇ ਧੋ ਰਹੀਆਂ ਸਨ। ਅਤੇ ਫਿਰ ਸੜਕ ਅੱਗੇ ਜਦੋਂ ਕੁੜੀਆਂ ਦਾ ਸਕੂਲ ਤੇ ਮੁੰਡਿਆਂ ਦਾ ਸਕੂਲ ਲੰਘ ਕੇ ਪਿੰਡ ਦੀ ਸੜਕ ਦੇ ਅਤੇ ਸ਼ਾਹਰਾਹ ਦੇ ਚੌਰਾਹੇ 'ਤੇ ਨਿੱਕੀ ਜਿਹੀ ਬਾਦਾਮੀ ਪਹਾੜੀ ਵਲ ਨੂੰ ਮੁੜੀ ਤਾਂ ਉਹ ਵਧੇਰੇ ਵਗਦੀ, ਲੀਹਦਾਰ ਤੇ ਧੂੜਿਆਲੀ ਹੋ ਗਈ। ਏਥੋਂ ਹਰੀ ਨੂੰ ਬੱਸ ਮਿਲਣ ਦੀ ਉਮੀਦ ਸੀ।

ਉਹ ਪਹਾੜੀ ਉਤੇ, ਮੰਦਰ ਦੇ ਉਪਰ, ਨੀਲੇ ਆਕਾਸ਼ ਵਿੱਚ ਏਧਰ-ਉਧਰ ਚੱਕਰ ਕੱਟਦੀਆਂ ਤੇ ਕਲਾਬਾਜ਼ੀਆਂ ਲਾਉਂਦੀਆਂ ਇੱਲਾਂ ਦੇ ਇੱਕ ਜੋੜੇ ਨੂੰ ਬਹੁਤ ਗਹੁ ਨਾਲ ਵੇਖ ਰਿਹਾ ਸੀ, ਜਦੋਂ ਕਿ ਇੱਕ ਸਾਈਕਲ ਵਾਲਾ ਆਇਆ, ਜ਼ੋਰ-ਜ਼ੋਰ ਦੀ ਪਾਗਲਾਂ ਹਾਰ ਘੰਟੀ ਵਜਾਉਂਦਾ। ਉਹ ਰਾਮੂ ਸੀ, ਕਾਹਲੀ ਨਾਲ ਛਾਲ ਮਾਰ ਕੇ ਸਾਈਕਲ ਦੀ ਸੀਟ ਤੋਂ ਉਤਰਿਆ ਅਤੇ ਉਚੀ-ਉਚੀ ਬੋਲਦਾ ਹੋਇਆ, ਉਸ ਦੇ ਸਾਹਮਣੇ ਖੜਾ ਹੋ ਗਿਆ, "ਹਰੀ ! ਹਰੀ ਤੂੰ ਪਰਤ ਆਇਐਂ? ਤੂੰ ਕਿਥੇ ਗਿਆ ਸੈਂ ਹਰੀ? ਕਦੋਂ ਵਾਪਸ ਆਇਆ ਏਂ?"

ਹਰੀ ਰਾਮੂ ਦੇ ਰੌਲੇ ਉਤੇ ਹੱਸਿਆ। ਰਾਮੂ ਇਕੱਲਾ ਹੀ ਹਮੇਸ਼ਾ ਖ਼ੂਬ ਰੌਲਾ ਮਚਾ ਦਿਆ ਕਰਦਾ ਸੀ। "ਮੈਂ ਬੰਬਈ 'ਚ ਸਾਂ ਰਾਮੂ।"

"ਤੇ ਤੂੰ ਫਿਰ ਵਾਪਸ ਜਾ ਰਿਹਾ ਏਂ?"

"ਨਹੀਂ, ਮੈਂ ਤਾਂ ਅਲੀਬਾਗ਼ ਹਸਪਤਾਲ 'ਚ, ਆਪਣੀ ਮਾਂ ਨੂੰ ਵੇਖਣ ਜਾ ਰਿਹਾਂ।"

"ਮੈਂ ਵੀ ਅਲੀਬਾਗ਼ ਜਾ ਰਿਹਾਂ, ਦੀਵਾਲੀ ਲਈ ਆਤਸ਼ਬਾਜ਼ੀ ਖ਼ਰੀਦਣ। ਆ, ਬੈਠ ਜਾ। ਮੈਂ ਤੈਨੂੰ ਲੈ ਚਲਾਂਗਾ।"

ਹਰੀ ਪਲਾਕੀ ਮਾਰ ਕੇ ਰਾਮੂ ਦੇ ਪਿੱਛੇ ਬੈਠ ਗਿਆ ਅਤੇ ਰਾਮੂ ਪੈਡਲ ਮਾਰਨ ਲੱਗਾ। ਪੁਰਾਣਾ ਜ਼ੰਗਾਲ ਖਾਧਾ ਸਾਈਕਲ ਏਨੀ ਜ਼ੋਰ-ਜ਼ੋਰ ਦੀ ਖੜ-ਖੜ ਕਰ ਰਿਹਾ ਸੀ ਕਿ ਉਹਨਾਂ ਲਈ ਇੱਕ ਦੂਸਰੇ ਨਾਲ ਗੱਲ ਕਰਨੀ ਸੰਭਵ ਪ੍ਰਤੀਤ ਨਹੀਂ ਸੀ ਹੋ ਰਹੀ ਪਰ ਉਹਨਾਂ ਨੇ ਜੋ ਕੁੱਝ ਵੀ ਆਖਣਾ ਸੀ, ਉਹ ਬਹੁਤ ਉਚੀ-ਉਚੀ, ਚਿੱਲਾ-ਚਿੱਲਾ ਕੇ ਆਖ ਰਹੇ ਸਨ ਅਤੇ ਜਿਸ ਵਿੱਚੋਂ ਬਹੁਤ ਕੁਝ ਸਾਈਕਲ ਦੀ ਖੜ-ਖੜ ਦੇ ਬਾਵਜੂਦ, ਉਹਨਾਂ ਦੇ ਪੱਲੇ ਪੈ ਰਿਹਾ ਸੀ।

"ਤੂੰ ਕਦੋਂ ਆਇਐਂ?"

"ਕੱਲ੍ਹ, ਦੀਵਾਲੀ ਲਈ।"

"ਦੀਵਾਲੀ ਪਿੱਛੋਂ ਵਾਪਸ ਜਾ ਰਿਹਾ ਏਂ?"

"ਨਹੀਂ, ਮੇਰਾ ਖ਼ਿਆਲ ਹੈ ਕਿ ਮੈਂ ਠਹਿਰਾਂਗਾ। ਮੈਂ ਕੁੱਝ ਪੈਸੇ ਬਣਾਏ ਹਨ। ਮੈਂ ਉਹ ਪੈਸੇ ਬਚਾ ਕੇ ਲਿਆਇਆ ਹਾਂ। ਮੈਂ ਹੁਣ ਕੋਸ਼ਿਸ਼ ਕਰਾਂਗਾ ਕਿ ਏਥੇ ਹੀ ਕੰਮ ਕਰਾਂ।"

"ਏਥੇ ਕੰਮ?" ਰਾਮੂ ਆਪਣੇ ਪੁਰਾਣੇ ਅੰਦਾਜ਼ ਵਿੱਚ ਟੋਕ-ਟੋਕਰ ਕਰਨ ਲੱਗਾ। "ਤੈਨੂੰ ਏਥੇ ਕੀ ਕੰਮ ਮਿਲ ਸਕਦੈ?"

"ਮੈਂ ਕੁੱਝ ਤਾਂ ਕਰਾਂਗਾ।" ਹਰੀ ਨੇ ਖ਼ੁਸ਼ੀ ਨਾਲ ਖਿੜ ਕੇ ਆਖਿਆ, ਪਰ ਗੱਲ ਆਪਣੇ ਕੋਲ ਹੀ ਰੱਖੀਂ।

"ਤੂੰ ਆਪਣੇ ਤੌਰ 'ਤੇ ਤਾਂ ਕੰਮ ਨਹੀਂ ਕਰ ਸਕਦਾ।" ਰਾਮੂ ਨੇ ਉਚੀ ਆਵਾਜ਼ ਵਿੱਚ ਆਖਿਆ। "ਫ਼ੈਕਟਰੀ ਦੇ ਖੜੇ ਹੋ ਜਾਣ ਦੀ ਉਡੀਕ ਕਰ, ਫਿਰ ਕੰਮ ਹੀ ਕੰਮ ਹੋਣਗੇ।"

"ਮੈਂ ਸੋਚਿਆ ਸੀ ਕਿ ਅਲੀਬਾਗ਼ ਦੇ ਮਛੇਰੇ ਅਤੇ ਕਿਸਾਨ ਉਸ ਨੂੰ ਖੜੀ ਹੋਣੋਂ ਰੋਕ ਲੈਣਗੇ।"

"ਹਾ.....ਹ.....!" ਤੂੰ ਏਸੇ ਲਈ ਬੰਬਈ ਗਿਆ ਸੈਂ? ਠੀਕ ਹੈ ਨਾ ! ਸਰਕਾਰ ਨੂੰ ਫ਼ੈਕਟਰੀ ਬਣਾਉਣ ਤੋਂ ਰੋਕਣ ਲਈ? ਕੁੱਝ ਪਿੰਡ ਵਾਸੀ ਸਰਕਾਰ ਨੂੰ ਫ਼ੈਕਟਰੀ ਬਣਾਉਣੋਂ ਕਿਵੇਂ ਰੋਕ ਸਕਦੇ ਹਨ? ਭਲਾ ਕੁੱਝ ਪਿੰਡ-ਵਾਸੀ ਸਰਕਾਰ ਨੂੰ ਕਿਵੇਂ ਰੋਕ ਸਕਦੇ ਹਨ?"

ਹਰੀ ਚੁੱਪ ਸੀ ਅਤੇ ਰਾਮੂ ਨੂੰ ਉਸਦੇ ਆਮ ਵਰਗੇ ਅੰਦਾਜ਼ 'ਚ ਉਚੀ-ਉਚੀ ਚਿੱਲਾਉਂਦਿਆਂ ਸੁਣ ਰਿਹਾ ਸੀ। "ਏਥੇ ਹਰੇਕ ਚੀਜ਼ ਨੂੰ ਬਦਲਣਾ ਹੋਵੇਗਾ-ਹਰ ਚੀਜ਼ ਵੱਖਰੀ ਤਰ੍ਹਾਂ ਦੀ ਹੋਣ ਵਾਲੀ ਹੈ।"

"ਪਰ ਰਾਮੂ।" ਆਖ਼ਿਰ ਹਰੀ ਨੇ ਵਿੱਚੋਂ ਹੀ ਟੋਕ ਕੇ ਆਖਿਆ, "ਸਾਨੂੰ ਵੀ ਬਦਲਣਾ ਪਏਗਾ। ਸਾਨੂੰ ਵੀ ਵੱਖਰੀ ਤਰ੍ਹਾਂ ਦੇ ਬਣਨਾ ਪਏਗਾ।"

ਇਸ ਨੇ ਰਾਮੂ ਨੂੰ ਚੁੱਪ ਕਰਾ ਦਿੱਤਾ ਅਤੇ ਹਰੀ ਸਾਈਕਲ ਦੀ ਸੀਟ 'ਤੇ ਬੈਠਾ ਰਿਹਾ ਅਤੇ ਆਪਣੇ ਇਰਦ-ਗਿਰਦ ਚਿੱਕੜਾਲੇ, ਦਲਦਲੀ ਖੇਤਾਂ ਨੂੰ ਵੇਖਦਾ ਰਿਹਾ ਅਤੇ ਬਲਦਾਂ ਨੂੰ ਵੇਖਦਾ ਰਿਹਾ, ਜੋ ਉਹਨਾਂ ਵਿੱਚ ਹਲ ਖਿੱਚ ਰਹੇ ਸਨ ਅਤੇ ਉਹਨਾਂ ਨੂੰ ਸਰਦੀਆਂ ਦੀਆਂ ਫ਼ਸਲਾਂ ਦੀ ਬਿਜਾਈ ਲਈ ਤਿਆਰ ਕਰ ਰਹੇ ਸਨ। ਉਹ ਇਸ ਦ੍ਰਿਸ਼ ਦੇ ਬਦਲਣ ਦੀ, ਜਾਂ ਜੀਵਨ ਦਾ ਅੰਤ ਹੋ ਜਾਣ ਦੀ ਕਲਪਨਾ ਨਹੀਂ ਸੀ ਕਰ ਸਕਦਾ।

ਫਿਰ ਉਹ ਅਲੀਬਾਗ਼ ਵਿੱਚ ਸਨ, ਜ਼ਿਲੇ ਦਾ ਇੱਕ ਵੱਡਾ ਕਸਬਾ, ਅਤੇ ਉਸ ਦੇ ਸਫ਼ੈਦੀ ਕੀਤੇ, ਰੰਗ-ਰੋਗ਼ਨ ਕੀਤੇ ਬੰਗਲੇ, ਉਸ ਦੀਆਂ ਖੁੱਲ੍ਹੀਆਂ-ਵਿਸ਼ਾਲ ਸੜਕਾਂ, ਬਾਜ਼ਾਰ ਅਤੇ ਦੁਕਾਨਾਂ, ਜਿਥੇ ਤੁਹਾਨੂੰ ਫ਼ੈਕਟਰੀ ਦੀ ਬਣੀ ਡਬਲਰੋਟੀ, ਆਤਿਸ਼ਬਾਜ਼ੀ ਮਿਲ ਸਕਦੀ ਸੀ, ਤੁਹਾਡੀ ਜ਼ਰੂਰਤ ਦੀ ਕੋਈ ਵੀ ਚੀਜ਼ ਮਿਲ ਸਕਦੀ ਸੀ। ਹਰੀ ਸਾਈਕਲ ਤੋਂ ਥੱਲੇ ਉਤਰ ਗਿਆ ਅਤੇ ਰਾਮੂ ਨੂੰ ਅਲਵਿਦਾਅ ਆਖਣ ਤੋਂ ਬਾਅਦ, ਜਿਸ ਨੇ ਅੱਗੋਂ ਚੁੱਪਚਾਪ, ਹੱਥ ਹਿਲਾ ਕੇ ਵਿਦਾਅ ਆਖੀ ਸੀ, ਜੋ ਸੋਚਵਾਨ ਜਾਪਦਾ ਸੀ, ਜਿਵੇਂ ਉਸ ਨੇ ਵੀ ਉਹ ਸਾਰੀਆਂ ਤਬਦੀਲੀਆਂ ਗ੍ਰਹਿਣ ਕਰ ਲਈਆਂ ਸਨ, ਜੋ ਹਰੀ ਵਿੱਚ ਆ ਗਈਆਂ ਸਨ, ਆਪਣੀਆਂ ਭੈਣਾਂ ਲਈ, ਖੰਡ ਦੇ ਖਿਡਾਉਣਿਆਂ ਦੀ ਢੂੰਡ ਕਰਨ ਲਈ ਚਲਾ ਗਿਆ। ਪਟੜੀ 'ਤੇ ਇੱਕ ਰੇੜ੍ਹੀ ਤੋਂ, ਥੈਲਾ ਭਰ ਚੀਜ਼ਾਂ ਖ਼ਰੀਦਣ ਤੋਂ ਬਾਅਦ, ਹਰੀ ਸਿੱਧਾ ਸੜਕੇ-ਸੜਕੇ ਤੁਰਦਾ ਹਸਪਤਾਲ ਦੇ ਫਾਟਕ 'ਤੇ ਪਹੁੰਚ ਗਿਆ।

ਉਹ ਹਸਪਤਾਲ ਦੇ ਇਹਾਤੇ ਦੇ ਅੰਦਰ ਖੜਾ ਸੀ, ਆਪਣੇ ਆਲੇ-ਦੁਆਲੇ ਤੱਕਦਾ ਹੋਇਆ, ਕਿਸੇ ਅਜਿਹੇ ਬੰਦੇ ਦੀ ਤਲਾਸ਼ ਕਰਦਾ, ਜੋ ਹਸਪਤਾਲ ਦੀ ਵਰਦੀ ਵਿੱਚ ਹੋਵੇ, ਜਿਸ ਪਾਸੋਂ ਉਹ ਆਪਣੀ ਮਾਂ ਬਾਰੇ ਪੁੱਛ ਸਕੇ। ਏਨੇ ਨੂੰ ਇੱਕ ਬਿਰਧ ਆਦਮੀ ਪੈਰ ਘਸੀਟਦਾ, ਉਹਦੇ ਪਾਸ ਆਇਆ, ਆਪਣਾ ਕੰਬਦਾ ਹੋਇਆ ਹੱਥ ਉਹਦੀ ਕੂਹਣੀ ਉਤੇ ਰੱਖ ਦਿੱਤਾ ਅਤੇ ਬੁੜ-ਬੁੜਾਇਆ, "ਹਰੀ, ਤੂੰ ਏਂ?"

ਹਰੀ ਮੂੰਹ ਅੱਡੀ ਝੁਰੜੀਆਂ ਭਰੇ ਚਿਹਰੇ ਅਤੇ ਚਿੱਟੇ-ਧੌਲੇ ਲਿਟਾਂ ਬਣੇ ਵਾਲਾਂ ਵਾਲੇ ਉਸ ਬਿਰਧ ਨੂੰ ਪਲ ਕੁ ਭਰ ਵੇਖਦਾ ਰਿਹਾ, ਫਿਰ ਇੱਕ ਹਟਕੋਰਾ ਲੈ ਕੇ ਉਸ ਆਖਿਆ, "ਬਾਪੂ!"

"ਤੂੰ ਉਹਨੂੰ ਵੇਖਣ ਆਇਆ ਏਂ?" ਬਿਰਧ ਨੇ ਥਰਥਰਾਉਂਦੀ ਹੋਈ ਆਵਾਜ਼ 'ਚ ਆਖਿਆ, "ਆਖ਼ਿਰ ਤੂੰ ਆ ਹੀ ਗਿਆ ?"

"ਮੈਂ ਬੰਬਈ ਵਿੱਚ ਸਾਂ ਬਾਪੂ.....।"

"ਅਤੇ ਤੂੰ ਇੱਕ ਵਾਰੀ ਵੀ ਉਹਨੂੰ ਵੇਖਣ ਨਹੀਂ ਆਇਆ ?"

"ਮੈਂ ਕੱਲ੍ਹ ਹੀ ਵਾਪਸ ਆਇਆ ਹਾਂ। ਲੀਲਾ ਨੇ ਮੈਨੂੰ ਦੱਸਿਆ ਕਿ ਉਹ ਏਥੇ ਹੈ। ਕੀ ਮੈਂ ਹੁਣ ਉਸ ਨੂੰ ਘਰ ਲਿਜਾ ਸਕਦਾ ਹਾਂ?"

"ਤੂੰ ਜਾ ਤੇ ਜਾ ਕੇ ਡਾਕਟਰ ਸਾਹਿਬ ਨੂੰ ਇਸ ਬਾਰੇ ਪੁੱਛ।" ਬਿਰਧ ਆਦਮੀ ਨੇ, ਲੰਮੇ ਸਾਰੇ ਵਰਾਂਡੇ ਦੇ ਅਖ਼ੀਰ ਤੇ, ਇੱਕ ਕਮਰੇ ਵਲ ਇਸ਼ਾਰਾ ਕਰਦਿਆਂ ਆਖਿਆ, ਜਿਸ ਦੇ ਬਾਹਰ ਦਰਵਾਜ਼ੇ 'ਤੇ ਹਰੇ ਰੰਗ ਦੇ ਕੱਪੜੇ ਦਾ ਪਰਦਾ ਲਟਕ ਰਿਹਾ ਸੀ। ਹਰੀ ਹੌਲੀ-ਹੌਲੀ ਉਸ ਕਮਰੇ ਵਲ ਗਿਆ ਅਤੇ ਪਰਦੇ ਨੂੰ ਇੱਕ-ਪਾਸੇ ਹਟਾ ਕੇ, ਉਹਨੇ ਅੰਦਰ ਤੱਕਿਆ। ਮੇਜ਼ 'ਤੇ ਇੱਕ ਡਾਕਟਰ ਬੈਠਾ ਸੀ, ਜੋ ਕੁਝ ਲਿਖਣ ਵਿੱਚ ਮਗਨ ਸੀ ਅਤੇ ਕੁੱਝ ਨਰਸਾਂ ਕਮਰੇ ਦੇ ਦੂਸਰੇ ਸਿਰੇ 'ਤੇ ਹੌਦੀ 'ਤੇ ਮੂੰਹ-ਹੱਥ ਧੋ ਰਹੀਆਂ ਸਨ ਅਤੇ ਚੀਜ਼ਾਂ ਸਾਫ਼ ਕਰ ਰਹੀਆਂ ਸਨ। ਉਹਨਾਂ ਹਰੀ ਵਲ ਵੇਖਿਆ ਅਤੇ ਡਾਕਟਰ ਦੇ ਸਿਰ ਉਪਰ ਦੀ ਆਖਿਆ, "ਕੀ ਹੈ? ਕੀ ਚਾਹੀਦੈ ?"

ਹਰੀ ਨੇ ਹਲਕੀ ਜਿਹੀ ਆਵਾਜ਼ ਵਿੱਚ, ਆਪਣੀ ਮਾਂ ਦਾ ਨਾਂ ਲਿਆ, ਇਹ ਸੋਚਦਿਆਂ ਕਿ ਉਹ ਉਸ ਨੂੰ ਜਾਣਦੀਆਂ ਹੋਣਗੀਆਂ। ਇਕਦਮ ਹੁੰਗਾਰਾ ਮਿਲਿਆ। ਉਹ ਉਸ ਨੂੰ ਜਾਣਦੀਆਂ ਸਨ। ਆਖ਼ਿਰ ਤਾਂ, ਉਸ ਨੂੰ ਉਹਨਾਂ ਕੋਲ ਰਹਿੰਦਿਆਂ ਸੱਤ ਮਹੀਨੇ ਹੋ ਗਏ ਸਨ।

"ਹਾਂ, ਹਾਂ, ਹਾਂ,.......ਜਾਉ, ਉਹਨੂੰ ਮਿਲ ਲਉ, ਵਾਰਡ ਨੰਬਰ ਦੋ, ਬੈੱਡ ਨੰਬਰ ਪੰਜਤਾਲੀ।" ਇਕ ਵੱਡੀ ਸਾਰੀ ਨਰਸ ਨੇ ਮਿੱਤਰ-ਭਾਵੀ ਨਜ਼ਰਾਂ ਨਾਲ, ਉਚੀ ਆਵਾਜ਼ ਵਿੱਚ ਆਖਿਆ। ਉਸ ਦੀਆਂ ਅੱਖਾਂ ਐਨਕਾਂ ਦੇ ਪਿੱਛੇ ਲਿਸ਼-ਲਿਸ਼ ਕਰ ਰਹੀਆਂ ਸਨ।

ਫਿਰ ਡਾਕਟਰ ਨੇ ਲਿਖਣਾ ਬੰਦ ਕਰ ਦਿੱਤਾ ਅਤੇ ਉਸ ਵਲ ਵੇਖਿਆ। "ਤੂੰ ਕੌਣ ਏਂ? ਕੀ ਤੂੰ ਉਸ ਦੇ ਪਿੰਡ ਤੋਂ ਏਂ ?"

"ਮੈਂ ਉਸ ਦਾ ਪੁੱਤਰ ਹਾਂ, ਬੰਬਈ ਤੋਂ......।" ਹਰੀ ਨੂੰ ਆਖਣਾ ਪਿਆ, ਇਹ ਦੱਸਣ ਲਈ ਕਿ ਉਹ ਉਥੇ ਪਹਿਲਾਂ ਕਿਉਂ ਨਹੀਂ ਸੀ ਆਇਆ।

"ਅੱਛਾ, ਬੰਬਈ ਤੋਂ ? ਮੈਨੂੰ ਤਾਂ ਕਿਸੇ ਨਹੀਂ ਦੱਸਿਆ ਕਿ ਉਸ ਦਾ ਇੱਕ ਪੁੱਤਰ ਬੰਬਈ ਹੈ।" ਡਾਕਟਰ ਨੇ ਆਖਿਆ। "ਮੈਂ ਤਾਂ ਸਿਰਫ਼ ਥਲ ਤੋਂ ਆਉਣ ਵਾਲੀ ਉਸ ਦੀ ਧੀ ਨੂੰ ਹੀ ਵੇਖਿਆ ਹੈ। ਤੂੰ ਉਸ ਨੂੰ ਦੀਵਾਲੀ 'ਤੇ ਘਰ ਲੈ ਜਾਣ ਲਈ ਆਇਐਂ?"

ਹਰੀ ਨੇ ਸਿਰ ਹਿਲਾਇਆ। ਡਾਕਟਰ ਦੇ ਚਿਹਰੇ ਵਲ ਗਹੁ ਨਾਲ ਵੇਖਦਿਆਂ, ਇਹ

ਜਾਨਣ ਲਈ ਕਿ ਕੀ ਇਹ ਸੰਭਵ ਸੀ। "ਹਾਂ, ਹਾਂ....." ਡਾਕਟਰ ਨੇ ਸਿਰ ਹਿਲਾਇਆ, "ਹੁਣ ਉਹ ਤਕੜੀ ਹੈ। ਘਰ ਜਾਣ ਦੇ ਯੋਗ ਹੈ। ਪਰ ਉਸਨੂੰ ਹਰ ਮਹੀਨੇ ਜਾਂਚ ਲਈ ਲੈ ਕੇ ਆਉਣਾ ਪਏਗਾ। ਉਸ ਨੂੰ ਮੁੜ ਪਿੰਡ ਦੇ ਨੀਮ ਹਕੀਮਾਂ ਦੇ ਹੱਥਾਂ ਵਿੱਚ ਨਾ ਜਾਣ ਦੇਣਾ। ਉਹ ਠੀਕ ਹੋ ਗਈ ਹੈ ਅਤੇ ਅਸੀਂ ਇਹ ਗੱਲ ਯਕੀਨੀ ਬਣਾਉਣੀ ਹੈ ਕਿ ਉਹ ਠੀਕ ਰਹੇ।"

"ਮੈਂ ਉਸ ਨੂੰ ਲੈ ਕੇ ਆਵਾਂਗਾ।" ਹਰੀ ਨੇ ਚਾਅ ਨਾਲ ਇਕਰਾਰ ਕੀਤਾ।

"ਮੈਂ ਬੰਬਈ ਵਾਪਸ ਨਹੀਂ ਜਾ ਰਿਹਾ। ਮੈਂ ਹੁਣ ਏਥੇ ਹੀ, ਆਪਣੇ ਪਿੰਡ ਵਿੱਚ ਰਹਾਂਗਾ ਅਤੇ ਮੈਂ ਉਸ ਨੂੰ ਹਰ ਮਹੀਨੇ ਲੈ ਕੇ ਆਇਆ ਕਰਾਂਗਾ।"



"ਧਿਆਨ ਰੱਖਣਾ, ਜ਼ਰੂਰ ਲੈ ਕੇ ਆਉਣਾ, ਕਿਉਂਕਿ ਉਸ ਨੂੰ ਹਾਲੇ ਵੀ ਦੇਖਭਾਲ ਦੀ ਜ਼ਰੂਰਤ ਹੈ।" ਡਾਕਟਰ ਨੇ ਆਖਿਆ ਅਤੇ ਫਿਰ ਉਹਨੇ ਨਰਸ ਵਲ ਮੂੰਹ ਕਰਕੇ, ਉਸ ਨੂੰ ਹਸਪਤਾਲੋਂ ਛੁੱਟੀ ਦੇ ਕਾਗਜ਼ਾਂ ਬਾਰੇ ਆਖਿਆ। ਜਦੋਂ ਸਾਰੇ ਕਾਗਜ਼ ਤਿਆਰ ਹੋ ਗਏ, ਉਹਨਾਂ 'ਤੇ ਦਸਤਖ਼ਤ ਹੋ ਗਏ ਅਤੇ ਉਹ ਨੇਮ ਅਨੁਸਾਰ ਠੀਕ-ਠਾਕ ਹੋ ਗਏ ਤਾਂ ਆਖ਼ਿਰ ਹਰੀ ਨੂੰ ਵਾਰਡ 'ਚ ਲਿਜਾਇਆ ਗਿਆ।

ਉਹ ਆਪਣੀ ਮਾਂ ਨੂੰ ਬੜੀ ਮੁਸ਼ਕਿਲ ਨਾਲ ਪਛਾਣ ਸਕਿਆ। ਲੰਮੇ ਸਮੇਂ ਤੋਂ ਉਹਨੇ ਉਸ ਨੂੰ ਬਿਸਤਰ ਵਿੱਚ ਲੇਟੀ ਹੀ ਵੇਖਿਆ ਸੀ- ਅੱਧ-ਸੁੱਤੀ, ਗੱਲਬਾਤ ਨਾ ਕਰਦੀ ਅਤੇ ਉਸਨੂੰ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਇਹ ਔਰਤ ਜੋ ਆਪਣੇ ਬਿਸਤਰ ਦੇ ਸਿਰੇ

'ਤੇ ਬੈਠੀ ਸੀ ਅਤੇ ਉਸ 'ਤੇ ਮੁਸਕਰਾ ਰਹੀ ਸੀ, ਉਸ ਦੀ ਮਾਂ ਹੋ ਸਕਦੀ ਹੈ। ਜਾਪਦਾ ਸੀ, ਜਿਵੇਂ ਬਿਮਾਰੀ ਦੇ ਵਰ੍ਹੇ ਢਿਲਕ ਕੇ, ਤਿਲਕ ਕੇ ਕਿਧਰੇ ਲੋਪ ਹੋ ਗਏ ਹੋਣ, ਅਤੇ ਉਹ ਬਿਮਾਰੀ ਤੋਂ ਪਹਿਲਾਂ ਵਰਗੀ, ਨੌ-ਬਰ-ਨੌ ਹੋ ਗਈ ਹੋਵੇ। ਪਰ ਉਸ ਦੇ ਵਾਲ ਜ਼ਰੂਰ ਚਿੱਟੇ ਹੋ ਗਏ ਸਨ ਅਤੇ ਉਸ ਦੇ ਚਿਹਰੇ 'ਤੇ ਲਕੀਰਾਂ ਪੈ ਗਈਆਂ ਸਨ, ਪਰ ਉਸ ਦੇ ਚਿਹਰੇ 'ਤੇ ਰੌਣਕ ਆ ਗਈ ਸੀ ਅਤੇ ਅੱਖਾਂ ਵਿੱਚ ਚਮਕ।

"ਹਰੀ ! ਹਰੀ ! ਕੀ ਤੂੰ ਦੀਵਾਲੀ ਲਈ ਘਰ ਆਇਐਂ ?"

"ਹਾਂ, ਮੈਂ ਤੈਨੂੰ ਦੀਵਾਲੀ 'ਤੇ ਘਰ ਲੈ ਜਾਣ ਲਈ ਆਇਆ ਹਾਂ।"

"ਕੀ ਮੈਂ ਜਾ ਸਕਦੀ ਹਾਂ?" ਉਹ ਨਰਸ ਨੂੰ ਚਾਅ ਨਾਲ, ਉਤਸੁਕਤਾ ਨਾਲ ਪੁੱਛਣ ਲਈ ਉਸ ਵਲ ਮੁੜੀ।

"ਹਾਂ, ਹਾਂ,......ਅਸੀਂ ਦੀਵਾਲੀ 'ਤੇ ਤੈਨੂੰ ਹਸਪਤਾਲ ਵਿੱਚ ਨਹੀਂ ਰੱਖ ਰਹੇ।" ਨਰਸ ਨੇ ਆਖਿਆ। 'ਆਉ, ਤੁਹਾਡੀਆਂ ਚੀਜ਼ਾਂ ਸਮੇਟ ਕੇ ਬੰਨ੍ਹ ਦੱਈਏ-ਤੁਹਾਡੇ ਕੱਪੜੇ, ਤੁਹਾਡੀ ਕੰਘੀ, ਤੁਹਾਡੀਆਂ ਦਵਾਈਆਂ......।"

ਅਤੇ ਕੁਝ ਹੀ ਚਿਰ ਵਿੱਚ ਹਰੀ ਅਤੇ ਉਸ ਦਾ ਪਿਤਾ, ਉਸ ਨੂੰ ਟਾਂਗੇ 'ਚ ਬਿਠਾਉਣ ਲਈ, ਸਹਾਰਾ ਦੇ ਰਹੇ ਸਨ, ਜੋ ਉਹਨਾਂ ਫਾਟਕ 'ਤੇ ਕਿਰਾਏ 'ਤੇ ਕੀਤਾ ਸੀ। ਉਸ ਦੀਆਂ ਲੱਤਾਂ ਕਮਜ਼ੋਰ ਸਨ। ਉਹ ਤੁਰਨ-ਫਿਰਨ ਦੀ ਆਦੀ ਨਹੀਂ ਸੀ ਰਹੀ ਅਤੇ ਬਾਹਰ ਤੇਜ਼ ਰੌਸ਼ਨੀ 'ਚ, ਬਾਜ਼ਾਰ ਵਿੱਚ ਜਾਣ 'ਤੇ ਉਹ ਘਬਰਾਹਟ ਨਾਲ ਕੰਬਦੀ ਸੀ। ਪਰ ਹਰੀ, ਅਤੇ ਉਸ ਦਾ ਪਿਤਾ, ਟਾਂਗੇ ਦੀ ਪਿਛਲੀ ਖੁੱਲ੍ਹੀ ਸੀਟ 'ਤੇ, ਉਸ ਦੇ ਦੋਹੀਂ ਪਾਸੀਂ ਬੈਠ ਗਏ ਅਤੇ ਉਸ ਦੀਆਂ ਬਾਹਵਾਂ ਫੜ ਲਈਆਂ, ਤਾਂ ਜੋ ਉਹ ਕਿਧਰੇ ਲੁੜ੍ਹਕ ਹੀ ਨਾ ਜਾਏ। ਫਿਰ ਟਾਂਗੇ ਵਾਲੇ ਨੇ ਆਪਣਾ ਛਾਂਟਾ ਹਵਾ ਵਿੱਚ ਉਲਾਰ ਕੇ, ਘੋੜੇ ਦੀ ਪਿੱਠ 'ਤੇ ਮਾਰਿਆ ਅਤੇ ਘੋੜਾ ਦੁੜਕੀ ਪੈ ਗਿਆ, ਦੀਵਾਲੀ ਲਈ ਉਹਨਾਂ ਨੂੰ ਥਲ, ਉਹਨਾਂ ਦੇ ਘਰ ਲਿਜਾਣ ਲਈ।

ਜਦ ਤੱਕ ਉਹ ਘਰ ਪਹੁੰਚੇ, ਲੀਲਾ, ਬੇਲਾ ਅਤੇ ਕਮਲ ਨੇ ਹਰ ਚੀਜ਼ ਤਿਆਰ ਕਰ ਰੱਖੀ ਸੀ। ਵਰਾਂਡੇ ਦੇ ਫ਼ਰਸ਼ 'ਤੇ ਪੀਲੇ, ਜਾਮਣੀ ਤੇ ਚਿੱਟੇ ਰੰਗਦਾਰ ਧੂੜਿਆਂ ਨਾਲ 'ਰੰਗੋਲੀ' ਬਣਾਈ ਹੋਈ ਸੀ, ਅਤੇ ਲਾਲ ਰੰਗ ਦੇ ਕਾਗ਼ਜ਼ ਦੀ ਇੱਕ ਵੱਡੀ ਸਾਰੀ ਲਾਲਟੈਨ ਕੜੀ ਨਾਲ ਲਟਕ ਰਹੀ ਸੀ। ਉਸ ਦੀਆਂ ਧਾਰੀਦਾਰ ਲੋਅ-ਕੰਨੀਆਂ ਹਵਾ ਵਿੱਚ ਫੜ-ਫੜਾ ਰਹੀਆਂ ਸਨ। ਘਰ ਵਿੱਚ ਖਾਣਾ ਪਕਾਉਣ ਵਾਲੇ ਪਿੱਤਲ ਦੇ ਸਾਰੇ ਭਾਂਡੇ ਤੇ ਗਲਾਸ ਆਦਿ ਏਨੇ ਮਾਂਜੇ-ਚਿਲਕਾਏ ਗਏ ਸਨ ਕਿ ਉਹ ਰਸੋਈ ਦੀ ਪੜਛੱਤੀ ਤੇ ਰੱਖੇ ਦੀਵਿਆਂ ਵਾਂਗ ਲਿਸ਼ਕਣ ਲੱਗ ਪਏ ਸਨ ਅਤੇ ਲੀਲਾ ਨੇ ਸਾਰੀਆਂ ਜਸ਼ਨੀ ਮਿਠਿਆਈਆਂ ਇੱਕ ਥਾਲ ਵਿੱਚ ਸਜਾ ਦਿੱਤੀਆਂ ਸਨ, ਕੱਦੂ-ਕਸ਼ ਕੀਤੇ ਨਾਰੀਅਲ ਤੇ ਸੂਜੀ ਨਾਲ ਅੰਦਰੋਂ ਭਰੀਆਂ ਤਲੀਆਂ ਹੋਈਆਂ ਅੰਮ੍ਰਤੀਆਂ ਅਤੇ ਮਾਲ੍ਹਪੂੜੀਆਂ, ਬੇਸਣ ਅਤੇ ਚੀਨੀ ਦੇ ਬਣਾਏ ਗੋਲ-ਗੋਲ ਪੀਲੇ ਲੱਡੂ, ਕੱਦੂ ਅਤੇ ਪੇਠੇ ਦੀਆਂ ਚਮਕਦਾਰ ਬਲੌਰੀ ਟੁਕੜੀਆਂ, ਅਖ਼ਰੋਟਾਂ ਅਤੇ ਸਾਉਗੀ ਨੂੰ ਮਿਲਾ ਕੇ ਪਕਾਈ ਹੋਈ ਸੰਘਣੀ ਮਲਾਈ ਦੇ ਵਰਗਾਕਾਰ ਟੁਕੜੇ ਅਤੇ ਉਹ ਗਰਮ ਗਰਮ ਤੇਲ ਦੀ ਕੜਾਹੀ ਵਿੱਚ ਚਮਕਦਾਰ ਸੰਤਰੀ ਰੰਗ ਦੀਆਂ ਵਲ-ਵਲੇਵੇਂਦਾਰ 'ਜਲੇਬੀਆਂ' ਤਲ ਰਹੀ ਸੀ ਅਤੇ ਤਲ ਕੇ ਉਹਨਾਂ ਨੂੰ ਚਾਸ਼ਨੀ ਦੇ ਇੱਕ ਵੱਡੇ ਸਾਰੇ ਕਟੋਰੇ ਵਿੱਚ ਪਾਈ ਜਾ ਰਹੀ ਸੀ, ਜਦੋਂ ਕਿ ਹਰੀ ਵੀ ਆਪਣੇ ਮਾਤਾ-ਪਿਤਾ ਨਾਲ ਘਰ ਆ ਪਹੁੰਚਾ।

ਬੇਲਾ ਅਤੇ ਕਮਲ ਨੇ ਆਪਣੀ ਮਾਂ ਵਾਸਤੇ ਹਾਰ ਬਣਾ ਰੱਖੇ ਸਨ, ਚੰਪਾ-ਚੰਬੇਲੀ, ਗੁਲਾਬ ਅਤੇ ਗੇਂਦੇ ਦੇ ਅਤੇ ਜਿਉਂ ਹੀ ਉਹਨਾਂ ਨੇ ਉਹ ਹਾਰ ਉਸ ਦੇ ਸਿਰ ਤੇ ਸਜਾਏ ਤਾਂ ਉਹਨਾਂ ਬੜਾ ਰੌਲਾ ਪਾਇਆ ਅਤੇ ਖ਼ੂਬ ਹੱਸੀਆਂ। ਉਹਨਾਂ ਨੂੰ ਇਹ ਵੇਖ ਕੇ ਬੜੀ ਨਿਰਾਸ਼ਾ ਹੋਈ ਕਿ ਜਿਥੇ ਉਹਨਾਂ ਦੀ ਮਾਂ ਇਸ ਝਾਕੀ 'ਤੇ ਖ਼ੁਸ਼ੀ ਨਾਲ ਹੱਸ ਰਹੀ ਸੀ, ਉਥੇ ਉਹਨਾਂ ਦਾ ਪਿਤਾ, ਦਿਲ ਕਮਜ਼ੋਰ ਕਰਕੇ ਰੋਣ ਲੱਗ ਪਿਆ। ਉਹ ਸਿੱਧੀ ਰਸੋਈ ਦੇ ਇੱਕ ਖੂੰਜੇ ਵਿੱਚ ਬਣੀ ਇੱਕ ਛੋਟੀ ਜਿਹੀ ਵੇਦੀ ਵਲ ਗਈ, ਜਿੱਥੇ ਕਿ ਗਣੇਸ਼ ਅਤੇ ਦੇਵੀ ਲਕਸ਼ਮੀ ਦੀਆਂ ਮਿੱਟੀ ਦੀਆ ਛੋਟੀਆਂ-ਛੋਟੀਆਂ ਮੂਰਤੀਆਂ ਧੂਫ਼ ਦੀਆਂ ਅਗਰਬੱਤੀਆਂ ਅਤੇ ਗੁਲਾਬ ਦੀਆਂ ਪੱਤੀਆਂ ਦੇ ਢੇਰ ਵਿਚਕਾਰ ਖਲੋਤੀਆਂ ਸਨ ਅਤੇ ਉਹਨੇ ਉਹਨਾਂ ਨੂੰ ਸ਼ੁਕਰਾਨੇ ਦੀ ਪ੍ਰਾਰਥਨਾ ਨਾਲ, ਇਕ ਹਾਰ ਭੇਂਟ ਕੀਤਾ।

ਸੰਝ ਪੈਣ 'ਤੇ ਹਰੀ ਨੇ ਵਰਾਂਡੇ ਦੇ ਨਾਲ-ਨਾਲ, ਨੀਵੀਆਂ-ਝਿੱਕੀਆਂ ਕੰਧਾਂ ਤੇ, ਰਸਤਿਆਂ-ਰਵਿਸ਼ਾਂ 'ਤੇ ਅਤੇ ਬਾਗ਼ ਦੇ ਬਿਰਛਾਂ ਅਤੇ ਝਾੜ-ਝਾੜੀਆਂ ਦੇ ਆਲੇ-ਦੁਆਲੇ, ਮਿੱਟੀ ਦੇ ਨਿੱਕੇ-ਨਿੱਕੇ ਦੀਵੇ ਕਤਾਰਾਂ ਵਿੱਚ ਸਜਾਉਣ 'ਚ ਆਪਣੀਆਂ ਭੈਣਾਂ ਦੀ ਸਹਾਇਤਾ ਕੀਤੀ। ਲੀਲਾ ਨੇ ਹਰੇਕ ਦੀਵੇ ਵਿਚ ਬੜੀ ਸਾਵਧਾਨੀ ਨਾਲ ਥੋੜ੍ਹਾ-ਥੋੜ੍ਹਾ ਤੇਲ ਪਾ ਦਿੱਤਾ। ਬੇਲਾ ਅਤੇ ਕਮਲ ਨੇ ਹਰੇਕ ਦੀਵੇ ਵਿੱਚ ਰੂੰਅ ਦੀ ਇੱਕ-ਇੱਕ ਬੱਤੀ ਵੱਟ ਕੇ ਰੱਖ ਦਿੱਤੀ, ਇੱਕ ਸਿਰਾ ਤੇਲ ਵਿੱਚ ਭਿਉਂ ਕੇ ਤੇ ਫਿਰ ਆਪਣੀਆਂ ਉਂਗਲਾਂ ਵਿਚਕਾਰ ਲੈ ਕੇ ਨਚੋੜ ਕੇ, ਸੁਕਾ ਕੇ ਦੀਵੇ ਵਿੱਚ ਰੱਖ ਦਿੱਤਾ ਤਾਂ ਜੋ, ਉਹ ਠੀਕ ਤਰ੍ਹਾਂ ਜਲ ਸਕੇ, ਜਦੋਂ ਹਰੀ ਇੱਕ ਮੋਤਬੱਤੀ ਲੈ ਕੇ ਜਲਾਉਣ ਲਈ ਆਵੇ। ਘੁੱਪ-ਘੋਰ ਹਨੇਰੇ ਵਿੱਚ, ਸੋਨ-ਸੁਨਹਿਰੀ ਰੌਸ਼ਨੀਆਂ ਖਿੜ ਉਠੀਆਂ ਅਤੇ ਜਗਮਗ, ਜਗਮਗ ਕਰਨ ਲੱਗ ਪਈਆਂ।

ਫਿਰ ਹਰੀ ਆਤਿਸ਼ਬਾਜ਼ੀ ਦੀ ਟੋਕਰੀ, ਨਾਰੀਅਲ ਦੇ ਝੁੰਡਾਂ ਵਿੱਚ, ਘਾਹ ਵਾਲੀ ਇੱਕ ਉਚੀ ਜਿਹੀ ਟਿੱਬੀ ਕੋਲ ਲੈ ਗਿਆ ਅਤੇ ਬੇਲਾ ਤੇ ਕਮਲ ਦੀਆਂ ਚਾਅ ਭਰੀਆਂ ਚੀਕਾਂ ਤੇ ਕਿਲਕਾਰੀਆਂ ਦੇ ਵਿਚਕਾਰ, ਉਹਨੇ ਇੱਕ ਹਵਾਈ ਨੂੰ ਅੱਗ ਲਾ ਕੇ ਉਪਰ ਅਸਮਾਨ ਵਲ ਉਡਾ ਦਿੱਤਾ ਜਿਥੇ ਉਹ ਇੱਕ ਜ਼ੋਰ ਦੇ ਧਮਾਕੇ ਨਾਲ ਪਾਟ ਗਈ ਅਤੇ ਉਸ ਵਿੱਚੋਂ ਰੰਗਦਾਰ ਚੰਗਿਆੜਿਆਂ ਦੀ ਇੱਕ ਫੁਹਾਰ ਜਿਹੀ ਝਰ ਉਠੀ। ਕੁੜੀਆਂ ਦੌੜ ਕੇ, ਉਸ ਮੋਮਬੱਤੀ ਕੋਲ ਫੁੱਲ-ਝੜੀਆਂ ਜਲਾਉਣ ਲਈ ਅੱਗੇ ਆਈਆਂ, ਜੋ ਹਰੀ ਨੇ ਉਹਨਾਂ ਲਈ ਹੱਥ ਵਿੱਚ ਫੜੀ ਹੋਈ ਸੀ। ਫਿਰ ਉਹ ਫੁੱਲਝੜੀਆਂ ਨੂੰ ਹਵਾ ਵਿੱਚ ਏਧਰ-ਉਧਰ ਘੁਮਾਉਂਦਿਆਂ ਨਾਰੀਅਲ ਦੇ ਰੁੱਖਾਂ ਦੇ ਝੁੰਡ ਦੁਆਲੇ ਨੱਸਣ-ਭੱਜਣ ਲੱਗੀਆਂ। ਨਰਮ-ਕੂਲੇ ਤੇ ਗੂੜ੍ਹੇ ਹਨੇਰੇ ਵਿੱਚ, ਫੁੱਲਝੜੀਆਂ ਵਿੱਚੋਂ ਕਿਰਦੇ-ਝਰਦੇ ਰੌਸ਼ਨੀ ਦੇ ਫੁੱਲ ਤੇ ਚੰਗਿਆੜੇ ਰੰਗ-ਬਰੰਗ ਖ਼ਾਕੇ, ਭਾਤ-ਸੁਭਾਂਤ ਦੇ ਰੂਪ-ਆਕਾਰ ਉਲੀਕ ਰਹੇ ਸਨ। ਲੀਲਾ ਨੇ ਝੁਕ ਕੇ, ਇੱਕ ਮੋਮਬੱਤੀ ਨਾਲ 'ਅਨਾਰ' ਨੂੰ ਅੱਗ ਲਾਈ। 'ਅਨਾਰ' ਮਿੱਟੀ ਦੀ ਇੱਕ ਕੁੱਜੀ ਜਿਹੀ ਵਿੱਚ ਰੱਖਿਆ ਹੋਇਆ ਸੀ। ਉਸ ਦਾ ਇੱਕ ਨਿੱਕਾ ਜਿਹਾ ਲੰਬੂਤਰਾ ਮੂੰਹ ਸੀ, ਕਾਗ਼ਜ਼ ਦਾ ਬਣਿਆ ਹੋਇਆ, ਜਿਸ ਦੇ ਸਿਰੇ 'ਤੇ ਚਾਂਦੀ ਦਾ ਪੱਤਰਾ ਜਿਹਾ ਲੱਗਾ ਹੋਇਆ ਸੀ। ਅੱਗ ਲੱਗਦਿਆਂ ਹੀ, ਅਨਾਰ ਵਿੱਚੋਂ ਸੁਨਹਿਰੀ ਤੇ ਰੁਪਹਿਲੀ ਤਾਰਿਆਂ-ਸਿਤਾਰਿਆਂ ਦਾ ਇੱਕ ਫ਼ੁਹਾਰਾ ਜਿਹਾ ਚਲ ਪਿਆ, ਜੋ ਨਾਰੀਅਲ ਦੇਂ ਰੁੱਖਾਂ ਤੱਕ ਉਚਾ ਉਮੁਲ-ਉਛਲ ਰਿਹਾ ਸੀ ਅਤੇ ਜੋ ਵਾਛੜ ਜਿਹੀ ਦੇ ਰੂਪ ਵਿੱਚ ਧਰਤੀ 'ਤੇ ਡਿੱਗ ਰਿਹਾ ਸੀ। ਬੇਲਾ ਅਤੇ ਕਮਲ ਨੇ ਵਰਾਂਡੇ ਦੇ ਫ਼ਰਸ਼ ਦੀ ਪੱਧਰੀ-ਇੱਕਸਾਰ ਸਤ੍ਹਾ

'ਤੇ ਚੱਕਰੀਆਂ ਚਲਾਈਆਂ। ਉਹ ਚਿੱਟੇ-ਚਿੱਟੇ, ਗਰਮ-ਗਰਮ ਚੰਗਿਆੜੇ ਛੱਡਦੀਆਂ ਬੜੀ ਤੇਜ਼ੀ ਨਾਲ ਏਧਰ-ਉਧਰ ਘੁੰਮ ਰਹੀਆਂ ਸਨ, ਚੱਕਰ ਕੱਢ ਰਹੀਆਂ ਸਨ, ਜਿਵੇਂ ਉਹਨਾਂ ਨੂੰ ਭੌਂ ਚੜ੍ਹੇ ਹੋਏ ਹੋਣ ਅਤੇ ਹਰੀ ਉਹਨਾਂ ਦੇ ਉਪਰੋਂ ਦੀ ਏਧਰ-ਉਧਰ ਟੱਪ ਰਿਹਾ ਸੀ। ਕਦੇ-ਕਦੇ ਉਹ ਉਹਨਾਂ ਨੂੰ ਪੈਰ ਮਾਰ ਕੇ, ਦੂਸਰੇ ਪਾਸੇ ਨੂੰ ਭੁਆ ਦਿੰਦਾ, ਉਹਨਾਂ ਦਾ ਰਾਹ ਬਦਲ ਦਿੰਦਾ, ਜਦਕਿ ਲੀਲਾ ਤੇ ਉਸ ਦੀ ਮਾਂ, ਉਸ ਨੂੰ ਸਾਵਧਾਨ ਰਹਿਣ ਲਈ ਆਖ ਰਹੀਆਂ ਸਨ, ਖ਼ਬਰਦਾਰ ਰਹਿਣ ਲਈ ਉਸ ਦੀਆਂ ਮਿੰਨਤਾਂ ਕਰ ਰਹੀਆਂ ਸਨ। ਉਹ ਉਚੇ ਟਿੱਬੇ-ਜਿਹੇ ਕੋਲ ਚਲਾ ਗਿਆ ਅਤੇ ਉਹਨੇ ਹੋਰ ਕਈ ਹਵਾਈਆਂ ਚਲਾਈਆਂ ਅਤੇ ਹਰ ਵਾਰ ਨਵੀਂ ਹਵਾਈ ਛੱਡਣ ਤੋਂ ਪਹਿਲਾਂ ਉਹ ਉਹਨਾਂ ਦੇ ਅਸਮਾਨ ਵਿੱਚ, ਬੋਦੀ ਵਾਲੇ ਲੰਮੇ ਤਾਰੇ ਵਾਂਗ ਪਾਟਣ ਅਤੇ ਬਹੁਤ ਜ਼ੋਰ ਦੀ ਪਟਾਕਾ ਕਰਨ ਦੀ ਉਡੀਕ ਕਰਦਾ।

ਜਦ ਆਤਿਸ਼ਬਾਜ਼ੀ ਦੀ ਭਰੀ ਹੋਈ ਟੋਕਰੀ ਖ਼ਤਮ ਹੋ ਗਈ ਤਾਂ ਬੇਲਾ ਅਤੇ ਕਮਲ ਨੇ ਨਿਰਾਸ਼ਾ ਨਾਲ ਆਖਿਆ, "ਲਓ, ਉਹ ਤਾਂ ਮੁੱਕ ਵੀ ਗਈਆਂ ! ਹਰੀ ਨੇ ਆਖਿਆ, "ਆਓ, ਹੁਣ ਬਾਹਰ ਬੀਚ 'ਤੇ ਚਲੀਏ ਅਤੇ ਉਤਸਵੀ ਅੱਗ ਬਾਲੀਏ। ਇਸ ਲਈ ਉਹ ਹੱਸਦੀਆਂ-ਹੱਸਦੀਆਂ, ਤਾੜੀਆਂ ਮਾਰਦੀਆਂ ਹਰੀ ਦੇ ਪਿੱਛੇ-ਪਿੱਛੇ, ਬੀਚ ਵਲ ਨੂੰ ਜਾਂਦੇ ਹਨੇਰੇ ਰਾਹ 'ਤੇ ਦੌੜ ਗਈਆਂ। ਹਰੀ ਅੱਗੇ-ਅੱਗੇ ਇੱਕ ਮਸ਼ਾਲ ਜਿਹੀ ਬਾਲ ਕੇ ਉਹਨਾਂ ਨੂੰ ਰਾਹ ਵਿਖਾ ਰਿਹਾ ਸੀ, ਜੋ ਉਹਨੇ ਨਾਰੀਅਲ ਦੀ ਇੱਕ ਸੁੱਕੀ ਸ਼ਾਖ਼ ਦੀ ਬਣਾਈ ਹੋਈ ਸੀ। ਲੀਲਾ ਵਰਾਂਡੇ 'ਚ ਹੀ, ਆਪਣੇ ਮਾਤਾ-ਪਿਤਾ ਪਾਸ ਰੁਕੀ ਰਹੀ ਅਤੇ ਆਖਣ ਲੱਗੀ, "ਅਸੀਂ ਏਥੋਂ ਹੀ ਖੜੇ ਵੇਖ ਲਵਾਂਗੇ। ਬੀਚ 'ਤੇ ਬਹੁਤ ਜ਼ੋਰ ਦੀ ਹਵਾ ਹੈ, ਜੋ ਮਾਂ ਲਈ ਠੀਕ ਨਹੀਂ।"

ਹਰੀ ਅਤੇ ਬੇਲਾ ਤੇ ਕਮਲ ਨੇ ਝੁਕ ਕੇ, ਬੜੀ ਸਾਵਧਾਨੀ ਨਾਲ ਨਾਰੀਅਲ ਦੀਆਂ ਸੁੱਕੀਆਂ ਸ਼ਾਖ਼ਾਂ ਠੰਡੀ ਸੀਤ ਰੇਤ ਵਿੱਚ ਗੱਡ ਦਿੱਤੀਆਂ। ਉਹਨਾਂ ਉਪਰ ਹੋਰ ਟਾਹਣੀਆਂ ਰੱਖ-ਰੱਖ ਕੇ ਇਕ ਮੀਨਾਰ ਜਿਹਾ ਬਣਾ ਦਿੱਤਾ। ਫਿਰ ਹਰੀ ਨੇ ਉਸ ਨੂੰ ਅੱਗ ਲਾ ਦਿੱਤੀ। ਤਿੜ-ਤਿੜ, ਚਿੜ-ਚਿੜ ਕਰਦੇ ਅੱਗ ਦੇ ਭਾਂਬੜ ਮਚ ਉਠੇ ਅਤੇ ਉਚੇ, ਹੋਰ ਉਚੇ ਉਠਣ ਲੱਗੇ। ਉਹ ਤਿੰਨੋ ਉਹਨਾਂ ਤੋਂ ਦੂਰ ਹਟ ਕੇ ਖਲੋ ਗਏ। ਉਹ ਖੜੇ-ਖੜੇ ਸੁੱਕੇ ਪੱਤਿਆਂ ਅਤੇ ਸ਼ਾਖ਼ਾਂ ਨੂੰ ਛੇਤੀ-ਛੇਤੀ ਬਲਦਿਆਂ ਵੇਖਦੇ ਰਹੇ। ਅਖ਼ੀਰ ਸਾਰਾ ਮੀਨਾਰ ਹੀ ਬਲ ਕੇ ਢਹਿ-ਢੇਰੀ ਹੋ ਗਿਆ ਅਤੇ ਸੁਆਹ ਤੇ ਅੰਗਿਆਰਾਂ ਵਿੱਚ ਬਦਲ ਕੇ ਰਹਿ ਗਿਆ। ਹੁਣ ਰਾਤ ਦਾ ਗੂੜ੍ਹਾ-ਸੰਘਣਾ ਹਨੇਰਾ ਉਹਨਾਂ ਉਤੇ ਰੀਂਗਣ ਲੱਗ ਪਿਆ-ਆਕਾਸ਼, ਰੇਤ ਅਤੇ ਸਮੁੰਦਰ ਸਭ ਕਾਲੇ-ਸਿਆਹ ਸਨ.....ਹਨੇਰਾ ਕੂਲਾ, ਗੂੜ੍ਹਾ, ਡੂੰਘਾ ਤੇ ਮਖ਼ਮਲੀ ਸੀ, ਜਿਸ ਵਿਚ ਉਹ ਸਾਰੇ ਡੁੱਬ ਗਏ। ਪਰ ਇਕ ਵਾਰ, ਉਹਨਾਂ ਦੀਆਂ ਅੱਖਾਂ ਹਨੇਰੇ ਦੀਆ ਆਦੀ ਹੋਈਆਂ, ਤਾਂ ਉਹ ਸਾਗਰ-ਛੱਲ ਦੀ ਚਿੱਟੀ-ਰੇਖਾ ਨੂੰ, ਸਮੁੰਦਰ ਵਿੱਚੋਂ ਉਠਦੀ, ਖੁਸਰ-ਫੁਸਰ ਕਰਦੀ ਹੋਈ ਆਪਣੇ ਵਲ ਵਧਦੀ ਵੇਖ ਸਕਦੇ ਸਨ। ਹਲਕੀ-ਹਲਕੀ ਬਲਦੀ-ਬੁਝਦੀ ਰੌਸ਼ਨੀ ਨੇ ਸਾਗਰ-ਲਹਿਰਾਂ ਨੂੰ ਅਤੇ ਰੇਤ ਦੀ ਪੀਲੀ ਲਿਸ਼ਕ ਨੂੰ ਇੱਕ ਰਹੱਸਮਈ ਪਰੇਤਕ ਚਮਕ ਪਰਦਾਨ ਕਰ ਦਿੱਤੀ ਸੀ। ਆਕਾਸ਼ ਚੁੱਪਚਾਪ ਉਹਨਾਂ ਦੇ ਸਿਰਾਂ ਉਤੇ ਟਿਮ-ਟਿਮ, ਟਹਿ-ਟਹਿ ਕਰਦੇ, ਲੱਖਾਂ ਕਰੋੜਾਂ ਤਾਰਿਆਂ-ਸਿਤਾਰਿਆਂ ਨਾਲ ਲਿਸ਼-ਲਿਸ਼ ਕਰ ਰਿਹਾ ਸੀ।

"ਆਓ, ਵਾਪਸ ਚਲੀਏ ਅਤੇ ਮਾਂ ਦੇ ਪਾਸ ਬੈਠੀਏ।" ਹਰੀ ਨੇ ਆਖਿਆ, ਜਦੋਂ ਬਲਦੀਆਂ-ਬੁਝਦੀਆਂ ਟਹਿਣੀਆਂ 'ਚੋਂ ਆਖ਼ਰੀ ਟਹਿਣੀ ਵੀ ਸੜ ਕੇ ਸੁਆਹ ਬਣ ਗਈ ਅਤੇ

ਅੰਗਿਆਰਿਆਂ ਵਿਚਾਲੇ ਅੰਤਿਮ ਹਿਚਕੀ, ਆਖ਼ਰੀ ਸਾਹ ਲੈ ਕੇ ਢਹਿ-ਢੇਰੀ ਹੋ ਗਈ। "ਅਤੇ ਮਾਂ ਸਾਨੂੰ ਦੀਵਾਲੀ ਦੀ ਕਹਾਣੀ ਸੁਣਾਏਗੀ।" ਬੇਲਾ ਨੇ ਅਚਨਚੇਤੀ ਆਖਿਆ, ਉਸ ਰੀਤ ਨੂੰ ਚੇਤੇ ਕਰਦਿਆਂ, ਜੋ ਵਰ੍ਹਿਆਂ ਤੋਂ ਚਲੀ ਆਉਂਦੀ ਸੀ, ਮਨਾਈ ਜਾਂਦੀ ਸੀ ਅਤੇ ਜੋ ਉਸ ਨੂੰ ਆਪਣੀ ਬਾਲ-ਵਰੇਸ ਤੋਂ ਹੀ ਯਾਦ ਸੀ।

ਇਸ ਲਈ ਉਹ ਵਰਾਂਡੇ ਵਿੱਚ ਵਾਪਸ ਚਲੇ ਗਏ, ਜਿਥੇ ਹਾਲੇ ਵੀ ਕਾਗ਼ਜ਼ ਦੇ ਗੁਲਾਬੀ ਫ਼ਾਨੂਸ ਦੀ ਲੋਅ ਸੀ। ਉਹ ਆਪਣੀ ਮਾਂ ਦੇ ਪੈਰਾਂ ਵਿੱਚ ਬੈਠ ਗਏ ਅਤੇ ਉਹ ਉਹਨਾਂ ਨੂੰ ਦੀਵਾਲੀ ਦੀ ਕਹਾਣੀ ਸੁਣਾਉਣ ਲੱਗ ਪਈ ਕਿ ਕਿਵੇਂ ਰਾਮ, ਜੋ ਅਯੁੱਧਿਆ ਦਾ ਰਾਜ ਕੁਮਾਰ ਸੀ, ਨੇ ਲੰਕਾ ਦੇਸ਼ ਦੇ ਰਾਕਸ਼ ਰਾਜੇ, ਰਾਵਨ ਨਾਲ ਇੱਕ ਮਹਾਯੁੱਧ ਕੀਤਾ ਸੀ, ਰਾਵਨ ਜੋ ਇੱਕ ਵਣ ਵਿੱਚੋਂ ਉਸ ਦੀ ਪਤਨੀ, ਸੀਤਾ ਦਾ ਹਰਣ ਕਰਕੇ ਲੈ ਗਿਆ ਸੀ। ਇਹ ਯੁੱਧ ਸੀਤਾ ਨੂੰ ਵਾਪਸ ਲਿਆਉਣ ਲਈ ਲੜਿਆ ਗਿਆ ਸੀ। ਅਤੇ ਕਿਵੇਂ ਅਖ਼ੀਰ ਰਾਮ ਨੇ, ਰਾਵਨ 'ਤੇ ਵਿਜੇ ਪਾਈ ਸੀ ਅਤੇ ਅਖ਼ੀਰ ਆਪਣੀ ਨਗਰੀ ਅਯੁੱਧਿਆ ਪਰਤੇ ਸਨ। ਉਹਨਾਂ ਦੀ ਅਯੁੱਧਿਆ-ਵਾਪਸੀ ਦੀ ਖ਼ੁਸ਼ੀ ਵਿੱਚ, ਅਯੁੱਧਿਆ-ਵਾਸੀਆਂ ਨੇ, ਉਹਨਾਂ ਦੇ ਸੁਆਗਤ ਲਈ, ਸਾਰੇ ਸ਼ਹਿਰ ਵਿੱਚ ਦੀਵੇ ਬਾਲੇ ਸਨ।

"ਅਤੇ ਇਹੀ ਕਾਰਨ ਹੈ ਕਿ ਅਸੀਂ ਦੀਵਾਲੀ 'ਤੇ ਆਪਣੇ ਘਰਾਂ ਵਿੱਚ ਵੀ ਦੀਵੇ ਬਾਲਦੇ ਹਾਂ।" ਬੇਲਾ ਨੇ ਹਟਕੋਰਾ ਲੈਂਦਿਆਂ ਅਤੇ ਉਸ ਪੰਗਤੀ ਨੂੰ ਚੇਤੇ ਕਰਦਿਆਂ ਆਖਿਆ, ਜਿਸ ਨਾਲ ਮਾਂ ਹਮੇਸ਼ਾ ਕਹਾਣੀ ਮੁਕਾਇਆ ਕਰਦੀ ਸੀ।

"ਹਾਂ, ਅਤੇ ਦੀਵਿਆਂ ਦੀ ਲੋਅ, ਲਕਸ਼ਮੀ ਨੂੰ ਰਾਹ ਵਿਖਾਉਂਦੀ ਹੈ-ਲਕਸ਼ਮੀ ਜੋ ਦੌਲਤ ਦੀ ਦੇਵੀ ਹੈ, ਤਾਂ ਜੋ ਉਹ ਸਾਡੇ ਘਰ 'ਚ ਵੀ ਪ੍ਰਵੇਸ਼ ਕਰੇ ਅਤੇ ਕਿਧਰੇ ਹਨੇਰੇ ਵਿੱਚ, ਇਸ ਨੂੰ ਭੁੱਲ ਹੀ ਨਾ ਜਾਵੇ।" ਉਹਨੇ ਆਖਿਆ।

"ਮਾਂ-ਇਹ ਹਰੀ ਵੀਰ ਹੀ ਹੈ, ਜੋ ਸਾਡੇ ਲਈ ਦੌਲਤ ਲਿਆਇਆ ਹੈ।" ਕਮਲ ਨੇ ਗੰਭੀਰਤਾ ਨਾਲ ਆਖਿਆ, ਹਰੀ ਦੀ ਬਾਂਹ ਨੂੰ ਥਪਥਪਾਉਂਦਿਆਂ ਜਿਸ 'ਤੇ ਉਹ ਗੌਰਵ ਦੀ ਭਾਵਨਾ ਨਾਲ ਟਹਿਕ ਉਠਿਆ।

"ਮੈਂ ਜਦੋਂ ਤੁਹਾਨੂੰ ਸਾਰਿਆਂ ਨੂੰ ਆਪਣੇ ਪਾਸ ਵੇਖਦੀ ਹਾਂ, ਤਾਂ ਮੈਂ ਆਪਣੇ-ਆਪ ਨੂੰ ਬਹੁਤ ਦੌਲਤਮੰਦ ਮਹਿਸੂਸ ਕਰਦੀ ਹਾਂ।" ਉਹਨਾਂ ਦੀ ਮਾਂ ਨੇ ਬੜੇ ਠਰ੍ਹੰਮੇ ਨਾਲ ਆਖਿਆ।

ਕੁਝ ਚਿਰ ਚੁੱਪ ਵਰਤੀ ਰਹੀ। ਉਹ ਬੈਠੇ-ਬੈਠੇ ਨਾਰੀਅਲ ਦੇ ਰੁੱਖਾਂ ਵਿੱਚ ਸ਼ੂਕਦੀ ਹੋਈ ਹਵਾ ਅਤੇ ਬੀਚ ਤੇ ਸਿਰ ਪਟਕਦੀਆਂ ਸਾਗਰ-ਲਹਿਰਾਂ ਦਾ ਸ਼ੋਰ ਸੁਣਦੇ ਰਹੇ ਅਤੇ ਦੀਵਿਆਂ ਨੂੰ ਟਿਮਟਿਮਾਂਦੇ ਅਤੇ ਤਾਰਿਆਂ ਨੂੰ ਝਿਲਮਿਲਾਂਦੇ ਵੇਖਦੇ ਰਹੇ। ਫਿਰ ਉਹਨਾਂ ਦਾ ਪਿਤਾ ਖੰਘਿਆ। ਉਹਨੇ ਆਪਣਾ ਸੰਘ ਸਾਫ਼ ਕੀਤਾ ਅਤੇ ਪਹਿਲੀ ਵਾਰ ਆਪਣੀ ਖਹੁਰੀ-ਖਰ੍ਹਵੀ ਆਵਾਜ਼ ਵਿੱਚ ਆਖਣ ਲੱਗਾ, "ਬਸ, ਇੱਕ ਸਾਡਾ ਪਿੰਟੋ ਹੀ ਨਹੀਂ।" ਇਸ 'ਤੇ ਸਾਰੇ ਹੀ ਹੈਰਾਨ ਭੌਂਚਕੇ ਰਹਿ ਗਏ। "ਵਿਚਾਰਾ ਪਿੰਟੋ।" ਉਹ ਬੁੜਬੁੜਾਇਆ ਅਤੇ ਫਿਰ ਉਹਨੇ ਚੁੱਪ ਧਾਰ ਲਈ। ਭਾਵੇਂ ਉਹ, ਹੋਰ ਕੁੱਝ ਨਾ ਬੋਲਿਆ ਪਰ ਸਭਨਾਂ ਨੇ ਇਹ ਸਮਝ ਲਿਆ, ਜਿਵੇਂ ਉਹ ਆਖ ਰਿਹਾ ਹੋਵੇ ਕਿ ਪਿੰਟੋ ਦੀ ਮੌਤ ਵਿੱਚ, ਜੋ ਭੂਮਿਕਾ ਉਹਨੇ ਅਦਾ ਕੀਤੀ ਸੀ, ਉਸ ਲਈ ਉਸ ਨੂੰ ਬਹੁਤ ਅਫ਼ਸੋਸ ਹੈ। ਇੱਕ ਤਰ੍ਹਾਂ ਨਾਲ ਉਹ ਇਸ ਲਈ ਆਪਣੇ-ਆਪ ਨੂੰ ਜ਼ਿੰਮੇਵਾਰ ਸਮਝ ਰਿਹਾ ਸੀ। ਇਹ ਪਹਿਲੀ ਵਾਰ ਹੀ ਸੀ ਕਿ ਉਹਨੇ ਇਹ ਆਖਿਆ ਸੀ ਕਿ ਅਤੀਤ ਵਿੱਚ ਜਿਸ

ਤਰ੍ਹਾਂ ਦੇ ਹਾਲਾਤ ਰਹੇ ਹਨ, ਉਸ ਨੂੰ, ਉਸ 'ਤੇ ਪਛਤਾਵਾ ਸੀ, ਅਫ਼ਸੋਸ ਸੀ। ਉਹ ਸਾਰੇ ਜਿਵੇਂ ਗੂੰਗੇ ਹੋ ਕੇ ਰਹਿ ਗਏ ਸਨ, ਬੇਜ਼ਬਾਨ। ਇਚਰ ਨੂੰ ਲੀਲਾ ਉਠੀ, ਆਪਣੀ ਸਾੜ੍ਹੀ ਦੇ ਇੱਕ ਕੋਨੇ ਨਾਲ ਆਪਣੇ ਅੱਥਰੂ ਪੂੰਝਦੀ ਅਤੇ ਆਖਣ ਲੱਗੀ, "ਤੁਹਾਡੇ ਲਈ ਥੋੜ੍ਹੀ ਜਿਹੀ ਚਾਹ ਬਣਾਵਾਂ? ਜਾਂ ਤੁਸੀਂ ਦੁੱਧ ਪੀਣਾ ਚਾਹੋਗੇ?" ਜਿਵੇਂ ਉਹ ਆਪਣੇ ਪਿਤਾ ਨੂੰ ਦਿਲਾਸਾ ਦੇ ਰਹੀ ਹੋਵੇ, ਉਸ ਦੀ ਵਾਰਸ ਬਨ੍ਹ ਰਹੀ ਹੋਵੇ।

ਉਹਨੇ ਆਪਣਾ ਸਿਰ ਹਿਲਾਇਆ ਅਤੇ ਉਸ ਵਾਂਗ ਹੀ ਦੂਸਰਿਆਂ ਨੇ ਵੀ। ਹੁਣ ਉਹਨਾਂ ਨੂੰ ਹੋਰ ਕੁੱਝ ਵੀ ਨਹੀਂ ਸੀ ਚਾਹੀਦਾ।

ਦੀਵਾਲੀ ਤੋਂ ਅਗਲੇ ਦਿਨ ਹਿੰਦੂਆਂ ਦੇ ਨਵੇਂ ਸਾਲ ਦਾ ਦਿਵਸ ਸੀ। ਪਿੰਡ ਦਾ ਹਰ ਘਰ ਅੰਬ ਦੇ ਹਰੇ ਪੱਤਿਆਂ ਅਤੇ ਗੇਂਦੇ ਦੇ ਤਾਜ਼ਾ ਫੁੱਲਾਂ ਦੇ ਹਾਰਾਂ ਨਾਲ ਸੱਜਿਆ-ਸੰਵਾਰਿਆ ਸੀ। ਹਰੇਕ ਦੁਕਾਨ ਨੇ ਵਿਸ਼ੇਸ਼ ਰਸਮਾਂ ਤੇ ਖ਼ਾਸ ਜਸ਼ਨਾਂ ਨਾਲ ਨਵਾਂ ਵਹੀ-ਖਾਤਾ ਖੋਲ੍ਹਿਆ ਸੀ। ਦੌਲਤ ਦੀ ਦੇਵੀ, ਲਕਸ਼ਮੀ ਦੀ ਪੂਜਾ ਕੀਤੀ ਗਈ ਸੀ ਅਤੇ ਉਸ ਅੱਗੇ ਪ੍ਰਾਰਥਨਾਵਾਂ ਕੀਤੀਆਂ ਗਈਆਂ ਸਨ, ਇਸ ਆਸ ਨਾਲ ਕਿ ਆਉਣ ਵਾਲੇ ਨਵੇਂ ਵਰ੍ਹੇ 'ਚ ਉਹ ਉਹਨਾਂ 'ਤੇ ਮਿਹਰ ਕਰੇਗੀ।

ਇਸ ਲਈ ਨਵੀਂ ਸਵੇਰ ਨੇ ਲੀਲਾ ਅਤੇ ਉਸ ਦੀਆਂ ਭੈਣਾਂ ਨੂੰ, ਝਾੜ-ਪੂੰਝ ਅਤੇ ਸਾਫ਼-ਸਫ਼ਾਈ ਵਿੱਚ ਅਤੇ ਤਾਜ਼ਾ ਹਾਰ ਸਜਾਉਣ ਅਤੇ ਰੰਗੋਲੀ ਦੇ ਨਵੇਂ-ਨਵੇਂ ਨਮੂਨੇ ਪਾਉਣ ਵਿੱਚ



ਮਸਰੂਫ਼ ਤੱਕਿਆ । ਦਿਨ ਵਿੱਚ ਮਗਰੋਂ ਜਾ ਕੇ, ਬੀਚ ਤੇ ਬੈਲ-ਗੱਡੀਆਂ ਦੀਆਂ ਦੌੜਾਂ ਹੋਣੀਆਂ ਸਨ। ਪਿੰਡ ਵਿੱਚ ਬੜਾ ਚਾਅ ਤੇ ਉਤਸ਼ਾਹ ਸੀ। ਇਸ ਅਵਸਰ 'ਤੇ ਬਲਦਾਂ ਦੇ ਵਿੰਗੇ, ਗੋਲਾਈਦਾਰ ਸਿੰਙਾਂ 'ਤੇ ਲਾਲ-ਗੁਲਾਲ ਮਲਿਆ ਜਾ ਰਿਹਾ ਸੀ। ਤਾਂਗੇ ਵਾਲੇ, ਆਪਣੇ ਤਾਂਗਿਆਂ ਨੂੰ ਗੋਟੇ-ਕਿਨਾਰੀ ਅਤੇ ਝੰਡੇ-ਝੰਡੀਆਂ ਨਾਲ ਸਜਾ ਰਹੇ ਸਨ। ਘੋੜਿਆਂ ਦੀ ਝਾੜ ਪੂੰਝ ਕਰ ਰਹੇ ਸਨ ਅਤੇ ਉਹਨਾਂ ਨੂੰ ਖਰਖਰਾ ਕਰ ਰਹੇ ਸਨ। ਉਹਨਾਂ ਦੀਆਂ ਲਗਾਮਾਂ-ਰਕਾਬਾਂ ਤੇ ਸਾਜ਼ਾਂ ਨੂੰ ਸਿਲਮੇ-ਸਿਤਾਰਿਆਂ ਨਾਲ ਸਜਾ ਰਹੇ ਸਨ।

ਬਸ ਇੱਕ ਹਰੀ ਸੀ, ਜਿਸ ਕੋਲ ਕਰਨ ਲਈ ਕੋਈ ਕੰਮ ਨਹੀਂ ਸੀ। ਉਹਨੇ ਛਿਣ ਪਲ ਲਈ ਦੂਸਰੇ ਲੋਕਾਂ ਨੂੰ ਤੱਕਿਆ ਅਤੇ ਫਿਰ ਆਖਿਆ, "ਇਸ ਵੇਲੇ ਮੈਂ ਵਿਹਲਾ ਹਾਂ, ਮੇਰੇ ਕੋਲ ਕੋਈ ਕੰਮ ਨਹੀਂ। ਇਸ ਲਈ ਮੈਂ ਜਾਂਦਾ ਹਾਂ ਅਤੇ ਸਾਹਿਬ ਨੂੰ ਉਸ ਦੇ ਘਰ ਮਿਲ ਕੇ ਆਉਂਦਾ ਹਾਂ।"

"ਠੀਕ ਹੈ, ਪਰ ਛੇਤੀ ਮੁੜ ਆਵੀਂ।" ਉਸ ਦੀ ਮਾਂ ਨੇ ਆਖਿਆ ਜੋ ਵਰਾਂਡੇ ਦੇ ਫ਼ਰਸ਼ 'ਤੇ ਬੈਠੀ ਸੀ ਅਤੇ ਇਕ ਜਟਿਲ ਤੇ ਪੇਚੀਦਾ ਕਿਸਮ ਦੀ ਰੰਗੋਲੀ ਫ਼ਰਸ਼ 'ਤੇ ਬਣਾਉਣ 'ਚ ਲੀਲਾ ਦੀ ਸਹਾਇਤਾ ਕਰ ਰਹੀ ਸੀ।

"ਹਰੀ, ਤੂੰ ਆਖਿਆ ਸੀ ਕਿ ਸਾਨੂੰ ਬੀਚ 'ਤੇ ਦੌੜਾਂ ਵਿਖਾਉਣ ਲਈ ਲੈ ਜਾਵੇਂਗਾ।" ਉਸ ਦੀਆਂ ਛੋਟੀਆਂ ਭੈਣਾਂ ਚਿੱਲਾ ਉਠੀਆਂ, ਜਦੋਂ ਉਹਨਾਂ, ਉਸ ਨੂੰ ਪਾਣੀ ਦੇ ਪਾੜ 'ਤੇ ਰੱਖੀ ਗੇਲੀ ਉਤੋਂ ਦੀ ਜਾਂਦਿਆਂ ਵੇਖਿਆ। "ਮੈਨੂੰ ਪਤਾ ਹੈ, ਮੈਨੂੰ ਪਤਾ ਹੈ। ਮੈਂ ਵੇਲੇ ਸਿਰ ਪਰਤ ਆਵਾਂਗਾ।" ਉਹਨੇ ਉਚੀ ਆਵਾਜ਼ ਵਿੱਚ ਆਖਿਆ।

ਜਦੋਂ ਉਹ 'ਮੌਨ-ਰੀਪੋਜ਼' ਪੁੱਜਾ ਤਾਂ ਉਹਨੇ ਵੇਖਿਆ ਕਿ ਲੀਲਾ ਨੇ, ਪਹਿਲਾਂ ਹੀ, ਉਸ ਦੀ ਸਫ਼ਾਈ ਕਰ ਦਿੱਤੀ ਹੋਈ ਸੀ ਅਤੇ ਵਰਾਂਡੇ ਦੀਆਂ ਟਾਈਲਾਂ 'ਤੇ ਲਾਲ ਅਤੇ ਚਿੱਟੇ ਰੰਗ 'ਚ 'ਰੰਗੋਲੀ' ਦਾ ਸਾਧਾਰਨ ਜਿਹਾ ਨਮੂਨਾ ਉਲੀਕ ਦਿੱਤਾ ਸੀ, ਜਦਕਿ ਛੋਟੀਆਂ ਕੁੜੀਆਂ ਨੇ ਦਰਵਾਜ਼ੇ 'ਤੇ ਅੰਬ ਦੇ ਪੱਤਿਆਂ ਦਾ ਇੱਕ ਹਾਰ ਟੰਗ ਦਿੱਤਾ ਸੀ। ਹੁਣ ਉਥੇ ਕੋਈ ਨਹੀਂ ਸੀ ਅਤੇ ਚੁੱਪ-ਚਾਂ ਛਾਈ ਹੋਈ ਸੀ। ਹਰੀ ਨੂੰ ਸਾਹਿਬ ਦੀ ਤਲਾਸ਼ 'ਚ ਏਧਰ-ਉਧਰ ਘੁੰਮਣਾ ਪਿਆ। ਆਖ਼ਿਰ ਉਹਨੇ ਸਾਹਿਬ ਨੂੰ ਦਲਦਲ ਦੇ ਕੰਢੇ, ਕਾਨਿਆਂ-ਸਰਕੰਡਿਆਂ ਵਿਚਕਾਰ ਬੈਠਾ ਵੇਖਿਆ, ਇੰਨ-ਬਿੰਨ ਉਵੇਂ ਹੀ ਚੁੱਪ, ਜਿਵੇਂ ਪੱਥਰ 'ਤੇ ਬੈਠਾ ਬਗਲਾ। ਉਹ ਆਪਣੀ ਦੂਰਬੀਨ ਵਿਚੋਂ ਦੀ, ਦੂਸਰੇ ਕੰਢੇ 'ਤੇ ਨਾਰੀਅਲ ਦੇ ਇੱਕ ਰੁੱਖ ਨੂੰ ਨਿਹਾਰ ਰਿਹਾ ਸੀ।

ਉਹਨੇ ਹਰੀ ਦੀ ਪੈਰ-ਚਾਪ ਸੁਣੀ ਅਤੇ ਆਪਣਾ ਸਿਰ ਥੋੜ੍ਹਾ ਜਿਹਾ ਘੁਮਾਇਆ, ਪਰ ਬੋਲਿਆ ਕੁੱਝ ਨਾ। ਹਰੀ ਹਿਚਕਿਚਾਇਆ। ਉਹ ਹੈਰਾਨ ਹੋ, ਸੋਚ ਰਿਹਾ ਸੀ ਕਿ ਉਹਨੇ ਉਸ ਬੰਦੇ ਨੂੰ ਪਹਿਲਾਂ ਕਿੱਥੇ ਵੇਖਿਆ ਸੀ। ਉਹਨੇ ਸੰਕੇਤ ਲਈ ਆਪਣੀਆਂ ਬੰਬਈ ਦੀਆਂ ਯਾਦਾਂ ਦੇ ਘੜਮੱਸ ਦੀ ਫੋਲਾ-ਫਾਈ ਕੀਤੀ, ਕਿਉਂਕਿ ਉਹ ਆਦਮੀ ਉਥੋਂ ਹੀ ਆਇਆ ਸੀ, ਉਹਦੀਆਂ ਭੈਣਾਂ ਨੇ ਉਸ ਨੂੰ ਦੱਸਿਆ ਸੀ, ਪਰ ਉਸ ਨੂੰ ਚੇਤੇ ਨਹੀਂ ਸੀ ਆ ਰਿਹਾ।

"ਜਨਾਬ, ਕੀ ਮੈਂ ਤੁਹਾਡੇ ਕੰਮ 'ਚ ਵਿਘਨ ਤਾਂ ਨਹੀਂ ਪਾ ਰਿਹਾ, ਕੀ ਮੈਂ ਬਾਅਦ 'ਚ ਆਵਾਂ?" ਉਹਨੇ ਬੇਯਕੀਨੀ ਨਾਲ ਪੁੱਛਿਆ।

ਉਤਰ ਵਿੱਚ, ਉਸ ਸੱਜਣ ਨੇ ਆਪਣੇ ਪਾਸੇ ਦੀ ਜ਼ਮੀਨ ਤੇ ਥਪ-ਥਪ ਕੀਤੀ ਅਤੇ ਆਖਣ ਲੱਗਾ "ਕੀ ਤੂੰ ਮੇਰੇ ਨਾਲ ਗੱਲ ਕਰਨੀ ਚਾਹੁੰਦੈਂ? ਬਹਿ ਜਾ ਫਿਰ। ਅਸੀਂ ਪੰਛੀਆਂ

ਦੀ ਸ਼ਾਂਤੀ ਭੰਗ ਨਹੀਂ ਕਰਾਂਗੇ।"

ਹਰੀ ਨੂੰ ਆਪਣੀਆਂ ਭੈਣਾਂ ਪਾਸੋਂ ਪਤਾ ਲੱਗ ਚੁੱਕਾ ਸੀ ਕਿ ਸਾਹਿਬ ਪੰਛੀਆਂ ਦਾ ਅਧਿਐਨ ਕਰ ਰਿਹਾ ਹੈ, ਪਰ ਉਸਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਸੀ ਕਿ ਕੋਈ ਆਦਮੀ ਅਜਿਹਾ ਅਧਿਐਨ ਕਿਵੇਂ ਕਰਦਾ ਹੈ। ਹੁਣ ਉਹ ਸਿੱਖ ਜਾਵੇਗਾ। ਮਿਸਟਰ ਪਾਨਵਾਲਾ ਨੇ ਉਸ ਨੂੰ ਦੱਸਿਆ ਸੀ ਕਿ ਉਸ ਨੂੰ ਜੋ ਕੁੱਝ ਵੀ ਉਹ ਸਿੱਖ ਸਕਦਾ ਹੈ, ਸਿੱਖਦੇ ਜਾਣਾ ਚਾਹੀਦਾ ਹੈ ਅਤੇ ਕਦੇ ਵੀ ਸਿੱਖਣਾ ਬੰਦ ਨਹੀਂ ਕਰਨਾ ਚਾਹੀਦਾ। ਇਸ ਦਾ ਚੇਤਾ ਕਰਦਿਆਂ ਹੀ ਉਸ ਨੂੰ ਇਹ ਖ਼ਿਆਲ ਆਇਆ ਕਿ ਇਹ ਸੱਜਣ ਮਿਸਟਰ ਪਾਨਵਾਲਾ ਨਾਲ ਕਿੰਨਾ ਮਿਲਦਾ-ਜੁਲਦਾ ਸੀ, ਭਾਵੇਂ ਕਿ ਉਸਦੀ ਟੋਪੀ ਹੇਠ ਵਾਲ ਸਫ਼ੈਦ ਸਨ, ਉਸ ਦੇ ਦਾੜ੍ਹੀ ਵੀ ਸੀ। ਦੋਵੇਂ ਕਿਵੇਂ ਨਾ ਕਿਵੇਂ ਪੰਛੀ-ਨੁਮਾ ਸਨ। ਇਸ ਨਾਲ ਉਹਦੇ ਅੰਦਰ ਵਿਸ਼ਵਾਸ ਦਾ ਇੱਕ ਇਹਸਾਸ ਜਾਗਿਆ ਅਤੇ ਉਹਨੇ ਆਦਰ-ਭਾਵ ਨਾਲ਼ ਪੁੱਛਿਆ, "ਜਨਾਬ, ਤੁਸੀਂ ਏਥੇ ਪੰਛੀਆਂ ਦਾ ਅਧਿਐਨ ਕਰ ਰਹੇ ਹੋ?"

"ਮੈਂ ਬਿੱਜੜੇ ਦੀਆਂ, ਆਲ੍ਹਣਾ-ਉਸਾਰੀ ਦੀਆਂ ਆਦਤਾਂ ਦਾ ਅਧਿਐਨ ਕਰਦਾ ਆ ਰਿਹਾ ਹਾਂ।" ਉਸ ਆਦਮੀ ਨੇ ਆਖਿਆ ਅਤੇ ਉਹਨੇ ਆਪਣਾ ਹੱਥ ਉਹਨਾਂ ਆਲ੍ਹਣਿਆਂ ਵਲ ਉਲਾਰਿਆ ਅਤੇ ਹਿਲਾਇਆ, ਜੋ ਨਾਰੀਅਲ ਦੇ ਉਸ ਰੁੱਖ ਨਾਲ ਲਮਕ ਰਹੇ ਸਨ ਅਤੇ ਏਧਰ-ਉਧਰ ਹੁਲਾਰੇ ਖਾ ਰਹੇ ਸਨ, ਜੋ ਦਲਦਲ ਦੇ ਆਰ-ਪਾਰ ਝੁਕਿਆ-ਫੈਲਰਿਆ ਹੋਇਆ ਸੀ। "ਮੈਂ ਮੌਨਸੂਨ ਦਾ ਸਾਰਾ ਮੌਸਮ, ਉਹਨਾਂ ਨੂੰ ਬੜੇ ਧਿਆਨ ਨਾਲ ਵੇਖਦਾ-ਵਾਚਦਾ ਆਇਆ ਹਾਂ ਅਤੇ ਹੁਣ ਉਹ ਆਪਣੇ ਬੱਚਿਆਂ ਦੀ ਪਾਲਣਾ-ਪੋਸਣਾ ਕਰ ਰਹੇ ਹਨ, ਦੇਖੋ ਨਾ.......।" ਉਹਨੇ ਉਤਸੁਕਤਾ ਭਰੇ ਲਹਿਜੇ ਵਿੱਚ ਆਖਿਆ ਅਤੇ ਹਰੀ ਵਲੋਂ ਮੂੰਹ ਮੋੜ ਕੇ ਉਹਨਾਂ ਨੂੰ ਧਿਆਨ ਨਾਲ ਵੇਖਣ ਲੱਗ ਪਿਆ।

ਹਰੀ ਕੋਲ ਹੋਰ ਕੋਈ ਚਾਰਾ ਨਹੀਂ ਸੀ। ਇਸ ਲਈ ਉਹ ਵੀ ਪੰਛੀਆਂ ਨੂੰ ਵੇਖਣ ਲੱਗ ਪਿਆ, ਭਾਵੇਂ ਕਿ ਪਹਿਲਾਂ ਕਦੇ ਉਹਨੇ ਪੰਛੀਆਂ ਵਲ ਕੋਈ ਧਿਆਨ ਨਹੀਂ ਸੀ ਦਿੱਤਾ। ਨਾਲੇ ਉਹ ਕਿਲਕਿਲਿਆਂ ਜਾਂ ਬਗਲਿਆਂ ਵਾਂਗ ਖ਼ੂਬਸੂਰਤ ਪੰਛੀ ਵੀ ਨਹੀਂ ਸਨ, ਸਗੋਂ ਚਿੜੀਆਂ ਵਾਂਗ ਛੋਟੇ-ਛੋਟੇ, ਡੱਬ-ਖੜੱਬੇ ਅਤੇ ਬਦਾਮੀ ਜਿਹੇ ਸਨ, ਭਾਵੇਂ ਕਿ ਕੁਝਨਾਂ ਦੇ ਸਿਰ ਪੀਲੇ-ਜ਼ਰਦ ਸਨ। ਪਰ ਹੁਣ, ਜਦਕਿ ਉਸ ਨੂੰ ਵੇਖਣ 'ਤੇ ਮਜਬੂਰ ਹੋਣਾ ਹੀ ਪਿਆ ਸੀ, ਹਰੀ ਨੂੰ ਇਹ ਖ਼ਿਆਲ ਆਇਆ ਕਿ ਕਿੰਨੀ ਵਿਚਿੱਤਰ ਗੱਲ ਸੀ ਕਿ ਉਹਨਾਂ ਛੋਟੇ-ਛੋਟੇ ਪੰਛੀਆਂ ਨੇ, ਅਦਭੁਤ-ਅਜੀਬ ਆਲ੍ਹਣਿਆਂ ਦੀ ਇਹ ਬਸ ਤੀ ਬਣਾਈ ਸੀ, ਜੋ ਪਾਣੀ ਦੇ ਉਪਰ ਝੂਲ ਰਹੇ ਸਨ, ਜਿਥੇ ਕੋਈ ਉਹਨਾਂ ਤੱਕ ਨਹੀਂ ਸੀ ਪਹੁੰਚ ਸਕਦਾ ਅਤੇ ਛੋਟੇ-ਛੋਟੇ ਬੱਚਿਆਂ ਨੂੰ ਕੋਈ ਹਾਨੀ ਨਹੀਂ ਸੀ ਪਹੁੰਚਾ ਸਕਦਾ। ਆਲ੍ਹਣਿਆਂ ਦੀ ਸ਼ਕਲ ਨਲਕੀਆਂ ਵਰਗੀ ਸੀ ਅਤੇ ਉਹ ਘਾਹ ਦੀਆਂ ਤਿੜ੍ਹਾਂ, ਧਾਨ ਦੇ ਪੱਤਿਆਂ ਆਦਿ ਨਾਲ ਬੜੀ ਸਫ਼ਾਈ ਨਾਲ ਬੁਣੇ ਹੋਏ ਸਨ ਅਤੇ ਸਾਵਧਾਨੀ ਨਾਲ ਖ਼ੂਬ ਕੱਸ-ਕੱਸ ਕੇ ਬੁਣਨ ਨਾਲ ਅਤੇ ਗਿੱਲੀ ਮਿੱਟੀ ਦੇ ਨਿੱਕੇ-ਨਿੱਕੇ ਗੋਲਿਆਂ ਨਾਲ ਬੜੇ ਗੱਠਵੇਂ ਬਣਾਏ ਹੋਏ ਸਨ। ਅਤੇ ਬਿੱਜੜੇ ਉਹਨਾਂ ਆਲ੍ਹਣਿਆਂ ਦੇ ਅੰਦਰ - ਬਾਹਰ ਆ ਜਾ ਰਹੇ ਸਨ, "ਟਿਲੀ.... ਲਿਲੀ.....ਕਿਟੀ...ਕਿਟੀ...ਟਿਲੀ...ਲੀ...ਕਿਟੀ...ਕਿ...ਟੀ...। ਦਾ ਅਲਾਪ ਕਰਦੇ, ਰੱਟ ਲਾਉਂਦੇ।

ਉਸ ਆਦਮੀ ਨੇ ਹਰੀ ਨੂੰ ਦੱਸਿਆ, "ਇਸ ਤਰ੍ਹਾਂ ਦਾ ਆਲ੍ਹਣਾ ਬਣਾਉਣਾ ਬਹੁਤ ਔਖਾ

ਹੈ। ਛੋਟੇ ਬਿੱਜੜੇ ਨੂੰ ਆਲ੍ਹਣਾ ਬਣਾਉਣ ਅਤੇ ਪਰਿਵਾਰ ਦੀ ਰਚਨਾ ਕਰਨ ਦੀਆਂ ਵਾਸਤਵਿਕ ਵਿਉਂਤਾਂ ਬਣਾਉਣ ਤੋਂ ਪਹਿਲਾਂ ਬਹੁਤ ਮਸ਼ਕ ਕਰਨੀ ਪੈਂਦੀ ਹੈ। ਜੇ ਬਣਾਉਂਦਿਆਂ-ਬਣਾਉਂਦਿਆਂ ਕੋਈ ਚੀਜ਼ ਗ਼ਲਤ ਹੋ ਜਾਏ ਅਤੇ ਆਲ੍ਹਣਾ ਠੀਕ ਨਾ ਬਣੇ ਤਾਂ ਉਹ ਉਸ ਨੂੰ ਬਣਾਉਣਾ ਛੱਡ ਦਿੰਦਾ ਹੈ ਅਤੇ ਹੋਰ ਆਲ੍ਹਣਾ ਸ਼ੁਰੂ ਕਰ ਲੈਂਦਾ ਹੈ। ਜਦੋਂ ਆਲ੍ਹਣਾ ਪੂਰੀ ਤਰ੍ਹਾਂ ਮੁਕੰਮਲ ਹੋਵੇ, ਤਾਂ ਜਾ ਕੇ ਉਹਦੀ ਤਸੱਲੀ ਹੁੰਦੀ ਹੈ। ਅਤੇ ਉਹ ਕਈ ਸਾਰੇ ਆਲ੍ਹਣੇ ਬਣਾਉਂਦਾ ਹੈ, ਤਾਂ ਜੋ ਕਈ ਬੀਵੀਆਂ ਰੱਖ ਸਕੇ। ਉਹ ਉਹਨਾਂ ਨੂੰ ਫੁੱਲ-ਪੱਤੀਆਂ ਜਾਂ ਖੰਭਾਂ ਨਾਲ ਅਤੇ ਮਿੱਟੀ-ਗਾਰੇ ਦੇ ਛੋਟੇ-ਛੋਟੇ ਗੋਲਿਆਂ ਨਾਲ ਸਜਾਉਂਦਾ ਹੈ, ਮਦੀਨਾਂ ਨੂੰ ਮੋਹਿਤ ਕਰਨ ਵਾਸਤੇ। ਮਦੀਨਾਂ ਵੀ ਉਹਨਾਂ ਬਿੱਜੜਿਆਂ ਨਾਲ ਹੀ ਸਹਿਵਾਸ ਕਰਦੀਆਂ ਹਨ, ਜਿਹਨਾਂ ਨੇ ਉਹਨਾਂ ਵਾਸਤੇ ਚੰਗੇ ਘਰ ਬਣਾਏ ਹੁੰਦੇ ਹਨ।" ਉਹ ਗੁੜ੍ਹਕਿਆ, "ਕੀ ਤੁਸੀਂ ਇਸ ਤੋਂ ਵਧੇਰੇ ਚਤੁਰ ਸੂਝਵਾਨ ਕਿਸੇ ਹੋਰ ਗੱਲ ਬਾਰੇ ਸੋਚ ਸਕਦੇ ਹੋ,?"

ਅਚਨਚੇਤੀ ਹਰੀ ਤ੍ਰਹਿ ਗਿਆ। ਉਹਨੇ ਆਵਾਜ਼ ਪਛਾਣ ਲਈ ਸੀ। ਉਸ ਨੂੰ ਵਿਸ਼ਵਾਸ ਸੀ ਕਿ ਉਸਨੇ ਇਹ ਆਵਾਜ਼ ਪਹਿਲਾਂ ਸੁਣੀ ਹੋਈ ਹੈ। ਉਹ ਮੁੜਿਆ। ਉਹਨੇ ਉਸ ਆਦਮੀ ਨੂੰ ਹੈਰਾਨੀ ਨਾਲ ਤੱਕਿਆ ਅਤੇ ਫਿਰ ਉਹਨੇ ਸਮਝ ਲਿਆ ਕਿ ਇਹ ਉਹੀ ਆਦਮੀ ਸੀ, ਜਿਸ ਨੇ ਬੰਬਈ ਵਿੱਚ 'ਕਾਲਾ ਘੋੜਾ' ਵਿਖੇ ਬਹੁਤ ਵੱਡੇ ਹਜੂਮ ਨੂੰ ਸੰਬੋਧਨ ਕੀਤਾ ਸੀ ਅਤੇ ਲੋਕਾਂ ਨੂੰ ਦੱਸਿਆ ਸੀ ਕਿ ਬੰਬਈ ਦੇ ਇੱਕ ਨਾਗਰਿਕ ਨੂੰ ਅਲੀਬਾਗ਼ ਦੇ ਸਾਹਿਲ ਦੀ ਏਨੀ ਡੂੰਘੀ ਚਿੰਤਾ ਕਿਉਂ ਸੀ ਅਤੇ ਉਸ ਨੂੰ ਏਨਾ ਡਰ ਕਿਉਂ ਸੀ ਕਿ ਉਸ ਨੂੰ ਉਹ ਸਾਰੀਆਂ ਤਬਦੀਲੀਆਂ ਵਿਗਾੜ ਦੇਣਗੀਆਂ, ਜੋ ਕਿ ਆਉਣ ਵਾਲੀਆਂ ਸਨ, ਅਤੇ ਇਸ ਵੇਲੇ ਉਹੀ ਆਦਮੀ ਏਥੇ ਥਲ ਵਿੱਚ ਸੀ।

"ਜਨਾਬ, ਜਨਾਬ....." ਉਹ ਬੋਲ ਉਠਿਆ। "ਮੈਂ ਬੰਬਈ ਵਿੱਚ, 'ਕਾਲਾ ਘੋੜਾ' ਵਿਖੇ ਤੁਹਾਨੂੰ ਭਾਸ਼ਨ ਦਿੰਦਿਆਂ ਸੁਣਿਆ ਸੀ, ਜਦੋਂ ਮੈਂ ਆਪਣੇ ਪਿੰਡ ਦੇ ਬੰਦਿਆਂ ਨਾਲ ਉਥੇ ਗਿਆ ਸਾਂ।"

ਉਸ ਸੱਜਣ ਨੇ ਆਪਣੀ ਦੂਰਬੀਨ ਹੇਠਾਂ ਕੀਤੀ ਅਤੇ ਉਸ ਨੂੰ ਗਹੁ ਨਾਲ ਡਿੱਠਾ, ਜਿਵੇਂ ਇੱਕ ਪੰਛੀ ਕਰਦਾ ਹੈ, ਉਸ ਦਾ ਸਿਰ ਥੋੜ੍ਹਾ ਜਿਹਾ ਇੱਕ ਪਾਸੇ ਨੂੰ ਸੀ। "ਹਲਾ, ਤੂੰ ਉਹਨਾਂ ਵਿੱਚੋਂ ਇਕ ਸੀ? ਉਹਨੇ ਪੁੱਛਿਆ ਅਤੇ ਅਖ਼ੀਰ ਜਾਪਿਆ ਕਿ ਉਸ ਨੂੰ ਹਰੀ ਵੀ ਓਨਾ ਹੀ ਦਿਲਚਸਪ ਲੱਗਾ ਸੀ, ਜਿੰਨਾ ਕਿ ਉਸ ਦੇ ਬਿੱਜੜਿਆਂ ਵਿੱਚੋਂ ਇੱਕ। "ਅੱਛਾ....., ਅੱਛਾ, ਆ ਜਾ , ਵਰਾਂਡੇ ਵਿੱਚ ਚੱਲਦੇ ਅਤੇ ਗੱਲਾਂ ਕਰਦੇ ਹਾਂ। ਏਥੇ ਬਹੁਤ ਗ੍ਹਿੱਲ ਹੈ, ਬਹੁਤਾ ਚਿਰ ਬੈਠਣਾ ਮੁਸ਼ਕਿਲ ਹੈ।"

"ਪਰ ਜਦੋਂ ਉਹ ਵਰਾਂਡੇ ਵਿੱਚ ਵੀ ਚਲਿਆ ਗਿਆ, ਉਹ ਆਪਣੀ ਦੂਰਬੀਨ ਅਤੇ ਉਸ ਨਾਲ ਪੰਛੀਆਂ ਦੇ ਨਿਰੀਖਣ ਨੂੰ ਨਾ ਛੱਡ ਸਕਿਆ ਅਤੇ ਉਹਨੇ ਉਸ ਨੂੰ ਆਪਣੀਆਂ ਅੱਖਾਂ ਨਾਲ ਲਾਈ ਰੱਖਿਆ, ਧਾਨ-ਚਿੜੇ ਦੀ ਪਰਵਾਜ਼ ਨੂੰ ਵੇਖਣ ਲਈ ਜਾਂ ਸ਼ਹਿਦ ਦੀਆਂ ਮੱਖੀਆਂ ਖਾਣ ਵਾਲੇ ਕਿਸੇ ਪਰਿੰਦੇ ਨੂੰ ਤੱਕਣ ਲਈ। ਵਿੱਚ-ਵਿੱਚ ਉਹ ਖ਼ੁਸ਼ੀ ਨਾਲ, ਥੋੜ੍ਹਾ ਖਿੜ ਵੀ ਉਠਦਾ, ਗੁੜ੍ਹਕ ਵੀ ਉਠਦਾ, ਜਿਸ ਤੋਂ ਹਰੀ ਨੂੰ ਇਹ ਇਹਸਾਸ ਹੋਇਆ ਕਿ ਉਹਨੇ ਉਹਨਾਂ ਪੰਛੀਆਂ ਵਲ ਕੋਈ ਧਿਆਨ ਨਾ ਦੇ ਕੇ, ਬਹੁਤ ਕੁੱਝ ਖੁੰਝਾ ਲਿਆ ਹੈ, ਜੋ ਥਲ ਵਿੱਚ ਝੁਰਮਟਾਂ ਦੇ ਝੁਰਮਟ ਸਨ, ਡਾਰਾਂ ਦੀਆਂ ਡਾਰਾਂ । ਉਹਨੇ ਫ਼ੈਸਲਾ ਕਰ ਲਿਆ ਕਿ ਉਸ ਨੂੰ

ਆਪਣੀਆਂ ਅੱਖਾਂ ਦੀ ਵਧੇਰੇ ਵਰਤੋਂ ਕਰਨੀ ਸਿੱਖਣੀ ਹੋਵੇਗੀ। ਇਚਰ ਨੂੰ ਉਸ ਆਦਮੀ ਨੇ ਆਪਣੀ ਦੂਰਬੀਨ ਹੇਠਾਂ ਕੀਤੀ ਅਤੇ ਆਖਿਆ, "ਅੱਛਾ, ਤਾਂ ਤੂੰ ਅਲੀਬਾਗ਼ ਦੇ ਉਹਨਾਂ ਕਿਸਾਨਾਂ ਵਿੱਚੋਂ ਇੱਕ ਏਂ, ਜੋ ਮੁੱਖ ਮੰਤਰੀ ਨੂੰ ਉਜ਼ਰਦਾਰੀ ਦੇਣ ਲਈ, ਬੰਬਈ ਆਏ ਸਨ। ਠੀਕ ਹੈ ਨਾ ?"

"ਨਹੀਂ, ਨਹੀਂ ਜਨਾਬ, ਮੈਂ ਤਾਂ ਥਲ ਦਾ ਹਾਂ, ਮੈਂ ਉਥੇ ਉਸ ਝੁੱਗੀ ਵਿੱਚ ਰਹਿੰਦਾ ਹਾਂ।" ਹਰੀ ਨੇ ਉਸ ਨੂੰ ਦੱਸਿਆ। "ਮੇਰੀਆਂ ਭੈਣਾਂ ਤੁਹਾਡੇ ਕੱਪੜੇ ਧੋਣ ਤੇ ਖਾਣਾ ਬਣਾਉਣ ਦਾ ਕੰਮ ਕਰਦੀਆਂ ਹਨ।"

"ਹਾਂ, ਹਾਂ......ਭਈ" ਉਹ ਉਚੀ ਅਵਾਜ਼ 'ਚ ਬੋਲਿਆ, ਪਰ ਐਨ ਉਦੋਂ ਹੀ ਦੁਸਾਂਗੀ ਪੂਛ ਵਾਲੇ ਧਾਨ ਚਿੜੇ ਦੇ ਜੋੜੇ ਨੇ ਹਵਾ ਵਿੱਚ ਝੁੱਟੀ ਮਾਰੀ ਅਤੇ ਸੂਰਜ ਦੀ ਰੌਸ਼ਨੀ ਵਿੱਚ ਕਲਾਬਾਜ਼ੀਆਂ ਲਾਈਆਂ, ਜਿਸ ਨਾਲ ਉਹਨਾਂ ਦੇ ਨੀਲੇ-ਕਾਲੇ ਪਰ ਲਿਸ਼ਕੇ ਅਤੇ ਉਸ ਦੀ ਇੱਕ ਕੂਕ ਨਿਕਲ ਗਈ ਅਤੇ ਉਹ ਮੂੰਹ ਅੱਡੀ ਉਹਨਾਂ ਨੂੰ ਵੇਖਦਾ ਹੀ ਰਹਿ ਗਿਆ।

"ਮੈਂ ਬੰਬਈ ਜਲੂਸ ਵਿੱਚ ਗਿਆ ਸਾਂ।" ਹਰੀ ਨੇ, ਧਾਨ ਚਿੜਿਆਂ ਦੀਆਂ ਖਹੁਰੀਆਂ-ਖਰ੍ਹਵੀਆਂ ਚੀਖ਼ਾਂ ਦੀ ਲੜੀ ਤੋੜਦਿਆਂ, ਉਸ ਨੂੰ ਚੇਤੇ ਕਰਵਾਇਆ। "ਅਸੀਂ ਏਥੇ ਫ਼ੈਕਟਰੀ ਬਣਨ ਨੂੰ ਰੋਕਣਾ ਚਾਹੁੰਦੇ ਸਾਂ।"

"ਹਲਾ......! ਤਾਂ ਤੂੰ ਉਹਨਾਂ ਬੰਦਿਆਂ ਵਿੱਚੋਂ ਇੱਕ ਏਂ, ਜੋ ਲੜਦੇ ਹਨ, ਸੰਘਰਸ਼ ਕਰਦੇ ਹਨ।" ਪੰਛੀ-ਪ੍ਰੇਖਕ ਨੇ ਦੂਰਬੀਨ ਹੇਠਾਂ ਕਰਦਿਆਂ ਅਤੇ ਬੈਂਤ ਦੀ ਇੱਕ ਕੁਰਸੀ ਵਿੱਚ ਧੱਸਦਿਆਂ ਅਤੇ ਹਟਕੋਰਾ ਲੈਂਦਿਆਂ ਆਖਿਆ। "ਤੈਨੂੰ ਪਤੈ, ਤੁਸੀਂ ਲੜਾਈ ਹਾਰ ਗਏ ਹੋ-ਅਦਾਲਤ ਵਿੱਚ ਅਸੀਂ ਮੁਕੱਦਮਾ ਹਾਰ ਗਏ ਸਾਂ। ਸਿਆਸਤਦਾਨ ਜਿੱਤ ਗਏ, ਸੋ ਉਹ ਤਰੱਕੀ ਦੇ ਨਾਂ 'ਤੇ ਜ਼ਮੀਨ ਦੀ ਵਿੱਕਰੀ ਅਤੇ ਲਾਈਸੈਂਸਾਂ ਤੋਂ ਖ਼ੂਬ ਪੈਸਾ ਬਣਾ ਸਕਦੇ ਹਨ। ਥਲ ਚਲਾ ਗਿਆ।" ਉਹਨੇ ਆਪਣੇ ਨੱਕ 'ਤੇ ਐਨਕ ਐਨ ਸਿੱਧੀ ਕਰਦਿਆਂ, ਇਕ ਹਾਉਕਾ ਲਿਆ। "ਸਭ ਕੁੱਝ ਬਰਬਾਦ ਹੋ ਗਿਆ। ਸਮੁੰਦਰ ਦੇ ਪਾਣੀ ਵਿੱਚ ਜੋ ਗੰਦੇ ਤਰਲ ਪਦਾਰਥ ਪੰਪ ਕੀਤੇ ਜਾਣਗੇ, ਉਸ ਨਾਲ ਮੱਛੀਆਂ ਮਰ ਜਾਣਗੀਆਂ, ਧਾਨ ਦੇ ਖੇਤਾਂ ਉਤੇ ਫ਼ੈਕਟਰੀਆਂ, ਘਰ ਅਤੇ ਗਲੀਆਂ-ਬਾਜ਼ਾਰ ਬਣ ਜਾਣਗੇ। ਮੇਰੇ ਨਿੱਕੇ-ਨਿੱਕੇ ਬਿੱਜੜਿਆਂ ਨੂੰ, ਆਪਣੇ ਆਲ੍ਹਣਿਆ ਲਈ ਧਾਨ ਦੇ ਪੱਤੇ ਨਹੀਂ ਮਿਲਣਗੇ ਅਤੇ ਉਹਨਾਂ ਨੂੰ ਆਪਣੇ ਬੱਚਿਆਂ-ਬੋਟਾਂ ਲਈ ਦਾਣੇ ਜਾਂ ਅਨਾਜ ਨਹੀਂ ਮਿਲੇਗਾ। ਉਹਨਾਂ ਨੂੰ ਏਥੋਂ ਉਡ ਜਾਣਾ ਪਏਗਾ। ਇਕ ਸਾਲ ਹੋਰ ਤੇ ਮੈਂ ਉਹਨਾਂ ਨੂੰ ਵੇਖ ਨਹੀਂ ਸਕਾਂਗਾ।"

ਉਸ ਦਾ ਦਿਲ ਟੁੱਟ ਗਿਆ ਜਾਪਦਾ ਸੀ। ਹਰੀ ਨੇ ਪੁੱਛ ਹੀ ਲਿਆ, "ਜਨਾਬ, ਤੁਸੀਂ ਪੰਛੀਆਂ-ਜਨੌਰਾਂ ਦੀ ਏਨੀ ਚਿੰਤਾ ਕਿਉਂ ਕਰਦੇ ਹੋ?"

"ਪੰਛੀ ਇਸ ਧਰਤੀ ਉਪਰ ਆਖ਼ਰੀ ਆਜ਼ਾਦ ਪ੍ਰਾਣੀ ਹਨ। ਬਾਕੀ ਦੀ ਹਰ ਚੀਜ਼ ਕੈਦ ਕਰ ਲਈ ਗਈ ਹੈ, ਸਿਧਾ-ਸਿਖਾ ਲਈ ਗਈ ਹੈ ਅਤੇ ਗ਼ੁਲਾਮ ਬਣਾ ਲਈ ਗਈ ਹੈ-ਸ਼ੇਰ ਚਿੜੀਆ-ਘਰ ਦੀਆਂ ਸੀਖ਼ਾਂ-ਸਲਾਖ਼ਾਂ ਪਿੱਛੇ ਡੱਕ ਦਿੱਤੇ ਗਏ ਹਨ, ਸਫ਼ਾਰੀ ਪਾਰਕਾਂ ਵਿੱਚ ਲੋਕਾਂ ਦੇ ਹਜੂਮਾਂ ਦੇ ਹਜੂਮ ਬੱਬਰ ਸ਼ੇਰਾਂ ਨੂੰ ਵੇਖਦੇ ਹਨ, ਤੀਲ੍ਹਾਂ ਦੀਆਂ ਡੱਬੀਆਂ ਵਰਗੇ ਘਰਾਂ ਵਿੱਚ ਰਹਿਣ ਵਾਲੇ ਇਸਤਰੀਆਂ-ਮਰਦ, ਫ਼ੈਕਟਰੀਆਂ ਵਿੱਚ ਕੰਮ ਕਰਦੇ ਹਨ, ਜੋ ਕੈਦਖ਼ਾਨਿਆਂ ਵਰਗੀਆਂ ਹਨ। ਸਿਰਫ਼ ਪੰਛੀ ਹੀ ਆਜ਼ਾਦ ਹਨ ਅਤੇ ਪਰਵਾਜ਼ ਭਰ ਸਕਦੇ ਹਨ ਅਤੇ

ਪੁਲਾੜ ਵਿੱਚ ਉੜ ਸਕਦੇ ਹਨ, ਜਦੋਂ ਉਹਨਾਂ ਦਾ ਜੀਅ ਕਰੇ।" ਜਦੋਂ ਉਹ ਗੱਲਾਂ ਕਰ ਰਿਹਾ ਸੀ, ਉਸ ਦਾ ਚਿਹਰਾ ਚਮਕ ਰਿਹਾ ਸੀ ਅਤੇ ਉਸ ਦੀ ਆਵਾਜ਼ ਲਰਜ਼ ਰਹੀ ਸੀ। "ਮੇਰਾ ਖ਼ਿਆਲ ਹੈ ਕਿ ਇਹੀ ਕਾਰਨ ਹੈ ਕਿ ਮੈਂ ਉਹਨਾਂ ਨੂੰ ਪਿਆਰ ਕਰਦਾ ਹਾਂ-ਉਹਨਾਂ ਦੀ ਆਜ਼ਾਦੀ ਲਈ, ਜੋ ਸਾਨੂੰ ਪ੍ਰਾਪਤ ਨਹੀਂ ! ਸ਼ਾਇਦ ਮੈਂ ਵੀ ਇਸ ਸਭ ਕੁੱਝ ਨੂੰ ਛੱਡਣਾ ਚਾਹਵਾਂਗਾ- ਇਸ ਸਾਰੀ ਕੁਰੂਪਤਾ ਨੂੰ, ਜੋ ਅਸੀਂ ਇਸ ਧਰਤੀ 'ਤੇ ਪੈਦਾ ਕੀਤੀ ਹੈ ਅਤੇ ਉਹਨਾਂ ਦੇ ਨਾਲ ਹੀ ਉੜ ਜਾਵਾਂਗਾ। ਕੀ ਤੂੰ ਨਹੀਂ ਉੜੇਂਗਾ?" ਉਹਨੇ ਹਰੀ ਨੂੰ ਪੁੱਛਿਆ।

"ਪਰ ਜਨਾਬ, ਅਸੀਂ ਉੜ ਨਹੀਂ ਸਕਦੇ !" ਹਰੀ ਨੇ ਉਹਨੂੰ ਚੇਤੇ ਕਰਾਇਆ, ਸੁਹਿਰਦਤਾ ਨਾਲ। "ਅਸੀਂ ਏਥੇ ਹਾਂ, ਧਰਤੀ 'ਤੇ। ਅਸੀਂ ਇਸ ਨੂੰ ਛੱਡ ਨਹੀਂ ਸਕਦੇ। ਅਸੀਂ ਕਿਵੇਂ ਨਾ ਕਿਵੇਂ ਏਥੇ ਰਹਿਣਾ ਹੈ।"

ਉਸ ਆਦਮੀ ਨੇ ਹਰੀ ਵਲ ਉਦਾਸ-ਉਪਰਾਮ ਨਜ਼ਰਾਂ ਨਾਲ ਤੱਕਿਆ। "ਹਾਂ, ਤੂੰ ਕੀ ਕਰੇਂਗਾ? ਤੇਰਾ ਕੀ ਹੋਵੇਗਾ ! ਮੈਨੂੰ ਨਹੀਂ ਪਤਾ, ਮੇਰੇ ਮਿੱਤਰ ! ਜਦੋਂ ਲੋਕਾਂ ਦੀ ਗੱਲ ਆਉਂਦੀ ਹੈ-ਮੈਨੂੰ.....ਮੈਨੂੰ ਕੁੱਝ ਪਤਾ ਨਹੀਂ ਲੱਗਦਾ। ਮੈਂ ਖੋਹ ਜਾਂਦਾ ਹਾਂ, ਗੁਆਚ ਜਾਂਦਾ ਹਾਂ। ਤੂੰ ਕੀ ਕਰੇਂਗਾ?"

ਹਰੀ ਉਸ ਦੇ ਹੋਰ ਨੇੜੇ ਹੋ ਗਿਆ। "ਜਨਾਬ, ਮੈਂ ਸੋਚਿਆ ਸੀ-ਮੈਂ ਸੋਚਿਆ ਸੀ-ਕਿ ਚੂੰਕਿ ਹੁਣ ਮੱਛੀਆਂ ਫੜਨ ਜਾਂ ਖੇਤੀ ਕਰਨ ਦਾ ਕੰਮ ਸ਼ੁਰੂ ਕਰਨ 'ਚ ਬਹੁਤ ਅਵੇਰ ਹੋ ਚੁੱਕੀ ਹੈ, ਅਤੇ ਖੇਤੀ ਕਰਨ ਤੇ ਮੱਛੀਆਂ ਫੜਨ ਲਈ ਹੁਣ ਇਹ ਥਾਂ ਠੀਕ ਨਹੀਂ ਹੋਵੇਗੀ, ਅਤੇ ਚੂੰਕਿ ਮੈਂ ਫ਼ੈਕਟਰੀ ਵਿੱਚ ਕੰਮ ਕਰਨਾ ਨਹੀਂ ਚਾਹੁੰਦਾ-ਇਸ ਲਈ, ਮੈਂ ਸੋਚਿਆ ਸੀ ਕਿ ਮੈਂ ਕੁੱਝ ਚੂਜ਼ੇ ਖ਼ਰੀਦ ਲਵਾਂਗਾ, ਆਪਣੇ ਖੇਤ ਵਿੱਚ ਮੁਰਗੀਆਂ ਦੇ ਖੁੱਡੇ ਬਣਾਵਾਂਗਾ, ਮੁਰਗ਼ੀਖ਼ਾਨਾ ਸ਼ੁਰੂ ਕਰਾਂਗਾ, ਪਿੰਡ ਵਿਚ ਆਂਡੇ ਵੇਚਾਂਗਾ ਅਤੇ ਇੱਕ ਵਾਰੀ ਫ਼ੈਕਟਰੀ ਬਣ ਜਾਏ ਸਹੀ, ਮੈਂ ਥਲ ਵਿਚ ਜੋ ਅਮੀਰ ਆਦਮੀ ਆਉਣਗੇ, ਉਹਨਾਂ ਪਾਸ ਮੁਰਗ਼ੇ ਵੇਚਾਂਗਾ ਅਤੇ ਇਸ ਤਰ੍ਹਾਂ ਕੁੱਝ ਸਮਾਂ ਅਸੀਂ ਗੁਜ਼ਾਰਾ ਕਰਾਂਗੇ। ਮਗਰੋਂ ਮੈਂ ਘੜੀਆਂ ਮੁਰੰਮਤ ਕਰਨ ਲਈ ਦੁਕਾਨ ਖੋਲ੍ਹਣਾ ਚਾਹੁੰਦਾ ਹਾਂ-ਮੈਂ ਘੜੀਆਂ ਦੀ ਥੋੜ੍ਹੀ ਬਹੁਤ ਮੁਰੰਮਤ ਕਰਨੀ ਸਿਖੀ ਹੋਈ ਹੈ।" ਉਹਨੇ ਸ਼ਰਮਾਕਲ ਜਿਹੇ ਗੌਰਵ ਨਾਲ ਆਖਿਆ।

"ਸੱਚ ! ਕੀ ਤੂੰ ਘੜੀਆਂ ਦੀ ਮੁਰੰਮਤ-, ਤੇਰਾ ਕੀ ਖ਼ਿਆਲ ਹੈ, ਤੂੰ ਮੇਰੀ ਘੜੀ ਠੀਕ ਕਰ ਸਕੇਂਗਾ?" ਪੰਛੀ-ਪ੍ਰੇਖਕ ਨੇ ਹੈਰਾਨੀ ਨਾਲ ਪੁੱਛਿਆ। "ਮੈਂ ਪਾਣੀ ਦੇ ਪਾੜ ਵਿੱਚ ਡਿੱਗ ਗਿਆ ਸਾਂ, ਤੈਨੂੰ ਪਤੈ.....?" ਉਹ ਗੁੜ੍ਹਕਿਆ। "ਤਦ ਤੋਂ ਮੇਰੀ ਘੜੀ ਨਹੀਂ ਚਲ ਰਹੀ। ਤੇਰਾ ਕੀ ਖ਼ਿਆਲ ਹੈ, ਤੂੰ ਇਹਨੂੰ ਚਲਾ ਸਕੇਂਗਾ?" ਉਹਨੇ ਆਪਣੀ ਕਮੀਜ਼ ਦੀ ਜੇਬ 'ਚੋਂ ਘੜੀ ਕੱਢੀ ਅਤੇ ਹਰੀ ਨੂੰ ਫੜਾ ਦਿੱਤੀ। ਹਰੀ ਨੇ ਵੀ ਬੜੇ ਚਾਅ ਨਾਲ ਫੜ ਲਈ। ਉਸ ਨੂੰ ਇਹ ਵਿਸ਼ਵਾਸ ਹੀ ਨਹੀਂ ਸੀ ਹੋ ਰਿਹਾ ਕਿ ਉਸ ਨੂੰ ਉਸ ਮਹਾਨ ਮਨੁੱਖ ਵਾਸਤੇ ਕੁੱਝ ਕਰਨ ਲਈ ਕਿਹਾ ਜਾ ਰਿਹਾ ਸੀ ਜਿਸ ਨੇ ਬੰਬਈ ਵਿੱਚ ਭਾਸ਼ਨ ਦਿੱਤਾ ਸੀ ਅਤੇ ਜੋ ਥਲ ਵਿੱਚ ਪੰਛੀਆਂ ਦਾ ਅਧਿਐਨ ਕਰਨ ਲਈ ਆਇਆ ਸੀ।

ਘੜੀ ਲੈ ਕੇ ਹਰੀ ਨੇ ਉਸ ਨੂੰ, ਹੌਲੀ-ਜਿਹੀ ਹਿਲਾਇਆ ਅਤੇ ਫਿਰ ਘੜੀ ਆਪਣੇ ਕੰਨ ਨਾਲ ਲਾ ਲਈ। "ਜਨਾਬ, ਇਸ ਦੇ ਪੁਰਜ਼ਿਆਂ 'ਚ ਪਾਣੀ ਪੈ ਗਿਐ। ਉਸ ਨੂੰ ਸਾਫ਼ ਕਰਨਾ ਤੇ ਸੁਕਾਉਣਾ ਬਹੁਤ ਸੌਖਾ ਹੈ। ਮੈਂ ਬੰਬਈ 'ਚ ਮੌਨਸੂਨ ਦੇ ਦੌਰਾਨ ਕਈ ਘੜੀਆਂ ਠੀਕ

ਕੀਤੀਆਂ ਸਨ।"

ਪੰਛੀ-ਪ੍ਰੇਖਕ ਹਰੀ ਨੂੰ ਬੜੇ ਗਹੁ ਨਾਲ ਵੇਖ ਰਿਹਾ ਸੀ, ਜਦੋਂ ਉਹ ਬੋਲ ਰਿਹਾ ਸੀ, ਜਿਵੇਂ ਉਹ ਕੋਈ ਪੰਛੀ ਹੋਵੇ, ਜੋ ਕੋਈ ਅਚਰਜ ਤੇ ਦਿਲਚਸਪ ਕਾਰਜ ਕਰ ਰਿਹਾ ਹੋਵੇ। ਫਿਰ ਉਹ ਆਪਣੀ ਕੁਰਸੀ 'ਚੋਂ ਇਹ ਆਖਦਾ ਹੋਇਆ ਉਛਲਿਆ, "ਅਨੁਕੂਲ ਕਰ ਲੈ ! ਅਨੁਕੂਲ ਕਰ ਲੈ।"

"ਕੀ, ਜਨਾਬ ?" ਹਰੀ ਨੇ ਘਬਰਾ ਕੇ ਪੁੱਛਿਆ। ਉਸ ਨੂੰ ਇਸ ਸ਼ਬਦ ਦੀ ਕੋਈ ਸਮਝ ਨਹੀਂ ਸੀ ਪਈ।

"ਅਨੁਕੂਲ ਕਰ ਲੈ....ਮਤਲਬ ਕਿ ਤੈਨੂੰ ਇਹ ਕੁਝ ਹੀ ਕਰਨਾ ਪਏਗਾ। ਜਿਵੇਂ ਕਿ ਪਸ਼ੂਆਂ-ਪੰਛੀਆਂ ਨੂੰ ਵੀ ਕਰਨਾ ਚਾਹੀਦਾ ਹੈ, ਜੇ ਉਹਨਾਂ ਨੇ ਜੀਵਿਤ ਰਹਿਣਾ ਹੈ ਤਾਂ....। ਇੰਨ-ਬਿੰਨ ਚਿੜੀਆਂ ਅਤੇ ਕਬੂਤਰਾਂ ਵਾਂਗ ਜਿਹਨਾਂ ਨੇ ਆਪਣੇ-ਆਪ ਨੂੰ ਸ਼ਹਿਰ ਦੇ ਜੀਵਨ ਦੇ ਅਨੁਕੂਲ ਕਰ ਲਿਆ ਹੈ ਅਤੇ ਜੋ ਉਸ ਬਚੇ-ਖੁਚੇ ਅੰਨ ਅਤੇ ਕੂੜੇ-ਕਚਰੇ 'ਤੇ ਗੁਜ਼ਾਰਾ ਕਰਦੇ ਹਨ, ਜੋ ਗਲੀਆਂ-ਬਾਜ਼ਾਰਾਂ ਵਿੱਚ ਉਹਨਾਂ ਦੇ ਅੱਗੇ ਸੁੱਟਿਆ ਜਾਂਦਾ ਹੈ, ਖ਼ੁਦ ਖੇਤਾਂ ਵਿੱਚ ਦਾਣਿਆਂ ਅਤੇ ਕੀੜੇ-ਮਕੌੜਿਆਂ ਦੀ ਖੋਜ ਭਾਲ ਕਰਨ ਦੀ ਬਜਾਏ।" ਉਹਨੇ ਸਮਝਾਇਆ, "ਇਵੇਂ ਹੀ ਤੈਨੂੰ ਵੀ ਆਪਣੇ-ਆਪ ਨੂੰ, ਨਵੇਂ ਮਾਹੌਲ ਦੇ ਅਨੁਕੂਲ ਢਾਲਣਾ ਪਏਗਾ।"

"ਮੇਰਾ ਨਹੀਂ ਖ਼ਿਆਲ ਜਨਾਬ, ਕਿ ਮੈਨੂੰ ਇਹ ਕਰਨਾ ਆਉਂਦਾ ਹੋਵੇ।" ਹਰੀ ਨੇ ਬੇਯਕੀਨੀ ਨਾਲ ਆਖਿਆ।

"ਪਰ ਕਾਕਾ, ਤੂੰ ਹੁਣੇ ਹੀ ਤਾਂ ਮੈਨੂੰ ਦੱਸਿਆ ਸੀ ਕਿ ਤੂੰ ਇਹ ਕਿਵੇਂ ਕਰਨ ਵਾਲਾ ਏਂ। ਤੂੰ ਆਪਣੀ ਰਵਾਇਤੀ ਜੀਵਨ-ਜਾਚ ਨੂੰ ਤਿਆਗਣ ਵਾਲਾ ਏਂ ਅਤੇ ਨਵੇਂ ਮਾਹੌਲ ਦੇ ਮੁਤਾਬਿਕ ਨਵਾਂ ਜੀਵਨ-ਢੰਗ ਅਪਨਾਉਣ ਵਾਲਾ ਏਂ ਜਿਸ ਦੀ ਸਿਰਜਣਾ ਥਲ ਵਿਚ ਫ਼ੈਕਟਰੀ ਕਰੇਗੀ, ਤਾਂ ਜੋ ਤੂੰ ਜੀਵਿਤ ਰਹਿ ਸਕੇਂ। ਹਾਂ, ਤੂੰ ਜੀਵਿਤ ਰਹੇਂਗਾ।"

ਹਰੀ ਨੂੰ ਅੱਧੇ ਲਫ਼ਜ਼ਾਂ ਦੀ ਸਮਝ ਹੀ ਨਾ ਆਈ, ਜੋ ਪੰਛੀ-ਪ੍ਰੇਖਕ ਵਰਤ ਰਿਹਾ ਸੀ। ਉਹ ਉਸ ਨੂੰ ਉੱਕਾ ਹੀ ਨਾ ਸਮਝ ਸਕਿਆ, ਪਰ ਉਸ ਦੇ ਸ਼ਬਦਾਂ ਨੇ ਉਸ ਨੂੰ ਉਹ ਕੁਝ ਚੇਤੇ ਕਰਾ ਦਿੱਤਾ, ਜੋ ਕੁਝ ਮਿਸਟਰ ਪਾਨਵਾਲਾ ਨੇ ਉਸ ਨੂੰ ਉਸ ਦਿਨ ਆਖਿਆ ਸੀ, ਜਿਸ ਦਿਨ ਉਹ ਉਸ ਨੂੰ ਵੇਖਣ ਉਸ ਦੇ ਘਰ ਗਿਆ ਸੀ ਅਤੇ ਉਸ ਨੂੰ ਆਪਣੀ ਬਾਲਕੋਨੀ ਵਿੱਚ ਬੈਠੇ ਅਤੇ ਸਟੇਸ਼ਨ ਦੀ ਛੱਤ ਉਤੇ ਕਬੂਤਰਾਂ ਨੂੰ ਤੱਕਦੇ ਵੇਖਿਆ ਸੀ। "ਪੱਹੀਆ ਘੁੰਮਦਾ ਹੈ।" ਉਹਨੇ ਮਿਸਟਰ ਪਾਨਵਾਲਾ ਦੇ ਸ਼ਬਦਾਂ ਨੂੰ ਯਾਦ ਕਰਦਿਆਂ, ਹੈਰਾਨ ਹੁੰਦਿਆਂ, ਹੌਲੀ ਤਾਈਂ ਆਖਿਆ। ਪੱਹੀਆ ਘੁੰਮਦਾ ਹੈ, ਘੁੰਮਦਾ ਹੈ ਅਤੇ ਘੁੰਮਦਾ ਹੈ।" ਉਹਨੇ ਇਸ ਦੇ ਅਰਥ ਸਮਝਦਿਆਂ ਆਖਿਆ ਅਤੇ ਉਹਨੇ ਸੱਈਦ ਅਲੀ ਨੂੰ ਇਹ ਦੱਸਣ ਲਈ ਮੂੰਹ ਭੁਆਇਆ ਕਿ ਹੁਣ ਉਸ ਨੂੰ ਉਸ ਸਬੰਧ ਦੀ ਸਮਝ ਆ ਗਈ ਸੀ ਅਤੇ ਨਾਲ ਹੀ ਇਸ ਗੱਲ ਦੀ ਵੀ ਕਿ ਕਿਵੇਂ ਮਨੁੱਖ ਅਤੇ ਪੱਛੀ, ਪੱਹੀਏ ਦੇ ਇਸ ਮਹਾਨ ਗੇੜ ਵਿੱਚ ਇੱਕ-ਮੁੱਠ ਹਨ ਅਤੇ ਕਿਵੇਂ ਪੰਛੀ, ਜੇ ਅਸੀਂ ਉਹਨਾਂ ਨੂੰ ਸਮਝ ਲਈਏ, ਸਾਨੂੰ ਬਹੁਤ ਸਾਰੀਆ ਅਹਿਮ ਗੱਲਾਂ ਵਿਖਾ ਤੇ ਸਿਖਾ ਸਕਦੇ ਹਨ। "ਜਨਾਬ, ਮੈਂ ਸਮਝਦਾ ਹਾਂ।" ਉਹ ਉਚੀ ਆਵਾਜ਼ ਵਿੱਚ ਚਿੱਲਾਇਆ, ਪਰ ਐਨ ਉਸੇ ਵਕਤ ਹੀ, ਪੰਛੀ-ਪ੍ਰੇਖਕ ਦਾ ਉਤੇਜਿਤ ਆਕਾਰ, ਅਚਨਚੇਤ ਹੀ ਵਰਾਂਡੇ ਦੇ ਇੱਕ ਸਿਰੇ 'ਤੇ, ਉਛਲਣ-ਕੁੱਦਣ ਤੋਂ ਰੁਕ ਗਿਆ ਅਤੇ ਏਕਾਏਕੀ ਲੋਪ ਹੋ ਗਿਆ। ਉਹ

ਪਿੱਛੇ ਨੂੰ ਲੁੜ੍ਹਕ ਗਿਆ ਸੀ ਅਤੇ ਵਰਾਂਡੇ ਤੋਂ ਪਰ੍ਹੇ, ਹੇਠਾਂ ਹਬਿਸਕੱਸ ਦੀਆਂ ਝਾੜੀਆਂ ਵਿੱਚ ਡਿੱਗ ਗਿਆ ਸੀ। ਹਰੀ ਇੱਕਦਮ, ਉਸ ਦੀ ਮਦਦ ਕਰਨ ਲਈ ਉਠ ਖੜਾ ਹੋਇਆ ਅਤੇ ਉਹਨੇ ਬੜੀ ਚਿੰਤਾ ਨਾਲ ਪੁੱਛਿਆ, "ਤੁਹਾਡੇ ਸੱਟ ਤਾਂ ਨਹੀਂ ਲੱਗੀ, ਜਨਾਬ? ਕੀ ਤੁਸੀਂ ਠੀਕ ਹੋ ?"

"ਹਾਂ, ਹਾਂ, ਹਾਂ......" ਪੰਛੀ-ਪ੍ਰੇਖਕ ਨੇ ਥਥਲਾਉਂਦਿਆ ਆਖਿਆ। ਉਹ ਥੋੜ੍ਹਾ ਜਿਹਾ ਹਿੱਲ ਗਿਆ ਜਾਪਦਾ ਸੀ। ਜਿਉਂ ਹੀ ਹਰੀ ਨੇ ਉਸ ਨੂੰ ਉਠਣ, ਉਸ ਦੇ ਕੱਪੜੇ ਝਾੜਨ ਅਤੇ ਉਸ ਦੀ ਦੂਰਬੀਨ ਲੱਭਣ ਵਿੱਚ, ਉਸ ਦੀ ਸਹਾਇਤਾ ਕੀਤੀ, ਤਾਂ ਉਹ ਫਿਰ ਗੁੜ੍ਹਕਣ-ਟਹਿਕਣ ਲੱਗ ਪਿਆ। "ਚੰਗਾ ਹੋਇਆ ਕਿ ਮੈਂ ਆਪਣੀ ਘੜੀ ਤੈਨੂੰ ਦੇ ਦਿੱਤੀ ਸੀ, ਨਹੀਂ ਤਾਂ ਉਹ ਵੀ ਟੁੱਟ ਜਾਣੀ ਸੀ।" ਉਹ ਖਿੜ-ਖਿੜਾ ਕੇ ਹੱਸਿਆ।

"ਉਹ ਮੇਰੇ ਪਾਸ ਸਹੀ-ਸਲਾਮਤ ਹੈ, ਜਨਾਬ !" ਹਰੀ ਨੇ ਆਪਣੀ ਜੇਬ 'ਤੇ ਹੱਥ ਮਾਰਦਿਆਂ ਆਖਿਆ। "ਅਤੇ ਮੈਂ ਉਸ ਨੂੰ ਘਰ ਲੈ ਜਾਵਾਂਗਾ, ਉਸ ਨੂੰ ਠੀਕ ਕਰ ਦਿਆਂਗਾ ਅਤੇ ਅੱਜ ਸ਼ਾਮ ਤੱਕ ਤੁਹਾਨੂੰ ਵਾਪਸ ਦੇ ਦਿਆਂਗਾ। ਕੀ ਇਹ ਠੀਕ ਰਹੇਗਾ, ਸ਼੍ਰੀਮਾਨ ਜੀ?"

ਪਰ ਪੰਛੀ-ਪ੍ਰੇਖਕ ਨੇ ਕੋਈ ਉਤਰ ਨਾ ਦਿੱਤਾ। ਖ਼ੁਸ਼ੀ ਵਿੱਚ ਕਿਲਕਾਰੀ ਮਾਰਦਿਆਂ, ਉਹ ਮੁੜ ਦਲਦਲ ਵਲ ਨੂੰ ਲੁੜ੍ਹਕ ਰਿਹਾ ਸੀ। ਉਹਨੇ ਇੱਕ ਨਿੱਕੇ-ਜਿਹੇ ਬਿੱਜੜੇ ਨੂੰ, ਆਪਣੀ ਚੁੰਜ ਵਿੱਚ, ਆਪਣੇ ਬੱਚੇ ਲਈ ਕੋਈ ਚੀਜ਼ ਲਿਆਉਂਦਿਆਂ ਤੱਕ ਲਿਆ ਸੀ। ਉਹ ਹਰੀ ਨੂੰ ਭੁੱਲ-ਭੁਲਾ ਗਿਆ ਜਾਪਦਾ ਸੀ।

ਦਰ ਹਕੀਕਤ ਹਰੀ ਨੇ ਬੁਰਾ ਨਹੀਂ ਸੀ ਮਨਾਇਆ। ਪੰਛੀ-ਪ੍ਰੇਖਕ ਨੇ ਜੋ ਕੁਝ ਉਸ ਨੂੰ ਪਹਿਲਾਂ ਦੱਸਿਆ ਸੀ, ਉਸ ਨੇ ਹਰੀ ਵਿੱਚ ਉਹ ਵਿਸ਼ਵਾਸ ਪੈਦਾ ਕਰ ਦਿੱਤਾ ਸੀ, ਜੋ ਉਹ ਚਾਹੁੰਦਾ ਸੀ ਅਤੇ ਜਿਸ ਦੀ ਉਸ ਨੂੰ ਜ਼ਰੂਰਤ ਸੀ। ਹੁਣ ਉਹ ਅੱਗੇ ਵਧੇਗਾ।

ਪਰ ਪਹਿਲਾਂ ਉਹ ਆਪਣੀਆਂ ਭੈਣਾਂ ਨੂੰ, ਬੀਚ 'ਤੇ ਦੌੜਾਂ ਵਿਖਾਉਣ ਲੈ ਜਾਵੇਗਾ।

ਦੁੱਧ-ਚਿੱਟੇ ਬਲਦ ਜਿਹਨਾਂ ਦੇ ਸਿੰਙ ਗੁਲਾਬੀ ਤੇ ਕਿਰਮਚੀ ਰੰਗ ਨਾਲ ਪੋਚੇ ਹੋਏ ਸਨ, ਰੇਤ ਵਿੱਚ ਬਿਜਲੀ ਦੀ ਤੇਜ਼ੀ ਨਾਲ ਦੌੜ ਰਹੇ ਸਨ, ਲੱਕੜ ਦੀਆਂ ਗੱਡੀਆਂ ਉਹਨਾਂ ਦੇ ਪਿੱਛੇ ਬਹੁਤ ਤੇਜ਼ੀ ਨਾਲ ਖੜ-ਖੜ ਕਰਦੀਆਂ ਜਾ ਰਹੀਆਂ ਸਨ। ਗੱਡੀਬਾਨ ਸ਼ੋਖ਼ ਰੰਗ ਦੀਆਂ ਨਵੀਆਂ ਪਗੜੀਆਂ ਬੰਨ੍ਹੀ, ਆਪਣੇ ਛਾਂਟੇ ਹਵਾ ਵਿੱਚ ਹੁਲਾਰਦੇ, ਉਭਾਰਦੇ ਬਲਦਾਂ ਨੂੰ ਤੇਜ਼, ਹੋਰ-ਹੋਰ ਤੇਜ਼ ਦੌੜਨ ਲਈ ਸ਼ਿਸ਼ਕਾਰਦੇ-ਪੁਚਕਾਰਦੇ, ਉਚੀ-ਉਚੀ ਕਿਲਕਾਰੀਆਂ-ਕੂਕਾਂ ਮਾਰਦੇ ਜਾ ਰਹੇ ਸਨ। ਉਹਨਾਂ ਦੇ ਸੰਘ ਬੈਠ ਗਏ ਸਨ।

"ਬੀਜੂ ਦੀ ਗੱਡੀ-ਬੀਜੂ ਦੇ ਬਲਦ-ਬੀਜੂ ਜਿੱਤ ਗਿਐ-ਬੀਜੂ ਜਿੱਤ ਗਿਐ।" ਇਕ ਬਹੁਤ ਉਚੀ ਆਵਾਜ਼, ਬੀਚ ਦੇ, ਦੂਰ ਦੇ ਸਿਰੇ ਤੱਕ ਜਾ ਪੁੱਜੀ, ਅੱਗੋਂ ਰੇਤ ਦੇ ਟਿੱਬਿਆਂ 'ਤੇ ਖਲੋਤੇ ਲੋਕਾਂ ਦੇ ਹਜੂਮਾਂ ਵਿੱਚੋਂ ਦੀ ਗੂੰਜਦੀ ਹੋਈ, ਪਿੱਛੇ ਪਰਤ ਆਈ। ਬੀਜੂ ਉਹਨਾਂ ਵਿਚਕਾਰ ਖਲੋਤਾ, ਲਿਸ਼-ਲਿਸ਼ ਕਰਦੀ ਨਵੀਂ-ਨਕੋਰ ਚਿੱਟੀ ਧੋਤੀ ਪਾਈ, ਖ਼ੁਸ਼ੀ ਨਾਲ ਖਿੜ ਰਿਹਾ ਸੀ, ਹਮੇਸ਼ਾ ਨਾਲੋਂ ਵੱਡਾ ਤੇ ਚੌੜਾ ਜਾਪਦਾ। ਉਸ ਦੀ ਬੀਵੀ ਅਤੇ ਧੀਆਂ, ਦੀਵਾਲੀ ਦੇ ਨਵੇਂ ਵਧੀਆ ਕੱਪੜੇ ਪਾਈ, ਹਾਰ-ਸ਼ਿੰਗਾਰ ਕਰੀ, ਉਸ ਦੇ ਨਾਲ ਖੜੀਆਂ ਸਨ। ਲੋਕ ਉਚੀ-ਉਚੀ ਚਿੱਲਾ ਰਹੇ ਸਨ, ਕਿਲਕਾਰੀਆਂ ਮਾਰ ਰਹੇ ਸਨ, ਉਸ ਨੂੰ ਮੁਬਾਰਕਬਾਦ ਦੇ ਰਹੇ ਸਨ, ਜਾਪਦਾ ਸੀ ਕਿ ਆਖ਼ਰ ਉਹਨਾਂ ਨੇ ਬੀਜੂ ਨੂੰ ਉਸ ਦੀ ਆਕੜ ਅਤੇ ਫੜ੍ਹਬਾਜ਼ੀ ਲਈ ਮੁਆਫ਼ ਕਰ ਦਿੱਤਾ

ਸੀ। ਆਖ਼ਰ ਤਾਂ ਉਹਨੇ ਡੁੱਬ ਰਹੇ ਮਾਛੀਆ ਨੂੰ ਬਚਾਉਣ ਵਿੱਚ ਮਦਦ ਕੀਤੀ ਸੀ। ਉਸ ਵੱਡੇ ਤੂਫ਼ਾਨ ਨੇ ਸਾਰੇ ਮਾਛੀਆਂ ਨੂੰ ਇੱਕ ਦੂਸਰੇ ਦੇ ਬਹੁਤ ਨੇੜੇ ਲੈ ਆਂਦਾ ਸੀ। ਉਹਨਾਂ ਨੂੰ ਇਹ ਇਹਸਾਸ ਹੋ ਗਿਆ ਸੀ ਕਿ ਉਹ ਇੱਕ ਦੂਸਰੇ 'ਤੇ ਕਿੰਨਾ ਨਿਰਭਰ ਕਰਦੇ ਹਨ, ਉਹਨਾਂ ਨੂੰ ਇੱਕ ਦੂਸਰੇ ਦੀ ਕਿੰਨੀ ਲੋੜ ਹੈ ਅਤੇ ਜਾਪਦਾ ਸੀ ਕਿ ਉਹ ਅੱਜ ਇਸ ਨੇੜਤਾ ਦਾ ਹੀ ਜਸ਼ਨ ਮਨਾ ਰਹੇ ਸਨ।

ਹੁਣ ਤਾਂਗਿਆਂ ਦੀ ਵਾਰੀ ਸੀ, ਜੋ ਬੈਲ-ਗੱਡੀਆਂ ਨਾਲੋਂ ਵਧੇਰੇ ਹੌਲੇ ਸਨ ਅਤੇ ਤੇਜ਼ ਦੌੜਦੇ ਸਨ। ਉਹਨਾਂ ਦੇ ਪੱਹੀਏ ਰੇਤ ਵਿੱਚ ਘੁੰਮਦੇ ਜਾ ਰਹੇ ਸਨ ਅਤੇ ਘੋੜੇ ਉਡ ਰਹੇ ਸਨ, ਉਹਨਾਂ ਦੀਆਂ ਧੌਣਾਂ ਅੱਗੇ ਵਲ ਨਿੱਕਲੀਆਂ ਹੋਈਆਂ ਸਨ, ਉਹਨਾਂ ਦੇ ਗਿੱਚੀ ਦੇ ਵਾਲ ਲਹਿਰਾ ਰਹੇ ਸਨ ਅਤੇ ਉਹਨਾਂ ਦੀਆਂ ਲਗਾਮਾਂ 'ਤੇ ਲੱਗੇ ਸਿਲਮੇ-ਸਿਤਾਰੇ ਲਿਸ਼-ਲਿਸ਼ਾ ਰਹੇ ਸਨ।

"ਵੇਖੋ, ਵੇਖੋ, ਤੱਕੋ।" ਬੇਲਾ ਅਤੇ ਕਮਲ ਚਾਅ ਨਾਲ ਆਪੇ ਤੋਂ ਬਾਹਰ ਹੋਈਆਂ ਉਚੀ-ਉਚੀ ਚਿੱਲਾ ਉਠੀਆਂ।

"ਚਿੱਲਾਉ ਨਹੀਂ" ਹਰੀ ਨੇ ਆਖਿਆ, "ਅਹਿ ਲਉ ਕੁੱਝ ਮਿਠਿਆਈ।" ਇਹ ਆਖਦਿਆਂ ਉਹਨੇ ਖੰਡ ਦੇ ਖਿਡਾਉਣਿਆਂ ਵਾਲਾ ਥੈਲਾ, ਉਹਨਾਂ ਨੂੰ ਫੜਾ ਦਿੱਤਾ, ਜਿਹੜੇ ਉਹਨੇ ਅਲੀਬਾਗ ਤੋਂ ਉਹਨਾਂ ਵਾਸਤੇ ਖ਼ਰੀਦੇ ਸਨ। ਕੁੜੀਆਂ ਉਹਨਾਂ ਉਤੇ ਟੁੱਟ ਕੇ ਪੈ ਗਈਆਂ ਅਤੇ ਉਹਨਾਂ ਨੇ ਖੰਡ ਦੇ ਖਿਡਾਉਣੇ, ਆਪਣੇ ਆਲੇ-ਦੁਆਲੇ ਆਪਣੀਆਂ ਸਹੇਲੀਆਂ ਨੂੰ ਵੀ ਵੰਡ ਦਿੱਤੇ। ਫਿਰ ਸਾਰੇ ਜਣੇ ਬੜੇ ਚਾਅ ਤੇ ਉਮਾਹ ਨਾਲ, ਉਚੀ-ਉਚੀ ਕ੍ਰਿਚ-ਕ੍ਰਿਚ ਕਰ ਕੇ, ਪਚਾਕੇ ਮਾਰ ਮਾਰ ਕੇ ਖਾਣ ਲੱਗ ਪਏ। ਉਸ ਪਲ ਉਹਨਾਂ ਨੂੰ ਜ਼ਿੰਦਗੀ ਸੰਪੂਰਨ, ਸਿਖਰ 'ਤੇ ਪੁੱਜੀ ਹੋਈ ਪ੍ਰਤੀਤ ਹੋ ਰਹੀ ਸੀ।

ਦੌੜਾਂ ਤੋਂ ਮਗਰੋਂ ਜਦੋਂ ਭੀੜਾਂ ਛਟਣ ਲੱਗੀਆਂ ਤਾਂ ਹਰੀ ਹਾਲੇ ਵੀ ਰੇਤ ਦੇ ਟਿੱਬਿਆਂ 'ਤੇ ਖੜਾ ਸੀ। ਉਹਨੇ ਪਿੰਡ ਵਲੋਂ ਆਉਂਦੇ ਰਾਹ 'ਤੇ ਔਰਤਾਂ ਦੀ ਇੱਕ ਟੋਲੀ ਆਉਂਦੀ ਤੱਕੀ। ਉਹਨਾਂ ਦੇ ਹੱਥਾਂ ਦੀਆਂ ਹਥਿਆਲੀਆਂ ਉਤੇ ਨਿੱਕੀਆਂ-ਨਿੱਕੀਆਂ, ਚੌੜੀਆਂ-ਚਪਟੀਆਂ ਟੋਕਰੀਆਂ ਸਨ। ਉਹ ਬੀਚ ਤੋਂ ਹੁੰਦੀਆਂ ਹੋਈਆਂ, ਹੇਠਾਂ ਤਿੰਨ ਚੱਟਾਨਾਂ ਵਲ ਜਾ ਰਹੀਆਂ ਸਨ, ਜੋ ਸਮੁੰਦਰ ਵਿੱਚ ਅਡੋਲ ਖਲੋਤੀਆਂ ਸਨ। ਉਹ ਉਹਨਾਂ ਨੂੰ ਮੋਰ ਪੰਖੀ, ਨੀਲੇ ਅਤੇ ਹਰੇ ਸਮੁੰਦਰ ਵਿੱਚ, ਛਪਲ-ਛਪਲ ਕਰਦਿਆਂ, ਸੰਭਲ-ਸੰਭਲ ਤੁਰਦਿਆਂ ਤੱਕਦਾ ਰਿਹਾ, ਤੱਕਦਾ ਰਿਹਾ। ਝੱਗ ਉਹਨਾਂ ਦੇ ਗਿੱਟਿਆਂ ਨਾਲ ਖਹਿ ਰਹੀ ਸੀ, ਵੱਜ ਰਹੀ ਸੀ। ਉਹ ਉਹਨਾਂ ਚੱਟਾਨਾਂ 'ਤੇ ਫੁੱਲ-ਪੱਤੀਆਂ, ਸੰਧੂਰ ਅਤੇ ਰੰਗਦਾਰ ਧੂੜਾ ਖਿਲਾਰਨ ਅਤੇ ਸਮੁੰਦਰ ਦੀ ਪੂਜਾ-ਅਰਚਨਾ ਕਰਨ ਅਤੇ ਆਰਤੀ ਉਤਾਰਨ ਜਾ ਰਹੀਆਂ ਸਨ। ਹਰੀ ਨੇ ਤੌਕਿਆ, ਉਸ ਦੀ ਮਾਂ ਵੀ ਉਹਨਾਂ ਔਰਤਾਂ ਵਿੱਚ ਸੀ।

"ਵੇਖ ਲੀਲਾ, ਵੇਖ......!" ਉਹਨੇ ਆਖਿਆ।